# ਸੁੰਦਰਤਾ ਅਤੇ ਆਨੰਦ

ਪੂਰਨ ਸਿੰਘ



ਸੁੰਦਰਤਾ ਅਤੇ ਆਨੰਦ

ਸੁੰਦਰਤਾ ਅਤੇ ਆਨੰਦ : ਪੂਰਨ ਸਿੰਘ

# ਸੁੰਦਰਤਾ ਅਤੇ ਆਨੰਦ

(ਇੱਕ ਮਨੋਵਿਗਿਆਨਕ ਅਧਿਐਨ)

ਪੂਰਨ ਸਿੰਘ

ਸਿੰਘ ਬ੍ਰਦਰਜ਼

1990

*SUNDARTA ATE ANAND* : A Psychological Study of the Concept of Beauty and Joy, by PURAN SINGH

ISBN 81-7205-006-7

© ਪੂਰਨ ਸਿੰਘ 1990

ਪਹਿਲੀ ਵਾਰ ਅਕਤੂਬਰ 1990

ਪ੍ਰਕਾਸ਼ਕ :
ਸਿੰਘ ਬ੍ਰਦਰਜ਼,
ਮਾਈ ਸੇਵਾਂ, ਅੰਮ੍ਰਿਤਸਰ

ਪ੍ਰਿੰਟਰ :
ਗੰਭੀਰ ਪ੍ਰਿੰਟਿੰਗ ਪ੍ਰੈਸ,
ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ

**ਮੁੱਲ : 70 ਰੁਪਏ**

ਮੇਰੇ ਘਰ ਨੂੰ ਸੁੰਦਰਤਾ ਅਤੇ ਆਨੰਦ ਦਾ
ਕੇਂਦਰ ਬਣਾਈ ਰੱਖਣ ਵਾਲੇ
ਮੇਰੇ ਬੱਚਿਆਂ ਅਤੇ ਉਨ੍ਹਾਂ ਦੀ ਮਾਤਾ
ਨੂੰ

# ਧੰਨਵਾਦ

ਮੈਂ ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ ਦਾ ਧੰਨਵਾਦੀ ਹਾਂ ਜਿਸ ਦੀਆਂ ਇਕੱਤਰਤਾਵਾਂ ਮੇਰੇ ਲਈ ਪ੍ਰੇਰਨਾ ਦਾ ਸ੍ਰੋਤ ਬਣੀਆਂ ਰਹੀਆਂ ਹਨ। ਕਿਤੇ ਬਹੁਤਾ ਧੰਨਵਾਦੀ ਹਾਂ, ਮੈਂ, ਡਾ. ਪ੍ਰੀਤਮ ਸਿੰਘ ਕੈਂਥੋ, ਗਿਆਨੀ ਮੱਖਣ ਸਿੰਘ ਮ੍ਰਿਗਿੰਦ ਅਤੇ ਸ: ਗੁਰਦਾਸ ਸਿੰਘ ਪਰਮਾਰ ਜੀ ਦਾ, ਜਿਨ੍ਹਾਂ ਦੀ ਸੁਹਿਰਦ-ਸਮਾਲੋਚਨਾ ਦਾ ਸੁਭਾਗ ਅਤੇ ਸਹਾਰਾ ਮੈਨੂੰ ਮਿਲਦਾ ਰਿਹਾ ਹੈ। ਗੁਰਨਾਮ ਗਿੱਲ ਅਤੇ ਸ: ਅਮਰੀਕ ਸਿੰਘ ਢਿੱਲੋਂ ਜੀ ਦੁਆਰਾ ਮਿਲੀ ਹੱਲਾ-ਸ਼ੇਰੀ ਲਈ ਧੰਨਵਾਦੀ ਹੋਣਾ ਵੀ ਮੈਂ ਜ਼ਰੂਰੀ ਸਮਝਦਾ ਹਾਂ।

ਸਤਿਕਾਰਯੋਗ ਪ੍ਰਿੰਸੀਪਲ ਸੁਜਾਨ ਸਿੰਘ ਜੀ ਨੇ ਮੇਰੀਆਂ ਸਾਰੀਆਂ ਲਿਖਤਾਂ ਦੀ ਸੁਧਾਈ ਦਾ ਕੰਮ ਕਰ ਕੇ ਜਿਹੜਾ ਮਾਣ ਮੈਨੂੰ ਬਖਸ਼ਿਆ ਹੈ, ਉਸ ਦਾ ਅਧਿਕਾਰੀ ਮੈਂ ਨਹੀਂ ਹਾਂ। ਉਨ੍ਹਾਂ ਦਾ ਧੰਨਵਾਦ ਕਰਨ ਲਈ ਯੋਗ ਸ਼ਬਦ ਵੀ ਮੈਨੂੰ ਉਨ੍ਹਾਂ ਕੋਲੋਂ ਹੀ ਮੰਗਣੇ ਪੈ ਰਹੇ ਹਨ।

ਪ੍ਰੋ. ਕਰਨੈਲ ਸਿੰਘ ਜੀ ਥਿੰਦ ਨੇ ਮੇਰੀਆਂ ਲਿਖਤਾਂ ਵਿੱਚ ਉਚੇਚੀ ਦਿਲਚਸਪੀ ਪਰਗਟ ਕਰ ਕੇ ਮੇਰਾ ਉਤਸ਼ਾਹ ਵਧਾਇਆ ਹੈ। ਡਾ. ਸਵਰਨ ਚੰਦਨ ਜੀ ਨੇ ਮੇਰੀ ਪੁਸਤਕ **ਸ਼ਕਤੀ (ਇਕ ਦਾਰਸ਼ਨਿਕ ਅਧਿਐਨ)** ਸੰਬੰਧੀ ਸੁਚੱਜੀ ਸਮਾਲੋਚਨਾ ਰਾਹੀਂ ਮੈਨੂੰ ਸੁਹਣੇ ਸੰਕੇਤ ਦਿੱਤੇ ਹਨ। ਮੈਂ ਸਭ ਦਾ ਧੰਨਵਾਦੀ ਹਾਂ ਅਤੇ ਅੰਤ ਵਿੱਚ ਧੰਨਵਾਦੀ ਹਾਂ ਸਿੰਘ ਬ੍ਰਦਰਜ਼ ਦਾ, ਜਿਹੜੇ ਅਨੇਕ ਰੁਝੇਵਿਆਂ ਵਿੱਚੋਂ ਮੇਰੀ ਸਹਾਇਤਾ ਲਈ ਸਮਾਂ ਕੱਢ ਲੈਂਦੇ ਹਨ।

**ਪੂਰਨ ਸਿੰਘ**
5-1-89

41 ਨੋਰਥਫੀਲਡ ਰੋਡ,
ਈਸਟ ਹੈਮ,
ਲੰਡਨ ਈ-6 2 ਏ ਜੇ
01-472 4406

# ਤਤਕਰਾ

## ਭਾਗ ਪਹਿਲਾ
## ਸੁੰਦਰਤਾ


1. ਸੌਂਦਰਯ-ਬੋਧ 9
2. ਸੌਂਦਰਯ—ਇੱਕ ਮਾਨਤਾ 16
3. ਸੁੰਦਰਤਾ ਦੇ ਭੇਦ 23
4. ਕ੍ਰਿਤ੍ਰਿਮ ਜਾਂ ਬਨਾਵਟੀ ਸੁੰਦਰਤਾ 35
5. ਸੁੰਦਰਤਾ ਦੇ ਸ੍ਰੋਤ 41
6. ਸੌਂਦਰਯ-ਸੰਕਲਪ ਵਿਕਾਸ 45
7. ਪਰਿਭਾਸ਼ਾ 53


## ਆਨੰਦ


8. ਨੀਂਦ-ਆਨੰਦ 57
9. ਭੋਗ-ਆਨੰਦ 62
10. ਵਿਸਮਾਦ-ਆਨੰਦ 69
11. ਆਨੰਦ ਅਤੇ ਗਿਆਨ-ਇੰਦ੍ਰੀਆਂ 76
12. ਸਹਿਜ-ਆਨੰਦ (ਪਰਮਾਨੰਦ) 86


## ਭਾਗ ਦੂਜਾ
## ਸੁੰਦਰ


1. ਸੰਗੀਤ 96
2. ਨਾਚ 105
3. ਕਾਵਿ 115
4. ਮੂਰਤੀ ਕਲਾ 126
5. ਚਿਤ੍ਰ ਕਲਾ 133
6. ਭਵਨ-ਨਿਰਮਾਣ ਕਲਾ 142
7. ਦੁਨੀਂ ਸੁਹਾਵਾ ਬਾਗ 153

## ਭਾਗ ਤੀਜਾ

# ਮਾਣਨਹਾਰ


1. ਕਲਾ ਅਤੇ ਜਨ-ਸਾਧਾਰਣ 161

2. ਕਲਾਕਾਰ 177


## ਭਾਗ ਚੌਥਾ

# ਕਲਾ ਵਿੱਚ ਅਸ਼ਲੀਲਤਾ


1. ਕੀ ਇਹ ਇੱਕ ਸਮੱਸਿਆ ਹੈ ? 190

2. ਅਸ਼ਲੀਲਤਾ ਕੀ ਹੈ ? 193

3. ਕਲਾ ਅਤੇ ਅਸ਼ਲੀਲਤਾ ਦਾ ਸੰਬੰਧ ਕਿਵੇਂ ? 198

4. ਰੋਗ ਦਾ ਇਲਾਜ 207

—ਅੰਤਿਕਾ 209

# ਸੌਂਦਰਯ-ਬੋਧ

ਜੀਵਨ ਮਹਾਨ ਗੁੰਝਲਦਾਰ ਖਿਲਾਰਾ ਹੈ। ਇਸ ਖਿਲਾਰੇ ਦੀ ਵਿਆਖਿਆ ਕਰਨ ਵਾਲੇ ਸਿਧਾਂਤ ਵੀ ਖਿਲਰਦੇ ਗਏ ਹਨ। ਇੱਕ ਇੱਕ ਸਿਧਾਂਤ ਅੱਗੇ ਚੱਲ ਕੇ ਕਈ ਕਈ ਵੰਨਗੀਆਂ ਵਿਚ ਵੰਡਿਆ ਗਿਆ ਹੈ। ਸਾਧਾਰਨ ਸੂਝ ਵਾਲੇ ਆਦਮੀ ਨੂੰ ਉਨ੍ਹਾਂ ਵੰਡਾਂ ਵਿਚਲੇ ਫਰਕ ਦਾ ਪਤਾ ਨਹੀਂ ਲਗਦਾ; ਸਾਰੇ ਸਿਧਾਂਤਕ ਖਿਲਾਰੇ ਦੀ ਪੁਣ-ਛਾਣ ਕਰ ਕੇ ਜੀਵਨ ਦੀ ਸਰਲ ਅਤੇ ਸੁੰਦਰ ਤਸਵੀਰ ਉਭਾਰੀ ਜਾ ਸਕਦੀ ਹੈ। ਜਦੋਂ ਕੋਈ ਆਦਮੀ ਨਿਰਪੱਖ ਹੋ ਕੇ ਇਨ੍ਹਾਂ ਸਿਧਾਂਤਾਂ ਦੁਆਰਾ ਪਰਗਟ ਕੀਤੇ ਗਏ ਭੇਤਾਂ ਦੀ ਖੋਜ ਕਰਦਾ ਹੈ ਤਾਂ ਉਹ ਸਿਧਾਂਤ-ਸ਼ਾਸਤ੍ਰੀਆਂ ਦਾ ਧੰਨਵਾਦੀ ਹੋਏ ਬਿਨਾਂ ਨਹੀਂ ਰਹਿ ਸਕਦਾ। ਇਸ ਦੇ ਨਾਲ ਨਾਲ ਸਿਧਾਂਤਕਾਰਾਂ ਕੋਲੋਂ ਭੁੱਲਾਂ ਵੀ ਹੋਈਆਂ ਹਨ। ਆਪਣੀਆਂ ਲੱਭਤਾਂ ਦੇ ਨਸ਼ੇ ਵਿਚ ਬੇਖ਼ਬਰ ਹੋ ਕੇ ਉਹ ਇਹ ਭੁੱਲ ਜਾਂਦੇ ਰਹੇ ਹਨ ਕਿ ਜੀਵਨ ਕਿਸੇ ਇੱਕ ਜਾਂ ਇੱਕ ਤੋਂ ਵੱਧ ਸਿਧਾਂਤਾਂ ਦੀ ਉਪਜ ਨਹੀਂ। ਸਗੋਂ ਸਾਰੇ ਸਿਧਾਂਤ ਜੀਵਨ ਦੀ ਉਪਜ ਹਨ। ਜੀਵਨ ਇਨ੍ਹਾਂ ਸਿਧਾਂਤਾਂ ਦੀ ਪ੍ਰੋੜਤਾ ਕਰਨ ਲਈ ਜਾਂ ਇਨ੍ਹਾਂ ਨੂੰ ਸੱਚੇ ਸਿੱਧ ਕਰਨ ਲਈ ਨਹੀਂ ਉਪਜਿਆ ਸਗੋਂ ਇਹ ਜੀਵਨ ਨੂੰ ਸਮਝਣ ਲਈ ਉਪਜੇ ਹਨ।ਇੱਕ ਸਿਧਾਂਤ ਨੂੰ ਸੱਚਾ ਸਿੱਧ ਕਰਨ ਲਈ ਦੂਜੇ ਨੂੰ ਝੂਠਾ ਕਰਨਾ ਜ਼ਰੂਰੀ ਨਹੀਂ। ਹਰ ਸਿਧਾਂਤ ਕੁਝ ਕੁ ਸੱਚੇ ਨਿਰਨਿਆਂ ਤਕ ਪੁੱਜਣ ਦੇ ਜਤਨ ਵਿਚ ਕਿਧਰੇ ਕਿਧਰੇ ਕੋਈ ਉਕਾਈ ਵੀ ਕਰ ਗਿਆ ਹੈ। ਜੀਵਨ ਨੂੰ ਕਿਸੇ ਇੱਕ ਸਿਧਾਂਤਕ ਚੌਖਟੇ ਵਿਚ ਫਿੱਟ ਕਰਨ ਨਾਲ ਇਸ ਨੂੰ ਛਿੱਲਣ-ਤਰਾਸ਼ਣ ਦੀ ਲੋੜ ਪੈਂਦੀ ਹੈ ਜਿਸ ਨਾਲ ਜੀਵਨ ਦਾ ਅਹਿਤ ਹੁੰਦਾ ਹੈ। ਸਾਰੇ ਸਿਧਾਂਤਾਂ ਨੂੰ ਇੱਕ ਦੂਜੇ ਦੇ ਪੂਰਕ ਅਤੇ ਸਹਾਇਕ ਮੰਨਿਆਂ ਜੀਵਨ ਦੀ ਵਾਸਤਵਿਕਤਾ ਦਾ ਬੋਧ ਹੁੰਦਾ ਹੈ। ਜੀਵਨ ਸਿਧਾਂਤਾਂ ਤੋਂ ਉਚੇਰਾ ਹੈ, ਵਡੇਰਾ ਹੈ, ਸਾਰੇ ਸਿਧਾਂਤ ਉਸ ਦੇ ਸੇਵਕ ਹਨ।

ਆਤਮਨਿਸ਼ਠਾਵਾਦ ਇਸ ਸੱਚ ਉੱਤੇ ਆਧਾਰਤ ਹੈ ਕਿ ਕਿਸੇ ਵਸਤੂ ਵਿਚਲੀ ਸੁੰਦਰਤਾ ਉਸ ਵਸਤੂ ਨੂੰ ਵੇਖਣ ਵਾਲੇ ਦੇ, ਮਨ ਦੀ ਅਵਸਥਾ ਉੱਤੇ ਨਿਰਭਰ ਕਰਦੀ ਹੈ। ਇਸ ਦਾ ਇਹ ਭਾਵ ਨਹੀਂ ਕਿ ਉਹ ਸੁੰਦਰਤਾ ਆਪਣੇ ਆਪ ਵਿਚ ਕੁਝ ਨਹੀਂ ਅਤੇ ਵੇਖਣ ਵਾਲੇ ਦੇ ਮਨ ਦੀ ਅਵਸਥਾ ਹੀ ਸਭ ਕੁੱਝ ਹੈ। ਜੇ ਮਨ ਤੋਂ ਬਾਹਰ ਕੁਝ ਨਹੀਂ ਤਾਂ ਮਨ ਨੇ ਵੇਖਿਆ ਕੀ ? ਇਉਂ ਸੁੰਦਰਤਾ ਦੀ ਹੋਂਦ ਬਾਹਰ ਹੈ ਪਰ ਉਸਦਾ ਪ੍ਰਭਾਵ ਉਹੋ ਹੁੰਦਾ

ਹੈ ਜੋ ਵੇਖਣ ਵਾਲੇ ਦਾ ਮਨ ਗ੍ਰਹਿਣ ਕਰ ਸਕੇ। ਇਸ ਗੱਲ ਨੂੰ ਚਾਰ ਸ਼ਬਦਾਂ ਵਿਚ ਅਤਿਅੰਤ ਸੰਖੇਪਤਾ ਨਾਲ ਆਖਿਆ ਜਾ ਸਕਦਾ ਹੈ। ਉਹ ਚਾਰ ਸ਼ਬਦ ਹਨ 'ਜੇਹਾ ਵੇਖੇ ਤੇਹਾ ਵੇਖ'। ਵੇਖ (ਦ੍ਰਿਸ਼ ਜਾਂ ਵੇਖੀ ਜਾਣ ਵਾਲੀ ਵਸਤੂ) ਉਹੋ ਜਿਹਾ ਹੋ ਕੇ ਦਿਸਦਾ ਹੈ ਜਿਹੋ ਜਿਹਾ ਮਨ ਉਸ ਨੂੰ ਵੇਖ ਰਿਹਾ ਹੁੰਦਾ ਹੈ।

ਇਸ ਲਈ ਆਦਰਸ਼ਵਾਦ, ਆਤਮਨਿਸ਼ਠਾਵਾਦ ਅਤੇ ਵਸਤੂਵਾਦ ਆਦਿਕ ਸਾਰੇ ਸਿਧਾਂਤਾਂ ਨੂੰ ਜੀਵਨ ਦੇ ਭੇਤ ਦੇ ਖੋਲ੍ਹਣਹਾਰ ਮੰਨ ਕੇ, ਇਨ੍ਹਾਂ ਦੇ ਆਪਸੀ ਵਿਰੋਧਾਂ ਨੂੰ ਭੁੱਲ-ਭੁਲਾ ਕੇ, ਅਤੇ ਸੁਹਿਰਦ ਲੋਕਾਂ ਦਾ ਦੱਸਿਆ ਹੋਇਆ ਮੱਧ-ਮਾਰਗ ਅਪਣਾ ਕੇ ਹੀ ਜੀਵਨ ਦੇ ਕਿਸੇ ਪੱਖ ਬਾਰੇ ਕੋਈ ਨਿਰਨੇਜਨਕ ਗੱਲ ਕੀਤੀ ਜਾ ਸਕਦੀ ਹੈ। ਇਸ ਪ੍ਰਕਾਰ ਦਾ ਦ੍ਰਿਸ਼ਟੀਕੋਣ ਅਪਣਾ ਕੇ, ਮੈਂ ਸੁੰਦਰਤਾ ਸੰਬੰਧੀ ਪ੍ਰਾਪਤ ਕੀਤੇ ਮਨੁੱਖੀ ਗਿਆਨ ਨੂੰ ਇਕ ਤੁੱਕ ਵਿਚ ਬੰਨ੍ਹਣ ਦੀ ਕੋਸ਼ਿਸ਼ ਕਰਦਾ ਹਾਂ।

ਸੁੰਦਰਤਾ ਸੰਬੰਧੀ ਲੋੜੀਂਦਾ ਗਿਆਨ ਹਾਸਲ ਕਰਨ ਲਈ ਇਸ ਪੁਸਤਕ ਨੂੰ 'ਸੁੰਦਰਤਾ', 'ਸੁੰਦਰ' ਅਤੇ 'ਮਾਣਨਹਾਰ' ਨਾਮ ਦੇ ਤਿੰਨ ਭਾਗਾਂ ਵਿਚ ਵੰਡ ਲੈਣਾ ਸਰਲਤਾ ਅਤੇ ਸੁਖੈਨਤਾ ਪੈਦਾ ਕਰੇਗਾ। ਸੁੰਦਰਤਾ ਦੇ ਸਿਰਲੇਖ ਹੇਠ ਇਸ ਦੀਆਂ ਪ੍ਰਕਾਰਾਂ, ਇਸ ਦੇ ਲੱਛਣ, ਇਸ ਦੇ ਸ੍ਰੋਤ ਅਤੇ ਇਸ ਦੀ ਉਪਯੋਗਿਤਾ ਆਦਿਕ ਵਿਸ਼ਿਆਂ ਉੱਤੇ ਵਿਚਾਰ ਕੀਤੀ ਜਾਵੇਗੀ। ਸੁੰਦਰ ਤੋਂ ਮੇਰਾ ਭਾਵ ਹੈ ਉਹ ਵਸਤੂ, ਵਿਅਕਤੀ, ਵਿਚਾਰ ਜਾਂ ਜਤਨ ਜਿਸ ਦੁਆਰਾ ਸੁੰਦਰਤਾ ਨਿਰਾਕਾਰ ਤੋਂ ਸਾਕਾਰ ਹੋਣ ਦਾ ਜਤਨ ਕਰਦੀ ਹੈ ਅਤੇ ਮਾਣਨਹਾਰ ਦੇ ਸਿਰਲੇਖ ਹੇਠ ਸੁੰਦਰਤਾ ਅਤੇ ਮਨੁੱਖੀ ਹਿਰਦੇ ਦੇ ਆਪਸੀ ਸੰਬੰਧ ਨੂੰ ਘੋਖਣ ਦਾ ਜਤਨ ਕਰਾਂਗਾ। ਆਪਣੇ ਇਸ ਜਤਨ ਵਿਚ ਮੈਂ ਕਿਸੇ ਵਾਦ ਵਿਵਾਦ ਦਾ ਧਾਰਨੀ ਨਹੀਂ ਸਗੋਂ ਸਾਰੇ ਵਾਦਾਂ ਦਾ ਧੰਨਵਾਦੀ ਹਾਂ। ਤਾਂ ਵੀ ਮੇਰਾ ਆਪਣਾ ਇਕ ਦ੍ਰਿਸ਼ਟੀਕੋਣ ਹੈ ਜਿਹੜਾ ਮੈਂ ਸਮੁੱਚੇ ਜੀਵਨ ਨੂੰ ਇੱਕ ਇਕਾਈ ਅਤੇ ਇੱਕ ਮਨੋਰਥ ਦੀ ਪ੍ਰਾਪਤੀ ਲਈ ਹੋਂਦ ਵਿੱਚ ਆਈ ਹੋਈ ਇਕਾਈ ਮੰਨਣ ਵਾਲੇ ਲੋਕਾਂ ਦੀ ਉਪਾਸਨਾ ਕਰ ਕੇ ਬਣਾਇਆ ਹੈ। ਆਪਣੀ ਹਰ ਗੱਲ ਮੈਂ ਉਸ ਦ੍ਰਿਸ਼ਟੀਕੋਣ ਤੋਂ ਕਰਨੀ ਚਾਹੁੰਦਾ ਹਾਂ। ਜੇ ਇਹ ਪੱਖਪਾਤ ਹੈ ਤਾਂ ਮੈਂ ਖਿਮਾ ਦਾ ਜਾਚਕ ਹਾਂ।

ਆਨੰਦ ਹੀ ਸੁੰਦਰਤਾ ਹੈ। ਇਉਂ ਵੀ ਕਹਿ ਸਕਦੇ ਹਾਂ ਕਿ ਜੋ ਕੁੱਝ ਆਨੰਦ ਦਿੰਦਾ ਹੈ ਉਹ ਸੁੰਦਰ ਹੁੰਦਾ ਹੈ। ਸੁੰਦਰਤਾ ਅਤੇ ਆਨੰਦ ਵਿਚ ਇੱਕ-ਰੂਪਤਾ ਦਾ ਸੰਬੰਧ ਹੈ। ਸਪੇਨ ਦੇ ਲੋਕ ਬੈਲਾਂ ਨਾਲ ਲੜਦੇ ਹਨ। ਲੜਨ ਵਾਲਾ ਆਦਮੀ ਬਲਦ ਨੂੰ ਥਕਾ, ਹਫਾ ਕੇ ਡੇਗ ਦਿੰਦਾ ਹੈ ਅਤੇ ਅੰਤ ਵਿੱਚ ਆਪਣੀ ਤਲਵਾਰ ਉਸ ਡਿੱਗੇ ਹੋਏ ਪਸ਼ੂ ਦੀ ਸ਼ਾਹ ਰਗ ਵਿੱਚ ਖੋਭ ਕੇ ਉਸ ਨੂੰ ਮਾਰ ਦਿੰਦਾ ਹੈ। ਲੜਾਈ ਦੇ ਅੰਤ ਵਿੱਚ ਪਸ਼ੂ ਨੂੰ ਇਉਂ ਮਾਰਨਾ ਜ਼ਰੂਰੀ ਹੁੰਦਾ ਹੈ। ਸਪੇਨ ਦੇ ਲੋਕ ਇਸ ਲੜਾਈ ਨੂੰ ਵੇਖ ਕੇ ਖ਼ੁਸ਼ ਹੁੰਦੇ ਹਨ। ਇਹ ਉਨ੍ਹਾਂ ਦਾ ਕੌਮੀ ਮਨ-ਪਰਚਾਵਾ ਹੈ। ਜਦੋਂ ਭਾਰਤ ਦੇ ਪ੍ਰਧਾਨ ਮੰਤਰੀ, ਸ੍ਰੀ ਨਹਿਰੂ ਜੀ, ਸਪੇਨ ਗਏ ਸਨ ਉਦੋਂ ਉਨ੍ਹਾਂ ਨੂੰ ਵੀ ਇਹ ਲੜਾਈ ਵਿਖਾਈ ਗਈ ਸੀ ਅਤੇ ਸਪੇਨ ਦੇ ਇਤਿਹਾਸ ਵਿਚ ਪਹਿਲੀ ਵੇਰ, ਨਹਿਰੂ ਜੀ ਦੇ ਕਹਿਣ ਉਤੇ, ਹਾਰੇ ਹੋਏ ਪਸ਼ੂ ਦੀ ਜਾਨ ਬਖਸ਼ੀ ਗਈ ਸੀ।

ਇਹ ਲੜਾਈ ਸਪੇਨ ਦੇ ਲੋਕਾਂ ਲਈ ਸੁੰਦਰ ਝਾਕੀ ਹੈ । ਪਰ ਦੁਨੀਆਂ ਦੇ ਕਈ ਹੋਰ ਦੇਸ਼ਾਂ ਵਿੱਚ ਵੱਸਣ ਵਾਲੇ ਲੋਕ ਇਸ ਨੂੰ ਸੁੰਦਰ ਨਹੀਂ ਮੰਨਦੇ । ਖ਼ਾਸ ਕਰਕੇ ਉਹ ਪਸ਼ੂ ਜੋ ਮਾਰਿਆ ਜਾਂਦਾ ਹੈ ਇਸ ਮਨ-ਪਰਚਾਵੇ ਵਿੱਚੋਂ ਕੋਈ ਆਨੰਦ ਨਹੀਂ ਲੈਂਦਾ । ਉਸ ਲਈ ਇਹ ਖੇਡ ਸੁੰਦਰ ਨਹੀਂ ਹੋ ਸਕਦੀ । ਇਸ ਲਈ ਸੁੰਦਰਤਾ ਦੀ ਪਰਿਭਾਸ਼ਾ ਉੱਨਾ ਚਿਰ ਅਪੂਰਨ ਜਾਂ ਊਣੀ ਅਤੇ ਅਸ਼ੁੱਧ ਹੈ ਜਿੰਨਾ ਚਿਰ ਆਨੰਦ ਦੀ ਯੋਗ ਪਰਿਭਾਸ਼ਾ ਨਹੀਂ ਲੱਭ ਲਈ ਜਾਂਦੀ । ਰਸਿਕ ਅਤੇ ਵਿਦਵਾਨ ਮਨੁੱਖਾਂ ਨੇ ਸੁੰਦਰਤਾ ਦੇ ਲੱਛਣਾਂ ਦਾ ਉੱਲੇਖ ਕੀਤਾ ਹੈ । ਪਹਿਲਾਂ ਉਨ੍ਹਾਂ ਸਾਰੇ ਲੱਛਣਾਂ ਦੀ ਵਿਚਾਰ ਕਰ ਲੈਣ ਨਾਲ ਅਸੀਂ ਆਪਣੇ ਵਾਸਤੇ ਇਕ ਸਰਲ ਜਿਹੀ ਪਰਿਭਾਸ਼ਾ ਬਣਾ ਕੇ ਆਨੰਦ ਦੇ ਸੰਬੰਧ ਵਿੱਚ ਵੀ ਵੀਚਾਰ ਕਰਾਂਗੇ ।

ਸਾਧਾਰਨ ਜੀਵਨ ਵਿੱਚ ਅਸੀਂ ਸਫਾਈ ਨੂੰ ਸੁੰਦਰਤਾ ਅਤੇ ਮੈਲ ਜਾਂ ਗੰਦਗੀ ਨੂੰ ਕੋਝ ਮੰਨਦੇ ਹਾਂ । ਭਾਵੇਂ ਹਰ ਸੁੰਦਰ ਵਸਤੂ ਨੂੰ ਸਾਫ ਹੋਣ ਦੀ ਲੋੜ ਹੈ ਤਾਂ ਵੀ ਨਿਰੀ ਸਫਾਈ ਸੁੰਦਰਤਾ ਨਹੀਂ । ਜੇ ਕੋਈ ਗ੍ਰਹਿ ਲਕਸ਼ਮੀ ਆਪਣੀ ਰਸੋਈ ਵਿਚਲੇ ਭਾਂਡੇ ਬਹੁਤ ਹੀ ਚੰਗੀ ਤਰ੍ਹਾਂ ਮਾਂਜ-ਸਵਾਰ-ਲਿਸ਼ਕਾ ਕੇ ਉਨ੍ਹਾਂ ਨੂੰ ਆਪੋ ਆਪਣੇ ਟਿਕਾਣੇ ਨਾ ਰੱਖੇ ਸਗੋਂ ਗਲਾਸਾਂ ਨੂੰ ਫਰਸ਼ ਉੱਤੇ ਰਿੜ੍ਹਨ ਦੇਵੇ ਅਤੇ ਕੌਲੀਆਂ ਨੂੰ ਮੇਜ਼ ਉੱਤੇ ਤਾਂ ਉਸ ਦੀ ਰਸੋਈ ਦਾ ਦ੍ਰਿਸ਼ ਸੁੰਦਰ ਨਹੀਂ ਹੋਵੇਗਾ । ਸੁੰਦਰਤਾ ਸੰਬੰਧੀ ਖੋਜ ਕਰਨ ਵਾਲੇ ਖੋਜੀ ਵਿਦਵਾਨਾਂ ਅਤੇ ਰਸਿਕ ਲੋਕਾਂ ਦਾ ਸਿਧਾਂਤ ਹੈ ਕਿ ਜਿਥੇ ਠੁੱਕ (ਤਰਤੀਬ), ਸੁਮੇਲ ਅਤੇ ਏਕਤਾ ਨਾਂ ਦੀਆਂ ਤਿੰਨ ਚੀਜ਼ਾਂ ਦਾ ਸੰਗਮ ਹੋਵੇ ਉੱਥੇ ਸੁੰਦਰਤਾ ਪੈਦਾ ਹੁੰਦੀ ਹੈ । ਉਹ ਸੁੰਦਰਤਾ ਰੰਗਾਂ ਦੀ ਹੋ ਸਕਦੀ ਹੈ (ਚਿੱਤਰ-ਕਲਾ) ਜਾਂ ਸ਼ਬਦਾਂ ਦੀ (ਕਾਵਿ-ਕਲਾ) ਜਾਂ ਮਨੁੱਖੀ ਸਰੀਰ ਦੀ ਜਾਂ ਕਿਸੇ ਵੀ ਹੋਰ ਪ੍ਰਕਾਰ ਦੀ । ਜਦੋਂ ਕੋਈ ਆਦਮੀ ਰੰਗਾਂ ਨੂੰ ਅਜੇਹੀ ਤਰਤੀਬ ਦੇ ਦਿੰਦਾ ਹੈ ਕਿ ਉਨ੍ਹਾਂ ਦਾ ਉੱਥੇ ਹੋਣਾ ਓਪਰਾ ਨਹੀਂ ਲੱਗਦਾ, ਜਦੋਂ ਉਹ ਉਨ੍ਹਾਂ ਨੂੰ ਇਸ ਢੰਗ ਨਾਲ ਰਲਾਉਂਦਾ ਮਿਲਾਉਂਦਾ ਹੈ ਕਿ ਉਹ ਇੱਕ ਦੂਜੇ ਦੇ ਪ੍ਰਭਾਵ ਦਾ ਵਿਰੋਧ ਕਰਨ ਦੀ ਥਾਂ ਉਸ ਨੂੰ ਵਧਾਉਂਦੇ ਹਨ, ਜਦੋਂ ਉਹ ਆਪਣੇ ਰੰਗਾਂ ਵਿੱਚੋਂ ਕਿਸੇ ਇੱਕ ਭਾਵ, ਪ੍ਰਭਾਵ ਜਾਂ ਵਿਚਾਰ ਨੂੰ ਉਜਾਗਰ ਕਰਨ ਵਿਚ ਸਫਲ ਹੁੰਦਾ ਹੈ ਉਦੋਂ ਉਹ ਸੁੰਦਰਤਾ ਉਪਜਾ ਦਿੰਦਾ ਹੈ । ਉਸ ਵਿਅਕਤੀ ਨੂੰ ਚਿੱਤਰਕਾਰ ਆਖਿਆ ਜਾਂਦਾ ਹੈ । ਮਨੁੱਖੀ ਚਿਹਰੇ ਜਾਂ ਸਮੁੱਚੇ ਸਰੀਰ ਦੀ ਸੁੰਦਰਤਾ ਦਾ ਭੇਤ ਵੀ ਤਰਤੀਬ, ਸੁਮੇਲ ਅਤੇ ਏਕਤਾ ਵਿੱਚ ਹੈ । ਸਾਡੇ ਚਿਹਰੇ ਉੱਤੇ ਦੰਦ, ਅੱਖਾਂ, ਮੱਥਾ, ਭਰਵੱਟੇ, ਨੱਕ, ਗੱਲ੍ਹਾਂ, ਬੁੱਲ੍ਹ, ਬਾਚੀਆਂ ਅਤੇ ਠੋਡੀ ਆਦਿ ਕਈ ਨਕਸ਼ ਜਾਂ ਅੰਗ ਹਨ । ਇਨ੍ਹਾਂ ਦੀ ਤਰਤੀਬ ਮਨੁੱਖੀ ਚਿਹਰੇ ਉੱਤੇ ਹੋਰਵੇਂ ਦੀ ਹੈ ਅਤੇ ਪਸ਼ੂਆਂ ਦੇ ਚਿਹਰੇ ਉੱਤੇ ਹੋਰਵੇਂ ਦੀ । ਜੇ ਮਨੁੱਖੀ ਚਿਹਰੇ ਉਤਲੀ ਨਕਸ਼-ਤਰਤੀਬ ਕਿਸੇ ਪਸ਼ੂ ਦੇ ਚਿਹਰੇ ਉੱਤੇ ਬਣ ਜਾਵੇ ਤਾਂ ਉਹ ਬਹੁਤ ਕਰੂਪ ਅਤੇ ਭਿਆਨਕ ਦਿਸੇਗਾ । ਇਵੇਂ ਹੀ ਪਸ਼ੂਆਂ ਦੀ ਨਕਸ਼-ਤਰਤੀਬ ਵਾਲਾ ਮਨੁੱਖੀ ਚਿਹਰਾ ਮਨੁੱਖ ਨੂੰ ਭੂਤ-ਪ੍ਰੇਤ ਪਰਗਟ ਕਰੇਗਾ ।

ਹਰ ਚਿਹਰੇ ਉਤਲੇ ਨਕਸ਼ਾਂ ਦੀ ਤਰਤੀਬ ਕੁਝ ਨਾ ਕੁਝ ਵੱਖਰੀ ਜ਼ਰੂਰ ਹੁੰਦੀ ਹੈ । ਕਿਧਰੇ ਦੋ ਭਰਵੱਟਿਆਂ ਵਿਚਲੀ ਵਿੱਥ ਥੋੜੀ ਹੁੰਦੀ ਹੈ ਤੇ ਕਿਧਰੇ ਬਹੁਤੀ; ਕਿਧਰੇ ਦੰਦ ਬਾਹਰ ਨੂੰ ਨਿਕਲੇ ਹੁੰਦੇ ਹਨ ਤੇ ਕਿਧਰੇ ਅੰਦਰ ਨੂੰ ਧਸੇ ਹੋਏ । ਸੁਹਜ ਵਿੱਚ ਇੰਜ ਤਰਤੀਬ

ਦਾ ਹੱਥ ਹੈ, ਇਸ ਸੱਚ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਤਰਤੀਬ ਤੋਂ ਪਿੱਛੋਂ ਸੁਮੇਲ ਦੀ ਵਾਰੀ ਅਉਂਦੀ ਹੈ। ਕੁਝ ਚਿਹਰੇ ਇਸ ਪ੍ਰਕਾਰ ਦੇ ਹੋ ਸਕਦੇ ਹਨ ਕਿ ਅੰਦਰ ਵੱਲ ਨੂੰ ਧਸਿਆ ਹੋਇਆ ਪੀੜ੍ਹ ਉਨ੍ਹਾਂ ਉੱਤੇ ਸੁਹਣਾ ਲੱਗੇ ਅਤੇ ਕੁਝ ਅਜੇਹੇ ਵੀ ਹੋ ਸਕਦੇ ਹਨ ਜਿਨ੍ਹਾਂ ਉੱਤੇ ਬਾਹਰ ਨੂੰ ਉਭਰੇ ਹੋਏ ਦੰਦ ਸੁਹਣੇ ਲੱਗਣ। ਕਿਸੇ ਚਿਹਰੇ ਉੱਤੇ ਮੋਟੀਆਂ, ਉੱਭਰਵੀਆਂ ਅੱਖਾਂ ਚੰਗੀਆਂ ਲੱਗ ਸਕਦੀਆਂ ਹਨ, ਕਿਸੇ ਉੱਤੇ ਉਹ ਡਰਾਉਣੀਆਂ ਵੀ ਦਿਸ ਸਕਦੀਆਂ ਹਨ। ਇਨ੍ਹਾਂ ਨਕਸ਼ਾਂ ਦਾ ਆਪੋ ਆਪਣੇ ਥਾਂ ਸੁਹਣਾ ਹੋਣਾ ਵੀ ਜ਼ਰੂਰੀ ਹੈ ਅਤੇ ਇਸ ਦੇ ਨਾਲ ਨਾਲ ਬਾਕੀ ਸਾਰੇ ਅੰਗਾਂ ਨਾਲ ਮਿਲਜੁਲ ਕੇ ਉਨ੍ਹਾਂ ਨਾਲ ਸੁਮੇਲ ਪੈਦਾ ਕਰਨਾ ਵੀ ਜ਼ਰੂਰੀ ਹੈ। ਮੋਟੇ ਬੁਲ੍ਹ ਸੋਹਣੇ ਨਹੀਂ ਲਗਦੇ। ਜਿਸ ਆਦਮੀ ਜਾਂ ਇਸਤ੍ਰੀ ਦੇ ਦੰਦ ਅੰਦਰ ਨੂੰ ਝੁਕੇ ਹੋਏ ਹੋਣ ਉਸ ਦੇ ਬੁਲ੍ਹ ਜ਼ਰਾ ਕੁ ਮੋਟੇ ਹੋਣ ਤਾਂ ਉਸ ਦੇ ਮੂੰਹ ਦਾ 'ਵਾਕ' ਅੰਦਰ ਨੂੰ ਫਿੱਸਾ ਫਿੱਸਾ ਨਹੀਂ ਲੱਗੇਗਾ ਅਤੇ ਜ਼ਰਾ ਕੁ ਮੋਟੇ ਬੁਲ੍ਹ ਆਪਣੇ ਥਾਂ ਥੋੜੇ ਜਹੇ ਕੋਝੇ ਹੋਣ ਉੱਤੇ ਵੀ ਚਿਹਰੇ ਨੂੰ ਸੁੰਦਰ ਬਣਾਉਣ ਵਿੱਚ ਸਹਾਈ ਹੋਣਗੇ।

ਕਈ ਵੇਰ ਚਿਹਰੇ ਦੇ ਨਕਸ਼ਾਂ ਦੀ ਤਰਤੀਬ ਸੁਹਣੀ ਅਤੇ ਸੁਮੇਲ ਚੰਗਾ ਹੋਣ ਉੱਤੇ ਵੀ ਕੋਈ ਕੋਈ ਚਿਹਰਾ ਸੁਹਣਾ ਨਹੀਂ ਲਗਦਾ। ਜਿਸ ਆਦਮੀ ਦਾ ਕੱਦ ਛੋਟਾ ਹੈ ਅਤੇ ਹੱਡ-ਗੋਡੇ ਕਮਜ਼ੋਰ ਹਨ, ਉਸ ਦੇ ਮੋਢਿਆਂ ਉਤਲੇ ਚਿਹਰੇ ਦਾ ਪ੍ਰਭਾਵ ਵੀ ਨਿਮ੍ਰਤਾ, ਦਇਆ ਅਤੇ ਭ੍ਰਾਤਰੀਭਾਵ ਵਾਲਾ ਹੋਣਾ ਚਾਹੀਦਾ ਹੈ। ਉਸ ਦੇ ਚਿਹਰੇ ਤੋਂ ਪਹਿਲਵਾਨੀ ਪ੍ਰਭਾਵ ਦਾ ਉਪਜਣਾ ਉਸ ਨੂੰ ਹਾਸ-ਹੀਣੀ ਝਾਕੀ ਬਣਾ ਦੇਵੇਗਾ। ਇਵੇਂ ਹੀ ਕਿਸੇ ਬਣਦੇ-ਤਣਦੇ ਜੁਆਨ ਆਦਮੀ ਦਾ ਚਿਹਰਾ ਬਾਲਾਂ ਵਰਗਾ ਭੋਲਾ ਹੋਵੇ ਤਾਂ ਸੁੰਦਰਤਾ ਦਾ ਪ੍ਰਭਾਵ ਨਹੀਂ ਪੈ ਸਕਦਾ। ਇਉਂ ਤਰਤੀਬ, ਸੁਮੇਲ ਅਤੇ ਸਮੁੱਚਤਾ ਮਿਲ ਕੇ ਕਿਸੇ ਚਿਹਰੇ ਨੂੰ ਸੁਹਣਾ ਬਣਾਉਂਦੇ ਹਨ। ਜਿਹੜੀ ਗੱਲ ਚਿਹਰਿਆਂ ਦੀ ਸੁੰਦਰਤਾ ਬਾਰੇ ਆਖੀ ਜਾ ਸਕਦੀ ਹੈ ਉਹੋ ਕੁਦਰਤੀ ਨਜ਼ਾਰਿਆਂ ਬਾਰੇ ਵੀ ਢੁਕਦੀ ਹੈ। ਫੁੱਲ-ਪੱਤੀਆਂ ਉੱਤੇ ਪਈ ਤ੍ਰੇਲ ਸੁਹਣੀ ਲਗਦੀ ਹੈ ਪਰ ਤਰਕਾਲਾਂ ਵੇਲੇ ਦੀ ਸੁੰਦਰਤਾ ਨੂੰ ਚਿਤ੍ਰਿਤ ਕਰਨ ਵਾਲਾ ਚਿਤ੍ਰਕਾਰ ਫੁਲਾਂ ਉੱਤੇ ਪਈ ਤ੍ਰੇਲ ਵਿਖਾ ਕੇ ਆਪਣਾ ਸਾਰਾ ਪ੍ਰਭਾਵ ਖਤਮ ਕਰ ਲਵੇਗਾ। ਤ੍ਰੇਲ ਦਾ ਸੰਬੰਧ ਸਵੇਰ ਨਾਲ ਹੈ, ਸ਼ਾਮ ਨਾਲ ਨਹੀਂ। ਮਿੱਠੀ ਜਹੀ ਮੁਸਕਰਾਹਟ ਮਨਮੋਹਕ ਹੁੰਦੀ ਹੈ ਪਰ ਜੇ ਉਹ ਮੂਰਤੀਕਾਰ ਜਿਸ ਨੇ ਨਿਰਵਾਣ ਨੂੰ ਪ੍ਰਾਪਤ ਹੋਏ ਬੁੱਧ ਦੀ ਮੂਰਤੀ ਘੜੀ ਸੀ, ਉਸ ਮੂਰਤੀ ਦੇ ਚਿਹਰੇ ਉੱਤੇ ਮੁਸਕਰਾਹਟ ਤਰਾਸ਼ ਦਿੰਦਾ ਤਾਂ ਉਹ ਮੂਰਤੀ ਤਥਾਗਤ ਬੁੱਧ ਦੀ ਮੂਰਤੀ ਨਹੀਂ ਸੀ ਮੰਨੀ ਜਾਣੀ। ਮੱਥਾ ਟੇਕਣ ਵਾਲਿਆਂ ਦੀ ਗਿਣਤੀ ਵਿੱਚ ਵਾਧਾ ਹੋਣ ਨਾਲ ਖੁਸ਼ ਹੋਣ ਵਾਲੇ 'ਸੰਤ' ਅਤੇ ਸੱਤ-ਚਿਤ-ਆਨੰਦ ਨਾਲ ਇਕ ਸੁਰ ਹੋਏ 'ਬੁੱਧ' ਵਿੱਚ ਬਹੁਤ ਫਰਕ ਹੁੰਦਾ ਹੈ।

ਵੀਹਵੀਂ ਸਦੀ ਵਿਚ ਮਸ਼ੀਨ ਦੇ ਪੁਰਜ਼ਿਆਂ ਦਾ ਠੁੱਕ ਅਤੇ ਸੁਮੇਲ ਸਿਖਰ ਉੱਤੇ ਪੁੱਜ ਗਿਆ ਹੈ। ਪੁਰਜ਼ਿਆਂ ਦੀ ਹਰਕਤ ਦੇ ਸੁਮੇਲ ਦਾ ਸਦਕਾ ਹਰ ਮਸ਼ੀਨ ਆਪਣੇ ਕਾਰਜ ਨੂੰ ਏਨੀ ਨਿਪੁੰਨਤਾ ਨਾਲ ਕਰਦੀ ਹੈ ਕਿ ਉਸਨੂੰ ਬਣਾਉਣ ਵਾਲਾ ਮਨੁੱਖ ਆਪ ਵੀ ਇਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਇੱਕ ਮਨੋਰਥ ਦੀ ਪੂਰਤੀ ਲਈ, ਇੱਕ ਦੂਜੇ

ਦੇ ਸੁਮੇਲ ਅਤੇ ਸਹਿਯੋਗ ਵਿੱਚ ਹਰਕਤ ਕਰਨ ਵਾਲੇ ਪੁਰਜ਼ਿਆਂ ਦਾ ਠੁੱਕ, ਮਸ਼ੀਨ, ਵੀ ਜ਼ਰੂਰ ਸੁੰਦਰ ਆਖੀ ਜਾਣੀ ਚਾਹੀਦੀ ਹੈ। ਇਸ ਦੇ ਨਾਲ ਨਾਲ ਅਜ ਕਲ੍ਹ ਉਪਯੋਗਿਤਾ-ਵਾਦ ਦਾ ਵੀ ਬੜਾ ਜ਼ੋਰ ਹੈ। ਇਸ ਹਾਲਤ ਵਿੱਚ ਮਸ਼ੀਨ ਨੂੰ ਠੁੱਕ, ਸੁਮੇਲ ਅਤੇ ਸਮੁੱਚਤਾ ਦੀ ਧਾਰਨੀ ਹੁੰਦਿਆਂ ਹੋਇਆਂ ਸੁੰਦਰਤਾ ਦੀ ਧਾਰਨੀ ਨਾ ਮੰਨਣਾ ਬੜਾ ਔਖਾ ਜਿਹਾ ਲਗਦਾ ਹੈ। ਅਜ ਕਲ੍ਹ ਅਜੇਹੀਆਂ ਮਸ਼ੀਨਾਂ ਹੋਂਦ ਵਿਚ ਆ ਗਈਆਂ ਹਨ ਕਿ ਪਹਿਲੀ ਨਜ਼ਰੇ ਤਾਂ ਸਿਅਣੇ ਵੀ ਹੈਰਾਨ ਹੋ ਜਾਂਦੇ ਹਨ। ਕੀ ਮਸ਼ੀਨ ਵਿੱਚ ਸੁੰਦਰਤਾ ਹੈ ?

ਜ਼ਰੂਰ ਹੈ ! ਪਰ ਇਸ ਤੁਲਨਾਤਮਕ, ਅਨੁਪਾਤੀ ਜਾਂ ਸਾਪੇਖ ਸੰਸਾਰ ਵਿੱਚ ਸੁੰਦਰਤਾ ਵੀ ਉੱਨਾ ਚਿਰ ਪ੍ਰਤਿਬੰਧਿਤ ਜਾਂ ਸਾਪੇਖ ਹੈ ਜਿੰਨਾ ਚਿਰ ਇਸ ਦਾ ਅਨੁਭਵ ਕਰਨ ਵਾਲਾ ਮਨ ਸਾਪੇਖਤਾ ਵਿੱਚ ਹੈ। ਲੋੜਵੰਦ ਵਿਅਕਤੀ ਨੂੰ ਹਰ ਉਸ ਸ਼ੈ ਵਿਚ ਸੁੰਦਰਤਾ ਦਿਸੇਗੀ ਜਿਹੜੀ ਉਸਦੀ ਲੋੜ ਦੀ ਪੂਰਤੀ ਕਰਦੀ ਹੋਵੇ। "ਜੇਹਾ ਵੇਖੇ ਤੇਹਾ ਵੇਖ" ਅਨੁਸਾਰ ਵੇਖਣਹਾਰ ਅਤੇ ਵੇਖ ਇੱਕ ਦੂਜੇ ਨੂੰ ਪ੍ਰਭਾਵਿਤ ਜਾਂ ਕੰਡੀਸ਼ਨ (Condition) ਕਰਦੇ ਹਨ। ਲੋੜਵੰਦ ਮਨ ਉਪਯੋਗਿਤਾ ਅਤੇ ਸੁੰਦਰਤਾ ਨੂੰ ਇਕ ਰੂਪ ਮੰਨਣ ਕਰਕੇ ਲੋੜ ਦਾ ਤਿਆਗ ਕਰਨ ਦੀ ਥਾਂ ਲੋੜ ਦੀ ਪੂਰਤੀ ਵਿੱਚ ਆਨੰਦ ਸਮਝਦਾ ਹੈ। ਤ੍ਰਿਪਤੀ-ਮੂਲਕ ਆਨੰਦ ਦਾ ਲੰਮਾ ਅਭਿਆਸ ਮਨੁੱਖ ਨੂੰ ਸੁਆਰਥੀ ਅਤੇ ਸੁੱਖਾਰਥੀ ਬਣਾਉਣ ਦੀ ਰੁਚੀ ਰੱਖਦਾ ਹੈ। ਉਪਯੋਗਿਤਾ ਨੂੰ 'ਸੁੰਦਰਤਾ' ਮੰਨਣ ਨਾਲ ਤ੍ਰਿਪਤੀ ਨੂੰ 'ਆਨੰਦ' ਮੰਨਣਾ ਪਵੇਗਾ।

ਉਪਯੋਗਿਤਾ ਮੂਲੋਂ ਹੀ ਸੁੱਟ ਪਾਉਣ ਵਾਲੀ ਚੀਜ਼ ਨਹੀਂ। ਸਿੱਧਾਂਤ ਰੂਪ ਵਿੱਚ ਸਭ ਤੋਂ ਪਹਿਲਾਂ ਸ਼ਾਕਿਅ ਮੁਨੀ ਗੌਤਮ ਬੁੱਧ ਨੇ ਉਪਯੋਗਿਤਾ ਦੀ ਮਹਾਨਤਾ ਨੂੰ ਪਛਾਣਿਆ ਸੀ। ਉਹ ਵਿਅਕਤੀ ਵਿੱਚ ਆਤਮਾ ਅਤੇ ਵਿਸ਼ਵ ਵਿੱਚ ਪਰਮਾਤਮਾ ਦੀ ਹੋਂਦ ਦੇ ਸੰਬੰਧ ਵਿੱਚ 'ਚੁੱਪ' ਰਹਿੰਦੇ ਸਨ। ਆਤਮਾ ਅਨਾਦੀ, ਅਨੰਤ, ਅਜਨਮ ਹੈ; ਇਹ ਹਰਖ ਸੋਗ ਤੋਂ ਪਰੇ ਹੈ; ਇਸ ਨੂੰ ਅੱਗ ਸਾੜਦੀ ਨਹੀਂ; ਜਲ ਡੋਬਦਾ ਨਹੀਂ; ਇਹ ਅਕੈ ਹੈ, ਅ-ਬਦਲ ਹੈ। ਬੁੱਧ ਜੀ ਕਹਿੰਦੇ ਸਨ ਕਿ "ਮਨੁੱਖੀ ਜੀਵਨ ਦੀ ਸਮੱਸਿਆ ਦੁੱਖ-ਸੁੱਖ, ਹਰਖ-ਸੋਗ ਅਤੇ ਪਤਨ-ਵਿਕਾਸ ਦੀ ਸਮੱਸਿਆ ਹੈ। ਜੋ ਇਨ੍ਹਾਂ ਤੋਂ ਪਰੇ ਹੈ ਉਸ ਬਾਰੇ ਵਿਚਾਰ ਕਰਨੀ ਜੀਵਨ ਦੇ ਦ੍ਰਿਸ਼ਟੀਕੋਣ ਤੋਂ ਉਪਯੋਗੀ ਨਹੀਂ। ਜੀਵਨ ਦਾ ਮਨੋਰਥ ਦੁੱਖ ਤੋਂ ਛੁਟਕਾਰਾ ਪਾਉਣਾ ਹੈ। ਦੁੱਖ ਦਾ ਕਾਰਨ ਤ੍ਰਿਸ਼ਨਾ ਹੈ। ਸੁੱਖ ਦੀ ਪ੍ਰਾਪਤੀ ਨਾਲ ਦੁੱਖ ਦਾ ਅੰਤ ਨਹੀਂ ਹੁੰਦਾ, ਸਗੋਂ ਤ੍ਰਿਸ਼ਨਾ ਦੇ ਅੰਤ ਨਾਲ ਦੁੱਖ ਦਾ ਅੰਤ ਹੁੰਦਾ ਹੈ। ਦਇਆ-ਧਰਮ* ਦੇ ਲੰਮੇਂ ਅੱਭਿਆਸ ਨਾਲ ਮਨੁੱਖੀ ਮਨ ਤ੍ਰਿਸ਼ਨਾ ਤੋਂ ਮੁਕਤ ਹੋ ਸਕਦਾ ਹੈ।"

ਆਪਣੇ ਪਰਗਟ ਰੂਪ ਵਿੱਚ ਸਾਰਾ ਜੀਵਨ ਸੰਘਰਸ਼-ਮੂਲਕ ਹੈ। ਈਰਖਾ, ਘਿਰਣਾ, ਸੁਆਰਥ, ਹਿੰਸਾ, ਵੈਰ, ਭੈ ਅਤੇ ਤੌਖਲਾ ਸਭ ਕੁੱਝ ਸੰਘਰਸ਼ ਦੀ ਦੇਣ ਹੈ। ਮਨ ਵਿੱਚੋਂ ਇਨ੍ਹਾਂ ਭਾਵਾਂ ਨੂੰ ਕੱਢ ਕੇ ਮਿਤ੍ਰਤਾ, ਮਿਲਵਰਤਣ ਅਤੇ ਪਿਆਰ ਆਦਿਕ ਭਾਵਾਂ ਦੀ ਭਰਪੂਰਤਾ

---

*ਦਇਆ ਉੱਤੇ ਆਧਾਰਿਤ ਧਰਮ ਜਿਸ ਨੂੰ ਅਸ਼ਟ ਮਾਰਗ ਵੀ ਆਖਿਆ ਜਾਂਦਾ ਹੈ।

ਮਨੁੱਖੀ ਮਨ ਦਾ ਵਿਕਾਸ ਹੈ ਅਤੇ ਮਨੁੱਖੀ ਜੀਵਨ ਦਾ ਮਨੋਰਥ ਹੈ। ਸੁੰਦਰਤਾ ਦੀ ਉਪਯੋਗਿਤਾ ਇਸ ਵਿਕਾਸ ਵਿੱਚ ਸਹਾਈ ਹੋਣ ਵਿੱਚ ਹੈ। ਮਸ਼ੀਨ ਲੋੜ ਦੀਆਂ ਚੀਜ਼ਾਂ ਦੀ ਉਪਜ ਵਿੱਚ ਵਾਧਾ ਕਰਨ ਦਾ ਅਤੇ ਮਨੁੱਖੀ ਮਿਹਨਤ ਨੂੰ ਸੁਖਾਵੀਂ ਬਣਾਉਣ ਦਾ ਸਾਧਨ ਹੈ। ਧਨ ਦੀ ਬਹੁਲਤਾ ਸਮਾਜ ਵਿੱਚ ਬੁਰਾਈਆਂ ਵੀ ਪੈਦਾ ਕਰ ਸਕਦੀ ਹੈ ਅਤੇ ਗੁੱਲੀ, ਜੁੱਲੀ, ਕੁੱਲੀ ਦੀ ਪ੍ਰਾਪਤੀ ਦਾ ਭਰੋਸਾ ਮਨੁੱਖੀ ਮਨ ਵਿਚਲੇ ਤੌਖਲੇ ਨੂੰ ਘਟ ਕਰਨ ਵਿੱਚ ਸਹਾਈ ਵੀ ਹੋ ਸਕਦਾ ਹੈ। ਸਮਾਜਵਾਦ ਨੂੰ ਮਨੁੱਖੀ ਵਿਕਾਸ ਦਾ ਅਗਲਾ ਪੜਾ ਮੰਨਿਆ ਜਾਂਦਾ ਹੈ। ਇਸ ਪੜਾ ਵਿੱਚ ਪਿਛਲੇ ਪੂੰਜੀਵਾਦੀ ਪੜਾ ਨਾਲੋਂ ਮੂਲ ਅੰਤਰ ਇਹ ਦੱਸਿਆ ਜਾਂਦਾ ਹੈ ਕਿ ਪੂੰਜੀਵਾਦੀ ਸਮਾਜ ਵਿੱਚ ਉਪਜ ਦੇ ਵਾਧੇ ਨੂੰ ਪੂੰਜੀਪਤੀਆਂ ਦੇ ਮੁਨਾਫੇ ਦੇ ਵਾਧੇ ਦਾ ਸਾਧਨ ਮੰਨਿਆਂ ਜਾਂਦਾ ਹੈ ਅਤੇ ਸਮਾਜਵਾਦ ਵਿੱਚ ਸਾਰੀ ਉਪਜ ਸਮਾਜ ਦੀ ਸਾਂਝੀ ਹੁੰਦੀ ਹੈ। ਸਿਧਾਂਤ ਨੂੰ ਜੀਵਨ ਦੇ ਅਮਲ ਵਿਚ ਢਾਲਣ ਲੱਗਿਆਂ ਸੰਸਾਰ ਦੇ ਸਮਾਜਵਾਦੀ ਦੇਸ਼ਾਂ ਨੇ ਵਿਅਕਤੀਗਤ ਪੂੰਜੀਵਾਦ ਨੂੰ ਸਰਕਾਰੀ ਪੂੰਜੀਵਾਦ ਬਣਾ ਕੇ ਉਪਜ ਦੇ ਵਾਧੇ ਨੂੰ ਸਰਕਾਰੀ ਮੁਨਾਫੇ ਦੇ ਵਾਧੇ ਦਾ ਸਾਧਨ ਬਣਾ ਲਿਆ ਹੈ। ਇਸ ਵਾਧੇ ਨਾਲ ਪੁਲਾੜ-ਯਾਤ੍ਰਾ, ਪ੍ਰਮਾਣੂ ਬੰਬਾਂ ਅਤੇ ਪੂੰਜੀਵਾਦੀ ਤਾਕਤਾਂ ਦੇ ਫੈਲਾਓ ਨੂੰ ਰੋਕਣ ਦੇ ਸ਼ੌਂਕ ਪੂਰੇ ਕੀਤੇ ਜਾਂਦੇ ਹਨ।

'ਮਨ ਦਾ ਸੰਸਕਾਰ' ਐਵੇਂ ਖਿਆਲੀ ਚੀਜ਼ ਨਹੀਂ। ਨਾ ਹੀ ਤ੍ਰਿਸ਼ਨਾ ਕਿਸੇ ਕਾਲਪਨਿਕ ਜਗਤ ਦੀ ਕਪੋਲ ਕਲਪਨਾ ਹੈ। ਤ੍ਰਿਸ਼ਨਾ ਸਾਡੇ ਮਨ ਦਾ ਇੱਕ ਸੁਭਾਅ ਹੈ ਜਿਹੜਾ ਕਿਸੇ ਇੱਕ ਮਨੋਰਥ ਦੀ ਪ੍ਰਾਪਤੀ ਦੇ ਖਿਆਲ ਨਾਲ ਕੀਤੇ ਗਏ ਕਰਮ ਦੇ ਲੰਮੇਂ ਅਭਿਆਸ ਵਿੱਚੋਂ ਉਪਜਿਆ ਹੈ। ਮਨੁੱਖੀ ਮਨ ਅਤੇ ਤ੍ਰਿਸ਼ਨਾ ਦੇ ਸੰਬੰਧ ਨੂੰ ਤੋੜਨਾ ਔਖਾ ਕੰਮ ਹੈ। ਇਹ ਕਿਸੇ ਕਰਾਮਾਤ ਜਾਂ ਕ੍ਰਿਸ਼ਮੇ ਨਾਲ ਨਹੀਂ ਕੀਤਾ ਜਾ ਸਕਦਾ। ਕਰਮ ਦਾ ਲੰਮਾ ਅਭਿਆਸ ਹੀ ਇਸ ਸੰਬੰਧ ਨੂੰ ਤੋੜ ਸਕਦਾ ਹੈ। ਇਹ ਲੰਮਾਂ ਅਭਿਆਸ ਜੇ ਸਾਧਾਰਣ ਜੀਵਨ ਦੇ ਅਮਲ ਨਾਲੋਂ ਵੱਖਰੀ ਭਾਂਤ ਦਾ ਹੋਵੇ ਤਾਂ ਸਾਧਾਰਣ ਜੀਵਨ ਅਤੇ ਇਸ 'ਅਨੋਖੇ ਅਭਿਆਸ' ਵਿੱਚ ਇੱਕ ਵਿਦ੍ਰੋਹ ਜਾਂ ਸੰਘਰਸ਼ ਉੱਠ ਖਲੋਂਦਾ ਹੈ। ਇਸ ਵਿਦ੍ਰੋਹ ਨੇ ਜੀਵਨ ਦੇ ਰਾਹਾਂ ਵਿੱਚ ਢੇਰ ਸਾਰੇ ਕੰਡੇ ਖਿਲਾਰੇ ਹਨ ਅਤੇ ਖਿਲਾਰ ਰਿਹਾ ਹੈ। ਮਨ ਦੇ ਸੰਸਕਾਰ ਲਈ ਇਹ ਜ਼ਰੂਰੀ ਹੈ ਕਿ ਜੀਵਨ ਦਾ ਸਾਧਾਰਣ ਅਮਲ ਅਜੇਹਾ ਹੋਵੇ ਜਿਸ ਦਾ ਲੰਮਾ ਅਭਿਆਸ ਤ੍ਰਿਸ਼ਨਾ ਅਤੇ ਮਨ ਦਾ ਰਿਸ਼ਤਾ ਤੋੜ ਸਕੇ। ਸਾਧਾਰਣ ਜੀਵਨ ਦੇ ਸਾਧਾਰਣ ਅਮਲ ਨੂੰ ਇਸ ਯੋਗ ਬਣਾਉਣ ਲਈ ਸੱਭ ਤੋਂ ਪਹਿਲੀ ਲੋੜ ਇਹ ਹੈ ਕਿ ਜੀਵਨ ਵਿੱਚੋਂ ਤੌਖਲਾ ਘਟਾਇਆ ਜਾਵੇ। ਸਹਿਸਾ ਜਾਂ ਤੌਖਲਾ ਹੀ ਮਨ ਨੂੰ ਮੈਲਾ ਕਰਦਾ ਹੈ। ਲੋੜ ਦੀਆਂ ਚੀਜ਼ਾਂ ਦੀ ਉਪਜ ਵਿੱਚ ਵਾਧਾ ਕਰ ਕੇ ਮਸ਼ੀਨ ਮਨੁੱਖੀ ਸਮਾਜਾਂ ਦੇ ਜੀਵਨ ਵਿੱਚੋਂ ਤੌਖਲੇ ਨੂੰ ਘਟਾਉਣ ਵਿੱਚ ਸਹਾਈ ਹੋਈ ਹੈ ਅਤੇ ਹੋਰ ਵੀ ਹੋ ਸਕਦੀ ਹੈ। ਦੁੱਖ ਦੀ ਗੱਲ ਇਹ ਹੈ ਕਿ ਸੰਸਾਰ ਦੀ ਵਾਗਡੋਰ ਉਨ੍ਹਾਂ ਵਿਸ਼ਨੂਆਂ ਕੋਲ ਹੈ ਜਿਨ੍ਹਾਂ ਦੇ ਇੱਕ ਹੱਥ ਵਿੱਚ ਕੋਮਲ ਕਮਲ ਫੁੱਲ ਹੈ ਅਤੇ ਦੂਜੇ ਵਿੱਚ ਕਠੋਰ ਸੁਦਰਸ਼ਨ ਚੱਕਰ, ਤੀਜੇ ਵਿਚ ਸੁਰੀਲਾ ਸੰਖ ਹੈ ਅਤੇ ਚੌਥੇ ਵਿਚ ਭਿਆਨਕ ਗੁਰਜ। ਕਮਲ ਅਤੇ ਸੰਖ ਜਾਂ ਤਾਂ ਬੋਲੌੜੇ ਹਨ ਜਾਂ

ਉਨ੍ਹਾਂ ਦੀ ਵਰਤੋਂ ਵੱਡੇ ਗੋਰਵ ਵਾਲੀ ਗੱਲ ਨਹੀਂ, ਸੁਦਰਸ਼ਨ ਚੱਕਰ ਅਤੇ ਗੁਰਜ ਦੀ ਵਰਤੋਂ ਦੇ ਵਿਰਤਾਂਤ ਨਾਲ ਅਠਾਰਾਂ ਪੁਰਾਣ ਭਰੇ ਪਏ ਹਨ। ਜੀਵਨ ਦੇ ਪ੍ਰਭੂਆਂ ਦੀ ਅਗਵਾਈ ਵਿੱਚ ਮਸ਼ੀਨ ਦਾ ਸਾਰਾ ਵਿਕਾਸ ਮੁਨਾਫ਼ੇ ਅਤੇ ਸੱਤਾ ਦੀ ਸੇਧ ਵਿੱਚ ਹੋਇਆ ਹੋਣ ਉੱਤੇ ਵੀ ਇਸ ਦੁਆਰਾ ਕੁੱਝ ਸਹੂਲਤਾਂ ਉਪਜੀਆਂ ਹਨ। ਪ੍ਰਭੁਤਾ ਦੇ ਲੋਰ ਵਿੱਚ ਮਸ਼ੀਨ-ਮਾਲਕ ਜਿਸ ਰਾਹੇ ਤੁਰ ਰਹੇ ਹਨ ਉਸ ਰਾਹ ਦਾ ਅੰਤਲਾ ਸਿਰਾ ਕਿਸੇ ਸੁਹਣੀ ਮੰਜ਼ਲ ਵਿੱਚ ਨਹੀਂ ਮੁਕਦਾ। ਲੋੜ ਇਸ ਗੱਲ ਦੀ ਹੈ ਕਿ ਨਿਰੀ ਉੱਨਤੀ ਨੂੰ ਆਦਰਸ਼ ਨਾ ਮੰਨ ਕੇ ਜਿੰਨੀ ਕੁ ਉੱਨਤੀ ਹੋ ਚੁੱਕੀ ਹੈ ਉਸ ਨੂੰ ਮਨੁੱਖ ਮਾਤਰ ਦੀ ਸੇਵਾ ਵਿੱਚ ਲਾਇਆ ਜਾਵੇ। ਮਸ਼ੀਨ ਵੀ ਸੁੰਦਰ ਹੋ ਨਿਬੜੇਗੀ ਭਾਵੇਂ ਇਹ ਸੁੰਦਰਤਾ ਸਾਪੇਖ ਜਾਂ ਅਨੁਪਾਤੀ ਹੀ ਕਿਉਂ ਨਾ ਹੋਵੇ।

# ਸੌਂਦਰਯ–ਇੱਕ ਮਾਨਤਾ

ਪੁਰਾਤਨ ਸਮੇਂ ਦੇ ਯੂਨਾਨੀ ਫਿਲਾਸਫਰ ਸੱਚ, ਸੁੰਦਰਤਾ ਅਤੇ ਨੇਕੀ (Truth, Beauty and Goodness) ਨੂੰ ਤਿੰਨ ਮਾਨਤਾਵਾਂ ਜਾਂ ਵੈਲਿਊਜ਼ ਮੰਨਦੇ ਸਨ। ਕਈ ਵਿਚਾਰਵਾਨਾਂ ਦਾ ਮੱਤ ਹੈ ਕਿ ਸੱਤਿਅਮ, ਸ਼ਿਵਮ ਅਤੇ ਸੁੰਦਰਮ ਯੂਨਾਨੀ ਸ਼ਬਦਾਂ ਦਾ ਭਾਰਤੀ ਅਨੁਵਾਦ ਹੈ ਅਤੇ ਮਾਨਤਾਵਾਂ ਦੀ ਦਾਰਸ਼ਨਿਕ ਸੋਝੀ ਭਾਰਤੀਆਂ ਨੇ ਯੂਨਾਨੀਆਂ ਕੋਲੋਂ ਪ੍ਰਾਪਤ ਕੀਤੀ ਹੈ। ਸਿਕੰਦਰ ਦੇ ਹੱਲੇ ਤੋਂ ਪਹਿਲਾਂ ਭਾਰਤੀ ਲੋਕਾਂ ਦਾ ਯੂਨਾਨੀਆਂ ਨਾਲ ਵਪਾਰਕ ਮੇਲ ਜੋਲ ਸੀ ਅਤੇ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੋਹਾਂ ਦੇਸ਼ਾਂ ਦੇ ਲੋਕਾਂ ਨੇ ਇੱਕ ਦੂਜੇ ਕੋਲੋਂ ਬਹੁਤ ਕੁਝ ਸਿੱਖਿਆ ਹੈ। ਮਾਨਤਾਵਾਂ ਬਾਰੇ ਭਾਰਤੀਆਂ ਨੇ ਯੂਨਾਨੀਆਂ ਕੋਲੋਂ ਸਿੱਖਿਆ ਜਾਂ ਯੂਨਾਨੀਆਂ ਨੇ ਭਾਰਤੀਆਂ ਕੋਲੋਂ ਇਸ ਗੱਲ ਦਾ ਨਿਰਣਾ ਕਰਨ ਲੱਗਿਆਂ ਇਹ ਚੇਤਾ ਰੱਖਣਾ ਚਾਹੀਦਾ ਹੈ ਕਿ ਜਦੋਂ ਯੂਨਾਨ ਅਤੇ ਭਾਰਤ ਦੇ ਸੰਬੰਧ ਅੱਤ ਨੇੜਲੇ ਹੋ ਗਏ ਸਨ ਉਦੋਂ ਭਾਰਤ ਵਿੱਚ ਸੰਸਾਰ ਦਾ ਸੱਭ ਤੋਂ ਵੱਧ ਦਾਰਸ਼ਨਿਕ ਅਤੇ ਵਿਗਿਆਨਿਕ ਧਰਮ, ਬੁੱਧ ਮਤ, ਪ੍ਰਚਲਿਤ ਸੀ ਅਤੇ ਉਸ ਤੋਂ ਪਹਿਲਾਂ ਭਾਰਤ ਮਨੁੱਖੀ ਮਨ ਦੀ ਸਰਵੋਤਮ ਅਵਸਥਾ, ਮੋਕਸ਼ ਜਾਂ ਨਿਰਵਾਣ ਤੋਂ ਜਾਣੂ ਸੀ। ਮਾਨਤਾਵਾਂ ਦੀ ਗੱਲ ਮੋਕਸ਼ ਦੀ ਗੱਲ ਨਾਲੋਂ ਵੱਧ ਸੂਖਮ ਨਹੀਂ। ਦੂਜੇ ਪਾਸੇ ਸਿਕੰਦਰ ਦਾ ਉਸਤਾਦ ਅਰਸਤੂ ਸੀ। ਸਿਕੰਦਰ ਨੇ ਤੇਰਾਂ ਸਾਲ ਦੀ ਆਯੂ ਤੋਂ ਲੈ ਕੇ ਸੋਲਾਂ ਸਾਲ ਦੀ ਆਯੂ ਤਕ ਅਰਸਤੂ ਕੋਲੋਂ ਵਿੱਦਿਆ ਪ੍ਰਾਪਤ ਕੀਤੀ ਸੀ। ਇਨ੍ਹਾਂ ਚਾਰ ਸੰਵੇਦਨਸ਼ੀਲ ਸਾਲਾਂ ਵਿੱਚ ਅਰਸਤੂ ਨੇ ਸਿਕੰਦਰ ਨੂੰ ਇਹ ਦ੍ਰਿੜ੍ਹ ਕਰਵਾਇਆ ਸੀ ਕਿ ਯੂਨਾਨੀਆਂ ਤੋਂ ਇਲਾਵਾ ਬਾਕੀ ਸਾਰੇ ਮਨੁੱਖ ਦਾਸ ਮੰਨੇ ਜਾਣੇ ਚਾਹੀਦੇ ਹਨ।

ਇੱਥੇ ਭਾਰਤੀਆਂ ਦਾ ਗੁਰੂ ਬੁੱਧ ਸੀ ਜਿਸ ਨੇ ਆਪ ਕਦੀ ਦੁੱਖ ਦਾ ਅਨੁਭਵ ਨਹੀਂ ਸੀ ਕੀਤਾ; ਦੂਜੇ ਲੋਕਾਂ ਨੂੰ ਦੁਖੀ ਵੇਖ ਕੇ ਉਹ ਰਾਜ-ਸੁੱਖ ਭੋਗਣ ਵਿੱਚ ਸ਼ਰਮ ਮਹਿਸੂਸ ਕਰਨ ਲੱਗ ਪਿਆ ਸੀ। ਬੁੱਧ ਦੇ ਉਪਾਸ਼ਕਾਂ ਨੂੰ ਅਰਸਤੂ ਜਾਂ ਇਫਲਾਤੂਨ ਦੇ ਪੈਰੋਕਾਰਾਂ ਨੇ ਮਾਨਤਾਵਾਂ ਦੀ ਦਾਰਸ਼ਨਿਕ ਸੋਝੀ ਦਿੱਤੀ ਹੋਵੇਗੀ, ਇਹ ਗੱਲ ਮੰਨਣ ਵਿੱਚ ਨਹੀਂ ਆਉਂਦੀ।

ਇਹ ਸੋਝੀ ਕਿਤੋਂ ਵੀ ਆਈ ਹੋਵੇ, ਅਸੀਂ ਸੁੰਦਰਤਾ ਨੂੰ ਇੱਕ ਮਾਨਤਾ ਮੰਨਦੇ ਆਏ

ਹਾਂ। ਅਸੀਂ ਇਹ ਮੰਨਦੇ ਆਏ ਹਾਂ ਕਿ "ਸੁੰਦਰਤਾ ਇੱਕ ਹੋਂਦ ਹੈ; ਇਹ ਦੈਵੀ ਹੈ; ਇਹ ਰੱਬੀ ਹੈ; ਇਹ ਅਲੌਕਿਕ ਹੈ। ਇਸ ਦਾ ਅਸਲੀ ਟਿਕਾਣਾ ਉਹ ਮੁੱਢਲੀ ਚੇਤਨਾ ਹੈ ਜਿਸ ਤੋਂ ਇਹ ਜਗਤ ਉਪਜਿਆ ਹੈ। ਆਪਣੇ ਰੱਬੀ ਟਿਕਾਣੇ ਵਿੱਚ ਇਹ ਆਨੰਦ-ਰੂਪ ਹੈ। ਜਿਹੜੀਆਂ ਸੰਸਾਰਕ ਚੀਜ਼ਾਂ ਸਾਨੂੰ ਸੁੰਦਰ ਲਗਦੀਆਂ ਹਨ ਉਨ੍ਹਾਂ ਵਿਚਲੀ ਸੁੰਦਰਤਾ ਉਨ੍ਹਾਂ ਦਾ ਆਪਣਾ ਅਸਲਾ ਨਹੀਂ ਸਗੋਂ ਰੱਬ ਵੱਲੋਂ ਮਿਲੀ ਹੋਈ ਇੱਕ ਦਾਤ ਹੁੰਦੀ ਹੈ। ਸੁੰਦਰਤਾ ਮਨੁੱਖੀ ਮਨ ਨੂੰ ਆਨੰਦ-ਮਗਨ ਕਰਦੀ ਹੈ ਅਤੇ ਆਨੰਦ-ਮਗਨ ਹੋਣਾ ਮੁੱਢਲੀ ਚੇਤਨਾ ਜਾਂ ਬ੍ਰਹਮ ਵਿੱਚ ਲੀਨ ਹੋਣ ਦੇ ਤੁੱਲ ਹੈ ਕਿਉਂਕਿ ਬ੍ਰਹਮ ਸੱਤ-ਚਿੱਤ-ਆਨੰਦ ਜਾਂ ਸੱਚਿਦਾਨੰਦ ਹੈ।"

ਪਦਾਰਥਵਾਦੀ ਇਉਂ ਨਹੀਂ ਮੰਨਦੇ। ਉਨ੍ਹਾਂ ਦਾ ਮਤ ਇਹ ਹੈ ਕਿ "ਪਦਾਰਥ ਮੁਢਲੀ ਹੋਂਦ ਹੈ। ਪਦਾਰਥ ਤੋਂ ਮਨੁੱਖੀ ਮਨ, ਮਨ ਵਿਚਲੀ ਚੇਤਨਾ, ਪ੍ਰਵ੍ਰਿਤੀ, ਭਾਵ, ਵਿਚਾਰ ਅਤੇ ਵਿਸ਼ਵਾਸ ਆਦਿ ਸਭ ਕੁਝ ਉਪਜਿਆ ਹੈ। ਇਹ ਸਭ ਕੁਝ ਜੀਵਨ ਦੀ ਲੋੜ ਨੇ ਉਪਜਾਇਆ ਹੈ। ਜੀਵਨ ਪਦਾਰਥ ਵਿਚਲੀ ਰਸਾਇਣਿਕ ਕਿਰਿਆ ਤੋਂ ਛੁੱਟ ਹੋਰ ਕੁਝ ਨਹੀਂ। ਸੱਚ, ਝੂਠ, ਨੇਕੀ, ਬਦੀ, ਵਫਾ, ਬੇ-ਵਫਾਈ, ਈਮਾਨਦਾਰੀ, ਬੇ-ਈਮਾਨੀ, ਗੱਲ ਕੀ ਸਾਰੀ ਨੈਤਕਤਾ ਮਨੁੱਖੀ ਮਨ ਦੀ ਮਨੌਤ ਹੈ। ਇਹ ਮਨੌਤਾਂ ਜੀਵਨ ਦੀਆਂ ਲੋੜਾਂ ਵਿੱਚੋਂ ਉਪ-ਜੀਆਂ ਹਨ। ਮਨੁੱਖੀ ਸਮਾਜ ਸਦਾ ਤੋਂ ਹੁਕਮ ਕਰਨ ਵਾਲਿਆਂ ਅਤੇ ਹੁਕਮ ਮੰਨਣ ਵਾਲਿਆਂ ਵਿੱਚ, ਮਾਲਕਾਂ ਅਤੇ ਸੇਵਕਾਂ ਵਿੱਚ ਵੰਡਿਆ ਆਇਆ ਹੈ। ਮਾਲਕ ਵਰਗ ਆਪਣੀ ਮਾਲਕੀ ਨੂੰ ਕਾਇਮ ਰੱਖਣ ਲਈ ਲੋਕਾਂ ਵਿੱਚ ਵੱਖ ਵੱਖ ਵਿਚਾਰ ਅਤੇ ਵਿਸ਼ਵਾਸ ਪੈਦਾ ਕਰਦਾ ਆਇਆ ਹੈ। ਉਹ ਵਿਚਾਰ ਅਤੇ ਵਿਸ਼ਵਾਸ ਜੀਵਨ ਦੇ ਅਮਲ ਵਿੱਚ ਢਲ ਕੇ ਮਨੁੱਖੀ ਮਨ ਦੀ ਧਾਰਨਾ ਬਣਦੇ ਗਏ ਹਨ।"

ਮਾਨਤਾਵਾਂ ਜੀਵਨ ਦੀ ਲੋੜ ਵਿੱਚੋਂ ਕਿਵੇਂ ਉਪਜੀਆਂ ਹਨ ਜਾਂ ਉਪਜਾਈਆਂ ਗਈਆਂ ਹਨ ਇਸ ਗੱਲ ਨੂੰ ਸਮਝਣ ਲਈ ਇੱਕ ਮਿਸਾਲ ਲੈਂਦੇ ਹਾਂ। ਪਹਿਲਾਂ ਪਹਿਲ ਮਨੁੱਖ ਸ਼ਿਕਾਰ ਕਰਦਾ ਸੀ ਜਾਂ ਕੰਦ ਮੂਲ ਖਾਂਦਾ ਸੀ। ਹੌਲੀ ਹੌਲੀ ਉਸ ਨੇ ਖੇਤੀ ਕਰਨੀ ਸਿੱਖ ਲਈ ਅਤੇ ਪਿੰਡ ਵਸਾ ਕੇ ਬੈਠ ਗਿਆ। ਇੱਕ ਥਾਂ ਬੈਠ ਜਾਣ ਨਾਲ ਮਨੁੱਖ ਵਿੱਚ ਆਪਣੇ ਪੱਕੇ ਟਿਕਾਣੇ ਦਾ ਮੋਹ ਜਾਗਿਆ ਅਤੇ ਅਧਿਕਾਰ ਦਾ ਖਿਆਲ ਪੈਦਾ ਹੋਇਆ। ਇਸ ਸਾਰੀ ਕਿਰਿਆ ਨੇ ਨਿੱਜੀ ਜਾਇਦਾਦ ਦੇ ਰਿਵਾਜ ਨੂੰ ਜਨਮ ਦਿੱਤਾ ਅਤੇ ਨਿੱਜੀ ਜਾਇਦਾਦ ਲਈ ਆਪਣੇ ਵਾਰਸ ਦੀ ਲੋੜ ਪਈ। ਵਾਰਸ ਦੀ ਲੋੜ ਨੇ ਵਿਆਹ ਦੇ ਰਿਵਾਜ ਦੀ ਨੀਂਹ ਰੱਖੀ। ਜਦੋਂ ਸਮ ਜ ਵਿੱਚ ਵਿਆਹ ਦਾ ਰਿਵਾਜ ਪੈ ਗਿਆ ਤਾਂ ਮਨੁੱਖ ਵਿੱਚ ਖਾਨਦਾਨੀ ਪਵਿਤ੍ਰਤਾ ਦਾ ਖਿਆਲ ਵੀ ਜਾਗ ਪਿਆ। ਇਸ ਪਵਿਤ੍ਰਤਾ ਦਾ ਯਕੀਨ ਕਰਨ ਲਈ ਉਸ ਨੇ ਵਫਾ ਅਤੇ ਬੇ-ਵਫਾਈ ਦੀਆਂ ਮਨੌਤਾਂ ਦਾ ਪਰਚਾਰ ਕੀਤਾ ਅਤੇ ਵਫਾ ਨੂੰ ਵਡਿਆ ਕੇ ਹਰ ਇਸਤ੍ਰੀ ਨੂੰ ਪਤੀ-ਬ੍ਰਤਾ ਹੋਣ ਦੀ ਪ੍ਰੇਰਨਾ ਦਿੱਤੀ। ਬੇ-ਵਫਾਈ ਨੂੰ ਦੁਰਾਚਾਰ ਦੱਸ ਕੇ ਇਸ ਦੀ ਨਿੰਦਾ ਕੀਤੀ ਅਤੇ ਇਸ ਲਈ ਕਰੜੀਆਂ ਸਜ਼ਾਵਾਂ ਵੀ ਨੀਅਤ ਕੀਤੀਆਂ। ਇਉਂ ਵਫਾ, ਬੇ-ਵਫਾਈ, ਪਤੀ-ਬ੍ਰਤ, ਸਦਾਚਾਰ ਅਤੇ ਦੁਰਾਚਾਰ

ਆਦਿਕ ਸਭ ਮਨੌਤਾਂ ਹਨ ਜੋ ਮਨੁੱਖੀ ਜੀਵਨ ਦੀ ਲੋੜ ਵਿੱਚੋਂ ਉਪਜੀਆਂ ਹਨ। ਮਨੁੱਖ ਨੂੰ ਇਹ ਡਰ ਸੀ ਕਿ ਜੇ ਮੇਰੀ ਇਸਤ੍ਰੀ ਪਤੀ-ਬ੍ਰਤ ਦਾ ਪਾਲਣ ਨਹੀਂ ਕਰੇਗੀ ਤਾਂ ਉਹ ਕਿਸੇ ਦੂਸਰੇ ਮਰਦ ਦੇ ਬੱਚੇ ਨੂੰ ਜਨਮ ਦੇਵੇਗੀ ਅਤੇ ਉਹ ਬੱਚਾ ਮੇਰੇ ਆਪਣੇ ਬੱਚਿਆਂ ਵਾਂਗ ਮੇਰੀ ਜਾਇਦਾਦ ਦਾ ਵਾਰਸ ਹੋਵੇਗਾ। ਇਸ ਲਈ ਉਹ ਪਤੀ-ਬ੍ਰਤ ਨੂੰ ਬਹੁਤ ਹੀ ਸ੍ਰੇਸ਼ਟ ਧਰਮ ਸਿੱਧ ਕਰਦਾ ਸੀ। ਇਸ ਸਦੀ ਦੇ ਪ੍ਰਸਿੱਧ ਵਿਦਵਾਨ ਬਰਟ੍ਰੰਡ ਰਸਲ ਦਾ ਵਿਚਾਰ ਹੈ ਕਿ "ਹੁਣ ਜਦੋਂ ਮਨੁੱਖ ਨੇ ਬਰਥ ਕੰਟ੍ਰੋਲ ਦੇ ਸਾਧਨ ਪੈਦਾ ਕਰ ਲਏ ਹਨ ਅਤੇ ਕਿਸੇ ਦੂਜੇ ਮਰਦ ਦਾ ਬੱਚਾ ਪੈਦਾ ਹੋਣ ਦਾ ਖ਼ਤਰਾ ਟਾਲਿਆ ਜਾ ਸਕਦਾ ਹੈ, ਉਦੋਂ ਪਤੀ-ਬ੍ਰਤ ਧਰਮ ਜਾਂ ਵਫਾ ਕਿਸੇ ਇਸਤ੍ਰੀ ਲਈ ਮਾਣ ਵਾਲੀ ਗੱਲ ਹੋਣ ਦੀ ਥਾਂ ਜਿਨਸੀ ਗੁਲਾਮੀ ਦਾ ਕਲੰਕ ਬਣ ਗਿਆ ਹੈ। ਨਵੇਂ ਯੁਗ ਦੀ ਬਦਲੀ ਹੋਈ ਪਰਿਸਥਿਤੀ ਅਨੁਸਾਰ ਸਾਨੂੰ ਆਪਣੀ ਜਿਨਸੀ ਨੈਤਿਕਤਾ ਵੀ ਬਦਲਣੀ ਚਾਹੀਦੀ ਹੈ।"

ਉਪਰੋਕਤ ਦ੍ਰਿਸ਼ਟਾਂਤ ਇਸ ਗੱਲ ਨੂੰ ਸਪਸ਼ਟ ਕਰਦਾ ਹੈ ਕਿ ਜੀਵਨ ਦੀਆਂ ਲੋੜਾਂ ਕਿਵੇਂ ਕੀਮਤਾਂ ਦੀ ਉਸਾਰੀ ਕਰਦੀਆਂ ਹਨ ਅਤੇ ਇਹ ਵਿਚਾਰ ਪਦਾਰਥਵਾਦੀਆਂ ਦਾ ਹੈ। ਜਿਹੜੇ ਪਦਾਰਥਵਾਦੀ ਨਹੀਂ ਉਹ ਜੀਵਨ ਦੇ ਵਿਕਾਸ ਵਿੱਚ ਤਾਂ ਵਿਸ਼ਵਾਸ ਰੱਖਦੇ ਹਨ ਪਰ ਕੀਮਤਾਂ ਜਾਂ ਮਾਨਤਾਵਾਂ ਨੂੰ ਜੀਵਨ ਦੇ ਵਿਕਾਸ ਦੀ ਉਪਜ ਨਹੀਂ ਮੰਨਦੇ। ਉਨ੍ਹਾਂ ਦਾ ਸਿਧਾਂਤ ਇਹ ਹੈ ਕਿ ਕੀਮਤਾਂ ਸਦੀਵੀ ਹਨ। ਇਹ ਸਦਾ ਤੋਂ ਮੌਜੂਦ ਹਨ। ਜੀਵਨ ਜਿਨ੍ਹਾਂ ਦੀ ਅਗਵਾਈ ਵਿੱਚ ਵਿਕਾਸ ਕਰਦਾ ਹੈ। ਇਹ ਜੀਵਨ ਨੂੰ ਤੋਰਦੀਆਂ ਹਨ। ਜੀਵਨ ਵਿੱਚ ਕੁਝ ਅਜੇਹੇ ਤੱਤ ਵੀ ਹਨ, ਕੁਝ ਅਜੇਹੀਆਂ ਖਿੱਚਾਂ ਵੀ ਹਨ, ਕੁਝ ਅਜੇਹੇ ਭੁਲੇਖੇ ਵੀ ਹਨ ਜਿਹੜੇ ਮਨੁੱਖਾਂ ਨੂੰ ਕੀਮਤਾਂ ਜਾਂ ਮਾਨਤਾਵਾਂ ਦਾ ਨਿਰਾਦਰ ਕਰਨ ਲਈ ਵਰਗਲਾ ਲੈਂਦੇ ਹਨ। ਮਨੁੱਖ ਵਿੱਚਲਾ ਵਿਵੇਕ ਮਾਨਤਾਵਾਂ ਦੇ ਨਿਰਾਦਰ ਨੂੰ ਸਦਾ ਤੋਂ ਨਿੰਦਦਾ ਆਇਆ ਹੈ। ਮਾਨਤਾਵਾਂ ਦੀ ਰੱਖਿਆ ਲਈ ਮਨੁੱਖ ਨੇ ਅਨੇਕ ਪ੍ਰਕਾਰ ਦੇ ਸਿਧਾਂਤ, ਫਲਸਫੇ, ਰਸਮਾਂ ਅਤੇ ਰਿਵਾਜ ਪੈਦਾ ਕੀਤੇ ਹਨ।

ਮੈਨੂੰ ਇਹ ਮੰਨਣਾ ਔਖਾ ਲਗਦਾ ਹੈ ਕਿ ਕੀਮਤਾਂ ਲੋੜ ਵਿੱਚੋਂ ਉਪਜੀਆਂ ਹਨ। ਇੱਕ ਦ੍ਰਿਸ਼ਟਾਂਤ ਦਿੰਦਾ ਹਾਂ। ਜਦੋਂ ਮਨੁੱਖ ਨੇ ਸ਼ਿਕਾਰ ਦੀ ਥਾਂ ਖੇਤੀ ਦਾ ਕੰਮ ਕਰਨਾ ਸ਼ੁਰੂ ਕਰ ਲਿਆ ਤਾਂ ਉਸ ਨੇ ਧਰਤੀ ਨੂੰ ਪੋਲੀ ਕਰਨ ਜਾਂ ਵਾਹੁਣ ਲਈ ਹਲ ਵਰਗਾ ਇੱਕ ਯੰਤਰ ਬਣਾ ਲਿਆ। ਉਸ ਕੋਲ ਲੋਹਾ ਅਜੇ ਨਹੀਂ ਸੀ। ਇਸ ਲਈ ਉਸ ਦੇ ਹਲ ਅੱਗੇ ਲੋਹੇ ਦਾ ਫਾਲ ਨਹੀਂ ਸੀ ਸਗੋਂ ਲਕੜੀ ਨੂੰ ਹੀ ਅਗੋਂ ਨੋਕਦਾਰ ਬਣਾ ਕੇ ਉਹ ਉਸ ਕੋਲੋਂ ਫਾਲ ਦਾ ਕੰਮ ਲੈਂਦਾ ਸੀ। ਇਹ ਨੋਕਦਾਰ ਲੱਕੜੀ ਛੇਤੀ ਘਸ ਜਾਂਦੀ ਸੀ, ਟੁੱਟ ਅਤੇ ਪਾਟ ਜਾਂਦੀ ਸੀ। ਕੁਝ ਸਮਾਂ ਪਾ ਕੇ ਮਨੁੱਖ ਨੂੰ ਲੋਹੇ ਦਾ ਗਿਆਨ ਹੋ ਗਿਆ ਅਤੇ ਉਸ ਨੇ ਆਪਣੇ ਹਲ ਦੇ ਕੁੜ ਨੂੰ ਲੋਹੇ ਦਾ ਫਾਲ ਲਾਉਣ ਦੀ ਜਾਚ ਸਿੱਖ ਲਈ। ਪਦਾਰਥਵਾਦੀ ਵਿਕਾਸਵਾਦ ਉਪ੍ਰੋਕਤ ਗੱਲ ਨਾਲ ਕਿਸੇ ਪ੍ਰਕਾਰ ਦਾ ਵਿਰੋਧ ਨਹੀਂ ਰੱਖਦਾ।

ਹੁਣ ਜੇ ਇਹ ਪ੍ਰਸ਼ਨ ਪੁੱਛਿਆ ਜਾਵੇ ਕਿ ਮਨੁੱਖ ਨੇ ਹਲ ਨੂੰ ਲੋਹੇ ਦਾ ਫਾਲ ਕਿਉਂ ਲਾਇਆ ਤਾਂ ਉੱਤਰ ਇਹ ਹੋਵੇਗਾ ਕਿ ਲੋਹਾ ਲਕੜੀ ਨਾਲੋਂ ਮਜ਼ਬੂਤ ਹੋਣ ਕਰਕੇ ਅਤੇ

ਵੱਧ ਨੋਕੀਲਾ ਹੋ ਸਕਣ ਕਰਕੇ ਫਾਲ ਲਈ ਵਧੇਰੇ ਯੋਗ ਸੀ। ਇਉਂ ਕਰਨ ਨਾਲ ਮਨੁੱਖ ਨੂੰ ਸੌਖ ਵੀ ਸੀ ਅਤੇ ਲਾਭ ਵੀ ਸੀ। ਇਹ ਗੱਲ ਠੀਕ ਹੈ। ਹੁਣ ਦੂਜਾ ਪ੍ਰਸ਼ਨ ਪੁੱਛਦੇ ਹਾਂ। ਲੋਹੇ ਵਿੱਚ ਮਜ਼ਬੂਤੀ ਨਾਮ ਦਾ ਇੱਕ ਗੁਣ ਹੈ, ਪਹਿਲਾਂ ਵੀ ਸੀ। ਕੀ ਮਨੁੱਖ ਨੇ ਲੋਹੇ ਦੇ ਇਸ ਗੁਣ ਕਰਕੇ ਇਸ ਨੂੰ ਫਾਲ ਵਜੋਂ ਵਰਤਿਆ ਜਾਂ ਮਨੁੱਖ ਦੁਆਰਾ ਫਾਲ ਵਜੋਂ ਵਰਤਿਆ ਜਾਣ ਕਰਕੇ ਲੋਹੇ ਵਿੱਚ ਇਹ ਗੁਣ ਪੈਦਾ ਹੋ ਗਿਆ? ਮੇਰਾ ਉੱਤਰ ਇਹ ਹੈ ਕਿ ਲੋਹੇ ਦੇ ਗੁਣ ਕਰਕੇ ਉਸ ਨੂੰ ਫਾਲ ਵਜੋਂ ਵਰਤਿਆ ਗਿਆ। ਪਦਾਰਥਵਾਦੀ ਵਿਕਾਸ-ਵਾਦ ਅਨੁਸਾਰ ਉੱਤਰ ਇਹ ਹੋਣਾ ਚਾਹੀਦਾ ਹੈ ਕਿ ਫਾਲ ਦੇ ਤੌਰ ਉੱਤੇ ਵਰਤਿਆ ਜਾਣ ਕਰਕੇ ਲੋਹੇ ਵਿੱਚ ਇਹ ਗੁਣ ਪੈਦਾ ਹੋਇਆ ਕਿਉਂ ਜੁ ਸਾਰੇ ਗੁਣ ਜੀਵਨ ਦੀ ਲੋੜ ਦੀ ਉਪਜ ਹਨ।

ਮੈਨੂੰ ਪਤਾ ਹੈ ਪਦਾਰਥਵਾਦੀ ਚੁੱਪ ਨਹੀਂ ਰਹੇਗਾ। ਉਹ ਆਖੇਗਾ ਕਿ "ਤੁਸੀਂ ਮਨੁੱਖੀ ਮਨ ਦੀਆਂ ਮਾਨਤਾਵਾਂ ਨੂੰ ਪਦਾਰਥ ਦੇ ਗੁਣਾਂ ਨਾਲ ਤੁਲਨਾ ਨਹੀਂ ਦੇ ਸਕਦੇ।" ਮੈਂ ਵੀ ਇਹੋ ਕਹਿੰਦਾ ਹਾਂ ਕਿ ਪਦਾਰਥ ਦੇ ਨੇਮ ਵੱਖਰੇ ਹਨ ਅਤੇ ਇਸ ਵਿਚਲੇ "ਜੀਵਨ" ਦੇ ਨੇਮ ਵੱਖਰੇ ਹਨ। ਜੇ ਮਨ ਦੇ ਨੇਮ ਪਦਾਰਥ ਉੱਤੇ ਨਹੀਂ ਘਟਦੇ ਤਾਂ ਪਦਾਰਥ ਦੇ ਨੇਮ ਮਨ ਉੱਤੇ ਵੀ ਇੰਨ ਬਿੰਨ ਨਹੀਂ ਘਟ ਸਕਦੇ। ਇਸ ਪਦਾਰਥ ਵਿਚ ਜੀਵਨ ਇੱਕ ਚੇਤਨ ਸੱਤਾ ਹੈ। ਇਹ ਚੇਤਨ ਸੱਤਾ ਮਨ, ਬੁੱਧ, ਸੁਰਤ, ਭਾਵ, ਵਿਚਾਰ, ਵਿਸ਼ਵਾਸ ਅਤੇ ਪ੍ਰਵ੍ਰਿਤੀ ਆਦਿ ਦਾ ਰੂਪ ਧਾਰਦੀ ਹੈ। ਇਹੋ ਸੱਤਾ ਸੱਚ, ਸੁੰਦਰਤਾ ਅਤੇ ਨੇਕੀ ਬਣ ਕੇ ਮਨੁੱਖੀ ਮਨਾਂ ਦੀ ਅਗਵਾਈ ਕਰਦੀ ਹੈ ਅਤੇ ਏਹੋ ਸੱਤਾ ਜਿਸ ਨੂੰ ਭੁਲੇਖੇ ਵਿੱਚ ਪਾਉਣਾ ਚਾਹੁੰਦੀ ਹੈ, ਉਸ ਦੀ "ਖਸ ਲਏ ਚੰਗਿਆਈ।"

ਇੱਕ ਹੋਰ ਦ੍ਰਿਸ਼ਟਾਂਤ ਲੈਂਦੇ ਹਾਂ। ਇਸ ਦ੍ਰਿਸ਼ਟਾਂਤ ਦੁਆਰਾ ਅਸੀਂ ਲੋਹੇ ਲਕੜੀ ਨੂੰ ਛੱਡ ਕੇ ਨਿਰੋਲ ਮਨੁੱਖੀ ਸਰੀਰ ਦੀ ਪ੍ਰਤਿਕ੍ਰਿਆ ਦਾ ਆਸਰਾ ਲਵਾਂਗੇ। ਕੋਈ ਪਾਰਟੀ ਹੋ ਰਹੀ ਹੈ। ਬਹੁਤ ਸਾਰੇ ਪ੍ਰਾਹੁਣਿਆਂ ਵਿੱਚ ਦੋ ਆਦਮੀ ਅਜੇਹੇ ਹਨ ਜਿਨ੍ਹਾਂ ਵਿੱਚੋਂ ਇੱਕ ਨੂੰ ਮਿੱਠਾ ਬਹੁਤ ਪਸੰਦ ਹੈ। ਉਹ ਬਰਫੀ ਖਾ ਰਿਹਾ ਹੈ। ਦੂਜੇ ਨੂੰ ਲੂਣ ਵਾਲੀਆਂ ਚੀਜ਼ਾਂ ਪਸੰਦ ਹਨ। ਉਹ ਪਕੌੜਿਆਂ-ਸਮੋਸਿਆਂ ਵੱਲ ਰੁਚਿਤ ਹੈ। ਦੋਹਾਂ ਦੇ ਸਾਹਮਣੇ ਚਾਹ ਦਾਨੀ ਵਿਚ ਚਾਹ ਪਈ ਹੈ। ਇੱਕੋ ਚਾਹਦਾਨੀ ਵਿੱਚੋਂ ਦੋਵੇਂ ਆਪੋ ਆਪਣੀ ਪਿਆਲੀ ਵਿੱਚ ਚਾਹ ਪਾ ਕੇ ਪੀਂਦੇ ਹਨ। ਪਕੌੜੇ ਖਾਣ ਵਾਲਾ ਆਦਮੀ ਚਾਹ ਦਾ ਘੁੱਟ ਭਰ ਕੇ ਨੱਕ ਬੁਲ੍ਹ ਵੱਟਦਾ ਹੈ ਅਤੇ ਕਹਿੰਦਾ ਹੈ, "ਚੀਨੀ ਬਹੁਤ ਹੈ।" ਬਰਫੀ ਖਾਣ ਵਾਲਾ ਆਦਮੀ ਚਾਹ ਦਾ ਘੁੱਟ ਭਰ ਕੇ ਇੱਧਰ-ਉੱਧਰ ਵੇਖਣ ਲੱਗ ਪੈਂਦਾ ਹੈ। ਇੱਕ ਵਰਤਾਵੇ ਨੂੰ ਸੈਨਤ ਨਾਲ ਬੁਲਾਉਂਦਾ ਹੈ। ਵਰਤਾਵਾ ਅੰਦਰ ਜਾ ਕੇ ਚੀਨੀ ਦੀ ਭਰੀ ਹੋਈ ਇੱਕ ਕੌਲੀ ਲੈ ਆਉਂਦਾ ਹੈ। ਸਾਡਾ ਮਿੱਤਰ ਇੱਕ ਟੀਸੀ ਕੱਢਵਾਂ ਚਮਚਾ ਖੰਡ ਦਾ, ਆਪਣੀ ਪਿਆਲੀ ਵਿੱਚ ਪਾ ਕੇ, ਹਿਲਾ ਕੇ, ਪੀਂਦਾ ਹੈ। ਉਸ ਦੀਆਂ ਅੱਖਾਂ ਵਿੱਚੋਂ ਤ੍ਰਿਪਤੀ ਦਾ ਆਨੰਦ ਝਾਤੀਆਂ ਮਾਰਨ ਲੱਗ ਪੈਂਦਾ ਹੈ।

ਇਹ ਜਾਣਨਾ ਔਖਾ ਨਹੀਂ ਕਿ ਸਾਡੇ ਦੋ ਮਿੱਤਰਾਂ ਨੂੰ ਇੱਕੋ ਚਾਹ ਘਟ ਵੱਧ ਮਿੱਠੀ

ਕਿਉਂ ਲੱਗੀ ਹੈ। ਇਸ ਦਾ ਕਾਰਨ ਦੋਹਾਂ ਦੀ ਪਸੰਦ ਵੀ ਹੈ ਅਤੇ ਬਰਫੀ-ਸਮੋਸੇ ਨਾਲ ਦੋਹਾਂ ਦੇ ਮੂੰਹਾਂ ਵਿੱਚ ਬਣੀ ਹੋਈ ਵੱਖਰੀ ਵੱਖਰੀ ਹਾਲਤ ਵੀ। ਜੇ ਬਰਫੀ ਖਾਣ ਵਾਲਾ ਆਦਮੀ ਚਾਹ ਦਾ ਘੁਟ ਭਰਨ ਤੋਂ ਪਹਿਲਾਂ ਇੱਕ ਅੱਧਾ ਸਮੋਸਾ ਖਾ ਕੇ ਆਪਣਾ ਮੂੰਹ ਲੂਣ ਵਾਲਾ ਕਰ ਲਵੇ ਅਤੇ ਪਕੌੜੇ ਖਾਣ ਵਾਲਾ ਮਿੱਤਰ ਬਰਫੀ ਖਾ ਕੇ ਆਪਣਾ ਮੂੰਹ ਜ਼ਰਾ ਮਿੱਠਾ ਕਰ ਲਵੇ ਤਾਂ ਦੋਹਾਂ ਲਈ ਉਸੇ ਚਾਹ ਦੀ ਮਿਠਾਸ ਪਹਿਲਾਂ ਨਾਲੋਂ ਵੱਖਰੀ ਹੋ ਜਾਵੇਗੀ। ਪਦਾਰਥਵਾਦੀ ਆਖੇਗਾ, "ਜਿਵੇਂ ਵੱਖ ਵੱਖ ਸੁਆਦਾਂ ਵਾਲੇ ਆਦਮੀਆਂ ਲਈ ਚਾਹ ਦੀ ਮਿਠਾਸ ਘਟ ਵੱਧ ਹੈ ਉਵੇਂ ਹੀ ਜੀਵਨ ਦੀਆਂ ਵੱਖ ਵੱਖ ਪਰਿਸਥਿਤੀਆਂ ਵਿੱਚ ਸੱਚ, ਸੁੰਦਰਤਾ ਅਤੇ ਨੇਕੀ ਬਾਰੇ ਮਨੁੱਖੀ ਦ੍ਰਿਸ਼ਟੀਕੋਣ ਵੀ ਵੱਖ ਵੱਖ ਹੈ। ਪਰਿਸਥਿਤੀ ਬਦਲ ਜਾਣ ਨਾਲ ਕੀਮਤਾਂ ਬਾਰੇ ਮਨੁੱਖ ਦਾ ਦ੍ਰਿਸ਼ਟੀਕੋਣ ਵੀ ਬਦਲ ਜਾਵੇਗਾ। ਕੀਮਤਾਂ ਦ੍ਰਿਸ਼ਟੀ-ਕੋਣ ਤੋਂ ਵੱਧ ਹੋਰ ਕੁਝ ਨਹੀਂ ਹਨ।"

'ਪਰਿਸਥਿਤੀ ਦੇ ਬਦਲ ਜਾਣ ਨਾਲ ਮਨੁੱਖ ਦਾ ਕੀਮਤਾਂ ਸੰਬੰਧੀ ਦ੍ਰਿਸ਼ਟੀਕੋਣ ਵੀ ਬਦਲ ਜਾਵੇਗਾ' ਇੱਥੋਂ ਤੱਕ ਅਸੀਂ ਪਦਾਰਥਵਾਦ ਨਾਲ ਸਹਿਮਤ ਹਾਂ। ਪਰ ਇਹ ਗੱਲ ਮੰਨਣੀ ਉੱਚਿਤ ਨਹੀਂ ਕਿ "ਕੀਮਤਾਂ ਨਿਰਾ ਦ੍ਰਿਸ਼ਟੀਕੋਣ ਹੀ ਹਨ।" ਇਹ ਠੀਕ ਹੈ ਕਿ ਦੋ ਆਦਮੀਆਂ ਨੂੰ ਆਪੋ ਆਪਣੀ ਪਰਿਸਥਿਤੀ ਕਾਰਨ ਇੱਕੋ ਚਾਹ ਘਟ ਵੱਧ ਮਿੱਠੀ ਲਗੀ ਹੈ। ਪਰ ਇਹ ਠੀਕ ਨਹੀਂ ਕਿ ਉਸ ਚਾਹ ਵਿੱਚ 'ਮਿਠਾਸ" ਘੱਟ ਵੱਧ ਹੈ। ਨਾ ਹੀ ਇਹ ਗੱਲ ਠੀਕ ਹੈ ਕਿ ਉਸ ਚਾਹ ਵਿੱਚ ਮਿਠਾਸ ਦੀ ਹੋਂਦ ਹੈ ਹੀ ਨਹੀਂ। ਉਸ ਚਾਹ ਵਿੱਚ ਮਿਠਾਸ ਦੀ ਇੱਕ ਵਿਸ਼ੇਸ਼ ਮਾਤ੍ਰਾ ਹੈ। ਪੀਣ ਵਾਲਿਆਂ ਨੂੰ ਮਿਠਾਸ ਦੀ ਜੋ ਅਨੁਭੂਤੀ ਹੁੰਦੀ ਹੈ ਉਹ ਉਨ੍ਹਾਂ ਦੀ ਆਪਣੀ ਕਿਸੇ ਹਾਲਤ ਦਾ ਨਤੀਜਾ ਹੈ। ਉਨ੍ਹਾਂ ਦੀ ਹਾਲਤ ਉਨ੍ਹਾਂ ਦੀ ਅਨੁਭੂਤੀ ਨੂੰ ਵੱਖ ਵੱਖ ਰੂਪ ਦੇ ਸਕਦੀ ਹੈ ਪਰ ਚਾਹ ਵਿਚਲੀ ਮਿਠਾਸ-ਮਾਤ੍ਰਾ ਉੱਤੇ ਕੋਈ ਅਸਰ ਨਹੀਂ ਪਾ ਸਕਦੀ। ਚਾਹ ਵਿਚਲੀ ਮਿਠਾਸ-ਮਾਤ੍ਰਾ ਪੀਣ ਵਾਲੇ ਦੇ ਦ੍ਰਿਸ਼ਟੀਕੋਣ ਤੋਂ ਸੁਤੰਤਰ ਹੈ ਅਤੇ ਚਾਹ ਵਿੱਚ ਮੌਜੂਦ ਹੈ। ਉਸ ਦੀ ਹੋਂਦ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਇਵੇਂ ਹੀ ਸੱਚ, ਸੁੰਦਰਤਾ ਅਤੇ ਨੈਤਕਤਾ ਦੀ ਹੋਂਦ ਪਦਾਰਥਵਾਦੀ ਵਿਕਾਸਵਾਦ ਤੋਂ ਸੁਤੰਤਰ ਹੈ; ਇਹ ਮਨ ਦਾ ਸਦੀਵੀ ਗੁਣ ਹੈ। ਜੀਵਨ ਦੀਆਂ ਲੋੜਾਂ ਸੱਚ, ਸੁੰਦਰਤਾ ਅਤੇ ਨੈਤਕਤਾ ਦੀ ਅਭਿਵਿਅਕਤੀ ਨੂੰ ਪ੍ਰਭਾਵਿਤ ਕਰਦੀਆਂ ਹਨ, ਇਨ੍ਹਾਂ ਦੇ ਪ੍ਰਗਟਾਵੇ ਨੂੰ ਵੱਖ ਵੱਖ ਰੂਪ ਦੇਂਦੀਆਂ ਹਨ; ਜੀਵਨ ਦੀਆਂ ਲੋੜਾਂ ਸੱਚ, ਸੁੰਦਰਤਾ ਅਤੇ ਨੇਕੀ ਜਾਂ ਨੈਤਕਤਾ ਨੂੰ ਜਨਮ ਨਹੀਂ ਦੇਂਦੀਆਂ।

ਅਗਲਾ ਇਤਰਾਜ਼ ਇਹ ਹੈ ਕਿ ਮਾਨਤਾਵਾਂ ਦੀ ਅਭਿਵਿਅਕਤੀ ਹੀ ਉਨ੍ਹਾਂ ਦੀ ਹੋਂਦ ਹੈ। ਜਿੰਨਾ ਚਿਰ ਉਹ ਜੀਵਨ ਵਿੱਚ ਪਰਗਟ ਨਹੀਂ ਹੁੰਦੀਆਂ ਉੱਨਾ ਚਿਰ ਉਨ੍ਹਾਂ ਦੀ ਹੋਂਦ ਦਾ ਕੋਈ ਅਰਥ ਨਹੀਂ ਅਤੇ ਅਭਿਵਿਅਕਤੀ ਸਦਾ ਹੀ ਜੀਵਨ ਦੀ ਲੋੜ ਤੋਂ ਪ੍ਰਭਾਵਿਤ ਹੈ। ਇਸ ਲਈ ਮਾਨਤਾਵਾਂ ਜੀਵਨ ਦੀ ਲੋੜ ਉੱਤੇ ਆਧਾਰਿਤ ਅਤੇ ਆਸ਼੍ਰਿਤ ਹਨ। ਇਹ ਨਵਾਂ ਇਤਰਾਜ਼ ਪੁਰਾਣੇ ਇਤਰਾਜ਼ ਦਾ ਬਦਲਿਆ ਹੋਇਆ ਰੂਪ ਹੈ। ਇੱਥੇ ਮਾਨਤਾਵਾਂ ਨੂੰ ਜੀਵਨ ਦੀ ਲੋੜ ਦੀ ਉਪਜ ਨਹੀਂ ਆਖਿਆ ਗਿਆ ਸਗੋਂ ਲੋੜ ਉੱਤੇ ਆਧਾਰਿਤ ਜਾਂ

ਆਸ਼੍ਰਿਤ ਆਖਿਆ ਗਿਆ ਹੈ। ਅਜੇਹਾ ਕਰਨ ਨਾਲ ਉਨ੍ਹਾਂ ਦੀ ਵੱਖਰੀ ਹੋਂਦ ਨੂੰ ਸ੍ਵੀਕਾਰ ਕੀਤਾ ਗਿਆ ਹੈ। ਕਿਸੇ ਚੀਜ਼ ਨੂੰ ਕਿਸੇ ਦੂਜੀ ਚੀਜ਼ ਉੱਤੇ ਆਧਾਰਿਤ ਹੋਣ ਤੋਂ ਪਹਿਲਾਂ ਆਪਣੇ ਆਪ ਵਿੱਚ 'ਹੋਣਾ' ਜ਼ਰੂਰੀ ਹੈ। ਜੋ ਹੈ ਹੀ ਨਹੀਂ, ਉਹ ਕਿਸੇ ਉੱਤੇ ਆਧਾਰਿਤ ਕਿਵੇਂ ਹੋ ਸਕਦਾ ਹੈ। ਇਸ ਗੱਲ ਦਾ ਸਪਸ਼ਟੀਕਰਣ ਹੇਠਲੇ ਦ੍ਰਿਸ਼ਟਾਂਤ ਤੋਂ ਹੋਵੇਗਾ।

ਮੰਨ ਲਓ ਇੱਕ ਘਟਨਾ ਵਾਪਰਦੀ ਹੈ। 'ਉਹ ਘਟਨਾ ਕਿਵੇਂ ਵਾਪਰੀ' ਇਹ ਗੱਲ ਇੰਨ ਬਿੰਨ ਉਵੇਂ ਹੀ ਦੱਸੀ ਜਾ ਸਕਦੀ ਹੈ ਜਿਵੇਂ ਇਹ ਹੋਈ ਸੀ ਅਤੇ ਕਿਸੇ ਲੋੜ ਦੇ ਕਾਰਨ ਇਸ ਨੂੰ ਤੋੜ-ਮੋੜ ਕੇ ਵੀ ਦੱਸਿਆ ਜਾ ਸਕਦਾ ਹੈ। ਕੁਝ ਮੁੰਡੇ ਰਾਹੇ ਰਾਹ ਤੁਰੇ ਜਾਂਦੇ ਹਨ। ਰਸਤੇ ਦੇ ਨਾਲ ਨਾਲ ਅੰਬਾਂ ਦਾ ਬਾਗ ਹੈ। ਪੱਕੇ ਅੰਬ ਵੇਖ ਕੇ ਮੁੰਡਿਆਂ ਦਾ ਜੀ ਅੰਬ ਚੂਪਣ ਨੂੰ ਕਰਦਾ ਹੈ। ਉਹ ਇੱਧਰ ਉੱਧਰ ਵੇਖਦੇ ਹਨ। ਕਈ ਰਾਖਾ ਨਜ਼ਰ ਨਹੀਂ ਆਉਂਦਾ। ਉਹ ਸਾਰੇ ਮੌਕਾ ਤਾੜ ਕੇ ਦੋ ਦੋ, ਚਾਰ ਚਾਰ ਅੰਬ ਤੋੜ ਲੈਂਦੇ ਹਨ। ਅੰਬ ਚੂਪਦੇ ਚੂਪਦੇ ਉਹ ਪਿੰਡ ਦੇ ਨੇੜੇ ਪੁੱਜ ਜਾਂਦੇ ਹਨ। ਅੱਗੋਂ ਬਾਗ ਦਾ ਮਾਲਕ ਮਿਲ ਪੈਂਦਾ ਹੈ। ਅੰਬਾਂ ਨੂੰ ਪਛਾਣ ਕੇ ਉਹ ਕਹਿੰਦਾ ਹੈ, "ਤੁਸਾਂ ਮੁੜ ਅੰਬ ਚੋਰੀ ਤੋੜੇ ਹਨ ?" ਮੁੰਡਿਆਂ ਵਿੱਚੋਂ ਇੱਕ ਕਹਿੰਦਾ ਹੈ, "ਨਹੀਂ ਤਾਇਆ, ਚੋਰੀ ਨਹੀਂ ਤੋੜੇ। ਭਾਨੇ ਕੋਲੋਂ ਮੁੱਲ ਲਏ ਹਨ। ਤੂੰ ਜਾ ਕੇ ਭਾਨੇ ਨੂੰ ਪੁੱਛ ਲੈ ਭਾਵੇਂ।"

ਇੱਥੇ ਮੁੰਡਿਆਂ ਸਾਹਮਣੇ ਇੱਕ ਪਰਿਸਥਿਤੀ ਪੈਦਾ ਹੋਈ ਹੈ, ਇੱਕ ਲੋੜ ਉਪਜੀ ਹੈ। ਉਸ ਲੋੜ ਅਨੁਸਾਰ ਉਨ੍ਹਾਂ ਨੇ ਘਟਨਾ ਦਾ ਰੂਪ-ਵਿਗਾੜ ਕੀਤਾ ਹੈ। ਇਸ ਰੂਪ ਵਿਗਾੜ ਵਿੱਚੋਂ ਇਕ ਝੂਠ ਉਪਜਿਆ ਹੈ ਜੋ ਸੱਚ ਹੋ ਨਿਬੜਿਆ ਹੈ ਕਿਉਂਕਿ ਤਾਏ ਨੇ ਇਸ ਗੱਲ ਵੱਲ ਬਹੁਤਾ ਧਿਆਨ ਨਹੀਂ ਦਿੱਤਾ, ਭਾਨੇ ਨੂੰ ਪੁੱਛਣ ਦੀ ਲੋੜ ਨਹੀਂ ਸਮਝੀ ਅਤੇ ਮੁੰਡਿਆਂ ਦੀ ਗੱਲ ਨੂੰ 'ਸੱਚ' ਮੰਨ ਲਿਆ ਹੈ। ਪਰ ਝੂਠ ਨੂੰ ਸੱਚ ਮੰਨ ਲੈਣ ਨਾਲ ਸੱਚ ਦੀ ਹੋਂਦ ਨਹੀਂ ਮੁੱਕੀ। ਮੁੰਡਿਆਂ ਨੂੰ ਪਤਾ ਹੈ ਕਿ ਘਟਨਾ ਦਾ ਸੱਚਾ ਰੂਪ ਕੀ ਹੈ। ਇਹ ਸੱਚ ਉਨ੍ਹਾਂ ਦੇ ਮਨਾਂ ਵਿੱਚ ਵਸਦਾ ਹੈ। ਜੇ ਕਿਸੇ ਤਰ੍ਹਾਂ ਦੱਸ ਵੀਹ ਸਾਲਾਂ ਪਿੱਛੋਂ ਤਾਇਆ ਮਰ ਜਾਵੇ, ਅੰਬਾਂ ਦਾ ਬਾਗ ਵੱਢਿਆ ਜਾਵੇ ਅਤੇ ਮੁੰਡਿਆਂ ਨੂੰ ਇਸ ਘਟਨਾ ਦਾ ਚੇਤਾ ਭੁੱਲ ਜਾਵੇ ਤਾਂ ਵੀ ਇਸ ਸੱਚ ਦੀ ਹੋਂਦ ਨਹੀਂ ਮਿਟਦੀ ਕਿ ਮੁੰਡਿਆਂ ਨੇ ਚੋਰੀ ਅੰਬ ਤੋੜੇ ਸਨ। ਇਸ ਸੱਚ ਦਾ ਆਪਣਾ ਸਰੂਪ ਹੈ। ਉਹ ਮੁੰਡਿਆਂ ਦੇ ਬਿਆਨ, ਉਨ੍ਹਾਂ ਦੀ ਯਾਦ ਸ਼ਕਤੀ, ਤਾਏ ਦੀ ਮਨੌਤ, ਭਾਨੇ ਦੀ ਗਵਾਹੀ ਅਤੇ ਅੰਬਾਂ ਦੀ ਹੋਂਦ ਅਣਹੋਂਦ ਤੋਂ ਮੁਕਤ ਆਪਣੇ ਆਪ ਵਿੱਚ ਜਾਂ ਆਪਣੇ ਵਰਗੇ ਕਿਸੇ ਹੋਰ ਸੱਚ ਵਿੱਚ ਸਥਿਤ ਹੈ।

ਜੀਵਨ ਛੋਟੀਆਂ, ਵੱਡੀਆਂ, ਸੂਖਮ ਅਤੇ ਸਥੂਲ ਘਟਨਾਵਾਂ ਦਾ ਅਥਾਹ ਸਮੁੰਦਰ ਹੈ। ਮਨੁੱਖ ਸਾਰੀਆਂ ਨੂੰ ਨਹੀਂ ਜਾਣਦਾ। ਕੁਝ ਕੁ ਨੂੰ ਉਹ ਵੇਖਦਾ ਹੈ ਅਤੇ ਕੁਝ ਕੁ ਬਾਰੇ ਅਨੁਮਾਨ ਲਾਉਂਦਾ ਹੈ। ਕਈ ਵੇਰ ਉਸ ਦੇ ਅਨੁਮਾਨ ਵੀ ਸੱਚੇ ਹੁੰਦੇ ਹਨ ਅਤੇ ਕਈ ਵੇਰ ਉਹ ਆਪਣੀਆਂ ਲੋੜਾਂ ਤੋਂ ਮਜਬੂਰ ਹੋ ਕੇ ਜਾਣ ਬੁੱਝ ਕੇ ਵੀ ਸੱਚ ਦੇ ਸਰੂਪ ਨੂੰ ਵਿਗਾੜਦਾ ਹੈ। ਉਸ ਦੇ ਅਨੁਮਾਨ ਸੱਚੇ ਹੋਣ ਭਾਵੇਂ ਝੂਠੇ, ਉਹ ਰੂਪ-ਵਿਗਾੜ ਕਰੇ ਭਾਵੇਂ ਨਾ ਕਰੇ, ਜੀਵਨ ਦੇ ਮਹਾਨ ਪਸਾਰੇ ਵਿੱਚ ਪਸਰੀ ਹਰ ਛੋਟੀ ਵੱਡੀ ਘਟਨਾ ਦਾ ਇੱਕ ਸੱਤ

ਸਰੂਪ ਹੈ। ਉਹ ਸਰੂਪ ਪਰਗਟ ਹੁੰਦਾ ਹੈ ਕਿ ਨਹੀਂ, ਉਹ ਸਰੂਪ ਕਦੇ ਕਿਸੇ ਦੁਆਰਾ ਜਾਣਿਆ ਜਾਂਦਾ ਹੈ ਜਾਂ ਨਹੀਂ, ਇਸ ਗੱਲ ਨਾਲ ਉਸ ਦੀ ਹੋਂਦ ਉੱਤੇ ਕੋਈ ਅਸਰ ਨਹੀਂ ਪੈਂਦਾ। ਬਹੁਤ ਸਾਰੇ ਲੋਕ ਅਜੇ ਤਕ ਵੀ ਧਰਤੀ ਨੂੰ ਗੋਲ ਗੇਂਦ ਵਰਗੀ ਨਹੀਂ ਮੰਨਦੇ। ਕੋਈ ਸਮਾਂ ਸੀ ਜਦੋਂ ਕੋਈ ਵੀ ਅਜੇਹਾ ਨਹੀਂ ਸੀ ਮੰਨਦਾ। ਪਰ ਧਰਤੀ ਦਾ ਗੋਲ ਹੋਣਾ ਮਨੁੱਖਾਂ ਦੇ ਗਿਆਨ ਜਾਂ ਉਨ੍ਹਾਂ ਦੀ ਮਨੌਤ ਉੱਤੇ ਆਧਾਰਿਤ ਨਹੀਂ। ਉਹ ਗੋਲ ਹੈ; ਭਾਵੇਂ ਗੱਲ ਨੂੰ ਕੋਈ ਜਾਣੇ ਭਾਵੇਂ ਨਾ; ਭਾਵੇਂ ਜਾਣ ਲੈਣ ਤੋਂ ਪਿੱਛੋਂ ਕੋਈ ਇਸ ਗੱਲ ਨੂੰ ਸਿੱਧ ਕਰ ਸਕੇ ਭਾਵੇਂ ਨਾ। ਇਵੇਂ ਸੱਚ ਵਾਂਗ ਸੁੰਦਰਤਾ ਅਤੇ ਨੈਤਿਕਤਾ ਦੀ ਆਪਣੀ ਹੋਂਦ ਹੈ। ਇਹ ਹੋਂਦ ਮਨੁੱਖ ਦੇ ਗਿਆਨ, ਉਸ ਦੀ ਮਨੌਤ ਅਤੇ ਉਸ ਦੀ ਲੋੜ ਤੋਂ ਪਰੇ ਹੈ। ਇਹ ਹੋਂਦ ਸੁਤੰਤਰ ਹੋਂਦ ਹੈ।

ਤਾਂ ਤੇ ਸੁੰਦਰਤਾ ਇੱਕ ਮਾਨਤਾ ਹੈ, ਇੱਕ ਵਡਿਆਈ ਹੈ, ਇੱਕ ਗੁਣ ਹੈ, ਇੱਕ ਹੋਂਦ ਹੈ। ਇਹ ਤਰਤੀਬ, ਅਨੁਪਾਤ, ਸੁਮੇਲ ਅਤੇ ਸਮੁੱਚਤਾ ਦੀ ਉਪਜ ਨਹੀਂ ਸਗੋਂ ਇਨ੍ਹਾਂ ਰਾਹੀਂ ਅਭਿਵਿਅਕਤ ਹੁੰਦੀ ਹੈ, ਪਰਗਟ ਹੁੰਦੀ ਹੈ। ਇਸ ਦਾ ਅਸਲੀ ਟਿਕਾਣਾ ਸੱਤ-ਚਿੱਤ-ਆਨੰਦ, ਵਾਹਿਗੁਰੂ ਜਾਂ ਬ੍ਰਹਮ ਹੈ। ਉੱਥੋਂ ਇਹ ਸੰਸਾਰ ਵਿੱਚ ਆਉਂਦੀ ਹੈ। ਇਹ ਸੰਸਾਰ ਵਿੱਚ ਪਰਗਟ ਹੋਣ ਲਈ ਉਨ੍ਹਾਂ ਮਨਾਂ ਦੀ ਸੇਵਾ ਸਹਾਇਤਾ ਲੈਂਦੀ ਹੈ, ਉਨ੍ਹਾਂ ਮਨਾਂ ਨੂੰ ਆਪਣੇ ਮਾਧਿਅਮ ਦੇ ਤੌਰ ਉੱਤੇ ਵਰਤਦੀ ਹੈ ਜਿਹੜੇ ਮਨ ਆਨੰਦ ਮਗਨ ਹੋਣ ਦੀ ਸਮਰਥਾ ਰੱਖਣ ਦੇ ਨਾਲ ਨਾਲ ਆਪਣੇ ਆਨੰਦ ਦੀ ਅਨੁਭੂਤੀ ਨੂੰ ਕਿਸੇ ਕਲਾ ਕੌਸ਼ਲ ਰਾਹੀਂ ਸ਼ਬਦਾਂ, ਰੰਗਾਂ, ਸੁਰਾਂ, ਮੋੜਾਂ, ਉਭਾਰਾਂ, ਵਕਾਰਾਂ ਅਤੇ ਸਰੀਰਕ ਚੇਸ਼ਟਾਵਾਂ ਦੇ ਕ੍ਰਮ, ਅਨੁਪਾਤ, ਸੁਮੇਲ ਅਤੇ ਸਮੁੱਚਤਾ ਵਿੱਚ ਢਾਲ ਸਕਦੇ ਹੋਣ। ਜਿਨ੍ਹਾਂ ਮਨਾਂ ਅਤੇ ਸਰੀਰਾਂ ਨੂੰ ਸੁੰਦਰਤਾ ਆਪਣੀ ਕਾਰੇ ਲਾਉਂਦੀ ਹੈ ਉਨ੍ਹਾਂ ਦੀ ਕੁਝ ਕੁ ਜਾਣ ਪਛਾਣ ਅੱਗੇ ਚੱਲ ਕੇ ਕਰਵਾਵਾਂਗਾ।

# ਸੁੰਦਰਤਾ ਦੇ ਭੇਦ

ਆਪਣੇ ਮੁੱਢਲੇ ਰੂਪ ਵਿਚ ਸੁੰਦਰਤਾ ਦੋ ਪ੍ਰਕਾਰ ਦੀ ਹੈ। ਪਹਿਲੀ ਪ੍ਰਕਾਰ ਦੀ ਸੁੰਦਰਤਾ ਨੂੰ ਕੁਦਰਤੀ ਅਤੇ ਦੂਜੀ ਨੂੰ ਕ੍ਰਿਤਿਮ (ਬਣਾਵਟੀ) ਸੁੰਦਰਤਾ ਆਖਿਆ ਜਾ ਸਕਦਾ ਹੈ। ਕ੍ਰਿਤਿਮ ਸੁੰਦਰਤਾ ਕੁਦਰਤੀ ਸੁੰਦਰਤਾ ਦੀ ਨਕਲ ਵੀ ਹੈ ਅਤੇ ਕਈ ਹਾਲਤਾਂ ਵਿਚ ਮੌਲਿਕ ਵੀ ਹੈ। ਕੁਦਰਤੀ ਸੁੰਦਰਤਾ ਵਿਚ ਨਦੀਆਂ, ਪਹਾੜਾਂ, ਘਾਟੀਆਂ, ਝੀਲਾਂ, ਛੰਭਾਂ, ਜੰਗਲਾਂ, ਝਰਨਿਆਂ, ਫੁੱਲਾਂ, ਪੰਛੀਆਂ ਅਤੇ ਪਸ਼ੂਆਂ ਦੀ ਸੁੰਦਰਤਾ ਸ਼ਾਮਲ ਹੈ। ਮਨੁੱਖੀ ਮਨ ਲਈ ਮਨੁੱਖੀ ਸੁੰਦਰਤਾ ਕੁਦਰਤੀ ਸੁੰਦਰਤਾ ਦਾ ਸਰਵੋਤਮ ਨਮੂਨਾ ਹੈ। ਮਨੁੱਖੀ ਮਨ ਵਿਚ 'ਸੁੰਦਰਤਾ ਦੀ ਚੇਤਨਾ' ਜਮਾਂਦਰੂ ਹੈ ਅਤੇ ਇਸ ਦਾ 'ਪ੍ਰਵ੍ਰਿਤੀ ਰੂਪ' ਪ੍ਰਗਟਾਵਾ ਵੀ ਜਮਾਂਦਰੂ ਹੀ ਹੈ ਪਰ ਇਸ ਚੇਤਨਾ ਦਾ 'ਚੇਤਨ ਪ੍ਰਗਟਾਵਾ' ਉਹ 'ਕੁਦਰਤੀ ਸੁੰਦਰਤਾ' ਨੂੰ ਮਾਣ ਕੇ ਹੀ ਕਰਦਾ ਆਇਆ ਹੈ। ਕੁਦਰਤ ਦੇ ਸੁੰਦਰ ਦ੍ਰਿਸ਼ਾਂ ਨੂੰ ਵੇਖ ਕੇ ਕੇਵਲ ਮਨੁੱਖ ਹੀ ਨਹੀਂ ਸਗੋਂ ਪਸ਼ੂ-ਪੰਛੀ ਵੀ ਆਨੰਦ-ਮਗਨ ਹੁੰਦੇ ਹਨ। ਕੁਦਰਤ ਵਿਚਲੀ ਸੁੰਦਰਤਾ ਪਸ਼ੂ, ਪੰਛੀਆਂ ਅਤੇ ਮਨੁੱਖਾਂ ਤੋਂ ਪਹਿਲਾਂ ਦੀ ਹੈ। ਜਦੋਂ ਇਸ ਧਰਤੀ ਉੱਤਲਾ ਜੀਵਨ ਅਜੇ ਬਿਰਛਾਂ-ਬੂਟਿਆਂ ਦਾ ਰੂਪ ਧਾਰਨ ਨਹੀਂ ਸੀ ਕਰ ਸਕਿਆ ਉਦੋਂ ਵੀ ਚਾਨਣੀਆਂ ਰਾਤਾਂ, ਸੁਨਹਿਰੀ ਸਵੇਰਾ, ਘਸਮੈਲੀਆਂ ਸ਼ਾਮਾਂ, ਡਿਗਦੇ ਝਰਨੇ, ਵਗਦੇ ਦਰਿਆ, ਸਰਸਰਾਉਂਦੀਆਂ ਪੌਣਾਂ, ਗੱਜਦੇ ਬੱਦਲ, ਵਰ੍ਹਦੇ ਮੀਂਹ ਮੌਜੂਦ ਸਨ। ਜੇ ਸੁੰਦਰਤਾ ਅਤੇ ਆਨੰਦ ਦਾ ਸੰਬੰਧ ਸਦੀਵੀ ਅਤੇ ਅਟੁੱਟ ਹੈ, ਅਤੇ ਜੇ ਆਨੰਦ ਦੇ ਟਿਕਣ ਲਈ ਕਿਸੇ ਚੇਤਨ ਟਿਕਾਣੇ ਦੀ ਲੋੜ ਹੈ ਤਾਂ ਇਹ ਆਰੰਭਕ ਸੁੰਦਰਤਾ ਕਿਹੜੀ ਚੇਤਨ ਹੋਂਦ ਨੂੰ ਆਨੰਦਿਤ ਕਰਦੀ ਸੀ। ਇਸ ਪ੍ਰਸ਼ਨ ਦੇ ਉੱਤਰ ਵਿੱਚ ਰਹੱਸਵਾਦੀ ਲੋਕਾਂ ਨੇ ਭੇਤ-ਭਰੀਆਂ ਰਮਜ਼ਾਂ ਦੀ ਬੋਲੀ ਵਿਚ ਦਸਿਆ ਹੈ ਕਿ ਆਪਣੇ ਆਪ ਨੂੰ ਸ੍ਰਿਸ਼ਟੀ ਦੇ ਰੂਪ ਵਿੱਚ ਵਿਅਕਤ ਕਰਨ ਵਾਲੀ ਚੇਤਨਾ ਸ੍ਰਿਸ਼ਟੀ ਦੀ ਸੁੰਦਰਤਾ ਨੂੰ ਆਪ ਹੀ ਮਾਣਦੀ ਹੈ। ਉਹ ਚੇਤਨਾ ਆਨੰਦ ਸਰੂਪ ਹੈ, ਸਦਾ ਆਨੰਦ ਦੀ ਅਵਸਥਾ ਵਿੱਚ ਰਹਿੰਦੀ ਹੈ। ਇਸ ਲਈ ਇਹ ਸ੍ਰਿਸ਼ਟੀ ਹਰ ਸਮੇਂ, ਹਰ ਹਾਲਤ ਵਿੱਚ ਸੁੰਦਰ ਹੈ। ਜਦੋਂ 'ਨ ਦਿਨ ਰੈਣਿ ਨ ਚੰਦੁ ਨ ਸੂਰਜ' ਸਨ ਉਦੋਂ ਵੀ ਇਹ ਸੁੰਦਰ ਸੀ ਅਤੇ ਅੱਜ, ਜਦੋਂ ਹਨੇਰੀਆਂ ਰਾਤਾਂ ਨੂੰ ਜਗਮਗਾਉਂਦੇ ਦਿਨਾਂ ਵਿੱਚ ਵਟਾਇਆ ਜਾ ਸਕਦਾ ਹੈ, ਵੀ ਇਹ ਸੁੰਦਰ ਹੈ।

ਕੁਦਰਤੀ ਸੁੰਦਰਤਾ ਦਾ ਭੇਤ ਵੀ ਤਰਤੀਬ, ਸੁਮੇਲ ਅਤੇ ਏਕਤਾ ਜਾਂ ਸਮੁੱਚਤਾ ਵਿੱਚ

ਹੈ। ਜਿਵੇਂ ਜਿਵੇਂ ਮਨੁੱਖ ਕੁਦਰਤ ਵਿਚਲੀ ਤਰਤੀਬ ਨੂੰ ਜਾਣਦਾ ਜਾ ਰਿਹਾ ਹੈ ਤਿਵੇਂ ਤਿਵੇਂ ਉਸਦਾ ਵਿਸਮਾਦ ਵਧਦਾ ਜਾ ਰਿਹਾ ਹੈ। ਜਿੰਨਾ ਕੋਈ ਕੁਦਰਤੀ ਸੁੰਦਰਤਾ ਤੋਂ ਅਭਿੱਜ ਹੈ ਉਨਾ ਹੀ ਉਹ ਇਸ ਦੀ ਮਰਯਾਦਾ, ਇਸਦੇ ਵਿਕਾਸ ਅਤੇ ਇਸਦੇ ਮਨੋਰਥ ਤੋਂ ਅਣਜਾਣ ਹੈ। ਜਿਹੋ ਜੇਹਾ ਮਨੋਰਥ ਕੋਈ ਇਸ ਕੁਦਰਤੀ ਵਿਕਾਸ ਦਾ ਚਿਤਵਦਾ ਹੈ ਉਹੋ ਜਹੀ ਸੁੰਦਰਤਾ ਦਾ ਅਨੁਭਵ ਉਸ ਨੂੰ ਕੁਦਰਤ ਵਿਚੋਂ ਹੁੰਦਾ ਹੈ। ਜਿਨ੍ਹਾਂ ਦਾ ਵਿਸ਼ਵਾਸ ਇਹ ਕਿ ਕੁਦਰਤ ਦੀ ਸਾਰੀ ਅਨੇਕਤਾ ਕਿਸੇ ਏਕਤਾ ਵਿਚੋਂ ਮੁੜ ਉਸੇ ਏਕਤਾ ਵਿਚ ਸਮਾ ਜਾਣ ਲਈ, ਉਪਜੀ ਹੈ ਉਨ੍ਹਾਂ ਲਈ ਇਹ ਵਿਸ਼ਵ 'ਸੱਚੇ ਕੀ ਕੋਠੜੀ' ਹੈ, 'ਇਹ ਦੁਨੀ ਸੁਹਾਵਾ ਬਾਗ ਹੈ; ਇਸ ਦਾ ਹਰ ਅਣੂ ਬ੍ਰਹਮ ਅਤੇ ਬੁੱਧ ਬਣ ਜਾਣ ਲਈ ਉਪਜਿਆ ਅਤੇ ਵਿਕਸ ਰਿਹਾ ਹੈ।

ਸਮਾਜਵਾਦੀ ਅਤੇ ਵਿਸ਼ੇਸ਼ ਕਰਕੇ ਮਾਰਕਸਵਾਦੀ ਲੋਕ ਇਹ ਕਹਿੰਦੇ ਹਨ ਕਿ ਊਸ਼ਾ ਅਤੇ ਸੰਧਿਆ ਦੇ ਪ੍ਰਕਾਸ਼, ਇੰਦਰ-ਧਨੁਸ਼ ਦੇ ਰੰਗ, ਨਦੀਆਂ ਦੇ ਵਹਿਣ ਅਤੇ ਪਰਬਤਾਂ ਦੀਆਂ ਢਲਾਨਾਂ ਅਸਲ ਵਿਚ ਕੁਦਰਤੀ ਅਮਲ ਹਨ ਜਿਨ੍ਹਾਂ ਦੀ ਵਿਗਿਆਨਕ ਵਿਆਖਿਆ ਕੀਤੀ ਜਾ ਸਕਦੀ ਹੈ। ਇਸ ਵਿਆਖਿਆ ਤੋਂ ਅਣਜਾਣ ਮਨੁੱਖ ਇਨ੍ਹਾਂ ਨੂੰ ਆਪਣੇ ਅਣਜਾਣਪੁਣੇ ਦੇ ਮਾਧਿਅਮ ਰਾਹੀਂ ਕਈ ਰੂਪਾਂ ਸਰੂਪਾਂ ਵਿਚ ਵੇਖਦਾ ਆਇਆ ਹੈ ਅਤੇ ਆਪਣੀਆਂ ਲੋੜਾਂ ਅਨੁਸਾਰ ਇਨ੍ਹਾਂ ਦੇ ਨਾਂ, ਥਾਂ ਅਤੇ ਮਨੋਰਥ ਚਿਤਵਦਾ ਆਇਆ ਹੈ। ਉਸ ਦੀ ਸਭ ਤੋਂ ਪਹਿਲੀ ਅਤੇ ਵੱਡੀ ਲੋੜ ਭੋਜਨ ਸੀ। ਭੋਜਨ ਦੀ ਪ੍ਰਾਪਤੀ ਵਿਚ ਉਸ ਨੂੰ ਸੁਰੱਖਿਆ ਅਤੇ ਸੁੱਖ ਮਿਲਦਾ ਸੀ। ਇਸੇ ਸੁੱਖ ਨੂੰ ਪਰਮ ਆਨੰਦ ਮੰਨ ਕੇ ਉਹ ਸੁੰਦਰਤਾ ਅਤੇ ਭੋਜਨ ਵਿਚ ਅਟੁੱਟ ਰਿਸ਼ਤਾ ਮੰਨਦਾ ਆਇਆ ਹੈ। ਉਸਦਾ ਸੌਂਦਰਯ ਸੰਕਲਪ ਹੋਰ ਸਾਰੇ ਸੰਕਲਪਾਂ ਵਾਂਗ ਭੋਜਨ ਜਾਂ ਅਰਥ ਉੱਤੇ ਆਧਾਰਿਤ ਹੈ।

ਇਸ ਵਿਚਾਰ ਵਿਚਲੇ ਸੱਚ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਦੇ ਨਾਲ ਇਹ ਵੀ ਸੱਚ ਹੈ ਕਿ ਜੀਵਨ ਦਾ ਜੋ ਵੀ ਵਿਕਾਸ, ਜਿਸ ਵੀ ਰੂਪ ਵਿਚ, ਜਿਸ ਵੀ ਥਾਂ ਉੱਤੇ ਹੋਇਆ ਹੈ, ਉਹ ਉਦੋਂ ਹੋਇਆ ਹੈ, ਜਦੋਂ ਉਸ ਦੇ ਉਪਜਣ ਅਤੇ ਵਿਕਸਣ ਲਈ ਵਾਤਾਵਰਣ ਦੀ ਅਨੁਕੂਲਤਾ ਪੈਦਾ ਹੋ ਚੁੱਕੀ ਸੀ। ਇਹ ਨੇਮ ਕੁਦਰਤ ਦੇ ਕਾਰਖਾਨੇ ਵਿਚ ਸਦਾ ਵਰਤਦਾ ਹੈ। ਜੇ ਜੀਵਨ ਲਈ ਭੋਜਨ ਪਹਿਲੀ ਲੋੜ ਹੈ ਤਾਂ ਕੁਦਰਤ ਜੀਵਨ ਉਪਜਾਉਣ ਤੋਂ ਪਹਿਲਾਂ ਭੋਜਨ ਉਪਜਾਉਂਦੀ ਹੈ। ਆਦੀ ਮਨੁੱਖ ਲਈ ਭੋਜਨ ਉਸੇ ਪ੍ਰਕਾਰ ਦੀ ਸਮੱਸਿਆ ਨਹੀਂ ਸੀ ਜਿਸ ਪ੍ਰਕਾਰ ਦੀ ਅਜੋਕੇ ਮਨੁੱਖ ਲਈ ਹੈ ਜਿਹੜਾ ਆਦੀ ਕਾਲ ਦੇ ਮਨੁੱਖ ਦੀ ਮਾਨਸਕ ਹਾਲਤ ਦੇ ਮਨਘੜਤ ਚਿੱਤਰ ਉਲੀਕਦਾ ਹੈ। ਆਦੀ ਮਨੁੱਖ ਲਈ ਭੋਜਨ ਦੀ ਸਮੱਸਿਆ ਠੀਕ ਉਵੇਂ ਹੀ ਸੀ ਜਿਵੇਂ ਇਹ ਪਸ਼ੂਆਂ ਅਤੇ ਪੰਛੀਆਂ ਲਈ ਸੀ। ਜਿਵੇਂ ਅੱਜ ਦੇ ਪਸ਼ੂ ਆਪਣੇ ਸਮੁਚੇ ਜੀਵਨ ਦੇ ਅਮਲ ਜਾਂ ਕਾਰਜ ਨੂੰ ਆਰਥਕ, ਰਾਜਨੀਤਕ, ਸਮਾਜਕ ਅਤੇ ਮਨੋਰੰਜਕ ਆਦਿ ਵੰਡਾਂ ਵਿਚ ਵੰਡਣ ਦੀ ਸਿਆਣਪ ਤੋਂ ਸੱਖਣੇ ਹਨ ਉਵੇਂ ਆਦੀ ਮਨੁੱਖ ਵੀ ਆਪਣੇ ਜੀਵਨ ਦੀਆਂ ਸਾਰੀਆਂ ਕਿਰਿਆਵਾਂ ਨੂੰ ਇੱਕੋ ਲਗਾਤਾਰੀ ਕਿਰਿਆ ਮੰਨਦਾ ਸੀ। ਇਸ ਦੀਆਂ ਸਮਾਜਕ, ਆਰਥਕ ਅਤੇ ਰਾਜਨੀਤਕ ਵੰਡਾਂ ਉਦੋਂ ਅਜੇ ਹੋਂਦ ਵਿਚ ਨਹੀਂ ਸਨ ਆਈਆਂ। ਇਸ ਲਈ ਭੋਜਨ ਅਤੇ

ਆਨੰਦ ਜਾਂ ਅਰਥ ਅਤੇ ਕਾਮ ਆਪੋ ਵਿਚ ਘੁਲੇ ਮਿਲੇ ਹੋਏ ਸਨ। ਤਾਂ ਵੀ ਕਿਧਰੇ ਕਿਧਰੇ ਇਨ੍ਹਾਂ ਨੂੰ ਬਿਲਕੁਲ ਵੱਖਰੇ ਰੂਪ ਵਿਚ ਵੇਖ ਸਕਣਾ ਵੀ ਸੰਭਵ ਸੀ। ਸਵੇਰ ਨੇੜੇ ਆ ਜਾਂਦੀ ਹੈ। ਪ੍ਰਭਾਤ ਦਾ ਮੱਧਮ ਜਿਹਾ ਚਾਨਣ ਪੂਰਬੀ ਅਕਾਸ਼ ਵਿੱਚੋਂ ਪਰਗਟ ਹੋਣ ਦੇ ਆਹਰ ਵਿਚ ਹੁੰਦਾ ਹੈ। ਪੰਛੀ ਜਾਗਦੇ ਹਨ; ਸੀਤਲ, ਸ਼ਾਂਤ, ਸੁਗੰਧਤ ਵਾਤਾਵਰਣ ਨਾਲ ਇਕ ਸੁਰ ਹੋ ਕੇ ਸੰਗੀਤ ਛੇੜਦੇ ਹਨ। ਕੁਦਰਤੀ ਸੁੰਦਰਤਾ ਤੋਂ ਮਿਲਣ ਵਾਲਾ ਆਨੰਦ ਉਨ੍ਹਾਂ ਦੇ ਗੀਤਾਂ ਦਾ ਰੂਪ ਧਾਰ ਲੈਂਦਾ ਹੈ। ਇਸ ਨੂੰ ਭੋਜਨ ਨਾਲ ਜੋੜਨਾ ਹਠ-ਧਰਮੀ ਹੈ।

ਕੋਇਲਾਂ ਸਾਰਾ ਸਾਲ ਭੋਜਨ ਦੀ ਪ੍ਰੇਰਣਾ ਨਾਲ ਹੀ ਉਡਦੀਆਂ, ਚੁਗਦੀਆਂ, ਬਹਿੰਦੀਆਂ ਅਤੇ ਸੌਂਦੀਆਂ ਸਹੀ; ਪਰ ਸਾਲ ਦੇ ਇੱਕ ਖਾਸ ਹਿੱਸੇ ਵਿਚ, ਇਕ ਖਾਸ ਰੁੱਤੇ ਉਹ ਕੂਕਦੀਆਂ ਵੀ ਹਨ। ਉਨ੍ਹਾਂ ਦੇ ਵਤੀਰੇ ਵਿਚਲਾ ਇਹ ਅੰਤਰ ਭੋਜਨ-ਪਰਿਸਥਿਤੀ ਵਿਚ ਪਏ ਕਿਸੇ ਅੰਤਰ ਦੀ ਉਪਜ ਨਹੀਂ ਮੰਨਿਆ ਜਾ ਸਕਦਾ। ਇਸ ਸਮੇਂ ਇਸ ਕਿਰਿਆ ਦੀ ਪ੍ਰੇਰਣਾ ਆਰਥਕ ਨਹੀਂ ਸਗੋਂ ਕੋਈ ਹੋਰ ਹੈ। ਅਤੇ ਕੁਝ ਇਹੋ ਜਿਹਾ ਹਾਲ ਹੀ ਉਸ ਸਮੇਂ ਦੇ ਮਨੁੱਖ ਦਾ ਸੀ ਜਦੋਂ ਉਸ ਦੇ ਜੀਵਨ ਵਿਚ ਸਭਿਅਤਾ ਦਾ ਪ੍ਰਵੇਸ਼ ਨਹੀਂ ਸੀ ਹੋਇਆ। ਉਹ ਹਰ ਵੇਲੇ ਖਾਂਦਾ ਨਹੀਂ ਸੀ ਰਹਿੰਦਾ, ਨਾ ਹੀ ਹਰ ਸਮੇਂ ਖਾਣ ਦੀ ਚਿੰਤਾ ਵਿਚ ਰਹਿੰਦਾ ਸੀ। ਉਹ ਕੁਦਰਤੀ ਸੁੰਦਰਤਾ ਨੂੰ ਪਸ਼ੂ ਪੰਛੀਆਂ ਵਾਂਗ ਹੀ ਮਾਣਦਾ ਸੀ। ਇਸ ਸੁੰਦਰਤਾ ਦੇ ਸਨਮੁਖ ਉਹ ਜੀਵਨ ਦੀ ਹਰ ਚਿੰਤਾ ਤੋਂ ਮੁਕਤ ਹੋ ਜਾਂਦਾ ਸੀ।

ਆਦੀ ਮਨੁੱਖ ਦੇ ਸੁਹਜ-ਆਨੰਦ ਨੂੰ ਕਾਮ* ਨਾਲ ਵੀ ਨਹੀਂ ਜੋੜਿਆ ਜਾ ਸਕਦਾ। ਘੱਟੋ ਘੱਟ ਕੁਦਰਤ ਦੀ ਸੁੰਦਰਤਾ ਉਸ ਵਿਚ ਕਾਮੁਕਤਾ ਨਹੀਂ ਸੀ ਉਪਜਾਉਂਦੀ। ਉਹ ਪ੍ਰਾਪਤੀਆਂ ਵਿਚ ਗੌਰਵ ਉਦੋਂ ਵੀ ਮਹਿਸੂਸ ਕਰਦਾ ਸੀ। ਉਸ ਦੀ ਉਸ ਸਮੇਂ ਦੀ ਪ੍ਰਾਪਤੀ ਭੋਜਨ ਹੀ ਸੀ। ਉਸ ਨੂੰ ਤ੍ਰਿਪਤੀ ਵਿਚੋਂ ਸੁੱਖ ਵੀ ਮਿਲਦਾ ਸੀ। ਉਸ ਸਮੇਂ ਉਸਦੀ ਤ੍ਰਿਪਤੀ ਦੇ ਸਾਧਨ ਭੋਜਨ ਦਾ ਸੁਆਦ ਅਤੇ ਲਿੰਗ-ਸੰਜੋਗ ਹੀ ਸਨ। ਪਰ ਉਹ ਪ੍ਰਾਪਤੀ ਦੇ ਨਸ਼ੇ ਅਤੇ ਤ੍ਰਿਪਤੀ ਦੇ ਸੁਆਦ ਤੋਂ ਵੀ ਵੱਖਰੇ ਆਨੰਦ ਤੋਂ ਜਾਣੂ ਸੀ। ਇਹ ਆਨੰਦ ਉਸਨੂੰ ਉਦੋਂ ਮਿਲਦਾ ਸੀ ਜਦੋਂ ਉਹ ਕਿਸੇ ਕਾਰਨ ਸੁੱਖ ਅਤੇ ਸੁਆਦ ਦੋਹਾਂ ਨੂੰ ਭੁੱਲ ਜਾਂਦਾ ਸੀ। ਸੁੱਖ ਅਤੇ ਸੁਆਦ ਤੋਂ ਉੱਚਾ ਹੋ ਕੇ ਉਹ ਆਨੰਦ ਵਿਚ ਚਲਾ ਜਾਂਦਾ ਸੀ। ਅਜੋਕੇ ਮਨੁੱਖ ਜਿੰਨੇ ਸੁਖ-ਸੁਆਦ ਉਸ ਕੋਲ ਨਹੀਂ ਸਨ; ਇਸ ਲਈ ਇਸ ਸੀਮਾਂ ਨੂੰ ਪਾਰ ਕਰਨਾ ਉਸ ਲਈ ਬਹੁਤਾ ਔਖਾ ਨਹੀਂ ਸੀ। ਅਜੋਕਾ ਮਨੁੱਖ ਸੁੱਖ-ਸੁਆਦ ਦੀ ਸੀਮਾਂ ਪਾਰ ਨਹੀਂ ਕਰ ਸਕਦਾ। ਇਸ ਲਈ ਉਹ ਸੁਖ-ਸੁਆਦ ਨੂੰ ਹੀ ਆਨੰਦ ਮੰਨਣ ਲੱਗ ਪਿਆ ਹੈ। ਵਿਚਾਰਾ !!

ਸੱਭਿਅ ਮਨੁੱਖ ਦਾ ਜੀਵਨ ਕੁਦਰਤੀ ਸੁੰਦਰਤਾ ਤੋਂ ਦੂਰ ਹੁੰਦਾ ਗਿਆ ਹੈ ਅਤੇ ਹੁੰਦਾ ਜਾ ਰਿਹਾ ਹੈ। ਇਸ ਘਾਟ ਨੂੰ ਪੂਰਾ ਕਰਨ ਲਈ ਉਸ ਨੇ ਕੁਦਰਤੀ ਦ੍ਰਿਸ਼ਾਂ ਦੇ ਚਿੱਤਰ ਬਣਾਉਣ ਦੀ ਜਾਚ ਸਿੱਖੀ ਹੈ ਅਤੇ ਕ੍ਰਿਤ੍ਰਿਮ ਸੁੰਦਰਤਾ ਨੂੰ ਜਨਮ ਦਿੱਤਾ ਹੈ।

---

*ਇੱਥੇ ਕਾਮ ਤੋਂ ਮੇਰਾ ਭਾਵ ਲਿੰਗ-ਸੰਜੋਗ ਦੀ ਇੱਛਾ ਹੈ।

ਬਾਗਾਂ, ਪਾਰਕਾਂ ਦਾ ਸ਼ੌਕ ਅਤੇ ਵਸਤਰਾਂ ਉਤੇ ਫੁੱਲਾਂ ਬੂਟਿਆਂ ਦੀ ਛਪਾਈ ਕਢਾਈ ਸੱਭਿਅ ਮਨੁੱਖ ਅਤੇ ਕੁਦਰਤ ਵਿਚਕਾਰ ਟੁੱਟਦੇ ਰਿਸ਼ਤੇ ਨੂੰ ਗੰਢ ਲਾਉਣ ਦੇ ਜਤਨ ਹਨ।

ਕੁਦਰਤ ਦੀ ਸੁੰਦਰਤਾ ਆਦੀ ਮਨੁੱਖ ਨੂੰ ਸੁੱਖ-ਸੁਆਦ ਤੋਂ ਪਰੇ ਲੈ ਜਾਣ ਵਿਚ ਸਮਰਥ ਸੀ। ਉਸਦੇ ਜੀਵਨ ਵਿਚ ਗੂਹੜੀ ਨੀਂਦ ਅਤੇ ਕੁਦਰਤੀ ਦ੍ਰਿਸ਼ਾਂ ਦਾ ਦਰਸ਼ਨ ਦੋ ਹੀ ਸਾਧਨ ਅਜੇਹੇ ਸਨ ਜਿਨ੍ਹਾਂ ਦੀ ਸਹਾਇਤਾ ਨਾਲ ਉਹ ਜੀਵਨ ਦੀ ਵਾਸਤਵਿਕਤਾ ਨੂੰ ਭੁੱਲ ਸਕਦਾ ਸੀ। ਕੁਦਰਤੀ ਦ੍ਰਿਸ਼ਾਂ, ਇਨ੍ਹਾਂ ਦ੍ਰਿਸ਼ਾਂ ਦੀਆਂ ਤਸਵੀਰਾਂ ਅਤੇ ਇਨ੍ਹਾਂ ਦ੍ਰਿਸ਼ਾਂ ਦਾ ਵਰਣਨ ਕਰਨ ਵਾਲੀ ਕਵਿਤਾ ਵਿਚ ਮਨੁੱਖੀ ਮਨ ਨੂੰ ਸੁੱਖ ਸੁਆਦ ਤੋਂ ਉੱਚਾ ਕਰ ਕੇ ਆਨੰਦ ਦੇ ਘਰ ਲੈ ਜਾਣ ਦੀ ਸਮਰੱਥਾ ਹੈ। ਇਸੇ ਲਈ ਆਨੰਦ ਦੇ ਘਰ ਪੁੱਜਣ ਦੀ ਰੀਝ ਵਾਲੇ ਲੋਕ 'ਦਰਿਆਵਾਂ ਸਿਉਂ ਦੋਸਤੀ' ਕਰਦੇ ਹਨ। ਸਭਿਅ ਮਨੁੱਖ ਸੁਹਾਵਣੀਆਂ ਥਾਵਾਂ ਨੂੰ ਅੱਯਾਸ਼ੀ ਦੇ ਅੱਡੇ ਬਣਾ ਕੇ ਆਪਣੇ ਆਪ ਨਾਲ ਅਤੇ ਆਉਣ ਵਾਲੀ ਮਨੁੱਖਤਾ ਨਾਲ ਧ੍ਰੋਹ ਕਰ ਰਿਹਾ ਹੈ। ਇਨ੍ਹਾਂ ਅੱਡਿਆਂ ਨੂੰ ਉਹ 'ਹਾਲੀਡੇ ਰੀਸਾਰਟ੍ਸ' (Holiday Resorts) ਕਹਿੰਦਾ ਹੈ। ਚਿੱਤਰ ਕਲਾ ਵਿਚ ਵੀ ਅਤੇ ਕਾਵਿ ਕਲਾ ਵਿਚ ਵੀ ਵਿਸ਼ੇ ਵਾਸਨਾ ਅਤੇ ਕੁਦਰਤੀ ਸੁੰਦਰਤਾ ਦਾ ਸੰਜੋਗ ਪੈਦਾ ਕਰ ਕੇ ਮਨੁੱਖ ਆਪਣੀ ਕਲਾ ਦੀ ਹੇਠੀ ਕਰਦਾ ਹੈ। ਇਹ ਅੰਮ੍ਰਿਤ ਦੇ ਸੋਮਿਆਂ ਵਿਚ ਵਿਸ਼ ਘੋਲਣ ਵਰਗੀ ਭੁੱਲ ਹੈ ਜਿਸਦਾ ਵਰਣਨ ਅੱਗੇ ਚੱਲ ਕੇ ਕਰਾਂਗਾ।

ਮਨੁੱਖੀ ਚਿਹਰਿਆਂ ਦੀ ਸੁੰਦਰਤਾ ਵੀ ਕੁਦਰਤੀ ਹੈ। ਇਨ੍ਹਾਂ ਦੀ ਸੁੰਦਰਤਾ ਨੂੰ ਫੁੱਲਾਂ ਨਾਲ ਤੁਲਨਾ ਦਿੰਦਿਆਂ ਹੋਇਆਂ ਮਿਰਜ਼ਾ ਗ਼ਾਲਿਬ ਨੇ ਲਿਖਿਆ ਹੈ :—

ਸਭ ਕਹਾਂ, ਕੁੱਛ ਲਾਲਾ* ਓ ਗੁੱਲ ਮੇਂ ਨੁਮਾਇਆਂ ਹੋ ਗਈਂ।
ਖ਼ਾਕ ਮੇਂ ਕਿਆ ਸੂਰਤੇਂ ਹੋਂਗੀ ਕਿ ਪਿਨਹਾਂ ਹੋ ਗਈਂ।

ਪਤਾ ਨਹੀਂ ਧਰਤੀ ਵਿਚ ਕਿੰਨੇ ਕੁ ਸੁੰਦਰ ਚਿਹਰੇ ਛੁਪੇ ਹੋਏ ਹਨ ਜਿਨ੍ਹਾਂ ਵਿਚੋਂ ਕੁਝ ਕੁ ਗੁਲਾਬਾਂ ਗੇਂਦਿਆਂ ਵਿਚ ਆ ਪਰਗਟ ਹੋਏ ਹਨ। ਮਨੁੱਖੀ ਚਿਹਰਿਆਂ ਦੀ ਸੁੰਦਰਤਾ ਫੁੱਲਾਂ ਨਾਲੋਂ ਕਿਸੇ ਤਰ੍ਹਾਂ ਘਟ ਨਹੀਂ। ਸੁਹਣਾ ਮਨੁੱਖੀ ਚਿਹਰਾ ਪਦਾਰਥਕ ਵਿਕਾਸ ਦੀ ਸਰਵੋਤਮ ਪ੍ਰਾਪਤੀ ਹੈ। ਮਨੁੱਖ ਦੀ ਬਦਕਿਸਮਤੀ ਹੈ ਕਿ ਇਹ ਪ੍ਰਾਪਤੀ ਉਸਨੂੰ ਬਾਕੀ ਪ੍ਰਕ੍ਰਿਤੀ ਦੀ ਸੁੰਦਰਤਾ ਵਾਂਗ ਪਸ਼ੂਪੁਣੇ ਤੋਂ ਉੱਚਾ ਹੋਣ ਦੀ ਪ੍ਰੇਰਣਾ ਨਹੀਂ ਦਿੰਦੀ। ਜਿਸ ਨੂੰ ਇਹ ਪ੍ਰਾਪਤ ਹੁੰਦੀ ਹੈ ਉਸ ਵਿਚ ਹੰਕਾਰ ਪੈਦਾ ਕਰਦੀ ਹੈ ਅਤੇ ਵੇਖਣ ਵਾਲਿਆਂ ਵਿਚ ਵਾਸਨਾ ਉਭਾਰਦੀ ਹੈ। ਇਸ ਦੀ ਘਾਟ ਮਨਾਂ ਵਿਚ ਹੀਣਤਾ ਦਾ ਅਹਿਸਾਸ ਪੈਦਾ ਕਰਦੀ ਹੈ। ਵਾਸਨਾ ਨਾਲ ਰਿਸ਼ਤਾ ਪੱਕਾ ਹੋ ਜਾਣ ਕਰਕੇ ਇਸ ਦੀ ਪ੍ਰਾਪਤੀ ਵਿਚ ਮਨ ਤ੍ਰਿਪਤੀ ਮਹਿਸੂਸ ਨਹੀਂ ਕਰਦਾ ਸਗੋਂ ਸਦਾ ਹੀ ਇਸ ਦੀ ਘਾਟ ਮਹਿਸੂਸ ਕਰਦਾ ਹੈ। ਇਸ ਘਾਟ ਨੂੰ ਪੂਰਾ ਕਰਨ ਦੇ ਅਣਗਿਣਤ ਜਤਨਾਂ ਨੇ ਮਨੁੱਖ ਨੂੰ ਮਨੁੱਖਤਾ ਤੋਂ ਡੇਗ ਕੇ ਕਾਮ ਦਾ ਕੀੜਾ ਬਣਾ ਦਿੱਤਾ ਹੈ। ਵਾਸਨਾ ਦੀ ਗੰਦਗੀ ਵਿਚ ਵਿਲਦੇ ਮਨੁੱਖ** ਨੂੰ ਇਹ ਸੋਚਣ ਦੀ

*ਪੋਸਤ ਦੇ ਫੁੱਲ ਨੂੰ ਫਾਰਸੀ ਵਿਚ ਲਾਲਾ ਕਹਿੰਦੇ ਹਨ।

**ਇੱਥੇ ਮਨੁੱਖ ਤੋਂ ਮੇਰਾ ਭਾਵ ਮਰਦ ਵੀ ਹੈ ਅਤੇ ਇਸਤ੍ਰੀ ਵੀ।

ਵੀ ਵਿਹਲ ਨਹੀਂ ਕਿ ਉਸ ਦੀ ਸੁੰਦਰਤਾ ਦੇ ਘਾਟੇ ਨੂੰ ਪੂਰਾ ਕਟਨ ਲਈ ਕਿੰਨੇ ਕੁ ਬਾਂਦਰ, ਚੂਹੇ, ਕੁੱਤੇ, ਬਿੱਲੀਆਂ ਅਤੇ ਖਰਗੋਸ਼ ਬਨਾਵਟੀ ਸੁੰਦਰਤਾ ਦੀ ਖਲੀ ਚਾੜ੍ਹੇ ਜਾਂਦੇ ਹਨ। ਇਸ ਕੁਰਬਾਨੀ ਤੋਂ ਮੇਕ-ਅਪ ਦਾ ਸਾਮਾਨ ਬਣਦਾ ਹੈ।

ਮਨੁੱਖੀ ਸਰੀਰ ਦੀ ਸੁੰਦਰਤਾ ਅਤੇ ਵਾਸਨਾ ਦਾ ਰਿਸ਼ਤਾ ਏਨਾ ਪੱਕਾ ਹੋ ਗਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਇਹ ਫੈਸਲਾ ਹੀ ਸੁਣਾ ਦਿੱਤਾ ਹੈ ਕਿ—

"ਜੋ ਜਾਣੈ ਮੈਂ ਜੋਬਨ ਵੰਤ ॥ ਸੋ ਹੋਵਤ ਬਿਸਟਾ ਕਾ ਜੰਤ ॥"

ਸੁੰਦਰਤਾ ਅਤੇ ਵਾਸਨਾ ਦੇ ਆਪਸੀ ਨੇੜ ਦਾ ਹੀ ਫਲ ਸੀ ਕਿ ਮਧ ਕਾਲ ਦੇ ਈਸਾਈ ਸੰਤ', ਮੁਸਲਮਾਨ 'ਫਕੀਰ' ਅਤੇ ਯਹੂਦੀ ਰੱਬੀ' ਗੰਦੇ ਰਹਿਣ ਵਿਚ ਮਨ ਦੀ ਪਵਿਤ੍ਰਤਾ ਮੰਨਦੇ ਸਨ। ਇਸਤ੍ਰੀ ਸੁੰਦਰਤਾ ਨੂੰ ਪਾਪ ਦੀ ਪ੍ਰੇਰਣਾ ਮੰਨ ਕੇ ਹੀ ਬੁਰਕੇ ਅਤੇ ਪਰਦੇ ਦਾ ਰਿਵਾਜ ਪਿਆ ਹੈ। ਰੂਪ ਅਤੇ ਵਾਸਨਾ ਦੀ ਮਿਤ੍ਰਤਾ ਕਾਰਨ ਹੀ ਭਾਰਤ ਦੇ ਕਈ ਪ੍ਰਾਂਤਾਂ ਵਿਚ ਵਿਧਵਾ ਇਸਤ੍ਰੀਆਂ ਨੂੰ ਕੁਰੂਪ ਕਰਨ ਲਈ ਉਨ੍ਹਾਂ ਦੇ ਕੇਸ ਕੱਟ ਦਿੱਤੇ ਜਾਂਦੇ ਸਨ।

ਹੁਣ ਤਕ ਮੈਂ ਜਿੰਨੀ ਸੁੰਦਰਤਾ ਦਾ ਜ਼ਿਕਰ ਕੀਤਾ ਹੈ ਉਹ ਸਰੀਰਕ ਜਾਂ ਪਦਾਰਥਕ ਸੁੰਦਰਤਾ ਹੈ। ਉਸ ਸੁੰਦਰਤਾ ਦੀ ਉਪਜ, ਉਸਾਰੀ ਜਾਂ ਅਭਿਵਿਅਕਤੀ ਵਿਚ ਪਦਾਰਥਕ ਵਸਤੂਆਂ ਦੀ ਲੋੜ ਪੈਂਦੀ ਹੈ। ਇਨ੍ਹਾਂ ਤੋਂ ਵੱਖਰੀ ਇੱਕ ਹਰ ਸੁੰਦਰਤਾ ਹੈ ਜਿਸ ਨੂੰ ਆਤਮਕ ਜਾਂ ਰੂਹਾਨੀ ਸੁੰਦਰਤਾ ਆਖਿਆ ਜਾਂਦਾ ਹੈ। ਮੈਂ ਪਦਾਰਥਵਾਦੀਆਂ ਦਾ ਸਮਕਾਲੀ ਹੋਣ ਕਰਕੇ ਉਸਨੂੰ ਮਾਨਸਿਕ ਸੁੰਦਰਤਾ ਆਖ ਲੈਂਦਾ ਹਾਂ। ਇੱਕ ਚਿਤ੍ਰਕਾਰ ਕਾਗਜ਼ ਦੇ ਇੱਕ ਟੁਕੜੇ ਉੱਤੇ ਆਪਣੇ ਬੁਰਸ਼ ਨਾਲ ਕੁਝ ਕੁ ਰੰਗਾਂ ਦਾ ਸੰਜੋਗ ਪੈਦਾ ਕਰ ਦਿੰਦਾ ਹੈ। ਹੁਣ ਇਸ ਕਾਗਜ਼ ਨੂੰ ਕਾਗਜ਼ ਆਖਿਆਂ ਚਿਤ੍ਰਕਾਰ ਦੀ ਕਲਾ ਅਤੇ ਮਿਹਨਤ ਦਾ ਨਿਰਾਦਰ ਵੀ ਹੁੰਦਾ ਹੈ ਅਤੇ ਇਉਂ ਕਹਿਣ ਵਾਲੇ ਵਿਅਕਤੀ ਦਾ ਅਣਜਾਣਪੁਣਾ ਵੀ ਪਰਗਟ ਹੁੰਦਾ ਹੈ। ਇਹ ਕਾਗਜ਼ ਦਾ ਟੁਕੜਾ ਕਾਗਜ਼ ਹੁੰਦਿਆਂ ਹੋਇਆਂ ਵੀ ਕਾਗਜ਼ ਨਹੀਂ ਰਿਹਾ। ਇਸ ਉੱਤੇ ਖਿਲਰੇ ਹੋਏ ਰੰਗ, ਰੰਗ ਹੁੰਦਿਆਂ ਹੋਇਆਂ ਵੀ ਰੰਗ ਨਹੀਂ ਰਹੇ। ਚਿਤ੍ਰਕਾਰ ਦੀ ਕਲਾ ਅਤੇ ਕਲਪਨਾ ਸੂਖਮ ਸੰਜੋਗ-ਸੂਤਰ ਬਣ ਕੇ ਕਾਗਜ਼ ਅਤੇ ਰੰਗ ਦਾ ਕਾਇਆ-ਕਲਪ ਕਰ ਗਈ ਹੈ। ਹੁਣ ਇਹ ਇੱਕ ਤਸਵੀਰ ਹੈ, ਇੱਕ ਚਿੱਤਰ ਹੈ। ਕੋਈ ਨਾਦਾਨ ਵੀ ਇਸ ਨੂੰ ਕਾਗਜ਼ ਨਹੀਂ ਆਖੇਗਾ। ਕਾਗਜ਼ ਨੇ ਆਪਣਾ ਆਪਾ ਚਿਤ੍ਰਕਾਰ ਦੇ ਹਵਾਲੇ ਕਰ ਕੇ, ਆਪਣੇ ਆਪੇ ਨੂੰ ਚਿਤ੍ਰਕਾਰ ਦੇ ਬੁਰਸ਼ ਨੂੰ ਸੌਂਪ ਕੇ, ਆਪਣੇ ਤਲ ਉਤੇ ਰੰਗਾਂ ਦੇ ਆਵਰਣ ਦੀ ਮਨਜ਼ੂਰੀ ਦੇ ਕੇ ਆਪਣੇ ਆਪ ਨੂੰ ਚਿਤਰ ਵਿਚ ਬਦਲ ਲਿਆ ਹੈ। ਉਸ ਦਾ ਅਸਲਾ ਅਜੇ ਵੀ ਕਾਇਮ ਹੈ। ਉਸ ਸੁੰਦਰਤਾ ਦਾ ਆਧਾਰ ਬਣ ਗਿਆ ਹੈ।

ਇਵੇਂ ਹੀ ਮਨੁੱਖੀ ਮਨ ਨੂੰ ਸੁੰਦਰਤਾ ਦਾ ਅਨੁਭਵ ਹੁੰਦਾ ਹੈ। ਗਿਆਨ ਇੰਦ੍ਰੀਆਂ ਰਾਹੀਂ ਸੁੰਦਰਤਾ ਦੀ ਸੂਝ ਉਸ ਤਕ ਪੁੱਜਦੀ ਹੈ। ਉਹ ਕਿਸੇ ਆਨੰਦ ਵਿਚ ਗੁਆਚ ਜਾਂਦਾ ਹੈ। ਅਜੇਹਾ ਕਈ ਵੇਰ ਹੁੰਦਾ ਹੈ। ਮਨੁੱਖੀ ਮਨ ਕਈ ਵੇਰ ਆਪਾ ਭੁੱਲ ਕੇ, ਆਪਣੇ ਆਪੇ

ਨੂੰ ਸੁੰਦਰਤਾ ਦੇ ਹਵਾਲੇ ਕਰਦਾ ਹੈ। ਕੁਦਰਤੀ ਸੁੰਦਰਤਾ ਦਾ ਕਲਾਕਾਰ ਹਰ ਵੇਰ ਆਪਣੇ ਬੁਰਸ਼ ਦੀ ਸੂਖਮ ਜਿਹੀ ਛੁਹ ਨਾਲ ਕਿਸੇ ਇੱਕ ਰੰਗ ਦੀ ਮੱਧਮ ਜੇਹੀ ਲਕੀਰ ਉਸ ਉੱਤੇ ਖਿੱਚ ਦਿੰਦਾ ਹੈ। ਸਮਾਂ ਬੀਤਣ ਨਾਲ ਇਹ ਸਾਰੀਆਂ ਲਕੀਰਾਂ ਕਿਸੇ ਵਿਉਂਤ ਵਿਚ ਬੱਝ ਕੇ ਇੱਕ ਸੁੰਦਰ ਚਿਤਰ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਮਨੁੱਖੀ ਮਨ ਸੁੰਦਰ ਹੋ ਜਾਂਦਾ ਹੈ। ਇਹ ਸੁੰਦਰਤਾ ਕ੍ਰਿਤ੍ਰਿਮ ਹੈ ਕਿ ਕੁਦਰਤੀ, ਕਹਿਣਾ ਮੁਸ਼ਕਿਲ ਹੈ। ਇਹ ਕ੍ਰਿਤ੍ਰਿਮ ਹੈ; ਕਿਉਂਕਿ ਇਸਨੂੰ ਪੈਦਾ ਕਰਨ ਲਈ ਮਨੁੱਖ ਨੂੰ ਲੰਮੀ ਸਾਧਨਾ ਕਰਨੀ ਪੈਂਦੀ ਹੈ। ਇਹ ਕੁਦਰਤੀ ਹੈ; ਕਿਉਂਕਿ ਇਹ ਕਿਸੇ ਦਿਸਦੇ ਜਤਨ ਵਿੱਚੋਂ ਨਹੀਂ ਸਗੋਂ ਕਿਸੇ ਅਣਦਿਸਦੀ ਪ੍ਰੇਰਣਾ ਵਿੱਚੋਂ ਪੈਦਾ ਹੁੰਦੀ ਹੈ। ਇਹ ਕ੍ਰਿਤ੍ਰਿਮ ਵੀ ਹੈ ਅਤੇ ਕੁਦਰਤੀ ਵੀ; ਇਹ ਮਾਨਸਿਕ ਹੈ।

ਜਿਵੇਂ ਮਨੁੱਖੀ ਚਿਹਰੇ ਦੀ ਸੁੰਦਰਤਾ ਚਿਹਰੇ ਉਤਲੇ ਨਕਸ਼ਾਂ (ਅੱਖਾਂ, ਨੱਕ, ਬੁੱਲ੍ਹ, ਦੰਦ ਆਦਿਕ) ਦੀ ਸੁੰਦਰਤਾ, ਇਨ੍ਹਾਂ ਦੀ ਸੁੰਦਰਤਾ ਦੇ ਆਪਸੀ ਸੁਮੇਲ ਅਤੇ ਸਮੁੱਚੇ ਪ੍ਰਭਾਵ ਵਿੱਚੋਂ ਉਤਪੰਨ ਹੁੰਦੀ ਹੈ ਤਿਵੇਂ ਹੀ ਮਾਨਸਿਕ ਸੁੰਦਰਤਾ ਮਨ ਦੇ ਨਕਸ਼ਾਂ ਦੀ ਸੁੰਦਰਤਾ ਅਤੇ ਸੁਮੇਲ ਵਿੱਚੋਂ ਪੈਦਾ ਹੁੰਦੀ ਹੈ। ਮਨ ਦੇ ਨਕਸ਼ ਜਾਂ ਅੰਗ ਹਨ ਵਿਚਾਰ, ਵਿਸ਼ਵਾਸ, ਭਾਵ ਅਤੇ ਪ੍ਰਵ੍ਰਿਤੀਆਂ। ਇਨ੍ਹਾਂ ਨਕਸ਼ਾਂ ਦਾ ਆਪੋ ਆਪਣੀ ਥਾਂ ਸੁੰਦਰ, ਕੋਮਲ ਅਤੇ ਪਵਿੱਤਰ ਹੋਣਾ ਸਭ ਤੋਂ ਪਹਿਲੀ ਲੋੜ ਹੈ। ਇਸ ਪਿੱਛੋਂ ਇਨ੍ਹਾਂ ਦਾ ਆਪਸੀ ਸੁਮੇਲ ਵੀ ਹੈ। ਜੇ ਕਿਸੇ ਦੇ ਵਿਸ਼ਵਾਸ ਸੁੰਦਰ ਅਤੇ ਪਵਿੱਤਰ ਹਨ, ਪਰ ਉਨ੍ਹਾਂ ਨੂੰ ਡੋਲਣ ਤੋਂ ਬਚਾਉਣ ਵਾਲੀ ਬੁੱਧੀ ਅਵਿਕਸਿਤ ਹੈ ਤਾਂ ਉਸ ਦੀ ਮਾਨਸਿਕ ਤਸਵੀਰ ਸੁੰਦਰ ਨਹੀਂ ਆਖੀ ਜਾਵੇਗੀ। ਜੇ ਕਿਸੇ ਨੇ ਸੁਹਣੇ ਸੁਹਣੇ ਵਿਚਾਰਾਂ ਨਾਲ ਆਪਣਾ ਦਿਮਾਗੀ ਗੁਦਾਮ ਭਰ ਰੱਖਿਆ ਹੈ ਪਰ ਉਂਵ ਉਹ ਪ੍ਰਵ੍ਰਿਤੀ ਦਾ ਦਾਸ ਹੈ ਤਾਂ ਉਸ ਵਿਚ ਮਾਨਸਿਕ ਸੁੰਦਰਤਾ ਲੱਭਣੀ ਅਸੰਭਵ ਹੈ। ਵਿਚਾਰ, ਵਿਸ਼ਵਾਸ, ਭਾਵ ਅਤੇ ਪ੍ਰਵ੍ਰਿਤੀ ਨੂੰ ਸੁੰਦਰ ਬਣਾਉਣ ਦੀ ਜਾਚ ਸੰਸਾਰ ਦੇ ਸਾਰੇ ਸੁੰਦਰ ਮਨੁੱਖਾਂ ਨੇ ਸਿਖਾਈ ਹੈ। ਸਭ ਤੋਂ ਪਹਿਲਾਂ ਉਹ ਪ੍ਰਵ੍ਰਿਤੀ ਉੱਤੇ ਕਾਬੂ ਪਾਉਣ ਜਾਂ ਪ੍ਰਵ੍ਰਿਤੀ ਨੂੰ ਸੁੰਦਰ ਬਣਾਉਣ ਦੀ ਜਾਚ ਦਸਦੇ ਹਨ। ਉਹ ਕਹਿੰਦੇ ਹਨ ਕਿ ਪ੍ਰਵ੍ਰਿਤੀ ਬਹੁਤ ਪ੍ਰਬਲ ਹੈ। ਇਹ ਸੁੱਖ-ਸੁਆਦ ਅਤੇ ਸੁਆਰਥ ਦੀ ਪ੍ਰੇਰਣਾ ਨਾਲ ਭਰਪੂਰ ਹੈ। ਇਸਦੇ ਵੱਸ ਵਿਚ ਪੈ ਕੇ ਮਨੁੱਖ ਹਰ ਕੁਰੂਪਤਾ ਦਾ ਧਾਰਨੀ ਬਣ ਜਾਂਦਾ ਹੈ। ਉਹ ਚੋਰੀ, ਹਿੰਸਾ, ਵਿਸਾਹ-ਘਾਤ ਅਤੇ ਅਕ੍ਰਿਤਘਣਤਾ ਵਰਗੇ ਪਾਪ ਕਰਦਾ ਹੈ। ਇਸ ਪਾਸਿਉਂ ਹੋੜਨ ਲਈ ਕਾਨੂੰਨ, ਜੇਲ੍ਹ ਅਤੇ ਫਾਂਸੀ ਤਕ ਦੇ ਜਤਨ ਸਫਲ ਨਹੀਂ ਹੁੰਦੇ। ਪ੍ਰਵ੍ਰਿਤੀ ਉੱਤੇ ਕਾਬੂ ਪਾ ਲੈਣ ਨਾਲ ਹੀ ਮਨੁੱਖ ਅਜਿਹੇ ਕੋੜ ਤੋਂ ਪਿੱਛਾ ਛੁਡਾ ਸਕਦਾ ਹੈ ਅਤੇ ਪ੍ਰਵ੍ਰਿਤੀ ਉੱਤੇ ਕਾਬੂ ਪਾਉਣ ਦੀ ਗੱਲ ਕੇਵਲ ਉਹ ਸੋਚ ਸਕਦਾ ਹੈ ਜਿਹੜਾ ਇਉਂ ਜਾਣੇ ਅਤੇ ਮੰਨੇ ਕਿ 'ਪੰਜਾਂ ਤੱਤਾਂ ਦੇ ਬਣੇ ਇਸ ਬ੍ਰਹਮੰਡ ਵਿਚ ਧਰਤੀ ਇੱਕ ਧਰਮਸਾਲ ਹੈ। ਇਸ ਵਿਚ ਕਈ ਰੰਗਾਂ, ਰੂਪਾਂ ਅਤੇ ਨਸਲਾਂ ਦੇ ਜੀਵ ਹਨ। ਹਰ ਜੀਵ ਕੋਲੋਂ ਉਸਦੇ ਹਰ ਛੋਟੇ ਵੱਡੇ, ਚੰਗੇ ਬੁਰੇ ਕੰਮ ਦੀ ਜਵਾਬ-ਤਲਬੀ ਕੀਤੀ ਜਾਂਦੀ ਹੈ। ਪੂਰਾ ਨਿਆਂ ਕਰ ਲੈਣ ਪਿੱਛੋਂ ਚੰਗੇ ਕਰਮਾਂ ਵਾਲਿਆਂ ਉੱਤੇ ਚੰਗੇ ਹੋਣ ਦੀ ਅਤੇ ਬੁਰੇ ਕੰਮ ਕਰਨ ਵਾਲਿਆਂ ਉੱਤੇ

ਬੁਰੇ ਹੋਣ ਦੀ ਨਿਸ਼ਾਨੀ ਲਾ ਦਿੱਤੀ ਜਾਂਦੀ ਹੈ । ਇਹ ਨਿਸ਼ਾਨੀ ਹੀ ਪ੍ਰਿਵ੍ਰਿਤੀ ਹੈ । ਚੰਗਿਆਈ ਕਰਨ ਨਾਲ ਪ੍ਰਿਵ੍ਰਿਤੀ ਚੰਗੀ ਹੋ ਜਾਂਦੀ ਹੈ; ਬੁਰਾਈ ਕਰਨ ਨਾਲ ਪ੍ਰਿਵ੍ਰਿਤੀ ਕੁਰੂਪ ਹੋ ਜਾਂਦੀ ਹੈ । ਕਈ ਜਨਮਾਂ ਦੀ ਕੁਰੂਪਤਾ ਇਕੱਠੀ ਹੋ ਕੇ ਭਿਆਨਕਤਾ ਬਣ ਜਾਂਦੀ ਹੈ । ਜਿੰਨਾ ਚਿਰ ਮਨੁੱਖ ਇਉਂ ਨਹੀਂ ਜਾਣਦਾ ਕੋਈ ਕਾਨੂੰਨ, ਕੋਈ ਜੇਲ੍ਹ, ਕੋਈ ਜੁਰਮਾਨਾ ਮਨੁੱਖੀ ਸਮਾਜਾਂ ਵਿੱਚੋਂ ਕੁਰੂਪਤਾ ਨਹੀਂ ਕੱਢ ਸਕਦਾ । ਮਨੁੱਖਤਾ ਦੇ ਜਿਸ ਖੰਡ, ਭਾਗ ਜਾਂ ਹਿੱਸੇ ਦਾ ਕੰਮ ਮਨੁੱਖਤਾ ਲਈ ਧਰਮ, ਅਸੂਲ, ਨੇਮ ਜਾਂ ਕਾਨੂੰਨ ਬਣਾਉਣਾ ਅਤੇ ਲਾਗੂ ਕਰਨਾ ਹੈ ਉਸ ਭਾਗ ਜਾਂ ਹਿੱਸੇ ਦਾ ਧਰਮ ਜਾਂ ਫਰਜ਼ ਹੈ ਕਿ ਉਹ ਇਸ ਸੱਚ ਨੂੰ ਸਦਾ ਸਾਹਮਣੇ ਰੱਖੇ । ਆਪਣੇ ਵਿਅਕਤੀਗਤ ਜੀਵਨ ਦੀ ਅਗਵਾਈ ਲਈ ਨਿੱਜੀ ਨੇਮਾਵਲੀ ਬਣਾਉਣ ਲੱਗਿਆਂ ਹਰ ਮਨੁੱਖ ਇਸ ਗੱਲ ਦਾ ਚੇਤਾ ਰੱਖੇ ਕਿ ਮੇਰੇ ਕਰਮ ਕਰਮ (ਹਰ ਕੰਮ) ਦੀ ਵਿਚਾਰ ਹੋਣੀ ਹੈ । ਇਸ ਅੰਦਰਲੀ ਅਦਾਲਤ ਨੂੰ ਸੱਚ ਮੰਨੇ ਤੋਂ ਬਿਨਾਂ ਕੋਈ ਆਦਮੀ ਸੁੰਦਰ ਨਹੀਂ ਹੋ ਸਕਦਾ ।

ਇਸ ਤੋਂ ਪਿੱਛੋਂ ਉਹ ਵਿਚਾਰਾਂ ਜਾਂ ਬੌਧਿਕਤਾ ਦੀ ਸੁੰਦਰਤਾ ਦੀ ਗੱਲ ਕਰਦੇ ਹਨ । ਬੌਧਿਕ ਸੁੰਦਰਤਾ ਦੀ ਗੱਲ ਨੂੰ ਉਨ੍ਹਾਂ ਨੇ ਗਿਆਨ ਖੰਡ ਆਖਿਆ ਹੈ ਅਤੇ ਦੱਸਿਆ ਹੈ ਕਿ ਬੌਧਿਕ ਸੁੰਦਰਤਾ ਦਾ ਭੇਤ ਬੌਧਿਕ ਸੁਤੰਤ੍ਰਤਾ ਵਿਚ ਹੈ । ਜਿਹੜਾ ਆਦਮੀ ਕਿਸੇ ਵੀ ਦਾਰਸ਼ਨਿਕ ਜਾਂ ਵਿਗਿਆਨਕ ਖੋਜ ਨੂੰ ਆਖਰੀ ਗੱਲ ਮੰਨ ਲੈਂਦਾ ਹੈ ਉਸ ਦੀ ਸੋਚ ਸੁਤੰਤਰ ਨਹੀਂ । ਸ੍ਰਿਸ਼ਟੀ ਅਸੀਮ ਹੈ ਬੇਅੰਤ ਹੈ । ਪਾਤਾਲਾਂ, ਆਕਾਸ਼ਾਂ ਦੀ ਗਿਣਤੀ ਲੱਖਾਂ, ਕ੍ਰੋੜਾਂ ਤੋਂ ਪਰੇ ਹੈ । ਚੰਨਾਂ, ਸੂਰਜਾਂ ਅਤੇ ਖੰਡਾਂ ਬ੍ਰਹਮੰਡਾਂ ਨੂੰ ਅਸੰਖਾਂ ਵਿਚ ਗਿਣਨਾ ਵੀ ਆਪਣੇ ਸਿਰ ਝੂਠ ਦਾ ਭਾਰ ਚੁੱਕਣਾ ਹੈ । ਬੇਅੰਤ ਸ੍ਰਿਸ਼ਟੀ ਦੀ ਵਿਗਿਆਨਕ ਜਾਣਕਾਰੀ ਅਤੇ ਦਾਰਸ਼ਨਿਕ ਵਿਆਖਿਆ ਵੀ ਬੇਅੰਤ ਹੈ । ਇਸ ਦੀ ਖੋਜ ਅਤੇ ਵਿਆਖਿਆ ਕਰਨ ਵਾਲੇ ਵਿਗਿਆਨਕ ਅਤੇ ਫਿਲਾਸਫਰ, ਸਿੱਧ, ਬੁੱਧ ਅਤੇ ਨਾਥ ਵੀ ਬੇਅੰਤ ਹਨ । ਇਸ ਲਈ ਕੋਈ ਖੋਜ ਆਖਰੀ ਖੋਜ ਨਹੀਂ ਅਤੇ ਨਾ ਹੀ ਕੋਈ ਦਾਰਸ਼ਨਿਕ ਵਿਆਖਿਆ ਪਰਮ ਸੱਤ ਹੈ । ਇਹ ਸਾਰੇ ਜਤਨ ਹਨ । ਬੇਅੰਤ ਦੀ ਪ੍ਰਾਪਤੀ ਲਈ ਜਤਨਾਂ ਦਾ ਬੇਅੰਤ ਹੋਣਾ ਜ਼ਰੂਰੀ ਹੈ । ਬੇਅੰਤ ਜਤਨਾਂ ਦੀ ਮੌਜੂਦਗੀ ਵਿਚ ਜਿਸ ਨੇ ਜਤਨ ਦਾ ਤਿਆਗ ਕਰ ਕੇ ਆਪਣੀ ਪ੍ਰਾਪਤੀ ਨੂੰ ਮੰਜ਼ਲ ਮੰਨ ਲਿਆ ਹੈ, ਉਹ ਥੱਕ ਗਿਆ ਹੈ । ਥੱਕੀ ਹੋਈ ਅਕਲ ਸੁੰਦਰ ਨਹੀਂ ਹੋ ਸਕਦੀ । ਥੱਕ ਜਾਣਾ ਕੋਈ ਬੁਰਾਈ ਵੀ ਨਹੀਂ । ਥਕਾਵਟ ਦਾ ਇਲਾਜ ਆਰਾਮ ਹੈ ਅਤੇ ਆਰਾਮ ਦਾ ਮਨੋਰਥ ਅਗੇਰੇ ਜਾਣ ਲਈ ਉੱਦਮ ਅਤੇ ਉਤਸ਼ਾਹ ਪੈਦਾ ਕਰਨਾ ਹੈ । ਬੌਧਿਕ ਸੁਤੰਤ੍ਰਤਾ ਹਰ ਚੰਗੇ ਵਿਚਾਰ ਦੀ ਸਹਾਇਤਾ ਨਾਲ ਅੱਗੇ ਵੱਧਣ ਵਿਚ ਹੈ, ਗਿਆਨ ਦੀ ਜੋਤ ਨੂੰ ਸਦਾ ਪ੍ਰਚੰਡ ਰੱਖਣ ਵਿੱਚ ਹੈ । ਇਸ ਜੋਤ ਦੇ ਚਾਨਣ ਦੀ ਸਹਾਇਤਾ ਨਾਲ ਮਨੁੱਖ ਵਿਸ਼ਵ ਦੀ ਸੁੰਦਰਤਾ ਨੂੰ ਵੇਖ ਸਕਦਾ ਹੈ । ਸੁੰਦਰਤਾ ਦਾ ਅਨੁਭਵ ਆਨੰਦ ਦਾ ਸ੍ਰੋਤ ਹੈ ।

ਵਿਚਾਰ ਅਤੇ ਪ੍ਰਿਵ੍ਰਿਤੀ ਮਨੁੱਖੀ ਮਨ ਦੇ ਦੋ ਸਿਰੇ ਹਨ । ਵਿਚਾਰ ਇਸ ਦਾ ਉਪਰਲਾ ਤਲ ਹਨ ਅਤੇ ਪ੍ਰਿਵ੍ਰਿਤੀ ਇਸ ਦਾ ਹੇਠਲਾ ਤਲ ਹੈ । ਵਿਸ਼ਵਾਸ ਅਤੇ ਭਾਵ ਇਨ੍ਹਾਂ ਦੋਹਾਂ ਦੇ ਵਿਚਕਾਰ ਹਨ । ਭਾਵਾਂ ਦਾ ਝੁਕਾ ਪ੍ਰਿਵ੍ਰਿਤੀ ਵੱਲ ਹੈ ਅਤੇ ਵਿਸ਼ਵਾਸਾਂ ਦਾ ਵਿਚਾਰ ਵੱਲ । ਪ੍ਰਿਵਿਰਤੀ ਅਤੇ ਭਾਵ ਮਨੁੱਖੀ ਅਮਲ (ਕਰਮ) ਉੱਤੇ ਭਾਰੂ

ਹਨ । ਇਹ ਮਨੁੱਖ ਨੂੰ ਆਪਣੇ ਹੁਕਮ ਵਿਚ ਤੋਰਦੇ ਹਨ । ਜੇ ਮਨੁੱਖ ਇਨ੍ਹਾਂ ਦਾ ਹੁਕਮ ਮੰਨਦਾ ਰਹੇ ਤਾਂ ਸੁਆਰਥ ਵੱਲ ਨਿਘਰਦਾ ਜਾਂਦਾ ਹੈ। ਇਸ ਲਈ ਇਨ੍ਹਾਂ ਦੀ ਪ੍ਰੇਰਣਾ ਦਾ ਵਿਰੋਧ ਕਰਨਾ ਜ਼ਰੂਰੀ ਹੈ । ਇਸ ਵਿਰੋਧ ਲਈ ਸ਼ਕਤੀਸ਼ਾਲੀ ਜਤਨ ਦੀ ਲੋੜ ਹੁੰਦੀ ਹੈ । ਤਪ, ਧੂਣੀਆਂ, ਚਿਲੇ, ਜਗਰਾਤੇ ਸੱਭ ਪ੍ਰਵਿਰਤੀ ਨੂੰ ਰੋਕਣ ਦੇ ਜਤਨ ਹਨ । ਇਨ੍ਹਾਂ ਜਤਨਾਂ ਰਾਹੀਂ ਹੋਣ ਵਾਲੀ ਸਮਾਜਕ ਹਾਨੀ ਨੂੰ ਮੁੱਖ ਰੱਖਦਿਆਂ ਹੋਇਆਂ ਮੱਧ ਮਾਰਗੀ ਸਾਧਨ ਦੀ ਸਿੱਖਿਆ ਦਿੱਤੀ ਗਈ ਹੈ । ਮੱਧ-ਮਾਰਗੀ ਹੋਣ ਕਰਕੇ ਮੈਂ ਉਸ ਸਾਧਨ ਨੂੰ ਸ੍ਰੇਸ਼ਟ ਮੰਨਦਾ ਹਾਂ ਜਿਹੜਾ ਸਾਧਾਰਣ ਆਦਮੀ ਸਾਧਾਰਣ ਪਰਿਸਥਿਤੀ ਵਿੱਚ ਧਾਰਣ ਕਰ ਸਕੇ ।

'ਪ੍ਰਵਿਰਤੀ ਦੀ ਸੁਆਰਥ-ਪ੍ਰੇਰਣਾ' ਦਾ ਵਿਰੋਧ ਕਰਨ ਦੇ ਨਾਲ ਨਾਲ ਸੁੰਦਰ ਵਿਚਾਰਾਂ ਨੂੰ ਜੀਵਨ ਦੇ ਕਰਮ (ਅਮਲ) ਵਿੱਚ ਢਾਲ ਕੇ ਪਹਿਲਾਂ ਵਿਸ਼ਵਾਸਾਂ ਵਿੱਚ ਅਤੇ ਫਿਰ ਭਾਵਾਂ ਵਿੱਚ ਵਿਕਸਾਉਣਾ ਵੀ ਜ਼ਰੂਰੀ ਹੈ । ਵਿਚਾਰਾਂ ਨੂੰ ਦਿਮਾਗੀ ਟੋਕਰੇ ਵਿੱਚ ਪਾਈ ਜਾਣ ਦਾ ਕੋਈ ਲਾਭ ਨਹੀਂ ਜੇ ਉਹ ਜੀਵਨ ਦੇ ਅਮਲ ਦਾ ਰੂਪ ਨਹੀਂ ਧਾਰਦੇ । ਵਿਚਾਰਾਂ ਨੂੰ ਜੀਵਨ ਦੇ ਅਮਲ ਵਿੱਚ ਢਾਲਣ ਦੇ ਜਤਨ ਨੂੰ ਕਰਮ ਯੋਗ ਜਾਂ ਕਰਮ ਖੰਡ ਆਖਿਆ ਗਿਆ ਹੈ । ਜੀਵਨ ਦੇ ਅਮਲ ਵਿਚ ਢਲਣ ਲਈ ਵਿਚਾਰਾਂ ਦਾ ਵਿਗਿਆਨਿਕ ਅਤੇ ਉਪਯੋਗੀ ਹੋਣਾ ਜ਼ਰੂਰੀ ਹੈ । ਅਮਲ ਵਿੱਚ ਢਲੇ ਹੋਏ ਵਿਚਾਰ ਪਹਿਲਾਂ ਵਿਸ਼ਵਾਸ, ਕੁੱਝ ਚਿਰ ਪਿੱਛੋਂ ਆਦਤ ਅਤੇ ਅੰਤ ਵਿਚ ਭਾਵ-ਰੂਪ ਹੋ ਜਾਂਦੇ ਹਨ । ਪਰੰਤੂ ਇਹ ਸਭ ਕੁੱਝ ਉਨ੍ਹਾਂ ਲੋਕਾਂ ਦੀ ਅਗਵਾਈ ਵਿਚ ਹੋਣਾ ਚਾਹੀਦਾ ਹੈ ਜਿਨ੍ਹਾਂ ਦੇ ਹਿਰਦੇ ਵਿਚ ਸੁੰਦਰਤਾ ਦਾ ਨਿਵਾਸ ਹੈ; ਜਿਹੜੇ ਇਸ ਕਰਮ-ਭੂਮੀ ਵਿਚ 'ਆਪਣੇ ਮਨ ਨਾਲ ਸੰਘਰਸ਼' ਕਰਨ ਆਏ ਹਨ; ਜਿਹੜੇ ਮੋਕਸ਼ ਨੂੰ ਜੀਵਨ ਦਾ ਮਨੋਰਥ ਮੰਨ ਕੇ ਜੀਉਂਦੇ ਹਨ । ਅਜੇਹੇ ਲੋਕਾਂ ਦੀ ਅਗਵਾਈ ਵਿਚ ਬਣੇ ਵਿਚਾਰਾਂ ਨੂੰ ਅਮਲ ਵਿਚ ਢਾਲ ਕੇ ਵਿਸ਼ਵਾਸਾਂ ਅਤੇ ਭਾਵਾਂ ਵਿਚ ਬਦਲ ਲੈਣ ਵਾਲੇ ਦਾ ਮਨ ਸਦਾ ਆਨੰਦ ਵਿਚ ਰਹਿੰਦਾ ਹੈ । ਸਦਾ ਆਨੰਦ ਵਿਚ ਰਹਿਣ ਦਾ ਭਾਵ ਹੈ ਕਿ ਸਦਾ ਸੌਂਦਰਯ ਅਨੁਭਵ ਦੀ ਅਵਸਥਾ ਵਿਚ ਰਹਿੰਦਾ ਹੈ । ਉਨ੍ਹਾਂ ਲਈ ਸਾਰਾ ਵਿਸ਼ਵ ਸੁੰਦਰਤਾ ਦਾ ਮਹਾਨ ਪਸਾਰਾ ਹੈ ।

ਆਪਣੇ ਵਿਚਾਰਾਂ, ਵਿਸ਼ਵਾਸਾਂ, ਭਾਵਾਂ ਅਤੇ ਪ੍ਰਵਿਰਤੀਆਂ ਨੂੰ ਸੁੰਦਰ ਬਣਾਉਣਾ ਜਾਂ ਆਪਣੇ ਮਨ ਰੂਪੀ ਕਾਗਜ਼ ਨੂੰ ਸੁੰਦਰ ਚਿੱਤਰ ਵਿਚ ਵਟਾਉਣਾ ਹਰ ਮਨੁੱਖ ਦਾ ਆਪਣਾ ਕੰਮ ਹੈ; ਇਸ ਲਈ ਇਹ ਸੁੰਦਰਤਾ ਕ੍ਰਿਤ੍ਰਿਮ ਹੈ । ਇਹ ਕੰਮ ਕਿਸੇ ਲਈ ਕੋਈ ਦੂਜਾ ਨਹੀਂ ਕਰ ਸਕਦਾ, ਇਸ ਲਈ ਇਹ ਕ੍ਰਿਤ੍ਰਿਮ ਨਹੀਂ । ਇਉਂ ਮਾਨਸਿਕ ਸੁੰਦਰਤਾ ਆਪਣੇ ਆਪ ਵਿਚ ਇਕ ਵੱਖਰੀ ਵਸਤੂ ਹੈ । ਇਸ ਸੁੰਦਰਤਾ ਦਾ ਪ੍ਰਗਟਾਵਾ ਆਚਾਰ, ਆਚਰਣ ਅਤੇ ਸੁਚੇਤਤਾ ਰਾਹੀਂ ਹੁੰਦਾ ਹੈ । ਆਚਾਰ ਮਨੁੱਖੀ ਵਤੀਰੇ ਦਾ ਉਹ ਭਾਗ ਹੈ ਜਿਹੜਾ ਉਹ ਓਪਰਿਆਂ ਜਾਂ ਦੂਜਿਆਂ ਨਾਲ ਸੰਬੰਧ ਜਾਂ ਸੰਪਰਕ ਹੋਣ ਉੱਤੇ ਅਪਣਾਉਂਦਾ ਹੈ । ਕਈ ਆਦਮੀਆਂ ਦਾ ਵਰਤਾਉ ਬੜਾ ਪਿਆਰਾ ਲਗਦਾ ਹੈ । ਉਹ ਆਪਣੇ ਵਿਵਹਾਰ ਨਾਲ ਹਰ ਕਿਸੇ ਦੇ ਮਨ ਵਿਚ ਆਪਣੇ ਲਈ ਥਾਂ ਬਣਾਈ ਜਾਂਦੇ ਹਨ । ਕਈ ਰੁੱਖੇ ਹੁੰਦੇ ਹਨ, ਹੰਕਾਰੀ ਹੁੰਦੇ ਹਨ, ਸੁਆਰਥੀ ਹੁੰਦੇ ਹਨ । ਉਨ੍ਹਾਂ ਦੇ ਵਤੀਰੇ ਵਿਚ ਸੁੰਦਰਤਾ ਨਹੀਂ ਹੁੰਦੀ । ਇਹ ਵੀ ਹੋ ਸਕਦਾ ਹੈ ਕਿ ਜਿਸ

ਆਦਮੀ ਦੇ ਵਤੀਰੇ ਵਿਚ ਸਾਨੂੰ ਸੁੰਦਰਤਾ ਦਿੱਸੀ ਹੈ ਉਹ ਅਸਲ ਵਿਚ ਕਿਸੇ ਵਪਾਰੀ ਕੰਪਨੀ ਦਾ ਏਜੰਟ ਹੋਵੇ ਅਤੇ ਕੰਪਨੀ ਦਾ ਮਾਲ ਵੇਚ ਕੇ ਆਪਣੀ ਕਮਿਸ਼ਨ ਲੈਣ ਦੇ ਲਾਲਚ ਲਈ ਹੀ ਉਸ ਸੁੰਦਰਤਾ ਦਾ ਵਿਖਾਲਾ ਕਰ ਰਿਹਾ ਹੋਵੇ ਜਿਹੜੀ ਉਸ ਦੇ ਆਚਰਣ ਦਾ ਹਿੱਸਾ ਨਹੀਂ ਸਗੋਂ ਆਪਣੇ ਕਾਰੋਬਾਰ ਦੀ ਸਫਲਤਾ ਲਈ ਵਰਤੀ ਜਾਣ ਵਾਲੀ ਇੱਕ ਜੁਗਤੀ ਹੈ। ਇਉਂ ਆਚਾਰ ਦੀ ਸੁੰਦਰਤਾ ਜੇ ਮਨੁੱਖੀ ਆਚਰਣ ਦੀ ਸੁੰਦਰਤਾ ਨਾ ਹੋਵੇ ਤਾਂ ਇੱਕ ਪਾਖੰਡ, ਇੱਕ ਧੋਖਾ ਹੁੰਦੀ ਹੈ। ਇਹ ਬਹੁਤ ਹੀ ਦੁਖਦਾਈ ਗੱਲ ਹੈ ਕਿ ਸੰਸਾਰ ਵਿਚ ਮਾਨਸਿਕ ਸੁੰਦਰਤਾ ਘੱਟ ਅਤੇ ਇਸ ਦਾ ਵਿਖਾਲਾ ਬਹੁਤਾ ਹੈ।

ਆਚਰਣ ਮਨੁੱਖੀ ਮਨ ਦੀ ਉਹ ਤਸਵੀਰ ਹੈ ਜਿਹੜੀ ਉਸ ਦੇ ਆਪਣਿਆਂ ਜਾਂ ਨਿਕਟ ਵਰਤੀਆਂ ਨਾਲ ਕੀਤੇ ਵਤੀਰੇ ਵਿੱਚੋਂ ਪ੍ਰਗਟ ਹੁੰਦੀ ਹੈ। ਆਪਣਿਆਂ ਨਾਲ ਮਨੁੱਖ ਦਾ ਵਤੀਰਾ ਨਿਰਯਤਨ ਅਤੇ ਸਹਿਜ ਸੁਭਾਵਕ ਹੁੰਦਾ ਹੈ। ਇਸ ਵਿੱਚੋਂ ਉਸ ਦੇ ਵਿਸ਼ਵਾਸਾਂ, ਭਾਵਾਂ ਅਤੇ ਪ੍ਰਵ੍ਰਿਤੀਆਂ ਦਾ ਆਪ-ਮੁਹਾਰਾ ਪ੍ਰਗਟਾਵਾ ਵੇਖਿਆ ਜਾ ਸਕਦਾ ਹੈ ਅਤੇ ਉਸ ਦੇ ਮਾਨਸਿਕ ਵਿਕਾਸ ਦਾ ਪਤਾ ਲੱਗ ਸਕਦਾ ਹੈ। ਸੁਚੇਤਤਾ ਮਨੁੱਖ ਦਾ ਉਹ ਵਤੀਰਾ ਹੈ ਜੋ ਉਹ ਆਪਣੇ ਆਪ ਨਾਲ ਕਰਦਾ ਹੈ। ਆਪਣੇ ਆਪ ਨੂੰ ਆਪਣਿਆਂ ਪਰਾਇਆਂ ਤੋਂ ਵੱਖਰਾ ਜਾਣ ਕੇ, ਆਪਣੇ ਕੀਤੇ ਲਈ ਕੇਵਲ ਆਪਣੇ ਆਪ ਨੂੰ ਜ਼ਿੰਮੇਂਵਾਰ ਸਮਝ ਕੇ ਜਿਹੜਾ ਆਦਮੀ ਉਹ ਕੁਝ ਕਰਦਾ ਹੈ ਜੋ ਕੁਝ ਉਸ ਨੂੰ ਆਪਣੇ ਆਪ ਵਿੱਚ ਨੀਵਾਂ ਜਾਂ ਚਿੰਤਾਤੁਰ ਨਹੀਂ ਕਰਦਾ ਉਹ ਆਦਮੀ ਸੁਚੇਤ ਹੈ। ਆਮ ਦੁਨੀਆਂ ਮਨੁੱਖ ਦੇ ਆਚਾਰ ਨੂੰ ਵੇਖਦੀ ਹੈ; ਬਹੁਤ ਥੋੜ੍ਹੇ ਉਸ ਦੇ ਆਚਰਣ ਤੋਂ ਜਾਣੂ ਹੁੰਦੇ ਹਨ ਅਤੇ ਆਪਣੀ ਸੁਚੇਤਤਾ ਤੋਂ ਉਹ ਕੇਵਲ ਆਪ ਹੀ ਜਾਣੂ ਹੋ ਸਕਦਾ ਹੈ ਤੇ ਉਹ ਵੀ ਬੜੇ ਜਤਨ ਨਾਲ। ਇਸ ਲਈ ਮਾਨਸਿਕ ਸੁੰਦਰਤਾ ਦਾ ਆਨੰਦ ਕੋਈ ਵਿਰਲਾ ਹੀ ਮਾਣਦਾ ਹੈ।*

ਮਨੁੱਖੀ ਮਨ ਦੀ ਸੁੰਦਰਤਾ ਨੂੰ ਮੈਂ ਕੁਦਰਤੀ ਵੀ ਆਖਿਆ ਹੈ ਅਤੇ ਕ੍ਰਿਤ੍ਰਿਮ ਵੀ, ਕਿਉਂਜੁ ਮੈਨੂੰ ਅੱਤਵਾਦ ਚੰਗਾ ਨਹੀਂ ਲੱਗਦਾ। ਤਾਂ ਵੀ ਮੈਂ ਇਹ ਸਲਾਹ ਦਿੰਦਾ ਹਾਂ ਕਿ ਮਾਨਸਿਕ ਸੁੰਦਰਤਾ ਨੂੰ ਕ੍ਰਿਤ੍ਰਿਮ ਮੰਨਣਾ ਵਧੇਰੇ ਵਿਗਿਆਨਿਕ ਗੱਲ ਵੀ ਹੈ ਅਤੇ ਵਧੇਰੇ ਉਪਯੋਗੀ ਵੀ। ਵਿਗਿਆਨਿਕ ਇਸ ਲਈ ਕਿ ਸਥੂਲ ਪਦਾਰਥ ਅਤੇ ਸੂਖਮ ਮਨ ਦੇ ਸੰਜੋਗ ਤੋਂ ਉਪਜੇ ਇਸ ਜੀਵਨ ਵਿੱਚ ਸਰੀਰਕ ਵਿਕਾਸ ਦੀ ਸੰਭਾਵਨਾ ਘਟ ਹੈ ਅਤੇ ਮਾਨਸਿਕ ਵਿਕਾਸ ਦੀ ਵੱਧ। ਕੋਈ ਆਦਮੀ ਕਿਸੇ ਉਚੇਚੇ ਜਤਨ ਨਾਲ ਆਪਣਾ ਕੱਦ ਵਧਾਉਣ ਜਾਂ ਘਟਾਉਣ ਵਿੱਚ ਓਨਾ ਸਫਲ ਨਹੀਂ ਹੋ ਸਕਦਾ ਜਿੰਨਾ ਆਪਣੇ ਵਿਚਾਰਾਂ, ਵਿਸ਼ਵਾਸਾਂ, ਰੁਚੀਆਂ ਅਤੇ ਆਦਤਾਂ ਨੂੰ ਬਦਲਣ ਅਤੇ ਵਿਕਸਾਉਣ ਵਿੱਚ ਹੋ ਸਕਦਾ ਹੈ। ਵਿਗਿਆਨਵੇਤਾ ਇਹ ਦਸਦੇ ਹਨ ਕਿ ਪਿਛਲੇ ਵੀਹ-ਪੰਝੀ ਹਜ਼ਾਰ ਸਾਲਾਂ ਤੋਂ ਮਨੁੱਖੀ ਸਰੀਰ ਦੀ ਬਣਤਰ

*ਆਚਾਰ, ਆਚਰਣ ਅਤੇ ਸੁਚੇਤਤਾ ਦੇ ਉਪ੍ਰੋਕਤ ਅਰਥ ਇਸ ਲੇਖ ਦੀ ਲੋੜ ਲਈ ਹੀ ਕੀਤੇ ਗਏ ਹਨ।

ਵਿੱਚ ਕੋਈ ਉਚੇਚੀ ਤਬਦੀਲੀ ਨਹੀਂ ਹੋਈ, ਪਰ ਉਸ ਦੇ ਮਾਨਸਿਕ ਵਿਕਾਸ ਦੀ ਕਹਾਣੀ ਹੈਰਾਨਕੁਨ ਹੈ। ਵਿਸ਼ੇਸ਼ ਕਰਕੇ ਮਨੁੱਖੀ ਜੀਵਨ ਹੈ ਹੀ ਮਾਨਸਿਕ ਵਿਕਾਸ ਦਾ ਅਵਸਰ ਜਿਸ ਨੂੰ ਕੋਈ ਸੈਲਫ ਰੀਅਲਾਈਜ਼ੇਸ਼ਨ (Self Realisation) ਕਹਿੰਦਾ ਹੈ ਤੇ ਕੋਈ ਨਿਰਵਾਣ; ਕੋਈ ਮੁਕਤੀ ਕਹਿੰਦਾ ਹੈ ਤੇ ਕੋਈ ਸਹਿਜ ਅਤੇ ਲਿਵ। ਅਜੋਕੀ ਸਿਆਸਤ ਜਿਸ 'ਜਮਹੂਰੀ ਆਦਮੀ' ਜਾਂ 'ਪ੍ਰਜਾਤੰਤ੍ਰਵਾਦੀ ਮਨੁੱਖ' ਨੂੰ ਆਪਣਾ ਆਦਰਸ਼ ਮੰਨਦੀ ਹੈ ਉਸ ਨੇ ਵੀ ਸਰੀਰਕ ਵਿਕਾਸ ਵਿੱਚੋਂ ਨਹੀਂ ਸਗੋਂ ਮਾਨਸਿਕ ਵਿਕਾਸ ਦੇ ਸਿੱਟੇ ਵਜੋਂ ਹੀ ਉਪਜਣਾ ਹੈ। ਵਿੱਦਿਆ, ਧਰਮ, ਅਖ਼ਬਾਰ, ਟੈਲੀਵੀਜਨ, ਰੇਡੀਓ ਅਤੇ ਕਲਾ ਆਦਿ ਮਨੁੱਖੀ ਮਨ ਨੂੰ ਮਨ-ਚਾਹਿਆ ਰੂਪ ਦੇਣ ਦੇ ਸਾਧਨ ਹਨ।

ਮਾਨਸਿਕ ਸੁੰਦਰਤਾ ਨੂੰ ਕ੍ਰਿਤ੍ਰਿਮ ਮੰਨਣਾ ਉਪਯੋਗੀ ਇਸ ਲਈ ਹੈ ਕਿ ਇਉਂ ਮੰਨਣ ਨਾਲ ਮਨੁੱਖ ਇਸ ਸੁੰਦਰਤਾ ਨੂੰ ਉਪਜਾਉਣ ਦਾ ਚੇਤਨ ਜਤਨ ਕਰਨਾ ਯੋਗ ਸਮਝੇਗਾ ਅਤੇ ਦੂਜੇ ਉਨ੍ਹਾਂ ਸ਼ਕਤੀਆਂ ਵੱਲੋਂ ਸੁਚੇਤ ਰਹੇਗਾ ਜਿਹੜੀਆਂ ਉਸ ਦੇ ਮਨ ਨੂੰ ਆਪਣੀ ਮਰਜ਼ੀ ਦਾ ਰੂਪ ਦੇਣ ਦੇ ਆਹਰ-ਪਾਹਰ ਵਿੱਚ ਲੱਗੀਆਂ ਰਹਿੰਦੀਆਂ ਹਨ। ਇਉਂ ਮੰਨਣ ਵਾਲਾ ਆਦਮੀ ਆਪਣੇ ਮਾਨਸਿਕ ਕੋਝ ਲਈ ਆਪਣੇ ਆਪ ਨੂੰ ਜ਼ਿੰਮੇਂਵਾਰ ਮੰਨ ਕੇ ਆਪਣੇ ਚੌਗਿਰਦੇ ਨਾਲ ਉਹ ਦੁਖਦਾਈ ਸਾਂਝ ਪੈਦਾ ਕਰਨੋਂ ਵੀ ਸੰਕੋਚ ਕਰੇਗਾ ਜਿਹੜੀ ਸਾਂਝ ਉਹ ਮਨੁੱਖ ਪੈਦਾ ਕਰਨ ਦੀ ਰੁਚੀ ਰੱਖਦੇ ਹਨ। ਜਿਹੜੇ ਇਹ ਸਮਝਦੇ ਹਨ ਕਿ ਸਾਡੇ ਮਾਨਸਿਕ ਕੋਝ ਦਾ ਕਾਰਨ ਨਿਰਾ ਚੌਗਿਰਦਾ ਹੈ ਜਾਂ ਜਿਨ੍ਹਾਂ ਨੇ ਇਉਂ ਮੰਨ ਲਿਆ ਹੈ ਕਿ ਚੰਗੇ ਬੁਰੇ ਮਨ ਧੁਰੋਂ ਹੀ ਆਉਂਦੇ ਹਨ।

ਮਨੁੱਖ ਦੀ ਮਾਨਸਿਕ ਸੁੰਦਰਤਾ ਨੂੰ ਉਸ ਦਾ ਸੌਂਦਰਯ-ਸੰਕਲਪ ਆਖਿਆ ਜਾ ਸਕਦਾ ਹੈ। ਉਸ ਦੇ ਮਨ ਦਾ ਸੁੰਦਰ ਹੁੰਦੇ ਜਾਣਾ ਉਸ ਦੇ ਸੌਂਦਰਯ-ਸੰਕਲਪ ਦਾ ਵਿਕਸਦੇ ਜਾਣਾ ਹੈ ਜਿਸ ਦਾ ਵਰਣਨ ਮੈਂ ਸੌਂਦਰਯ-ਸੰਕਲਪ-ਵਿਕਾਸ ਵਾਲੇ ਲੇਖ ਵਿੱਚ ਕਰਾਂਗਾ। ਇੱਥੇ ਕੇਵਲ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਕਲਾਕਾਰਾਂ ਨੂੰ ਸੁਖ-ਸੁਆਦ ਅਤੇ ਆਨੰਦ ਵਿਚਲੇ ਸੂਖਮ ਭੇਤ ਦਾ ਪਤਾ ਨਹੀਂ ਹੁੰਦਾ ਉਹ ਸੁੰਦਰਤਾ ਅਤੇ ਵਿਸ਼ੇ-ਵਾਸਨਾ ਵਿੱਚ ਸਦੀਵੀ ਰਿਸ਼ਤਾ ਮੰਨਦੇ ਅਤੇ ਕਾਇਮ ਕਰਦੇ ਹਨ। ਇਹ ਰਿਸ਼ਤਾ ਕਈ ਰੂਪਾਂ ਵਿੱਚੋਂ ਹੁੰਦਾ ਹੋਇਆ ਅੰਤ ਇਸਤ੍ਰੀ ਰੂਪ ਅਤੇ ਵਾਸਨਾ ਦਾ ਰਿਸ਼ਤਾ ਹੋ ਨਿਬੜਦਾ ਹੈ। ਸਮਾਜਵਾਦੀ ਵਿਚਾਰਵਾਨ ਇਸ ਵਾਸਨਾ ਨੂੰ ਇਸਤ੍ਰੀ ਰੂਪ ਨਾਲ ਸੰਬੰਧਿਤ ਕਰਨ ਦੀ ਥਾਂ ਭੋਜਨ ਅਤੇ ਧਨ ਨਾਲ ਸੰਬੰਧਿਤ ਕਰਨ ਦਾ ਜਤਨ ਕਰਦੇ ਹਨ। ਕੁਝ ਵੀ ਹੋਵੇ ਵਾਸਨਾ ਆਖਰ ਵਾਸਨਾ ਹੈ ਅਤੇ ਇਸ ਦੀ ਪੂਰਤੀ ਪਰਮ-ਆਨੰਦ ਨਹੀਂ। ਸੌਂਦਰਯ-ਹੀਣ ਮਨਾਂ ਨੇ ਇਸਤ੍ਰੀ-ਸੁੰਦਰਤਾ ਅਤੇ ਵਾਸਨਾ ਦਾ ਰਿਸ਼ਤਾ ਕੁਦਰਤੀ ਅਤੇ ਸਦੀਵੀ ਬਣਾ ਦਿੱਤਾ ਹੈ। ਇਸ ਰਿਸ਼ਤੇ ਦਾ ਆਕਾਰ ਪਾਸਾਰ ਏਨਾ ਵੱਧ ਗਿਆ ਹੈ ਕਿ ਹਰ ਪ੍ਰਕਾਰ ਦੀ ਸੁੰਦਰਤਾ ਵਾਸਨਾ-ਮਈ ਮੰਨੀ ਜਾਣ ਲੱਗ ਪਈ ਹੈ। ਇਸ ਦੇ ਸਿੱਟੇ ਵਜੋਂ ਸਾਡੇ ਕਵੀ ਅਤੇ ਨਾਵਲਕਾਰ ਇੱਕ ਸਤਰ ਵਿੱਚ ਆਪਣੀ ਨਾਇਕਾ ਨੂੰ ਸ਼ਰਮ ਹਯਾ ਦੀ ਪੁੜੀ ਆਖਦੇ ਹਨ ਅਤੇ ਦੂਜੀ ਵਿੱਚ ਉਸ ਦੇ ਲੱਕ-ਲਚਕਾਰੇ ਦਾ ਵਰਣਨ ਕਰਨ ਲਗ ਪੈਂਦੇ ਹਨ। ਪੰਜਾਬੀ ਸਾਹਿਤ

ਤੋਂ ਬਾਹਰ, ਬੰਗਲਾ ਸਾਹਿਤ ਵਿਚ ਰਵੀਂਦਰ ਨਾਥ ਠਾਕੁਰ ਜੀ ਆਪਣੇ ਇਸਤ੍ਰੀ ਪਾਤ੍ਰਾਂ ਦੇ ਰੂਪ ਦਾ ਵਰਣਨ ਉਸੇ ਮਰਿਆਦਾ ਵਿੱਚ ਰਹਿ ਕੇ ਕਰਦੇ ਹਨ ਜਿਸ ਦੀ ਨਿਪੁੰਨਤਾ ਤੁਲਸੀ ਦਾਸ ਜੀ ਵਿੱਚ ਵੇਖੀ ਜਾ ਸਕਦੀ ਹੈ। ਉਰਦੂ ਦੇ ਜਗਤ-ਪ੍ਰਸਿੱਧ ਸ਼ਾਇਰ ਡਾਕਟਰ ਸਰ ਮੁਹੰਮਦ ਇਕਬਾਲ ਆਪਣੀ ਇੱਕ ਨਜ਼ਮ ਵਿੱਚ ਸੁੰਦਰਤਾ ਦੇ ਟਿਕਾਣਿਆਂ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ :

"ਵੁਹ ਤਿਫਲ ਕੀ ਕੋਸ਼ਸ਼ੇ ਗੁਫਤਾਰ ਮੇ ਹੁਸਨ।"*

ਉਹ ਅੱਖ ਉਸ ਪਲ ਭਰ ਲਈ ਕਿੰਨੀ ਪਵਿੱਤਰ ਹੋ ਗਈ ਹੋਵੇਗੀ ਜਿਸ ਪਲ ਵਿੱਚ ਉਸ ਨੂੰ ਬੱਚੇ ਦੀਆਂ ਤੋਤਲੀਆਂ ਗੱਲਾਂ ਵਿੱਚੋਂ ਦੈਵੀ ਸੁੰਦਰਤਾ ਝਲਕਦੀ ਦਿੱਸੀ ਹੋਵੇਗੀ। ਗੱਲਾਂ ਕਰਨ ਦੀ ਜਾਚ ਸਿਖਦੇ ਹੋਏ ਬੱਚੇ ਸਾਰਿਆਂ ਨੂੰ ਸੁਹਣੇ ਲਗਦੇ ਹਨ, ਪਰ ਕਦੇ ਕਦੇ, ਕਿਸੇ ਕਿਸੇ ਨੂੰ ਇਹ ਸੁਹਜ ਸਹਿਜ ਵਿੱਚ ਲੈ ਜਾਂਦਾ ਹੈ। ਸਾਡੇ ਯੁਗ ਦਾ ਇੱਕ ਕਵੀ ਜੇ ਆਪਣੇ ਸਾਰੇ ਜੀਵਨ ਦਾ ਬਹੁਤਾ ਸਮਾਂ ਨਹੀਂ ਤਾਂ ਆਪਣੇ ਕਾਵਿ-ਅਨੁਭਵ ਦਾ ਬਹੁਤਾ ਸਮਾਂ ਅਜਿਹੇ ਸਹਿਜ ਵਿੱਚ ਰਿਹਾ ਹੈ ਜਿੱਥੋਂ ਉਸ ਨੂੰ ਸਰੀਰਕ ਸੁੰਦਰਤਾ ਵਾਸਨਾ ਮੁਕਤ ਅਨੁਭਵ ਹੋਈ ਹੈ। ਉਸ ਨੇ ਪੰਜਾਬ ਦੇ ਪਿੱਪਲਾਂ, ਬੋਹੜਾਂ, ਬੇਰੀਆਂ, ਕਿੱਕਰਾਂ, ਫਲਾਹੀਆਂ, ਮਲ੍ਹਿਆਂ, ਝਾੜੀਆਂ ਵਿੱਚ ਸੁੰਦਰਤਾ ਵੇਖੀ ਅਤੇ ਮਾਣੀ ਹੈ। ਇਸ ਸੁੰਦਰਤਾ ਨੂੰ ਲੰਮੀ ਉਮਰ ਦੀ ਅਸੀਸ ਦਿੱਤੀ ਹੈ।** ਕੁਦਰਤੀ ਸੁੰਦਰਤਾ ਵੱਲੋਂ ਪਰਤ ਕੇ ਮਨੁੱਖੀ ਸੁੰਦਰਤਾ ਵੱਲ ਝਾਤੀ ਮਾਰੀ ਹੈ ਅਤੇ ਮੁਗਧ ਹੋ ਕੇ ਆਖਿਆ ਹੈ,

"ਜੀਣ ਤੇਰੇ ਬਾਲ ਸਾਰੇ ਮੁਸ ਮੁਸ ਰੋਣ ਵਾਲੇ।"

ਇਸ ਕਵੀ*** ਨੂੰ ਇਸਤ੍ਰੀ-ਸੁੰਦਰਤਾ ਨੂੰ ਬਿਆਨ ਕਰਨ ਦੀ ਲੋੜ ਵੀ ਪਈ ਹੈ ਅਤੇ ਇਸ ਨੇ ਬਿਆਨ ਕੀਤੀ ਵੀ ਹੈ। ਪੂਰਨ ਭਗਤ ਦਾ ਕਿੱਸਾ ਲਿਖਦਿਆਂ ਲੂਣਾਂ ਅਤੇ ਇੱਛਰਾਂ ਦੇ ਚਿੱਤਰ ਉਲੀਕ ਧਰੇ ਹਨ। ਕਿੱਸੇ ਦੇ ਮੱਧ ਵਿੱਚ ਸੁੰਦਰਾਂ ਦੀ ਸੁੰਦਰਤਾ ਲਿਆ ਖਿਲਾਰੀ ਹੈ ਅਤੇ ਅੰਤ ਵਿੱਚ ਮਾਂ ਇੱਛਰਾਂ ਨੇਤ੍ਰ-ਹੀਣੀ, ਜੋਬਨ-ਹੀਣੀ, ਦਰਬ-ਹੀਣੀ, ਰੂਪ-ਹੀਣੀ ਅਤੇ ਬੁੱਧ-ਹੀਣੀ ਹੁੰਦੀ ਹੋਈ ਵੀ ਸੁੰਦਰ ਹੈ ਕਿਉਂਕਿ 'ਮਾਂ' ਹੈ ਅਤੇ ਉਸ ਵਿੱਚ ਸੁੰਦਰਤਾ ਦਾ ਅਨੁਭਵ ਕਰਨ ਵਾਲੇ ਦਾ ਸੌਂਦਰਯ-ਸੰਕਲਪ ਉਸ ਸਮੇਂ ਦਾ ਬਣਿਆ ਹੋਇਆ ਹੈ ਜਦੋਂ ਉਹ 'ਮਾਇ ਬਾਪ ਕੀ ਸੁਧ' ਅਤੇ ਪਿਆਰ ਉਪੰਨੀ ਖੇਡ ਦੀ ਅਵਸਥਾ ਵਿੱਚ ਸੀ। ਜਿਨ੍ਹਾਂ ਦਾ ਸੌਂਦਰਯ-ਸੰਕਲਪ 'ਛੇਵੇਂ ਕਾਮ ਨਾ ਪੁਛੇ ਜਾਤ' ਵਾਲੀ ਪੌੜੀ ਚੜ੍ਹ ਕੇ ਬਣਦਾ ਹੈ ਉਨ੍ਹਾਂ ਲਈ ਲੂਣਾ ਆਦਰਸ਼ ਨਾਰੀ ਹੈ। ਲਾਲਾ ਧਨੀ ਰਾਮ 'ਚਾਤ੍ਰਿਕ', ਲਾਲਾ ਕਿਰਪਾ ਸਾਗਰ ਅਤੇ ਬਾਵਾ ਬਲਵੰਤ ਕੁਝ ਹੋਰ ਪੰਜਾਬੀ ਕਵੀ ਹਨ ਜਿਨ੍ਹਾਂ ਨੇ ਸੌਂਦਰਯ ਦੀ ਪਰਿਭਾਸ਼ਾ

---

*ਗੱਲਾਂ ਕਰਨ ਦੀ ਜਾਚ ਸਿੱਖਣ ਦੀ ਕੋਸ਼ਸ਼ ਕਰਦੇ ਬੱਚੇ ਵਿੱਚ ਖੂਬਸੂਰਤੀ ਦੀ ਝਲਕ ਵੇਖੋ।

**ਬਹੁਤਾ ਅੰਨ ਉਗਾਉਣ ਦੇ ਸਰਾਪ ਨੇ ਕਵੀ ਦੀ ਅਸੀਸ ਸਫਲ ਨਹੀਂ ਹੋਣ ਦਿੱਤੀ।

***ਪ੍ਰੋਫੈਸਰ ਪੂਰਨ ਸਿੰਘ ਜੀ।

ਡਾਕਟਰ ਫਰਾਇਡ ਕੋਲੋਂ ਨਹੀਂ ਸਿੱਖੀ। ਇਹ ਲੋਕ ਕਿਸੇ ਵੇਲੇ ਵੀ ਪ੍ਰੋਫੈਸਰ ਪੂਰਨ ਸਿੰਘ ਨਾਲ ਇੱਕ ਜ਼ਬਾਨ ਹੋ ਕੇ ਸਾਰੇ ਜਗਤ ਦੀ ਇਸਤ੍ਰੀ-ਸੁੰਦਰਤਾ ਨੂੰ 'ਆ ਭੈਣ ਹੀਰੇ' ਅਤੇ ਪੁਰਸ਼ ਸੁੰਦਰਤਾ ਨੂੰ 'ਆ ਵੀਰਾ ਰਾਂਝਿਆ' ਕਹਿ ਕੇ ਆਵਾਜ਼ਾਂ ਮਾਰ ਸਕਦੇ ਹਨ।

ਇਹ ਆਵਾਜ਼ਾਂ ਹੀ ਕਲਾ ਹਨ ਅਤੇ ਸਾਰੀ ਕਲਾ ਕ੍ਰਿਤ੍ਰਿਮ ਸੁੰਦਰਤਾ ਉਪਜਾਉਣ ਦਾ ਜਤਨ ਮਾਤਰ ਹੈ। ਕਲਾਕਾਰ ਦਾ ਹਿਰਦਾ ਇੱਕ ਤ੍ਰਿਬੇਣੀ ਹੈ ਜਿੱਥੇ ਕੁਦਰਤੀ, ਕ੍ਰਿਤ੍ਰਿਮ ਅਤੇ ਮਾਨਸਿਕ ਸੁੰਦਰਤਾ ਦਾ ਸੰਜੋਗ ਹੁੰਦਾ ਹੈ। ਇੱਥੇ ਇਹ ਤਿੰਨੇ ਸੁੰਦਰਤਾਵਾਂ ਇੱਕ ਦੂਜੀ ਵਿਚ ਘੁਲ ਮਿਲ ਜਾਂਦੀਆਂ ਹਨ; ਇੱਕ ਦੂਜੀ ਨੂੰ ਪ੍ਰਭਾਵਿਤ ਕਰਦੀਆਂ ਹਨ। ਕਲਾ ਨਾਲ ਸੰਬੰਧਿਤ ਲੇਖਾਂ ਵਿਚ ਕ੍ਰਿਤ੍ਰਿਮ ਸੁੰਦਰਤਾ ਦਾ ਵਿਸਥਾਰ ਕਰਨ ਦਾ ਜਤਨ ਕਰਾਂਗਾ। ਕ੍ਰਿਤ੍ਰਿਮ ਸੁੰਦਰਤਾ ਦਾ ਇੱਕੋ ਇੱਕ ਮਨੋਰਥ ਹੈ ਮਨੁੱਖੀ ਹਿਰਦੇ ਦੀ ਸੁੰਦਰਤਾ ਵਿੱਚ ਵਾਧਾ ਕਰਨਾ ਤਾਂ ਜੁ ਉਹ ਕੁਦਰਤੀ ਅਤੇ ਕ੍ਰਿਤ੍ਰਿਮ ਸੁੰਦਰਤਾ ਦੇ ਸੱਤ-ਸਰੂਪ ਦਾ ਅਨੁਭਵ ਕਰ ਸਕੇ। ਸਾਡੀ ਕਲਾ ਇਸ ਫਰਜ਼ ਨੂੰ ਕਿੱਥੋਂ ਤਕ ਨਿਭਾ ਸਕੀ ਹੈ ? 'ਕਲਾ ਅਤੇ ਜਨ ਸਾਧਾਰਣ' ਵਿੱਚ ਇਸ ਪ੍ਰਸ਼ਨ ਦਾ ਉੱਤਰ ਲੱਭਣ ਦਾ ਜਤਨ ਵੀ ਕਰਾਂਗਾ।

# ਕ੍ਰਿਤ੍ਰਿਮ ਜਾਂ ਬਨਾਵਟੀ ਸੁੰਦਰਤਾ

ਕ੍ਰਿਤ੍ਰਿਮ ਸੁੰਦਰਤਾ ਮਨੁੱਖੀ ਜਤਨ ਦੀ ਉਪਜ ਹੈ । ਉਸ ਜਤਨ ਦਾ ਨਾਂ 'ਕਲਾ' ਹੈ । ਕ੍ਰਿਤ੍ਰਿਮ ਸੁੰਦਰਤਾ ਬਹੁਤ ਹੱਦ ਤਕ ਕੁਦਰਤੀ ਸੁੰਦਰਤਾ ਦੀ ਨਕਲ ਹੈ । ਇਸ ਦੀ ਸਾਰੀ ਪ੍ਰੇਰਣਾ ਕੁਦਰਤੀ ਸੁੰਦਰਤਾ ਵਿੱਚੋਂ ਮਿਲਦੀ ਹੈ । ਲਗਪਗ ਹਰ ਵਿਅਕਤੀ ਸੁੰਦਰਤਾ ਤੋਂ ਥੋੜਾ ਜਾਂ ਬਹੁਤਾ ਪ੍ਰਭਾਵਿਤ ਹੁੰਦਾ ਹੈ । ਹਰ ਕਿਸੇ ਵਿੱਚ ਆਪਣੇ ਅਨੁਭਵ ਨੂੰ ਦੂਜਿਆਂ ਨਾਲ ਸਾਂਝਾ ਕਰਨ ਦੀ ਇੱਛਾ ਹੈ। ਦੁੱਖ-ਸੁੱਖ ਅਤੇ ਖੁਸ਼ੀ-ਗਮੀ ਦੇ ਅਨੁਭਵ ਦੀ ਸਾਂਝ ਤੋਂ ਮਨੁੱਖੀ ਜੀਵਨ ਵਿੱਚ ਮੇਲੇ ਮੁਕਾਣਾਂ, ਵਿਆਹਾਂ ਦੀਆਂ ਰਸਮਾਂ ਅਤੇ ਹੋਰ ਕਿੰਨਾ ਕੁਝ ਉਪਜਿਆ ਹੈ । ਇਸੇ ਸਾਂਝ ਦੀ ਇੱਛਾ ਨੇ ਆਰਟ, ਹੁਨਰ ਜਾਂ ਕੋਮਲ ਕਲਾ ਨੂੰ ਵੀ ਜਨਮ ਦਿੱਤਾ ਹੈ । ਹਰ ਕਿਸੇ ਵਿੱਚ ਆਪਣੇ ਅਨੁਭਵ ਨੂੰ ਦੂਜਿਆਂ ਨਾਲ ਸਾਂਝਾ ਕਰਨ ਦੀ ਯੋਗਤਾ ਇੱਕੋ ਜਿੰਨੀ ਨਹੀਂ ਹੁੰਦੀ, ਹਰ ਕਿਸੇ ਦਾ ਅਹਿਸਾਸ ਇੱਕੋ ਜਿੰਨਾ ਤੀਖਣ ਨਹੀਂ ਹੁੰਦਾ । ਜਿਨ੍ਹਾਂ ਦਾ ਅਹਿਸਾਸ ਤੀਖਣ ਹੁੰਦਾ ਹੈ ਅਤੇ ਜਿਨ੍ਹਾਂ ਕੋਲ ਆਪਣੇ ਅਹਿਸਾਸ ਨੂੰ ਦੂਜਿਆਂ ਵਿੱਚ ਜਗਾ ਸਕਣ ਦੀ ਯੋਗਤਾ ਹੁੰਦੀ ਹੈ ਉਹ ਕਲਾਕਾਰ ਆਖੇ ਜਾਂਦੇ ਹਨ । ਕੁਦਰਤ ਵਿਚਲੀ ਸੁੰਦਰਤਾ ਬਹੁ-ਰੰਗੀ ਹੈ, ਇਸ ਦਾ ਅਨੁਭਵ ਵੀ ਅਨੇਕ ਰੂਪੀ ਹੈ । ਇਸ ਅਨੇਕ ਰੂਪੀ ਅਨੁਭਵ ਨੂੰ ਦੂਜਿਆਂ ਤਕ ਪੁਚਾਉਣ ਦੀਆਂ ਯੋਗਤਾਵਾਂ ਵੀ ਕਈ ਪ੍ਰਕਾਰ ਦੀਆਂ ਹਨ । ਇਸ ਤੋਂ ਹੀ ਵੱਖ ਵੱਖ ਪ੍ਰਕਾਰ ਦੀਆਂ ਕਲਾਵਾਂ ਦਾ ਜਨਮ ਹੋਇਆ ਹੈ । ਕਿਸੇ ਨੂੰ ਕੋਈ ਦ੍ਰਿਸ਼ ਚੰਗਾ ਲੱਗਦਾ ਹੈ; ਉਹ ਆਪਣੀ ਯੋਗਤਾ ਅਤੇ ਰੁਚੀ ਅਨੁਸਾਰ ਉਸ ਦ੍ਰਿਸ਼ ਨੂੰ ਕਾਗਜ਼ ਜਾਂ ਕੱਪੜੇ ਉੱਤੇ ਤਸਵੀਰ ਜਾਂ ਚਿੱਤਰ ਰੂਪ ਵਿੱਚ ਸਾਕਾਰ ਕਰ ਦਿੰਦਾ ਹੈ । ਇੱਕ ਹੋਰ ਵਿਅਕਤੀ ਉਸੇ ਦ੍ਰਿਸ਼ ਨੂੰ ਕਾਵਿ ਰੂਪ ਵਿੱਚ ਸ਼ਬਦਾਂ ਰਾਹੀਂ ਦੁਹਰਾ ਦਿੰਦਾ ਹੈ । ਦੋਵੇਂ ਹੀ ਆਪੋ ਆਪਣੇ ਢੰਗ ਨਾਲ ਅਸਲ ਦੀ ਨਕਲ ਕਰਦੇ ਹਨ ।

ਆਦੀ ਮਨੁੱਖ ਕੋਲ, ਕਾਗਜ਼, ਕਲਮ, ਦਵਾਤ, ਰੰਗ, ਬੁਰਸ਼, ਹਥੋੜਾ, ਛੈਣੀ, ਘੁੰਗਰੂ ਅਤੇ ਸਾਜ਼-ਸਿਤਾਰ ਨਹੀਂ ਸਨ । ਉਸ ਕੋਲ ਇੱਕ ਸਰਲ ਜਿਹਾ ਹਿਰਦਾ ਸੀ ਅਤੇ ਸਰਲ ਜਿਹੇ ਹਿਰਦੇ ਵਿੱਚ ਸਰਲ ਜਿਹੇ ਭਾਵ ਸਨ । ਬਹੁਤੀ ਕਲਪਨਾ ਵੀ ਉਸ ਕੋਲ ਨਹੀਂ ਸੀ । ਕੁਦਰਤੀ ਸੁੰਦਰਤਾ ਦਾ ਅਨੁਭਵ ਹਾਸਲ ਕਰਨ ਲਈ ਉਸ ਕੋਲ ਗਿਆਨ ਇੰਦ੍ਰੀਆਂ ਸਨ ਅਤੇ ਸੁੰਦਰਤਾ ਦੇ ਪ੍ਰਭਾਵ ਵਜੋਂ ਆਨੰਦਿਤ ਹੋਣ ਵਾਲਾ ਹਿਰਦਾ ਸੀ । ਇੱਥੇ ਮੈਂ ਇੱਕ ਹੋਰ

ਗੱਲ ਦਾ ਜ਼ਿਕਰ ਕਰਨਾ ਉੱਚਿਤ ਸਮਝਦਾ ਹਾਂ ਕਿਉਂਕਿ ਅੱਗੇ ਚੱਲ ਕੇ ਉਸ ਦੀ ਜਾਣਕਾਰੀ ਦੀ ਲੋੜ ਪਵੇਗੀ। ਚਾਰਲਜ਼ ਡਾਰਵਿਨ ਨੇ ਆਪਣੀ ਖੋਜ ਦੁਆਰਾ ਇਹ ਸਿੱਧ ਕੀਤਾ ਸੀ ਕਿ ਪਸ਼ੂਆਂ ਦੇ ਹੌਲੀ ਹੌਲੀ ਵਿਕਸਣ ਨਾਲ ਮਨੁੱਖ ਦਾ ਜਨਮ ਹੋਇਆ ਹੈ। ਇਹ ਸਿਧਾਂਤ ਭਾਰਤ ਦੇ ਲੋਕਾਂ ਲਈ ਨਵਾਂ ਨਹੀਂ ਕਿਉਂਕਿ ਉਹ ਪਹਿਲਾਂ ਤੋਂ ਜਾਣਦੇ ਹਨ ਕਿ ਚੁਰਾਸੀ ਲੱਖ ਜੂਨ ਦਾ ਚੱਕਰ ਲਾ ਕੇ ਮਨੁੱਖ ਦੇਹੀ ਪ੍ਰਾਪਤ ਹੁੰਦੀ ਹੈ। ਯੌਰਪ ਦੇ ਲੋਕਾਂ ਲਈ ਇਹ ਸਿਧਾਂਤ ਇਕ ਤੂਫਾਨ ਸੀ, ਇਕ ਭੂਚਾਲ ਸੀ ਜਿਸ ਨੇ ਉਨ੍ਹਾਂ ਦੇ ਇਸ ਵਿਸ਼ਵਾਸ ਨੂੰ ਝੰਜੋੜ ਸੁੱਟਿਆ ਕਿ ਰੱਬ ਨੇ ਛੇ ਦਿਨਾਂ ਵਿਚ ਸ੍ਰਿਸ਼ਟੀ ਸਿਰਜ ਕੇ ਸੱਤਵੇਂ ਦਿਨ ਆਰਾਮ ਕੀਤਾ ਸੀ। ਜਦੋਂ ਇਹ ਸਿਧਾਂਤ ਸ਼ਕਤੀ ਪਾ ਕੇ ਈਸਾਈਅਤ ਦੀ ਮਾਰ ਖਾਣ ਜੋਗਾ ਹੋਣ ਦੇ ਨਾਲ ਨਾਲ ਅਗੋਂ ਹੱਥ ਚੁੱਕਣ ਦੇ ਯੋਗ ਵੀ ਹੋ ਗਿਆ ਤਾਂ ਯੌਰਪ ਦੇ ਵਿਦਵਾਨਾਂ ਨੇ ਜੀਵਨ ਦੇ ਹਰ ਪੱਖ ਵਿੱਚ ਇਸ ਨੂੰ ਲਾਗੂ ਕਰਨਾ ਆਰੰਭ ਕਰ ਦਿੱਤਾ। ਲਾਗੂ ਕਰਨ ਤੋਂ ਉਨ੍ਹਾਂ ਦਾ ਭਾਵ ਇਹ ਸੀ ਕਿ ਜਿਵੇਂ ਸ੍ਰਿਸ਼ਟੀ ਦੀ ਰਚਨਾ ਕਿਸੇ ਸਿਰਜਣ-ਹਾਰ ਦੇ 'ਕੁਨ' ਕਹਿਣ ਉੱਤੇ ਨਹੀਂ ਹੋਈ ਸਗੋਂ ਇਸ ਦੇ ਵਿਕਸਣ ਦਾ ਇਤਿਹਾਸ ਕ੍ਰੋੜਾਂ ਸਾਲ ਲੰਮਾਂ ਹੈ ਅਤੇ ਜਿਵੇਂ ਆਦਮੀ ਨੂੰ ਸੁਰਗ ਵਿੱਚੋਂ ਧੱਕਾ ਦੇ ਕੇ ਧਰਤੀ ਉੱਤੇ ਨਹੀਂ ਸੁਟਿਆ ਗਿਆ ਸਗੋਂ ਜੀਵਨ ਦੇ ਕ੍ਰੋੜਾਂ ਸਾਲ ਲੰਮੇਂ ਘੋਲ ਵਿੱਚੋਂ ਇਸ ਦੀ ਸਿਰਜਣਾ ਹੋਈ ਹੈ ਤਿਵੇਂ ਹੀ ਹਰ ਵਸਤੂ, ਹਰ ਵਿਚਾਰ, ਹਰ ਸਿਧਾਂਤ, ਹਰ ਰਿਵਾਜ, ਹਰ ਰਸਮ, ਹਰ ਵਿਸ਼ਵਾਸ, ਹਰ ਆਦਰਸ਼ ਅਤੇ ਹਰ ਕੀਮਤ (Value) ਪਿੱਛੇ ਵੀ ਇੱਕ ਇਤਿਹਾਸ ਹੈ। ਵਿਦਵਾਨਾਂ ਦਾ ਇਉਂ ਮੰਨਣਾ ਅਤੇ ਸਿੱਧ ਕਰਨਾ ਕੋਈ ਅਯੋਗ ਗੱਲ ਨਹੀਂ ਸੀ। ਜੀਵਨ ਵਿਚਲਾ ਢੇਰ ਸਾਰਾ ਨਿੱਕ ਸੁੱਕ ਸ੍ਵੈ-ਰੱਖਿਆ ਦੇ ਸੰਘਰਸ਼ ਵਿੱਚੋਂ ਉਪਜਿਆ ਹੋਇਆ ਹੈ। ਤਾਂ ਵੀ ਕਈ ਵਿਦਵਾਨਾਂ ਨੇ ਹਰ ਆਦਰਸ਼ ਪਿਛਲੇ ਇਤਿਹਾਸ ਦੀ ਖੋਜ ਦੇ ਜੋਸ਼ ਵਿੱਚ ਉਸ ਚੇਤਨਾ ਨੂੰ ਵੀ ਵਿਕਾਸ ਦੀ ਉਪਜ ਸਿੱਧ ਕਰਨਾ ਆਰੰਭ ਕਰ ਦਿੱਤਾ ਜਿਸ ਚੇਤਨਾ ਤੋਂ ਇਸ ਵਿਕਾਸ ਦਾ ਜਨਮ ਹੋਇਆ ਮੰਨਿਆ ਜਾਣਾ ਚਾਹੀਦਾ ਹੈ। ਇੱਕ ਵੇਰ ਉਸ ਮੁੱਢਲੀ ਚੇਤਨਾ ਨੂੰ ਵਿਕਾਸ ਦੀ ਉਪਜ ਮੰਨ ਲੈਣ ਪਿੱਛੋਂ ਉਹ ਵਿਦਵਾਨ ਉਨ੍ਹਾਂ ਸਾਰੀਆਂ ਕ਼ਦਰਾਂ ਕੀਮਤਾਂ (ਸੱਚ, ਨੇਕੀ, ਈਮਾਨਦਾਰੀ, ਆਚਰਣ, ਨੈਤਿਕਤਾ ਆਦਿ) ਨੂੰ ਵੀ ਵਿਕਾਸ ਦੀ ਉਪਜ ਮੰਨਣ ਅਤੇ ਦੱਸਣ ਲੱਗ ਪਏ ਜਿਨ੍ਹਾਂ ਨੂੰ ਮਨੁੱਖ ਧੁਰੋਂ ਆਈਆਂ ਮੰਨਦਾ ਆਇਆ ਸੀ। ਇਨ੍ਹਾਂ ਨੂੰ ਧੁਰੋਂ ਆਈਆਂ ਨਾ ਮੰਨ ਕੇ ਵਿਕਾਸ ਦੀ ਉਪਜ ਮੰਨਣ ਦਾ ਭਾਵ ਇਹ ਹੁੰਦਾ ਹੈ ਕਿ ਮਨੁੱਖਾਂ ਅਤੇ ਮਨੁੱਖੀ ਸਮਾਜਾਂ ਨੂੰ ਵੱਖ ਵੱਖ ਪਰਿਸਥਿਤੀਆਂ ਵਿੱਚ ਵੱਖ ਵੱਖ ਵਿਚਾਰ ਘੜਨੇ ਪਏ ਹਨ। ਉਨ੍ਹਾਂ ਵਿਚਾਰਾਂ ਨੂੰ ਮੰਨਣ ਵਿੱਚ ਅਤੇ ਉਨ੍ਹਾਂ ਅਨੁਸਾਰ ਵਰਤਣ ਵਿੱਚ ਮਨੁੱਖੀ ਸਮਾਜ ਸੁਰੱਖਿਆ ਮਹਿਸੂਸ ਕਰਦੇ ਸਨ। ਜਿਵੇਂ ਹਰ ਬਾਦਸ਼ਾਹ ਨੂੰ ਇਹ ਲੋੜ ਸੀ ਕਿ ਕਿਸੇ ਦੂਜੇ ਬਾਦਸ਼ਾਹ ਦੁਆਰਾ ਹੱਲਾ ਕੀਤਾ ਜਾਣ ਸਮੇਂ ਮੇਰੀ ਸੈਨਾ ਦੇ ਲੋਕ ਮੈਨੂੰ ਛੱਡ ਨਾ ਜਾਣ। ਇਸ ਗੱਲ ਦਾ ਭਰੋਸਾ ਕਰਨ ਦੇ ਹੋਰ ਜਤਨਾਂ ਦੇ ਨਾਲ ਨਾਲ ਲੋਕਾਂ ਨੂੰ ਵਫਾਦਾਰੀ ਦੀ ਸਿੱਖਿਆ ਦਿੱਤੀ ਗਈ। ਵਫਾਦਾਰੀ ਨੂੰ ਪਵਿੱਤਰ ਗੁਣ ਸਿੱਧ ਕਰਨ ਲਈ ਕਹਾਣੀਆਂ ਰਚੀਆਂ ਗਈਆਂ ਜਿਨ੍ਹਾਂ ਵਿੱਚ ਵਫਾਦਾਰ ਆਦਮੀ ਨੂੰ

ਵਫਾਦਾਰੀ ਲਈ ਜਾਨ ਦਿੰਦਾ ਵਿਖਾਇਆ ਗਿਆ। ਇਸ ਦੇ ਉਲਟ ਗੱਦਾਰੀ ਨੂੰ ਨੀਚਤਾ ਨਾਲ ਜੋੜ ਕੇ ਵਫਾਦਾਰੀ ਨੂੰ ਦੈਵੀ ਵਡਿਆਈ ਦਿੱਤੀ ਗਈ। ਹੌਲੀ ਹੌਲੀ ਇਹ ਭਾਵ ਮਨੁੱਖੀ ਮਨਾਂ ਵਿੱਚ ਦ੍ਰਿੜ੍ਹ ਹੋ ਗਿਆ। ਇਉਂ ਵਫਾਦਾਰੀ ਦਾ ਭਾਵ ਮਨੁੱਖੀ ਮਨ ਵਿੱਚ ਜਾਗੀਰਦਾਰੀ ਯੁੱਗ ਦੀ ਇੱਕ ਲੋੜ ਵਿੱਚੋਂ ਉਪਜਿਆ ਹੈ ਜਾਂ ਉਪਜਾਇਆ ਗਿਆ ਹੈ। ਇਸੇ ਤਰ੍ਹਾਂ ਵੱਖ ਵੱਖ ਕੀਮਤਾਂ ਕਦਰਾਂ ਨੂੰ ਵੱਖ ਵੱਖ ਲੋੜਾਂ ਨਾਲ ਜੋੜ ਕੇ ਇਨ੍ਹਾਂ ਨੂੰ ਜਾਗੀਰਦਾਰੀ, ਪੂੰਜੀਵਾਦੀ, ਸਮਾਜਵਾਦੀ ਕੀਮਤਾਂ ਦੇ ਕਈ ਵੰਨ-ਸੁਵੰਨੇ ਨਾਂ ਦੇਣ ਵਿੱਚ ਵਿਦਵੱਤਾ ਵੀ ਮੰਨੀ ਜਾਂਦੀ ਹੈ ਅਤੇ ਇਨਕਲਾਬੀਅਤ ਵੀ। ਇਸ ਸਿਧਾਂਤ ਅਨੁਸਾਰ ਸਾਰੀ ਨੈਤਿਕਤਾ ਕਿਸੇ ਸਮੇਂ ਦੀ ਲੋੜ ਵਿੱਚੋਂ ਉਪਜੀ ਹੋਈ ਵਕਤੀ ਚੀਜ਼ ਹੈ। ਇਸ ਵਿੱਚ ਸਦੀਵੀ ਕੁਝ ਨਹੀਂ। ਹਰ ਯੁਗ ਆਪਣੇ ਲਈ ਨਵੀਂ ਨੈਤਿਕਤਾ ਘੜਦਾ ਹੈ।

ਹੁਣ ਪਹਿਲਾ ਜੋਸ਼ ਮੱਠਾ ਪੈ ਚੁੱਕਾ ਹੈ। ਮਸ਼ੀਨ ਦੀ ਉੱਨਤੀ ਨਾਲ ਉਪਜੀਆਂ ਸਮਾਜਕ ਸਮੱਸਿਆਵਾਂ ਅਤੇ ਵਿਗਿਆਨ ਦੀਆਂ ਨਵੀਆਂ ਖੋਜਾਂ ਪੁਰਾਣੀ ਨੈਤਿਕਤਾ ਦੀ ਲੋੜ ਮਹਿਸੂਸ ਕਰਵਾਉਣ ਲੱਗ ਪਈਆਂ ਹਨ। ਅੱਲ੍ਹੜ ਮੁੰਡਿਆਂ ਵਿੱਚ ਜੁਰਮ ਦਾ ਵਾਧਾ ਇਹ ਮੰਗ ਕਰਦਾ ਹੈ ਕਿ ਪਰਵਾਰ, ਵਿਆਹ ਅਤੇ ਪਿਤਾ ਦੇ ਮਹੱਤਵ ਨੂੰ ਕਾਇਮ ਕੀਤਾ ਜਾਵੇ ਜਿੱਥੇ ਕਿ ਇਸੇ ਸਦੀ ਦਾ ਪ੍ਰਸਿੱਧ ਵਿਚਾਰਵਾਨ ਬਰਟ੍ਰੰਡ ਰਸਲ ਪਰਵਾਰ, ਵਿਆਹ, ਪਿਉ ਅਤੇ ਪਤੀਬ੍ਰਤ ਨੂੰ, ਪੂੰਜੀਵਾਦੀ ਅਤੇ ਜਾਗੀਰਦਾਰੀ ਕੀਮਤਾਂ ਕਹਿ ਕੇ ਮਨੁੱਖ ਦੇ ਅਧਿਓਂ ਬਹੁਤੇ ਦੁੱਖਾਂ ਦਾ ਕਾਰਨ ਮੰਨਦਾ ਸੀ। ਸਮਾਜਵਾਦੀ ਵਿਚਾਰਵਾਨ ਧਰਮ-ਯੁੱਧ ਦੀ ਅਫੀਮ ਦੇ ਅਮਲੀ ਹੋਣ ਕਰਕੇ ਇਸਲਾਮੀ ਦ੍ਰਿੜ੍ਹਤਾ ਦੇ ਧਾਰਨੀ ਹਨ। ਉਹ ਅਜੇ ਵੀ ਇਹ ਮੰਨਦੇ ਅਤੇ ਕਹਿੰਦੇ ਹਨ ਕਿ ਨੈਤਿਕਤਾ ਵਾਂਗ ਭਾਵੁਕਤਾ ਵੀ ਜਾਗੀਰਦਾਰੀ ਅਤੇ ਪੂੰਜੀਵਾਦੀ ਸਮਾਜਕ ਅਤੇ ਰਾਜਨੀਤਕ ਜੀਵਨ ਦੀ ਉਪਜ ਹੈ। ਆਦੀ ਮਨੁੱਖ ਕੋਲ ਭਾਵ ਵੀ ਨਹੀਂ ਸਨ। ਇਹ ਗੱਲ ਡਾਰਵਿਨ ਦੇ ਸਿਧਾਂਤ ਦਾ ਵਿਰੋਧ ਹੈ। ਪਸ਼ੂਆਂ ਵਿੱਚੋਂ ਵਿਕਸਣ ਵਾਲੇ ਮਨੁੱਖ ਨੂੰ ਪਸ਼ੂਆਂ ਵਾਲੀ ਪਰਵਿਰਤੀ ਅਤੇ ਭਾਵੁਕਤਾ ਕਿਉਂ ਨਾ ਮਿਲੀ ? ਜ਼ਰੂਰ ਮਿਲੀ ਹੋਵੇਗੀ। (ਪਰ ਡਾਰਵਿਨ ਦੀਆਂ ਸਾਰੀਆ ਗੱਲਾਂ ਸੱਚੀਆਂ ਨਹੀਂ ਹੋ ਸਕਦੀਆਂ ਕਿਉਂਕਿ ਉਹ ਸਮਾਜਵਾਦੀ ਨਹੀਂ ਸੀ।)

ਆਦੀ ਮਨੁੱਖ ਅਜੇ ਸਮਾਜਵਾਦੀ ਯਥਾਰਥਵਾਦ ਤੋਂ ਜਾਣੂ ਨਹੀਂ ਸੀ ਇਸ ਲਈ ਉਸ ਕੋਲ ਹਿਰਦਾ ਸੀ; ਹਿਰਦੇ ਵਿੱਚ ਭਾਵ ਸਨ। ਕੁਦਰਤ ਦੀ ਸੁੰਦਰਤਾ ਉਸ ਦੇ ਹਿਰਦੇ ਨੂੰ ਛੂਹ ਕੇ ਤਰੰਗਿਤ ਕਰ ਦਿੰਦੀ ਸੀ। ਉਹ ਆਨੰਦ-ਮਗਨ ਹੁੰਦਾ ਸੀ। ਇਸ ਆਨੰਦ ਦਾ ਪ੍ਰਗਟਾਵਾ ਕਰਨ ਲਈ ਉਸ ਕੋਲ ਆਵਾਜ਼ ਸੀ ਅਤੇ ਸਰੀਰ ਦੇ ਹਾਵ-ਭਾਵ ਸਨ। ਆਵਾਜ਼ ਨੂੰ ਹੇਕਾਂ ਵਿੱਚ ਬਦਲ ਕੇ ਉਹ ਆਪਣੇ ਮਨ ਦੀ ਖੁਸ਼ੀ ਪ੍ਰਗਟ ਕਰਦਾ ਸੀ। ਇਹੋ ਅੱਗੇ ਚੱਲ ਕੇ ਸੰਗੀਤ ਬਣ ਗਿਆ। ਸਰੀਰਕ ਚੇਸ਼ਟਾਵਾਂ ਜਾਂ ਹਰਕਤਾਂ ਦੁਆਰਾ ਖੁਸ਼ੀ ਦੇ ਪ੍ਰਗਟਾਵੇ ਵਿੱਚੋਂ ਨ੍ਰਿਤ ਜਾਂ ਨਾਚ ਨੇ ਜਨਮ ਲਿਆ। ਆਦੀ ਮਨੁੱਖ ਕੋਲ ਸੰਗੀਤ ਅਤੇ ਨ੍ਰਿਤ ਦ ਹੀ ਕਲਾ ਸਨ। ਸਮਾਂ ਬੀਤਣ ਉੱਤੇ ਉਸ ਨੇ ਆਪਣਾ ਅਨੁਭਵ

ਸ਼ਬਦਾਂ ਵਿੱਚ ਅੰਕਿਤ ਕਰਨਾ ਵੀ ਸਿੱਖ ਲਿਆ ਅਤੇ ਕਾਵਿ-ਕਲਾ ਦੀ ਨੀਂਹ ਰੱਖੀ ਗਈ। ਸੰਗੀਤ ਅਤੇ ਨ੍ਰਿਤ ਦੀ ਹਾਲਤ ਵਿੱਚ ਆਦੀ ਮਨੁੱਖ ਆਪਣੀ ਖ਼ੁਸ਼ੀ ਨੂੰ ਪ੍ਰਗਟ ਤਾਂ ਕਰਦਾ ਸੀ ਪਰ ਉਸ ਦਾ ਮਨੋਰਥ ਆਪਣੇ ਅਨੁਭਵ ਨੂੰ ਦੂਜਿਆਂ ਤਕ ਪਹੁੰਚਾਉਣਾ, ਜਾਂ ਦੂਜਿਆਂ ਨਾਲ ਸਾਂਝਾ ਕਰਨਾ ਜਾਂ ਦੂਜਿਆਂ ਵਿੱਚ ਉਸੇ ਆਨੰਦ ਦੀ ਅਨੁਭੂਤੀ ਜਗਾਉਣਾ ਨਹੀਂ ਸੀ। ਉਸ ਦਾ ਇਹ ਵਤੀਰਾ ਆਪ-ਮੁਹਾਰਾ ਸੀ, ਮਨੋਰਥ ਹੀਣ ਸੀ। ਉਸ ਦਾ ਨੱਚਣਾ ਉਸ ਦੇ ਆਪਣੇ ਮਨ ਦਾ ਚਾਉ ਸੀ। ਦੂਜਿਆਂ ਨਾਲ ਆਪਣੇ ਅਨੁਭਵ ਦੀ ਸਾਂਝ ਦਾ ਸੁਆਲ ਉਦੋਂ ਉਪਜਿਆ ਜਦੋਂ ਉਸ ਨੇ ਅਨੁਭਵ ਨੂੰ ਭਾਸ਼ਾ ਰਾਹੀਂ ਪ੍ਰਗਟ ਕਰਨਾ ਆਰੰਭ ਕਰ ਦਿੱਤਾ। ਭਾਸ਼ਾ ਰਾਹੀਂ ਆਪਣੇ ਅਨੁਭਵ ਦੇ ਪ੍ਰਗਟਾਵੇ ਵਿੱਚ ਸੰਗੀਤ ਅਤੇ ਨ੍ਰਿਤ ਨਾਲੋਂ ਕੁਝ ਵਿਸ਼ੇਸ਼ਤਾ ਸੀ। ਪਹਿਲੀ ਇਹ ਕਿ ਇਹ ਪ੍ਰਗਟਾਵਾ ਆਮ ਕਰਕੇ ਸਿੱਧਾ ਸਫੁਟ ਅਤੇ ਨਿਰੋਲ ਨਹੀਂ ਸੀ। ਨ੍ਰਿਤ ਅਤੇ ਸੰਗੀਤ ਸੁੰਦਰਤਾ ਦੇ ਅਨੁਭਵ ਦਾ ਸਿੱਧਾ ਅਤੇ ਅੱਤ ਨਿਕਟੀ ਪ੍ਰਗਟਾਵਾ ਸਨ। ਜਿਵੇਂ ਕਿਸੇ ਨੂੰ ਪੀੜ ਹੁੰਦੀ ਹੈ ਅਤੇ ਉਹ ਉਸੇ ਵੇਲੇ ਹਾਏ ਕਰਦਾ ਹੈ ਤਾਂ 'ਹਾਏ' ਅਤੇ ਪੀੜ ਇੱਕ ਰੂਪ ਹੁੰਦੇ ਹਨ। ਉਹੋ ਆਦਮੀ ਪੀੜ ਤੋਂ ਮੁਕਤ ਹੋ ਜਾਣ ਪਿੱਛੋਂ ਆਪਣੀ ਪੀੜ ਦੇ ਅਨੁਭਵ ਨੂੰ ਦੂਜਿਆਂ ਨੂੰ ਦੱਸਣ ਲੱਗਿਆਂ ਮੁੜ ਆਪਣੇ ਮਨ ਵਿੱਚ ਪੀੜ ਵਾਲੀ ਅਵਸਥਾ ਦਾ ਚੇਤਾ ਕਰਦਾ ਹੈ ਅਤੇ ਮੁੜ ਪਹਿਲਾਂ ਵਰਗੀ 'ਹਾਏ' ਕਰਦਾ ਹੈ। ਇਸ 'ਚੇਤਾ ਕਰਨ' ਨੂੰ ਉਸ ਦੀ ਕਲਪਨਾ ਆਖਿਆ ਜਾਵੇਗਾ ਅਤੇ ਉਹ ਆਪਣੇ ਸੱਚੇ ਅਨੁਭਵ ਦੀ ਕਲਪਨਾ ਕਰ ਕੇ ਦੂਜਿਆਂ ਨੂੰ ਆਪਣੀ ਮਾਨਸਿਕ ਅਵਸਥਾ ਦੇ ਭਾਈਵਾਲ ਬਣਾਉਣ ਵਾਲਾ ਕਲਾਕਾਰ ਸੱਦਿਆ ਜਾਵੇਗਾ। ਕਾਵਿ-ਕਲਾ ਵਿੱਚ ਕਲਪਨਾ ਆਰੰਭ ਤੋਂ ਹੀ ਸ਼ਾਮਿਲ ਹੁੰਦੀ ਆਈ ਹੈ। ਹੁਣ ਦੇ ਯੁਗ ਵਿੱਚ ਕਲਪਨਾ ਏਨੀ ਪ੍ਰਧਾਨ ਹੋ ਗਈ ਹੈ ਕਿ ਅਨੁਭਵ ਦੀ ਅਣਹੋਂਦ ਵਿੱਚ ਕੇਵਲ ਕਲਪਨਾ ਨਾਲ ਹੀ ਕਲਾ ਪੈਦਾ ਕਰ ਲਈ ਜਾਂਦੀ ਹੈ।

ਅਨੁਭਵ ਦੇ ਭਾਸ਼ਾਈ ਪ੍ਰਗਟਾਵੇ ਵਿੱਚ ਦੂਜੀ ਵਿਸ਼ੇਸ਼ਤਾ ਇਹ ਸੀ ਕਿ ਇਹ ਮਨੋਰਥ-ਪੂਰਣ ਸੀ। ਨ੍ਰਿਤ ਅਤੇ ਸੰਗੀਤ ਰਾਹੀਂ ਹੋਣ ਵਾਲੇ ਪ੍ਰਗਟਾਵਿਆਂ ਦੀ ਇਹ ਵਿਸ਼ੇਸ਼ਤਾ ਸੀ ਕਿ ਉਹ ਅਨੁਭਵ ਦੇ ਆਪ-ਮੁਹਾਰੇ ਪ੍ਰਗਟਾਵੇ ਸਨ ਅਤੇ ਉਸ ਸਮੇਂ ਹੋਂਦ ਵਿੱਚ ਆਉਂਦੇ ਸਨ ਜਦੋਂ ਮਨੁੱਖੀ ਮਨ ਅਨੁਭਵ ਦੀ ਅਵਸਥਾ ਵਿੱਚ ਗੁਆਚਾ ਹੁੰਦਾ ਸੀ। ਭਾਸ਼ਾ ਰੂਪ ਪ੍ਰਗਟਾਵਾ ਸਿੱਧਾ ਨਹੀਂ ਸੀ ਅਤੇ ਅਨੁਭਵ ਦੀ ਅਵਸਥਾ ਵਿੱਚੋਂ ਬਾਹਰ ਆ ਚੁੱਕੇ ਮਨ ਦੀ ਕਲਪਨਾ ਉੱਤੇ ਆਧਾਰਤ ਸੀ। ਇਹ ਇਸ ਪ੍ਰਗਟਾਵੇ ਦੀ ਨਿਊਨਤਾ, ਘਾਟ ਜਾਂ ਕਮਜ਼ੋਰੀ ਸੀ। ਪਰ ਇਸ ਕਮਜ਼ੋਰੀ ਦੇ ਨਾਲ ਨਾਲ ਇਸ ਵਿੱਚ ਇੱਕ ਵਿਸ਼ੇਸ਼ਤਾ ਇਹ ਸੀ ਕਿ ਇਹ ਦੂਜਿਆਂ ਨਾਲ ਸਹਾਨਭੂਤੀ ਦੇ ਭਾਵ ਦੀ ਉਪਜ ਸੀ। ਇਸ ਵਿੱਚ ਆਪਣੇ ਲਾਗੇ ਵੱਸਣ ਵਾਲੇ ਆਪਣੇ ਵਰਗੇ ਲੋਕਾਂ ਦੇ ਮਹੱਤਵ ਦੀ ਪਛਾਣ ਸੀ। ਇਹ ਆਪਣੇ ਸਾਥੀਆਂ ਨਾਲ ਦਿਲਚਸਪੀ ਦੀ ਰੁਚੀ ਵਿੱਚੋਂ ਉਪਜਿਆ ਸੀ। ਇਉਂ ਜਦੋਂ ਕਲਾ ਆਪਣੇ ਮੁਢਲੇ ਰੂਪ ਵਿੱਚ ਸੀ, ਜਦੋਂ ਜੰਗਲੀ ਮਨੁੱਖ ਦੀ ਜੰਗਲੀ ਜੀਵਨ ਜਾਚ ਵਾਂਗ ਕਲਾ ਵੀ ਅਜੇ ਅਣ-ਘੜਤ ਅਤੇ ਸਾਦ ਬਾਰੂਵੀਂ ਜਿਹੀ ਸੀ, ਉਦੋਂ ਵੀ ਆਪਣੇ ਚਾਰ ਚੁਫੇਰੇ ਵਸਦੇ ਜੀਵਨ

ਵਿੱਚ ਦਿਲਚਸਪੀ ਲੈਣ ਦੀ ਰੁਚੀ ਤੋਂ ਸੱਖਣੀ ਨਹੀਂ ਸੀ। ਆਨੰਦਮਈ ਅਨੁਭਵ ਦੇ ਭਾਸ਼ਾਈ ਪ੍ਰਗਟਾਵੇ ਦੀਆਂ ਉਪਰੋਕਤ ਦੋਹਾਂ ਵਿਸ਼ੇਸ਼ਤਾਵਾਂ (ਕਲਪਨਾ ਅਤੇ ਸਾਂਝ) ਨੇ ਕ੍ਰਿਤ੍ਰਿਮ ਸੌਂਦਰਯ ਉੱਤੇ ਜੋ ਪ੍ਰਭਾਵ ਪਾਇਆ ਹੈ ਇਸ ਦਾ ਵਰਣਨ ਵੀ ਅੱਗੇ ਚੱਲ ਕੇ ਕਰਾਂਗਾ।

ਆਦੀ ਮਨੁੱਖ ਦੇ ਨ੍ਰਿਤ ਅਤੇ ਸੰਗੀਤ ਸੌਂਦਰਯ-ਅਨੁਭਵ ਦੇ ਨੇੜਲੇ, ਸਿੱਧੇ, ਤੱਤਕਾਲੀਨ ਅਤੇ ਆਪਮੁਹਾਰੇ ਪ੍ਰਗਟਾਵੇ ਸਨ। ਇਨ੍ਹਾਂ ਰਾਹੀਂ ਉਹ ਸੁੰਦਰਤਾ ਦੀ ਨਕਲ ਕਰਨ ਦੀ ਥਾਂ ਸੁੰਦਰਤਾ ਤੋਂ ਪ੍ਰਾਪਤ ਹੋਏ ਆਨੰਦ ਦਾ ਪ੍ਰਗਟਾਵਾ ਕਰਦਾ ਸੀ। ਹੌਲੀ ਹੌਲੀ ਉਹ ਸਮ੍ਰਿਤੀ, ਕਲਪਨਾ ਅਤੇ ਭਾਸ਼ਾ ਦੀ ਸਹਾਇਤਾ ਨਾਲ ਕਾਵਿ-ਕਲਾ ਦਾ ਨਿਰਮਾਣ ਕਰ ਕੇ ਆਪਣੇ ਆਨੰਦ ਦਾ ਪ੍ਰਗਟਾਵਾ ਕਰਨ ਦੇ ਨਾਲ ਸੁੰਦਰਤਾ ਦੀ ਨਕਲ ਜਾਂ ਵਿਆਖਿਆ ਦੇ ਅਜੇਹੇ ਨਮੂਨੇ ਪੈਦਾ ਕਰਨ ਲੱਗ ਪਿਆ ਜਿਨ੍ਹਾਂ ਦੀ ਸਹਾਇਤਾ ਨਾਲ ਮਨੁੱਖੀ ਕਲਪਨਾ ਵਿੱਚ ਮੁੜ ਉਸੇ ਪ੍ਰਕਾਰ ਦਾ ਅਨੁਭਵ ਉਜਾਗਰ ਕਰ ਕੇ ਮਨ ਨੂੰ ਸੁਆਦ, ਰਸ ਜਾਂ ਆਨੰਦ ਦੀ ਅਵਸਥਾ ਵਿੱਚ ਲਿਜਾਇਆ ਜਾ ਸਕਦਾ ਸੀ। ਇੱਕ ਵੇਰ ਇਸ ਭੇਤ ਨੂੰ ਜਾਣ ਲੈਣ ਤੋਂ ਪਿੱਛੋਂ ਮਨੁੱਖ ਆਪਣੇ ਸਾਰੇ ਕੰਮਾਂ ਰਾਹੀਂ, ਜੀਵਨ ਦੇ ਹਰ ਪੱਖ ਵਿੱਚ ਸੁੰਦਰਤਾ ਦਾ ਸੰਚਾਰ ਕਰਨ ਦੀ ਰੁਚੀ ਧਾਰਨ ਕਰ ਗਿਆ। ਉਸ ਨੇ ਮਿੱਟੀ ਦੇ ਭਾਂਡਿਆਂ ਉੱਤੇ ਬੇਲ ਬੂਟੇ ਬਣਾ ਕੇ ਚਿੱਤਰ-ਕਲਾ ਦੀ ਨੀਂਹ ਰੱਖੀ ਅਤੇ ਮਿੱਟੀ ਨੂੰ ਮਨੋਕਲਪਿਤ ਦੇਵੀ ਦੇਵਤਿਆਂ ਦਾ ਰੂਪ ਦੇ ਕੇ ਬੁੱਤ-ਤ੍ਰਾਸ਼ੀ ਜਾਂ ਮੂਰਤੀ ਕਲਾ ਦਾ ਉਦਘਾਟਨ ਕੀਤਾ। ਇਮਾਰਤੀ ਉਸਾਰੀ ਦੇ ਕੰਮ ਤੋਂ ਜਾਣੂ ਹੋ ਜਾਣ ਦੇ ਢੇਰ ਚਿਰ ਪਿੱਛੋਂ ਜਾ ਕੇ ਇਮਾਰਤੀ ਕਲਾ ਦਾ ਜਨਮ ਹੋਇਆ ਲੱਗਦਾ ਹੈ। ਇਸ ਕਲਾ ਨੂੰ ਉਪਜਾਉਣ ਵਿਕਸਾਉਣ ਵਿੱਚ ਧਨ, ਸਮਾਂ ਅਤੇ ਵਿਹਲ ਵਧੇਰੇ ਚਾਹੀਦੇ ਸਨ। ਇਹ ਚੀਜ਼ਾਂ ਹਾਸਲ ਕਰਨ ਲਈ ਸਭਿਅਤਾ ਦੇ ਵਿਕਾਸ ਦੀ ਲੋੜ ਹੁੰਦੀ ਹੈ। ਸੱਭਿਅਤਾ ਨੇ ਨਵੇਂ ਸੰਦਾਂ ਦਾ ਨਿਰਮਾਣ ਕਰ ਕੇ ਧਨ ਦੀ ਉਪਜ ਵਧਾ ਦਿੱਤੀ ਤਾਂ ਮਨੁੱਖੀ ਸਮਾਜਾਂ ਲਈ ਇਹ ਸੰਭਵ ਹੋ ਗਿਆ ਕਿ ਉਹ ਆਪਣੇ ਕਾਮਿਆਂ ਦੀ ਚੋਖੀ ਗਿਣਤੀ ਨੂੰ ਰੋਟੀ ਕੱਪੜਾ ਪੈਦਾ ਕਰਨ ਦੇ ਕੰਮੋਂ ਵਿਹਲੀ ਕਰ ਕੇ ਕਿਲ੍ਹਿਆਂ, ਮਹੱਲਾਂ, ਮੰਦਰਾਂ, ਗਿਰਜਿਆਂ, ਮਸੀਤਾਂ, ਮਕਬਰਿਆਂ, ਮੀਨਾਰਾਂ ਅਤੇ ਬਾਰਾਂਦਰੀਆਂ ਦੀ ਉਸਾਰੀ ਦੇ ਕੰਮ ਵਿੱਚ ਲਾ ਸਕਣ। ਮਧ ਕਾਲ ਵਿੱਚ ਇਮਾਰਤੀ ਕਲਾ ਨੇ ਧਰਤੀ ਮਾਂ ਦੇ ਵਿਹੜੇ ਵਿੱਚ ਜਿੰਨੀ ਸੁੰਦਰਤਾ ਖਿਲਾਰੀ ਹੈ ਓਨੀ ਹੋਰ ਕਿਸੇ ਕਲਾ ਨੇ ਨਹੀਂ ਖਿਲਾਰੀ। ਕਾਵਿ ਅਤੇ ਸੰਗੀਤ ਰਾਹੀਂ ਉਪਜੀ ਸੁੰਦਰਤਾ ਨੂੰ ਛੁਟਿਆਏ ਬਿਨਾਂ ਇਹ ਆਖਿਆ ਜਾ ਸਕਦਾ ਹੈ ਕਿ ਜਨ-ਸਾਧਾਰਣ ਇਮਾਰਤੀ ਸੁੰਦਰਤਾ ਨੂੰ ਹੋਰ ਹਰ ਪ੍ਰਕਾਰ ਦੀ ਕ੍ਰਿਤ੍ਰਿਮ ਸੁੰਦਰਤਾ ਤੋਂ ਵੱਧ ਪਿਆਰ ਕਰਦਾ ਹੈ। ਪੁਰਾਣੀਆਂ ਇਮਾਰਤਾਂ ਵਿੱਚ ਮਨੁੱਖੀ ਮਨ ਦੇ ਵਿਚਾਰਾਂ, ਵਿਸ਼ਵਾਸਾਂ, ਵਹਿਮਾਂ; ਰੀਝਾਂ, ਆਸਾਂ, ਤਾਂਘਾਂ, ਤੜਪਾਂ, ਦੁੱਖਾਂ, ਝੋਰਿਆਂ, ਊਣਾਂ ਅਤੇ ਆਦਰਸ਼ਾਂ ਨੂੰ ਪ੍ਰਗਟ ਕਰਨ ਦੀ ਸ਼ਕਤੀ ਕਾਵਿ-ਕਲਾ ਤੋਂ ਕਿਸੇ ਤਰ੍ਹਾਂ ਘੱਟ ਨਹੀਂ। ਨ੍ਰਿਤ, ਸੰਗੀਤ, ਕਾਵਿ, ਚਿੱਤ੍ਰ, ਮੂਰਤੀ ਅਤੇ ਇਮਾਰਤੀ ਕਲਾ ਤੋਂ ਉਪਜੀ ਸੁੰਦਰਤਾ ਦੇ ਸੰਬੰਧ ਵਿੱਚ ਵਧੇਰੇ ਵਿਸਥਾਰ ਨਾਲ ਲਿਖਣ ਲਈ ਇਨ੍ਹਾਂ ਉੱਤੇ ਵੱਖ ਵੱਖ ਵਿਚਾਰ ਕਰਨੀ ਜ਼ਰੂਰੀ ਹੈ। ਅਗਲੇ ਪੰਨਿਆਂ ਵਿਚ ਅਜੇਹਾ ਕਰਨ ਦੀ ਆਗਿਆ

ਮੰਗਦਾ ਹਾਂ।

ਇਸ ਲੇਖ ਦੀ ਸਮਾਪਤੀ ਕਰਨ ਤੋਂ ਪਹਿਲਾਂ ਇੱਕ ਹੋਰ ਗੱਲ ਕਰ ਲੈਣੀ ਜ਼ਰੂਰੀ ਹੈ। ਹੈ ਤਾਂ ਕ੍ਰਿਤ੍ਰਿਮ ਸੁੰਦਰਤਾ ਵੀ ਰੁੱਕ, ਸੁਮੇਲ ਅਤੇ ਸਮੁੱਚਤਾ ਦੀ ਹੀ ਉਪਜ ਪਰ ਇਸ ਵਿਚ ਕੁਦਰਤੀ ਸੁੰਦਰਤਾ ਨਾਲੋਂ ਇੱਕ ਫਰਕ ਹੈ। ਕੁਦਰਤੀ ਸੁੰਦਰਤਾ ਵਿੱਚ ਠੁੱਕ (ਜਾਂ ਤਰਤੀਬ) ਸੁਮੇਲ ਅਤੇ ਸਮੁੱਚਤਾ ਪੈਦਾ ਕਰਨ ਵਾਲਾ ਪ੍ਰਤੱਖ ਨਹੀਂ ਹੁੰਦਾ ਸਗੋਂ ਪਰੋਖ ਹੁੰਦਾ ਹੈ। ਜਤਨ ਕਰਨ ਉੱਤੇ ਵੀ ਅਜੇਹੀ ਕਿਸੇ ਸ਼ਕਤੀ ਦੀ ਕਲਪਨਾ ਮੁਸ਼ਕਿਲ ਹੁੰਦੀ ਹੈ ਜਿਸ ਨੇ ਇਹ ਸੰਜੋਗ ਬਣਾ ਕੇ ਸੁੰਦਰਤਾ ਪੈਦਾ ਕੀਤੀ ਹੁੰਦੀ ਹੈ। ਕ੍ਰਿਤ੍ਰਿਮ ਸੁੰਦਰਤਾ ਬਾਰੇ ਇਉਂ ਨਹੀਂ ਹੁੰਦਾ। ਇਸ ਨੂੰ ਵੇਖਦਿਆਂ ਹੀ ਇਸ ਦੇ ਕਰਤਾਰ ਦਾ ਖਿਆਲ ਪੈਦਾ ਹੁੰਦਾ ਹੈ। ਉਹ ਕਰਤਾਰ ਕੋਈ ਮਨੁੱਖ ਹੈ ਅਤੇ ਉਸ ਕੋਲ ਸਾਧਾਰਣ ਮਨੁੱਖਾਂ ਨਾਲੋਂ ਵੱਖਰਾ ਕੋਈ ਗੁਣ ਹੈ ਜਿਸ ਦੀ ਕਿਰਪਾ ਨਾਲ ਉਹ ਇਹ ਸੁੰਦਰਤਾ ਪੈਦਾ ਕਰ ਸਕਿਆ ਹੈ। ਇਉਂ ਕ੍ਰਿਤ੍ਰਿਮ ਸੁੰਦਰਤਾ ਵਿੱਚ ਤਿੰਨ ਦੀ ਥਾਂ ਚਾਰ ਅੰਸ਼ਾਂ (ਤਰਤੀਬ, ਸੁਮੇਲ, ਸਮੁੱਚਤਾ ਅਤੇ ਕਲਾ ਜਾਂ ਗੁਣ) ਦਾ ਮਿਸ਼ਰਣ ਹੁੰਦਾ ਹੈ। ਤਰਤੀਬ, ਸੁਮੇਲ, ਸਮੁੱਚਤਾ ਨਾਲ ਕਲਾਕਾਰ ਦੀ ਉਹ ਲਗਨ, ਮਿਹਨਤ ਅਤੇ ਸਿਖਲਾਈ ਵੀ ਸ਼ਾਮਿਲ ਹੁੰਦੀ ਹੈ ਜਿਸ ਨੇ ਤਰਤੀਬ, ਸੁਮੇਲ ਅਤੇ ਸਮੁੱਚਤਾ ਨੂੰ ਹੋਂਦ ਵਿੱਚ ਲਿਆਂਦਾ ਹੋਇਆ ਹੁੰਦਾ ਹੈ।

# ਸੁੰਦਰਤਾ ਦੇ ਸ੍ਰੋਤ

ਜੇ ਆਤਮ ਨਿਸ਼ਠਾਵਾਦੀਆਂ ਕੋਲੋਂ ਖਿਮਾਂ ਮੰਗ ਕੇ ਇਹ ਮੰਨ ਲਈਏ ਕਿ ਜਿਨ੍ਹਾਂ ਵਸਤਾਂ ਨੂੰ ਅਸੀਂ ਸੁੰਦਰ ਵੇਖਦੇ ਹਾਂ ਉਨ੍ਹਾਂ ਵਿਚਲੀ ਸੁੰਦਰਤਾ ਉਨ੍ਹਾਂ ਦਾ ਆਪਣਾ ਗੁਣ ਹੈ, ਵੇਖਣ ਵਾਲੇ ਦੀ ਮਾਨਸਿਕ ਅਵਸਥਾ ਦੁਆਰਾ ਲਾਇਆ ਜਾਣ ਵਾਲਾ ਆਰੋਪ ਨਹੀਂ, ਤਾਂ ਇਹ ਪ੍ਰਸ਼ਨ ਉੱਠੇਗਾ ਕਿ ਉਹ ਗੁਣ ਜਾਂ ਸੁੰਦਰਤਾ ਉਨ੍ਹਾਂ ਥਾਵਾਂ ਵਿਚ ਕਿਸ ਨੇ, ਕਿਵੇਂ ਅਤੇ ਕਿਉਂ ਪੈਦਾ ਕੀਤੀ। "ਕਿਸ ਨੇ" ਦਾ ਉੱਤਰ ਸੌਖਾ ਲੱਗਦਾ ਹੈ ਪਰ ਕੇਵਲ ਕ੍ਰਿਤ੍ਰਿਮ ਸੁੰਦਰਤਾ ਦੇ ਸੰਬੰਧ ਵਿਚ। ਕੁਦਰਤੀ ਸੁੰਦਰਤਾ ਦੇ ਸੰਬੰਧ ਵਿਚ ਇਸ ਦਾ ਉੱਤਰ ਔਖਾ ਹੈ। ਕੁਦਰਤੀ ਸੁੰਦਰਤਾ ਦਾ ਸਿਰਜਣਹਾਰ ਰੱਬ ਜਾਂ ਵਾਹਿਗੁਰੂ ਹੈ, ਇਹ ਗੱਲ ਪਦਾਰਥ-ਵਾਦੀਆਂ ਨੂੰ ਪਸੰਦ ਨਹੀਂ ਆਵੇਗੀ। ਉਹ ਕਹਿਣਗੇ ਇਹ ਕੁਦਰਤੀ ਹੈ ਅਤੇ ਇਸ ਦੀ ਸਿਰਜਣਾ ਕਰਨ ਵਾਲੀ ਕੁਦਰਤ ਹੈ। ਅਸਲ ਵਿਚ ਦੋਵੇਂ ਉੱਤਰ ਇੱਕੋ ਜੇਹੇ ਹਨ। ਦੋਹਾਂ ਦਾ ਭਾਵ ਇਹ ਹੈ ਕਿ ਇਹ ਸੁੰਦਰਤਾ ਮਨੁੱਖੀ ਜਤਨ ਦੀ ਉਪਜ ਨਹੀਂ। ਕ੍ਰਿਤ੍ਰਿਮ ਸੁੰਦਰਤਾ ਦਾ ਰਚਣਹਾਰ ਮਨੁੱਖ ਹੈ। ਚਿੱਤਰ ਵਿਚਲੀ ਸੁੰਦਰਤਾ ਚਿੱਤ੍ਰਕਾਰ ਦੀ ਕਿਰਤ ਹੈ ਅਤੇ ਕਵਿਤਾ ਵਿਚਲੀ ਸੁੰਦਰਤਾ ਕਵੀ ਦੀ ਦੇਣ ਹੈ ਇਤਿਆਦਿਕ। ਪਰੰਤੂ ਸਾਰੇ ਪ੍ਰਸ਼ਨ ਦਾ ਉੱਤਰ ਇਹ ਨਹੀਂ। ਹੋ ਸਕਦਾ ਹੈ ਮੇਰਾ ਪ੍ਰਸ਼ਨ ਅਧੂਰਾ ਹੋਵੇ ਜਾਂ ਕਿਸੇ ਭਾਸ਼ਾਈ ਊਣ ਕਰਕੇ ਉਹ ਇਸ ਤੋਂ ਚੰਗੇਰੇ ਢੰਗ ਨਾਲ ਪੁੱਛਿਆ ਹੀ ਨਾ ਜਾ ਸਕਦਾ ਹੋਵੇ। ਮੈਂ ਆਪਣੇ ਪ੍ਰਸ਼ਨ ਨੂੰ ਅਗੇਰੇ ਤੋਰਦਾ ਹਾਂ। ਇਹ ਠੀਕ ਹੈ ਕਿ ਕਿਸੇ ਕਿਰਤ ਵਿਚਲੀ ਸੁੰਦਰਤਾ ਕਲਾਕਾਰ ਨੇ ਉਪਜਾਈ ਹੈ ਪਰ ਉਸ ਕਲਾਕਾਰ ਕੋਲੋਂ ਅਜੇਹਾ ਕਿਸ ਨੇ ਕਰਵਾਇਆ? ਇਸ ਪ੍ਰਸ਼ਨ ਦਾ ਇੱਕੋ ਇੱਕ ਉੱਤਰ ਹੈ, "ਆਨੰਦ ਨੇ"।

ਕਈ ਪੁਰਾਤਨ ਵਿਦਵਾਨਾਂ ਦਾ ਸਿਧਾਂਤ ਹੈ ਕਿ ਕਲਾਕਾਰ ਅਮਰ ਹੋਣ ਦੀ ਇੱਛਾ ਨਾਲ ਸੁੰਦਰਤਾ ਪੈਦਾ ਕਰਦਾ ਹੈ। ਅੱਜ ਕੱਲ ਅਸੀਂ ਇਹ ਵੀ ਵੇਖਦੇ ਹਾਂ ਕਿ ਪ੍ਰਸਿੱਧੀ, ਪ੍ਰਸ਼ੰਸਾ ਅਤੇ ਪੈਸਾ ਜਾਂ ਧਨ ਵੀ ਕਲਾ ਦੇ ਪ੍ਰੇਰਣਾ-ਸ੍ਰੋਤ ਹਨ। ਹੋ ਸਕਦਾ ਹੈ ਆਪਣੇ ਸਮੇਂ ਦੇ ਧਾਰਮਿਕ ਵਿਸ਼ਵਾਸਾਂ ਅਨੁਸਾਰ ਜਿਸ ਇੱਛਾ ਨੂੰ ਪੁਰਾਤਨ ਵਿਚਾਰਵਾਨ ਅਮਰ ਹੋਣ ਦੀ ਇੱਛਾ ਆਖਦੇ ਹੋਣ ਉਹ ਪ੍ਰਸਿੱਧੀ ਦੀ ਇੱਛਾ ਹੀ ਹੋਵੇ। ਇਸ ਪ੍ਰਾਪਤੀ ਨੂੰ, ਮੇਰਾ ਭਾਵ ਹੈ ਪ੍ਰਸਿੱਧੀ ਨੂੰ, ਬਹੁਤ ਸਾਰੇ ਲੋਕ ਅਮਰਾ-ਪਦ ਜਾਂ ਅਵਿਨਾਸ਼ਤਾ ਮੰਨਦੇ ਹਨ। ਜਿਸ ਕਲਾਕਾਰ

ਨੂੰ ਆਪਣੀ ਕਲਾ ਰਾਹੀਂ ਸਦਾ ਜ਼ੀਊਣ ਦੀ ਇੱਛਾ ਹੈ ਉਸ ਦੀ ਕਲਾ ਵਿਚ ਸਦੀਵਤਾ ਹੋਣੀ ਜ਼ਰੂਰੀ ਹੈ । ਕਲਾ ਦੀ ਸਦੀਵਤਾ ਦਾ ਭਾਵ ਹੈ ਸਦਾ ਲਈ ਪ੍ਰਸ਼ੰਸਾ ਪ੍ਰਾਪਤ ਕਰ ਸਕਣ ਦੀ ਯੋਗਤਾ । ਇਸ ਲਈ ਪ੍ਰਸ਼ੰਸਾ ਅਤੇ ਪ੍ਰਸਿੱਧੀ ਨੂੰ ਕਲਾ ਦੀ ਪ੍ਰੇਰਣਾ ਮੰਨਣ ਨਾਲ ਅਮਰ ਹੋਣ ਦੀ ਇੱਛਾ ਵੀ ਵਿੱਚੇ ਆ ਜਾਂਦੀ ਹੈ । ਹੁਣ ਜੇ ਪ੍ਰਸ਼ੰਸਾ, ਪ੍ਰਸਿੱਧੀ ਅਤੇ (ਕਈ ਹਾਲਤਾਂ ਵਿਚ) ਪੈਸਾ ਕਲਾਕਾਰ ਦੇ ਪ੍ਰੇਰਣਾ-ਸ੍ਰੋਤ ਮੰਨ ਲਏ ਜਾਣ ਤਾਂ ਇਸ ਗੱਲ ਨੂੰ ਵੀ ਮੰਨਣਾ ਪਵੇਗਾ ਕਿ ਇਨ੍ਹਾਂ ਦੀ ਪ੍ਰਾਪਤੀ ਲਈ ਉਸਨੂੰ ਆਪਣੀ ਕਲਾ ਨੂੰ ਅਜੇਹੀ ਬਣਾਉਣਾ ਪਵੇਗਾ ਜਿਸ ਤੋਂ ਲੋਕਾਂ ਨੂੰ ਅਨੰਦ ਪ੍ਰਾਪਤ ਹੋ ਸਕੇ । ਜਿਹੜੀ ਕਲਾ ਕਿਰਤ ਲੋਕਾਂ ਨੂੰ ਆਨੰਦ ਨਹੀਂ ਦੇ ਸਕੇਗੀ ਉਹ ਕਲਾਕਾਰ ਨੂੰ ਪ੍ਰਸ਼ੰਸਾ, ਪ੍ਰਸਿੱਧੀ ਅਤੇ ਪੈਸਾ ਵੀ ਨਹੀਂ ਦੇ ਸਕੇਗੀ । ਇਸ ਲਈ ਸੁੰਦਰਤਾ ਦਾ ਇੱਕੋ-ਇੱਕ ਪ੍ਰੇਰਣਾ-ਸ੍ਰੋਤ "ਆਨੰਦ" ਹੈ । ਕੋਈ ਕਲਾਕਾਰ ਆਨੰਦ ਨੂੰ ਕੀ ਸਮਝਦਾ ਹੈ, ਆਨੰਦ ਬਾਰੇ ਉਸ ਦੀ ਕੀ ਧਾਰਨਾ ਹੈ, ਉਸ ਦਾ ਆਨੰਦ-ਸੰਕਲਪ ਕਿਹੋ ਜਿਹਾ ਹੈ, ਇਸ ਗੱਲ ਦਾ ਉਸ ਦੀ ਕਲਾ ਉੱਤੇ ਪ੍ਰਭਾਵ ਪੈਂਦਾ ਹੈ । ਇਸ ਤੋਂ ਹੀ ਇਹ ਨਿਰਣਾ ਪੈਦਾ ਹੁੰਦਾ ਹੈ ਕਿ ਉਹ ਕਿਸ ਨੂੰ ਸੁੰਦਰ ਅਤੇ ਕਿਸ ਨੂੰ ਕੋਝਾ ਮੰਨਦਾ ਹੈ । ਉਸ ਦਾ ਸੌਂਦਰਯ-ਸੰਕਲਪ ਉਸ ਦੇ ਆਨੰਦ-ਸੰਕਲਪ ਉੱਤੇ ਨਿਰਭਰ ਕਰਦਾ ਹੈ ।

ਮਨੁੱਖ ਦਾ ਆਨੰਦ-ਸੰਕਲਪ ਮਨੁੱਖ ਦੇ ਜੀਵਨ ਅਨੁਭਵ ਉੱਤੇ ਆਧਾਰਿਤ ਹੈ । ਸੰਸਾਰ ਵਿਚ ਆਉਂਦਿਆਂ ਹੀ ਮਨੁੱਖ ਨੂੰ ਆਨੰਦ ਦੇ ਦੋ ਰੂਪਾਂ ਦਾ ਅਨੁਭਵ ਹੁੰਦਾ ਹੈ । ਜਨਮ ਲੈਂਦਿਆਂ ਹੀ ਬੱਚਾ ਭੋਜਨ ਦੀ ਇੱਛਾ ਕਰਦਾ ਹੈ । ਕੁਦਰਤ ਨੇ ਭੋਜਨ ਦਾ ਪ੍ਰਬੰਧ ਪਹਿਲਾਂ ਹੀ ਕੀਤਾ ਹੋਇਆ ਹੁੰਦਾ ਹੈ । ਇਸ ਇੱਛਾ ਦੀ ਪੂਰਤੀ ਵਿੱਚੋਂ ਮਿਲੇ ਸੁੱਖ ਦਾ ਇੱਕ ਆਨੰਦ ਹੈ । ਇਹ ਆਨੰਦ ਪ੍ਰਵ੍ਰਿਤੀ ਦੀ ਤ੍ਰਿਪਤੀ ਦਾ ਆਨੰਦ ਹੈ । ਇਸ ਨਾਲ ਮਨੁੱਖ ਦੀ ਸਾਂਝ ਵੱਧਦੀ ਰਹਿੰਦੀ ਹੈ । ਆਪੋ ਆਪਣੇ ਸਮੇਂ ਸਿਰ ਇੱਕ ਇੱਕ ਕਰਕੇ ਸਾਰੀਆਂ ਪ੍ਰਵ੍ਰਿਤੀਆਂ ਜਾਗ੍ਰਿਤ ਹੁੰਦੀਆਂ ਹਨ ਅਤੇ ਆਪੋ ਆਪਣੀ ਤ੍ਰਿਪਤੀ ਦੀ ਮੰਗ ਕਰਦੀਆਂ ਹਨ । ਇਨ੍ਹਾਂ ਦੀ ਤ੍ਰਿਪਤੀ ਨੂੰ ਆਨੰਦ ਮੰਨਣ ਵਾਲਾ ਮਨੁੱਖ ਅਨੇਕ ਸਾਧਨਾਂ ਨਾਲ ਪ੍ਰਵ੍ਰਿਤੀ ਦੀ ਤ੍ਰਿਪਤੀ ਕਰਨ ਦਾ ਜਤਨ ਕਰਦਾ ਹੈ । ਇੱਕ ਤ੍ਰਿਪਤੀ ਦੂਜੀ ਤ੍ਰਿਸ਼ਨਾ ਨੂੰ ਜਗਾ ਦਿੰਦੀ ਹੈ । ਆਨੰਦ ਦੀ ਮ੍ਰਿਗ-ਤ੍ਰਿਸ਼ਨਾ ਮਨੁੱਖ ਨੂੰ ਦੋੜਾਈ ਫਿਰਦੀ ਹੈ ।

ਮਨੁੱਖ ਨੂੰ ਆਨੰਦ ਦਾ ਦੂਜਾ ਅਨੁਭਵ ਨੀਂਦ ਦਾ ਅਨੁਭਵ ਹੈ । ਗੂਹੜੀ ਨੀਂਦ ਦੀ ਹਾਲਤ ਪਰਮ ਸੁਖ ਦੀ ਹਾਲਤ ਹੈ । ਮਨੁੱਖੀ ਜੀਵਨ ਵਿਚ ਇਸ ਤੋਂ ਵਡੇਰਾ ਸੁੱਖ ਹੈ ਹੀ ਨਹੀਂ । ਇਹ ਆਤਮਕ, ਰੂਹਾਨੀ ਜਾਂ ਮਾਨਸਿਕ ਆਨੰਦ ਦੀ ਅਵਸਥਾ ਹੈ । ਇਸ ਆਨੰਦ ਦਾ ਆਧਾਰ ਕਿਸੇ ਪ੍ਰਕਾਰ ਦੀ ਪ੍ਰਾਪਤੀ ਜਾਂ ਤ੍ਰਿਪਤੀ ਨਹੀਂ ਸਗੋਂ ਹਰ ਪ੍ਰਾਪਤੀ ਅਤੇ ਤ੍ਰਿਪਤੀ ਦੀ ਇੱਛਾ ਦਾ ਤਿਆਗ ਹੈ । ਇਸ ਆਨੰਦ ਵਿਚ ਵੱਡੀ ਘਾਟ ਹੈ ਕਿ ਇਹ ਆਨੰਦ ਅਗਿਆਨ ਦੀ ਅਵਸਥਾ ਦਾ ਭਾਈਵਾਲ ਹੈ । ਇਹ ਕੇਵਲ ਗੂਹੜੀ ਨੀਂਦ ਵਿਚ ਹੀ ਪ੍ਰਾਪਤ ਹੁੰਦਾ ਹੈ ਅਤੇ ਗੂਹੜੀ ਨੀਂਦ ਵਿਚ ਜੀਵ ਨੂੰ ਆਪਣੀ ਹੋਂਦ, ਹਸਤੀ, ਨਾਂ, ਥਾਂ, ਦੁੱਖ, ਸੁੱਖ ਕਿਸੇ ਦਾ ਗਿਆਨ ਨਹੀਂ ਹੁੰਦਾ । ਇਸਦੇ ਨਾਲ ਨਾਲ ਇਹ ਸੁੱਖ ਨਿਰਯਤਨ ਪ੍ਰਾਪਤ ਹੁੰਦਾ ਹੈ । ਇਨ੍ਹਾਂ ਕਾਰਨਾਂ ਕਰਕੇ ਮਨੁੱਖ ਨੀਂਦ-ਆਨੰਦ ਨੂੰ ਆਨੰਦ ਨਹੀਂ ਮੰਨਦਾ । ਅਤੇ ਪ੍ਰਵ੍ਰਿਤੀ ਦੀ

ਤ੍ਰਿਪਤੀ ਹੀ ਮਨੁੱਖ ਲਈ ਇੱਕੋ ਇੱਕ ਆਨੰਦ ਬਣ ਜਾਂਦੀ ਹੈ। ਇਹ ਆਨੰਦ ਦਾ ਬਹੁਤ ਹੀ ਨੀਵਾਂ ਸੰਕਲਪ ਹੈ। ਇਸ ਸੰਕਲਪ ਉੱਤੇ ਆਧਾਰਿਤ ਸੁੰਦਰਤਾ ਵਾਸਨਾਯੁਕਤ ਹੋਵੇਗੀ। ਮਨੁੱਖੀ ਮਨ ਦੀਆਂ ਪ੍ਰਵਿਰਤੀਆਂ ਵਿਚ ਕਾਮ ਨਾਲ ਸੰਬੰਧਿਤ ਪ੍ਰਵ੍ਰਿਤੀਆਂ ਅਤਿਅੰਤ ਪ੍ਰਬਲ ਹੋਣ ਕਰਕੇ ਅਤੇ ਮਨੁੱਖੀ ਤ੍ਰਿਪਤੀਆਂ ਵਿੱਚੋਂ ਲਿੰਗ ਸੰਜੋਗ ਦੀ ਤ੍ਰਿਪਤੀ ਅਤਿਅੰਤ ਤੀਖਣ ਹੋਣ ਕਰਕੇ ਮਨੁੱਖ ਦੀ ਬਹੁਤੀ ਕ੍ਰਿਤ੍ਰਿਮ ਸੁੰਦਰਤਾ ਵਾਸਨਾਮਈ ਹੈ।

ਜਿਸ ਕਿਸੇ ਕਲਾਕਾਰ ਨੇ ਵਾਸਨਾ ਤੋਂ ਉਚੇਰਾ ਉੱਠ ਕੇ ਦੈਵੀ ਸੁੰਦਰਤਾ ਦਾ ਨਿਰਮਾਣ ਕੀਤਾ ਹੈ ਉਸਨੂੰ ਬਚਪਨ ਵਿਚ ਨੀਂਦ-ਆਨੰਦ ਅਤੇ ਕਲਾ ਵਿਚ ਕੋਈ ਰਿਸ਼ਤਾ ਨਜ਼ਰ ਆਇਆ ਹੈ। ਮੈਂ ਸੰਸਾਰ ਦੇ ਮਹਾਨ ਕਲਾਕਾਰਾਂ ਦੇ ਜੀਵਨ ਬਾਰੇ ਨਹੀਂ ਜਾਣਦਾ। ਸੰਸਾਰ ਦੇ ਕਲਾਕਾਰਾਂ ਬਾਰੇ ਜਾਣਨ ਦੀ ਗੱਲ ਹੀ ਛੱਡੋ, ਮੈਨੂੰ ਆਪਣੇ ਦੇਸ਼ ਦੇ ਕਵੀ ਰਵੀਂਦਰ ਠਾਕੁਰ ਦੇ ਜੀਵਨ ਬਾਰੇ ਵੀ ਬਹੁਤਾ ਪਤਾ ਨਹੀਂ। ਤਾਂ ਵੀ ਮੈਂ ਇਹ ਲਿਖਣ ਦੀ ਦਲੇਰੀ ਕਰ ਰਿਹਾ ਹਾਂ ਕਿ ਰਵੀਂਦਰ ਠਾਕੁਰ, ਟਾਲਸਟਾਏ, ਰਸਕਿਨ ਬੀਥੋਵਨ, ਬਾਸ਼, ਐਂਜੀਲੋਂ, ਪਿਕਾਸੋ, ਗੇਥੇ ਅਤੇ ਓਂਕਾਰ ਨਾਥ ਠਾਕੁਰ ਵਰਗੇ ਕਲਾਕਾਰ ਪੈਦਾ ਕਰਨ ਲਈ ਨੀਂਦ-ਆਨੰਦ ਅਤੇ ਕਲਾ ਵਿਚ ਸੰਜੋਗ ਪੈਦਾ ਕਰਨਾ ਜ਼ਰੂਰੀ ਹੈ। ਭੋਗ-ਆਨੰਦ ਅਤੇ ਕਲਾ ਦੇ ਸੰਜੋਗ ਵਿੱਚੋਂ ਜਿਹੜੀ ਸੁੰਦਰਤਾ ਅੱਜ ਉਪਜ ਰਹੀ ਹੈ ਉਸ ਤੋਂ ਮਨੁੱਖਤਾ ਅੱਜ ਸ਼ਰਮਸਾਰ ਹੈ, ਕੱਲ ਅਵਾਜ਼ਾਰ ਹੋਵੇਗੀ। ਬੱਚਿਆਂ ਦੇ ਪੰਘੂੜੇ-ਪਾਲਨੇ ਸੁਹਣੇ ਹੋਣ; ਉਨ੍ਹਾਂ ਦੇ ਨੀਂਦ-ਅਸਥਾਨ ਕਲਾਤਮਕ ਢੰਗ ਨਾਲ ਸਜਾਏ ਹੋਣ; ਉਨ੍ਹਾਂ ਦੇ ਨੀਂਦ ਵਿਚ ਗੁਆਚਦੇ ਕੰਨ ਮਿੱਠੀਆਂ ਲੋਰੀਆਂ ਸੁਣਨ; ਉਨ੍ਹਾਂ ਦੀਆਂ ਨੀਂਦ ਦੇ ਭਾਰ ਨਾਲ ਮਿਟਦੀਆਂ ਅੱਖਾਂ ਮਾਂ ਦਾ ਮੁਸਕ੍ਰਾਉਂਦਾ ਚਿਹਰਾ ਆਪਣੇ ਵਿਚ ਲੁਕਾ ਕੇ ਸੌਣ; ਉਨ੍ਹਾਂ ਦੇ ਸਿਥਲ ਹੋ ਰਹੇ ਸਰੀਰ ਨੂੰ ਮਾਂ ਦੇ ਹੱਥਾਂ ਦੀ ਕੋਮਲ ਛੁਹ ਥਾਪੜੇ ਦੇਵੇ; ਦਾਦੀਆਂ, ਨਾਨੀਆਂ ਉਨ੍ਹਾਂ ਨੂੰ ਗੋਦੀ ਵਿਚ ਪਾ ਕੇ ਮਨੋਹਰ ਕਹਾਣੀਆਂ ਸੁਣਾਉਣ ਤਾਂ ਨੀਂਦ-ਆਨੰਦ ਅਤੇ ਕਲਾ ਵਿਚ ਕਿਸੇ ਸਾਂਝ ਦਾ ਵਿਸ਼ਵਾਸ ਪੈਦਾ ਕਰਨਾ ਸੰਭਵ ਹੈ। ਮੇਰਾ ਖਿਆਲ ਹੈ ਕਿ ਜਿਨ੍ਹਾਂ ਮਹਾਨ ਕਲਾਕਾਰਾਂ ਨੇ ਪਵਿੱਤਰ ਸੁੰਦਰਤਾ ਉਪਜਾਈ ਹੈ ਉਨ੍ਹਾਂ ਦੇ ਬਚਪਨ ਵਿਚ ਜ਼ਰੂਰ ਇਉਂ ਹੋਇਆ ਹੈ। ਉਹ ਕਲਾ ਮਈ ਖੇਡ-ਘਰਾਂ ਵਿਚ ਖੇਡੇ ਹਨ; ਉਨ੍ਹਾਂ ਦੇ ਘਰਾਂ ਦੇ ਵਿਹੜਿਆਂ ਵਿਚ ਫੁੱਲ ਬੂਟੇ ਲਗਾਉਣ ਦਾ ਆਹਰ ਹੁੰਦਾ ਰਿਹਾ ਹੈ; ਉਹ ਖੁਲ੍ਹੇ ਮੈਦਾਨਾਂ ਵਿਚ ਰੰਗ ਬਰੰਗੀਆਂ ਤਿੱਤਲੀਆਂ ਪਿੱਛੇ ਦੌੜੇ ਹਨ; ਕਾਮ ਦੇਵ ਨਾਲ ਦੋਸਤੀ ਹੋਣ ਤੋਂ ਪਹਿਲਾਂ ਪਹਿਲਾਂ ਉਨ੍ਹਾਂ ਦੇ ਆਨੰਦ ਅਨੁ-ਭਵ ਨੇ ਉਨ੍ਹਾਂ ਦੇ ਮਨਾਂ ਵਿਚ ਸੌਂਦਰਯ-ਸੰਕਲਪ ਦਾ ਨਿਰਮਾਣ ਕਰ ਦਿੱਤਾ ਹੋਇਆ ਸੀ। ਜਿਨ੍ਹਾਂ ਦਾ ਆਨੰਦ ਪ੍ਰਵ੍ਰਿਤੀ-ਮੂਲਕ ਹੁੰਦਾ ਹੈ ਅਤੇ ਜਿਹੜੇ ਕਾਮ-ਦੇਵ ਨੂੰ ਪੁੱਛ ਕੇ ਸੌਂਦਰਯ ਸੰਕਲਪ ਬਣਾਉਂਦੇ ਹਨ ਉਹ ਇਸਤ੍ਰੀ ਸੁੰਦਰਤਾ ਤੋਂ ਪਰੇ ਕਿਸੇ ਸੁੰਦਰਤਾ ਤੋਂ ਜਾਣੂ ਨਹੀਂ ਹੁੰਦੇ ਅਤੇ ਵਾਸਨਾ ਤੋਂ ਵਖਰੇ ਕਿਸੇ ਆਨੰਦ ਦੇ ਮਾਣਨਹਾਰ ਨਹੀਂ ਹੁੰਦੇ।

ਸੁੰਦਰਤਾ ਦਾ ਇੱਕ ਹੋਰ ਸ੍ਰੋਤ ਅੱਜ ਕੱਲ ਬਹੁਤ ਉੱਨਤ ਹੋ ਗਿਆ ਹੈ। ਇਸ ਨੂੰ ਸੁੰਦਰਤਾ ਦਾ "ਸਰਕਾਰੀ ਸ੍ਰੋਤ" ਆਖਿਆ ਜਾ ਸਕਦਾ ਹੈ। ਇਸ ਤੋਂ ਚੰਗੇਰਾ ਨਾਂ ਵੀ ਰੱਖਿਆ ਜਾ ਸਕਦਾ ਹੈ ਪਰ ਇਸ ਵੇਲੇ ਮੈਨੂੰ ਸੁੱਝ ਨਹੀਂ ਰਿਹਾ। ਅਜੋਕੀਆਂ ਸਰਕਾਰਾਂ

ਆਪਣੀ ਪ੍ਰਜਾ ਵਿਚ ਆਪਣੀ ਮਰਜ਼ੀ ਦੇ ਸੌਂਦਰਯ-ਸੰਕਲਪ ਪੈਦਾ ਕਰਨ ਲਈ ਆਪਣੀ ਦੇਖ ਰੇਖ ਵਿਚ ਕਲਾ ਦਾ ਨਿਰਮਾਣ ਕਰਦੀਆਂ ਹਨ। ਉਂਞ ਤਾਂ ਸੈਂਸਰਸ਼ਿਪ ਵੀ ਆਪਣੇ ਆਪ ਵਿਚ ਵੱਡੀ ਬੁਰਾਈ ਹੈ ਪਰ ਤਨਖਾਹਦਾਰ ਸਰਕਾਰੀ ਕਲਾਕਾਰ ਉਸ ਤੋਂ ਕਿਤੇ ਵਡੇਰਾ ਰੋਗ ਹਨ। ਜਿਸ ਕਲਾਕਾਰ ਦਾ ਮਨੋਰਥ ਪੈਸਾ ਹੈ ਉਸ ਦੀ ਕਲਾ ਤਾਂ ਹੋ ਸਕਦਾ ਹੈ ਲੋਕਾਂ ਦੀ ਸੂਹਜ-ਸੂਝ ਦੀ ਦਾਸ ਬਣ ਕੇ ਅਜੇਹੀ ਸੁੰਦਰਤਾ ਉਪਜਾਵੇ ਜਿਹੜੀ ਲੋਕਾਂ ਦੁਆਰਾ ਪਰਵਾਣਿਤ ਅਤੇ ਪਰਮਾਣਿਤ ਹੋਵੇ ਪਰ ਜਿਹੜਾ ਕਲਾਕਾਰ ਧਨ ਦੇ ਨਾਲ ਨਾਲ ਪ੍ਰਭੁਤਾ ਦਾ ਪੁਜਾਰੀ ਵੀ ਬਣ ਜਾਂਦਾ ਹੈ ਉਹ ਆਪਣੀ ਕਲਾ ਦਾ ਅਹਿਤ ਕਰਨ ਦੇ ਨਾਲ ਨਾਲ ਲੋਕਾਂ ਦਾ ਅਹਿਤ ਵੀ ਕਰਦਾ ਹੈ। ਮਹਾਨ ਕਲਾ ਉਨ੍ਹਾਂ ਕਲਾਕਾਰਾਂ ਦੀ ਦੇਣ ਹੈ ਜਿਹੜੇ ਪ੍ਰਸ਼ੰਸਾ, ਪ੍ਰਸਿੱਧੀ, ਧਨ ਅਤੇ ਪ੍ਰਭੁਤਾ ਆਦਿਕ ਤੋਂ ਦੂਰ ਰਹਿ ਕੇ ਕੇਵਲ ਆਨੰਦ ਦੀ ਪ੍ਰੇਰਣਾ ਵਿੱਚੋਂ ਸੌਂਦਰਯ ਉਪਜਾਉਂਦੇ ਹਨ ਅਤੇ ਜਿਨ੍ਹਾਂ ਦਾ ਆਨੰਦ ਅਲੌਕਿਕ ਹੁੰਦਾ ਹੈ।

# ਸੌਂਦਰਯ-ਸੰਕਲਪ ਵਿਕਾਸ

ਉੱਨੀਵੀਂ ਸਦੀ ਦੇ ਪੱਛਮੀ ਵਿਦਵਾਨਾਂ ਨੂੰ ਹਰ ਸੰਕਲਪ, ਹਰ ਕੀਮਤ (Value) ਅਤੇ ਹਰ ਆਦਰਸ਼ ਦੇ ਵਿਕਾਸ-ਇਤਿਹਾਸ ਨੂੰ ਜਾਣਨ ਅਤੇ ਬਿਆਨਣ ਦੀ ਲਟਕ ਲੱਗ ਗਈ ਸੀ। ਇਸ ਲਟਕ ਵਾਲੇ ਪਦਾਰਥਵਾਦੀ ਚਿੰਤਕਾਂ ਨੇ ਉਸ ਮੁਢਲੀ ਚੇਤਨਾ ਦੇ ਜਨਮ ਅਤੇ ਵਿਕਾਸ ਬਾਰੇ ਵੀ ਸਿਧਾਂਤ ਘੜ ਲਏ ਸਨ ਜਿਸ ਤੋਂ ਇਸ ਵਿਸ਼ਵ ਦੀ ਉਤਪਤੀ ਮੰਨੀ ਜਾਂਦੀ ਸੀ। ਉਹ ਚੇਤਨਾ ਨੂੰ ਪਦਾਰਥ ਦੀ ਉਪਜ ਮੰਨ ਕੇ ਇਸ ਦੇ ਵਿਕਾਸ ਨੂੰ ਮਨੁੱਖੀ ਸਮਾਜਾਂ ਦੀ ਆਰਥਕ, ਰਾਜਨੀਤਿਕ ਅਤੇ ਭੂਗੋਲਿਕ ਪਰਿਸਥਿਤੀ ਦਾ ਪਰਿਣਾਮ ਸਿੱਧ ਕਰਦੇ ਸਨ। ਉਨ੍ਹਾਂ ਦੇ ਇਸ ਵਿਚਾਰ-ਵਹਿਣ ਦਾ ਵਿਰੋਧ ਕਰਨ ਦੀ ਲੋੜ ਨਹੀਂ ਕਿਉਂਜੁ ਇਹ ਵਿਰੋਧ ਚਿਰ ਜੀਵਿਤ ਰਹਿਣ ਵਾਲਾ ਨਹੀਂ। ਜਿਸ ਮੁੱਢਲੀ ਚੇਤਨਾ ਨੂੰ ਬ੍ਰਹਮ, ਨਿਰੰਕਾਰ, ਓਂਕਾਰ ਜਾਂ ਪਰਮਾਤਮਾ ਮੰਨਿਆਂ ਜਾਂਦਾ ਹੈ ਉਹ ਅਕ੍ਰੈ ਹੈ। ਭਾਵ ਇਹ ਕਿ ਉਹ ਕਰਮ ਤੋਂ ਪਰੇ ਹੈ। ਨਾ ਤਾਂ ਉਹ ਆਪ ਕੁਝ ਕਰਦੀ ਹੈ, ਨਾ ਹੀ ਉਸ ਉੱਤੇ ਕਿਸੇ ਵੱਲੋਂ ਕੁਝ ਕੀਤਾ ਜਾ ਸਕਦਾ ਹੈ। ਬਣਦੇ, ਬਦਲਦੇ ਅਤੇ ਵਿਕਸਦੇ ਜਗਤ ਵਿਚ ਉਸ ਚੇਤਨਾ ਨੂੰ ਬਹੁਤਾ ਦਖ਼ਲ ਨਹੀਂ। ਇਸ ਲਈ ਉਸ ਨੂੰ ਪਦਾਰਥ ਤੋਂ ਉਪਜੀ ਮੰਨੋਂ ਜਾਂ ਪਦਾਰਥ ਨੂੰ ਉਸ ਤੋਂ ਉਪਜਿਆ ਮੰਨੋਂ, ਗੱਲ ਇੱਕੋ ਜਹੀ ਹੈ।* ਜਦੋਂ ਉਸ ਮੁੱਢਲੀ ਚੇਤਨਾ ਨੂੰ ਸ੍ਰਿਸ਼ਟੀ ਦਾ ਰਚਣਹਾਰ ਜਾਂ ਕਰਤਾ ਪੁਰਖ ਕਰ ਕੇ ਮੰਨਿਆਂ ਜਾਂਦਾ ਹੈ ਉਦੋਂ ਇਹ ਵੀ ਮੰਨਦੇ ਹਾਂ ਕਿ ਉਹ ਪੁਰਸ਼ ਸ੍ਰਿਸ਼ਟੀ ਰਚਨਾ ਲਈ ਪ੍ਰਕ੍ਰਿਤੀ ਦੀ ਸਹਾਇਤਾ ਲੈਂਦਾ ਹੈ। ਇੱਕ ਬ੍ਰਹਮ ਆਪਣੇ ਆਪ ਨੂੰ ਪੁਰੁਸ਼ ਅਤੇ ਪ੍ਰਕ੍ਰਿਤੀ ਵਿੱਚ ਵੰਡ ਲੈਂਦਾ ਹੈ। ਇਸ ਤੋਂ ਅੱਗੇ ਸ੍ਰਿਸ਼ਟੀ ਦੀ ਸਾਰੀ ਖੇਡ ਪ੍ਰਕ੍ਰਿਤੀ ਦੇ ਨੇਮਾਂ ਅਨੁਸਾਰ ਤੁਰਦੀ ਹੈ ਅਤੇ ਪੁਰੁਸ਼ ਕੇਵਲ ਸਾਖੀ ਜਾਂ ਸਾਕਸ਼ੀ ਰੂਪ ਹੈ ਜਾਂ ਵੇਖਣ ਵਾਲਾ ਹੈ। ਪਦਾਰਥਵਾਦ ਪ੍ਰਕ੍ਰਿਤੀ ਦੇ ਉਨ੍ਹਾਂ ਨੇਮਾਂ ਦੀ ਵਿਆਖਿਆ ਕਰਦਾ ਹੈ ਜਿਨ੍ਹਾਂ ਅਨੁਸਾਰ ਸ੍ਰਿਸ਼ਟੀ ਦਾ ਉਹ ਵਿਕਾਸ ਹੋ ਰਿਹਾ ਹੈ ਜਿਸ ਨੂੰ ਪੁਰੁਸ਼ 'ਬੈਠਾ ਵੇਖੇ ਵਖ ਇਕੇਲਾ'। ਇਸ ਲਈ ਅੱਧਿਆਤਮਵਾਦ ਅਤੇ ਪਦਾਰਥ-ਵਾਦ ਦਾ ਵਿਰੋਧ ਉਦੋਂ ਪੈਦਾ ਹੁੰਦਾ ਹੈ ਅਤੇ ਓਨਾ ਕੁ ਚਿਰ ਹੀ ਚਲਦਾ ਹੈ ਜਦੋਂ ਅਤੇ ਜਿੰਨਾ ਕੁ ਚਿਰ ਪਦਾਰਥਵਾਦ ਆਪਣੀ ਅਧਿਕਾਰ-ਸੀਮਾਂ ਦਾ ਉਲੰਘਣ ਕਰ ਕੇ ਆਤਮਾ

---

*ਕੇਵਲ ਉਸ ਹਾਲਤ ਵਿੱਚ ਜਦੋਂ ਅਸੀਂ ਭੌਤਿਕ ਵਿਕਾਸਵਾਦ ਦਾ ਅਧਿਐਨ ਕਰ ਰਹੇ ਹੋਈਏ।

ਅਤੇ ਪਰਮਾਤਮਾ ਨਾਮ ਦੀ ਮੁੱਢਲੀ ਚੇਤਨਾ ਸੰਬੰਧੀ ਨਿਰਣੇ ਕਰਨ ਦੀ ਭੁੱਲ ਕਰਦਾ ਹੈ।

ਪਦਾਰਥਵਾਦੀਆਂ ਦੇ ਆਤਮਾ ਅਤੇ ਪਰਮਾਤਮਾ ਸੰਬੰਧੀ ਕੀਤੇ ਨਿਰਣਿਆਂ ਨੂੰ ਇੱਕ ਪਾਸੇ ਰੱਖ ਕੇ ਉਨ੍ਹਾਂ ਦੁਆਰਾ ਸੰਸਾਰਕ ਜੀਵਨ ਦੇ ਵਿਕਾਸ ਬਾਰੇ ਕੀਤੀ ਗਈ ਖੋਜ ਦਾ ਲਾਭ ਲਿਆ ਜਾਣਾ ਉਚਿਤ ਹੈ। ਉਨ੍ਹਾਂ ਵਿੱਚੋਂ ਕੁਝ ਇੱਕ ਕਹਿੰਦੇ ਹਨ ਕਿ ਜੀਵਨ ਦਾ ਹਰ ਮੋੜ ਆਰਥਕਤਾ ਦੀ ਚੂਲ ਦੁਆਲੇ ਮੁੜਿਆ ਹੈ ਅਤੇ ਦੂਜੇ ਦਸਦੇ ਹਨ ਕਿ ਜੀਵਨ ਸਦਾ ਤੋਂ ਕਾਮ ਦੀ ਸੇਧੇ ਤੁਰਿਆ ਆ ਰਿਹਾ ਹੈ। ਆਪੋ ਆਪਣੀ ਥਾਂ ਦੋਵੇਂ ਸੱਚੇ ਹਨ। ਦੋਹਾਂ ਨੇ ਸੰਸਾਰਕ ਜੀਵਨ ਦੇ ਸੱਚ ਦੀ ਰੱਸੀ ਦਾ ਇੱਕ ਇੱਕ ਸਿਰਾ ਫੜਿਆ ਹੋਇਆ ਹੈ। ਸੱਚ ਇਹ ਹੈ ਕਿ ਕਾਮ ਦੀ ਪੂਰਤੀ ਲਈ ਧਨ ਦੀ ਉਤਪਤੀ ਦੀ ਲਗਨ ਨਾਲ, ਇਸ ਮਨੋਰਥ ਵਿਚ ਸਫਲ ਕਰ ਸਕਣ ਵਾਲੀ ਜੀਵਨ-ਜਾਚ ਦੇ ਨੇਮਾਂ ਦੀ ਪਾਲਣਾ ਕਰਦਾ ਹੋਇਆ ਸੰਸਾਰਕ ਜੀਵਨ ਕੋਹਲੂ ਦੇ ਪਲਾਣੇ ਵਰਗੇ ਗੇੜ ਵਿਚ ਪਿਆ ਹੋਇਆ ਹੈ।

ਕਦੇ ਕਦੇ ਕਿਸੇ ਇੱਕਾ-ਦੁੱਕਾ ਆਦਮੀ ਦੀ ਸੁਰਤ ਕਾਮ ਅਤੇ ਅਰਥ ਦਾ ਘੇਰਾ ਪਾਰ ਕਰਦੀ ਹੈ। ਆਮ ਆਦਮੀ ਲਈ ਇਸ ਭਰਮ ਵਿੱਚੋਂ ਨਿਕਲਣਾ ਔਖਾ ਹੈ। ਕਾਮ ਅਤੇ ਅਰਥ ਦੋਵੇਂ ਮਿਲ ਕੇ ਮਨੁੱਖਾਂ ਦੇ ਵਿਚਾਰਾਂ, ਵਿਸ਼ਵਾਸਾਂ, ਭਾਵਾਂ, ਪ੍ਰਵਿਰਤੀਆਂ, ਆਦਰਸ਼ਾਂ ਅਤੇ ਸੰਕਲਪਾਂ ਨੂੰ ਤੋੜਦੇ ਮਰੋੜਦੇ ਅਤੇ ਢਾਲਦੇ ਉਸਾਰਦੇ ਆਏ ਹਨ। ਮਨੁੱਖੀ ਮਨ ਦੇ ਆਨੰਦ ਅਤੇ ਸੌਂਦਰਯ ਸੰਕਲਪ ਵੀ ਕਾਮ ਅਤੇ ਅਰਥ ਦੀ ਕੁਠਾਲੀ ਵਿੱਚ ਢਲੇ ਹੋਏ ਹਨ। ਰੇਗਿਸਤਾਨ ਵਿੱਚ ਨਖਲਿਸਤਾਨ ਵਾਂਗ ਅਤੇ 'ਦਾਵਾ ਅਗਨ' ਦੀ ਮਾਰ ਤੋਂ ਬਚੇ ਹੋਏ ਕਿਸੇ 'ਹਰੇ ਬੂਟੇ' ਵਾਂਗ ਕਿਧਰੇ ਕਿਧਰੇ ਕੋਈ ਕੋਈ ਉਚੇਰੇ ਸੰਕਲਪਾਂ ਵਾਲਾ ਵੀ ਮੌਜੂਦ ਹੈ।

ਆਦੀ ਮਨੁੱਖ ਬਹੁਤਾ ਚਤੁਰ ਨਹੀਂ ਸੀ। ਉਹ ਸੁਖੀ ਵੀ ਨਹੀਂ ਸੀ ਅਤੇ ਵਿਲਾਸੀ ਵੀ ਨਹੀਂ ਸੀ। ਇਸ ਦੇ ਨਾਲ ਨਾਲ ਉਸ ਦੇ ਜੀਵਨ ਵਿੱਚ ਵੱਡੀਆਂ ਵੱਡੀਆਂ ਆਸ਼ਾਵਾਂ ਅਤੇ ਅਕਾਂਕਸ਼ਾਵਾਂ ਵੀ ਨਹੀਂ ਸਨ। ਉਹ ਈਰਖਾਵਾਂ ਅਤੇ ਝੋਰਿਆਂ ਤੋਂ ਵੀ ਦੂਰ ਸੀ। ਅਜੋਕੇ ਮਨੁੱਖ ਜਿੰਨੀ ਚਿੰਤਾ ਵੀ ਉਸ ਨੂੰ ਨਹੀਂ ਸੀ। ਉਸ ਦਾ ਜੀਵਨ ਆਪਣੇ ਲਾਗੇ ਵਸਦੇ ਪਸ਼ੂ-ਜੀਵਨ ਨਾਲੋਂ ਬਹੁਤਾ ਵੱਖਰਾ ਨਹੀਂ ਸੀ। ਉਹ ਪਸ਼ੂਆਂ ਵਾਂਗ 'ਹੁਣ' ਵਿਚ ਜੀਉਂਦਾ ਸੀ। ਬੀਤੇ ਦਾ ਝੋਰਾ ਅਤੇ ਆਉਣ ਵਾਲੇ ਦੀ ਚਿੰਤਾ ਦੀ ਉਸ ਨੂੰ ਅਜੇ ਲੋੜ ਨਹੀਂ ਸੀ। ਉਹ ਚੰਗੇ ਮੌਸਮ ਅਤੇ ਕੁਦਰਤੀ ਦ੍ਰਿਸ਼ਾਂ ਦੀ ਸੁੰਦਰਤਾ ਤੋਂ ਪਸ਼ੂਆਂ ਵਾਂਗ ਹੀ ਪ੍ਰਭਾਵਿਤ ਅਤੇ ਆਨੰਦਿਤ ਹੁੰਦਾ ਸੀ। ਇਵੇਂ ਹੀ ਢਿੱਡ ਭਰ ਕੇ ਖਾ ਲੈਣ ਉੱਤੇ ਵੀ ਉਸ ਨੂੰ ਆਨੰਦ ਦੀ ਅਨੁਭੂਤੀ ਹੁੰਦੀ ਸੀ। ਉਸ ਦਾ ਆਨੰਦ-ਸੰਕਲਪ ਵਿਸਮਾਦ ਮੂਲਕ ਵੀ ਸੀ ਅਤੇ ਪ੍ਰਾਪਤੀ ਮੂਲਕ ਵੀ। ਭੋਗ ਅਤੇ ਸੰਜੋਗ ਵਿੱਚੋਂ ਮਿਲੇ ਆਨੰਦ ਨੂੰ ਉਹ ਪ੍ਰਾਪਤੀ ਨਾਲ ਜੋੜਦਾ ਸੀ। ਊਸ਼ਾ ਦੀ ਲਾਲੀ ਅਤੇ ਸੰਧਿਆ ਦੀ ਖਾਮੋਸ਼ੀ ਵੀ ਉਸ ਨੂੰ ਆਨੰਦ ਦਿੰਦੀ ਸੀ ਪਰ ਇਹ ਆਨੰਦ ਕਿਸੇ ਪ੍ਰਾਪਤੀ ਜਾਂ ਤ੍ਰਿਪਤੀ ਦਾ ਆਨੰਦ ਨਹੀਂ ਸੀ। ਇਹ ਵਿਸਮਾਦੀ ਆਨੰਦ ਸੀ। ਨੀਂਦ ਦੇ ਆਨੰਦ ਦਾ ਚੇਤਨ ਗਿਆਨ ਨਾ ਆਦੀ ਮਨੁੱਖ

ਨੂੰ ਸੀ, ਨਾ ਆਧੁਨਿਕ ਮਨੁੱਖ ਨੂੰ ਹੈ।

ਆਦੀ ਮਨੁੱਖ ਸੁਹਜ ਅਤੇ ਕੋਝ ਦੇ ਫਰਕ ਤੋਂ ਵੀ ਜਾਣੂ ਨਹੀਂ ਸੀ। ਕੁਝ ਕੁਦਰਤੀ ਦ੍ਰਿਸ਼ ਉਸ ਨੂੰ ਪਿਆਰੇ ਲਗਦੇ ਸਨ ਅਤੇ ਕੁਝ ਇੱਕ ਡਰਾਉਂਦੇ ਵੀ ਸਨ। ਉਹ ਉਨ੍ਹਾਂ ਵਿਚਲੀ ਸੁੰਦਰਤਾ ਅਤੇ ਭਿਆਨਕਤਾ ਉੱਤੇ ਵਿਚਾਰ ਕਰਨ ਦੀ ਥਾਂ ਆਨੰਦ ਅਤੇ ਭੈ ਦੀ ਅਨੁਭੂਤੀ ਵਿੱਚ ਲੀਨ ਹੋ ਜਾਂਦਾ ਸੀ। ਇਸ ਲਈ ਆਦੀ ਮਨੁੱਖ ਕੋਲ ਆਨੰਦ ਸੰਕਲਪ ਤਾਂ ਸੀ ਪਰ ਸੌਂਦਰਯ ਸੰਕਲਪ ਨਹੀਂ ਸੀ।

ਆਪਣੀ ਸਰੀਰਕ ਬਣਤਰ ਅਤੇ ਅਕਲ ਦੀ ਵਰਤੋਂ ਦੇ ਆਸਰੇ ਵਧੇਰੇ ਸੁਰੱਖਿਅਤ ਹੋ ਜਾਣ ਕਰਕੇ ਮਨੁੱਖ ਦੀ ਗਿਣਤੀ ਵਿੱਚ ਵਾਧਾ ਹੋ ਜਾਣ ਦੇ ਕਾਰਨ ਭੋਜਨ ਇੱਕ ਸਮੱਸਿਆ ਬਣ ਗਈ ਤਾਂ ਮਨੁੱਖ ਨੇ ਪਸ਼ੂ ਪਾਲਣ ਅਤੇ ਖੇਤੀ ਕਰਨ ਦਾ ਕੰਮ ਸਿੱਖ ਲਿਆ। ਆਦੀ ਮਨੁੱਖ ਸ਼ਿਕਾਰ ਕਰਦਾ ਸੀ ਜਾਂ ਕੰਦ ਮੂਲ ਖਾਂਦਾ ਸੀ। ਖੇਤੀ ਕਰਨ ਵਾਲੇ ਮਨੁੱਖ ਦਾ ਪਸ਼ੂਆਂ ਨਾਲ ਇੱਕ ਹੋਰ ਰਿਸ਼ਤਾ ਬਣ ਗਿਆ। ਉਹ ਪਸ਼ੂਆਂ ਕੋਲੋਂ ਕੰਮ ਵੀ ਲੈਣ ਲੱਗ ਪਿਆ ਅਤੇ ਉਨ੍ਹਾਂ ਦਾ ਦੁੱਧ ਵੀ ਪੀਣ ਲੱਗ ਪਿਆ। ਇਹ ਰਿਸ਼ਤਾ ਆਰਥਕ ਸੀ ਅਤੇ ਇੱਕ ਤਰ੍ਹਾਂ ਨਾਲ ਦਾਸ ਅਤੇ ਮਾਲਕ ਦਾ ਰਿਸ਼ਤ ਸੀ। ਦਾਸਤਾ ਜਾਂ ਗੁਲਾਮੀ ਪਹਿਲਾਂ ਪਹਿਲ ਪਸ਼ੂਆਂ ਤੋਂ ਆਰੰਭ ਹੋਈ ਸੀ। ਪਸ਼ੂ ਜਿੰਨਾ ਖਾਂਦਾ ਸੀ ਉਸ ਤੋਂ ਵੱਧ ਉਪਜਾਉਂਦਾ ਸੀ। ਇਸ ਲਈ ਉਸ ਨੂੰ ਆਪਣੀ ਮਾਲਕੀ ਬਣਾ ਲਿਆ ਗਿਆ। ਪਿੱਛੋਂ ਆ ਕੇ ਜਦੋਂ ਮਨੁੱਖ ਸੱਭਿਅ ਹੋ ਗਿਆ ਅਤੇ ਅਜੇਹੇ ਢੰਗ ਤਰੀਕੇ ਸੋਚਣ ਵਿੱਚ ਸਫਲ ਹੋ ਗਿਆ ਜਿਨ੍ਹਾਂ ਦੀ ਵਰਤੋਂ ਨਾਲ ਉਹ ਆਪਣੀ ਲੋੜ ਤੋਂ ਵੱਧ ਉਪਜਾਉਣ ਲੱਗ ਪਿਆ ਤਾਂ ਦੂਜੇ ਮਨੁੱਖਾਂ ਨੂੰ ਦਾਸ ਬਣਾਉਣ ਦਾ ਰਿਵਾਜ ਵੀ ਪੈ ਗਿਆ। ਦਾਸ ਤਾਂ ਸੱਭਿਅਤਾ ਦੀ ਦੇਣ ਹੈ। ਇਹ ਸੱਭਿਅਤਾ ਦੀਆਂ ਉਨ੍ਹਾਂ ਸਿਆਣਪਾਂ ਵਿੱਚੋਂ ਉਪਜੀ ਹੈ ਜਿਨ੍ਹਾਂ ਨੇ ਮਨੁੱਖ ਨੂੰ ਆਪਣੀ ਲੋੜ ਤੋਂ ਵੱਧ ਉਪਜਾਉਣ ਦੀ ਯੋਗਤਾ ਬਖਸ਼ੀ ਹੈ। ਹਰ ਉਹ ਆਦਮੀ ਜੋ ਆਪਣੀ ਲੋੜ ਤੋਂ ਵੱਧ ਉਪਜਾਉਂਦਾ ਹੈ, ਦਾਸਤਾ ਦੀ ਸਦੀਵਤਾ ਵਿੱਚ ਸਹਾਈ ਹੁੰਦਾ ਹੈ। ਪਰੰਤੂ ਇਹ ਸਮੱਸਿਆ ਇਸ ਪੁਸਤਕ ਦਾ ਵਿਸ਼ਾ ਨਹੀਂ।

ਜਦੋਂ ਮਨੁੱਖ ਸ਼ਿਕਾਰੀ ਤੋਂ ਕਿਸਾਨ ਬਣ ਗਿਆ ਉਦੋਂ ਉਸ ਨੂੰ ਇੱਕ ਥਾਂ ਟਿਕ ਕੇ ਰਹਿਣ ਦੀ ਲੋੜ ਪੈ ਗਈ। ਇਹ ਉਹ ਸਮਾਂ ਸੀ ਜਦੋਂ ਮਨੁੱਖ ਵਿਚ ਹੋਰ ਕੀਮਤਾਂ (values) ਦੇ ਨਾਲ ਨਾਲ ਸੌਂਦਰਯ-ਸੰਕਲਪ ਵੀ ਉਪਜਿਆ। ਉਸ ਨੂੰ ਆਪਣੇ ਖੇਤ ਸੁਹਣੇ ਲੱਗਦੇ ਸਨ; ਆਪਣਾ ਘਰ ਪਿਆਰਾ ਲੱਗਦਾ ਸੀ; ਆਪਣੇ ਪਸ਼ੂ ਚੰਗੇ ਲੱਗਦੇ ਸਨ; ਆਪਣਾ ਪਰਵਾਰ ਚੰਗਾ ਲੱਗਦਾ ਸੀ; ਅਤੇ ਆਪਣੇ ਸਨੇਹੀ ਮਿੱਤਰ ਚੰਗੇ ਲੱਗਦੇ ਸਨ। ਉਸ ਨੂੰ ਊਸ਼ਾ ਅਤੇ ਸੰਧਿਆ ਵਿਚ ਵੀ ਸੌਂਦਰਯ ਦਾ ਅਨੁਭਵ ਹੁੰਦਾ ਸੀ ਪਰ ਉਹ ਇਸ ਦੇ ਕਾਰਨ ਨੂੰ ਨਹੀਂ ਸੀ ਜਾਣਦਾ। ਕੁਦਰਤੀ ਦ੍ਰਿਸ਼ਾਂ ਨੂੰ ਵੇਖ ਕੇ ਉਹ ਆਨੰਦ-ਮਗਨ ਤਾਂ ਹੁੰਦਾ ਸੀ; ਪਰ ਕਿਉਂ ਹੁੰਦਾ ਸੀ ਇਹ ਉਸ ਨੂੰ ਪਤਾ ਨਹੀਂ ਸੀ ਲਗਦਾ। ਆਪਣੀਆਂ ਫਸਲਾਂ, ਆਪਣੇ ਪਸ਼ੂਆਂ ਅਤੇ ਆਪਣੇ ਪਰਵਾਰ ਦੇ ਜੀਆਂ ਦੇ ਨੇੜ ਵਿੱਚੋਂ ਜਿਹੜਾ ਆਨੰਦ ਉਸ ਨੂੰ ਮਿਲਦਾ ਸੀ ਉਹ ਉਸ ਦੀਆਂ ਭੋਜਨ ਅਤੇ ਰੱਖਿਆ ਦੀਆਂ ਲੋੜਾਂ ਨਾਲ ਓਤਪੋਤ ਸੀ। ਇਉਂ

ਉਸ ਨੂੰ ਪ੍ਰਾਪਤੀ ਅਤੇ ਤ੍ਰਿਪਤੀ ਦੇ ਆਨੰਦ ਵਿਚ ਵਿਕਾਸ ਹੁੰਦਾ ਭਾਸਿਆ ਅਤੇ ਉਹ ਵਿਸਮਾਦ-ਆਨੰਦ ਤੋਂ ਦੂਰ ਹੁੰਦਾ ਗਿਆ। ਹੌਲੀ ਹੌਲੀ ਉਸ ਨੂੰ ਇਹ ਭਰੋਸਾ ਹੋ ਗਿਆ ਕਿ ਜੋ ਰੱਖਿਆ ਕਰਦਾ ਹੈ, ਜੋ ਤ੍ਰਿਪਤ ਕਰਦਾ ਹੈ, ਜੋ ਲੋੜ ਦੀ ਪੂਰਤੀ ਕਰਦਾ ਹੈ ਜਾਂ, ਸੰਖੇਪ ਵਿਚ, ਜੋ ਉਪਯੋਗੀ ਹੈ ਉਹ ਆਨੰਦ-ਦਾਇਕ ਹੈ। ਜੋ ਆਨੰਦ ਦਾਇਕ ਹੈ ਉਹ ਸੁੰਦਰ ਹੈ। ਤ੍ਰਿਪਤੀ ਮੂਲਕ ਆਨੰਦ ਨੇ ਉਪਯੋਗਿਤਾ ਵਿਚ ਸੁੰਦਰਤਾ ਦਾ ਅਨੁਭਵ ਕਰਵਾ ਕੇ ਅਰਥ ਅਤੇ ਸੌਂਦਰਯ-ਸੰਕਲਪ ਵਿਚ ਸਾਂਝ ਸਥਾਪਿਤ ਕੀਤੀ।

ਅਰਥ ਨਾਲ ਮਨੁੱਖ ਨੂੰ ਮੋਹ ਹੈ। ਇਹ ਗ੍ਰਹਿਣ ਕੀਤੀ ਜਾਣ ਵਾਲੀ ਵਸਤੂ ਹੈ। ਮਨੁੱਖ ਇਸ ਉੱਤੇ ਹੱਕ ਜਾਂ ਮਾਲਕੀ ਜਮਾਉਂਦਾ ਆਇਆ ਹੈ। ਅਰਥ ਅਤੇ ਸੌਂਦਰਯ ਸੰਕਲਪ ਦੇ ਸੰਬੰਧ ਨੇ ਸੁੰਦਰਤਾ ਨੂੰ ਵੀ ਮਾਲਕੀ ਦੀ ਵਸਤੂ ਮੰਨਣ ਵਿਚ ਸਹਾਇਤਾ ਕੀਤੀ ਹੈ ਅਤੇ ਹੁਣ ਤੱਕ ਕੇਵਲ ਮਾਲਕੀ ਦਾ ਮਾਣ ਮਹਿਸੂਸ ਕਰਨ ਲਈ ਜਾਂ ਦੂਜਿਆਂ ਨੂੰ ਇਸ ਮਾਣ ਤੋਂ ਵਿਰਵਿਆਂ ਰੱਖਣ ਲਈ ਮਨੁੱਖ ਸੁੰਦਰ ਵਸਤੂਆਂ ਦੀ ਮਾਲਕੀ ਦਾ ਜਤਨ ਕਰਦੇ ਹਨ।

ਪ੍ਰਬੰਧ ਜਾਂ ਜਥੇਬੰਦੀ ਨਾਲ ਮਨੁੱਖ ਦੀ ਜਮਾਂਦਰੂ ਸਾਂਝ ਹੈ, ਮਨੁੱਖ ਦੇ ਜਨਮ ਤੋਂ ਪਹਿਲਾਂ ਕੁਦਰਤ ਵਿਚ ਅਤੇ ਪਸ਼ੂ ਜੀਵਨ ਵਿਚ ਉੱਚੀ ਪੱਧਰ ਦਾ ਪ੍ਰਬੰਧ ਮੌਜੂਦ ਸੀ। ਸੂਰਜ, ਚੰਨ, ਤਾਰੇ, ਧਰਤੀ ਸਭ ਪ੍ਰਬੰਧ ਵਿਚ ਹਨ। ਦਿਨ, ਰਾਤ ਅਤੇ ਮੌਸਮ ਪ੍ਰਬੰਧ ਵਿਚ ਹਨ। ਕੀੜੀਆਂ, ਮੱਖੀਆਂ ਦਾ ਜੀਵਨ ਪ੍ਰਬੰਧ ਵਿਚ ਹੈ। ਦੂਜਿਆਂ ਦੁਆਰਾ ਮਾਰ ਕੇ ਖਾਧੇ ਜਾਣ ਵਾਲੇ ਪਸ਼ੂ ਇਕੱਠੇ ਪ੍ਰਬੰਧ ਵਿਚ ਰਹਿਣ ਵਿਚ ਸੁਰੱਖਿਆ ਮਹਿਸੂਸ ਕਰਦੇ ਹਨ। ਹਿੰਸਕ ਪਸ਼ੂਆਂ ਵਿਚ ਵੀ ਪ੍ਰਬੰਧ ਹੈ। ਮਨੁੱਖ ਸ਼ਿਕਾਰ ਆਦਿਕ ਲਈ ਪ੍ਰਬੰਧ ਦਾ ਆਸਰਾ ਲੈਂਦੇ ਸਨ। ਜਿੱਥੇ ਪ੍ਰਬੰਧ ਹੈ ਉਥੇ ਪ੍ਰਬੰਧਕ ਵੀ ਹੈ। ਪਸ਼ੂਆਂ ਵਿਚ ਭੀ ਚੌਧਰੀ ਜਾਂ ਨੇਤਾ ਹੁੰਦੇ ਹਨ।

ਸੱਭਿਅਤਾ ਦੇ ਨਾਲ ਨਾਲ ਮਨੁੱਖ ਦਾ ਪ੍ਰਬੰਧ ਵੀ ਵਿਕਸਦਾ ਗਿਆ ਹੈ। ਪ੍ਰਬੰਧ ਅਤੇ ਸੁਰੱਖਿਆ ਦਾ ਸੰਬੰਧ ਹੋਣ ਕਰਕੇ ਪ੍ਰਬੰਧ ਉਪਯੋਗੀ ਵੀ ਹੈ ਅਤੇ ਸੁੰਦਰ ਵੀ। ਤਰਤੀਬ, ਅਨੁਪਾਤ ਅਤੇ ਸੁਮੇਲ ਦੇ ਰੂਪ ਵਿਚ ਪ੍ਰਬੰਧ ਸੁੰਦਰਤਾ ਦਾ ਇੱਕ ਮਹੱਤਵਪੂਰਣ ਭਾਗ ਹੈ। ਇਸ ਲਈ ਪ੍ਰਬੰਧ ਦਾ ਆਨੰਦ ਨਾਲ ਵੀ ਸੰਬੰਧ ਹੈ। ਇਨ੍ਹਾਂ ਸਾਰੇ ਕਾਰਨਾਂ ਕਰਕੇ ਮਨੁੱਖ ਪ੍ਰਬੰਧ ਦਾ ਸਤਿਕਾਰ ਕਰਦੇ ਆਏ ਹਨ। ਪ੍ਰਬੰਧ ਪ੍ਰਤੀ ਮਨੁੱਖੀ ਸ਼ਰਧਾ ਤੋਂ ਪ੍ਰਬੰਧਕਾਂ ਨੇ ਅਨੁਚਿੱਤ ਲਾਭ ਲੈਣ ਦੇ ਲੋਭ ਕਾਰਨ ਮਨੁਖਤਾ ਦਾ ਅਹਿਤ ਕੀਤਾ ਹੈ। ਪਹਿਲਾਂ ਪਹਿਲ ਚੌਧਰ ਸਰੀਰਕ ਬਲ ਉੱਤੇ ਆਧਾਰਿਤ ਸੀ। ਹੌਲੀ ਹੌਲੀ ਬੌਧਿਕ ਹੇਰਾਫੇਰੀ ਇਸ ਦਾ ਆਧਾਰ ਬਣ ਗਈ। ਪ੍ਰਬੰਧ ਕਰਨ ਵਾਲਿਆਂ ਨੂੰ ਲੋਕ ਆਪਣੀ ਕਮਾਈ ਦਾ ਕੁਝ ਹਿੱਸਾ ਉਨ੍ਹਾਂ ਦੀ ਸੇਵਾ ਦੇ ਬਦਲੇ ਵਜੋਂ ਦਿੰਦੇ ਸਨ। ਥੋੜਾ ਥੋੜਾ ਕਰਕੇ ਇਹ ਧਨ ਬਹੁਤਾ ਬਣ ਜਾਂਦਾ ਸੀ। ਇਸ ਦੀ ਸਹਾਇਤਾ ਨਾਲ ਅਤੇ ਆਪਣੀ ਚਤੁਰਾਈ ਨਾਲ ਆਪਣੀ ਹੋਂਦ ਨੂੰ ਜ਼ਰੂਰੀ ਸਿੱਧ ਕਰ ਕੇ ਇਹ ਪ੍ਰਬੰਧਕ ਰਾਜੇ ਮਹਾਰਾਜੇ ਅਤੇ ਸਮਰਾਟ ਬਣ ਗਏ।

ਕਿਸਾਨ ਆਪਣੀ ਲੋੜ ਨਾਲੋਂ ਕਿਤੇ ਬਹੁਤਾ ਉਪਜਾ ਲੈਂਦਾ ਸੀ। ਇਸ ਉਪਜ

ਵਿੱਚੋਂ ਆਪਣਾ ਹਿੱਸਾ ਲੈ ਕੇ ਰਾਜਿਆਂ ਨੇ ਧਨ ਦੇ ਅੰਬਾਰ ਲਾ ਲਏ ਸਨ। ਇਸ ਧਨ ਦੀ ਕਿਰਪਾ ਨਾਲ ਰਾਜਿਆਂ ਦੇ ਆਲੇ ਦੁਆਲੇ ਵਿਹਲੜਾਂ ਦੀ ਚੋਖੀ ਵੱਡੀ ਗਿਣਤੀ ਉੱਸਰ ਗਈ ਸੀ। ਇਸ ਵਰਗ ਦਾ ਜੀਵਨ ਢੰਗ ਅਤੇ ਜੀਵਨ ਮਨੋਰਥ ਜਨ ਸਾਧਾਰਣ ਨਾਲੋਂ ਵੱਖਰਾ ਸੀ । ਇਹ ਚਿੰਤਾ-ਮੁਕਤ ਵਿਲਾਸੀ ਲੋਕ ਸਨ । ਆਪਣੀ ਵਿਹਲ ਦੇ ਅਕੇਵੇਂ ਥਕੇਵੇਂ ਦੇ ਇਲਾਜ ਵਜੋਂ ਇਨ੍ਹਾਂ ਨੇ ਕਈ ਪ੍ਰਕਾਰ ਦੇ ਮਨ ਪਰਚਾਵਿਆਂ ਦੀ ਸਰਪ੍ਰਸਤੀ ਨੂੰ ਆਪਣਾ ਰੁਝੇਵਾਂ ਬਣਾ ਲਿਆ ਸੀ। ਇਨ੍ਹਾਂ ਨੂੰ ਕੁੱਝ ਉਪਜਾਉਣ ਦੀ ਚਿੰਤਾ ਨਹੀਂ ਸੀ ਹੁੰਦੀ ਸਗੋਂ ਖਰਚਣ ਵਰਤਣ ਅਤੇ ਉਜਾੜਨ ਦੀ ਹੁੰਦੀ ਸੀ। ਇਨ੍ਹਾਂ ਦਾ ਆਨੰਦ ਭੋਗ ਜਾਂ ਤ੍ਰਿਪਤੀ ਵਿਚ ਸੀ। ਇਨ੍ਹਾਂ ਲਈ ਪ੍ਰਾਪਤੀ ਵੀ ਬਹੁਤੀ ਆਨੰਦਦਾਇਕ ਨਹੀਂ ਸੀ। ਤ੍ਰਿਪਤੀ ਮੂਲਕ ਆਨੰਦ ਦੇ ਸਹਾਰੇ ਇਨ੍ਹਾਂ ਨੇ ਵਿਲਾਸ-ਮੂਲਕ ਸੌਂਦਰਯ-ਸੰਕਲਪ ਦਾ ਵਿਕਾਸ ਕੀਤਾ। ਇਨ੍ਹਾਂ ਦੇ ਦਰਬਾਰੀ ਕਵੀਆਂ ਨੇ ਇਸਤ੍ਰੀ ਸੌਂਦਰਯ ਦਾ ਨਖ-ਸ਼ਿਖ ਵਰਣਨ ਕਰਨ ਦੀਆਂ ਅਜੀਬੋ-ਗਰੀਬ ਜੁਗਤੀਆਂ ਚਿਤਵੀਆਂ। ਇਨ੍ਹਾਂ ਦੇ ਰਾਖਵੇਂ ਚਿਤ੍ਰਕਾਰਾਂ ਨੇ ਰਿਤੂਰਾਜ ਵਿਚ ਪਰਮ ਸੁੰਦਰੀਆਂ ਦੀ ਉਪਾਸਨਾ ਦੀਆਂ ਮੂਰਤਾਂ ਬਣਾਈਆਂ। ਇਨ੍ਹਾਂ ਦੇ ਸੰਗੀਤਕਾਰਾਂ ਨੇ ਬਸੰਤ-ਬਹਾਰ, ਕਾਨ੍ਹੜਾ, ਟੋਡੀ ਅਤੇ ਦੀਪਕ ਉਤੇਜਨਾਮਈ ਵਰਗੇ ਰਾਗਾਂ ਦੀ ਵਿਉਂਤਬੰਦੀ ਕੀਤੀ। ਇਉਂ ਵਾਸਨਾ ਮੂਲਕ ਸੌਂਦਰਯ-ਸੰਕਲਪ ਦਾ ਵਿਕਾਸ ਹੋਇਆ।

ਉਹ ਆਨੰਦ ਜਿਹੜਾ ਸੁਹਣੇ ਮੌਸਮ ਵਿੱਚੋਂ, ਸੰਧਿਆ ਅਤੇ ਪ੍ਰਭਾਤਾਂ ਵਿੱਚੋਂ, ਫੁੱਲਾਂ ਦੇ ਖੇੜਿਆਂ ਵਿੱਚੋਂ, ਪੰਛੀਆਂ ਗੀਤਾਂ ਵਿੱਚੋਂ, ਮਨੁੱਖ ਨੂੰ ਮਿਲਦਾ ਹੁੰਦਾ ਸੀ, ਉਪਯੋਗਿਤਾ ਮੂਲਕ ਆਨੰਦ ਅਤੇ ਵਾਸਨਾ ਮੂਲਕ ਆਨੰਦ ਦੇ ਵਿਸ਼ਾਲ ਉਹਲੇ ਵਿਚ ਲੁਕ ਗਿਆ। ਨਵੇਂ ਸੌਂਦਰਯ ਸੰਕਲਪਾਂ ਨੂੰ ਵੇਲੇ ਦੇ ਹਾਕਮਾਂ ਦੀ ਸਰਪ੍ਰਸਤੀ ਪ੍ਰਾਪਤ ਸੀ। ਆਪਣੇ ਵਾਸਨਾਮਈ ਆਨੰਦ ਸੰਕਲਪ ਅਤੇ ਸੌਂਦਰਯ ਸੰਕਲਪ ਨੂੰ ਉਹ ਆਪਣਾ ਸਮਝ ਕੇ ਪਾਲਦੇ ਸਨ। ਜਨ ਸਾਧਾਰਣ ਦੇ ਉਪਯੋਗਿਤਾ ਮੂਲਕ ਸੌਂਦਰਯ ਸੰਕਲਪ ਨੂੰ ਉਹ ਇਸ ਲਈ ਉਤਸ਼ਾਹ ਅਤੇ ਆਸਰਾ ਦਿੰਦੇ ਸਨ ਕਿ ਇਸ ਨਾਲ ਉਨ੍ਹਾਂ ਦੀ ਆਪਣੀ ਅਮੀਰੀ ਵਿਚ ਵਾਧਾ ਹੁੰਦਾ ਸੀ। ਇਹ ਅਰਥ ਮੂਲਕ ਸੀ ਅਤੇ ਅਰਥ ਨੂੰ ਆਨੰਦ, ਅਰਥ ਨੂੰ ਸੌਂਦਰਯ ਸਮਝ ਕੇ ਇਸ ਦੀ ਪ੍ਰਾਪਤੀ ਵਿਚ ਕਲਿਆਣ ਮੰਨਣ ਵਾਲਾ ਜਨ ਸਾਧਾਰਣ ਰਾਜਿਆਂ ਦੇ ਵਿਲਾਸੀ ਜੀਵਨ ਨੂੰ ਕਾਇਮ ਰੱਖਣ ਲਈ ਲੋੜੀਂਦਾ ਸੀ। ਵਿਸਮਾਦ-ਆਨੰਦ ਦੀ ਜਨ ਸਾਧਾਰਣ ਨੂੰ ਸੋਝੀ ਨਹੀਂ ਸੀ ਅਤੇ ਹਾਕਮ ਵਰਗ ਨੂੰ ਲੋੜ ਨਹੀਂ ਸੀ। ਇਸ ਦੀ ਕਿਸੇ ਨੇ ਸਾਰ ਨਾ ਲਈ।

ਤਾਂ ਵੀ ਵਿਸਮਾਦ ਦਾ ਅੰਤ ਨਹੀਂ ਹੋਇਆ। ਸਮੇਂ ਸਮੇਂ ਅਜੇਹੇ ਲੋਕ ਪੈਦਾ ਹੋਏ ਹਨ ਜਿਨ੍ਹਾਂ ਨੇ ਮਨੁੱਖਾਂ ਦੇ ਸੌਂਦਰਯ ਸੰਕਲਪ ਨੂੰ ਵਾਸਨਾ ਅਤੇ ਵਿਵਹਾਰ, ਕਾਮ ਅਤੇ ਅਰਥ ਦੀ ਕੁਚੀਲਤਾ ਵਿੱਚੋਂ ਕੱਢ ਕੇ ਵਿਸਮਾਦ ਦੀ ਪਵਿਤ੍ਰਤਾ ਵਿਚ ਲਿਆ ਟਿਕਾਉਣ ਦਾ ਭਰਪੂਰ ਜਤਨ ਕੀਤਾ ਹੈ । ਇਨ੍ਹਾਂ ਮਹਾਨ ਆਤਮਾਵਾਂ ਨੇ ਜਨ ਸਾਧਾਰਣ ਦੇ ਸੌਂਦਰਯ ਸੰਕਲਪ ਨੂੰ ਬਦਲਣ ਲਈ ਸ਼ਿੰਗਾਰ ਰਸ ਦੀ ਥਾਂ ਸ਼ਾਂਤ, ਵਾਤਸਲ ਅਤੇ ਕਰੁਣਾ ਨੂੰ ਪਹਿਲ ਦਿੱਤੀ; ਆਸਾ, ਭੈਰਵੀ, ਗਉੜੀ ਅਤੇ ਵਡਹੰਸ ਵਰਗੇ ਸ਼ਾਂਤ ਰਾਗਾਂ ਨੂੰ ਮਾਣ ਦਿੱਤਾ; ਨਿਰਤ

ਅਤੇ ਚਿੱਤਰਕਲਾ ਵਰਗੀਆਂ ਉਨ੍ਹਾਂ ਕਲਾਵਾਂ ਨੂੰ ਪਰੇ ਰੱਖਿਆ ਜਿਨ੍ਹਾਂ ਉੱਤੇ ਜਨ ਸਾਧਾਰਣ ਨੂੰ ਕੋਈ ਅਧਿਕਾਰ ਜਾਂ ਕਾਬੂ ਪ੍ਰਾਪਤ ਨਹੀਂ ਸੀ ਅਤੇ ਜਿਹੜੀਆਂ ਹਾਕਮ ਵਰਗ ਦੁਆਰਾ ਜਨ ਸਾਧਾਰਣ ਦੇ ਅਹਿੱਤ ਲਈ ਵਰਤੀਆਂ ਜਾ ਸਕਦੀਆਂ ਸਨ; ਇਸਤ੍ਰੀ ਸੁੰਦਰਤਾ ਦੇ ਵਰਣਨ ਤੋਂ ਸੰਕੋਚ ਕੀਤਾ ਅਤੇ ਇਸਤ੍ਰੀ ਨੂੰ ਵਿਲਾਸ ਦਾ ਸਾਧਨ ਦੱਸਣ ਦੀ ਥਾਂ ਜੀਵਨ-ਜਾਚ ਦੀ ਸੁੰਦਰਤਾ ਦਾ ਸ੍ਰੋਤ ਮੰਨਿਆਂ; ਬਨ ਫੂਲੇ ਮੰਝ ਬਾਰ, ਕੋਕਿਲ ਅੰਬ ਸੁਹਾਵੀ ਬੋਲੇ, ਟੀਂਡ ਲਵੇ ਮੰਝ ਬਾਰੇ, ਸੀਤਲ ਪਵਣ ਝੁਲਾਰਦੇ, ਅੱਕ ਸਿਉਂ ਪ੍ਰੀਤ ਕਰੇ ਅੱਕ ਤਿੱਡਾ, ਵਿਸਮਾਦ ਪੌਣ ਵਿਸਮਾਦ ਪਾਣੀ ਦੀਆਂ ਗੱਲਾਂ ਲੋਕਾਂ ਦੇ ਲਾਗੇ ਬੈਠ ਕੇ ਲੋਕਾਂ ਦੀਆਂ ਸੱਦਾਂ, ਸਿੱਠਣੀਆਂ, ਘੋੜੀਆਂ, ਵਾਰਾਂ ਅਤੇ ਬਾਰਾਂ ਮਾਹਿਆਂ ਵਿਚ ਕੀਤੀਆਂ; ਅਤੇ ਆਨੰਦ ਨੂੰ ਕਿਸੇ ਤ੍ਰਿਪਤੀ ਜਾਂ ਪ੍ਰਾਪਤੀ ਦੀ ਉਪਜ ਦੀ ਥਾਂ ਸਹਿਜ ਦੀ ਦੇਣ ਸਿੱਧ ਕੀਤਾ।

ਇਉਂ ਮੱਧ ਕਾਲ ਦੇ ਮਨੁੱਖ ਕੋਲ ਤਿੰਨ ਪ੍ਰਕਾਰ ਦਾ ਸੌਂਦਰਯ-ਸੰਕਲਪ ਸੀ;

(ੳ) ਹਾਕਮ ਵਰਗ ਦਾ ਦਿੱਤਾ ਹੋਇਆ ਵਾਸਨਾ-ਮੂਲਕ ਸੌਂਦਰਯ-ਸੰਕਲਪ,

(ਅ) ਜਨ ਸਾਧਾਰਣ ਦੁਆਰਾ ਅਪਣਾਇਆ ਹੋਇਆ ਉਪਯੋਗਿਤਾ ਮੂਲਕ ਸੌਂਦਰਯ-ਸੰਕਲਪ, ਅਤੇ

(ੲ) ਨਿਸ਼ਕਾਮ ਮਨ ਵਾਲੇ ਸੁਹਣੇ ਲੋਕਾਂ ਦੁਆਰਾ ਜਾਣਿਆ, ਮਾਣਿਆ ਅਤੇ ਦੱਸਿਆ ਹੋਇਆ ਵਿਸਮਾਦ ਮੂਲਕ ਸੌਂਦਰਯ-ਸੰਕਲਪ। ਉਦੋਂ ਇਨ੍ਹਾਂ ਤਿੰਨਾਂ ਸੰਕਲਪਾਂ ਨੂੰ ਸਮਝਣ ਅਤੇ ਅਪਣਾਉਣ ਦੀ ਸੰਭਾਵਨਾ ਅਤੇ ਸਮਰਥਾ ਮੌਜੂਦ ਸੀ। ਉਸ ਸਮੇਂ ਦਾ ਮਨੁੱਖ ਖੇਤੀ ਕਰਦਾ ਸੀ। ਕੁਦਰਤ ਨਾਲ ਉਸ ਦੀ ਸਾਂਝ ਸੀ। ਸਾਰਾ ਬਚਪਨ ਉਹ ਲਹਿਲਹਾਉਂਦੇ ਖੇਤਾਂ ਅਤੇ ਖੁਲ੍ਹੀਆਂ ਹਵਾਵਾਂ ਵਿਚ ਬਿਤਾਉਂਦਾ ਸੀ। ਉਸ ਵਿਚ ਵਿਸਮਾਦ ਦੀ ਸੰਭਾਵਨਾ ਮੌਜੂਦ ਸੀ ਜਿਸਨੂੰ ਜਗਾ ਕੇ ਉਸ ਵਿਚ ਵਿਸਮਾਦ ਮੂਲਕ ਸੌਂਦਰਯ-ਸੰਕਲਪ ਦੀ ਚੇਤਨਾ ਪੈਦਾ ਕੀਤੀ ਗਈ ਸੀ। ਜੁਆਨ ਹੋਣ ਉੱਤੇ ਉਸ ਨੂੰ ਕਾਮ ਅਤੇ ਅਰਥ ਦੀ ਸੋਝੀ ਹੁੰਦੀ ਸੀ ਅਤੇ ਵਾਸਨਾ ਮੂਲਕ ਅਤੇ ਉਪਯੋਗਿਤਾ ਮੂਲਕ ਆਨੰਦ ਸੰਕਲਪਾਂ ਨੂੰ ਸਮਝਣਾ ਅਤੇ ਅਪਣਾਉਣਾ ਉਸ ਲਈ ਔਖਾ ਨਹੀਂ ਸੀ ਹੁੰਦਾ। ਵਿਸਮਾਦ-ਮੂਲਕ ਸੌਂਦਰਯ-ਸੰਕਲਪ ਅਤੇ ਵਾਸਨਾ-ਮੂਲਕ ਸੌਂਦਰਯ-ਸੰਕਲਪ ਉਸ ਸਮੇਂ ਦੇ ਮਨੁੱਖ ਦੇ ਪ੍ਰਧਾਨ ਸੰਕਲਪ ਸਨ; ਉਪਯੋਗਿਤਾ ਗੌਣ ਸੀ।

ਯੂਰਪ ਵਿਚ ਮਸ਼ੀਨੀ ਕ੍ਰਾਂਤੀ ਹੋਈ। ਪੱਛਮੀ ਦੇਸ਼ਾਂ ਦੇ ਲੋਕ ਆਪਣਾ ਮਸ਼ੀਨੀ ਮਾਲ ਲੈ ਕੇ ਪੂਰਬੀ ਦੇਸ਼ਾਂ ਵਿਚ ਵੇਚਣ ਆਏ। ਹੌਲੀ ਹੌਲੀ ਇਹ ਲੋਕ ਵਪਾਰੀ ਤੋਂ ਰਾਜ-ਅਧਿਕਾਰੀ ਬਣ ਗਏ। ਇਨ੍ਹਾਂ ਨੇ ਪੂਰਬੀ ਦੇਸ਼ਾਂ ਵਿਚ ਪੱਛਮੀ ਵਿੱਦਿਆ ਰਾਹੀਂ ਪੱਛਮੀ ਸਾਹਿਤ ਅਤੇ ਕਲਾ ਦਾ ਪਰਚਾਰ ਕੀਤਾ। ਇਸ ਪਰਚਾਰ ਰਾਹੀਂ ਪੂਰਬੀ ਦੇਸ਼ਾਂ ਵਿਚ ਪੱਛਮੀ ਸੌਂਦਰਯ ਸੰਕਲਪ ਦਾ ਆਗਮਨ ਹੋਇਆ। ਇਹ ਸੰਕਲਪ ਕੋਈ ਨਵਾਂ ਸੰਕਲਪ ਨਹੀਂ ਸੀ। ਇਹ ਉਹੋ ਜਾਣਿਆ ਪਛਾਣਿਆ ਵਾਸਨਾ ਮੂਲਕ ਸੌਂਦਰਯ-ਸੰਕਲਪ ਸੀ। ਪੱਛਮੀ ਵਿੱਦਿਆ ਦੇ ਫੈਲਣ ਨਾਲ ਵਾਸਨਾ-ਮੂਲਕ ਸੌਂਦਰਯ-ਸੰਕਲਪ ਵੀ ਫੈਲਿਆ ਅਤੇ ਛੇਤੀ ਹੀ ਸੌਂਦਰਯ ਸੰਕਲਪ ਦੀ ਥਾਂ ਵਾਸਨਾ-ਸੰਕਲਪ ਬਣ ਗਿਆ। ਅੱਜ ਪੱਛਮੀ ਵਿਦਿਆ ਦੀ

ਕਿਰਪਾ ਨਾਲ ਸਾਰੀ ਸੱਭਿਅ ਦੁਨੀਆਂ ਵਿਚ ਇਸਤ੍ਰੀ ਅਤੇ ਪੁਰਸ਼ ਵਿਚ ਵਾਸਨਾ ਤੋਂ ਵੱਖਰਾ ਕੋਈ ਸੰਬੰਧ ਬਾਕੀ ਨਹੀਂ ਰਿਹਾ।

ਮੈਂ ਖਿਮਾ ਦਾ ਜਾਚਕ ਹਾਂ। ਵਾਸਨਾ ਤੋਂ ਵਖਰਾ ਇੱਕ ਹੋਰ ਆਰਥਕ ਸੰਬੰਧ ਵੀ ਹੈ। ਮਸ਼ੀਨੀ ਕ੍ਰਾਂਤੀ ਨੇ ਦੋ ਧਰਮਾਂ ਨੂੰ ਜਨਮ ਦਿੱਤਾ ਹੈ; ਇੱਕ ਪੂੰਜੀਵਾਦ ਅਤੇ ਦੂਜਾ ਸਮਾਜਵਾਦ। ਦੋਹਾਂ ਦੀ ਜਨਮ ਭੂਮੀ ਪੱਛਮ ਹੈ ਕਿਉਂਜੁ ਦੋਹਾਂ ਦੀ ਜਨਨੀ, ਮਸ਼ੀਨ, ਪੱਛਮ ਦੀ ਜੰਮਪਲ ਹੈ। ਪੂੰਜੀਵਾਦ ਦਾ ਪ੍ਰਭਾਵ ਜਿਨ੍ਹਾਂ ਲੋਕਾਂ ਰਾਹੀਂ ਸੰਸਾਰ ਵਿਚ ਫੈਲਿਆ ਹੈ ਉਹ ਪੂੰਜੀਪਤੀ ਅਸਲ ਵਿਚ ਪੁਰਾਣੇ ਜਾਗੀਰਦਾਰ ਹੀ ਸਨ ਜਿਨ੍ਹਾਂ ਦਾ ਸੌਂਦਰਯ ਸੰਕਲਪ ਵਾਸਨਾ ਮੂਲਕ ਸੀ। ਸਮਾਜਵਾਦ ਦਾ ਪ੍ਰਭਾਵ ਰੂਸ ਰਾਹੀਂ ਫੈਲ ਰਿਹਾ ਹੈ। ਇਸ ਪ੍ਰਭਾਵ ਦੇ ਸੰਚਾਲਕ ਪੁਰਾਣੇ ਜਾਗੀਰਦਾਰ ਨਹੀਂ ਹਨ। ਇਹ ਉਹ ਲੋਕ ਹਨ ਜੋ ਜਾਗੀਰਦਾਰੀ ਸੰਕਲਪਾਂ ਨੂੰ ਬਦਲ ਕੇ ਨਵੇਂ ਸੰਕਲਪ ਪੈਦਾ ਕਰਨਾ ਚਾਹੁੰਦੇ ਹਨ। ਇਨ੍ਹਾਂ ਦਾ ਵਿਸ਼ਵਾਸ ਹੈ ਕਿ ਮਨੁੱਖੀ ਜੀਵਨ ਅਰਥ ਦੀ ਚੂਲ ਦੁਆਲੇ ਘੁੰਮਦਾ ਹੈ। ਇਹ ਅਰਥ ਮੂਲਕ ਸੌਂਦਰਯ-ਸੰਕਲਪ ਉਪਜਾਉਣੇ ਚਾਹੁੰਦੇ ਹਨ ਅਤੇ ਇਨ੍ਹਾਂ ਨੂੰ ਸਮਾਜਵਾਦੀ ਸੰਕਲਪ ਆਖਦੇ ਹਨ। ਆਖਿਆ ਜੋ ਮਰਜ਼ੀ ਜਾਵੇ ਅਸਲ ਵਿਚ ਇਹ ਉਹੋ ਉਪਯੋਗਿਤਾ ਮੂਲਕ ਸੌਂਦਰਯ-ਸੰਕਲਪ ਹੀ ਹੈ, ਅਤੇ ਹਾਕਮ ਵਰਗ ਨੂੰ ਇਸ ਸੰਕਲਪ ਦੀ ਵੀ ਓਨੀ ਹੀ ਲੋੜ ਹੁੰਦੀ ਹੈ ਜਿੰਨੀ ਵਾਸਨਾ ਮੂਲਕ ਸੰਕਲਪ ਦੀ। ਸਾਡੇ ਰਿਸ਼ਤੇ ਆਰਥਕ ਹੁੰਦੇ ਜਾ ਰਹੇ ਹਨ।

ਅੱਜ ਵਿਸਮਾਦ ਮੂਲਕ ਸੌਂਦਰਯ-ਸੰਕਲਪ ਦੀ ਗੱਲ ਕਰਨ ਵਾਲਾ ਕੋਈ ਨਹੀਂ। ਵਿਸਮਾਦ ਅਲੋਪ ਹੁੰਦਾ ਜਾ ਰਿਹਾ ਹੈ। ਜੀਵਨ ਏਨਾ ਗੁੰਝਲਦਾਰ, ਤੇਜ਼ ਅਤੇ ਸੁਆਰਥ ਪੂਰਣ ਹੋ ਗਿਆ ਹੈ ਕਿ ਹਰ ਕੋਈ ਤੌਖਲੇ ਵਿਚ ਹੈ, ਦੌੜ ਵਿਚ ਹੈ, ਸੰਘਰਸ਼ ਵਿਚ ਹੈ। ਵਿਸਮਾਦ ਦੀ ਵਿਹਲ ਕਿਸੇ ਨੂੰ ਨਹੀਂ। ਮੇਰੀ ਲਿਖਤ, ਜੇ ਕਦੇ ਪੜ੍ਹੀ ਗਈ, ਤਾਂ ਪੰਜਾਬੀਆਂ ਦੁਆਰਾ ਪੜ੍ਹੀ ਜਾਣੀ ਹੈ। ਪੰਜਾਬ ਪੱਧਰੇ ਮੈਦਾਨਾਂ ਦਾ ਦੇਸ਼ ਹੈ। ਇਸ ਦੇ ਮੈਦਾਨਾਂ ਦਾ ਚੱਪਾ ਚੱਪਾ ਹਲਾਂ ਹੇਠ ਲਿਆਂਦਾ ਜਾ ਚੁੱਕਾ ਹੈ। ਇਸ ਦੇ ਦਰਿਆ ਜਿਹੜੇ ਪਹਿਲਾਂ ਵੀ ਸੁੰਦਰਤਾ ਨਾਲੋਂ ਭਿਆਨਕਤਾ ਬਹੁਤੀ ਰੱਖਦੇ ਸਨ ਹੁਣ ਡੈਮਾਂ ਪਿੱਛੇ ਰੋਕੇ ਜਾ ਰਹੇ ਹਨ। ਇਸ ਦੀਆਂ ਬੇਹੜਾਂ, ਪਿੱਪਲਾਂ, ਟਾਹਲੀਆਂ, ਕਿੱਕਰਾਂ, ਫਲਾਹੀਆਂ ਵੱਢ ਦਿੱਤੀਆਂ ਗਈਆਂ ਹਨ। ਇਸ ਦੇ ਮਲ੍ਹੇ, ਝਾੜ ਤੇ ਝਾੜੀਆਂ ਸੁਪਨਾ ਹੋ ਗਏ ਹਨ। ਇਸ ਦੀਆਂ ਫ਼ਸਲਾਂ, ਇਸ ਦੇ ਸਫੇਦਿਆਂ, ਇਸ ਦੇ ਰਾਂਝਿਆਂ, ਇਸ ਦੀਆਂ ਹੀਰਾਂ, ਗੱਲ ਕੀ ਇਸ ਦੇ ਕਣ ਕਣ ਵਿਚੋਂ ਆਰਥਕਤਾ ਝਾਤੀਆਂ ਮਾਰਦੀ ਹੈ। ਇਸ ਦੀ ਸੰਧਿਆ ਅਤੇ ਸਵੇਰ ਸੁੰਦਰ ਨਹੀਂ ਰਹੀ। ਪੰਜਾਬ ਦਾ ਸਾਰਾ ਕੁਦਰਤੀ ਦ੍ਰਿਸ਼ ਸੌਂਦਰਯ ਹੀਣ ਹੋ ਗਿਆ ਹੈ। ਇਸ ਲਈ ਪੰਜਾਬ ਦੇ ਲੋਕਾਂ ਦਾ ਸੌਂਦਰਯ-ਸੰਕਲਪ ਉਪਯੋਗਿਤਾ ਮੂਲਕ ਅਤੇ ਵਾਸਨਾ ਮੂਲਕ ਹੈ। ਅਸਲ ਗੱਲ ਪੁੱਛੋ ਤਾਂ ਨਾ ਸੌਂਦਰਯ ਹੈ ਨਾ ਸੰਕਲਪ, ਕੇਵਲ ਅਰਥ ਅਤੇ ਕਾਮ ਹੀ ਹਨ। ਪੰਜਾਬ ਦਾ ਸੌਂਦਰਯ-ਸੰਕਲਪ ਕੇਵਲ ਇਸਤ੍ਰੀ-ਸੌਂਦਰਯ-ਸੰਕਲਪ ਹੈ। ਉਹ ਵੀ ਕਿਸੇ ਸਤਿਕਾਰਯੋਗ ਮਾਤਾ ਦੇ ਉੱਚੇ ਸੁੱਚੇ ਆਚਾਰ ਅਤੇ ਵਿਵਹਾਰ ਦੀ ਕੋਮਲਤਾ ਦੇ ਆਸਰੇ ਬਣਿਆ ਹੋਇਆ ਸੰਕਲਪ ਨਹੀਂ ਹੈ; ਸਗੋਂ

ਚੜ੍ਹਦੀ ਜਵਾਨੀ ਸਮੇਂ ਕਾਮ ਦੇ ਪਾਗਲਪਨ ਵਿੱਚੋਂ ਉਪਜੀ ਹੋਈ ਇੱਕ ਵਹਿਸ਼ਤ ਹੈ। ਕੀ ਪੰਜਾਬ ਵਿਚ ਕਦੇ ਮਹਾਨ ਕਲਾ ਜਾਂ ਮਹਾਨ ਸੁੰਦਰਤਾ ਉਪਜੇਗੀ ?

ਹਿੰਦੁਸਤਾਨ ਦੇ ਹੋਰ ਪ੍ਰਾਂਤਾਂ ਵਿਚ ਪਹਾੜ ਹਨ, ਵਾਦੀਆਂ ਹਨ, ਜੰਗਲ ਹਨ, ਝੀਲਾਂ ਹਨ, ਝਰਨੇ ਹਨ, ਖੁਲ੍ਹੀਆਂ ਰਮਣੀਕ ਥਾਵਾਂ ਹਨ; ਪਰ ਇਸ ਦੇ ਨਾਲ ਨਾਲ ਨਿਰਧਨਤਾ, ਨਮੋਸ਼ੀ, ਨਿਰਾਸ਼ਾ ਅਤੇ ਹੀਣਤਾ ਹੈ। ਕੀ ਉੱਥੇ ਕਿਸੇ ਸੁੰਦਰਤਾ ਦੀ ਆਸ ਕੀਤੀ ਜਾ ਸਕਦੀ ਹੈ ? ਵਿਸਮਾਦੀ ਸੁੰਦਰਤਾ ਅਤੇ ਵਿਸਮਾਦੀ ਆਨੰਦ ਦੀ ਆਸ ਤਾਂ ਹੁਣ ਕਿਧਰੇ ਵੀ ਨਹੀਂ। ਪੱਛਮੀ ਯੋਰਪ ਦੇ ਦੇਸ਼ਾਂ ਨੇ ਪਿਛਲੇ ਤਿੰਨ ਚਾਰ ਸੌ ਸਾਲਾਂ ਵਿਚ ਜਿਸ ਸੁੰਦਰਤਾ ਨੂੰ ਜਨਮ ਦਿੱਤਾ ਹੈ ਉਹ ਮੱਧ ਕਾਲੀਨ ਵਿਸਮਾਦ **ਦੀ** ਉਪਜ ਸੀ। ਆਧੁਨਿਕ ਯੌਰਪ ਪੱਪ ਮਿਊਜ਼ਿਕ ਅਤੇ ਡਿਸਕੋ ਡਾਂਸ ਦੀ ਬੇਸ਼ਰਮੀ ਨੂੰ ਜਨਮ ਦੇ ਰਿਹਾ ਹੈ। ਇਸ ਬੇਸ਼ਰਮੀ ਦੇ ਟਾਕਰੇ ਵਿਚ ਰੱਖ ਕੇ ਭਾਵੇਂ ਸਮਾਜਵਾਦੀ ਸੌਂਦਰਯ ਸੰਕਲਪ ਨੂੰ ਸ੍ਰੇਸ਼ਟ ਆਖਿਆ ਜਾ ਸਕੇ। ਉਂਜ ਮੂਲ ਰੂਪ ਵਿਚ ਕਿਸੇ ਵਡਿਆਈ ਦਾ ਧਾਰਨੀ ਉਹ ਵੀ ਨਹੀਂ। ਉਹ ਅਰਥ ਮੂਲਕ ਸੌਂਦਰਯ ਸੰਕਲਪ ਹੈ।

ਵਿੱਦਿਆ ਦੇ ਖਿਲਾਰੇ ਪਸਾਰੇ ਨਾਲ ਕਲਾ ਦੇ ਸਿਧਾਂਤਾਂ ਦੀ ਵਿਆਖਿਆ ਬਹੁਤ ਆਮ ਹੋ ਗਈ ਹੈ। ਇਹ ਸਿਧਾਂਤ ਨਵੇਂ ਨਹੀਂ ਹਨ। ਪੁਰਾਤਨ ਬੋਲੀਆਂ ਵਿਚ, ਵਿਸ਼ੇਸ਼ ਕਰਕੇ ਸੰਸਕ੍ਰਿਤ ਵਿਚ, ਇਸ ਵਿਆਖਿਆ ਦੀ ਭਰਪੂਰਤਾ ਮੌਜੂਦ ਹੈ। ਤਾਂ ਵੀ ਇਹ ਅਜੋਕੇ ਮਨੁੱਖ ਦੀ ਅਜੋਕੀ ਭਾਸ਼ਾ ਵਿਚ ਅਤੇ ਅਜੋਕੀ ਸ਼ੈਲੀ ਵਿਚ ਦੁਹਰਾਏ ਜਾ ਰਹੇ ਹਨ। ਇਨ੍ਹਾਂ ਸਿਧਾਂਤਾਂ ਦੀ ਵਿਆਖਿਆ ਕਰਨ ਵਾਲੇ ਵੱਡੇ ਵੱਡੇ ਗ੍ਰੰਥਾਂ ਵੱਲ ਸੰਕੇਤ ਕਰਕੇ ਇਹ ਆਖਿਆ ਜਾ ਸਕਦਾ ਹੈ ਅਤੇ ਇਨ੍ਹਾਂ ਗ੍ਰੰਥਾਂ ਵੱਲ ਵੇਖ ਕੇ ਇਹ ਮੰਨਿਆਂ ਵੀ ਜਾ ਸਕਦਾ ਹੈ ਕਿ ਆਧੁਨਿਕ ਸੱਭਿਅ ਮਨੁੱਖ ਦਾ ਸੌਂਦਰਯ ਸੰਕਲਪ ਮੱਧ ਕਾਲ ਦੇ ਮਨੁੱਖ ਨਾਲੋਂ ਜਾਂ ਆਦੀ ਮਨੁੱਖ ਨਾਲੋਂ ਸ੍ਰੇਸ਼ਟ ਹੈ। ਪਰ ਵਿਚਾਰ ਕਰਨ ਉੱਤੇ ਇਹ ਮਨੌਤ ਝੂਠੀ ਹੋ ਜਾਂਦੀ ਹੈ। ਇਹ ਕਿਵੇਂ ਮੰਨ ਲਿਆ ਜਾਵੇ ਕਿ ਖੰਡ ਦੇ ਕਾਰਖਾਨੇ (ਸ਼ੂਗਰ ਮਿੱਲ) ਦੇ ਇੰਜੀਨੀਅਰ ਨੂੰ ਖੰਡ, ਇੱਕ ਟਾਂਗੇ ਵਾਲੇ ਨਾਲੋਂ ਵਧੇਰੇ ਮਿੱਠੀ ਇਸ ਲਈ ਲਗਦੀ ਹੈ ਕਿ ਉਹ ਸ਼ੂਗਰ ਮਿੱਲ ਦੀਆਂ ਮਸ਼ੀਨਾਂ ਦੀ ਸਾਰੀ ਕਾਰਵਾਈ ਤੋਂ ਭਲੀ ਪਰਕਾਰ ਜਾਣੂ ਹੈ ! ਸਿਧਾਂਤਕ ਜਾਣਕਾਰੀ ਨਾਲ ਸੌਂਦਰਯ-ਸੰਕਲਪ ਦਾ ਉੱਚੇ ਹੋ ਜਾਣਾ ਉਵੇਂ ਹੀ ਹੈ ਜਿਵੇਂ ਖੰਡ ਬਣਾਉਣ ਵਾਲੀਆਂ ਮਸ਼ੀਨਾਂ ਦੀ ਜਾਣਕਾਰੀ ਨਾਲ ਖੰਡ ਵਧੇਰੇ ਮਿੱਠੀ ਹੋ ਜਾਵੇ।

# ਪਰਿਭਾਸ਼ਾ

ਹੁਣ ਜਦੋਂ ਅਸਾਂ ਸੁੰਦਰਤਾ ਦੇ ਲੱਛਣਾਂ, ਪ੍ਰਕਾਰਾਂ ਅਤੇ ਸੋਮਿਆਂ ਬਾਰੇ ਕੁਝ ਵਿਚਾਰ ਕਰ ਲਈ ਹੈ ਤਾਂ ਇਸ ਦੀ ਲੋੜ ਜਾਂ ਉਪਯੋਗਿਤਾ ਬਾਰੇ ਕੁਝ ਵਿਚਾਰ ਕਰ ਕੇ ਇਸ ਦੀ ਪਰਿਭਾਸ਼ਾ ਬਣਾਉਣ ਦਾ ਸਾਹਸ ਕਰ ਸਕਾਂਗੇ। ਅਸਾਂ ਵੇਖਿਆ ਹੈ ਕਿ ਸੁੰਦਰਤਾ ਵਿੱਚੋਂ ਆਨੰਦ ਅਤੇ ਆਨੰਦ ਵਿੱਚੋਂ ਸੁੰਦਰਤਾ ਉਪਜਦੀ ਹੈ। ਮੇਰੇ ਖਿਆਲ ਵਿੱਚ ਸੁੰਦਰਤਾ ਦੀ ਇਸ ਤੋਂ ਉਚੇਰੀ ਉਪਯੋਗਿਤਾ ਹੈ ਹੀ ਨਹੀਂ। ਪਿੱਛਲੇ ਪੰਨਿਆਂ ਵਿੱਚ ਮੈਂ ਇਹ ਲਿਖਿਆ ਸੀ ਕਿ ਕਾਵਿ ਕਲਾ ਆਪਣੇ ਮੁੱਢਲੇ ਰੂਪ ਵਿੱਚ ਹੀ ਆਪਣੇ ਆਲੇ ਦੁਆਲੇ ਦੇ ਜੀਵਨ ਵਿੱਚ ਦਿਲਚਸਪੀ ਦੀ ਧਾਰਨੀ ਸੀ। ਇਸ ਸਚਾਈ ਦੀ ਕਈ ਪ੍ਰਕਾਰ ਦੀ ਉਲਟੀ ਸਿੱਧੀ ਵਰਤੋਂ ਕੀਤੀ ਜਾਂਦੀ ਹੈ। ਉਸ ਵਰਤੋਂ ਦੀ ਵਕਾਲਤ ਲਈ ਸਿਧਾਂਤ ਘੜੇ ਜਾਦੇ ਹਨ ਜਿਸ ਦੇ ਨਤੀਜੇ ਵਜੋਂ ਕਲਾ ਅਤੇ ਵਪਾਰਕ ਇਸ਼ਤਹਾਰ-ਬਾਜ਼ੀ ਵਿਚਲਾ ਫਰਕ ਮਿਟਦਾ ਜਾ ਰਿਹਾ ਹੈ। ਮਧ ਕਾਲ ਵਿੱਚ ਰਾਜੇ, ਮਹਾਰਾਜੇ, ਸਮਰਾਟ ਅਤੇ ਸ਼ਹਿਨਸ਼ਾਹ ਕਲਾ ਦੀ ਸਰਪ੍ਰਸਤੀ ਕਰਦੇ ਸਨ। ਇਹ ਉਨ੍ਹਾਂ ਦਾ ਆਪਣਾ ਸ਼ੌਕ ਹੁੰਦਾ ਸੀ। ਰਾਜਾ ਅਤੇ ਪ੍ਰਜਾ ਦੇ ਸੰਬੰਧਾਂ ਵਿੱਚ ਕਲਾ ਨੂੰ ਬਹੁਤਾ ਦਖ਼ਲ ਨਹੀਂ ਸੀ। ਅਜੋਕੇ ਕਲਾਕਾਰ ਨੂੰ ਸਰਕਾਰੀ ਅਤੇ ਗ਼ੈਰ ਸਰਕਾਰੀ ਸੋਮਿਆਂ ਤੋਂ, ਲੋਕਾਂ ਦੇ ਵਿਚਾਰਾਂ ਅਤੇ ਵਿਸ਼ਵਾਸਾਂ ਨੂੰ ਬਦਲਣ ਦੀ ਸਲਾਹ ਦਿੱਤੀ ਜਾਂਦੀ ਹੈ। ਇਹ ਸਲਾਹ ਮੈਂ ਵੀ ਦਿੰਦਾ ਹਾਂ। ਉਹ ਕਲਾ ਹੀ ਸਤਕਾਰ ਯੋਗ ਹੈ ਜਿਹੜੀ ਮਨੁੱਖ ਵਿੱਚ ਇਹ ਵਿਸ਼ਵਾਸ ਪੈਦਾ ਕਰੇ ਕਿ ਸੁੱਖ-ਸੁਆਦੋਂ ਪਰੇ ਵੀ ਕੋਈ ਆਨੰਦ ਹੈ ਅਤੇ ਇਸ ਵਿਸ਼ਵਾਸ ਨੂੰ ਪੈਦਾ ਕਰਨ ਲਈ ਕੇਵਲ ਆਨੰਦ ਦਾ ਤਰੀਕਾ ਵਰਤੇ।

ਜਦੋਂ ਮੈਂ ਇਹ ਕਹਿੰਦਾ ਹਾਂ ਕਿ ਸੁੰਦਰਤਾ ਦੀ 'ਆਨੰਦ' ਤੋਂ ਵਡੇਰੀ ਕੋਈ ਉਪ-ਯੋਗਿਤਾ ਨਹੀਂ, ਉਦੋਂ ਮੈਂ 'ਆਨੰਦ' ਨੂੰ ਸਾਧਾਰਣ ਸੁੱਖ-ਸੁਆਦ, ਅਯਾਸ਼ੀ, ਮੌਜ-ਮੇਲਾ ਜਾਂ ਮਨੋਰੰਜਨ ਨਹੀਂ ਮੰਨਦਾ। ਮੇਰੇ ਲਈ ਆਨੰਦ ਇੱਕ ਵਿਸਮਾਦ ਹੈ ਜਿਸ ਦੀ ਸਰਲ, ਸੁਖੈਨ ਵਿਆਖਿਆ ਕਰ ਕੇ, ਅਨੁਭਵੀ ਲੋਕਾਂ ਨੇ ਉਸ ਨੂੰ ਸਾਧਾਰਣ ਮਨੁੱਖੀ ਮਨਾਂ ਦੀ ਸਮਝੇ ਪੈਣ ਯੋਗ ਬਣਾਇਆ ਹੈ। ਇਸਦੀ ਵਿਚਾਰ ਤਾਂ ਅੱਗੇ ਚੱਲ ਕੇ ਕਰਾਂਗਾ, ਇੱਥੇ ਸਿਰਫ ਇਹ ਕਹਿਣਾ ਚਾਹੁੰਦਾ ਹਾਂ ਕਿ ਅਫਲਾਤੂਨ ਤੋਂ ਲੈ ਕੇ ਇਮੈਨੂਅਲ ਕਾਂਤ ਤੱਕ ਸਾਰੇ ਪੱਛਮੀ ਵਿਦਵਾਨ ਜਿਸ 'ਆਦਰਸ਼' ਨੂੰ ਕਲਾ ਅਤੇ ਸੁੰਦਰਤਾ ਦੀ ਸੇਧ ਮੰਨਦੇ ਰਹੇ ਹਨ, ਉਸ ਨੂੰ ਵਕਤੀ ਕਲੋਲ ਬਾਜ਼ੀ ਦੇ ਟਾਕਰੇ ਵਿੱਚ ਹੌਲਾ, ਹਾਸੋਹੀਣਾ ਅਤੇ ਖਿਆਲੀ ਸਮਝ ਕੇ

ਤਿਆਗ ਦੇਣਾ ਜੀਵਨ ਲਈ ਹਿਤਕਾਰੀ ਨਹੀਂ । ਇਹ ਸਮਝਣਾ ਅਤੇ ਮੰਨਣਾ ਔਖਾ ਨਹੀਂ ਕਿ ਜੀਵਨ ਵਿੱਚ ਵਕਤੀ ਸਮੱਸਿਆਵਾਂ ਵੀ ਉਤਪੰਨ ਹੁੰਦੀਆਂ ਹਨ ਅਤੇ ਕਲਾ ਦਾ ਵਿਸ਼ਾ ਬਣਦੀਆਂ ਹਨ । ਇਹ ਵੀ ਠੀਕ ਹੈ ਕਿ ਕਲਾ ਰਾਹੀਂ ਉਨ੍ਹਾਂ ਸਮੱਸਿਆਵਾਂ ਦੀ ਵਿਆਖਿਆ, ਆਲੋਚਨਾ ਅਤੇ ਨਵਿਰਤੀ ਕਰਨੀ ਹਿਤਕਾਰੀ ਵੀ ਹੁੰਦੀ ਹੈ । ਤਾਂ ਵੀ ਇਹ ਗੱਲ ਸਦਾ ਸੱਚ ਹੈ ਕਿ ਮਹਾਨ ਕਲਾ ਅਤੇ ਅਮਰ ਸੁੰਦਰਤਾ ਕਿਸੇ ਆਦਰਸ਼ ਦੀ ਪ੍ਰੇਰਣਾ ਤੋਂ ਬਿਨਾਂ ਸੰਭਵ ਨਹੀਂ ਅਤੇ ਕਲਾ ਦਾ ਆਦਰਸ਼ ਜੀਵਨ ਵਿੱਚ ਸੁੰਦਰਤਾ, ਕੋਮਲਤਾ ਅਤੇ ਪਵਿਤ੍ਰਤਾ ਪੈਦਾ ਕਰਨਾ ਹੈ ।

ਵਾਲਮੀਕ ਰਿਸ਼ੀ ਨੇ ਰਾਮਾਇਣ ਲਿਖੀ । ਉਸ ਦਾ ਇੱਕ ਪਾਤਰ ਰਾਮ, ਕ੍ਰੋੜਾਂ ਹਿਰਦਿਆਂ ਵਿੱਚ ਪਿਆਰ, ਸ਼ਰਧਾ ਅਤੇ ਆਦਰਸ਼ ਬਣ ਕੇ ਸਮਾ ਗਿਆ । ਕਾਲੀਦਾਸ ਨੇ ਨਾਟਕ ਲਿਖੇ । ਉਸਦੀ ਕਲਪਨਾ ਵਿੱਚੋਂ ਉਪਜੇ ਹੋਏ ਪਾਤਰ ਸਾਡੇ ਦੇਸ਼ ਦੇ ਇਤਿਹਾਸ ਵਿੱਚ ਆ ਵੜੇ । ਤੁਲਸੀ ਦਾਸ ਨੇ ਰਾਮਾਇਣ ਨੂੰ ਮੁੜ ਦੁਹਰਾਇਆ । ਰਾਮ ਸ਼ਬਦ ਦੇ ਅਰਥ ਹੀ ਬਦਲ ਕੇ 'ਰੱਬ' ਬਣ ਗਏ । ਸੂਰਦਾਸ ਨੇ ਸੂਰ ਸਾਗਰ ਵਿੱਚ ਕ੍ਰਿਸ਼ਨ ਦੀ ਕਥਾ ਨੂੰ ਕਵਿਤਾ ਦਾ ਰੂਪ ਦਿੱਤਾ । ਭਾਰਤ ਦੇ ਸਾਹਿਤਾਚਾਰੀਆਂ ਨੂੰ ਰਸਾਂ ਦੀ ਗਿਣਤੀ ਵਧਾਉਣੀ ਪੈ ਗਈ । ਗੁਰੂ ਨਾ ਕ, ਗੁਰੂ ਅਮਰ ਦਾਸ ਅਤੇ ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਪਿਆਰ ਦੀ ਮਸਤੀ ਵਿੱਚ ਗਾਂਵਿਆ ਤਾਂ ਸ਼ਾਂਤ ਵੀ ਰਸ ਹੋ ਨਿਬੜਿਆ । ਭਾਈ ਮਰਦਾਨੇ ਨੇ ਰਬਾਬ ਵਜਾਈ ਤਾਂ 'ਪਰਬਤਾਂ ਸਲਾਮ ਕੀਤਾ ।' ਕੀ ਇਨ੍ਹਾਂ ਦੀਆਂ ਕਲਾ-ਕ੍ਰਿਤੀਆਂ ਵਿੱਚ ਸੌਂਦਰਯ ਨਹੀਂ ਹੈ ? ਕੀ ਉਸ ਸੌਂਦਰਯ ਦਾ ਅਧਿਐਨ ਕਰਕੇ ਅਸੀਂ ਸੌਂਦਰਯ ਦੇ ਲੱਛਣ ਪ੍ਰਕਾਰ ਅਤੇ ਸ੍ਰੋਤ ਨਹੀਂ ਜਾਣ ਸਕਦੇ ? ਕੀ ਇਹ ਲੋਕ ਆਖਣ ਨੂੰ ਹੀ ਗੁਰੂ ਸਨ ਅਤੇ ਸਾਨੂੰ ਕੁਝ ਸਿਖਾ ਸਕਣ ਦੀ ਯੋਗਤਾ ਇਨ੍ਹਾਂ ਵਿੱਚ ਨਹੀਂ ਸੀ ਜੇ ਸੀ ਤਾਂ ਉਹ ਸਿੱਖਿਆ ਕਿੱਥੇ ਗਈ ? ਅੱਜ ਸਾਨੂੰ ਸੌਂਦਰਯ ਦੀ ਪਰਿਭਾਸ਼ਾ ਜਾਣਨ ਲਈ ਮਾਸਕੋ ਕਿਉਂ ਜਾਣਾ ਪੈਂਦਾ ਹੈ ? ਲੰਡਨ, ਪੈਰਿਸ, ਨਿਊਯਾਰਕ ਵੱਲ ਕਿਉਂ ਵੇਖਣਾ ਪੈਂਦਾ ਹੈ ?

ਕਾਰਨ ਜਾਣਨਾ ਔਖਾ ਨਹੀਂ । ਇਸਲਾਮ ਕੋਲ ਹਿੰਦੂ ਸੰਸਕ੍ਰਿਤੀ ਨੂੰ ਦੇਣ ਲਈ ਕੁਝ ਨਹੀਂ ਸੀ । ਇਸਲਾਮੀ ਰਾਜ ਦਾ ਸਾਰਾ ਜ਼ੋਰ ਹਿੰਦੂ ਸੰਸਕ੍ਰਿਤੀ ਅਤੇ ਹਿੰਦੂ ਵਿੱਦਿਆ ਪ੍ਰਬੰਧ ਨੂੰ ਨਸ਼ਟ ਕਰਨ ਉੱਤੇ ਲੱਗ ਗਿਆ ਸੀ । ਇਸਲਾਮ ਤੋਂ ਪਿੱਛੋਂ ਭਾਰਤ ਵਿੱਚ ਅੰਗ੍ਰੇਜ਼ੀ ਰਾਜ ਆ ਗਿਆ । ਅੰਗ੍ਰੇਜ਼ਾਂ ਕੋਲ ਸਨਅਤੀ ਮਾਲ ਸੀ ਜਿਸ ਨੂੰ ਵੇਚਣ ਲਈ ਭਾਰਤ ਇੱਕ ਮੰਡੀ ਸੀ । ਏਨੀ ਵੱਡੀ ਮੰਡੀ ਵਿੱਚ ਸਨਅਤੀ ਮਾਲ ਨੂੰ ਇੱਕ ਥਾਂ ਤੋਂ ਦੂਜੀ ਥਾਂ ਲੈ ਜਾਣ ਲਈ ਰੇਲ, ਸੜਕ, ਤਾਰ, ਡਾਕ ਦੀ ਲੋੜ ਸੀ । ਸਭ ਤੋਂ ਵੱਡੀ ਲੋੜ ਸੀ ਇਸ ਵਪਾਰਕ ਲੁੱਟ ਨੂੰ ਵੱਧ ਤੋਂ ਵੱਧ ਸਸਤੇ ਅਤੇ ਸੌਖੇ ਢੰਗ ਨਾਲ ਕਰਨ ਲਈ ਇੱਕ ਅਜੇਹੀ ਵਿੱਦਿਆ ਦੀ ਜੋ ਭਾਰਤ ਵਾਸੀਆਂ ਨੂੰ ਰੇਲ, ਡਾਕ, ਦਫਤਰ, ਆਦਿਕ ਦੇ ਕੰਮ ਕਰਨ ਜੋਗੇ ਕਰ ਸਕੇ । ਅੰਗ੍ਰੇਜ਼ੀ ਵਿੱਦਿਆ ਨਾਲ ਸਾਡੀ ਸੋਚ ਪੱਛਮੀ ਹੋ ਗਈ । ਹੌਲੀ ਹੌਲੀ ਸਾਡਾ ਰਹਿਣ ਸਹਿਣ ਵੀ ਪੱਛਮੀ ਬਣਨ ਲੱਗ ਪਿਆ । ਅੰਗ੍ਰੇਜ਼ੀ ਰਾਜ ਭਾਰਤੋਂ ਚਲਾ ਗਿਆ ਪਰ ਅੰਗ੍ਰੇਜ਼ੀ ਵਿੱਦਿਆ ਭਾਰਤ ਵਿੱਚ ਹੀ ਰਹੀ । ਅਸੀਂ ਇਸ ਦੀ ਥਾਂ

ਲੈਣ ਲਈ ਕੋਈ ਆਪਣਾ ਵਿੱਦਿਆ-ਪ੍ਰਬੰਧ ਨਹੀਂ ਬਣਾ ਸਕੇ। ਹੁਣ ਇਹ ਕੰਮ ਹੋਰ ਵੀ ਔਖਾ ਹੋ ਗਿਆ ਹੈ ਅਤੇ ਭਵਿੱਖ ਵਿੱਚ ਹੁੰਦਾ ਜਾਵੇਗਾ। ਅੰਗ੍ਰੇਜ਼ਾਂ ਤੋਂ ਸਾਡਾ ਪਿੱਛਾ ਅਜੇ ਛੁੱਟਿਆ ਨਹੀਂ ਕਿ ਰੂਸੀਆਂ ਨੇ ਸਾਨੂੰ ਧੌਣੋਂ ਆ ਫੜਿਆ ਹੈ। ਉਦੋਂ ਅਸੀਂ ਔਖੇ ਸਾਂ ਕਿਉਂਕਿ ਅੰਗ੍ਰੇਜ਼ਾਂ ਦੇ ਗੁਲਾਮ ਸਾਂ; ਹੁਣ ਅਸੀਂ ਖੁਸ਼ ਹਾਂ, ਉਂਵ ਰੂਸੀਆਂ ਦੇ ਰਖੇਲ ਹਾਂ।

ਚਲੋ ਕੁਝ ਵੀ ਹਾਂ, ਸੁੰਦਰਤਾ ਦੀ ਪਰਿਭਾਸ਼ਾ ਦਾ ਪੂਰਾ ਨਹੀਂ ਤਾਂ ਅਧੂਰਾ, ਸਫਲ ਨਹੀਂ ਤਾਂ ਅਸਫਲ ਜਤਨ ਜ਼ਰੂਰ ਕਰ ਸਕਦੇ ਹਾਂ। ਸਾਧਾਰਣ ਤੌਰ ਉੱਤੇ ਮਨ ਪਰਚਾਉਣ ਜਾਂ ਮਨ ਨੂੰ ਮੋਹਣ ਵਾਲੀ ਹਰ ਸ਼ੈ ਨੂੰ ਸੁੰਦਰ ਆਖ ਲੈਂਦੇ ਹਨ। ਪਰ ਮਨ ਪਰਚਾਵਾ ਸੁੰਦਰਤਾ ਨਹੀਂ ਕਿਉਂਜੁ ਕਈ ਸ਼ਿਕਾਰ ਖੇਡ ਕੇ ਵੀ ਮਨ-ਪਰਚਾਵਾ ਕਰਦੇ ਹਨ। ਉਂਵ ਇਸ ਗੱਲ ਵਿੱਚ ਸੱਚਾਈ ਜ਼ਰੂਰ ਹੈ ਕਿ ਜੋ ਸੁੰਦਰ ਹੈ ਉਹ ਮਨ ਨੂੰ ਚੰਗਾ ਜ਼ਰੂਰ ਲੱਗਦਾ ਹੈ। ਦੂਜੀ ਸ਼ਰਤ ਇਹ ਹੋ ਗਈ ਕਿ ਕਿਸੇ ਮਨ ਭਾਉਂਦੀ ਵਸਤੂ ਜਾਂ ਕਿਰਿਆ ਜਾਂ ਵਿਚਾਰ ਨੂੰ ਸੁੰਦਰ ਤਾਂ ਹੀ ਕਹਿ ਸਕਦੇ ਹਾਂ ਜੇ ਉਹ ਦੂਜਿਆਂ ਨੂੰ ਵੀ ਸੁੰਦਰ ਲੱਗੇ। ਪਰ ਇਹ ਜ਼ਰੂਰੀ ਨਹੀਂ ਕਿ ਜੋ ਮੇਰੇ ਲਈ ਸੁੰਦਰ ਹੈ ਉਹ ਸਭ ਲਈ ਸੁੰਦਰ ਹੋਵੇ। ਤਾਂ ਤੇ ਇਹ ਕਹਿ ਸਕਦੇ ਹਾਂ ਕਿ ਉਹ ਦੂਜਿਆਂ ਨੂੰ ਕੋਝਾ ਨਾ ਲੱਗੇ। ਮੇਰੀ ਜਾਚੇ ਇਹ ਵੀ ਸੰਭਵ ਨਹੀਂ। ਲੈਲਾ ਕਈਆਂ ਨੂੰ ਕੁਰੂਪ ਲਗਦੀ ਸੀ ਪਰ ਮਜਨੂੰ ਉਸ ਨੂੰ ਸੁੰਦਰ ਸਮਝਦਾ ਸੀ। ਅੰਤ ਵਿੱਚ ਇਹ ਆਖ ਸਕਦੇ ਹਾਂ ਕਿ ਜਿਸ ਦੁਆਰਾ ਦੂਜਿਆਂ ਦਾ ਅਹਿਤ ਨਾ ਹੁੰਦਾ ਹੋਵੇ।

ਮੰਨ ਲਓ ਇੱਕ ਆਦਮੀ ਜਾਇਦਾਦ ਦਾ ਮਾਲਕ ਹੈ। ਉਸਦੀ ਕਈ ਔਲਾਦ ਨਹੀਂ। ਉਹ ਅਫੀਮ ਦਾ ਅਮਲੀ ਹੈ। ਅਫੀਮ ਖਾਣ ਵਿੱਚ ਉਸ ਨੂੰ ਆਨੰਦ ਦੀ ਅਨੁਭੂਤੀ ਹੁੰਦੀ ਹੈ। ਇਉਂ ਕਰਨ ਨਾਲ ਕਿਸੇ ਦਾ ਅਹਿਤ ਨਹੀਂ ਹੁੰਦਾ। ਕੀ ਉਸਦਾ ਅਫੀਮ ਖਾਣਾ ਸੁੰਦਰ ਹੈ ? ਉੱਤਰ ਨਾਂਹ ਵਿੱਚ ਹੀ ਹੋਵੇਗਾ। ਉਹ ਆਪਣੀ ਜਾਇਦਾਦ ਵੇਚ ਕੇ ਖਾਂਦਾ ਹੈ। ਕਿਸੇ ਦਾ ਕੋਈ ਅਹਿਤ ਨਹੀਂ, ਤਾਂ ਵੀ ਇਹ ਕਿਰਿਆ ਸੁੰਦਰ ਨਹੀਂ ਕਿਉਂਕਿ ਇਸ ਵਿੱਚ ਉਸ ਦਾ ਆਪਣਾ ਅਹਿਤ ਹੈ। ਇੱਥੇ ਇਹ ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਕਿਸੇ ਦੇ ਹਿਤ-ਅਹਿਤ ਦਾ ਨਿਰਣਾ ਕਰਨ ਦਾ ਅਧਿਕਾਰ ਕਿਸੇ ਦੂਜੇ ਨੂੰ ਕਿਉਂ ਹੋਵੇ। ਪਰੰਤੂ ਇਸ ਸਾਪੇਖ ਸੰਸਾਰ ਵਿੱਚ ਹਿਤ ਦੀ ਨਿਰਪੇਖਤਾ ਨਹੀਂ ਚਿਤਵੀ ਜਾ ਸਕਦੀ। ਜੇ ਇੱਕ ਮਾਂ ਨੂੰ ਆਪਣੇ ਨਵ-ਜਨਮੇਂ ਬਾਲਕ ਦੇ ਹਿਤ-ਅਹਿਤ ਦਾ ਨਿਰਣਾ ਕਰਨ ਦਾ ਅਧਿਕਾਰ ਹੈ, ਜੇ ਇੱਕ ਰੋਗੀ ਦੇ ਹਿਤ-ਅਹਿਤ ਦਾ ਨਿਰਣਾ ਕਰਨ ਦਾ ਅਧਿਕਾਰ ਇੱਕ ਵੈਦ ਨੂੰ ਹੈ ਤਾਂ ਇੱਕ ਅਮਲੀ ਦੇ ਹਿਤ-ਅਹਿਤ ਦਾ ਨਿਰਣਾ ਕਰਨ ਵਿੱਚ ਕੋਈ ਵਧੀਕੀ ਨਹੀਂ। ਜਿਵੇਂ ਕੋਈ ਦਵਾਈ ਅਮਲੀ ਨੂੰ ਅਮਲ ਵਰਗਾ ਸੁੱਖ ਦਿੰਦੀ ਹੋਈ ਉਸ ਨੂੰ ਅਮਲ ਦੀ ਅਧੀਨਗੀ ਤੋਂ ਮੁਕਤ ਕਰਨ ਵਿੱਚ ਉਸ ਦਾ ਹਿਤ ਕਰਦੀ ਹੈ ਉਵੇਂ ਹੀ ਸੁੰਦਰਤਾ ਵਿੱਚ ਇਹ ਗੁਣ ਹੋ ਸਕਦਾ ਹੈ ਕਿ ਉਹ ਮਾਣਨ ਹਾਰ ਦੇ ਸੌਂਦਰਯ-ਸੰਕਲਪ ਅਨੁਸਾਰ ਉਸ ਨੂੰ ਆਨੰਦਿਤ ਕਰਦੀ ਹੋਈ ਉਸ ਦੇ ਸੌਂਦਰਯ ਸੰਕਲਪ ਨੂੰ ਉਚੇਰਾ ਵੀ ਕਰਦੀ ਜਾਵੇ। ਇਉਂ ਕਰਨ ਵਾਲੀ ਸੁੰਦਰਤਾ ਉਸ ਲਈ ਹਿਤਕਾਰੀ ਹੋਵੇਗੀ। ਹਿਤਕਾਰੀ ਹੋਣ ਨੂੰ ਅਸੀਂ

ਇੱਥੇ ਸੰਸਕਾਰ ਕਰਨਾ ਕਹਿ ਲੈਂਦੇ ਹਾਂ। ਉਪਰੋਕਤ ਵਿਚਾਰ ਦੇ ਆਧਾਰ ਉੱਤੇ ਇਹ ਆਖਿਆ ਜਾ ਸਕਦਾ ਹੈ ਕਿ ਕਿਸੇ ਕੁਦਰਤੀ ਦ੍ਰਿਸ਼ ਜਾਂ ਵਸਤੂ ਵਿਚਲੀ, ਕਿਸੇ ਕਲਾ-ਕ੍ਰਿਤੀ ਵਿਚਲੀ, ਮਨੁੱਖੀ ਸਰੀਰ, ਆਚਾਰ ਅਤੇ ਆਚਰਣ ਵਿਚਲੀ ਉਹ ਵਿਲੱਖਣਤਾ, ਜਿਹੜੀ ਆਪਣੇ ਨਾਲ ਵਾਹ ਪੈਣ ਵਾਲਿਆਂ ਨੂੰ ਸੁੱਖ-ਸੁਆਦ ਤੋਂ ਵੱਖਰੇ ਆਨੰਦ ਦੀ ਅਨੁਭੂਤੀ ਕਰਵਾਉਂਦੀ ਹੋਈ ਉਨ੍ਹਾਂ ਦੇ ਮਾਨਸਿਕ ਸੰਸਕਾਰ ਜਾਂ ਵਿਕਾਸ ਵਿੱਚ ਸਹਾਈ ਹੋਵੇ, ਸੁੰਦਰਤਾ ਹੈ।

# ਆਨੰਦ

ਆਨੰਦ ਇੱਕ ਅਨੁਭੂਤੀ ਹੈ; ਸੌਂਦਰਯ ਉਸ ਦਾ ਆਧਾਰ ਹੈ। ਕ੍ਰਿਤ੍ਰਿਮ ਸੌਂਦਰਯ ਮਨੁੱਖੀ ਕਲਾ ਕੌਸ਼ਲ ਦੀ ਉਪਜ ਹੈ ਅਤੇ ਆਨੰਦ ਉਸ ਦੀ ਪ੍ਰੇਰਣਾ ਹੈ। ਇਉਂ ਆਨੰਦ ਅਤੇ ਸੌਂਦਰਯ ਵਿਚ ਏਨਾ ਨੇੜਲਾ ਸੰਬੰਧ ਹੈ ਕਿ ਦੋਵੇਂ ਇੱਕੋ ਚੀਜ਼ ਦੇ ਦੋ ਨਾਂ ਜਾਂ ਇੱਕੋ ਸਿੱਕੇ ਦੇ ਦੋ ਪਾਸੇ ਹਨ। ਆਨੰਦ ਨੂੰ ਪੁਰਾਣੇ ਸਮਿਆਂ ਤੋਂ ਸੁੱਖ-ਆਨੰਦ, ਅਲਪ-ਆਨੰਦ, ਗਿਆਨ-ਆਨੰਦ ਅਤੇ ਪਰਮ-ਆਨੰਦ ਆਦਿਕ ਵੰਡਾਂ ਵਿਚ ਵੰਡਿਆ ਜਾਂਦਾ ਰਿਹਾ ਹੈ। ਮੈਂ ਇਸ ਨੂੰ ਇਸ ਦੀ ਅਨੁਭੂਤੀ ਦੇ ਆਧਾਰ ਉੱਤੇ ਨੀਂਦ-ਆਨੰਦ, ਵਿਸਮਾਦ-ਆਨੰਦ, ਭੋਗ-ਆਨੰਦ ਅਤੇ ਪਰਮਾਨੰਦ ਦੀਆਂ ਚਾਰ ਵੰਡਾਂ ਵਿਚ ਵੰਡਦਾ ਹਾਂ। ਤੀਜੀ ਵੰਡ ਦਾ ਨਾਂ ਵਿਲਾਸ-ਆਨੰਦ ਵੀ ਰੱਖਿਆ ਜਾ ਸਕਦਾ ਹੈ, ਪਰ ਭੋਗ-ਆਨੰਦ ਆਖਣ ਨਾਲ ਇਸ ਵੰਡ ਦਾ ਘੇਰਾ ਵਿਸ਼ਾਲ ਹੋ ਜਾਂਦਾ ਹੈ। ਮੇਰੇ ਖਿਆਲ ਵਿਚ ਪਸ਼ੂ-ਜੀਵਨ ਆਨੰਦ-ਹੀਣ ਨਹੀਂ। ਉਸ ਵਿਚ ਤਿੰਨ ਪ੍ਰਕਾਰ ਦਾ ਆਨੰਦ ਅਨੁਭਵ ਹੈ। ਪਰ ਪਸ਼ੂ ਵਿਲਾਸੀ ਨਹੀਂ ਹੁੰਦੇ। ਵਿਲਾਸ-ਆਨੰਦ ਕੇਵਲ ਮਨੁੱਖ ਦੀ ਅਨੁਭੂਤੀ ਹੈ। ਜੇ ਤੀਜੀ ਵੰਡ ਦਾ ਨਾਂ ਵਿਲਾਸ-ਆਨੰਦ ਰੱਖਿਆ ਜਾਵੇ ਤਾਂ ਇਹ ਕੇਵਲ ਮਨੁੱਖੀ ਅਨੁਭਵ ਨੂੰ ਹੀ ਆਪਣੀ ਵਲਗਣ ਵਿਚ ਵਲ ਸਕੇਗੀ। ਇਹ ਵੰਡਾਂ ਅਤੇ ਇਨ੍ਹਾਂ ਦੇ ਇਹ ਨਾਂ ਮੈਂ ਆਪਣੀ ਗੱਲ ਸਪਸ਼ਟ ਕਰਨ ਲਈ ਆਪ ਰੱਖੇ ਹਨ। ਪੁਰਾਤਨ ਵਿੱਦਵਾਨਾਂ ਦੀ ਵਿਚਾਰ-ਵਿਧੀ ਨਾਲ ਮੇਰਾ ਵਿਰੋਧ ਨਹੀਂ। ਜੇ ਮੇਰੀਆਂ ਇਹ ਵੰਡਾਂ ਇਸ ਵਿਸ਼ੇ ਨੂੰ ਸਰਲ ਅਤੇ ਸਪਸ਼ਟ ਕਰ ਸਕਣ ਕਰਕੇ ਅਜੋਕੇ ਸੁਹਜ-ਸ਼ਾਸਤ੍ਰੀਆਂ ਦੀ ਪਰਵਾਨਗੀ ਪ੍ਰਾਪਤ ਕਰ ਸਕਣ ਤਾਂ ਮੈਨੂੰ ਖੁਸ਼ੀ ਹੋਵੇਗੀ ਪਰ ਉਸ ਤੋਂ ਵਡੇਰੀ ਖੁਸ਼ੀ ਮੈਨੂੰ ਆਪਣੀ ਗਲ ਕਰ ਸਕਣ ਦੀ ਹੈ।

## ਨੀਂਦ-ਆਨੰਦ

ਨੀਂਦ ਦੀ ਹਾਲਤ ਨੂੰ ਯੋਗ ਸ਼ਾਸ਼ਤ੍ਰ ਵਾਲੇ ਸੁਖੋਪਤ ਆਖਦੇ ਹਨ। ਇਹ ਮਹਾਨ ਸੁੱਖ ਦੀ ਹਾਲਤ ਹੈ। ਇਸ ਤੋਂ ਵਡੇਰੇ ਸੁੱਖ ਦੀ ਹਾਲਤ ਕਿਸੇ ਜੀਵ ਨੂੰ ਕਦੀ ਪ੍ਰਾਪਤ ਨਹੀਂ ਹੋ ਸਕਦੀ ਜਿੰਨਾ ਚਿਰ ਉਹ ਕਿਸੇ ਉਚੇਰੀ ਸਾਧਨਾ ਨਾਲ ਤੁਰੀਆ ਅਵਸਥਾ ਵਿਚ

ਨਾ ਪੁੱਜ ਜਾਵੇ । ਧਾਰਣਾ, ਧਿਆਨ ਅਤੇ ਸਮਾਧੀ ਦੇ ਸਾਰੇ ਸਾਧਨ ਨੀਂਦ-ਆਨੰਦ ਵਰਗੀ ਅਵਸਥਾ ਪੈਦਾ ਕਰਨ ਦੇ ਜਤਨ ਹਨ । ਮਨ ਨੂੰ ਕਿਸੇ ਵਸਤੂ ਜਾਂ ਵਿਚਾਰ ਉੱਤੇ ਇਕਾਗਰ ਕਰਨ ਲਈ ਕਈ ਲੋਕ ਨਸ਼ਿਆਂ ਦਾ ਆਸਰਾ ਵੀ ਲੈਂਦੇ ਹਨ । ਪਾਠ, ਸਿਮਰਨ ਅਤੇ ਕੀਰਤਨ ਨਾਲ ਜਿਸ ਲਿਵ ਦੀ ਹਾਲਤ ਪੈਦਾ ਕਰਨ ਦੀ ਇੱਛਾ ਕੀਤੀ ਜਾਂਦੀ ਹੈ, ਉਹ ਲਿਵ ਵੀ ਨੀਂਦ-ਆਨੰਦ ਵਰਗੇ ਕਿਸੇ ਆਨੰਦ ਵਿਚ ਪ੍ਰਵੇਸ਼ ਕਰਨ ਦੇ ਮਨੋਰਥ ਨਾਲ ਹੀ ਪੈਦਾ ਕੀਤੀ ਜਾਂਦੀ ਹੈ ।

ਨੀਂਦ-ਆਨੰਦ ਮਹੱਤਵ ਪੂਰਣ ਹੁੰਦਾ ਹੋਇਆ ਵੀ ਮਨੁੱਖ ਲਈ ਕਿਸੇ ਉਚੇਚੇ ਜਤਨ ਦਾ ਪ੍ਰੇਰਕ ਨਹੀਂ । ਇਹ ਆਨੰਦ ਨਿਰਯਤਨ ਹੀ ਪ੍ਰਾਪਤ ਹੁੰਦਾ ਹੈ । ਜਿਵੇਂ ਬੇਧਿਆਨੀ ਵਿਚ ਸਾਹ ਲੈਂਦਿਆਂ ਸਾਨੂੰ ਇਹ ਖਿਆਲ ਕਦੇ ਨਹੀਂ ਆਉਂਦਾ ਕਿ ਹਵਾ ਸਾਡੇ ਲਈ ਕਿੰਨੀ ਜ਼ਰੂਰੀ ਹੈ ਤਿਵੇਂ ਹੀ ਹਰ ਰੋਜ਼ ਘਟੋ ਘੱਟ ਇੱਕ ਵੇਰ ਨੀਂਦ ਵਿਚ ਨਿਰਯਤਨ ਪ੍ਰਵੇਸ਼ ਕਰਦਿਆਂ ਹੋਇਆਂ ਮਨੁੱਖ ਨੇ ਇਹ ਸੋਚਣ ਦੀ ਲੋੜ ਕਦੇ ਨਹੀਂ ਮਹਿਸੂਸੀ ਕਿ ਨੀਂਦ, ਉਸ ਲਈ ਕਿੰਨੀ ਜ਼ਰੂਰੀ ਹੈ । ਇਸ ਦੀ ਕਦਰ ਉਦੋਂ ਹੁੰਦੀ ਹੈ ਜਦੋਂ ਕਿਸੇ ਕਾਰਨ ਆਦਮੀ ਸੌਂ ਨਾ ਸਕੇ । ਜਿਸ ਆਦਮੀ ਦੀ ਨੀਂਦ ਖੁਸ ਜਾਵੇ ਉਹ ਇਸ ਨੂੰ ਹਾਸਲ ਕਰਨ ਲਈ ਕੋਈ ਵੀ ਕੀਮਤ ਦੇਣ ਲਈ ਤਿਆਰ ਹੋ ਜਾਂਦਾ ਹੈ । ਅਜੇਹਾ ਕਈ ਵੇਰ ਹੋਇਆ ਹੈ ਕਿ ਪੁਲੀਸ ਨੇ ਕਤਲ ਦੇ ਇਲਜ਼ਾਮ ਵਿਚ ਫੜੇ ਹੋਏ ਆਦਮੀਆਂ ਨੂੰ ਆਪਣੇ ਜੁਰਮ ਦਾ ਇਕਬਾਲ ਕਰਨ ਉੱਤੇ ਮਜਬੂਰ ਕਰਨ ਲਈ ਲਗਾਤਾਰ ਜਗਾਈ ਰੱਖਿਆ ਹੈ; ਅਤੇ ਉਨ੍ਹਾਂ ਵਿੱਚੋਂ ਕਈਆਂ ਨੇ ਬੇਕਸੂਰ ਹੋਣ ਉੱਤੇ ਵੀ ਜੁਰਮ ਦਾ ਇਕਬਾਲ ਕਰ ਕੇ ਆਪਣੀ ਨੀਂਦ ਦਾ ਸੁੱਖ ਵਾਪਸ ਲਿਆ ਹੈ ਜਿਸ ਦੇ ਮੁੱਲ ਵਜੋਂ ਉਨ੍ਹਾਂ ਨੂੰ ਆਪਣਾ ਜੀਵਨ ਤਕ ਦੇਣਾ ਪਿਆ ਹੈ । ਨੀਂਦ ਬਹੁਤ ਵੱਡਮੁੱਲੀ ਹੈ ਪਰ ਮਿਲਦੀ ਮੁਫਤ ਹੈ ।

ਨੀਂਦ ਦੇ ਭੇਤ ਨੂੰ ਜਾਣਨ ਲਈ ਆਧੁਨਿਕ ਵਿਗਿਆਨ ਨੇ ਬਥੇਰਾ ਯਤਨ ਕੀਤਾ ਹੈ । ਇਸ ਯਤਨ ਦੇ ਸਿੱਟੇ ਵਜੋਂ ਅਣਗਿਣਤ ਜਾਨਵਰਾਂ ਨੂੰ ਆਪਣੇ ਪ੍ਰਾਣਾਂ ਦੀ ਅਹੂਤੀ ਦੇਣੀ ਪਈ ਹੈ । ਬੇਸ਼ੁਮਾਰ ਕੁੱਤਿਆਂ ਅਤੇ ਬਿੱਲੀਆਂ ਦੇ ਦਮਾਗ਼ਾਂ ਦੇ ਉਨ੍ਹਾਂ ਹਿੱਸਿਆਂ ਨੂੰ ਕੱਟ ਕੇ ਕੱਢ ਦਿੱਤਾ ਜਾਂਦਾ ਰਿਹਾ ਹੈ ਜਿਹੜੇ ਹਿੱਸੇ ਨੀਂਦ ਨਾਲ ਸੰਬੰਧਤ ਮੰਨੇ ਜਾਂਦੇ ਸਨ । ਇਉਂ ਕਰਨ ਉੱਤੇ ਵੀ ਉਨ੍ਹਾਂ ਪਸ਼ੂਆਂ ਨੂੰ ਨੀਂਦ ਆਉਂਦੀ ਰਹੀ ਹੈ । ਸੰਸਾਰ ਦੇ ਵਿਗਿਆਨੀ ਹੁਣ ਤਕ ਕੋਈ ਅਜੇਹਾ ਪ੍ਰਮਾਣੀਕ ਸਿਧਾਂਤ ਨਹੀਂ ਲੱਭ ਸਕੇ ਜਿਸ ਦੁਆਰਾ ਇਹ ਦੱਸਿਆ ਜਾ ਸਕੇ ਕਿ ਜੀਵਾਂ ਨੂੰ ਨੀਂਦ ਕਿਉਂ ਆਉਂਦੀ ਹੈ । ਸਾਰੀ ਖੋਜ ਕੇਵਲ ਏਨਾ ਹੀ ਪਤਾ ਕਰ ਸਕੀ ਹੈ ਕਿ ਆਦਮੀ ਕਿੰਨਾ ਚਿਰ ਸੌਂਦਾ ਹੈ, ਬੱਚਾ ਕਿੰਨਾ ਚਿਰ ਸੌਂਦਾ ਹੈ, ਸੁਪਨੇ ਕਿੰਨੇ ਕੁ ਆਉਂਦੇ ਹਨ ਅਤੇ ਇੱਕ ਰਾਤ ਵਿਚ ਪਾਸਾ ਕਿੰਨੀ ਕੁ ਵਾਰੀ ਪਰਤਿਆ ਜਾਂਦਾ ਹੈ । ਬੇਦੋਸ਼ੇ ਪਸ਼ੂਆਂ ਨੂੰ ਏਨਾ ਦੁੱਖ ਦੇ ਕੇ ਬੇਲੋੜਾ ਜਿਹਾ ਗਿਆਨ ਪ੍ਰਾਪਤ ਕਰਨਾ ਬਹੁਤਾ ਲਾਹੇਵੰਦਾ ਸੌਦਾ ਨਹੀਂ ਲਗਦਾ । ਪਰ ਉਨ੍ਹਾਂ ਜਾਨਵਰਾਂ ਦੀ ਪੀੜ ਦਾ ਅਹਿਸਾਸ ਸਾਡੇ ਖੋਜੀ ਵਿਦਵਾਨਾਂ ਨੂੰ ਨਹੀਂ । ਉਹ ਪਸ਼ੂ ਵਿਗਿਆਨ ਦੀ ਯੱਗ-ਵੇਦੀ ਉੱਤੇ ਆਪਣੇ ਪ੍ਰਾਣਾਂ ਦੀ ਅਹੂਤੀ ਦਿੰਦੇ ਹਨ; ਜੀਵਨ ਦਾ

ਬਲੀਦਾਨ ਕਰਦੇ ਹਨ ਅਤੇ ਸਾਇੰਸ ਦੀ ਦੇਵੀ ਦੇ ਮੰਦਰ ਦੇ ਪੁਜਾਰੀ, ਸਾਡੇ ਰੀਸਰਚ ਸਕਾਲਰ, ਉਨ੍ਹਾਂ ਜਾਨਵਰਾਂ ਦੀ ਕੀਰਤੀ ਵਿਚ ਕਈ ਪ੍ਰਕਾਰ ਦੇ ਮੰਤ੍ਰਾਂ ਦਾ ਜਾਪ ਕਰਦੇ ਹਨ। ਇਨ੍ਹਾਂ ਮੰਤ੍ਰਾਂ ਨੂੰ ਅਜੋਕੀ ਭਾਸ਼ਾ ਵਿਚ ਕੈਮੀਕਲ ਇਕੂਏਸ਼ਨਜ਼ ਅਤੇ ਫਾਰਮੂਲੇ ਆਖਿਆ ਜਾਂਦਾ ਹੈ। ਕਾਲੀ ਦੇ ਮੰਦਰ ਦੇ ਪੁਜਾਰੀਆਂ ਨੂੰ ਅਤੇ ਹੋਰ ਕਈ ਲਹੂ ਪੀਣੇ ਦੇਵਤਿਆਂ ਦੇ ਪ੍ਰੋਹਿਤਾਂ ਨੂੰ ਕਦੇ ਦਇਆ ਨਹੀਂ ਆਈ; ਸਾਇੰਸ ਦੀ ਦੇਵੀ ਦੇ ਪ੍ਰੋਹਿਤਾਂ ਨੂੰ ਵੀ ਦਇਆ ਆਉਣੀ ਅਸੰਭਵ ਹੈ। ਕੁਝ ਸਦੀਆਂ ਪਹਿਲਾਂ ਪ੍ਰੋਹਿਤ ਅਤੇ ਪੁਜਾਰੀ ਕਾਨੂੰਨ ਅਤੇ ਨੈਤਿਕਤਾ ਤੋਂ ਉੱਚੇ ਮੰਨੇ ਜਾਂਦੇ ਸਨ; ਅੱਜਕੱਲ ਡਾਕਟਰ, ਸਾਇੰਸਦਾਨ ਅਤੇ ਰੀਸਰਚ ਸਕਾਲਰ ਕਾਨੂੰਨ ਅਤੇ ਨੈਤਿਕਤਾ ਤੋਂ ਉੱਚੇ ਹਨ। ਉਹ ਐਟਮ ਬੰਬਾਂ ਦਾ ਨਿਰਮਾਣ ਕਰ ਕੇ ਵੀ ਹੱਤਿਆਰੇ ਆਖੇ ਜਾਣ ਦੀ ਥਾਂ ਨੈਸ਼ਨਲ ਹੀਰੋ ਮੰਨੇ ਜਾਂਦੇ ਹਨ।

ਮੈਂ ਨੀਂਦ ਦੀ ਗੱਲ ਕਰ ਰਿਹਾ ਸਾਂ। ਨੀਂਦ ਮਹਾਨ ਸੁੱਖ ਹੈ। ਨੀਂਦ ਵਿਚ ਆਦਮੀ ਨੂੰ ਆਪਣਾ ਦੁੱਖ, ਦਲਿੱਦਰ, ਰੋਗ ਅਤੇ ਫਿਕਰ ਸਭ ਕੁਝ ਭੁੱਲ ਜਾਂਦਾ ਹੈ। ਸਾਇੰਸਦਾਨ ਦਸਦੇ ਹਨ ਕਿ ਜਿਨ੍ਹਾਂ ਲੋਕਾਂ ਨੂੰ ਮਿਰਗੀ ਆਦਿਕ ਦੇ ਦੌਰੇ ਪੈਂਦੇ ਹਨ ਉਨ੍ਹਾਂ ਨੂੰ ਇਹ ਦੌਰੇ ਨੀਂਦ ਵਿਚ ਵੀ ਪੈ ਜਾਂਦੇ ਹਨ। ਅਜੇਹੀ ਹਾਲਤ ਵਿਚ ਮਰੀਜ਼ ਦੇ ਦਿਲ ਦਿਮਾਗ ਨਾਲ ਲਾਈਆਂ ਹੋਈਆਂ ਬਿਜਲੀ ਦੀਆਂ ਮਸ਼ੀਨਾਂ ਦੌਰੇ ਦੀ ਹਾਲਤ ਦਾ ਸਾਰਾ ਲੇਖਾ ਜੋਖਾ ਰਿਕਾਰਡ ਕਰ ਲੈਂਦੀਆਂ ਹਨ। ਪਰ ਮਰੀਜ਼ ਨੂੰ ਦੌਰੇ ਦਾ ਪਤਾ ਨਹੀਂ ਲਗਦਾ। ਕਿੰਨੀ ਅਜੀਬ ਚੀਜ਼ ਹੈ ਨੀਂਦ !

ਕੋਈ ਚਿੰਤਾ ਜਾਂ ਲਗਨ ਨੀਂਦ ਦੇ ਅਉਣ ਵਿੱਚ ਰੁਕਾਵਟ ਪੈਦਾ ਕਰ ਸਕਦੀ ਹੈ। ਇਸ਼ਨਾਨ ਅਤੇ ਭੋਜਨ ਨੀਂਦ ਦੀ ਅਵਸਥਾ ਪੈਦਾ ਕਰਨ ਵਿੱਚ ਸਹਾਈ ਹੁੰਦੇ ਹਨ। ਨੀਂਦ ਜਾਗ੍ਰਿਤ ਅਵਸਥਾ ਦਾ ਅਲੋਪ ਨਹੀਂ ਸਗੋਂ ਆਪਣੇ ਆਪ ਵਿੱਚ ਇੱਕ ਵੱਖਰੀ, ਸਿੱਧੀ, ਧਨਾਤਮਕ ਅਵਸਥਾ ਹੈ। ਇਸ ਅਵਸਥਾ ਦੇ ਖੁੱਸ ਜਾਣ ਨਾਲ ਆਦਮੀ ਨੂੰ ਪਾਗਲਪਨ ਅਤੇ ਮਿਰਗੀ ਵਰਗੇ ਰੋਗ ਲੱਗ ਜਾਣ ਦਾ ਖ਼ਤਰਾ ਹੁੰਦਾ ਹੈ। ਨੀਂਦ ਦਾ ਆਦਮੀ ਦੀ ਸਿਹਤ ਨਾਲ ਹੀ ਸੰਬੰਧ ਨਹੀਂ ਸਗੋਂ ਸਦਾਚਾਰ ਨਾਲ ਵੀ ਹੈ। ਵੇਲੇ ਸਿਰ ਸੌਣ ਅਤੇ ਵੇਲੇ ਸਿਰ ਜਾਗਣ ਨਾਲ ਨੀਂਦ ਦੀ ਇੱਕ ਆਦਤ ਬਣ ਜਾਂਦੀ ਹੈ। ਅਚੇਤ ਅਵਸਥਾ ਵਿੱਚ ਬਣੀ ਇਸ ਆਦਤ ਦਾ ਮਨ ਉੱਤੇ ਅਜੇਹਾ ਅਸਰ ਪੈਂਦਾ ਹੈ ਕਿ ਉਸ ਨੂੰ ਹਰ ਕੰਮ ਵੇਲੇ ਸਿਰ ਨੇਮ ਅਨੁਸਾਰ ਕਰਨ ਵਿੱਚ ਆਨੰਦ ਮਿਲਦਾ ਹੈ। ਜਿਨ੍ਹਾਂ ਲੋਕਾਂ ਦੇ ਜੀਵਨ ਵਿਚ ਨੇਮ ਦਾ ਪਾਲਣ ਹੈ ਉਨ੍ਹਾਂ ਦੀ ਨੀਂਦ ਦੀ ਆਦਤ ਇਸ ਦੀ ਜੜ੍ਹ ਵਿੱਚ ਵੱਸੀ ਹੋਈ ਹੁੰਦੀ ਹੈ। ਸਨਅਤੀ ਸਮਾਜ ਦੀ ਜੀਵਨ ਜਾਚ ਵੀ ਮਨੁੱਖਾਂ ਵਿੱਚ ਸਮੇਂ ਦੀ ਪਾਬੰਦੀ ਪੈਦਾ ਕਰਦੀ ਹੈ, ਜੋ ਇੱਕ ਪ੍ਰਕਾਰ ਦੀ ਮਜਬੂਰੀ ਹੁੰਦੀ ਹੈ। ਮੈਂ ਮਜਬੂਰੀ ਵਿੱਚ ਨਹੀਂ ਸਗੋਂ ਸ੍ਵੈਛਾ ਨਾਲ ਪਾਲੇ ਜਾਣ ਵਾਲੇ ਨੇਮਾਂ ਦੀ ਗੱਲ ਕਰ ਰਿਹਾ ਹਾਂ।

ਨੀਂਦ ਵਿੱਚ ਮਹਾਨ ਸੁੱਖ ਦੀ ਹਾਜ਼ਰੀ ਦੇ ਨਾਲ ਨਾਲ ਗਿਆਨ ਦੀ ਗ਼ੈਰ ਹਾਜ਼ਰੀ ਦਾ ਦੋਸ਼ ਵੀ ਹੈ। ਇਹ ਅਗਿਆਨ ਦੀ ਅਵਸਥਾ ਹੈ। ਤਾਂ ਵੀ ਇਹ ਸਮੁੱਚੇ ਅਗਿਆਨ ਦੀ ਹਾਲਤ ਨਹੀਂ। ਨੀਂਦ ਵਿਚੋਂ ਜਾਗ ਕੇ ਮਨੁੱਖ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਮੈਂ ਨੀਂਦ

ਦਾ ਸੁੱਖ ਲਿਆ ਹੈ। ਕਈ ਵਾਰੀ ਆਦਮੀ ਸੌਂ ਕੇ ਉਠਣ ਉੱਤੇ ਆਖਦਾ ਹੈ, 'ਅੱਜ ਬਹੁਤ ਨੀਂਦ ਆਈ। ਪਤਾ ਨਹੀਂ ਲੱਗਾ ਰਾਤ ਕਿੱਧਰ ਚਲੀ ਗਈ।' ਇਹ ਗੱਲ ਇਹ ਸਿੱਧ ਕਰਦੀ ਹੈ ਕਿ ਉਸ ਨੂੰ ਆਪਣੇ ਸੁੱਖ ਦਾ ਗਿਆਨ ਹੈ। ਇਸੇ ਗਿਆਨ ਵਿੱਚ ਹੀ ਨੀਂਦ ਆਨੰਦ ਦਾ ਭੇਤ ਹੈ। ਨੀਂਦ ਵਿੱਚ ਪਏ ਮਨ ਨੂੰ ਇਸ ਦੇ ਆਨੰਦ ਦਾ ਗਿਆਨ ਨਹੀਂ ਹੁੰਦਾ। ਪਰ ਇਹ ਆਨੰਦ ਮਨ ਉੱਤੇ ਆਪਣੀ ਇੱਕ ਛਾਪ ਛੱਡ ਜਾਂਦਾ ਹੈ। ਜਦੋਂ ਮਨੁੱਖ ਮੁੜ ਜਾਗ ਵਿੱਚ ਆਉਂਦਾ ਹੈ ਉਦੋਂ ਵੀ ਨੀਂਦ ਦੇ ਆਨੰਦ ਦਾ ਮਿੱਠਾ ਮਿੱਠਾ ਅਤੇ ਮੱਠਾ ਮੱਠਾ ਅਸਰ ਉਸ ਉੱਤੇ ਹੁੰਦਾ ਹੈ। ਅਤੇ ਜਦੋਂ ਆਦਮੀ ਨੀਂਦ ਦੇ ਆਨੰਦ ਦੀ ਗੱਲ ਕਰਦਾ ਹੈ ਉਦੋਂ ਉਹ ਬੀਤ ਚੁੱਕੇ ਆਨੰਦ ਦੀ ਸਮ੍ਰਿਤੀ ਨੂੰ ਜਾਂ ਯਾਦ ਨੂੰ ਨਹੀਂ ਦੁਹਰਾ ਰਿਹਾ ਹੁੰਦਾ ਸਗੋਂ ਨੀਂਦ ਆਨੰਦ ਦੀ ਉਸ ਵਾਸਤਵਿਕ ਅਨੁਭੂਤੀ ਦੀ ਗੱਲ ਕਰ ਰਿਹਾ ਹੁੰਦਾ ਹੈ ਜਿਸ ਦਾ ਨਿੰਮਾ ਨਿੰਮਾ ਪ੍ਰਭਾਵ ਅਜੇ ਤੱਕ ਉਸ ਦੇ ਮਨ ਉੱਤੇ ਕਾਇਮ ਹੁੰਦਾ ਹੈ। ਇਸ ਲਈ ਅੰਮ੍ਰਿਤ ਵੇਲਾ ਵਾਹਿਗੁਰੂ ਦੇ ਧਿਆਨ ਵਿੱਚ ਲੱਗਣ ਲਈ ਸ੍ਰੇਸ਼ਟ ਸਮਾਂ ਹੈ।

ਨੀਂਦ ਦੀ ਅਵਸਥਾ ਅਗਿਆਨ ਦੀ ਅਵਸਥਾ ਜ਼ਰੂਰ ਹੈ ਪਰ ਇਹ ਅਵਿੱਦਿਆ ਦੀ ਅਵਸਥਾ ਨਹੀਂ। ਅਧਿਆਤਮਵਾਦ ਵਿੱਚ ਅਗਿਆਨ ਅਤੇ ਅਵਿੱਦਿਆ ਦਾ ਬਹੁਤ ਫਰਕ ਹੈ। ਅਗਿਆਨ ਦੀ ਹਾਲਤ ਉਹ ਹੁੰਦੀ ਹੈ ਜਦੋਂ ਜੀਵ ਕੁੱਝ ਜਾਣਦਾ ਨਹੀਂ। ਇਸ ਦੇ ਉਲਟ ਅਵਿੱਦਿਆ ਦੀ ਹਾਲਤ ਉਹ ਹਾਲਤ ਹੁੰਦੀ ਹੈ ਜਦੋਂ ਜੀਵ ਭਰਮ ਜਾਂ ਭੁਲੇਖੇ ਵਿੱਚ ਹੁੰਦਾ ਹੈ। ਉਹ ਸਮਝਦਾ ਹੈ ਕਿ ਮੈਂ ਜਾਣਦਾ ਹਾਂ ਅਤੇ ਜੋ ਕੁਝ ਮੈਂ ਜਾਣਦਾ ਹਾਂ ਉਹ ਠੀਕ ਹੈ; ਪਰ ਉਸਦਾ ਸਾਰਾ ਗਿਆਨ ਝੂਠਾ ਹੁੰਦਾ ਹੈ। ਅਵਿੱਦਿਆ ਦੀ ਅਵਸਥਾ ਜਾਗ੍ਰਿਤ ਅਤੇ ਸੁਪਨ ਦੀ ਅਵਸਥਾ ਹੈ। ਜਾਗ੍ਰਿਤ ਅਵਸਥਾ ਵਿੱਚ ਮਨੁੱਖ ਜਾਣਦਾ ਹੈ ਕਿ ਇਹ ਮੇਰਾ ਘਰ ਹੈ, ਇਹ ਮੇਰਾ ਪਿੰਡ ਹੈ, ਇਹ ਮੇਰਾ ਦੇਸ਼ ਹੈ, ਇਹ ਮੇਰਾ ਪੁੱਤਰ ਹੈ, ਇਹ ਮੇਰੀ ਧੀ ਹੈ ਇਤਿ ਆਦਿ। ਪਰੰਤੂ ਇਹ ਸੱਭ ਕੁਝ ਅਸੱਤ ਹੈ। ਇਸ ਜਗਤ ਵਿੱਚ ਕੁਝ ਵੀ ਕਿਸੇ ਦਾ ਨਹੀਂ। ਹਰ ਪਲ, ਹਰ ਛਿਨ, ਹਰ ਵਸਤੂ ਪਰੇ ਪਰੇ ਜਾ ਰਹੀ ਹੈ। ਪਲ ਪਲ ਕਰਕੇ ਉਹ ਸਮਾਂ ਨੇੜੇ ਆ ਰਿਹਾ ਹੈ ਜਦੋਂ ਇਹ ਸੱਭ ਕੁੱਝ ਸਾਡੇ ਕੋਲੋਂ ਲੈ ਲਿਆ ਜਾਵੇਗਾ। ਪਰੰਤੂ ਅਸੀਂ ਇਉਂ ਸਮਝਦੇ ਨਹੀਂ। ਅਸੀਂ ਸਭ ਅਵਿੱਦਿਆ ਵਿੱਚ ਹਾਂ। ਅਵਿੱਦਿਆ ਵਿੱਚੋਂ ਗਿਆਨ ਵਿੱਚ ਜਾਣ ਲਈ ਅਗਿਆਨ ਦੇ ਵਿੱਚੋਂ ਦੀ ਹੋ ਕੇ ਜਾਣਾ ਪੈਂਦਾ ਹੈ। ਅਗਿਆਨ ਦੀ ਅਵਸਥਾ ਵਿੱਚ ਅਵਿੱਦਿਆ ਦਾ ਅਲੋਪ ਹੁੰਦਾ ਹੈ। ਭਾਵੇਂ ਇਸ ਅਵਸਥਾ ਵਿੱਚ ਗਿਆਨ ਦਾ ਚਾਨਣ ਅਜੇ ਨਹੀਂ ਪਰਗਟਿਆ ਹੁੰਦਾ ਤਾਂ ਵੀ ਅਵਿੱਦਿਆ ਨਾਲੋਂ ਅਗਿਆਨ ਦੀ ਹਾਲਤ ਚੰਗੇਰੀ ਹੈ ਕਿਉਂਜੁ ਇਸ ਵਿੱਚ ਭਰਮ ਦਾ ਅਭਾਵ ਜਾਂ ਅਲੋਪ ਹੁੰਦਾ ਹੈ। ਨੀਂਦ ਦੀ ਅਵਸਥਾ ਮਾਇਆ ਦੇ ਭਰਮ ਤੋਂ ਦੂਰ ਲੈ ਜਾਣ ਕਰਕੇ ਆਨੰਦ ਦੇ ਨੇੜੇ ਲੈ ਜਾਂਦੀ ਹੈ। ਮਨੁੱਖ ਇਸ ਦੇ ਭੇਤ ਨੂੰ ਨਾ ਜਾਣਦਾ ਹੋਇਆ ਇਸ ਅਵਸਥਾ ਨੂੰ ਵਿਕਸਾਉਣ ਦੀ ਵਿਧੀ ਨਹੀਂ ਸਿੱਖਦਾ।

ਅਵਿੱਦਿਆ ਦਾ ਆਧਾਰ ਹਉਮੈ ਹੁੰਦੀ ਹੈ। ਨੀਂਦ ਵਿੱਚ ਹਉਮੈ ਦਾ ਅੰਤ ਹੋ ਜਾਣ ਕਰਕੇ ਅਵਿੱਦਿਆ ਵੀ ਮੁੱਕ ਜਾਂਦੀ ਹੈ। ਜੇ ਕਦੀ ਮਨੁੱਖ ਆਪਣੀ ਜਾਗ੍ਰਿਤ ਅਵਸਥਾ

ਵਿਚ ਆਪਣੀ ਅਵਿੱਦਿਆ ਨੂੰ ਖ਼ਤਮ ਕਰ ਲਵੇ ਤਾਂ ਉਹ ਜਾਗਦਾ ਹੋਇਆ ਵੀ ਨੀਂਦ ਵਰਗੇ ਸੁੱਖ ਜਾਂ ਆਨੰਦ ਵਿੱਚ ਰਹਿ ਸਕਦਾ ਹੈ। ਅਜੇਹਾ ਹੋਣ ਲਈ ਹਉਂ ਰਹਿਤ ਹੋਣ ਦੀ ਲੋੜ ਹੈ। ਇਹ ਇੱਕ ਵੱਡੀ ਘਾਲਣਾ ਹੈ।

ਨੀਂਦਾਨੰਦ (ਨੀਂਦ+ਆਨੰਦ) ਦੀ ਗੱਲ ਸਮਾਪਤ ਕਰਨ ਤੋਂ ਪਹਿਲਾਂ, ਮੈਂ, ਇੱਕ ਵੇਰ ਪਿੱਛਲੀ ਸਾਰੀ ਵਿਚਾਰ ਉੱਤੇ ਝਾਤੀ ਪਾ ਲੈਣੀ ਜ਼ਰੂਰੀ ਸਮਝਦਾ ਹਾਂ। ਇਸ ਵਿਚਾਰ ਵਿੱਚੋਂ ਨੀਂਦ-ਆਨੰਦ ਦੀਆਂ ਚਾਰ ਵਿਸ਼ੇਸ਼ਤਾਵਾਂ ਪ੍ਰਗਟ ਹੁੰਦੀਆਂ ਹਨ। ਪਹਿਲੀ ਇਹ ਕਿ ਇਹ ਆਨੰਦ ਨਿਰਯਤਨ ਹੈ, ਇੱਕ ਦਾਤ ਹੈ। ਯਤਨ ਨਾਲ ਪ੍ਰਾਪਤ ਕੀਤੇ ਆਨੰਦ ਮਨੁੱਖ ਦਾ ਬਾਹਰਲੀ ਦੁਨੀਆਂ ਨਾਲ ਸੰਘਰਸ਼ ਅਤੇ ਈਰਖਾ ਦਾ ਰਿਸ਼ਤਾ ਜੋੜਦੇ ਹਨ। ਨੀਂਦਾਨੰਦ ਵਿੱਚ ਅਜੇਹਾ ਕੋਈ ਦੋਸ਼ ਨਹੀਂ। ਇਹ ਇਸ ਆਨੰਦ ਦੀ ਦੂਜੀ ਵਿਸ਼ੇਸ਼ਤਾ ਹੈ। ਇਹ ਅਵਸਥਾ ਅਗਿਆਨ ਦੀ ਅਵਸਥਾ ਹੁੰਦੀ ਹੋਈ ਅਵਿੱਦਿਆ ਤੋਂ ਪਰੇ ਹੈ। ਅਵਿੱਦਿਆ ਤੋਂ ਪਰੇ ਹੋਣ ਕਰਕੇ ਇਹ ਅਲੌਕਿਕ ਹੈ। ਇਹ ਮਨੁੱਖ ਦੇ ਨਿਰਲੇਪ ਆਪੇ ਵਲ ਜਾਂ ਉਸ ਦੇ ਆਪੇ ਵਿਚਲੀ ਨਿਰਲੇਪਤਾ ਦੀ ਸੰਭਾਵਨਾ ਵਲ ਸੰਕੇਤ ਕਰਨ ਵਾਲਾ ਆਨੰਦ ਹੈ। ਇਹ ਇਸ ਦੀ ਤੀਜੀ ਵਿਸ਼ੇਸ਼ਤਾ ਹੈ ਅਤੇ ਇਸ ਆਨੰਦ ਦੀ ਚੌਥੀ ਵਿਸ਼ੇਸ਼ਤਾ ਇਹ ਹੈ ਕਿ ਇਹ ਮਨੁੱਖ ਦੇ ਮਨ ਅਤੇ ਸਰੀਰ ਨੂੰ ਹੰਢਾਉਣ-ਥਕਾਉਣ ਦੀ ਥਾਂ ਉਨ੍ਹਾਂ ਨੂੰ ਪਾਲਦਾ ਅਤੇ ਸਿਹਤਮੰਦ ਕਰਦਾ ਹੈ।

# ਭੋਗ-ਆਨੰਦ

ਪ੍ਰਵ੍ਰਿਤੀ ਭਾਵ ਅਤੇ ਬੁੱਧੀ ਦੀ ਤ੍ਰਿਪਤੀ ਵਿੱਚੋਂ ਪ੍ਰਾਪਤ ਹੋਣ ਵਾਲੇ ਆਨੰਦ ਨੂੰ ਮੈਂ ਭੋਗਾਨੰਦ (ਭੋਗ + ਆਨੰਦ) ਆਖਦਾ ਹਾਂ । ਜੀਵਾਂ ਦੀ ਭੁੱਖ ਦਾ ਪਾਸਾਰਾ ਵੀ ਵਿਸਮਾਦ-ਜਨਕ ਹੈ ਅਤੇ ਇਸ ਭੁੱਖ ਦੀ ਪੂਰਤੀ ਲਈ ਭੋਗ ਦੇ ਭੰਡਾਰ ਵੀ ਵਿਸਮਾਦੀ ਹਨ । ਉਂਞ ਤਾਂ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਉਸਾਰੀ, ਬਰਬਾਦੀ, ਈਰਖਾ, ਘਿਰਣਾ, ਨਿੰਦਾ, ਲੜਾਈ, ਵਿਰੋਧ, ਹਿੰਸਾ ਆਦਿ ਸਾਰੀਆਂ ਪ੍ਰਵ੍ਰਿਤੀਆਂ ਦੀ ਤ੍ਰਿਪਤੀ ਵਿੱਚੋਂ ਆਨੰਦ ਮਿਲਦਾ ਹੈ, ਪਰ ਭੁੱਖ, ਮੋਹ ਅਤੇ ਜਿਨਸੀ ਸੰਜੋਗ ਦੀ ਪ੍ਰਵ੍ਰਿਤੀ ਦੀ ਤ੍ਰਿਪਤੀ ਵਿੱਚੋਂ ਮਿਲਣ ਵਾਲੇ ਆਨੰਦ ਦੀ ਵਿਸ਼ੇਸ਼ ਥਾਂ ਹੈ । ਲੋਭ ਦੀ ਪ੍ਰਵ੍ਰਿਤੀ ਦੀ ਤ੍ਰਿਪਤੀ ਵੀ ਆਨੰਦ ਦਿੰਦੀ ਹੈ ਪਰੰਤੂ ਇਸ ਆਨੰਦ ਦੀ ਚਰਚਾ ਕਰਨੋਂ ਅਜੇ ਮਨੁੱਖ ਸ਼ਰਮਾਉਂਦਾ ਹੈ । ਹੌਲੀ ਹੌਲੀ ਹੋਰ ਸ਼ਰਮਾਂ ਵਾਂਗ ਇਹ ਸ਼ਰਮ ਵੀ ਲੱਥਦੀ ਜਾ ਰਹੀ ਹੈ । ਨਿੱਜੀ ਸੰਪੱਤੀ ਦੇ ਮਾਣ ਨੂੰ ਜ਼ਰਾ ਲੁਕਾ ਕੇ ਰੱਖਿਆ ਜਾਂਦਾ ਹੈ; ਰਾਸ਼ਟ੍ਰੀ ਸੰਪੱਤੀ ਉੱਤੇ ਜਿੰਨਾ ਮਾਣ ਕੀਤਾ ਜਾਏ ਓਨਾ ਥੋੜਾ ਹੈ । ਰਾਸ਼ਟ੍ਰ ਤੋਂ ਆਰੰਭ ਹੋ ਕੇ ਇਹ ਰੋਗ ਹੌਲੀ ਹੌਲੀ ਨਾਗਰਿਕ ਵੱਲ ਵੱਧਦਾ ਆ ਰਿਹਾ ਹੈ ।

ਮਨੁਖਤਾ ਦੀ ਬਹੁਗਿਣਤੀ ਨੀਂਦ-ਆਨੰਦ, ਅਤੇ ਵਿਸਮਾਦ-ਆਨੰਦ ਨੂੰ ਆਨੰਦ ਦੇ ਤੌਰ ਉੱਤੇ ਨਹੀਂ ਜਾਣਦੀ ਅਤੇ ਕੇਵਲ ਭੋਗ-ਆਨੰਦ ਨੂੰ ਹੀ ਆਨੰਦ ਸਮਝਦੀ ਹੈ । ਭੋਗ-ਆਨੰਦ ਨੂੰ ਮਾਣਨ ਦੀ ਸਮਰਥਾ ਰੱਬੀ ਦਾਤ ਹੈ, ਪਰ ਇਸ ਆਨੰਦ ਦੀ ਪ੍ਰਾਪਤੀ ਦੇ ਸਾਧਨ ਮਨੁੱਖੀ ਯਤਨ ਦੀ ਉਪਜ ਹਨ । ਕਿਸੇ ਪ੍ਰਕਾਰ ਦਾ ਕੋਈ ਭੋਗਾਨੰਦ ਅਮੁੱਲਾ ਨਹੀਂ ਮਿਲਦਾ । ਕਿਸੇ ਦਾ ਮੁੱਲ ਪਹਿਲਾਂ ਤਾਰਨਾ ਪੈਂਦਾ ਹੈ, ਕਿਸੇ ਦਾ ਪਿੱਛੋਂ । ਪੁਰਾਤਨ ਗ੍ਰੰਥਾਂ ਵਿਚ ਇੱਕ ਉਪਦੇਸ਼ ਹੈ, "ਹੇ ਮਨੁੱਖ, ਤੂੰ ਭੋਗਾਂ ਨੂੰ ਨਹੀਂ ਭੋਗਦਾ ਸਗੋਂ ਭੋਗ ਤੈਨੂੰ ਭੋਗਦੇ ਹਨ ।" ਇਸੇ ਗੱਲ ਨੂੰ ਸ਼ੇਖ ਫਰੀਦ ਜੀ ਨੇ ਇਉਂ ਆਖਿਆ ਹੈ :—

ਅੱਖੀਂ ਵੇਖ ਪਤੀਣੀਆਂ, ਸੁਣ ਸੁਣ ਰੀਣੇ ਕੰਨ ॥
ਸਾਖ ਪਕੰਦੀ ਆਈਆ, ਹੋਰ ਕਰੇਂਦੀ ਵੰਨ ॥

ਮਨੁੱਖ ਦੀਆਂ ਗਿਆਨ-ਇੰਦ੍ਰੀਆਂ ਸੁਰੱਖਿਆ ਦੇ ਸਾਧਨ ਵੀ ਹਨ ਅਤੇ ਵਾਸਨਾ ਦੇ ਵਸੀਲੇ ਵੀ । ਇਉਂ ਗਿਆਨ-ਇੰਦ੍ਰੀਆਂ ਉਪਯੋਗੀ ਵੀ ਹਨ ਅਤੇ ਭੋਗੀ ਵੀ । ਜਿਸ ਆਨੰਦ

ਦੀ ਅਨੁਭੂਤੀ ਵਿੱਚ ਗਿਆਨ-ਇੰਦ੍ਰੀਆਂ ਦਾ ਸਹਿਯੋਗ ਜ਼ਰੂਰੀ ਹੈ, ਉਸ ਆਨੰਦ ਦਾ ਉਪਯੋਗਿਤਾ ਨਾਲ ਸੰਬੰਧਿਤ ਹੋ ਜਾਣਾ ਕੁਦਰਤੀ ਹੈ ਅਤੇ ਜੋ ਆਨੰਦਾਇਕ ਹੁੰਦਾ ਹੋਇਆ ਉਪਯੋਗੀ ਵੀ ਹੋਵੇ ਉਸ ਨੂੰ ਸ੍ਰੇਸ਼ਟ ਮੰਨਿਆ ਜਾਣਾ ਵੀ ਜ਼ਰੂਰੀ ਹੈ। ਇਸ ਦ੍ਰਿਸ਼ਟੀਕੋਣ ਤੋਂ ਵਿਸਮਾਦਾਨੰਦ ਅਤੇ ਭੋਗਾਨੰਦ ਦਾ ਟਾਕਰਾ ਕੀਤਿਆਂ ਵਿਸਮਾਦਾਨੰਦ ਕਿਸੇ ਤਰ੍ਹਾਂ ਵੀ ਉਪਯੋਗੀ ਸਿੱਧ ਨਹੀਂ ਹੁੰਦਾ। ਵਿਸਮਾਦਾਨੰਦ ਦੀ ਉਪਯੋਗਿਤਾ ਬਹੁਤ ਸੂਖਮ ਹੈ ਅਤੇ ਇੱਕ ਤਰ੍ਹਾਂ ਨਾਲ ਰੂਹਾਨੀ ਉਪਯੋਗਿਤਾ ਹੈ। ਪਦਾਰਥ ਦਾ ਵਿਸ਼ਵਾਸੀ ਅਤੇ ਪ੍ਰਾਪਤੀਆਂ ਦਾ ਅਭਿਲਾਸ਼ੀ ਮਨੁੱਖ ਰੂਹਾਨੀ ਉਪਯੋਗਿਤਾ ਦੀ ਗੱਲ ਸੁਣਨ ਨੂੰ ਵੀ ਤਿਆਰ ਨਹੀਂ। ਇੱਥੋਂ ਤਕ ਕਿ ਜਿਹੜੇ ਆਦਮੀ ਵਿਸਮਾਦਾਨੰਦ ਦੀ ਸ੍ਰੇਸ਼ਟਤਾ ਦੀ ਗੱਲ ਕਰਦੇ ਹਨ ਉਹ ਵੀ ਇਹ ਗੱਲ ਕੇਵਲ ਇਸ ਲਈ ਕਰਦੇ ਹਨ ਕਿ ਇਹ ਇਕ ਸੂਖਮ ਵਿਸ਼ਾ ਹੈ ਜਿਸ ਉੱਤੇ ਗੱਲ ਬਾਤ ਕੀਤਿਆਂ ਉਨ੍ਹਾਂ ਦੇ ਗਿਆਨ ਦੀ ਸੂਖਮਤਾ ਅਤੇ ਸੁਹਜ-ਸੁਆਦ ਦੀ ਉੱਤਮਤਾ ਦਾ ਪ੍ਰਭਾਵ ਪੈਂਦਾ ਹੈ। ਉਹ ਆਪਣੇ ਆਨੰਦ ਅਨੁਭਵ ਅਤੇ ਸੌਂਦਰਯ ਸੰਕਲਪ ਵਿਚ ਭੋਗਾਨੰਦ ਦੀ ਸੀਮਾ ਨੂੰ ਪਾਰ ਨਹੀਂ ਕਰ ਸਕੇ ਹੁੰਦੇ।

ਅਨੁਭੂਤੀ ਦੇ ਆਧਾਰ ਉੱਤੇ ਭੋਗਾਨੰਦ ਦੀਆਂ ਤਿੰਨ ਵੰਡਾਂ ਕੀਤੀਆਂ ਜਾ ਸਕਦੀਆਂ ਹਨ। ਪਹਿਲੀ ਪ੍ਰਕਾਰ ਦਾ ਆਨੰਦ ਉਹ ਹੈ ਜੋ ਮਨੁੱਖ ਦੀਆਂ ਪ੍ਰਵ੍ਰਿਤੀਆਂ ਨੂੰ ਤ੍ਰਿਪਤ ਅਤੇ ਸੰਤੁਸ਼ਟ ਕਰਦਾ ਹੈ। ਭੋਜਨ, ਸੁਰੱਖਿਆ ਅਤੇ ਸੰਤਾਨ-ਉਤਪਤੀ ਦੀਆਂ ਪ੍ਰਵ੍ਰਿਤੀਆਂ ਇਸ ਸੰਬੰਧ ਵਿਚ ਪ੍ਰਮੁਖ ਹਨ। ਇਨ੍ਹਾਂ ਪ੍ਰਵ੍ਰਿਤੀਆਂ ਦੀ ਤ੍ਰਿਪਤੀ ਪਸ਼ੂ ਅਤੇ ਮਨੁੱਖ ਵਿਚ ਬਰਾਬਰ ਹੋਣ ਕਰਕੇ ਆਨੰਦ ਦੀ ਅਨੁਭੂਤੀ ਵੀ ਦੋਹਾਂ ਵਿਚ ਇਕੋ ਪੱਧਰ ਦੀ ਹੈ। ਜਿਵੇਂ ਜਿਵੇਂ ਮਨੁੱਖ ਸੱਭਿਅ ਹੁੰਦਾ ਗਿਆ ਹੈ ਉਹ ਭੋਗ-ਆਨੰਦ ਦੀ ਅਨੁਭੂਤੀ ਦੇ ਪ੍ਰਗਟ ਰੂਪ ਨੂੰ ਬਦਲਦਾ ਗਿਆ ਹੈ। ਇਸ ਅਨੁਭੂਤੀ ਦੇ ਪ੍ਰਗਟ ਜਾਂ ਬਾਹਰੀ ਰੂਪ ਵਿਚ ਹੋਣ ਵਾਲੀ ਤਬਦੀਲੀ ਉਸ ਦੇ ਮਨ ਨੂੰ ਵੀ ਪ੍ਰਭਾਵਿਤ ਕਰਦੀ ਆਈ ਹੈ। ਪਰੰਤੂ ਮਨ ਉੱਤੇ ਪਿਆ ਪ੍ਰਭਾਵ ਓਨਾ ਪ੍ਰਬਲ ਨਹੀਂ ਜਿੰਨੀ ਬਾਹਰੀ ਰੂਪ ਵਿਚ ਆਈ ਹੋਈ ਤਬਦੀਲੀ ਪ੍ਰਤੱਖ ਹੈ। ਸੱਭਿਅਤਾ ਅਸਲ ਵਿਚ ਮਨੁੱਖ ਵਿਚਲੇ ਪਸ਼ੂ ਦੇ ਚਿਹਰੇ ਉੱਤੇ ਪਿਆ ਹੋਇਆ ਨਕ਼ਾਬ ਹੈ। ਇਸ ਨਕਾਬ ਨਾਲ ਢੱਕਿਆ ਹੋਇਆ ਚਿਹਰਾ ਨਕਾਬ ਨਾਲੋਂ ਬਹੁਤਾ ਸੁੰਦਰ ਨਹੀਂ।

ਭੁੱਖ, ਸੁਰੱਖਿਆ ਅਤੇ ਸੰਤਾਨ-ਉਤਪਤੀ ਦੀਆਂ ਪ੍ਰਵ੍ਰਿਤੀਆਂ ਦੀ ਤ੍ਰਿਪਤੀ ਦੇ ਬਾਹਰੀ ਰੂਪ ਨੂੰ ਬਦਲਣ ਵਿਚ ਸਫਲ ਹੋਣ ਵਾਲੀ ਸੱਭਿਅਤਾ ਨੇ ਇਨ੍ਹਾਂ ਪ੍ਰਵ੍ਰਿਤੀਆਂ ਦੇ ਅਸਲੇ ਨੂੰ ਸੁਹਣਾ ਨਹੀਂ ਬਣਾਇਆ। ਇਸ ਤੋਂ ਉਲਟ ਇਨ੍ਹਾਂ ਦੀ ਤ੍ਰਿਪਤੀ ਦੇ ਬਾਹਰੀ ਸਰੂਪ ਨੂੰ ਸੁੰਦਰ ਨਕਾਬ ਨਾਲ ਢੱਕ ਕੇ ਨਕਾਬ ਪਿੱਛੇ ਛੁਪੇ ਅਸਲੇ ਨੂੰ ਹੋਰ ਕੁਰੂਪ ਹੋਣ ਦਾ ਮੌਕਾ ਦਿੱਤਾ ਹੈ। ਦ੍ਰਿਸ਼ਟਾਂਤ ਲਈ ਭੁੱਖ ਨੂੰ ਲੈ ਲੈਂਦੇ ਹਾਂ। ਜੰਗਲੀ ਮਨੁੱਖ ਕੋਲ ਸ਼ਿਕਾਰ ਅਤੇ ਕੰਦ-ਮੂਲ ਦੇ ਸਾਧਨ ਸਨ ਜਿਨ੍ਹਾਂ ਨਾਲ ਉਹ ਆਪਣੀ ਭੁੱਖ ਦੀ ਤ੍ਰਿਪਤੀ ਕਰਦਾ ਸੀ। ਇਨ੍ਹਾਂ ਸਾਧਨਾਂ ਵਿਚ ਚੋਖੀ ਕੁਰੂਪਤਾ ਸੀ। ਸ਼ਿਕਾਰ ਦੇ ਮੁਆਮਲੇ ਵਿਚ ਮਨੁੱਖ ਪਸ਼ੂਆਂ ਵਾਂਗ ਹੀ ਸੀ। ਫਲ ਆਦਿਕ ਖਾਣ ਵਿਚ ਉਹ ਪਸ਼ੂ-ਜੀਵਨ ਵਿਚ ਪੀੜ ਭਾਵੇਂ ਨਹੀਂ ਸੀ ਉਪਜਾਉਂਦਾ ਤਾਂ ਵੀ ਬਾਂਦਰਾਂ, ਬਨਮਾਣਸਾਂ ਨਾਲੋਂ ਸੁਹਣਾ ਨਹੀਂ ਸੀ। ਅਜੋਕਾ ਮਨੁੱਖ

ਸੱਭਿਅ ਹੈ । ਨੇਜੇ, ਬਰਛੇ ਲੈ ਕੇ ਸ਼ਿਕਾਰ ਨਹੀਂ ਚੜ੍ਹਦਾ । ਘੱਟੋ ਘੱਟ ਭੁੱਖ ਦੀ ਨਵਿਰਤੀ ਲਈ ਸੱਭਿਅ ਮਨੁੱਖ ਸ਼ਿਕਾਰ ਨਹੀਂ ਕਰਦਾ । ਕੱਚਾ, ਅੱਧ-ਕੱਚਾ ਮਾਸ ਵੀ ਸੱਭਿਅ ਮਨੁੱਖ ਨਹੀਂ ਖਾਂਦਾ । ਮਨੁੱਖ ਦੇ ਰਸੋਈ ਘਰ, ਦਸਤਰਖਾਨ, ਮੇਜ਼-ਕੁਰਸੀਆਂ, ਛੁਰੀ-ਕਾਂਟੇ, ਭਾਂਡੇ-ਬਰਤਨ ਸਭ ਉਸ ਦੇ ਸੱਭਿਅ ਹੋਣ ਦੀ ਦਲੀਲ ਹਨ । ਤੁਸੀਂ ਰਸੋਈ ਨੂੰ ਇਕ ਕੋਮਲ ਕਲਾ ਮੰਨੋ ਭਾਵੇਂ ਨਾ ਪਰ ਕਿਸੇ ਵਧੀਆ ਹੋਟਲ ਵਿੱਚ ਡਿਨਰ ਦਾ ਦ੍ਰਿਸ਼ ਵੇਖ ਕੇ ਤੁਸੀਂ ਉਵੇਂ ਹੀ ਵੇਖਦੇ ਰਹਿ ਜਾਓਗੇ ਜਿਵੇਂ ਚਿਤ੍ਰ-ਕਲਾ ਦੀ ਪਰਖ-ਪਛਾਣ ਵਾਲਾ ਆਦਮੀ ਮਾਈਕਲ ਐਂਜੀਲੋ, ਕਾਨਸਟੇਬਲ ਜਾਂ ਸੋਭਾ ਸਿੰਘ ਦੀ ਬਣੀ ਤਸਵੀਰ ਵੇਖ ਕੇ ਰਹਿ ਜਾਂਦਾ ਹੈ ।

ਸੱਭਿਅਤਾ ਦੀ ਇਸ ਫੁਲਕਾਰੀ ਨੂੰ ਚੁੱਕ ਕੇ ਵੇਖਿਆਂ ਚੋਖਾ ਕੁੱਝ ਨਜ਼ਰੇ ਪਵੇਗਾ । ਜੰਗਲੀ ਮਨੁੱਖ ਕੋਲ ਬੁੱਚੜਖਾਨੇ ਨਹੀਂ ਸਨ । ਜੰਗਲੀ ਮਨੁੱਖ ਜੀਭ ਦੇ ਚਸਕੇ ਦਾ ਦਾਸ ਨਹੀਂ ਸੀ । ਕੁਝ ਇਕ ਨੂੰ ਅਧਿਉਂ ਬਹੁਤਾ ਭੋਜਨ ਵਰਾਨ ਕਰਦੇ ਅਤੇ ਕਈਆਂ ਨੂੰ ਕੂੜੇ ਦੇ ਢੇਰਾਂ ਉਤੋਂ ਖਾਣ ਨੂੰ ਲੱਭਦੇ ਵੇਖ ਕੇ ਜੰਗਲੀ ਮਨੁੱਖ ਨਿਸਚੇ ਹੀ ਸੱਭਿਅ ਹੋਣੋਂ ਇਨਕਾਰ ਕਰ ਦੇਵੇਗਾ । ਜੰਗਲੀ ਮਨੁੱਖ ਭੋਜਨ ਨੂੰ ਭੁੱਖ ਅਤੇ ਤ੍ਰਿਪਤੀ ਤੋਂ ਪਰੇ ਕਿਸੇ ਚੀਜ਼ ਨਾਲ ਨਹੀਂ ਸੀ ਜੋੜਦਾ; ਅਜੋਕੇ ਸੱਭਿਅ ਮਨੁੱਖ ਨੇ ਭੋਜਨ ਨਾਲ ਪ੍ਰਤਿਸ਼ਠਾ ਨੂੰ ਜੋੜ ਲਿਆ ਹੈ ਅਤੇ ਈਰਖਾ ਇਸ ਸੰਜੋਗ ਵਿਚੋਂ ਸੁਭਾਵਿਕ ਹੀ ਉਪਜ ਪਈ ਹੈ । ਕਈ ਹਾਲਤਾਂ ਵਿਚ ਭੋਜਨ ਭੁੱਖ ਦੀ ਤ੍ਰਿਪਤੀ ਦਾ ਸਾਧਨ ਮਾਤਰ ਨਾ ਰਹਿ ਕੇ ਅੱਯਾਸ਼ੀ ਅਤੇ ਵਿਲਾਸ ਦਾ ਵਸੀਲਾ ਬਣ ਚੁੱਕਾ ਹੈ । ਇਹ ਦੱਸਣ ਦੀ ਲੋੜ ਨਹੀਂ ਕਿ ਮਨੁੱਖ ਦੇ ਘੱਟੋ ਘੱਟ ਅੱਧੇ ਰੋਗਾਂ ਦਾ ਕਾਰਨ ਉਸ ਦਾ ਭੋਜਨ ਹੈ । ਤਨ ਨੂੰ ਪੀੜਨ ਅਤੇ ਮਨ ਨੂੰ ਵਿਕਾਰਾਂ ਨਾਲ ਭਰਨ ਵਾਲਾ, ਸੱਭਿਅ ਮਨੁੱਖ ਦਾ ਸੁਸੱਜਿਤ ਭੋਜਨ ਪਕਾਉਣ, ਪਰੋਸਣ ਅਤੇ ਖਾਣ ਦੇ ਤਰੀਕਿਆਂ ਵਿਚ ਆਈ ਸੁੰਦਰਤਾ ਦੇ ਕਾਰਣ, ਆਪਣੇ ਅਸਲੇ ਵਜੋਂ ਸੁੰਦਰ ਨਹੀਂ ਬਣ ਸਕਿਆ । ਸੁਹਣੇ ਮਨੁੱਖਾਂ ਲਈ ਤਾਂ 'ਖੂਬ ਖਾਣਾ ਖੀਚੜੀ ਜਾਂ ਮੇ ਅੰਮ੍ਰਤ ਲੋਣ'' ।

## ਸੁਰੱਖਿਆ

ਮਨੁੱਖ ਸ਼ਕਤੀ ਨੂੰ ਸੁਰੱਖਿਆ ਨਾਲ ਜੋੜਦਾ ਆਇਆ ਹੈ । ਪਰ ਇਹ ਗੱਲ ਅਜੇ ਤੱਕ ਝੂਠੀ ਨਹੀਂ ਹੋਈ ਕਿ ਹਰ ਸ਼ਕਤੀ ਇਕ ਟਿਕਾਣੇ ਉੱਤੇ ਪੁੱਜ ਕੇ ਰੱਖਿਆ ਤੋਂ ਆਕ੍ਰਮਣ ਵਿਚ ਬਦਲ ਜਾਂਦੀ ਹੈ ਅਤੇ ਰੱਖਿਆ ਕਰਨ ਦੀ ਥਾਂ ਹੱਤਿਆ ਕਰਦੀ ਹੈ । ਸ਼ਕਤੀ ਅਤੇ ਸੁਰੱਖਿਆ ਦੇ ਕਾਲਪਨਿਕ ਸੰਜੋਗ ਵਿਚੋਂ ਬੀਰ ਰਸੀ ਕਾਵਿ ਦਾ ਆਨੰਦ ਉਪਜਿਆ ਹੈ ਜਿਹੜਾ ਸ਼ਕਤੀ ਵਾਂਗ ਹੀ ਰੱਖਿਆ ਦੀ ਥਾਂ ਹੱਤਿਆ ਦੇ ਆਨੰਦ ਵਿਚ ਬਦਲਦਾ ਆਇਆ ਹੈ । ਇਸੇ ਪ੍ਰਵ੍ਰਿਤੀ ਵਿਚੋਂ ਬਹੁਤ ਸਾਰੀਆਂ ਮੂਰਤੀਆਂ ਅਤੇ ਮੂਰਤਾਂ ਨੇ ਵੀ ਜਨਮ ਲਿਆ ਹੈ । ਪੁਰਾਤਨ ਮਿਸਰ ਦੇ ਰਾਜੇ (ਫੈਰੋ) ਆਪਣੇ ਗੁਆਂਢੀ ਦੇਸ਼ਾਂ ਨੂੰ ਜਿੱਤ ਕੇ ਉੱਥੋਂ

ਦੇ ਲੋਕਾਂ ਨੂੰ ਦਾਸ ਬਣਾ ਕੇ ਬੰਨ੍ਹ ਲਿਆਉਂਦੇ ਸਨ । ਮਿਸਰ ਦੀਆਂ ਪੁਰਾਤਨ ਇਮਾਰਤਾਂ ਦੀਆਂ ਕੰਧਾਂ ਉੱਤੇ ਅਜੇਹੀਆਂ ਜਿੱਤਾਂ ਦੇ ਦ੍ਰਿਸ਼ਾਂ ਨੂੰ ਪੱਥਰਾਂ ਵਿਚ ਮੂਰਤੀਮਾਨ ਕੀਤਾ ਗਿਆ ਹੈ । ਵੱਡੀ ਗਿਣਤੀ ਵਿਚ ਜੂੜੇ-ਜਕੜੇ ਦਾਸਾਂ ਦੀਆਂ ਲੰਮੀਆਂ ਪਾਲਾਂ ਦੀ ਲੰਬਾਈ ਮਿਸਰੀ ਫੈਰੋਆਂ ਦੇ ਐਸ਼ਵਰਜ ਨੂੰ ਪ੍ਰਗਟ ਕਰਦੀ ਹੈ । ਕਈ ਈਸਾਈ ਚਿੱਤ੍ਰਕਾਰਾਂ ਨੇ ਮੱਧ ਕਾਲ ਦੇ ਈਸਾਈ ਰਾਜਿਆਂ ਦੀਆਂ ਜਿੱਤਾਂ ਦੇ ਚਿੱਤਰ ਵੀ ਬਣਾਏ ਹਨ । ਆਧੁਨਿਕ ਸਮੇਂ ਦੀਆਂ ਲੜਾਈਆਂ ਦੇ ਦ੍ਰਿਸ਼ਾਂ ਨੂੰ ਚਿਤ੍ਰਣ ਵੱਲ ਵੀ ਅਨੇਕ ਚਿਤ੍ਰਕਾਰਾਂ ਦਾ ਧਿਆਨ ਹੋਇਆ ਹੈ ।

ਮੈਂ ਇਹ ਕਹਿਣ ਉੱਤੇ ਮਜਬੂਰ ਹਾਂ ਕਿ ਰੱਖਿਆ ਦੀ ਪ੍ਰਵ੍ਰਿਤੀ ਦੀ ਤ੍ਰਿਪਤੀ ਨਾਲ ਸੰਬੰਧ ਰੱਖਣ ਵਾਲਾ ਆਨੰਦ ਆਪਣੇ ਹਰ ਪ੍ਰਗਟਾਵੇ ਵਿਚ ਸੁੰਦਰ ਘਟ ਅਤੇ ਕੋਝਾ ਵਧੇਰੇ ਹੈ । ਇਸ ਦੇ ਪ੍ਰਗਟਾਵ ਵਿਚ ਘਿਰਣਾ, ਪੀੜ, ਈਰਖਾ, ਵੈਰ ਅਤੇ ਬੇ-ਬਸੀ ਵਧੇਰੇ ਹੈ; ਪਿਆਰ, ਸਹਾਨਭੂਤੀ ਅਤੇ ਨਿਮ੍ਰਤਾ ਦਾ ਕੋਈ ਨਾਂ ਥੇਹ ਨਹੀਂ ।

ਕੁੱਲੀ ਅਤੇ ਜੁੱਲੀ, ਘਰ ਅਤੇ ਕੱਪੜੇ ਮਨੁੱਖੀ ਸਰੀਰ ਦੀ ਸੁਰੱਖਿਆ ਅਤੇ ਇਸਦੇ ਸੁੱਖ ਦੇ ਸਭ ਤੋਂ ਵੱਡੇ ਜ਼ਾਮਨ ਹਨ । ਇਹ ਦੋਵੇਂ ਭੋਗਾਨੰਦ ਦਾ ਸ੍ਰੋਤ ਬਣੇ ਹਨ । ਬਾਗ਼, ਫੁਲ-ਕਾਰੀਆਂ, ਕਾਲੀਨ ਗ਼ਲੀਚੇ ਅਤੇ ਸ਼ਾਲ-ਦੁਸ਼ਾਲੇ ਹੁਣ ਤਕ ਕੋਮਲ ਕਲਾ ਦੀ ਉਪਜ ਮੰਨੇ ਜਾਂਦੇ ਹਨ । ਇਮਾਰਤੀ ਕਲਾ ਜਨ ਸਾਧਾਰਣ ਦੇ ਘਰਾਂ ਤਕ ਨਹੀ ਪੁੱਜੀ ਤਾਂ ਵੀ ਇਸ ਰਾਹੀਂ ਉਪਜੀ ਹੋਈ ਮਧ ਕਾਲੀਨ ਅਤੇ ਪ੍ਰਾਚੀਨ ਸੁੰਦਰਤਾ ਅੱਜ ਕੱਲ ਜਨ ਸਾਧਾਰਣ ਦੇ ਆਨੰਦ ਦਾ ਸ੍ਰੋਤ ਹੈ ।

## ਵਿਉਤਪਤੀ

ਸੰਤਾਨ ਉਤਪਤੀ ਦੀ ਪ੍ਰਵ੍ਰਿਤੀ ਵਿਚੋਂ ਉਪਜਣ ਵਾਲਾ ਭੋਗਾਨੰਦ ਦੋ ਵੰਡਾਂ ਵਿਚ ਵੰਡਿਆ ਜਾ ਸਕਦਾ ਹੈ । ਇਕ ਹੈ ਜਿਨਸੀ ਸੰਜੋਗ ਦਾ ਆਨੰਦ ਅਤੇ ਦੂਜਾ ਹੈ ਮਮਤਾ ਦੀ ਪ੍ਰਵ੍ਰਿਤੀ ਦੀ ਸੰਤੁਸ਼ਟੀ ਦਾ ਆਨੰਦ । ਮਮਤਾ ਦੀ ਸੰਤੁਸ਼ਟੀ ਦਾ ਆਨੰਦ ਉੱਚੀ ਕਾਵਿ-ਕਲਾ ਦਾ ਜਨਕ ਬਣਿਆ ਹੈ ਪਰ ਇਸ ਦਾ ਖਿਲਾਰਾ ਪਸਾਰਾ ਘਟ ਪਸਰਿਆ ਹੈ । ਹਿੰਦੀ ਕਾਵਿ ਵਿਚ ਸੂਰਦਾਸ ਰਚਿਤ ਸੂਰ ਸਾਗਰ ਦੇ ਬਾਲ ਕਾਂਡ ਰਾਹੀਂ ਅਤੇ ਈਸਾਈ ਮੱਤ ਵਿਚ ਜੀਸਸ ਅਤੇ ਮਾਤਾ ਮਰੀਅਮ ਰਾਹੀਂ ਇਹ ਆਨੰਦ ਆਤਮਿਕ ਮੰਡਲਾਂ ਵਿਚ ਸਮਾ ਗਿਆ ਹੈ ।

ਜਿਨਸੀ ਸੰਜੋਗ ਦੀ ਇੱਛਾ ਦੀ, ਜਿਸਨੂੰ ਸਾਧਾਰਣ ਬੋਲੀ ਵਿਚ ਕਾਮ ਆਖਿਆ ਜਾਂਦਾ ਹੈ, ਪੂਰਤੀ ਦਾ ਆਨੰਦ ਮਨੁੱਖਤਾ ਦੇ ਆਨੰਦ-ਸੰਕਲਪ ਅਤੇ ਆਨੰਦ-ਅਨੁਭਵ ਵਿਚ ਵਿਸ਼ੇਸ਼ ਥਾਂ ਰੱਖਦਾ ਹੈ । ਸੱਭਿਅ ਮਨੁੱਖ ਦੀ ਲਗਪਗ ਸਾਰੀ ਕੋਮਲ ਕਲਾ ਇਸੇ ਆਨੰਦ ਦੀ ਅਨੁਭੂਤੀ ਦੀ ਜਾਂ ਇਸ ਆਨੰਦ-ਅਨੁਭੂਤੀ ਦੀ ਲਾਲਸਾ ਦੀ ਵਿਆਖਿਆ ਕਰਦੀ ਹੈ । ਇਸ ਅਨੁਭੂਤੀ ਵਿਚ ਵੀ ਮਨੁੱਖ ਅਤੇ ਪਸ਼ੂ ਬਰਾਬਰ ਹੈ । ਫ਼ਰਕ ਸਿਰਫ ਇੰਨਾ ਹੈ ਕਿ ਪਸ਼ੂ ਕਿਸੇ ਕੋਮਲ-ਕਲਾ ਦੀ ਉਸਾਰੀ ਨਹੀਂ ਕਰ ਸਕਿਆ । ਇਹ ਆਨੰਦ ਸਿੱਧਾ, ਸਰਵ-ਵਿਆਪਕ ਅਤੇ ਤੀਖਣ ਹੋਣ ਕਰਕੇ ਸਾਰੇ ਆਨੰਦ ਸੰਕਲਪਾਂ ਨੂੰ ਪਿਛੋਕੜ ਵਿਚ ਸੁੱਟ ਦਿੰਦਾ ਹੈ । ਇਸ ਆਨੰਦ ਦੀ ਅਨੁਭੂਤੀ ਅੱਤ ਸੁਆਰਥਮਈ ਚੇਤਨ ਅਵਸਥਾ ਦੀ ਉਪਜ

ਹੋਣ ਕਰਕੇ ਮਨੁੱਖ ਦੇ ਸ੍ਰੇਸ਼ਟ ਭਾਵ-ਖੇਤ੍ਰ ਨੂੰ ਸੁਕੇੜਦੀ ਹੈ ਅਤੇ ਨਿਮਨ-ਭਾਵ-ਖੇਤ੍ਰ ਨੂੰ ਵਿਕਸਾਉਂਦੀ ਹੈ । ਮੱਧ ਕਾਲ ਤਕ ਭੋਗਾਨੰਦ ਨਾਲ ਸੰਬੰਧਿਤ ਕਲਾ ਲੋਕਾਂ ਦੀ ਕਮਾਈ ਉੱਤੇ ਜੀਉਣ ਵਾਲੇ ਵਿਹਲੜ-ਵਰਗ ਦੀ ਮਾਲਕੀ ਬਣੀ ਰਹੀ ਹੈ। ਆਧੁਨਿਕ ਯੁਗ ਵਿਚ ਪ੍ਰਜਾ ਤੰਤ੍ਰ ਦੀ ਕਿਰਪਾ ਨਾਲ ਜਨ ਸਾਧਾਰਣ ਆਪਣਾ ਹੱਕ ਮੰਗਣ ਜੋਗਾ ਹੋ ਗਿਆ ਹੈ। ਸਿਨਮਾ, ਛਾਪਾ ਖਾਨਾ, ਰੇਡੀਓ ਅਤੇ ਟੈਲੀਵੀਯਨ ਦੀ ਸਹਾਇਤਾ ਨਾਲ ਜਨ-ਸਾਧਾਰਣ ਨੂੰ ਹੁਣ, ਜਿੰਨੀ ਨਿਰਲੱਜਤਾ ਅਤੇ ਮੂਰਖਤਾ ਉਸ ਦੇ ਹੱਕ ਵਜੋਂ ਵੰਡੀ ਜਾਂਦੀ ਹੈ ਉਹ ਉਸ ਦੇ ਹਿੱਸੇ ਨਾਲੋਂ ਵੀ ਵੱਧ ਹੈ ਅਤੇ ਲੋੜੋਂ ਵੀ ਬਹੁਤੀ ਹੈ।

## ਭਾਵ-ਤ੍ਰਿਪਤੀ

ਕੋਮਲ ਭਾਵਾਂ ਦੀ ਸੰਤੁਸ਼ਟੀ ਅਤੇ ਤ੍ਰਿਪਤੀ ਦਾ ਆਨੰਦ ਭੋਗਾਨੰਦ ਦੀ ਸਰਵ-ਸ੍ਰੇਸ਼ਟ ਵੰਡ ਹੈ। ਇਸ ਆਨੰਦ ਦੀ ਹੋਂਦ ਭੋਗਾਨੰਦ ਨੂੰ ਬੇ-ਲੋੜਾ ਆਖਣੋ ਵਰਜਦੀ ਹੈ। ਕਰੁਣਾ, ਹਾਸ ਅਤੇ ਵਿਯੋਗ ਸ਼ਿੰਗਾਰ ਇਸ ਆਨੰਦ ਦੇ ਸੁੰਦਰ ਨਮੂਨੇ ਸਨ। ਅੱਜ ਕੱਲ ਹਾਸ ਅਤੇ ਵਿਯੋਗ ਸ਼ਿੰਗਾਰ ਨੂੰ ਪ੍ਰਵ੍ਰਿਤੀ ਮੂਲਕ ਆਨੰਦ ਦੀ ਪੁੱਠ ਦੇ ਕੇ ਇਨ੍ਹਾਂ ਦਾ ਦਰਜਾ ਨੀਵਾਂ ਕਰ ਦਿੱਤਾ ਗਿਆ ਹੈ। ਸਹਾਨੁਭੂਤੀ, ਮਿੱਤ੍ਰਤਾ, ਭ੍ਰਾਤਰੀ ਭਾਵ, ਨਿੰਮ੍ਰਤਾ, ਦਇਆ, ਖਿਮਾ, ਸੇਵਾ, ਸਹਾਇਤਾ, ਤਿਆਗ, ਸੱਚ, ਨਿਰਛਲਤਾ ਅਤੇ ਸਾਦਗੀ ਆਦਿ ਭਾਵਾਂ ਦੀ ਤ੍ਰਿਪਤੀ ਵਿਚੋਂ ਕਿਸੇ ਪ੍ਰਕਾਰ ਦਾ ਆਨੰਦ ਮਾਣਨ ਦੀ ਜਾਚ ਹੁਣ ਸੱਭਿਅ ਮਨੁੱਖ ਨੂੰ ਭੁਲਦੀ ਜਾ ਰਹੀ ਹੈ। ਅਸਲ ਗੱਲ ਤਾਂ ਇਹ ਹੈ ਕਿ ਪ੍ਰਵ੍ਰਿਤੀ ਅਤੇ ਭਾਵ ਦਾ ਅੰਤਰ ਹੀ ਮਿਟਦਾ ਜਾ ਰਿਹਾ ਹੈ। ਆਧੁਨਿਕ ਯੁਗ ਮਸ਼ੀਨ ਦਾ ਯੁਗ ਹੈ। ਪੂੰਜੀਵਾਦ ਅਤੇ ਸਮਾਜਵਾਦ ਇਸ ਯੁਗ ਦੇ ਪ੍ਰਧਾਨ ਧਰਮ ਹਨ। ਦੋਵੇਂ ਮਨੁੱਖ ਨੂੰ ਮਸ਼ੀਨ ਅਨੁਸਾਰ ਢਾਲਣ ਵਿਚ ਆਪਣੀ ਕਲਿਆਣ ਮੰਨਦੇ ਹਨ। ਪ੍ਰਵ੍ਰਿਤੀ ਬਹੁਤ ਹੱਦ ਤਕ ਮਸ਼ੀਨੀ ਹਰਕਤ ਵਾਂਗ ਸ੍ਵੈ-ਪ੍ਰੇਰਿਤ ਅਤੇ ਅਭੁੱਲ ਹੈ। ਬੌਧਿਕਤਾ ਦੀ ਪਕੜੋਂ ਪਰੇ ਹੋਣ ਕਰਕੇ ਵੀ ਪ੍ਰਵ੍ਰਿਤੀ ਮਸ਼ੀਨੀ ਵਿਵਹਾਰ ਨਾਲ ਮੇਲ ਖਾਂਦੀ ਹੈ। ਕੋਮਲ ਭਾਵ ਚੇਤਨ ਮਨੁੱਖ ਦੇ ਮਨ ਦੀ ਉਸ ਅਵਸਥਾ ਵਿਚ ਸਥਿਤ ਹਨ ਜਿੱਥੇ ਉਹ ਅਕਲ ਅਤੇ ਆਦਰਸ਼ ਨਾਲ ਸੰਬੰਧਿਤ ਹੀ ਨਹੀਂ ਸਗੋਂ ਓਤ ਪੋਤ ਪ੍ਰਤੀਤ ਹੁੰਦੇ ਹਨ। ਜਨ-ਸਾਧਾਰਣ ਦੀ ਭਾਵਾਵਸਥਾ ਅਜੇਹੇ ਵਿਚਾਰਾਂ, ਵਿਸ਼ਵਾਸਾਂ ਅਤੇ ਆਦਰਸ਼ਾਂ ਨਾਲ ਜੋੜੀ ਜਾ ਸਕਦੀ ਹੈ ਜਿਹੜੇ ਮਸ਼ੀਨੀ ਸਮਾਜਾਂ ਲਈ ਲਾਭਦਾਇਕ ਨਾ ਹੋਣ। ਜੇ ਮਨੁੱਖੀ ਚੇਤਨਾ ਨੂੰ ਪ੍ਰਵ੍ਰਿਤੀ ਦੀ ਪੱਧਰ ਉੱਤੇ ਸੰਤੁਸ਼ਟ ਰੱਖਿਆ ਜਾਵੇ ਤਾਂ ਉਹ ਉਨ੍ਹਾਂ ਸਾਰੇ ਸੰਘਰਸ਼ਾਂ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਦੀ ਹੈ ਜਿਹੜੇ ਉਸ ਨੂੰ ਨਵੀਂ ਪਰਿਸਥਿਤੀ ਵਿਚੋਂ ਉਪਜੇ ਨਵੇਂ ਖ਼ਤਰਿਆਂ ਦਾ ਟਾਕਰਾ ਕਰਨ ਲਈ ਨਵੇਂ ਵਿਚਾਰਾਂ, ਵਿਸ਼ਵਾਸਾਂ ਅਤੇ ਭਾਵਾਂ ਵਿਚ ਵਿਕਸਣ ਲਈ ਮਜਬੂਰ ਕਰਦੇ ਹਨ। ਇਸ ਲਈ ਕਿਸੇ ਵੀ ਹਾਕਮ ਵਰਗ ਲਈ ਪ੍ਰਵ੍ਰਿਤੀ ਨੂੰ ਆਦਰਸ਼ ਸਿੱਧ ਕਰਨਾ ਜ਼ਰੂਰੀ ਹੈ। ਇਹ ਕੰਮ ਅਜੋਕੀ ਕਲਾ ਪੂਰੀ ਨਿਪੁੰਨਤਾ ਨਾਲ ਕਰ

ਰਹੀ ਹੈ ।*

## ਬੌਧਿਕ ਤ੍ਰਿਪਤੀ

ਬੌਧਿਕ ਤ੍ਰਿਪਤੀ ਵਿਚੋਂ ਮਿਲਣ ਵਾਲਾ ਆਨੰਦ ਭੋਗ-ਆਨੰਦ ਦਾ ਤੀਜਾ ਰੂਪ ਹੈ। ਇਹ ਆਨੰਦ ਵੇਖਣ-ਭਾਸਣ ਨੂੰ ਭਾਵੇਂ ਕਿੰਨਾ ਵੀ ਸ੍ਰੇਸਟ ਕਿਉਂ ਨਾ ਲੱਗੇ, ਇਸ ਦਾ ਦਰਜਾ ਭਾਵ-ਤ੍ਰਿਪਤੀ ਵਿਚੋਂ ਮਿਲਣ ਵਾਲੇ ਆਨੰਦ ਨਾਲੋਂ ਉੱਚਾ ਨਹੀਂ। ਭਾਵ ਮਨੁੱਖੀ ਚੇਤਨਾ ਦਾ ਉਹ ਰੂਪ ਹੁੰਦਾ ਹੈ ਜਿਹੜਾ ਬੌਧਿਕ ਪੱਧਰ ਉੱਤੇ ਸ੍ਰੇਸ਼ਟ ਮੰਨਿਆਂ ਜਾਣ ਤੋਂ ਪਿੱਛੋਂ ਜੀਵਨ ਦੇ ਅਮਲ ਵਿਚ ਢਲ ਕੇ, ਵਿਸ਼ਵਾਸ ਵਿਚੋਂ ਦੀ ਹੁੰਦਾ ਹੋਇਆ, ਆਦਤ ਦਾ ਰੂਪ ਧਾਰਨ ਕਰ ਲੈਣ ਤੋਂ ਪਿੱਛੋਂ ਹੁਣ ਮਨ ਦਾ ਸੁਭਾ ਬਣਨ ਨੂੰ ਤਿਆਰ ਹੋ ਰਿਹਾ ਹੈ। ਪ੍ਰਵ੍ਰਿਤੀ ਪਸ਼ੂ ਜੀਵਨ ਤੋਂ ਹੀ ਮਨ ਦੇ ਨਾਲ ਆ ਰਹੀ ਹੈ, ਇਸ ਲਈ ਇਹ ਪਸ਼ੂ ਅਤੇ ਮਨੁੱਖ ਵਿਚ ਸਮਾਨ ਹੈ। ਜਦੋਂ ਮਨੁੱਖ ਨੇ ਪਸ਼ੂ-ਜੀਵਨ ਨੂੰ ਤਿਆਗ ਕੇ ਸੱਭਿਅ ਸਮਾਜਕ ਜੀਵਨ ਜੀਊਣਾ ਆਰੰਭ ਕਰ ਦਿੱਤਾ ਓਦੋਂ ਬਦਲੀ ਹੋਈ ਸਮਾਜਕ ਪਰਿਸਥਿਤੀ ਨੇ ਮਨੁੱਖੀ ਮਨ ਵਿਚ ਪ੍ਰਵ੍ਰਿਤੀ ਤੋਂ ਵੱਖਰੀਆਂ ਘਾੜਤਾਂ ਘੜਨੀਆਂ ਆਰੰਭ ਕਰ ਦਿੱਤੀਆਂ। ਇਹ ਵਿਚਾਰ, ਵਿਸ਼ਵਾਸ ਅਤੇ ਭਾਵ ਦੀਆਂ ਘਾੜਤਾਂ ਸਨ। ਉੱਚੇ ਆਦਰਸ਼ਾਂ ਦੀ ਅਗਵਾਈ ਵਿਚ ਸੁੰਦਰ ਵਿਚਾਰ, ਵਿਸ਼ਵਾਸ ਅਤੇ ਭਾਵ ਪੈਦਾ ਹੋਏ ਅਤੇ ਨੀਵੇਂ ਆਦਰਸ਼ਾਂ ਨੇ ਨੀਵੀਂਆਂ ਘਾੜਤਾਂ ਘੜੀਆਂ। ਇਸ ਲਈ ਭਾਵ ਵਧੀਆ ਜਾਂ ਸੁੰਦਰ ਵੀ ਹਨ ਅਤੇ ਘਟੀਆ ਜਾਂ ਕੋਝੇ ਵੀ। ਇਸੇ ਤਰ੍ਹਾਂ ਪ੍ਰਵ੍ਰਿਤੀਆਂ ਸੁਹਣੀਆਂ ਵੀ ਹਨ ਅਤੇ ਕੋਝੀਆਂ ਵੀ। ਮਨੁੱਖੀ ਅਕਲ ਭਾਵਾਂ ਦਾ ਸਾਥ ਦਿੰਦੀ ਹੈ ਪਰੰਤੂ ਪ੍ਰਵ੍ਰਿਤੀ ਦੀ ਤਾਬਿਆਦਾਰੀ ਕਰਦੀ ਹੈ। ਅਕਲ ਅਤੇ ਪ੍ਰਵ੍ਰਿਤੀ ਦਾ ਇਹ ਸੰਬੰਧ ਬਦਲਿਆਂ ਤਾਂ ਜਾ ਸਕਦਾ ਹੈ ਪਰ ਛੇਤੀ ਛੇਤੀ ਨਹੀਂ। ਜਿੰਨਾਂ ਚਿਰ ਬੁੱਧੀ ਨਿਰਮਲ ਅਤੇ ਰੌਸ਼ਨ ਹੋ ਕੇ ਪ੍ਰਵ੍ਰਿਤੀ ਦੀ ਅਧੀਨਗੀ ਵਿੱਚੋਂ ਨਹੀਂ ਨਿਕਲ ਜਾਂਦੀ ਓਨਾ ਚਿਰ ਮਨੁੱਖ ਦਾ ਬੌਧਿਕ ਆਨੰਦ ਉਚੇਰੀ ਪੱਧਰ ਦਾ ਨਹੀਂ ਹੋ ਸਕਦਾ।

ਬੌਧਿਕ ਆਨੰਦ ਵਿੱਦਿਆ ਅਤੇ ਅਨੁਭਵ ਉੱਤੇ ਆਧਾਰਿਤ ਹੋ ਕੇ ਦੋ ਵੰਡਾਂ ਵਿਚ ਵੰਡਿਆ ਜਾਂਦਾ ਹੈ। ਅੱਜ ਕੱਲ ਵਿੱਦਿਆ ਆਮ ਹੋ ਜਾਣ ਕਰਕੇ ਪੜ੍ਹੇ ਲਿਖੇ ਲੋਕ ਕਈ

---

*ਭੌਤਿਕ ਵਿਕਾਸਵਾਦ ਇਹ ਗੱਲ ਸਿੱਧ ਕਰਦਾ ਹੈ ਕਿ ਸਾਰੇ ਜੀਵ ਨਵੀਆਂ ਪਰਿਸਥਿਤੀਆਂ ਅਨੁਸਾਰ ਢਲਣ ਦੇ ਜਤਨ ਸਦਕਾ ਵਿਕਸਦੇ ਗਏ ਹਨ। ਜੀਵਾਂ ਦੀ ਜਿਹੜੀ ਕਿਸਮ, ਨਸਲ ਜਾਂ ਸਪੀਸੀ ਆਪਣੇ ਚੌਗਿਰਦੇ ਅਨੁਸਾਰ ਆਪਣੇ ਆਪ ਨੂੰ ਯੋਗਤਮ ਬਣਾ ਕੇ ਨਿਪੁੰਨ ਹੋ ਜਾਂਦੀ ਰਹੀ ਹੈ ਉਸ ਦਾ ਵਿਕਾਸ ਰੁਕ ਜਾਂਦਾ ਰਿਹਾ ਹੈ। ਉਹ ਨਸਲਾਂ ਆਪਣੇ ਉਸੇ ਨਿਪੁੰਨ ਰੂਪ ਵਿਚ ਅਜੇ ਤਕ ਧਰਤੀ ਉੱਤੇ ਮੌਜੂਦ ਹਨ। ਵਿਕਾਸ ਉਨ੍ਹਾਂ ਦਾ ਹੋਇਆ ਹੈ ਜਿਹੜੇ ਨਿਪੁੰਨਤਾ ਨੂੰ ਪੁੱਜਣ ਦੀ ਥਾਂ ਬਦਲਣ, ਢਲਣ ਅਤੇ ਵਿਕਸਣ ਦੀ ਲੋੜ ਮਹਿਸੂਸ ਕਰਦੇ ਰਹੇ ਹਨ। ਸੰਪੂਰਣ ਹੋਇਆ ਵਿਕਸਦਾ ਨਹੀਂ।

ਵੇਰ ਇਮਤਹਾਨੀ ਲੋੜ ਦੇ ਕਾਰਨ ਸੂਹਜ ਸ਼ਾਸਤ੍ਰ ਦਾ ਅਧਿਐਨ ਕਰਦੇ ਹਨ। ਸਿਧਾਂਤਕ ਜਾਣਕਾਰੀ ਨੂੰ ਉਹਲਾ ਅਤੇ ਆਸਰਾ ਬਣਾ ਕੇ ਆਪਣੇ ਆਪ ਨੂੰ ਉੱਚੇ ਸੁੱਚੇ ਬੌਧਿਕ ਆਨੰਦ ਦੇ ਅਨੁਭਵੀ ਪ੍ਰਗਟ ਕਰਨ ਦੀ ਜਾਚ ਸਿੱਖ ਸਕਣਾ ਕੋਈ ਔਖਾ ਕੰਮ ਨਹੀਂ ਰਿਹਾ। ਇਸ ਲਈ ਪੜ੍ਹੇ ਲਿਖੇ ਨੌ-ਜੁਆਨਾਂ ਵਿਚ ਬੌਧਿਕ-ਆਨੰਦ-ਅਨੁਭਵੀ ਹੋਣ ਦਾ ਵਿਖਾਲਾ ਵੇਖਿਆ ਜਾਣ ਲੱਗ ਪਿਆ ਹੈ। ਉਂਞ ਇਹ ਉਮਰ ਵਿਸਮਾਦਾਨੰਦ ਦੀ ਉਮਰ ਹੁੰਦੀ ਹੈ। ਹਰ ਪ੍ਰਕਾਰ ਦੇ ਭੋਗਾਨੰਦ ਵਿਚ ਵਿਸਮਾਦਾਨੰਦ ਦੀ ਕੁਝ ਕੁ ਮਾਤ੍ਰਾ ਹੋਣੀ ਜ਼ਰੂਰੀ ਹੁੰਦੀ ਹੈ। ਪਰ ਵਿੱਦਿਆ ਉੱਤੇ ਆਧਾਰਿਤ ਬੌਧਿਕ ਆਨੰਦ ਵਿਸਮਾਦ ਹੀਣ ਹੋਣ ਕਰਕੇ ਆਨੰਦ ਹੋਣ ਦੀ ਥਾਂ ਆਨੰਦ ਦਾ ਵਿਖਾਲਾ ਮਾਤ੍ਰ ਹੀ ਹੁੰਦਾ ਹੈ।

ਅੱਧਖੜ ਉਮਰ ਤਕ ਪੁੱਜ ਕੇ ਕੁਝ ਮਨੁੱਖਾਂ ਨੂੰ ਆਪਣੀ ਅਤੇ ਆਪਣੇ ਚੌਗਿਰਦੇ ਦੀ ਚੰਗੇਰੀ ਜਾਣਕਾਰੀ ਹੋ ਜਾਂਦੀ ਹੈ। ਉਹ ਸੰਸਾਰਕ ਸੁਖਾਂ, ਸੁਆਦਾਂ ਅਤੇ ਪ੍ਰਾਪਤੀਆਂ ਦੀ ਅਸਲੀਅਤ ਤੋਂ ਜਾਣੂ ਹੋਣ ਲੱਗ ਪੈਂਦੇ ਹਨ। ਗਿਆਨ ਇੰਦ੍ਰੀਆਂ ਕੁਝ ਕਮਜ਼ੋਰ ਹੋ ਜਾਂਦੀਆਂ ਹਨ। ਵਿਕਾਰਾਂ ਅਤੇ ਵਿਲਾਸਾਂ ਪਿੱਛੇ ਭੱਜਣ ਜੋਗੀ ਤਾਕਤ ਨਹੀਂ ਰਹਿੰਦੀ। ਇਨ੍ਹਾਂ ਦੇ ਖੋਖਲੇਪਨ ਦਾ ਵੀ ਕੁਝ ਅਹਿਸਾਸ ਹੋਣ ਲੱਗ ਪੈਂਦਾ ਹੈ। ਅਜੇਹੀ ਹਾਲਤ ਵਿਚ ਮਨੁੱਖ ਬੌਧਿਕ ਆਨੰਦ ਦਾ ਧਾਰਨੀ ਬਣ ਜਾਂਦਾ ਹੈ। ਹਰ ਮਨੁੱਖ ਲਈ ਇਉਂ ਹੋ ਜਾਣਾ ਜ਼ਰੂਰੀ ਨਹੀਂ। ਇਹ ਉਨ੍ਹਾਂ ਲਈ ਹੀ ਸੰਭਵ ਹੈ ਜਿਨ੍ਹਾਂ ਲਈ ਵਿਸਮਾਦਾਨੰਦ ਇਕ ਅਸਲੀਅਤ ਬਣਿਆਂ ਰਹਿੰਦਾ ਹੈ। ਜਿਹੜੇ ਇਸ ਤੋਂ ਸੱਖਣੇ ਹੋ ਜਾਂਦੇ ਹਨ ਉਨ੍ਹਾਂ ਲਈ ਇਸ ਪ੍ਰਕਾਰ ਦੇ ਬੌਧਿਕ ਭੋਗਾਨੰਦ ਦਾ ਅਨੁਭਵ ਸੰਭਵ ਨਹੀਂ। ਇਸ ਆਨੰਦ ਦੇ ਅਨੁਭਵੀ ਲੋਕ ਆਮ ਕਰਕੇ ਆਪਣੀ ਦੁਨੀਆਂ ਵਿਚ ਵੱਖਰੇ ਜੇਹੇ ਰਹਿਣਾ ਪਸੰਦ ਕਰਦੇ ਹਨ। ਇਨ੍ਹਾਂ ਦਾ ਆਨੰਦ ਅਨੁਭਵ ਕਿਸੇ ਸੁੰਦਰਤਾ ਨੂੰ ਜਨਮ ਦੇਣ ਦੀ ਥਾਂ ਸੁੰਦਰਤਾ ਦੀ ਵਿਆਖਿਆ ਵਿਚ ਬਹੁਤਾ ਸਹਾਈ ਹੁੰਦਾ ਹੈ। ਅਜੇਹੇ ਅਨੁਭਵੀ ਲੋਕਾਂ ਕੋਲੋਂ ਲਾਭ ਲੈਣ ਵਿਚ ਮਨੁੱਖਤਾ ਦਾ ਕਲਿਆਣ ਹੈ, ਪਰ ਇਹ ਗੱਲ ਭੁੱਲਣ ਵਾਲੀ ਨਹੀ ਕਿ ਵਿੱਦਿਆ ਮੂਲਕ ਕਿਤਾਬੀ ਬੌਧਿਕ ਆਨੰਦ ਅਤੇ ਅਨੁਭਵ ਆਧਾਰਿਤ ਵਾਸਤਵਿਕ ਬੌਧਿਕ ਆਨੰਦ ਵਿਚ ਝੂਠ ਅਤੇ ਸੱਚ ਜਿੰਨਾ ਫਰਕ ਹੈ।

ਯਥਾਰਥਵਾਦ ਦੀ ਸ਼ਹਿ ਨਾਲ ਮਨੁੱਖ ਦੀ ਸਾਰੀ ਕਲਾ ਭੋਗ-ਆਨੰਦ ਦੇ ਮਨੋਰਥ ਦੀ ਧਾਰਨੀ ਬਣ ਗਈ ਹੈ। ਇਸ ਦੇ ਨਾਲ ਨਾਲ ਡਾਕਟਰ ਫ੍ਰਾਇਡ ਨੂੰ ਕਾਮ ਦੇਵ ਦਾ ਕਲਜੁਗੀ ਅਵਤਾਰ ਮੰਨਣ ਕਰਕੇ ਵੀ ਭੋਗਾਨੰਦ ਹਰ ਉਚੇਰੇ ਆਨੰਦ ਨੂੰ ਅੱਖਾਂ ਵਖਾਉਣ ਲੱਗ ਪਿਆ ਹੈ। ਇਹ ਆਨੰਦ ਪ੍ਰਵ੍ਰਿਤੀ ਮੂਲਕ ਹੋਣ ਕਰਕੇ ਮਨੁੱਖ ਨੂੰ ਪਸ਼ੂ ਪੱਧਰ ਤੋਂ ਉਚੇਰੇ ਹੋਣ ਦੀ ਪ੍ਰੇਰਣਾ ਨਹੀਂ ਦਿੰਦਾ। ਇਸ ਵਿੱਚਲਾ ਉਚੇਰਾ ਬੌਧਿਕ ਆਨੰਦ ਮਨੁੱਖ ਦੇ ਸੂਹਜ ਸੰਸਾਰ ਨੂੰ ਆਪਣੇ ਤਕ ਹੀ ਸੀਮਿਤ ਕਰਨ ਦੀ ਰੁਚੀ ਰੱਖਦਾ ਹੈ ਅਤੇ ਭਾਵਾਨੰਦ ਦੀ ਉਂਞ ਪੁੱਛ ਘੱਟ ਹੈ। ਇਸ ਲਈ ਅਜੋਕੀ ਕਲਾ ਵਿਚਲਾ ਆਨੰਦ-ਸੰਕਲਪ ਵਾਸਨਾ-ਮਈ ਹੈ, ਆਨੰਦ ਪ੍ਰਵ੍ਰਿਤੀ ਮੂਲਕ ਹੈ ਅਤੇ ਸੁੰਦਰਤਾ ਕਾਮ ਦੀ ਉਕਸਾਹਟ ਨਾਲ ਭਰਪੂਰ ਹੈ।

# ਵਿਸਮਾਦ-ਆਨੰਦ

ਅਚੇਤ ਅਤੇ ਅਗਿਆਨ ਸਰੂਪ ਨੀਂਦਾਨੰਦ (ਨੀਂਦ + ਆਨੰਦ) ਤੋਂ ਜ਼ਰਾ ਕੁ ਥੱਲੇ ਵਿਸਮਾਦ-ਆਨੰਦ ਦਾ ਸਥਾਨ ਹੈ। ਇਹ ਆਨੰਦ ਨੀਂਦ ਅਤੇ ਭੋਗ ਦੇ ਆਨੰਦਾਂ ਦੇ ਵਿਚਕਾਰ ਹੋਣ ਕਰਕੇ ਇਸ ਦਾ ਇੱਕ ਪਾਸਾ ਭੋਗ-ਆਨੰਦ ਨਾਲ ਜਾ ਮਿਲਦਾ ਹੈ ਅਤੇ ਦੂਜਾ ਨੀਂਦ-ਆਨੰਦ ਨਾਲ। ਇਸ ਆਨੰਦ ਵਿਚ ਵਿਕਾਸ ਅਤੇ ਪਤਨ ਦੀ ਸੰਭਾਵਨਾ ਇੱਕੋ ਜਿੰਨੀ ਮਾਤ੍ਰਾ ਵਿਚ ਮੌਜੂਦ ਹੁੰਦੀ ਹੈ। ਆਮ ਕਰਕੇ ਪਤਨ ਦੀਆਂ ਸੰਭਾਵਨਾਵਾਂ ਹੀ ਸਾਕਾਰ ਹੁੰਦੀਆਂ ਹਨ। ਇਸ ਦੇ ਕਾਰਨਾਂ ਉੱਤੇ ਵਿਚਾਰ ਅੱਗੇ ਚੱਲ ਕੇ ਕਰਾਂਗਾ। ਜਦੋਂ ਮਨੁੱਖ ਨੂੰ ਕਿਸੇ ਵਸਤੂ, ਵਿਚਾਰ, ਦ੍ਰਿਸ਼ ਜਾਂ ਕਲਾ-ਕ੍ਰਿਤੀ ਦੇ ਸਨਮੁਖ ਹੋਣ ਉੱਤੇ ਇਉਂ ਲੱਗੇ ਕਿ ਇਹ ਵਸਤੂ, ਵਿਚਾਰ, ਦ੍ਰਿਸ਼ ਜਾਂ ਕਲਾ-ਕ੍ਰਿਤੀ ਜ਼ਰੂਰ ਕਿਸੇ ਮਨੋਰਥ ਨੂੰ ਮੁੱਖ ਰੱਖ ਕੇ ਬਣਾਈ ਗਈ ਹੈ ਜਾਂ ਹੋਂਦ ਵਿਚ ਆਈ ਹੈ, ਪਰ ਉਸ ਮਨੋਰਥ ਦਾ ਪਤਾ ਨਾ ਲੱਗੇ ਕਿ ਕੀ ਹੈ ਅਤੇ ਪਤਾ ਲਾਉਣ ਦੀ ਇੱਛਾ ਵੀ ਨਾ ਜਾਗੇ ਉਦੋਂ ਉਸ ਦੇ ਮਨ ਦੀ ਅਵਸਥਾ ਨੂੰ ਵਿਸਮਾਦ ਦੀ ਅਵਸਥਾ ਆਖਿਆ ਜਾਂਦਾ ਹੈ। ਇਹ ਅਵਸਥਾ ਆਨੰਦ ਦੀ ਅਵਸਥਾ ਹੁੰਦੀ ਹੈ। ਜਾਗ੍ਰਤ ਅਵਸਥਾ ਵਿਚ ਇਸ ਤੋਂ ਉਚੇਰਾ ਆਨੰਦ ਸੰਭਵ ਨਹੀਂ।

ਨੀਂਦ ਸੰਬੰਧੀ ਆਧੁਨਿਕ ਖੋਜ ਦਾ ਬਹੁਤਾ ਭਾਗ ਪਸ਼ੂਆਂ ਨਾਲ ਸੰਬੰਧ ਰੱਖਦਾ ਹੈ। ਬਹੁਤੇ ਦੁਖਦਾਈ ਅਤੇ ਖਤਰਨਾਕ ਤਜਰਬੇ ਪਸ਼ੂਆਂ ਉੱਤੇ ਕੀਤੇ ਗਏ ਹਨ। ਇਨ੍ਹਾਂ ਤਜਰਬਿਆਂ ਦਾ ਪਸ਼ੂਆਂ ਉੱਤੇ ਕੀਤਾ ਜਾਣਾ ਇਹ ਸਿੱਧ ਕਰਦਾ ਹੈ ਕਿ ਆਧੁਨਿਕ ਵਿਗਿਆਨ ਪਸ਼ੂ ਅਤੇ ਮਨੁੱਖ ਦੇ ਨੀਂਦ ਅਨੁਭਵ ਨੂੰ ਬਰਾਬਰ ਮੰਨਦਾ ਹੈ। ਇਨ੍ਹਾਂ ਤਜ-ਰਬਿਆਂ ਤੋਂ ਪ੍ਰਾਪਤ ਹੋਏ ਨਤੀਜੇ ਵੀ ਮਨੁੱਖ ਦੇ ਵਿਸ਼ਵਾਸ ਨੂੰ ਪੱਕਾ ਕਰਦੇ ਹਨ ਕਿ ਪਸ਼ੂ ਅਤੇ ਮਨੁੱਖ ਦਾ ਨੀਂਦ ਅਨੁਭਵ ਇਕੋ ਜਿਹਾ ਹੈ। ਹੋ ਸਕਦਾ ਹੈ ਵਿਸਮਾਦ ਅਨੁਭਵ ਵੀ ਦੋਹਾਂ ਵਿਚ ਇਕੋ ਜਿਹਾ ਹੋਵੇ। ਹਿਰਨਾਂ ਦਾ ਆਵਾਜ਼ ਵੱਲ ਖਿੱਚੇ ਜਾਣਾ, ਸੱਪਾਂ ਦਾ ਬੀਨ ਨਾਲ ਕੀਲੇ ਜਾਣਾ, ਮੋਰਾਂ ਦਾ ਬੱਦਲਾਂ ਨੂੰ ਵੇਖ ਕੇ ਪੈਲ ਪਾਉਣਾ, ਭੌਰਿਆਂ ਦਾ ਸੁਗੰਧੀ ਨਾਲ ਮਸਤ ਹੋ ਜਾਣਾ ਅਤੇ ਪਤੰਗਿਆਂ ਦਾ ਲਾਟ ਉਤੇ ਸੜਨਾ ਪਸ਼ੂਆਂ ਵਿਚ ਕਿਸੇ ਵਿਸਮਾਦ ਦੀ ਹੋਂਦ ਵੱਲ ਇਸ਼ਾਰਾ ਕਰਦਾ ਹੈ।

ਅਜੋਕੇ ਮਨੁੱਖਾਂ ਵਿਚ ਇਹ ਅਨੁਭਵ ਆਮ ਕਰਕੇ ਬਚਪਨ ਵਿਚ ਹੁੰਦਾ ਹੈ। ਆਦੀ

ਮਨੁੱਖ ਜੀਵਨ ਪ੍ਰਯੰਤ ਵਿਸਮਾਦ ਅਨੁਭਵ ਨੂੰ ਮਾਣਦਾ ਸੀ। ਉਸਦਾ ਆਲਾ ਦੁਆਲਾ ਵਿਸਮਾਦੀ ਸੀ ਅਤੇ ਉਹ ਆਪ ਵੀ ਵਿਸਮਾਦੀ ਸੀ। ਅਜੋਕੇ ਮਨੁੱਖ ਦਾ ਬਚਪਨ ਵੀ ਵਿਸਮਾਦ-ਹੀਣ ਹੁੰਦਾ ਜਾ ਰਿਹਾ ਹੈ। ਵੱਡੇ ਵੱਡੇ ਸ਼ਹਿਰਾਂ ਦਾ ਜੀਵਨ ਕੁਦਰਤੀ ਸੁੰਦਰਤਾ ਦੇ ਵਿਸਮਾਦ ਤੋਂ ਸਖਣਾ ਹੈ। ਜੀਵਨ ਦੀ ਚਾਲ ਤੇਜ਼ ਹੈ, ਸੜਕ ਉੱਤੇ ਆਵਾਜਾਈ ਦੀ ਕਾਹਲ ਬੱਚਿਆਂ ਲਈ ਵੱਡਾ ਖਤਰਾ ਹੈ। ਇਨ੍ਹਾਂ ਖਤਰਿਆਂ ਤੋਂ ਬਚਣ ਲਈ ਸਿਖਲਾਈ ਅਤੇ ਸਾਵਧਾਨੀ ਦੀ ਏਨੀ ਲੋੜ ਹੈ ਕਿ ਵਿਸਮਾਦ ਦੀ ਗੱਲ ਹੀ ਅਣਹੋਣੀ ਹੁੰਦੀ ਜਾ ਰਹੀ ਹੈ।

ਬੱਚਿਆਂ ਦੀ ਸੁਭਾਵਕ ਨਿਰਛਲਤਾ, ਜੀਵਨ ਦੀਆਂ ਗੰਭੀਰ ਸਮੱਸਿਆਵਾਂ ਤੋਂ ਅਭਿੱਜਤਾ, ਲਾਜ ਤੇ ਕੁਲਾਜ ਵੱਲੋਂ ਬੇ-ਖਬਰੀ, ਭੂਤ ਤੇ ਭਵਿੱਖਤ ਵੱਲੋਂ ਨਿਸ਼ਚਿੰਤਤਾ ਅਤੇ ਖੇਡ ਦਾ ਪਿਆਰ ਉਨ੍ਹਾਂ ਨੂੰ ਵਿਸਮਾਦਾਨੰਦ ਨੂੰ ਮਾਣਨ ਦੇ ਯੋਗ ਬਣਾਉਂਦੇ ਹਨ। ਉਮਰ ਦੇ ਵਾਧੇ ਨਾਲ ਇਹ ਸਾਰੇ ਗੁਣ ਅਲੋਪ ਹੋ ਜਾਂਦੇ ਹਨ ਜਿਸ ਕਰਕੇ ਵਿਸਮਾਦ-ਆਨੰਦ ਵੀ ਗੁਆਚ ਜਾਂਦਾ ਹੈ। ਕੋਈ ਕੋਈ ਬਖਸ਼ੀ ਹੋਈ ਆਤਮਾ ਹੀ ਇਸ ਦੇ ਯੋਗ ਰਹਿੰਦੀ ਹੈ। ਜਵਾਨੀ ਦੀ ਉਮਰੇ ਭੋਗਾਂ ਦੀ ਪ੍ਰਬਲ ਇੱਛਾ, ਜ਼ਰਾ ਕੁ ਅਗੇ ਹੋ ਕੇ ਪ੍ਰਾਪਤੀਆਂ ਦਾ ਪਾਗਲਪਨ, ਉਸ ਤੋਂ ਅਗੇਰੇ ਜਾ ਕੇ ਮਾਣ ਵਡਿਆਈ ਦੀ ਲਾਲਸਾ, ਢਲਦੀ ਉਮਰੇ ਅਪ੍ਰਾਪਤੀਆਂ ਦਾ ਝੋਰਾ ਅਤੇ ਪ੍ਰਾਪਤੀਆਂ ਦੇ ਖੁੱਸ ਜਾਣ ਦੀ ਚਿੰਤਾ ਵਿਸਮਾਦ ਦਾ ਰਾਹ ਰੋਕੀ ਰੱਖਦੇ ਹਨ। ਬਚਪਨ ਵਿਚ ਮਿਲੀ ਚੰਗੀ ਪਰਵਰਸ਼ ਵਡੇਰੀ ਉਮਰ ਵਿਚ ਵਿਸਮਾਦ ਨਾਲ ਸੰਬੰਧ ਬਣਾਈ ਰੱਖਦੀ ਹੈ। ਜਿਨ੍ਹਾਂ ਦਾ ਬਚਪਨ ਵਿਚ ਵਿਸਮਾਦ ਨਾਲੋਂ ਨਾਤਾ ਟੁੱਟ ਜਾਂਦਾ ਹੈ, ਉਨ੍ਹਾਂ ਨੂੰ ਵਡੇਰੀ ਉਮਰ ਵਿਚ ਜਾ ਕੇ ਵਿਸਮਾਦ ਨਾਲ ਸਾਂਝ ਪਾਉਣ ਲਈ ਲਮੇਰੇ ਜਤਨ ਕਰਨੇ ਪੈਂਦੇ ਹਨ। ਉਂਵ ਕਿਸੇ ਵੀ ਉਮਰ ਵਿਚ ਵਿਸਮਾਦੀ ਬਣ ਸਕਣਾ ਸੰਭਵ ਹੈ।

ਕੁਦਰਤੀ ਸੁੰਦਰਤਾ ਭਰਪੂਰ ਚੌਗਿਰਦਾ, ਸੁਹਣੀਆਂ ਥਾਵਾਂ ਦੇ ਸੈਰ-ਸਪਾਟੇ, ਚੰਨ ਚਾਨਣੀਆਂ ਰਾਤਾਂ ਵਿਚ ਖੇਡਾਂ, ਸੰਧਿਆ ਅਤੇ ਸਵੇਰ ਦੇ ਦ੍ਰਿਸ਼ਾਂ ਦਾ ਦਰਸ਼ਨ, ਖੇਡਾਂ ਦਾ ਅਵਸਰ, ਸਨੇਹੀਆਂ ਦਾ ਸੁਖਾਵਾਂ ਸਾਥ, ਪਿਆਰ ਅਤੇ ਸਤਕਾਰ ਭਰਿਆ ਵਰਤਾਓ, ਫੁੱਲ ਬੂਟਿਆਂ ਦਾ ਪਿਆਰ ਅਤੇ ਅਥਾਹ ਬੇਫਿਕਰੀ ਜਿਨ੍ਹਾਂ ਨੂੰ ਪ੍ਰਾਪਤ ਹੈ ਉਨ੍ਹਾਂ ਦੇ ਵਿਸਮਾਦੀ ਹੋਣ ਵਿਚ ਕੋਈ ਰੁਕਾਵਟ ਨਹੀਂ ਪੈਂਦੀ। ਅਜੋਕੀ ਵਿੱਦਿਆ ਵਿਚ ਇਮਤਿਹਾਨਾਂ ਦੀ ਚਿੰਤਾ, ਮਾਪਿਆਂ ਵੱਲੋਂ ਕੁੱਝ ਬਣ ਜਾਣ ਦਾ ਉਪਦੇਸ਼, ਵਿੱਦਿਆ ਦੇ ਖੇਤਰ ਵਿਚ ਮੁਕਾਬਲਾ, ਸ਼ਹਿਰੀ ਵਾਤਾਵਰਣ ਅਤੇ ਹੋਰ ਕਿੰਨਾ ਕੁੱਝ ਅਜੇਹਾ ਹੈ ਜੋ ਬੱਚਿਆਂ ਨੂੰ ਵਿਸਮਾਦਾਨੰਦ ਤੋਂ ਦੂਰ ਕਰ ਰਿਹਾ ਹੈ। ਪ੍ਰਸਿੱਧ ਵਿਚਾਰਵਾਨ, ਰੂਸੋ ਦੀ ਇਹ ਗੱਲ ਮੰਨਣਯੋਗ ਹੈ ਕਿ ਗਿਆਰਾਂ ਸਾਲ ਦੇ ਬੱਚੇ ਨੂੰ ਏਨਾ ਵੀ ਪਤਾ ਨਹੀਂ ਹੋਣਾ ਚਾਹੀਦਾ ਕਿ ਉਸ ਦਾ ਖੱਬਾ ਹੱਥ ਕਿਹੜਾ ਹੈ ਅਤੇ ਸੱਜਾ ਕਿਹੜਾ। ਜਿਸ ਬੱਚੇ ਨੂੰ ਬੇਲੋੜੇ ਗਿਆਨ-ਭਾਰ ਤੋਂ ਮੁਕਤ ਰੱਖਿਆ ਜਾਵੇ ਉਹ ਵਿਸਮਾਦ ਨਾਲ ਸਾਂਝ ਪਾ ਸਕਦਾ ਹੈ। ਗਿਆਨ ਦਾ ਭਾਰ ਵਿਸਮਾਦ ਦੀਆਂ ਉਚਾਈਆਂ ਤਕ ਨਹੀਂ ਪੁੱਜਣ ਦਿੰਦਾ।

ਆਪਣੇ ਮੁੱਢਲੇ ਰੂਪ ਵਿਚ ਵਿਸਮਾਦਾਨੰਦ ਵੀ ਨੀਂਦਾਨੰਦ ਵਾਂਗ ਇਕ ਦਾਤ ਹੈ ਤਾਂ ਵੀ ਇਸ ਨੂੰ ਬਣਾਈ ਰੱਖਣ ਲਈ ਜਤਨ ਕਰਨਾ ਪੈਂਦਾ ਹੈ। ਨੀਂਦ ਵਾਂਗ ਅੰਦਰ ਦੀ

ਅਵਸਥਾ ਹੁੰਦਿਆਂ ਹੋਇਆਂ ਵੀ ਇਹ ਆਨੰਦ ਬਾਹਰਲੀ ਪ੍ਰੇਰਣਾ ਦਾ ਮੁਥਾਜ ਹੈ। ਇਸ ਦੀ ਬਹੁਤੀ ਪ੍ਰੇਰਣਾ ਕੁਦਰਤੀ ਸੁੰਦਰਤਾ ਵਿਚ ਹੈ। ਕੁਦਰਤੀ ਸੁੰਦਰਤਾ ਦੇ ਸੁਹਣੇ ਚਿੱਤਰ ਵੀ ਵਿਸਮਾਦਾਨੰਦ ਦਾ ਸੋਮਾ ਬਣ ਸਕਦੇ ਹਨ। ਕੁਦਰਤੀ ਸੁੰਦਰਤਾ ਦਾ ਕਵਿਤਾ ਅਤੇ ਵਾਰਤਕ ਵਿਚ ਕੀਤਾ ਹੋਇਆ ਕਲਾਤਮਕ ਵਰਣਨ ਵਿਸਮਾਦੀ ਅਸਰ ਰੱਖਦਾ ਹੈ। ਨਵ-ਜਨਮੇ ਬਾਲ ਲਈ ਮਾਂ ਵਿਸਮਾਦ ਨਾਲੋਂ ਵੀ ਕੁੱਝ ਵੱਧ ਹੁੰਦੀ ਹੈ। ਪ੍ਰੋਫੈਸਰ ਪੂਰਨ ਸਿੰਘ ਜੀ ਦਾ ਕਥਨ ਹੈ ਕਿ ਬੱਚੇ ਲਈ ਮਾਂ ਦੇ ਰੂਪ ਵਿਚ ਰੱਬ ਨਿੱਤ ਅਵਤਾਰ ਧਾਰਦਾ ਹੈ। ਵਿਸਮਾਦੀ ਹਿਰਦਿਆਂ ਨੂੰ ਪੌਣ, ਪਾਣੀ, ਪਸ਼ੂ ਪੰਛੀ ਸਭ ਕੁਝ ਵਿਸਮਾਦ ਵਿਚ ਲੈ ਜਾਂਦਾ ਹੈ।

ਵਿਸਮਾਦ-ਆਨੰਦ ਪ੍ਰੇਰਣਾ ਦਾ ਮੁਥਾਜ ਤਾਂ ਜ਼ਰੂਰ ਹੈ ਪਰ ਪ੍ਰਾਪਤੀ ਦਾ ਨਹੀਂ। ਪ੍ਰਾਪਤੀਆਂ ਭੋਗ-ਆਨੰਦ ਵੱਲ ਪ੍ਰੇਰ ਕੇ ਵਿਸਮਾਦਾਨੰਦ ਦਾ ਅੰਤ ਕਰ ਦਿੰਦੀਆਂ ਹਨ। ਜਿਵੇਂ ਜਿਵੇਂ ਉਮਰ ਵਡੇਰੀ ਹੁੰਦੀ ਜਾਂਦੀ ਹੈ ਮਨੁੱਖੀ ਮਨ ਪ੍ਰਾਪਤੀਆਂ ਵੱਲ ਰੁਚਿਤ ਹੁੰਦਾ ਜਾਂਦਾ ਹੈ। ਅਜੋਕੀ ਦੁਨੀਆਂ ਦਾ ਵਿੱਦਿਆ-ਪ੍ਰਬੰਧ ਏਨਾ ਵਿਸਮਾਦ-ਹੀਣ ਹੈ ਕਿ ਬਚਪਨ ਵਿਚ ਹੀ ਪ੍ਰਾਪਤੀਆਂ ਦਾ ਮੋਹ ਪੈਦਾ ਕਰਨ ਦੀ ਸ਼ੈਤਾਨੀਅਤ ਕਰਦਾ ਹੈ। ਇਸ ਵਿਚ ਸੁਆਮੀ ਵਰਗ ਦਾ ਹਿਤ ਹੈ। ਅੱਜ ਕੱਲ ਗੁਲਾਮਾਂ ਨੂੰ ਡੰਡੇ, ਸੋਟੇ, ਛਾਂਟੇ, ਹੰਟਰ ਮਾਰ ਕੇ ਕੰਮ ਕਰਵਾਉਣ ਦੀ ਤਰਕੀਬ ਨਹੀਂ ਵਰਤੀ ਜਾਂਦੀ। ਇਸ ਦੇ ਉਲਟ ਪ੍ਰਾਪਤੀ, ਤਰੱਕੀ ਅਤੇ ਬੋਨਸ ਆਦਿ ਦੇ ਹਰੇ ਪੱਠੇ ਉਨ੍ਹਾਂ ਸਾਹਮਣੇ ਸਦਾ ਹਿਲਾਏ ਜਾਂਦੇ ਰਹਿੰਦੇ ਹਨ। ਕਾਮੇ ਆਪਣੇ ਆਪ, ਬਿਨਾਂ ਕਿਸੇ ਹੋਰ ਉਚੇਚੇ ਅਤਿਆਚਾਰ ਦੇ, ਪ੍ਰਾਪਤੀ ਦੇ ਹਰੇ ਪੱਠਿਆਂ ਦੀ ਸੇਧੇ ਇੱਕ ਦੂਜੇ ਨੂੰ ਲਿਤਾੜਦੇ ਹੋਏ ਅੱਗੇ ਵੱਧਦੇ ਰਹਿੰਦੇ ਹਨ। ਇਸ ਦੇ ਨਾਲ ਨਾਲ ਅਜੋਕੀਆਂ ਹਾਕਮ ਸ਼੍ਰੇਣੀਆਂ (ਪੂੰਜੀਵਾਦੀ ਅਤੇ ਸਮਾਜਵਾਦੀ ਦੋਵੇਂ) ਸੌਂਦਰਯ-ਸੰਕਲਪ ਨੂੰ ਅਰਥ ਨਾਲ ਓਤਪੋਤ ਕਰ ਕੇ ਪ੍ਰਾਪਤੀ ਤੋਂ ਵਖਰੇ ਹੋਰ ਹਰ ਆਨੰਦ ਦੀ ਹੋਂਦ ਨੂੰ ਖਤਮ ਕਰ ਕੇ ਜਨ-ਸਾਧਾਰਣ ਦੇ ਬੱਚਿਆਂ ਨੂੰ ਬਚਪਨ ਤੋਂ ਹੀ ਪ੍ਰਾਪਤੀ ਦੇ ਵਿਸ਼ਵਾਸੀ ਬਣਾਉਣਾ ਚਾਹੁੰਦੀਆਂ ਹਨ। ਅਜੋਕੇ ਕਿਰਤੀ ਦਾ ਬੱਚਾ ਦੋੜੀਆਂ ਦੇ ਕੱਟੇ ਵਰਗੀ ਸਥਿਤੀ ਵਿਚ ਹੈ; ਜਾਂ ਤਾਂ ਜੰਮਦਾ ਪੱਠੇ ਖਾਵੇ ਨਹੀਂ ਤਾਂ ਭੁੱਖਾ ਮਰੇ।

ਸੌਣ ਤੋਂ ਪਹਿਲਾਂ ਪਰੀਆਂ ਅਤੇ ਰਾਜਕੁਮਾਰਾਂ ਦੀਆਂ ਕਹਾਣੀਆਂ ਬੱਚਿਆਂ ਦੇ ਵਿਸਮਾਦ ਨੂੰ ਨੀਂਦ ਨਾਲ ਜੋੜ ਦੇਂਦੀਆਂ ਸਨ। ਹੁਣ ਸਾਡਾ ਬਾਲ ਸਾਹਿਤ ਵੀ ਯਥਾਰਥਵਾਦ ਦਾ ਬਪਤਿਸਮਾ ਲੈ ਬੈਠਾ ਹੈ। ਮੱਧ ਕਾਲ ਦੇ ਲੋਕਾਂ ਦਾ ਪ੍ਰਧਾਨ ਕਿੱਤਾ ਖੇਤੀ ਸੀ। ਇਹ ਕੰਮ ਉਨ੍ਹਾਂ ਨੂੰ ਕੁਦਰਤ ਦੇ ਨੇੜੇ ਰੱਖਦਾ ਸੀ। ਵਿਸਮਾਦ ਬਣਿਆ ਰਹਿੰਦਾ ਸੀ। ਵਿਹਲ ਦੇ ਸਮੇਂ ਵਿਚ ਉਹ ਪੌਰਾਣਿਕ ਕਥਾਵਾਂ ਸੁਣਦੇ ਸਨ। ਪੌਰਾਣਿਕ ਕਥਾਵਾਂ ਵਿਚ ਦਰਸ਼ਨ, ਵਿਗਿਆਨ ਅਤੇ ਵਿਸਮਾਦ ਦਾ ਕਲਾਤਮਕ ਸੁਮੇਲ ਹੈ। ਇਹ ਸੁਮੇਲ ਉਨ੍ਹਾਂ ਦੇ ਵਿਸਮਾਦ ਦੀ ਸੰਭਾਲ ਕਰਦਾ ਸੀ। ਅਜੋਕੇ ਸਾਹਿਤ ਵਿਚ ਹੋਰ ਗੁਣ ਭਾਵੇਂ ਕਿੰਨੇ ਹੋਣ, ਵਿਸਮਾਦ ਦੀ ਘਾਟ ਹੈ। ਲਗ ਪਗ ਹਰ ਸਾਹਿਤਕਾਰ ਕਿਸੇ ਨਾ ਕਿਸੇ ਦਰਸ਼ਨ ਦੀ ਦਾਸਤਾ ਵਿਚ ਕਲਿਆਣ ਮੰਨਦਾ ਹੈ। ਇਹ ਦਰਸ਼ਨ-ਦਾਸਤਾ ਉਸ ਦੀ ਉੱਤਮ ਤੋਂ ਉੱਤਮ

ਕਿਰਤ ਨੂੰ ਵੀ ਵਿਸਮਾਦ ਹੀਣ ਕਰ ਦਿੰਦੀ ਹੈ ਕਿਉਂਜੁ ਉਸ ਦਾ ਮਨੋਰਥ ਉਸ ਦੀ ਕਲਾ ਵਿੱਚੋਂ ਝਾਤੀਆਂ ਮਾਰਨ ਦੀ ਥਾਂ ਮੁੱਕੀਆਂ ਮਾਰਨ ਲੱਗ ਪੈਂਦਾ ਹੈ ।

ਵਿਗਿਆਨ ਅਤੇ ਵਿਸਮਾਦ ਦਾ ਵਿਰੋਧ ਓਪਰਾ ਹੈ ਅਤੇ ਮਨੁੱਖ ਦੀ ਆਪਣੀ ਉਪਜ ਹੈ । ਅਜੋਕਾ ਮਨੁੱਖ ਵਿਗਿਆਨ ਦੀ ਪ੍ਰਾਪਤੀ ਨਾਲ ਵਿਸਮਾਦ ਵੱਲੋਂ ਸੱਖਣਾ ਹੋ ਗਿਆ ਹੈ । ਕਾਰਣ ਇਹ ਹੈ ਕਿ ਅਜੋਕਾ ਵਿਗਿਆਨੀ ਕੁਦਰਤ ਦਾ ਪ੍ਰੇਮੀ ਨਹੀਂ । ਉਹ ਕੁਦਰਤ ਦਾ ਵਿਰੋਧੀ ਹੈ ਅਤੇ ਇਸ ਨੂੰ ਵੱਸ ਵਿਚ ਕਰਨਾ ਚਾਹੁੰਦਾ ਹੈ । ਆਪਣੀਆਂ ਜਿੱਤਾਂ ਦੁਆਰਾ ਚੰਚਲ ਹੋ ਕੇ ਉਹ ਪਰਮਾਣੂ ਬੰਬਾਂ ਦੇ ਨਿਰਮਾਣ ਅਤੇ ਪੁਲਾੜ-ਯਾਤ੍ਰਾ ਲਈ ਰਾਕਟਾਂ ਦੇ ਉਡਾਣ ਵਰਗੇ ਖਤਰਨਾਕ ਅਤੇ ਬੇਲੋੜੇ ਕੰਮ ਕਰ ਕੇ ਉਸ ਬੱਚੇ ਵਰਗਾ ਹੋ ਗਿਆ ਹੈ ਜਿਹੜਾ ਬਾਬੇ ਦੀ ਗੋਦ ਵਿਚ ਬੈਠਾ, ਬਾਬੇ ਦੇ ਲਾਡ ਕਾਰਨ ਚੰਚਲ ਹੋ ਕੇ, ਉਸ ਦੀ ਪੱਗ ਲਾਹ ਕੇ ਉਸ ਦੇ ਸਿਰ ਦਾ ਗੰਜ ਵੇਖਣ ਦਾ ਮੂਰਖਾਲਾ ਯਤਨ ਕਰਨ ਲੱਗ ਪਵੇ । ਬਾਬੇ ਦਾ ਲਾਡ, ਕਿਸੇ ਵੇਲੇ ਵੀ ਕ੍ਰੋਧ ਵਿਚ ਬਦਲ ਸਕਦਾ ਹੈ । ਮਨੁੱਖ ਲਈ ਕੁਦਰਤ ਨੂੰ ਪਹਿਲੋਂ ਪਿਆਰਨਾ ਅਤੇ ਪਿਛੋਂ ਪਛਾਣਨਾ ਲਾਭਦਾਇਕ ਹੈ ।

ਵਿਸਮਾਦਾਨੰਦ ਸੰਸਾਰਕ ਰੁਚੀ ਦਾ ਵਿਰੋਧੀ ਅਤੇ ਮਨੁੱਖੀ ਜਤਨ ਦਾ ਲੋੜਵੰਦ ਹੋਣ ਕਰਕੇ ਮਨੁੱਖ ਦੇ ਸੰਸਾਰਕ ਜੀਵਨ ਵਿਚ ਕੁੱਝ ਓਪਰਾਪਨ ਪੈਦਾ ਕਰਦਾ ਹੈ । ਵਿਸਮਾਦੀ ਆਦਮੀ ਕੁੱਝ ਅਸਾਧਾਰਣ ਲੱਗਣ ਲੱਗ ਪੈਂਦੇ ਹਨ । ਵਿਸਮਾਦ ਦੀ ਅਵਸਥਾ ਵਿਚ ਆਦਮੀ ਆਪਣੇ ਚੌਗਿਰਦੇ ਦੀ ਵਾਸਤਵਿਕਤਾ ਤੋਂ ਅਭਿੱਜ ਹੋ ਜਾਂਦਾ ਹੈ । ਕਈ ਆਦਮੀ ਇਸ ਸੱਚ ਨੂੰ ਉਲਟੇ ਪਾਸਿਓਂ ਵੇਖ ਕੇ ਆਪਣੇ ਚੌਗਿਰਦੇ ਤੋਂ ਅਭਿੱਜ ਹੋਣ ਨੂੰ ਹੀ ਵਿਸਮਾਦ ਮੰਨ ਕੇ ਨਸ਼ਿਆਂ ਦੀ ਸਹਾਇਤਾ ਨਾਲ ਤਮੋਗੁਣੀ ਅਵਸਥਾ ਵਿਚ ਜਾਣ ਦੀ ਭੁੱਲ ਕਰਦੇ ਹਨ । ਸੂਫੀ ਫਕੀਰਾਂ ਨੂੰ ਇਹ ਭੁਲੇਖਾ ਆਮ ਰਿਹਾ ਹੈ । ਕੁੱਝ ਇੱਕ ਤਾਂ ਆਪਣੀ ਅਭਿੱਜਤਾ ਦਾ ਪ੍ਰਭਾਵ ਪਾਉਣ ਲਈ ਸਮਾਜਕ ਮਾਨਤਾਵਾਂ ਦਾ ਨਿਰਾਦਰ ਕਰ ਕੇ ਅਜੇਹੇ ਕੁਕਰਮ ਵੀ ਕਰਦੇ ਰਹੇ ਹਨ ਜਿਨ੍ਹਾਂ ਤੋਂ ਉਨ੍ਹਾਂ ਦੇ ਵਿਸਮਾਦੀ ਹੋਣ ਦਾ ਨਹੀਂ ਸਗੋਂ ਨਿਰਲੱਜ ਅਤੇ ਵਿਲਾਸੀ ਹੋਣ ਦਾ ਸਬੂਤ ਮਿਲਦਾ ਹੈ ।

ਵਡੇਰੀ ਉਮਰ ਵਿਚ ਵਿਸਮਾਦ ਨਾਲ ਰਿਸ਼ਤਾ ਬਣਾਈ ਰੱਖਣ ਲਈ ਸਹਿਜ ਵਿਚ ਰਹਿਣ ਦੀ ਲੋੜ ਹੁੰਦੀ ਹੈ । ਬਹੁਤਾ ਜਤਨ, ਬਹੁਤੀ ਭੱਜ ਦੌੜ, ਬਹੁਤੀ ਚਿੰਤਾ, ਬਹੁਤੀ ਵਿਉਂਤਬਾਜ਼ੀ ਸਹਿਜ ਨਾਲ ਮੇਲ ਨਹੀਂ ਖਾਂਦੀ ਅਤੇ ਸਹਿਜ ਤੋਂ ਬਿਨਾਂ ਕਿਸੇ ਪ੍ਰਕਾਰ ਦੇ ਆਨੰਦ ਦੀ ਪ੍ਰਾਪਤੀ ਸੰਭਵ ਨਹੀਂ । ਸਹਿਜ ਹਰ ਆਨੰਦ ਦਾ ਮੂਲ ਹੈ । ਗੁਰੂ ਅਮਰਦਾਸ ਜੀ ਆਨੰਦ ਦਾ ਭੇਤ ਖੋਲ੍ਹਦੇ ਹੋਏ "ਰਾਮਕਲੀ ਅਨੰਦ" ਦੇ ਆਰੰਭ ਵਿਚ ਹੀ ਕਹਿੰਦੇ ਹਨ "ਸਤਿਗੁਰੁ ਤਾਂ ਪਾਇਆ ਸਹਿਜ ਸੇਤੀ" ਇੱਥੇ "ਸਤਿਗੁਰੁ" ਦਾ ਅਰਥ ਵਾਹਿਗੁਰੂ ਹੈ ਅਤੇ ਵਾਹਿਗੁਰੂ ਨੂੰ ਸਰਵ-ਆਨੰਦ-ਸਰੋਤ ਮੰਨ ਕੇ "ਆਨੰਦ" ਦੀ ਰਚਨਾ ਕੀਤੀ ਗਈ ਹੈ । ਵਾਹਿਗੁਰੂ ਦੇ ਪਿਆਰ ਜਾਂ ਨਾਮ ਵਿਚ ਰੰਗੇ ਜਾਣਾ ਪਰਮ ਆਨੰਦ ਹੈ ।

ਵਿਸਮਾਦ-ਆਨੰਦ ਵਿਚ ਹੈਰਾਨੀ ਦਾ ਭਾਵ ਪ੍ਰਧਾਨ ਹੁੰਦਾ ਹੈ ਪਰੰਤੂ ਨਿਰੀ ਹੈਰਾਨੀ ਵਿਸਮਾਦ ਨਹੀਂ । ਹੈਰਾਨੀ, ਸ਼ਿੰਗਾਰ ਅਤੇ ਸ਼ਾਂਤ ਦੇ ਸੁਮੇਲ ਤੋਂ ਵਿਸਮਾਦ ਦੀ ਉਤਪੱਤੀ

ਹੁੰਦੀ ਹੈ। ਅਸਲ ਵਿਚ ਸ਼ਾਂਤ ਅਤੇ ਸ਼ਿੰਗਾਰ ਦਾ ਮੇਲ ਹੈ ਹੀ ਅਦਭੁਤ ਜਹੀ ਗੱਲ। ਇਹ ਮੇਲ ਕਿਸੇ ਮਹਾਨ ਕਲਾਕਾਰ ਦੀ ਕਿਰਤ ਵਿਚ ਹੀ ਹੁੰਦਾ ਹੈ। ਅੱਜ ਕੱਲ ਚਿੱਤ੍ਰ ਕਲਾ ਦੀ ਇਕ ਪ੍ਰਥਾ ਨੂੰ ਐਬਸਟ੍ਰੈਕਟ ਆਰਟ ਆਖਿਆ ਜਾਂਦਾ ਹੈ। ਇਸ ਵਿਚ ਚਿੱਤ੍ਰਕਾਰ ਦਾ ਮਨੋਰਥ ਸਪਸ਼ਟ ਨਹੀਂ ਹੁੰਦਾ ਤਾਂ ਵੀ ਇਹ ਆਰਟ ਵਿਸਮਾਦਾਨੰਦ ਨਹੀਂ ਉਪਜਾ ਸਕਦਾ। ਇਸ ਦਾ ਕਾਰਨ ਅੱਗੇ ਚੱਲ ਕੇ ਲਿਖਾਂਗਾ। ਵਿਸਮਾਦਾਨੰਦ ਨੀਂਦ ਵਾਂਗ ਅਗਿਆਨ ਸਰੂਪ ਨਹੀਂ ਹੁੰਦਾ। ਤਾਂ ਵੀ ਇਸ ਵਿਚ ਨੀਂਦਾਨੰਦ ਵਾਂਗ ਹੀ ਮਨ ਅਤੇ ਸਰੀਰ ਨੂੰ ਸੁਅਸਥ ਕਰਨ ਦੀ ਸ਼ਕਤੀ ਹੁੰਦੀ ਹੈ ਕਿਉਂਕਿ ਇਹ ਭਾਵ-ਉਤੇਜਨਾ ਦਾ ਆਨੰਦ ਨਹੀਂ ਸਗੋਂ ਭਾਵਾਂ ਦੀ ਸ਼ਾਂਤੀ ਦਾ ਆਨੰਦ ਹੈ।

ਜੇ ਨਿਰੀ ਕਲਾ ਨੂੰ ਹੀ ਜਨ ਸਾਧਾਰਣ ਦੇ ਸੌਂਦਰਯ-ਸੰਕਲਪ ਅਤੇ ਆਨੰਦ-ਅਨੁਭੂਤੀ ਦਾ ਆਧਾਰ ਮੰਨ ਕੇ ਬੈਠ ਜਾਈਏ ਤਾਂ ਇਹ ਸ਼ੇਖ ਚਿੱਲੀ ਦੇ ਅੰਡਾ ਵੇਚ ਕੇ ਕੁੱਕੜੀ, ਕੁੱਕੜੀ ਵੇਚ ਕੇ ਬੱਕਰੀ, ਬੱਕਰੀ ਵੇਚ ਕੇ ਗਾਈਂ, ਗਾਈਂ ਵੇਚ ਕੇ ਮੱਝ ਅਤੇ ਮੱਝ ਵੇਚ ਕੇ ਕਈ ਮੱਝਾਂ ਖ਼ਰੀਦ ਕੇ ਡੇਰੀ ਦਾ ਮਾਲਕ ਬਣਨ ਵਰਗੀ ਕਲਪਨਾ ਹੈ। ਕਲਾ ਗਿਣਤੀ ਮਿਣਤੀ ਦੇ ਕੁੱਝ ਲੋਕਾਂ ਨਾਲ ਹੀ ਨਾਤਾ ਰੱਖਦੀ ਹੈ। ਵਿਸ਼ੇਸ਼ ਕਰਕੇ ਉਚੇਰੀ ਕਲਾ ਨਾ ਏਨੀ ਮਾਤ੍ਰਾ ਵਿਚ ਉਪਜਾਈ ਜਾ ਸਕਦੀ ਹੈ ਅਤੇ ਨਾ ਏਨੇ ਲੋਕਾਂ ਤਕ ਪੁਚਾਈ ਜਾ ਸਕਦੀ ਹੈ। ਇਸ ਲਈ ਜਨ-ਸਾਧਾਰਣ ਵਿਚ ਵਿਸਮਾਦਾਨੰਦ ਦੀ ਅਨੁਭੂਤੀ ਨੂੰ ਕਾਇਮ ਰੱਖਣ ਲਈ ਸੁਹਣੇ ਘਰ, ਵਧੀਆ ਪਰਵਾਰਕ ਸੰਬੰਧ, ਰਮਣੀਕ ਚੌਗਿਰਦਾ, ਭਾਵ-ਪੂਰਤ ਰਸਮੋਰਿਵਾਜ ਅਤੇ ਵਿਅਕਤੀਗਤ ਰੁਚੀ ਅਨੁਸਾਰ ਕੰਮ ਦੀ, ਕਲਾ ਨਾਲੋਂ ਕਿਤੇ ਵੱਧ, ਲੋੜ ਹੈ। ਘਰ ਅਤੇ ਪਰਵਾਰ ਤੋਂ ਹਟ ਕੇ ਕੰਮ ਇਕ ਅਜੇਹੀ ਵਸਤੂ ਹੈ ਜਿਹੜੀ ਮਨੁਖੀ ਮਨ ਅਤੇ ਸਰੀਰ ਨੂੰ ਚੋਖੇ ਲੰਮੇ ਸਮੇਂ ਲਈ ਮੱਲੀ ਰੱਖਦੀ ਹੈ। ਜਿਨ੍ਹਾਂ ਨੂੰ ਆਪਣੇ ਕੰਮ ਦੇ ਉਪਯੋਗੀ ਹੋਣ ਦਾ ਗਿਆਨ ਹੁੰਦਾ ਹੈ ਅਤੇ ਆਪਣੀ ਕੁਸ਼ਲਤਾ ਉੱਤੇ ਭਰੋਸਾ ਹੁੰਦਾ ਹੈ ਉਨ੍ਹਾਂ ਲਈ ਕੰਮ ਵੀ ਵਿਸਮਾਦ ਦਾ ਸਾਧਨ ਬਣ ਜਾਂਦਾ ਹੈ। ਜਿਨ੍ਹਾਂ ਲਈ ਆਪਣਾ ਕਿੱਤਾ ਵਿਸਮਾਦਾਨੰਦ ਦਾ ਸ੍ਰੋਤ ਬਣ ਜਾਵੇ ਉਹ ਕਬੀਰ, ਰਵੀਦਾਸ ਅਤੇ ਲਾਲੋ ਹੋ ਨਿਬੜਦੇ ਹਨ। ਕਿਸੇ ਦਾ ਕਿੱਤਾ ਜਾਂ ਕਿਸੇ ਦੀ ਨੌਕਰੀ ਉਸ ਲਈ ਵਿਸਮਾਦ ਦਾ ਸ੍ਰੋਤ ਉਦੋਂ ਬਣਦੇ ਹਨ ਜਦੋਂ ਇਹ ਉਸ ਦੀ ਸਾਰੀ ਸ਼ਖ਼ਸੀਅਤ ਨੂੰ ਆਪਣੇ ਵਿਚ ਜਜ਼ਬ ਕਰ ਸਕਣ ਦੇ ਯੋਗ ਹੋ ਜਾਣ। ਕਿਸੇ ਦਾ ਸਾਰਾ ਆਪਾ ਕੰਮ ਵਿਚ ਲੀਨ ਤਾਂ ਹੁੰਦਾ ਹੈ ਜੇ ਕੰਮ ਉਸ ਦੀ ਰੁਚੀ ਅਨੁਸਾਰ ਹੋਵੇ; ਉਸ ਨੂੰ ਆਪਣੇ ਕੰਮ ਦੀ ਪੂਰੀ ਮਹਾਰਤ ਹੋਵੇ; ਅਤੇ ਉਹ ਈਮਾਨਦਾਰੀ ਨਾਲ ਕੰਮ ਕਰੇ। ਜੇ ਆਪਣਾ ਕੰਮ ਦਿਆਨਤਦਾਰੀ ਨਾਲ ਨਾ ਕੀਤਾ ਜਾਵੇ ਤਾਂ ਕੰਮ ਰੁਚੀ ਅਨੁਸਾਰ ਹੁੰਦਾ ਹੋਇਆ ਵੀ ਸਹਿਜ ਦੀ ਥਾਂ ਤੌਖਲਾ ਪੈਦਾ ਕਰਦਾ ਹੈ। ਮਨੁੱਖ ਲਈ ਕਰਨਯੋਗ ਕੰਮ ਜਾਂ ਅਪਣਾਉਣ ਯੋਗ ਕਿੱਤਾ ਉਹ ਹੈ ਜਿਸ ਨੂੰ ਕਰਦਿਆਂ ਉਸ ਦਾ ਮਨ ਸਹਿਜ ਵਿਚ ਟਿਕਦਾ ਜਾਵੇ। ਤੌਖਲਾ ਵਧਾਉਣ ਵਾਲਾ ਕੰਮ ਕਿਸੇ ਕੰਮ ਨਹੀਂ। ਇਸੇ ਲਈ ਸਲਾਹ ਦਿੱਤੀ ਗਈ ਹੈ ਕਿ "ਇਹ ਕਿਨੇਹੀ ਚਾਕਰੀ ਜਿਤ ਭਉ ਖਸਮ ਨ ਜਾਇ।"

ਤਾਂ ਵੀ ਕਿਸੇ ਦੂਜੇ ਦੀ ਖੁਸ਼ੀ ਅਤੇ ਪ੍ਰਸ਼ੰਸਾ ਸਾਡੇ ਕੰਮ ਦਾ ਮੂਲ ਮਨੋਰਥ ਨਹੀਂ ਹੋਣੀ

ਚਾਹੀਦੀ। ਆਪਣੇ ਮਨ ਨੂੰ ਤੌਖਲੇ ਜਾਂ ਭੈ ਤੋਂ ਮੁਕਤ ਰੱਖਣਾ ਹੋਰ ਗੱਲ ਹੈ ਅਤੇ ਕਿਸੇ ਦੀ ਖੁਸ਼ੀ ਹਾਸਲ ਕਰਨ ਦਾ ਜਤਨ ਕਰਨਾ ਹੋਰ। ਕਿਸੇ ਦੀ ਖੁਸ਼ੀ ਹਾਸਲ ਕਰਨ ਦੇ ਮਨੋਰਥ ਨਾਲ ਕੀਤਾ ਜਾਣ ਵਾਲਾ ਕੰਮ ਤੌਖਲਾ ਘਟਾਉਣ ਦੀ ਥਾਂ ਵਧਾਉਂਦਾ ਹੈ। ਆਪਣੇ ਮਾਲਕ ਨੂੰ ਖੁਸ਼ ਕਰਨ ਲਈ ਕੰਮ ਕਰਨ ਵਾਲੇ ਕਾਮੇ ਆਮ ਕਰਕੇ ਈਮਾਨਦਾਰ ਨਹੀਂ ਹੁੰਦੇ।

ਵਿਸਮਾਦਾਨੰਦ ਦੀ ਅਨੁਭੂਤੀ ਵਿਚ ਅੱਖ ਅਤੇ ਕੰਨ ਦੋ ਗਿਆਨ-ਇੰਦ੍ਰੀਆਂ ਦੀ ਵਰਤੋਂ ਹੁੰਦੀ ਹੈ। ਨੱਕ, ਜੀਭ ਅਤੇ ਤ੍ਵਚਾ (ਚਮੜੀ) ਭੋਗ-ਆਨੰਦ ਦੇ ਅਨੁਭਵੀ ਹਨ। ਭੋਗ-ਆਨੰਦ ਵਿਚ ਵੀ ਅੱਖ ਅਤੇ ਕੰਨ ਦਾ ਸਹਿਯੋਗ ਹੈ। ਇਹ ਦੋ ਗਿਆਨ-ਇੰਦ੍ਰੀਆਂ ਵਿਸਮਾਦਾਨੰਦ ਅਤੇ ਭੋਗਾਨੰਦ ਵਿਚ ਸਹਿਯੋਗੀ ਹੋਣ ਕਰਕੇ ਦੋਹਾਂ ਆਨੰਦਾਂ ਵਿਚ ਵਿਚੋਲਾਪਨ ਕਰਦੀਆਂ ਹਨ ਅਤੇ ਵਿਸਮਾਦਾਨੰਦ ਨੂੰ ਭੋਗਾਨੰਦ ਵਿਚ ਪਤਿਤ ਕਰਨ ਦੀਆਂ ਦੋਸ਼ੀ ਹਨ।

ਮਨੁੱਖੀ ਸਰੀਰ ਕੁਦਰਤ ਦੀ ਸਰਵੋਤਮ ਕਿਰਤ ਹੈ ਅਤੇ ਮਨੁੱਖੀ ਸੁੰਦਰਤਾ ਸਰਵ ਸ੍ਰੇਸ਼ਟ ਸੁੰਦਰਤਾ ਹੈ। ਮਨੁੱਖੀ ਸਰੀਰ ਵਿਚ ਸੌਂਦਰਯ ਅਤੇ ਸੌਂਦਰਯ ਨੂੰ ਮਾਣਨਹਾਰ ਦੋਵੇਂ ਇਕੱਠੇ ਹੋ ਜਾਂਦੇ ਹਨ। ਮਨ ਆਪ ਸੁੰਦਰ (ਜਾਂ ਅਸੁੰਦਰ) ਵੀ ਹੈ ਅਤੇ ਮਾਣਨਹਾਰ ਵੀ। ਸਰੀਰ ਕੇਵਲ ਸੁੰਦਰ (ਜਾਂ ਅਸੁੰਦਰ) ਹੀ ਹੁੰਦਾ ਹੈ। ਸਿਵਾਏ ਨੀਂਦਾਨੰਦ ਦੇ ਬਾਕੀ ਸਾਰੇ ਆਨੰਦ ਮਾਣਨ ਲਈ ਮਨ ਨੂੰ ਸਰੀਰ (ਜਾਂ ਗਿਆਨ-ਇੰਦ੍ਰੀਆਂ) ਦਾ ਸਹਾਰਾ ਲੈਣਾ ਪੈਂਦਾ ਹੈ। ਮਨ ਦੀ ਸਰੀਰ ਉੱਤੇ ਇਹ ਸਦੀਵੀ ਨਿਰਭਰਤਾ ਸਰੀਰ ਦੀ ਸਰਦਾਰੀ ਸਥਾਪਿਤ ਕਰ ਦਿੰਦੀ ਹੈ। ਇਸ ਸਰਦਾਰੀ ਦਾ ਸਦਕਾ ਭੋਗਾਨੰਦ, ਜੋ ਸਰੀਰ ਦੇ ਬਹੁਤਾ ਨੇੜੇ ਹੈ, ਪਰਮ-ਆਨੰਦ ਹੋ ਨਿਬੜਦਾ ਹੈ। ਨੀਂਦਾਨੰਦ ਵਿਚ ਕਿਸੇ ਗਿਆਨ-ਇੰਦ੍ਰੀ ਦਾ ਸਹਿਯੋਗ ਨਾ ਹੋਣ ਕਰਕੇ ਇਹ ਆਪਣੀ ਨਿਰਮਲਤਾ ਨੂੰ ਕਾਇਮ ਰੱਖਦਾ ਹੈ। ਵਿਸਮਾਦਾਨੰਦ ਲਈ ਨਿਰਮਲ ਰਹਿ ਸਕਣਾ ਬਹੁਤ ਕਠਨ ਹੈ। ਜੇ ਇਹ ਨਿਰਮਲ ਰਹਿ ਸਕੇ ਤਾਂ ਪਰਮ-ਆਨੰਦ ਵਿਚ ਸਮਾ ਜਾਂਦਾ ਹੈ।

ਵਿਸਮਾਦ-ਆਨੰਦ ਸਾਡੀ ਜਾਗ੍ਰਿਤ ਅਵਸਥਾ ਨਾਲ ਸੰਬੰਧਤ ਹੋਣ ਕਰਕੇ ਸਾਡਾ ਜਾਣਿਆ ਪਛਾਣਿਆਂ ਆਨੰਦ ਹੈ। ਅਧਿਆਤਮਵਾਦੀ ਇਸ ਨੂੰ ਪਰਮ ਆਨੰਦ ਨਾਲ ਮਿਲਾਉਂਦੇ ਹਨ ਜਾਂ ਪਰਮ ਆਨੰਦ ਦੀ ਪ੍ਰੇਰਣਾ ਅਤੇ ਸੋਝੀ ਦੇਣ ਵਾਲਾ ਮੰਨਦੇ ਹਨ। ਇਸ ਕਰਕੇ ਇਸ ਆਨੰਦ ਦਾ ਸਤਿਕਾਰ ਵੀ ਜ਼ਿਆਦਾ ਹੈ। ਕਾਵਿ-ਕਲਾ ਅਤੇ ਚਿੱਤ੍ਰ-ਕਲਾ ਵਿਚ ਕੁਦਰਤੀ ਦ੍ਰਿਸ਼ਾਂ ਦਾ ਵਰਣਨ ਅਤੇ ਚਿਤ੍ਰਣ ਮਹਾਨ ਸੁੰਦਰਤਾ ਨੂੰ ਜਨਮ ਦੇਣ ਦੇ ਯੋਗ ਹੋ ਸਕਿਆ ਹੈ। ਇਸ ਲਈ ਇਸ ਆਨੰਦ ਦੀ ਚਰਚਾ ਵੀ ਜ਼ਿਆਦਾ ਹੈ। ਨੀਂਦ-ਆਨੰਦ ਨਿਰਯਤਨ ਅਤੇ ਅਗਿਆਨ ਸਰੂਪ ਹੈ। ਉਸ ਦੀ ਚਰਚਾ ਯੋਗ ਸ਼ਾਸਤਰ ਤੋਂ ਬਾਹਰ ਕਿੱਧਰੇ ਘੱਟ ਹੀ ਹੈ। ਇਸ ਲਈ ਨੀਂਦ ਨੂੰ ਵਿਸਮਾਦ ਨਾਲੋਂ ਉੱਤਮ ਮੰਨਣ ਵਿਚ ਸੰਕੋਚ ਹੁੰਦਾ ਹੈ। ਮਨੁੱਖੀ ਮਨ ਆਪਣੀ ਪੂਰਵ ਧਾਰਣਾ ਦੇ ਤਿਆਗ ਲਈ ਹਾਈਂ ਮਾਈਂ ਤਿਆਰ ਨਹੀਂ ਹੁੰਦਾ। ਇਸ ਲਈ ਨਵੇਂ ਨਿਰਣੇ ਉਸ ਨੂੰ ਓਪਰੇ ਲਗਦੇ ਹਨ। ਹੇਠ ਲਿਖੇ ਵਿਸ਼ਲੇਸ਼ਣ ਵੱਲ ਨਿਰਪੱਖਤਾ ਨਾਲ ਝਾਤੀ ਪਾਉਣ ਦੀ ਲੋੜ ਹੈ। ਇਹ ਪਿੱਛਲੀ

ਵਿਚਾਰ ਦਾ ਨਿਚੋੜ ਹੈ ।

ਆਮ ਕਰਕੇ ਵਿਸਮਾਦ-ਆਨੰਦ ਬੱਚਿਆਂ ਅਤੇ ਪਸ਼ੂਆਂ ਦੀ ਅਨੁਭੂਤੀ ਹੈ । ਸਿਆਣੀ ਉਮਰ ਦੇ ਲੋਕਾਂ ਵਿਚ ਇਸ ਦੀ ਚਰਚਾ ਆਮ ਹੈ, ਇਸ ਦਾ ਅਨੁਭਵ ਨਾ ਹੋਣ ਦੇ ਬਰਾਬਰ ਹੈ। ਵਿਦਵਤਾ ਦੇ ਜ਼ੋਰ ਨਾਲ ਸਾਰੇ ਵਿਦਵਾਨ ਆਪਣੇ ਆਪ ਨੂੰ ਵਿਸਮਾਦੀ ਸਿੱਧ ਕਰਨ ਦਾ ਜਤਨ ਕਰਦੇ ਹਨ । ਸੰਸਾਰ ਦੇ ਕੁਝ ਕੁ ਕਵੀ ਅਤੇ ਦੂਜੇ ਕਲਾਕਾਰਾਂ ਨੂੰ ਛੱਡ ਕੇ ਬਾਕੀਆਂ ਸਾਰਿਆਂ ਵਿੱਚਲਾ ਵਿਸਮਾਦੀ ਅੰਸ਼ ਕਾਲਪਨਿਕ ਹੁੰਦਾ ਹੈ। ਉਹ ਆਪਣੇ ਵਾਸਤਵਿਕ ਵਿਸਮਾਦ-ਅਨੁਭਵ ਦਾ ਯਥਾਰਥ ਵਰਣਨ ਜਾਂ ਚਿਤ੍ਰਣ ਨਹੀਂ ਕਰਦੇ ਸਗੋਂ ਕਿਧਰੋਂ ਪੜ੍ਹੀ ਸੁਣੀ ਗੱਲ ਵਿਚ ਆਪਣੀ ਕਲਾ ਅਤੇ ਕਲਪਨਾ ਰਲਾ ਕੇ ਲੋਕਾਂ ਨਾਲ ਅਤੇ ਆਪਣੇ ਆਪ ਨਾਲ ਧੋਖਾ ਕਰਦੇ ਹਨ । ਬੱਚਿਆਂ ਦੇ ਸੰਬੰਧ ਵਿਚ ਵੀ ਇਹ ਆਨੰਦ ਥੋੜ੍ਹ ਚਿਰਾ ਹੈ । ਛੋਟੀ ਉਮਰ ਵਿਚ ਹੀ ਬੱਚਿਆਂ ਦਾ ਜੀਵਨ ਦੀ ਵਾਸਤਵਿਕਤਾ ਨਾਲ ਵਾਹ ਪੈ ਜਾਂਦਾ ਹੈ ਅਤੇ ਅਜੋਕੇ ਮਸ਼ੀਨੀ ਯੁਗ ਦੀ ਵਾਸਤਵਿਕਤਾ ਵਿਸਮਾਦੀ ਨਹੀਂ ।

ਕਲਾ ਕੇਵਲ ਵਿਸਮਾਦਾਨੰਦ ਅਤੇ ਭੋਗਾਨੰਦ ਹੀ ਉਪਜਾ ਸਕਦੀ ਹੈ। ਮਸ਼ੀਨੀ ਯੁਗ ਦੇ ਤੌਖਲੇ ਭਰਪੂਰ ਜੀਵਨ ਵਿਚ ਮਨੁੱਖ ਵਿਸਮਾਦੀ ਨਹੀਂ ਰਿਹਾ। ਇਸ ਲਈ ਸਾਰੀ ਕਲਾ ਵਾਸਨਾ ਮਈ ਹੁੰਦੀ ਜਾ ਰਹੀ ਹੈ ।

# ਆਨੰਦ ਅਤੇ ਗਿਆਨ-ਇੰਦ੍ਰੀਆਂ

ਆਨੰਦ ਸੰਬੰਧੀ ਕੀਤੀ ਗਈ ਸਾਰੀ ਵਿਚਾਰ ਵਿੱਚੋਂ ਇਹ ਸੰਕੇਤ ਮਿਲਦਾ ਹੈ ਕਿ ਮਨੁੱਖੀ ਗਿਆਨ-ਇੰਦ੍ਰੀਆਂ ਦਾ ਆਨੰਦ ਨਾਲ ਡੂੰਘਾ ਸੰਬੰਧ ਹੈ । ਹਰ ਪ੍ਰਕਾਰ ਦਾ ਆਨੰਦ ਗਿਆਨ-ਇੰਦ੍ਰੀਆਂ ਦੇ ਮਾਧਿਅਮ ਰਾਹੀਂ ਮਨੁੱਖੀ ਹਿਰਦੇ ਤਕ ਪੁੱਜਦਾ ਹੈ । ਇਥੋਂ ਇਹ ਆਨੰਦ ਬੌਧਿਕਤਾ ਅਤੇ ਭਾਵੁਕਤਾ ਦਾ ਸਹਾਰਾ ਲੈ ਕੇ ਮਨੁੱਖੀ ਮਨ ਨਾਲ ਸਾਂਝ ਪਾਉਂਦਾ ਹੈ । ਇਹ ਸਾਂਝ ਪੱਕੀ ਹੋ ਕੇ ਮਨੁੱਖ ਦੇ ਸੌਂਦਰਯ-ਸੰਕਲਪ ਨੂੰ ਜਨਮ ਦਿੰਦੀ ਹੈ । ਸੌਂਦਰਯ-ਸੰਕਲਪ ਮਨੁੱਖ ਦੇ ਆਨੰਦ-ਸੰਕਲਪ ਨੂੰ ਢਾਲਦਾ ਅਤੇ ਵਿਕਸਾਉਂਦਾ ਹੈ । ਸਾਧਾਰਣ ਸੁਹਜ-ਸੁਆਦ ਹੌਲੀ ਹੌਲੀ ਵਿਸਮਾਦ-ਆਨੰਦ ਵਿਚ ਅਤੇ ਵਿਸਮਾਦ-ਆਨੰਦ ਸਹਿਜ ਵਿਚ ਵਿਕਸ ਜਾਣ ਦੀ ਸੰਭਾਵਨਾ ਰੱਖਦਾ ਹੈ । ਨਿਰੀ ਸੰਭਾਵਨਾ ਹੀ ਨਹੀਂ ਸਗੋਂ ਹਰ ਮਨੁੱਖੀ ਹਿਰਦੇ ਦੀ ਹੋਣੀ ਸਹਿਜ-ਆਨੰਦ ਵਿਚ ਸਥਿਤ ਹੋਣਾ ਹੈ । ਗਿਆਨ-ਇੰਦ੍ਰੀਆਂ ਦੀ ਤ੍ਰਿਪਤੀ ਤੋਂ ਮਿਲਣ ਵਾਲਾ ਪ੍ਰਵ੍ਰਿਤੀ-ਮੂਲਕ ਭੋਗ-ਆਨੰਦ ਇਸ ਵਿਕਾਸ ਦਾ ਹੇਠਲਾ ਡੰਡਾ ਹੈ ਅਤੇ ਸਹਿਜ-ਆਨੰਦ ਧੁਰ ਉਤਲਾ ਡੰਡਾ । ਇਉਂ ਸਹਿਜ ਆਨੰਦ ਅਤੇ ਗਿਆਨ-ਇੰਦ੍ਰੀਆਂ ਆਪੋ ਵਿਚ ਨੇੜ ਰੱਖਦੇ ਹਨ । ਆਨੰਦ ਦੀ ਅਨੁਭੂਤੀ ਸੌਂਦਰਯ ਉੱਤੇ ਆਧਾਰਿਤ ਹੈ ਅਤੇ ਕਲਾ ਦਾ ਕੰਮ ਹੈ ਕੁਦਰਤੀ ਸੌਂਦਰਯ ਨੂੰ ਸੰਭਾਲਣਾ; ਕ੍ਰਿਤ੍ਰਿਮ ਸੌਂਦਰਯ ਪੈਦਾ ਕਰਨਾ ਅਤੇ ਮਨੁੱਖ ਦੇ ਸੌਂਦਰਯ-ਸੰਕਲਪ ਨੂੰ ਸੂਖਮ ਅਤੇ ਉਚੇਰਾ ਕਰਨਾ ।

ਗਿਆਨ-ਇੰਦ੍ਰੀਆਂ ਦੀ ਤ੍ਰਿਪਤੀ ਵਿਚ ਆਨੰਦ ਹੈ ਅਤੇ ਇਹ ਆਨੰਦ ਮਨੁੱਖ ਅਤੇ ਪਸ਼ੂ ਵਿਚ ਸਾਂਝਾ ਹੈ । ਇਸੇ ਆਨੰਦ ਦਾ ਬੌਧਿਕ, ਭਾਵੁਕ ਅਤੇ ਸਹਿਜ ਆਨੰਦ ਵਿਚ ਬਦਲ ਜਾਣਾ ਆਨੰਦ ਦਾ ਵਿਕਾਸ ਹੈ । ਸੁਖਾਵੇਂ ਵਾਤਾਵਰਣ ਵਿਚ ਇਹ ਵਿਕਾਸ ਆਪਣੇ ਆਪ ਹੋ ਜਾਂਦਾ ਹੈ ਪਰ ਅਜੇਹਾ ਸੁਖਾਵਾਂ ਵਾਤਾਵਰਣ ਸੁਲੱਭ ਨਹੀਂ ਹੈ, ਇਸ ਲਈ ਕਿਸੇ ਚੇਤਨ ਜਤਨ ਦੀ ਲੋੜ ਪੈਂਦੀ ਹੈ । ਉਸ ਚੇਤਨ ਜਤਨ ਦਾ ਇਕ ਅੰਗ ਇਹ ਹੈ ਕਿ ਮਨੁੱਖ ਨੂੰ ਆਪਣੀਆਂ ਗਿਆਨ-ਇੰਦ੍ਰੀਆਂ ਦੀ ਕਿਰਿਆ ਦੀ ਸੂਝ ਹੋਵੇ ।

ਮਨੁੱਖੀ ਜੀਵਨ ਦੀ ਵਾਸਤਵਿਕਤਾ ਸਰਲ, ਸੁਭਾਵਕ ਅਤੇ ਸੁੰਦਰ ਨਹੀਂ ਤੇ ਇਸ ਲਈ ਬਹੁਤੀ ਆਨੰਦਦਾਇਕ ਨਹੀਂ । ਜੀਵਨ ਵਿੱਚ ਦੁੱਖ ਵੀ ਹੈ ਅਤੇ ਸੁੱਖ ਵੀ । ਆਨੰਦ ਇਨ੍ਹਾਂ ਦੋਹਾਂ ਤੋਂ ਵੱਖਰੀ ਕਿਸੇ ਅਨੁਭੂਤੀ ਦਾ ਨਾਂ ਹੈ । ਸੁੱਖ ਵਿਚ ਆਨੰਦ ਦੀ ਅਨੁਭੂਤੀ ਹੁੰਦੀ ਹੈ ਪਰੰਤੂ

ਇਹ ਆਨੰਦ ਨੀਵੇਂ ਪੱਧਰ ਦਾ ਪ੍ਰਵ੍ਰਿਤੀ-ਮੂਲਕ ਭੋਗ-ਆਨੰਦ ਹੁੰਦਾ ਹੈ । ਜਿਸ ਮਨੁੱਖ ਲਈ ਸੁੱਖ ਅਤੇ ਆਨੰਦ ਇਕ-ਰੂਪ ਹੋ ਜਾਂਦੇ ਹਨ ਉਸ ਦਾ ਆਨੰਦ-ਸੰਕਲਪ ਅੱਤ ਨੀਵਾਂ ਮੰਨਿਆਂ ਜਾਣਾ ਚਾਹੀਦਾ ਹੈ । ਇਸ ਪੱਖ ਤੋਂ ਉਹ ਪਸ਼ੂ ਸਮਾਨ ਹੈ, ਉਂਞ ਭਾਵੇਂ ਅਤਿਅੰਤ ਸੱਭਿਅ ਹੀ ਕਿਉਂ ਨਾ ਹੋਵੇ ।

ਆਮ ਆਦਮੀ ਦੁੱਖ ਅਤੇ ਸੁੱਖ ਤੋਂ ਸਿਵਾ ਹੋਰ ਕਿਸੇ ਹਾਲਤ ਦੀ ਹੋਂਦ ਤੋਂ ਜਾਣੂ ਨਹੀਂ ਹੁੰਦਾ; ਇਸ ਲਈ ਸੁੱਖ ਦੇ ਗੁਆਚਣ ਨੂੰ ਹੀ ਦੁੱਖ ਮੰਨ ਕੇ ਦੁਖੀ ਹੋ ਜਾਂਦਾ ਹੈ; ਦੁੱਖ ਭਾਵੇਂ ਉਸ ਨੂੰ ਕੋਈ ਵੀ ਨਾ ਹੋਵੇ । ਅਸਲ ਵਿਚ ਦੁੱਖ ਅਤੇ ਸੁੱਖ ਦੇ ਵਿਚਕਾਰ ਇਕ ਤੀਜੀ ਸਾਧਾਰਣ ਹਾਲਤ ਹੈ । ਇਹ ਤੀਜੀ ਹਾਲਤ ਨਾ ਦੁੱਖ ਦੀ ਹਾਲਤ ਹੈ, ਨਾ ਸੁੱਖ ਦੀ । ਦੁੱਖ ਅਤੇ ਸੁੱਖ ਦੋਹਾਂ ਵਿਚ ਮਨ ਚੰਚਲ ਹੁੰਦਾ ਹੈ । ਤੀਜੀ ਹਾਲਤ ਟਿਕਾਉ ਜਾਂ ਸੰਤੁਲਨ ਹੈ ਜਿਸ ਵਿਚੋਂ ਇਕ ਰਸਤਾ ਆਨੰਦ ਵੱਲ ਜਾਂਦਾ ਹੈ । ਇਹ ਰਸਤਾ ਨਾ ਦੁੱਖ ਵਿੱਚੋਂ ਪ੍ਰਾਪਤ ਹੁੰਦਾ ਹੈ ਨਾ ਸੁੱਖ ਵਿੱਚੋਂ । ਜੀਵਨ ਦਾ ਸਾਰਾ ਯਥਾਰਥ ਦੁੱਖ ਅਤੇ ਸੁੱਖ ਦੀਆਂ ਦੋ ਹੱਦਾਂ ਵਿਚ ਘਿਰਿਆ ਹੋਇਆ ਹੈ । ਦੁੱਖ ਅਤੇ ਸੁੱਖ ਜੀਵਨ ਰੂਪੀ ਕਪੜੇ ਲਈ ਤਾਣਾ ਅਤੇ ਪੇਟਾ ਹਨ । ਜਿਵੇਂ ਤਾਣੇ-ਪੇਟੇ ਬਿਨਾਂ ਕਪੜੇ ਦੀ ਹੋਂਦ ਸੰਭਵ ਨਹੀਂ ਤਿਵੇਂ ਦੁੱਖ ਸੁੱਖ ਵਿੱਚੋਂ ਕਿਸੇ ਇਕ ਦੀ ਅਣਹੋਂਦ ਕਾਰਨ ਜੀਵਨ ਦੀ ਹੋਂਦ ਸੰਭਵ ਨਹੀਂ ।

ਮਨੁੱਖੀ ਮਨ ਵਿਚ ਸੁੱਖ ਦਾ ਮੋਹ ਹੈ ਅਤੇ ਦੁੱਖ ਨਾਲ ਦ੍ਵੇਸ਼ । ਬਹੁਤੇ ਸੁੱਖਾਂ ਦੀ ਪ੍ਰਾਪਤੀ ਸੁੱਖਾਂ ਦੇ ਰਾਗ (ਮੋਹ) ਨੂੰ ਵਧਾਉਂਦੀ ਹੈ ਅਤੇ ਬਹੁਤੇ ਦੁੱਖ, ਦੁੱਖਾਂ ਪ੍ਰਤੀ ਦ੍ਵੇਸ਼ (ਘਿਰਣਾ) ਨੂੰ ਵਧਾਉਂਦੇ ਹਨ । ਹਰ ਹਾਲਤ ਵਿਚ ਮਨੁੱਖੀ ਮਨ ਦੁੱਖ ਅਤੇ ਸੁੱਖ ਦੇ ਤੀਬਰ ਵਿਵੇਕ ਦਾ ਧਾਰਨੀ ਬਣ ਜਾਂਦਾ ਹੈ । ਸੁੱਖ-ਸਹੂਲਤਾਂ ਦੀ ਪ੍ਰਾਪਤੀ ਦੇ ਜਤਨਾਂ ਵਿੱਚੋਂ ਮਨੁੱਖੀ ਸੱਭਿਅਤਾ ਵਿਕਸੀ ਹੈ ਅਤੇ ਸੱਭਿਅਤਾ ਦੇ ਵਿਕਾਸ ਨਾਲ ਦੁੱਖ-ਸੁੱਖ ਦਾ ਵਿਵੇਕ ਹੋਰ ਤੀਬਰ ਹੋਇਆ ਹੈ; ਸੁੱਖ-ਸਨੇਹ (ਸੁੱਖਾਂ ਦਾ ਮੋਹ) ਅਤੇ ਦੁੱਖ-ਦ੍ਵੇਸ਼ (ਦੁੱਖਾਂ ਨਾਲ ਘਿਰਣਾ) ਵਧੇ ਹਨ । ਸੱਭਿਅਤਾ ਦਾ ਵਿਕਾਸ ਇਨ੍ਹਾਂ ਨੂੰ ਹੋਰ ਵਧਾ ਕੇ ਮਨੁੱਖੀ ਮਨ ਵਿਚਲੇ ਇਸ ਵਿਸ਼ਵਾਸ ਨੂੰ ਪਕੇਰਾ ਕਰਨ ਦੇ ਆਹਰ ਵਿਚ ਹੈ ਕਿ 'ਸੁੱਖ ਹੀ ਆਨੰਦ ਹੈ ।'

ਇਹ ਵਿਸ਼ਵਾਸ ਬਿਲਕੁਲ ਬੇ-ਬੁਨਿਆਦ ਨਹੀਂ; ਤਾਂ ਵੀ ਇਸ ਵਿਸ਼ਵਾਸ ਦੀ ਪ੍ਰਬਲ ਪਕੜ (ਮਨੁੱਖੀ ਮਨ ਦੇ ਆਨੰਦ-ਸੰਕਲਪ ਨੂੰ ਵਿਕਸਣ ਨਹੀਂ ਦਿੰਦੀ ਇਸ ਲਈ) ਹਾਨੀ ਕਾਰਕ ਹੈ । ਜੀਵ ਲਈ ਜੀਵਨ ਪਰਮ ਮਨੋਰਥ ਹੈ ਅਤੇ ਜੀਵਨ ਦੀ ਵਾਸਤਵਿਕਤਾ ਦੁੱਖ-ਸੁੱਖ ਨਾਲ ਓਤਪੋਤ ਹੈ । ਜਿਸ ਮਾਨਸਿਕ ਟਿਕਾਉ ਵਿਚ ਆਨੰਦ ਹੈ ਉਹ ਟਿਕਾਉ ਨਾ ਤਾਂ ਜੀਵਨ ਦੀ ਵਾਸਤਵਿਕਤਾ ਦੇ ਤਿਆਗ ਵਿਚ ਹੈ ਨਾ ਹੀ ਇਸ ਵਾਸਤਵਿਕਤਾ ਨੂੰ ਪਰਮ ਸੱਚ ਮੰਨਣ ਵਿਚ ਹੈ । ਇਹ ਟਿਕਾਉ ਜੀਵਨ ਦੀ ਵਾਸਤਵਿਕਤਾ ਨੂੰ ਭਲੀ ਭਾਂਤ 'ਜਾਣ ਕੇ' ਇਸ ਤੋਂ ਉਚੇਰੇ ਉੱਠ ਜਾਣ ਵਿਚ ਹੈ । ਇਹ ਇਕ ਔਖੀ ਕਿਰਿਆ ਹੈ । 'ਜਾਣਨ' ਲਈ ਗਿਆਨ ਦੀ ਜਾਂ ਬੌਧਿਕਤਾ ਦੀ ਲੋੜ ਹੈ ਅਤੇ 'ਉਚੇਰੇ ਉੱਠਣ' ਲਈ ਕਲਪਨਾ ਦੀ ।* ਬੌਧਿਕਤਾ ਦਾ ਵਿਕਾਸ ਕਲਪਨਾ ਨੂੰ ਮੱਠੀ ਪਾ ਦਿੰਦਾ ਹੈ । ਤਾਂ ਫਿਰ ਟਿਕਾਉ ਦੀ

*ਬੁੱਧੀ ਅਤੇ ਕਲਪਨਾ ਦੇ ਸੰਬੰਧ ਦੀ ਚਰਚਾ ਵਖਰੇ ਲੇਖ ਵਿਚ ਕੀਤੀ ਗਈ ਹੈ ।

ਜੁਗਤੀ ਕਿਵੇਂ ਸਿੱਖੀ ਜਾਵੇ ?

ਕਦੇ ਕਦੇ ਕੋਈ ਕੰਮ ਜਾਂ ਕੋਈ ਖੇਡ-ਤਮਾਸ਼ਾ ਸਾਡੇ ਸਾਰੇ ਆਪੇ ਨੂੰ ਮੱਲ ਲੈਂਦਾ ਹੈ। ਉਸ ਹਾਲਤ ਵਿਚ ਅਸੀਂ ਸੰਸਾਰ ਵੱਲੋਂ ਬੇ-ਖ਼ਬਰ ਹੋ ਜਾਂਦੇ ਹਾਂ। ਜੀਵਨ ਦੀ ਵਾਸਤਵਿਕਤਾ ਜਿਉਂ ਦੀ ਤਿਉਂ ਕਾਇਮ ਹੁੰਦਿਆਂ ਹੋਇਆਂ, ਸਾਡੇ ਲਈ ਅਣਹੋਈ ਹੋ ਜਾਂਦੀ ਹੈ। ਇਉਂ ਸਾਰਿਆਂ ਨਾਲ ਨਹੀਂ ਹੁੰਦਾ ਅਤੇ ਜਿੰਨ੍ਹਿਆਂ ਕੁ ਨਾਲ ਇਉਂ ਹੁੰਦਾ ਹੈ ਉਨ੍ਹਾਂ ਨਾਲ ਵੀ ਇਹ ਉਮਰ ਦੇ ਹਰ ਹਿੱਸੇ ਵਿਚ ਹੋਣਾ ਜਾਰੀ ਨਹੀਂ ਰਹਿੰਦਾ। ਬੱਚੇ ਸਹਿਜੇ ਹੀ ਇਸ ਅਵਸਥਾ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਇਕ ਬੱਚਾ ਇਕ ਨਿੱਕੀ ਜਿਹੀ ਸੋਟੀ ਨੂੰ ਘੋੜਾ ਮੰਨ ਕੇ ਸਾਰਾ ਦਿਨ ਉਸਦੀ ਸਵਾਰੀ ਕਰ ਸਕਦਾ ਹੈ। ਇਕ ਸੋਟੀ ਦੇ ਦੁਪਾਸੀ ਲੱਤਾਂ ਕਰ ਕੇ ਦੌੜਦਾ ਹੋਇਆ ਉਹ ਕਈ ਮੀਲ ਪੈਂਡਾ ਕਰ ਕੇ ਵੀ ਨਹੀਂ ਥੱਕਦਾ ਕਿਉਂਕਿ ਆਪਣੀ ਕਲਪਨਾ ਵਿਚ ਉਹ ਘੋੜੇ ਦੀ ਸਵਾਰੀ ਕਰ ਰਿਹਾ ਹੁੰਦਾ ਹੈ। ਘੋੜੇ ਦੀ ਸਵਾਰੀ ਤਾ ਉਸ ਲਈ ਵਾਸਤਵਿਕ ਨਹੀਂ ਹੁੰਦੀ, ਪਰ ਉਸਦਾ ਆਨੰਦ ਵਾਸਤ-ਵਿਕ ਹੁੰਦਾ ਹੈ ਅਤੇ ਇਸ ਆਨੰਦ ਦਾ ਆਧਾਰ ਉਸ ਦੀ ਕਲਪਨਾ ਹੁੰਦੀ ਹੈ ਜਿਹੜੀ ਸੋਟੀ ਨੂੰ ਘੋੜੇ ਦਾ ਰੂਪ ਦੇ ਦੇਂਦੀ ਹੈ।*

ਸੋਟੀ ਰੂਪ ਘੋੜੇ ਦੀ ਸਵਾਰੀ ਕਰਦਾ ਹੋਇਆ ਬੱਚਾ ਜੇ ਕਿਸੇ ਆਨੰਦ ਵਿਚ ਨਾ ਵੀ ਹੋਵੇ ਤਾਂ ਵੀ ਦੁੱਖ ਸੁੱਖ ਰੂਪ ਸੰਸਾਰ ਦੀ ਵਾਸਤਵਿਕਤਾ ਤੋਂ ਉਹ ਉੱਪਰ ਉੱਠ ਗਿਆ ਹੁੰਦਾ ਹੈ। ਉਹ ਨਾ ਦੁੱਖ ਵਿਚ ਹੁੰਦਾ ਹੈ ਨਾ ਸੁੱਖ ਵਿਚ। ਇਹ ਮਨੁੱਖੀ ਮਨ ਦੀ ਉਹ ਅਵਸਥਾ ਹੈ ਜਿਸ ਵਿਚ ਨਾ ਰਾਗ ਹੈ ਨਾ ਦ੍ਵੇਸ਼। ਇਥੋਂ ਇਕ ਰਾਹ ਆਨੰਦ ਵੱਲ ਜਾਂਦਾ ਹੈ। ਇਹ ਅਵਸਥਾ ਆਪਣੇ ਆਪ ਵਿਚ ਹੀ ਟਿਕਾਉ ਅਤੇ ਆਨੰਦ ਹੈ; ਪਰੰਤੂ ਅਸੀਂ ਇਸ ਅਵਸਥਾ ਦੇ ਭੇਤ ਨੂੰ ਜਾਣ ਕੇ ਇਸ ਦੇ ਸੁਆਮੀ ਬਣ ਜਾਣ ਨੂੰ ਆਨੰਦ ਆਖਦੇ ਹਾਂ। ਇਸ ਦਾ ਭੇਤ ਮਨੁੱਖੀ ਮਨ ਦੀ ਕਲਪਨਾ ਵਿਚ ਹੈ।

ਮਨੁੱਖੀ ਮਨ ਦੀ ਕਲਪਨਾ ਨੂੰ ਸੁਰਜੀਤ ਰੱਖਣ ਲਈ ਉਸ ਦੀਆਂ ਗਿਆਨ-ਇੰਦ੍ਰੀਆਂ ਦੇ ਵਿਕਾਸ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਰੂਪ, ਰਸ, ਗੰਧ, ਸ਼ਬਦ ਅਤੇ ਸਪਰਸ਼ ਅੱਖ, ਜੀਭ, ਨੱਕ, ਕੰਨ, ਅਤੇ ਚਮੜੀ ਦੁਆਰਾ ਅਨੁਭਵ ਕੀਤੇ ਜਾਂਦੇ ਹਨ। ਅੱਖ, ਜੀਭ, ਨੱਕ, ਕੰਨ ਅਤੇ ਛੁਹ ਸਾਡੀਆਂ ਪੰਜ ਗਿਆਨ-ਇੰਦ੍ਰੀਆਂ ਹਨ। ਕਲਪਨਾ ਦੇ ਪੱਖੋਂ ਜੀਭ ਦਾ ਦਰਜਾ ਸਭ ਤੋਂ ਨੀਵਾਂ ਹੈ। ਇਸ ਦਾ ਕਲਪਨਾ ਨਾਲ ਕੋਈ ਸੰਬੰਧ ਨਹੀਂ। ਇਹ ਕੇਵਲ ਯਥਾਰਥ ਨੂੰ ਜਾਣਦੀ ਹੈ। ਇਸ ਨੂੰ ਓਨਾ ਚਿਰ ਸੁਆਦ ਦੀ ਅਨੁਭੂਤੀ ਨਹੀਂ ਹੁੰਦੀ ਜਿੰਨਾ ਚਿਰ ਇਹ ਸੁਆਦ ਚੱਖ ਨਹੀਂ ਲੈਂਦੀ। ਅੰਗੂਰ ਦਾ ਸੁਆਦ ਮਾਣਦੀ

---

*ਮਸ਼ੀਨੀ ਯੁਗ ਅਤੇ ਉੱਨਤ ਦੇਸ਼ਾਂ ਦੇ ਬੱਚਿਆਂ ਉੱਤੇ ਇਹ ਗੱਲ ਨਹੀਂ ਢੁਕਦੀ। ਉਨ੍ਹਾਂ ਨੂੰ ਕਲਪਨਾ ਕਰਨ ਦੀ ਲੋੜ ਘਟ ਪੈਂਦੀ ਹੈ। ਉਨ੍ਹਾਂ ਦੇ ਖਿਡਾਉਣੇ ਵਾਸਤਵਿਕ (ਅਸਲੀ) ਚੀਜ਼ਾਂ ਨਾਲ ਇਨ ਬਿਨ ਮਿਲਦੇ ਜੁਲਦੇ ਹੁੰਦੇ ਹਨ। ਮਸ਼ੀਨੀ ਜੀਵਨ ਆਨੰਦ ਤੋਂ ਅਣਜਾਣ ਅਤੇ ਸੁੱਖਾਂ ਨਾਲ ਭਰਪੂਰ ਹੁੰਦਾ ਜਾ ਰਿਹਾ ਹੈ। ਹਰ ਕਿਸੇ ਲਈ ਸੁੱਖ ਦੀ ਪ੍ਰਾਪਤੀ ਸੰਭਵ ਹੈ। ਕਲਪਨਾ ਕਰਨ ਦੀ ਜਾਚ ਸੱਭਿਅ ਸਮਾਜਾਂ ਨੂੰ ਨਹੀਂ ਰਹੀ।

ਜੀਭ ਨੂੰ ਅੰਗੂਰ ਦੀ ਕਲਪਨਾ ਨਹੀਂ ਕਰਨੀ ਪੈਂਦੀ ਕਿਉਂਕਿ ਅੰਗੂਰ ਯਥਾਰਥ ਰੂਪ ਵਿਚ ਉਸ ਕੋਲ ਹਾਜ਼ਰ ਹੁੰਦਾ ਹੈ। ਜੋ ਕੋਲ ਹੈ ਉਸਦੀ ਕਲਪਨਾ ਦਾ ਮਤਲਬ ਹੀ ਕੁਝ ਨਹੀਂ।

ਛੂਹ ਜਾਂ ਸਪਰਸ਼ ਕਲਪਨਾ ਦੇ ਪੱਖੋਂ ਦੂਜੇ ਦਰਜੇ ਉੱਤੇ ਹੈ। ਜਦੋਂ ਵੀ ਕੋਈ ਚੀਜ਼ ਸਰੀਰ ਨੂੰ ਛੂੰਹਦੀ ਹੈ ਤਾਂ ਉਹ ਸਰੀਰ ਦੇ ਏਨੀ ਨੇੜੇ ਹੁੰਦੀ ਹੈ ਕਿ ਉਸ ਦੀ ਕਲਪਨਾ ਕਰਨ ਦੀ ਲੋੜ ਨਹੀਂ ਪੈਂਦੀ । ਤਾਂ ਵੀ ਛੂਹ ਦਾ ਕਲਪਨਾ ਨਾਲ ਕੁੱਝ ਰਿਸ਼ਤਾ ਜ਼ਰੂਰ ਹੈ। ਛੂਹ ਦਾ ਗੁਣ ਸਾਰੇ ਸਰੀਰ ਵਿਚ ਫੈਲਿਆ ਹੋਇਆ ਹੈ। ਸਰੀਰ ਛੂਹ ਨੂੰ ਮਹਿਸੂਸ ਤਾਂ ਕਰਦਾ ਹੈ ਪਰ ਇਹ ਨਿਰਣਾ ਨਹੀਂ ਕਰ ਸਕਦਾ ਕਿ ਛੂਹਣ ਵਾਲੀ ਚੀਜ਼ ਕੀ ਹੈ; ਹਾਨੀਕਾਰਕ ਹੈ ਕਿ ਨਹੀਂ। ਇਹ ਪਤਾ ਕਰਨਾ ਕਲਪਨਾ ਦਾ ਕੰਮ ਹੈ। ਛੂਹ ਵਿਚ ਕਲਪਨਾ ਹੁੰਦੀ ਤਾਂ ਜ਼ਰੂਰ ਹੈ, ਪਰ ਅੱਖ ਇਸ ਨੂੰ ਖ਼ਤਮ ਕਰ ਦਿੰਦੀ ਹੈ। ਜਦੋਂ ਵੀ ਸਰੀਰ ਕਿਸੇ ਚੀਜ਼ ਦੀ ਛੂਹ ਮਹਿਸੂਸ ਕਰਦਾ ਹੈ ਅੱਖ ਝੱਟ ਹੀ ਨਿਰਣਾ ਕਰਨ ਲਈ ਉੱਥੇ ਪੁੱਜ ਜਾਂਦੀ ਹੈ ਅਤੇ ਵਾਸਤਵਿਕਤਾ ਦਾ ਪਤਾ ਲਾ ਕੇ ਕਲਪਨਾ ਦਾ ਰਾਹ ਰੋਕ ਲੈਂਦੀ ਹੈ। ਨੇਤ੍ਰ-ਹੀਣ ਮਨੁੱਖ ਦੀ ਛੂਹ ਦਾ ਕਲਪਨਾ ਨਾਲ ਚੋਖਾ ਸੰਬੰਧ ਹੁੰਦਾ ਹੈ। ਜਨਮ ਤੋਂ ਪਿਛੋਂ ਬੱਚੇ ਨੂੰ ਵੇਖਣ ਦੀ ਜਾਚ ਸਿੱਖਣ ਵਿਚ ਚੋਖਾ ਸਮਾਂ ਲੱਗ ਜਾਂਦਾ ਹੈ। ਉਸ ਸਮੇਂ ਜਦੋਂ ਉਸ ਦੀਆਂ ਅੱਖਾਂ ਕੰਮ ਨਹੀਂ ਕਰ ਰਹੀਆਂ ਹੁੰਦੀਆਂ ਉਸ ਦੀ ਛੂਹ ਅਤੇ ਕਲਪਨਾ ਦਾ ਸੰਬੰਧ ਬਹੁਤ ਗੂਹੜਾ ਹੁੰਦਾ ਹੈ। ਉਹ ਆਪਣੀ ਮਾਂ ਦੀ ਛੂਹ ਨੂੰ ਝੱਟ ਪਛਾਣ ਲੈਂਦਾ ਹੈ। ਹੌਲੀ ਹੌਲੀ ਅੱਖਾਂ ਨਿਰਣੇ ਦਾ ਕੰਮ ਸੰਭਾਲ ਲੈਂਦੀਆਂ ਹਨ ਅਤੇ ਛੂਹ ਦਾ ਕਲਪਨਾ ਨਾਲੋਂ ਸੰਬੰਧ ਟੁੱਟ ਜਾਂਦਾ ਹੈ।

ਕਲਪਨਾ ਦੇ ਪੱਖੋਂ ਅੱਖ ਤੀਜੇ ਦਰਜੇ ਉੱਤੇ ਹੈ। ਅੱਖ ਦਾ ਕਾਰਜ-ਘੇਰਾ ਬਹੁਤ ਵਿਸ਼ਾਲ ਹੈ ਅਤੇ ਇਸਦੀ ਕਿਰਿਆ ਅੱਤ ਤੇਜ਼ ਹੈ। ਸਭ ਤੋਂ ਵੱਧ ਵਿਕਸਿਤ ਗਿਆਨ-ਇੰਦ੍ਰੀ ਹੋਣ ਕਰਕੇ ਇਹ ਦੂਜੀਆਂ ਗਿਆਨ-ਇੰਦ੍ਰੀਆਂ ਦੇ ਕੰਮ ਵਿਚ ਹਰ ਸਮੇਂ ਦਖ਼ਲ ਦਿੰਦੀ ਰਹਿੰਦੀ ਹੈ ਅਤੇ ਪ੍ਰਧਾਨ ਗਿਆਨ-ਇੰਦ੍ਰੀ ਦਾ ਥਾਂ ਪ੍ਰਾਪਤ ਕਰਨ ਦੀ ਚਾਹਵਾਨ ਰਹਿੰਦੀ ਹੈ। ਆਪਣੇ ਨੇੜੇ ਨੇੜੇ ਦੀਆਂ ਵਸਤੂਆਂ ਦੇ ਗਿਆਨ ਵਿਚ ਇਹ ਜੀਭ ਅਤੇ ਛੂਹ ਵਾਂਗ ਹੀ ਕਲਪਨਾ ਹੀਣ ਹੈ। ਜਿਨ੍ਹਾਂ ਵਸਤੂਆਂ ਦੇ ਗਿਆਨ ਲਈ ਛੂਹ ਅਤੇ ਅੱਖ ਦੀਆਂ ਦੋਵੇਂ ਗਿਆਨ-ਇੰਦ੍ਰੀਆਂ ਮਿਲ ਕੇ ਕੰਮ ਕਰਦੀਆਂ ਹਨ ਉਨ੍ਹਾਂ ਬਾਰੇ ਤਾਂ ਕਲਪਨਾ ਉੱਕੀ ਖ਼ਤਮ ਹੋ ਜਾਂਦੀ ਹੈ। ਦੂਰ ਦੀਆਂ ਵਸਤੂਆਂ ਦਾ ਗਿਆਨ ਅਧੂਰਾ ਹੋਣ ਕਰਕੇ ਅੱਖ ਦੀ ਕਿਰਿਆ ਦੇ ਨਾਲ ਨਾਲ ਕਲਪਨਾ ਨੂੰ ਵੀ ਕੰਮ ਕਰਨਾ ਪੈਂਦਾ ਹੈ। ਇਸੇ ਲਈ ਵੱਡੇ ਵੱਡੇ ਸ਼ਹਿਰਾਂ ਦੇ ਵਸਨੀਕਾਂ ਵਿਚ ਕਲਪਨਾ ਸ਼ਕਤੀ ਘਟਦੀ ਜਾਂਦੀ ਹੈ ਅਤੇ ਵਾਸਤਵਿਕਤਾ ਦਾ ਬੋਧ ਵਧਦਾ ਜਾਂਦਾ ਹੈ। ਉਨ੍ਹਾਂ ਦਾ ਆਲਾ ਦੁਆਲਾ ਇਮਾਰਤਾਂ ਨਾਲ ਘਿਰਿਆ ਹੋਣ ਕਰਕੇ ਅੱਖ ਦੀ ਕਿਰਿਆ ਸੀਮਿਤ ਹੁੰਦੀ ਹੈ ਅਤੇ ਇਸ ਗਿਆਨ ਇੰਦ੍ਰੀ ਦੁਆਰਾ ਪ੍ਰਾਪਤ ਹੋਣ ਵਾਲਾ ਗਿਆਨ ਠੀਕ ਠੀਕ ਅਤੇ ਵਾਸਤਵਿਕ ਹੋਣ ਕਰਕੇ ਕਲਪਨਾ ਦਾ ਸਹਾਰਾ ਨਹੀਂ ਲੈਣਾ ਪੈਂਦਾ। ਪਿੰਡਾਂ ਵਿਚ ਰਹਿਣ ਵਾਲੇ ਲੋਕ ਦੂਰ ਤੱਕ ਵੇਖਦੇ ਹਨ। ਹਰ ਸਮੇਂ

ਕਲਪਨਾ ਤੋਂ ਕੰਮ ਲੈਂਦੇ ਹਨ । ਉਨ੍ਹਾਂ ਦੀ ਕਲਪਨਾ ਸ਼ਹਿਰੀ ਲੋਕਾਂ ਨਾਲੋਂ ਵੱਧ ਹੁੰਦੀ ਹੈ। ਜੀਵਨ ਦਾ ਆਨੰਦ ਤਾਂ ਕਲਪਨਾ ਉੱਤੇ ਆਧਾਰਿਤ ਹੈ ਪਰੰਤੂ ਜੀਵਨ ਦੀ ਰੱਖਿਆ ਯਥਾਰਥ ਉੱਤੇ ਆਸ਼੍ਰਿਤ ਹੈ। ਆਪਣੀਆਂ ਲੋੜਾਂ ਥੋੜਾਂ ਨਾਲ ਘੁਲਦੇ ਜੀਵਨ ਲਈ ਆਨੰਦ ਨਾਲੋਂ ਰੱਖਿਆ ਵਧੇਰੇ ਲੋੜੀਂਦੀ ਹੋਣ ਕਰਕੇ ਕਲਪਨਾ ਨਾਲੋਂ ਯਥਾਰਥ ਵਧੇਰੇ ਸਤਿਕਾਰਯੋਗ ਬਣ ਜਾਂਦਾ ਹੈ ਅਤੇ ਸ਼ਹਿਰੀ ਯਥਾਰਥਵਾਦੀ ਲੋਕ ਪਿੰਡਾਂ ਦੇ ਸਿੱਧੇ ਸਾਦੇ ਲੋਕਾਂ ਨਾਲੋਂ ਸ੍ਰੇਸ਼ਟ ਭਾਸਦੇ ਹਨ।

ਬਚਪਨ ਦੇ ਕੁਝ ਸਾਲ ਅਜਿਹੇ ਹੁੰਦੇ ਹਨ ਜਦੋਂ ਅੱਖ ਅਤੇ ਕਲਪਨਾ ਦਾ ਰਿਸ਼ਤਾ ਏਨਾ ਗੂੜ੍ਹਾ ਹੁੰਦਾ ਹੈ ਕਿ ਲਗ ਪਗ ਹਰ ਦ੍ਰਿਸ਼ ਆਨੰਦ ਮਈ ਭਾਸਦਾ ਹੈ। ਹੌਲੀ ਹੌਲੀ ਅਭਿਆਸ ਨਾਲ ਦੂਰ ਨੇੜੇ ਦੀਆਂ ਸਾਰੀਆਂ ਵਸਤੂਆਂ ਦੀ ਵਾਸਤਵਿਕਤਾ ਦਾ ਗਿਆਨ ਪ੍ਰਾਪਤ ਹੋ ਜਾਣ ਉੱਤੇ ਅੱਖ ਅਤੇ ਕਲਪਨਾ ਦਾ ਸਾਥ ਖਤਮ ਹੋ ਜਾਂਦਾ ਹੈ। ਜਦੋਂ ਵਰਡਜ਼ਵਰਥ (Wordsworth) ਵਰਗਾ ਕਵੀ ਇਹ ਕਹਿੰਦਾ ਹੈ ਕਿ "ਮੈਨੂੰ ਸੰਸਾਰ ਵਿਚ ਹੁਣ ਉਹ ਸੁੰਦਰਤਾ ਨਹੀਂ ਦਿਸਦੀ ਜਿਹੜੀ ਬਚਪਨ ਵਿਚ ਦਿਸਦੀ ਸੀ" ਉਦੋਂ ਉਹ ਅੱਖ ਅਤੇ ਕਲਪਨਾ ਦੀ ਮੁੱਕ ਚੁੱਕੀ ਮਿੱਤ੍ਰਤਾ ਦਾ ਹੀ ਰੋਣਾ ਰੋ ਰਿਹਾ ਹੁੰਦਾ ਹੈ। ਇਹ ਰੋਣਾ ਵੀ ਉਹੋ ਰੋ ਸਕਦਾ ਹੈ ਜਿਸ ਨੇ ਅੱਖ ਅਤੇ ਕਲਪਨਾ ਦੀ ਮਿੱਤ੍ਰਤਾ ਦੇ ਸਮੇਂ ਇਸ ਮ੍ਰਿਤੱਤਾ ਦਾ ਆਨੰਦ ਮਾਣਿਆ ਹੋਵੇ। ਜਿਨ੍ਹਾਂ ਦਾ ਬਚਪਨ ਅਜਿਹੇ ਵਾਤਾਵਰਣ ਅਤੇ ਆਲੇ ਦੁਆਲੇ ਵਿਚ ਬੀਤੇ ਜਿਥੇ ਕਲਪਨਾ ਲਈ ਕੋਈ ਥਾਂ ਹੀ ਨਾ ਹੋਵੇ ਉਨ੍ਹਾਂ ਲਈ ਅੱਖ ਇਸ ਦੁਨੀਆਂ ਦੀ ਪਦਾਰਥਕ ਵਾਸਤਵਿਕਤਾ ਨੂੰ ਜਾਣਨ ਦਾ ਹੀ ਸਾਧਨ ਹੁੰਦੀ ਹੈ; ਆਨੰਦ ਦਾ ਨਹੀਂ।

ਉਂਝ ਤਾਂ ਪ੍ਰਧਾਨ ਗਿਆਨ-ਇੰਦ੍ਰੀ ਹੋਣ ਕਰਕੇ ਅੱਖ ਕੋਲੋਂ ਹਰ ਆਦਮੀ ਲੋੜੋਂ ਵੱਧ ਕੰਮ ਲੈਂਦਾ ਹੈ ਤਾਂ ਵੀ ਘੜੀ ਸਾਜ਼ੀ ਵਰਗੇ ਕੁਝ ਕੁ ਕੰਮਾਂ ਵਿਚ ਅੱਖ ਦੀ ਕੁਝ ਵਧੇਰੇ ਹੀ ਵਰਤੋਂ ਹੁੰਦੀ ਹੈ। ਅਜੇਹੀ ਵਰਤੋਂ ਮਨੁੱਖ ਨੂੰ ਉੱਕਾ ਕਲਪਨਾ-ਹੀਣ ਕਰ ਦਿੰਦੀ ਹੈ।

ਅੱਖ ਦਾ ਕਾਰਜ-ਘੇਰਾ ਵਿਸ਼ਾਲ ਹੈ; ਇਸਦੀ ਕਿਰਿਆ ਬਹੁਤ ਤੇਜ਼ ਹੈ ਅਤੇ ਇਹ ਬਾਕੀ ਸਾਰੀਆਂ ਗਿਆਨ-ਇੰਦ੍ਰੀਆਂ ਦੀ ਕਿਰਿਆ ਨੂੰ ਸੋਧਣ ਦੀ ਚਿੰਤਾ ਵੀ ਕਰਦੀ ਹੈ। ਇਸ ਦੇ ਨਾਲ ਨਾਲ ਇਸ ਗਿਆਨ-ਇੰਦ੍ਰੀ ਵਿਚ ਸ੍ਵੈਵਿਸ਼ਵਾਸ-ਬਹੁਲਤਾ ਦਾ ਦੋਸ਼ ਵੀ ਹੈ। ਇਸ ਦੋਸ਼ ਕਾਰਨ ਇਸ ਕੋਲੋਂ ਅਨੇਕ ਭੁੱਲਾਂ ਹੁੰਦੀਆਂ ਹਨ। ਮਨੁੱਖੀ ਮਨ ਅੱਖਾਂ ਉੱਤੇ ਏਨਾ ਭਰੋਸਾ ਕਰਦਾ ਹੈ ਕਿ ਇਸ ਦੀ ਭੁੱਲ ਨੂੰ ਭੁੱਲ ਮੰਨਣ ਲਈ ਤਿਆਰ ਨਹੀਂ ਹੁੰਦਾ। ਇਸੇ ਲਈ ਜਦੋਂ ਕੋਈ ਮਦਾਰੀ ਜਾਂ ਜਾਦੂਗਰ ਸਾਨੂੰ ਇਹ ਦਸਦਾ ਹੈ ਕਿ ਉਸ ਕੋਲ ਜਾਦੂ ਨਾਂ ਦੀ ਕੋਈ ਚੀਜ਼ ਨਹੀਂ ਸਗੋਂ ਜੋ ਕੁਝ ਵੀ ਉਸ ਨੇ ਕਰ ਕੇ ਵਿਖਾਇਆ ਹੈ ਉਹ ਉਸ ਦੇ ਹੱਥਾਂ ਦੀ ਹੇਰਾ ਫੇਰੀ ਹੈ, ਤਾਂ ਸਾਡਾ ਮਨ ਉਸ ਦੀ ਗੱਲ ਮੰਨਣ ਨੂੰ ਤਿਆਰ ਨਹੀਂ ਹੁੰਦਾ। ਅਸੀਂ ਆਪਣੇ ਆਪ ਵਿਚ ਕਹਿੰਦੇ ਹਾਂ, "ਮੈਂ ਇਹ ਸਭ ਕੁਝ ਅੱਖਾਂ ਨਾਲ ਵੇਖਿਆ ਹੈ। ਹੋਰ ਸਾਰਿਆਂ ਨੇ ਵੇਖਿਆ ਹੈ। ਅੱਖਾਂ ਨੂੰ ਕੋਈ ਕਿਵੇਂ ਧੋਖਾ ਦੇ ਸਕਦਾ ਹੈ!" ਇਹੋ ਸ੍ਵੈ-ਵਿਸ਼ਵਾਸ-ਬਹੁਲਤਾ ਹਨੇਰੇ ਵਿਚ ਅੱਖ ਨੂੰ ਹਾਸੋਹੀਣੀ ਬਣਾ ਦਿੰਦੀ ਹੈ।

ਹਨੇਰੇ ਵਿਚ ਅੱਖ ਨੂੰ ਵਸਤੂਆਂ ਦਾ ਸਹੀ ਸਰੂਪ ਨਹੀਂ ਦਿਸਦਾ। ਹਨੇਰੇ ਵਿਚ ਫਾਸਲੇ ਦਾ ਗਿਆਨ ਨਾ ਹੋਣ ਕਰਕੇ ਇਹ ਵੀ ਪਤਾ ਨਹੀਂ ਲੱਗਦਾ ਕਿ ਜਿਹੜੀ ਚੀਜ਼ ਸਾਨੂੰ ਛੋਟੀ ਦਿਸਦੀ ਹੈ ਉਹ ਅਸਲ ਵਿਚ ਛੋਟੀ ਹੈ ਕਿ ਦੂਰ ਹੋਣ ਕਰਕੇ ਛੋਟੀ ਦਿਸ ਰਹੀ ਹੈ ਜਾਂ ਜੋ ਨੇੜੇ ਦਿਸ ਰਹੀ ਹੈ ਉਹ ਅਸਲ ਵਿਚ ਨੇੜੇ ਹੈ ਕਿ ਵੱਡੀ ਹੋਣ ਕਰਕੇ ਨੇੜੇ ਭਾਸਦੀ ਹੈ। ਇਸ ਲਈ ਮਨੁੱਖ ਦੂਰ ਦੀਆਂ ਵੱਡੀਆਂ ਚੀਜ਼ਾਂ ਨੂੰ ਨੇੜੇ ਆ ਚੁੱਕੇ ਜਿੰਨਾਂ-ਭੂਤਾਂ ਦੇ ਕਾਲਪਨਿਕ ਰੂਪ ਦੇ ਦਿੰਦਾ ਹੈ। ਮਨ ਨੂੰ ਇਹ ਭਰੋਸਾ ਹੁੰਦਾ ਹੈ ਕਿ ਅੱਖ ਨਾਲ ਵੇਖੀ ਹੋਈ ਚੀਜ਼ ਕਾਲਪਨਿਕ ਨਹੀਂ ਸਗੋਂ ਵਾਸਤਵਿਕ ਹੈ। ਇਹ ਵਿਸ਼ਵਾਸ ਉਸ ਦੇ ਕਲਪਿਤ ਆਕਾਰਾਂ ਨੂੰ ਵਾਸਤਵਿਕਤਾ ਦੇ ਕੇ ਕਈ ਪ੍ਰਕਾਰ ਦੇ ਡਰ ਅਤੇ ਖ਼ਤਰੇ ਪੈਦਾ ਕਰ ਦਿੰਦਾ ਹੈ। ਇਉਂ ਅੱਖ ਅਤੇ ਕਲਪਨਾ ਦਾ ਮੇਲ ਦੁਖਦਾਈ ਸਿੱਧ ਹੁੰਦਾ ਹੈ। ਜਿੰਨਾ ਚਿਰ ਮਨੁੱਖ ਨੂੰ ਇਹ ਭੁਲੇਖਾ ਰਹੇਗਾ ਕਿ ਅੱਖ ਬਾਕੀ ਸਾਰੀਆਂ ਗਿਆਨ-ਇੰਦ੍ਰੀਆਂ ਦੀ ਸੋਧਕ ਹੈ ਓਨਾ ਚਿਰ ਉਹ ਇਨ੍ਹਾਂ ਦੀ ਕਿਰਿਆ ਵਿਚੋਂ ਅਨੰਦ ਦੀ ਥਾਂ ਤੌਖਲਾ ਹਾਸਲ ਕਰੇਗਾ। ਜਦੋਂ ਉਸ ਨੂੰ ਇਹ ਪਤਾ ਲੱਗ ਜਾਵੇਗਾ ਕਿ ਅੱਖ ਦੀ ਦਾਦਾਗਿਰੀ ਭਰਮ ਉੱਤੇ ਆਧਾਰਿਤ ਹੈ ਅਤੇ ਅਸਲ ਵਿਚ ਇਹ ਅਧੂਰੀ ਹੋਣ ਕਰਕੇ ਸਦਾ ਹੀ ਬਾਕੀਆਂ ਦੁਆਰਾ ਸੋਧੀ ਜਾਂਦੀ ਹੈ ਉਦੋਂ ਉਸ ਨੂੰ ਦਿੱਬ-ਦ੍ਰਿਸ਼ਟੀ ਪ੍ਰਾਪਤ ਹੋ ਜਾਵੇਗੀ। ਇਹ ਚੜ੍ਹਦੇ ਪਾਣੀ ਨੂੰ ਜਾਣ ਵਰਗੀ ਔਖੀ ਕਿਰਿਆ ਹੈ।

ਕੰਨਾ ਦਾ ਕਲਪਨਾ ਨਾਲ ਬਹੁਤ ਮੇਲ ਹੈ। ਹਰ ਆਵਾਜ਼ ਕਲਪਨਾ ਨੂੰ ਟੁੰਬਦੀ ਹੈ। ਆਵਾਜ਼ ਸੁਣਨ ਤੋਂ ਪਿਛੋਂ ਆਵਾਜ਼ ਦੇ ਸ੍ਰੋਤ ਦੀ ਕਲਪਨਾ ਕਰਨੀ ਪੈਂਦੀ ਹੈ। ਦੂਰ ਦਿਸਹੱਦੇ ਤੋਂ ਆਉਂਦੀ ਬਦਲਾਂ ਦੀ ਗਰਜ ਨਾਲ ਘਨਘੋਰ ਘਟਾ ਦੀ ਕਲਪਨਾ ਕਰ ਕੇ ਅੱਖ ਦੀ ਸਹਾਇਤਾ ਲਏ ਬਿਨਾਂ ਹੀ ਮਨ ਵਿਚ ਮਲ੍ਹਾਰ ਦੀ ਸੁਰ ਛਿੜ ਜਾਂਦੀ ਹੈ। ਜਨਮ ਤੋਂ ਪਿੱਛੋਂ ਛੇਤੀ ਹੀ ਸੁਣਨ ਦੀ ਜਾਚ ਸਿੱਖ ਕੇ ਬੱਚਾ ਆਪਣੀ ਮਾਂ ਦੀ ਆਵਾਜ਼ ਤੋਂ ਉਸ ਦੇ ਨੇੜ ਦੀ ਕਲਪਨਾ ਕਰਨ ਲੱਗ ਪੈਂਦਾ ਹੈ। ਹੋਰ ਸਾਰੇ ਜੀਵਾ ਵਾਂਗ ਮਨੁੱਖ ਦੇ ਬੱਚੇ ਨੂੰ ਵੀ ਆਪਣੀ ਰੱਖਿਆ ਦੀ ਚਿੰਤਾ ਹੁੰਦੀ ਹੈ। ਇਹ ਚਿੰਤਾ ਉਸ ਵਿਚ ਪ੍ਰਵ੍ਰਿਤੀ ਰੂਪ ਹੈ। ਲਗ ਪਗ ਸਾਰੇ ਜੀਵ ਆਪਣੀ ਮਾਂ ਦੀ ਸਰੀਰਕ ਛੂਹ ਵਿਚ ਆਪਣੇ ਆਪ ਨੂੰ ਸੁਰੱਖਿਅਤ ਮੰਨਦੇ ਹਨ। ਕਿਸੇ ਖ਼ਤਰੇ ਦੇ ਸਮੇਂ ਉਹ ਆਪਣੇ ਰੱਖਿਅਕ ਨਾਲ ਲਿਪਟ ਕੇ ਆਪਣੇ ਸਰੀਰ ਦੇ ਵੱਧ ਤੋਂ ਵੱਧ ਹਿੱਸੇ ਨੂੰ ਉਸ ਦੇ ਸਰੀਰ ਨਾਲ ਲਾ ਕੇ ਸੁਰੱਖਿਅਤ ਹੋ ਜਾਂਦੇ ਹਨ। ਮਾਵਾਂ ਵੀ ਖ਼ਤਰੇ ਸਮੇਂ ਆਪਣੇ ਬੱਚਿਆਂ ਨੂੰ ਘੁੱਟ ਕੇ ਗਲ ਲਾ ਲੈਂਦੀਆਂ ਹਨ। ਇੱਲ ਤੋਂ ਡਰਦੇ ਚੂਚੇ ਆਪਣੀ ਮਾਂ ਦੇ ਖੰਭਾਂ ਹੇਠ ਲੁਕ ਜਾਂਦੇ ਹਨ। ਇਥੋਂ ਤੱਕ ਕਿ ਧਰਤੀ ਉੱਤੇ ਰੀਂਗਣ ਵਾਲੇ ਕੀੜੇ, ਮਕੌੜੇ, ਗੰਡੋਏ ਅਤੇ ਸੁੰਡੀਆਂ ਆਦਿਕ ਵੀ ਖ਼ਤਰੇ ਸਮੇਂ ਧਰਤੀ ਮਾਤਾ ਨਾਲ ਚੰਬੜ ਜਾਣ ਵਿਚ ਸੁਰੱਖਿਆ ਮਹਿਸੂਸ ਕਰਦੇ ਹਨ।

ਮਾਂ ਦੇ ਨੇੜ ਵਿਚੋਂ ਸੁਰੱਖਿਆ ਅਤੇ ਆਵਾਜ਼ ਵਿਚੋਂ ਨੇੜ ਦੀ ਕਲਪਨਾ ਕਰਨ ਵਾਲਾ ਬੱਚਾ ਆਪਣੀ ਮਾਂ ਤੋਂ ਸਿਵਾ ਕਿਸੇ ਵੀ ਹੋਰ ਆਵਾਜ਼ ਤੋਂ ਇਹ ਕਲਪਨਾ ਕਰਦਾ ਹੈ ਕਿ ਉਸ ਦੀ ਮਾਂ ਉਸ ਤੋਂ ਦੂਰ ਹੈ ਅਤੇ ਕੋਈ ਓਪਰੀ ਵਸਤੂ ਉਸ ਦੇ ਨੇੜੇ ਹੈ। ਇਸੇ

ਲਈ ਬਹੁਤ ਛੋਟੇ ਬੱਚੇ ਓਪਰੇ ਆਦਮੀਆਂ ਦੀ ਆਵਾਜ਼ ਸੁਣ ਕੇ ਰੋਣ ਲੱਗ ਪੈਂਦੇ ਹਨ। ਰੋ ਕੇ ਉਹ ਆਪਣੀ ਮਾਂ ਨੂੰ ਸੂਚਿਤ ਕਰਦੇ ਹਨ ਕਿ ਉਨ੍ਹਾਂ ਨੂੰ ਕੋਈ ਖ਼ਤਰਾ ਹੈ। ਜ਼ਰਾ ਵਡੇਰੇ ਹੋ ਕੇ ਜਦੋਂ ਬੱਚੇ ਵੇਖਣ ਦੀ ਜਾਚ ਸਿੱਖ ਜਾਂਦੇ ਹਨ ਤਾਂ ਉਹ ਓਪਰਿਆਂ ਨੂੰ ਵੇਖ ਕੇ ਵੀ ਰੋਣ ਲੱਗ ਪੈਂਦੇ ਹਨ। ਓਪਰੇ ਆਦਮੀਆਂ ਨੂੰ ਬਹੁਤ ਛੋਟੇ ਬੱਚਿਆਂ ਦੇ ਨੇੜੇ ਜਾਣ ਲੱਗਿਆਂ ਸਾਵਧਾਨੀ ਵਰਤਣੀ ਚਾਹੀਦੀ ਹੈ। ਬੱਚਿਆਂ ਨੂੰ ਫ਼ਾਸਲੇ ਦਾ ਗਿਆਨ ਨਹੀਂ ਹੁੰਦਾ। ਉਨ੍ਹਾਂ ਨੂੰ ਹਰ ਚੀਜ਼ ਆਪਣੇ ਐਨ ਨੇੜੇ ਦਿਸਦੀ ਹੈ। ਕਿਸੇ ਓਪਰੇ ਆਦਮੀ ਨੂੰ ਆਪਣੇ ਅੱਤ ਨੇੜੇ ਆਇਆ ਜਾਣ ਕੇ ਉਹ ਬਹੁਤ ਡਰ ਸਕਦੇ ਹਨ ਅਤੇ ਕੋਈ ਵੱਡਾ ਨੁਕਸਾਨ ਵੀ ਹੋ ਸਕਦਾ ਹੈ। ਇਸੇ ਕਰਕੇ ਹੀ ਕਈ ਔਰਤਾਂ ਦੀ ਨਜ਼ਰ ਭਾਰੀ ਮੰਨੀ ਜਾਂਦੀ ਹੈ; ਇਸੇ ਕਰਕੇ ਹੀ ਬੱਚਿਆਂ ਨੂੰ ਚੋਖੇ ਸਮੇਂ ਲਈ ਬਹੁਤੇ ਲੋਕਾਂ ਤੋਂ ਦੂਰ ਰੱਖੀਦਾ ਹੈ। ਜਦੋਂ ਬੱਚੇ ਨੂੰ ਫ਼ਾਸਲੇ ਦਾ ਗਿਆਨ ਹੋਣ ਲੱਗ ਪਵੇ ਉਦੋਂ ਉਹ ਓਪਰਿਆਂ ਨੂੰ ਵੇਖ ਕੇ ਰੋ ਪੈਣੋਂ ਹਟ ਜਾਂਦਾ ਹੈ। ਇਹ ਗਿਆਨ ਕਈ ਹਾਲਤਾਂ ਵਿਚ ਇਕ ਸਾਲ ਦੇ ਬੱਚੇ ਨੂੰ ਵੀ ਨਹੀਂ ਹੁੰਦਾ ਅਤੇ ਫ਼ਾਸਲੇ ਦਾ ਲਗ ਪਗ ਠੀਕ ਅਨੁਮਾਨ ਤਾਂ ਦੁਨੀਆਂ ਦੇ ਪੰਜ ਕੁ ਫ਼ੀ ਸਦੀ ਆਦਮੀਆਂ ਤੋਂ ਵੱਧ ਨੂੰ ਕਦੇ ਵੀ ਨਹੀਂ ਹੋਇਆ। ਫ਼ਾਸਲਾ ਦਿਸਣ ਵਾਲੀ ਚੀਜ਼ ਨਹੀਂ। ਇਹ ਦਿਸਣ ਵਾਲੀਆਂ ਚੀਜ਼ਾਂ ਦੇ ਆਕਾਰਾਂ ਦੇ ਆਧਾਰ ਉੱਤੇ ਅਨੁਮਾਨਿਆ ਜਾਂਦਾ ਹੈ। ਅਣਦਿਸਦੇ ਫ਼ਾਸਲੇ* ਆਵਾਜ਼ ਦੀ ਸਹਾਇਤਾ ਨਾਲ ਨਾਪੇ ਜਾਂਦੇ ਹਨ। ਕਰਮਾ ਅਤੇ ਮੀਟਰਾਂ ਵਿਚ ਨਾਪੇ ਜਾਣ ਵਾਲੇ ਫ਼ਾਸਲਿਆਂ ਦਾ ਗਿਆਨ ਹਾਸਲ ਕਰਨ ਲਈ ਛੁਹ ਦੀ ਸਹਾਇਤਾ ਲਈ ਜਾਂਦੀ ਹੈ । ਕਿੰਨਾ ਅਜੀਬ ਹੈ ਇਹ ਫ਼ਾਸਲਾ "ਵਿਸਮਾਦ ਨੇੜੇ, ਵਿਸਮਾਦ ਦੂਰ।" ਅਨੰਤ ਫ਼ਾਸਲਿਆਂ ਦੀ ਗੱਲ ਕਿਸੇ ਦੂਜੇ ਸਮੇਂ ਉੱਤੇ ਛਡਦਾ ਹਾਂ।

ਜਾਣੀ ਪਛਾਣੀ ਆਵਾਜ਼ ਤੋਂ ਜਾਣੇ ਪਛਾਣੇ ਲੋਕਾਂ ਦੇ ਨੇੜ ਦੀ ਕਲਪਨਾ ਅਤੇ ਉਨ੍ਹਾਂ ਦੇ ਨੇੜ ਵਿਚ ਸੁਰੱਖਿਆ ਦੇ ਵਿਸ਼ਵਾਸ ਕਾਰਨ ਹੀ ਆਦਮੀ ਰਾਤ ਸਮੇਂ ਇਕੱਲਾ ਹੋਣ ਉੱਤੇ ਲੱਗਣ ਵਾਲੇ ਡਰ ਨੂੰ ਦੂਰ ਕਰਨ ਲਈ ਆਪਣੀ ਆਵਾਜ਼ ਦਾ ਸਹਾਰਾ ਲੈਣ ਦੇ ਜਤਨ ਵਜੋਂ ਕੋਈ ਗੀਤ ਜਾਂ ਸੁਰ ਅਲਾਪਣ ਲੱਗ ਪੈਂਦਾ ਹੈ। ਹਨ੍ਹੇਰੇ ਵਿਚ ਜਦੋਂ ਅਸੀਂ ਵੇਖ ਨਹੀਂ ਸਕਦੇ ਉਦੋਂ ਕੇਵਲ ਆਵਾਜ਼ ਹੀ ਖ਼ਤਰੇ ਦੀ ਸੂਚਨਾ ਦਾ ਸਾਧਨ ਹੁੰਦੀ ਹੈ। ਇਉਂ ਅੱਖ ਦੀ ਗ਼ੈਰ-ਹਾਜ਼ਰੀ ਵਿਚ ਕੰਨ ਹੀ ਸਾਡੇ ਸ਼ਤਰੂ ਹੁੰਦੇ ਹਨ ਅਤੇ ਕੰਨ ਹੀ ਸਾਡੇ ਮਿੱਤ੍ਰ। ਉਦੋਂ ਓਪਰੀ ਆਵਾਜ਼ ਅੱਤ ਭਿਆਨਕ ਅਤੇ ਜਾਣੀ ਪਛਾਣੀ ਆਵਾਜ਼ ਅਤਿਅੰਤ ਪਿਆਰੀ ਲੱਗਦੀ ਹੈ।

'ਆਵਾਜ਼ ਤੋਂ ਨੇੜ ਦੀ ਕਲਪਨਾ' ਇਹ ਸਿੱਧ ਕਰਦੀ ਹੈ ਕਿ ਸ਼ਬਦ ਅਤੇ ਸਪਰਸ਼ ਵਿਚਕਾਰ ਕੋਈ ਸੰਬੰਧ ਹੈ। ਇਹੋ ਸੰਬੰਧ ਪੱਛਮੀ ਆਧੁਨਿਕ ਸੰਗੀਤ ਦਾ ਧੁਰਾ ਹੈ। ਇਸ ਸੰਜੋਗ ਦੀ ਗੱਲ ਸੰਗੀਤ ਦੇ ਪ੍ਰਕਰਣ ਵਿਚ ਕਰਾਂਗਾ। ਇਥੇ ਕੇਵਲ ਏਨਾ ਲਿਖਣਾ ਕਾਫ਼ੀ

---

*ਸਾਰੇ ਫ਼ਾਸਲੇ ਅਣਦਿਸਦੇ ਹਨ। ਇੱਥੇ ਮੇਰਾ ਭਾਵ ਹੈ ਉਹ ਫ਼ਾਸਲੇ ਜਿਨ੍ਹਾਂ ਨੂੰ ਜਾਣਨ ਲਈ ਦਿਸਦੀਆਂ ਵਸਤਾਂ ਦੀ ਸਹਾਇਤਾ ਨਾ ਲਈ ਜਾ ਸਕਦੀ ਹੋਵੇ।

ਹੈ ਕਿ ਆਵਾਜ਼ ਅਤੇ ਛੁਹ ਦਾ ਰਿਸ਼ਤਾ ਓਨਾ ਪ੍ਰਬਲ ਨਹੀਂ ਜਿੰਨਾ ਦ੍ਰਿਸ਼ਟੀ ਅਤੇ ਛੁਹ ਦਾ ਹੈ। ਕਿਸੇ ਚੀਜ਼ ਨੂੰ ਜਦੋਂ ਵੇਖਦੇ ਹਾਂ ਉਦੋਂ ਉਸ ਦਾ ਕੇਵਲ ਇਕ ਪਾਸਾ ਹੀ ਸਾਨੂੰ ਵਿਖਾਈ ਦਿੰਦਾ ਹੈ। ਉਸ ਚੀਜ਼ ਦਾ ਆਕਾਰ ਤਿੰਨ-ਪਾਸਾਰੀ (Three dimensional) ਹੁੰਦਾ ਹੈ। ਉਸ ਦੇ ਦੂਜੇ ਦੋ ਪਾਸਾਰਾਂ ਦਾ ਗਿਆਨ ਪ੍ਰਾਪਤ ਕਰਨ ਲਈ ਅਸੀਂ ਛੁਹ ਤੋਂ ਕੰਮ ਲੈਂਦੇ ਹਾਂ। ਬਚਪਨ ਵਿਚ ਹੀ ਛੁਹ ਸਾਡੀਆਂ ਅੱਖਾਂ ਦੇ ਘਾਟੇ ਨੂੰ ਪੂਰਾ ਕਰਨ ਦਾ ਕੰਮ ਆਰੰਭ ਕਰ ਦਿੰਦੀ ਹੈ। ਬੱਚਾ ਹਰ ਸ਼ੈ ਨੂੰ ਫੜ ਕੇ ਉਸ ਦੇ ਆਕਾਰ ਦਾ ਤਿੰਨ-ਪਾਸਾਰੀ ਗਿਆਨ ਹਾਸਲ ਕਰਦਾ ਹੈ ਜਾਂ ਇਹ ਜਾਣਦਾ ਹੈ ਕਿ ਉਹ ਚੀਜ਼ ਗੋਲ ਹੈ ਕਿ ਚੌਰਸ; ਚੌਰਸ ਹੈ ਕਿ ਤਿੰਨ ਕੋਣ। ਜਿਸ ਚੀਜ਼ ਨੂੰ ਉਹ ਇਕ ਪਾਸੇ ਤੋਂ ਵੇਖ ਕੇ ਕੇਵਲ ਲੰਮੀ ਚਪਟੀ ਜਹੀ ਸਮਝਦਾ ਸੀ ਉਹੋ ਚੀਜ਼ ਉਸ ਦੇ ਹੱਥਾਂ ਵਿਚ ਆ ਕੇ ਗੋਲ ਅਤੇ ਲੰਮੀ ਬਣ ਜਾਂਦੀ ਹੈ। ਉਸ ਦੀ ਅੱਖ ਕੈਮਰੇ ਵਾਂਗ ਕੇਵਲ ਇਕ ਪਾਸੇ ਵੇਖਦੀ ਹੈ। ਉਸ ਦੇ ਹੱਥ ਕਲਾਕਾਰ ਵਾਂਗ ਚੀਜ਼ਾਂ ਦੇ ਸਮੁੱਚੇ ਆਕਾਰਾਂ ਨੂੰ ਰੂਪਮਾਨ ਕਰ ਕੇ ਉਨ੍ਹਾਂ ਨੂੰ ਗਲਾਸਾਂ, ਕੌਲੀਆਂ, ਬੋਤਲਾਂ, ਡੰਡਿਆਂ, ਡੱਬੀਆਂ, ਪੈਨਾਂ ਅਤੇ ਪੈਨਸਿਲਾਂ ਵਿਚ ਵਟਾ ਦਿੰਦੇ ਹਨ।

ਅੱਖ ਅਤੇ ਛੁਹ ਦਾ ਰਿਸ਼ਤਾ ਹੌਲੀ ਹੌਲੀ ਨੱਕ ਅਤੇ ਜੀਭ ਦੇ ਰਿਸ਼ਤੇ ਵਾਂਗ ਪੱਕਾ ਹੋ ਜਾਂਦਾ ਹੈ। ਜਿਵੇਂ ਸੁੰਘਣ ਬਿਨਾਂ ਸੁਆਦ ਨਹੀਂ ਆਉਂਦਾ ਉਵੇਂ ਹੀ ਛੁਹੇ ਬਿਨਾਂ ਮਨੁੱਖ ਕਿਸੇ ਚੀਜ਼ ਨੂੰ ਚੰਗੀ ਤਰ੍ਹਾਂ ਵੇਖੀ ਮਹਿਸੂਸ ਨਹੀਂ ਕਰਦਾ। ਬਹੁਤੇ ਕਪੜੇ ਅਸੀਂ ਉਨ੍ਹਾਂ ਉੱਤੇ ਬਣੇ ਡੀਜ਼ਾਈਨ ਲਈ ਜਾਂ ਉਨ੍ਹਾਂ ਉੱਤੇ ਛਪੇ ਬੇਲ ਬੂਟੇ ਦੇ ਕਾਰਣ ਖਰੀਦਦੇ ਹਾਂ। ਕਿਸੇ ਤ੍ਰੀਮਤ ਦੀ ਗੁਆਂਢਣ ਨੇ ਕੋਈ ਨਵਾਂ ਸੂਟ ਸਿਲਵਾਇਆ ਹੈ। ਉਸ ਕੋਲੋਂ ਪੁੱਛ ਕੇ ਇਸ ਤ੍ਰੀਮਤ ਨੇ ਕਪੜੇ ਦਾ ਮੁੱਲ ਅਤੇ ਦੁਕਾਨ ਦਾ ਪਤਾ ਜਾਣ ਲਿਆ ਹੈ। ਇਸ ਨੇ ਦੁਕਾਨ ਉੱਤੇ ਜਾ ਕੇ ਉਸੇ ਕਪੜੇ ਦੀ ਮੰਗ ਕੀਤੀ ਹੈ ਅਤੇ ਦੁਕਾਨਦਾਰ ਨੇ ਉਹੋ ਕਪੜਾ ਉਸ ਦੇ ਸਾਹਮਣੇ ਲਿਆ ਰੱਖਿਆ ਹੈ। ਇਸ ਤ੍ਰੀਮਤ ਨੂੰ ਪਤਾ ਹੈ ਕਿ ਕਪੜਾ ਉਹੋ ਹੈ ਅਤੇ ਇਸ ਨੇ ਇਹ ਖ਼ਰੀਦਣਾ ਹੈ। ਅਜੇਹੀਆਂ ਹਜ਼ਾਰ ਤ੍ਰੀਮਤਾਂ ਵਿਚੋਂ ਸ਼ਾਇਦ ਇਕ ਅਜੇਹੀ ਹੋਵੇ ਜਿਹੜੀ ਕਪੜੇ ਨੂੰ ਵੇਖਣ ਤੋਂ ਪਿੱਛੋਂ ਜਾਂ ਵੇਖਣ ਦੇ ਨਾਲ ਨਾਲ ਉਸ ਨੂੰ ਆਪਣੇ ਪੋਟਿਆਂ ਵਿਚ ਲੈ ਕੇ ਛੋਹੇ ਨਾ। ਇਉਂ ਇਸ ਲਈ ਹੁੰਦਾ ਹੈ ਕਿ ਵਸਤੂਆਂ ਦਾ ਗਿਆਨ ਤਾਂ ਭਾਵੇਂ ਵੇਖ ਕੇ ਪ੍ਰਾਪਤ ਹੋ ਜਾਂਦਾ ਹੈ ਪਰ ਲੰਮੇ ਅਭਿਆਸ ਨਾਲ ਸਾਡਾ ਇਹ ਵਿਸ਼ਵਾਸ ਬਣ ਗਿਆ ਹੁੰਦਾ ਹੈ ਕਿ ਛੋਹਣ ਤੋਂ ਬਿਨਾਂ ਵੇਖਣ ਦੀ ਕਿਰਿਆ ਸੰਪੂਰਨ ਨਹੀਂ ਹੋਈ।

ਕੰਨ ਅਤੇ ਅੱਖ ਮਨੁੱਖ ਦੀਆਂ ਸ੍ਰੇਸ਼ਟ ਗਿਆਨ-ਇੰਦ੍ਰੀਆਂ ਹਨ। ਅੱਖ ਛੁਹ ਦੀ ਦਾਸ ਹੈ ਅਤੇ ਕੰਨ ਛੁਹ ਦੀ ਕਲਪਨਾ ਕਰਦੇ ਹਨ। ਸੁਆਦ ਤਾਂ ਛੁਹ ਬਿਨਾਂ ਸੰਭਵ ਹੀ ਨਹੀਂ ਰਹੀ ਗੱਲ ਨੱਕ ਦੀ। ਇਹ ਸਭ ਤੋਂ ਵੱਧ ਕਲਪਨਾਮਈ ਗਿਆਨ-ਇੰਦ੍ਰੀ ਹੈ। ਇਹ ਵੀ ਛੁਹ ਉੱਤੇ ਆਸ਼੍ਰਿਤ ਹੈ। ਛੁਹ ਬਿਨਾਂ ਸੁਗੰਧ ਦੀ ਅਨੁਭੂਤੀ ਸੰਭਵ ਨਹੀਂ। ਇਸ ਗਿਆਨ-ਇੰਦ੍ਰੀ ਦੀ ਅਨੁਭੂਤੀ ਫੁੱਲਾਂ, ਖੇੜਿਆਂ ਅਤੇ ਬਸੰਤਾਂ ਦੀ ਕਲਪਨਾ ਜਗਾਉਂਦੀ ਹੈ। ਇਸੇ ਦੀ ਅਨੁਭੂਤੀ ਦੁਰਗੰਧ ਤੋਂ ਮੂੰਹ ਮੋੜ ਕੇ ਕੋਝ ਦਾ ਦ੍ਰਿਸ਼ਟੀ-ਅਨੁਭਵ ਕੀਤੇ ਬਿਨਾਂ ਹੀ ਉਸ ਦਾ ਤਿਆਗ ਕਰਨ ਦੀ ਸੰਭਾਵਨਾ ਪੈਦਾ ਕਰਦੀ ਹੈ। ਪਰੰਤੂ ਇਸ ਗਿਆਨ-ਇੰਦ੍ਰੀ ਦਾ ਜਿਨਸੀ ਸੰਜੋਗ ਦੀ ਇੱਛਾ ਨਾਲ ਬਹੁਤ ਨੇੜਲਾ

ਸੰਬੰਧ ਹੈ ਜਿਹੜਾ ਪਸ਼ੂ-ਜੀਵਨ ਤੋਂ ਚਲਿਆ ਆ ਰਿਹਾ ਹੈ। ਮਨੁੱਖੀ ਜੀਵਨ ਵਿਚ ਸੁਰੱਖਿਆ ਦੀ ਜ਼ਿੰਮੇਂਵਾਰੀ ਗਿਆਨ-ਇੰਦ੍ਰੀਆਂ ਉੱਤੇ ਓਨੀ ਨਹੀਂ ਰਹੀ ਜਿੰਨੀ ਪਸ਼ੂ-ਜੀਵਨ ਵਿਚ ਉਦੋਂ ਹੁੰਦੀ ਹੈ ਜਦੋਂ ਉਹ ਚਿੜੀਆ ਘਰਾਂ ਦੀ ਥਾਂ ਜੰਗਲਾਂ ਵਿਚ ਰਹਿ ਰਹੇ ਹੋਣ। ਚਿੜੀਆ ਘਰਾਂ ਵਿਚ ਵੱਸਦੇ ਪਸ਼ੂਆਂ ਦੀ ਸੁਰੱਖਿਆ ਦਾ ਬਹੁਤਾ ਭਾਰ ਚਿੜੀਆ ਘਰਾਂ ਦੇ ਮਾਲਕ, ਮਨੁੱਖ, ਉੱਤੇ ਹੁੰਦਾ ਹੈ। ਅਜੋਕੀ ਸੱਭਿਅ ਦੁਨੀਆਂ ਵੀ, ਡੈਜ਼ਮੰਡ ਮਾਰਿਸ (Desmond Morris) ਦੇ ਕਥਨ ਅਨੁਸਾਰ, ਮਨੁੱਖੀ ਚਿੜੀਆ ਘਰ (The Human Zoo) ਹੀ ਹੈ। ਆਪਣੇ ਚਿੜੀਆ-ਘਰ ਵਿਚ ਸੁਰੱਖਿਅਤ ਮਨੁੱਖ, ਆਪਣੀਆਂ ਗਿਆਨ ਇੰਦ੍ਰੀਆਂ ਨੂੰ ਸੁਰੱਖਿਆ ਲਈ ਵਰਤਣ ਦੀ ਮਜਬੂਰੀ ਤੋਂ ਮੁਕਤ ਮਨੁੱਖ, ਇਨ੍ਹਾਂ ਨੂੰ ਵਿਲਾਸ ਅਤੇ ਵਿਸ਼ੇ-ਭੋਗ ਲਈ ਵਰਤਣ ਦੇ ਨਾਲ ਨਾਲ ਵਿਨਾਸ਼ ਲਈ ਵੀ ਵਰਤਦਾ ਹੈ।

ਮਨੁੱਖ ਦੀਆਂ ਸਾਰੀਆਂ ਕੋਮਲ ਕਲਾਵਾਂ ਅੱਖ ਅਤੇ ਕੰਨ ਦਾ ਵਿਸ਼ਾ ਹਨ। ਜੀਭ, ਨੱਕ ਅਤੇ ਛੁਹ ਨਾਲ ਕਿਸੇ ਕਲਾ ਦਾ ਕੋਈ ਸਿੱਧਾ ਸੰਬੰਧ ਨਹੀਂ।* ਤਾਂ ਵੀ ਸਾਰੀਆਂ ਗਿਆਨ-ਇੰਦ੍ਰੀਆਂ ਛੁਹ ਨਾਲ ਸਿੱਧੀਆਂ ਅਤੇ ਅਸਿੱਧੀਆਂ ਸੰਬੰਧਿਤ ਹੋਣ ਕਰਕੇ ਸਾਰੀਆਂ ਕੋਮਲ ਕਲਾਵਾਂ ਵੀ ਛੁਹ ਨਾਲ ਸੰਬੰਧਤ ਹੋ ਜਾਂਦੀਆਂ ਹਨ। ਛੁਹ ਦਾ ਸਭ ਤੋਂ ਵੱਧ ਤੀਖਣ ਅਨੁਭਵ ਜਿਨਸੀ ਸੰਜੋਗ ਦਾ ਅਨੁਭਵ ਹੋਣ ਕਰਕੇ ਹਰ ਨੀਵੀਂ ਕਲਾ ਇਸ ਨੂੰ ਆਪਣਾ ਆਦਰਸ਼ ਬਣਾਉਂਦੀ ਹੈ। ਇੱਥੋਂ ਤੱਕ ਕਿ ਉਚੇਰੀ ਕਲਾ ਵੀ ਉਸ ਆਦਮੀ ਨੂੰ ਛੁਹ ਦੀ ਪ੍ਰੇਰਣਾ ਦੇਵੇਗੀ ਜਿਸ ਨੂੰ ਆਪਣੀਆਂ ਗਿਆਨ-ਇੰਦ੍ਰੀਆਂ ਦੀ ਕਿਰਿਆ ਦਾ ਅਤੇ ਇਸ ਕਿਰਿਆ ਦੇ ਇਕ ਦੂਜੀ ਉੱਤੇ ਪੈਣ ਵਾਲੇ ਪ੍ਰਭਾਵ ਦਾ ਗਿਆਨ ਨਹੀਂ। ਇਹ ਗਿਆਨ ਕਿਸੇ ਲੈਕਚਰ ਰਾਹੀਂ ਜਾਂ ਕਿਸੇ ਪੁਸਤਕ ਦੁਆਰਾ ਨਹੀਂ ਦਿੱਤਾ ਜਾ ਸਕਦਾ। ਇਹ ਗਿਆਨ ਜੀਵਨ ਦੇ ਅਨੁਭਵ ਦੀ ਉਪਜ ਹੈ। ਕਿਤਾਬੀ ਗਿਆਨ ਨਾਲ ਮਨੁੱਖ ਦਾ ਸਿਰ ਭਰਿਆ ਪਿਆ ਹੈ ਅਤੇ ਅਜੋਕਾ ਪੜ੍ਹਿਆ ਲਿਖਿਆ ਮਨੁੱਖ ਮਾਨਸਿਕ ਤੌਰ ਉਤੇ ਨਿਰੋਲ ਪਸ਼ੂ ਹੁੰਦਾ ਹੋਇਆ ਵੀ ਬੌਧਕ ਤੌਰ ਉਤੇ ਇਕ ਮਹਾਨ ਸੁਹਜ ਸ਼ਾਸਤ੍ਰੀ ਹੋ ਸਕਦਾ ਹੈ।

ਮਨੁੱਖ ਵਿਚਲੇ ਇਸ ਨੈਤਿਕ ਵਿਰੋਧ ਦਾ ਕਾਰਨ ਉਸ ਦੀ ਗ਼ਲਤ ਪਰਵਰਿਸ਼ ਹੈ। ਉਸ ਦਾ ਪਾਲਣ-ਪੋਸ਼ਣ ਇਸ ਢੰਗ ਦਾ ਨਹੀਂ ਕਿ ਉਹ ਬਚਪਨ ਦੇ ਕਲਪਨਾ-ਲੋਕ ਵਿਚੋਂ ਕਿਸੇ ਨੇਮ ਨਾਲ ਹੌਲੀ ਹੌਲੀ ਜੀਵਨ ਦੇ ਯਥਾਰਥ ਵਿਚ ਪ੍ਰਵੇਸ਼ ਕਰੇ। ਉਸ ਦੀ ਕਲਪਨਾ ਦਾ ਘਰ ਪੈਰ ਪੈਰ ਉੱਤੇ ਜੀਵਨ ਦੇ ਯਥਾਰਥ ਦੀ ਸੱਟ ਨਾਲ ਟੁੱਟਦਾ ਰਹਿੰਦਾ ਹੈ। ਅੰਤ ਵਿਚ ਉਸ ਕੋਲ ਦੋ ਚੀਜ਼ਾਂ ਬਚਦੀਆਂ ਹਨ; ਇਕ—ਕਲਪਨਾ-ਲੋਕ ਦੇ ਕੁਝ ਕੁ ਠੀਕਰੀਆਂ ਬੱਬਰੇ ਅਤੇ ਦੂਜੀ—ਯਥਾਰਥ ਨੂੰ ਆਪਣੇ ਸੁਆਰਥ ਲਈ ਵਰਤਣ ਦੀ ਇੱਛਾ। ਜਿਸ ਮਨੁੱਖੀ ਮਨ ਦੀ ਅਮੀਰੀ ਇਨ੍ਹਾਂ ਰਿਣਾਤਮਕ ਸੰਖਿਆਵਾਂ ਦੀ ਬਣੀ ਹੋਈ ਹੋਵੇ ਉਹ ਸੁਖ-ਸੁਆਦ ਤਾਂ ਮਾਣ ਸਕਦਾ ਹੈ ਪਰ ਆਨੰਦ ਨਹੀਂ। ਉਹ ਦਿਮਾਗ਼ੀ ਤੌਰ ਉੱਤੇ ਉੱਨਤ ਹੋ

---

*ਭਵਨ-ਨਿਰਮਾਣ ਜਾਂ ਇਮਾਰਤੀ ਕਲਾ ਬਾਰੇ ਇਹ ਗੱਲ ਨਹੀਂ ਆਖੀ ਜਾ ਜਕਦੀ। ਇਸ ਕਲਾ ਦਾ ਵਰਣਨ ਕਰਨ ਸਮੇਂ ਵਿਸਥਾਰ ਨਾਲ ਵਿਚਾਰ ਕੀਤੀ ਜਾਵੇਗੀ।

ਸਕਦਾ ਹੈ ਪਰ ਮਾਨਸਿਕ ਤੌਰ ਉੱਤੇ ਨਹੀਂ । ਮਾਨਸਿਕ ਤੌਰ ਉੱਤੇ ਉੱਨਤ ਹੋਣ ਲਈ ਇਹ ਜ਼ਰੂਰੀ ਹੈ ਕਿ ਸਾਰੀਆਂ ਕੋਮਲ ਕਲਾਵਾਂ ਆਪੋ ਆਪਣਾ ਵਿਅਕਤੀਗਤ ਰੂਪ ਤਿਆਗ ਕੇ ਉਸ ਦੀ ਜੀਵਨ ਜਾਚ ਦਾ ਯੋਗਿਕ ਨੁਸਖ਼ਾ ਬਣ ਜਾਣ । ਸਾਰੀਆਂ ਕੋਮਲ ਕਲਾਵਾਂ ਉਨ੍ਹਾਂ ਜੜੀਆਂ ਬੂਟੀਆਂ ਵਰਗੀਆਂ ਹਨ ਜਿਹੜੀਆਂ ਵੱਖ ਵੱਖ ਖਾਧੀਆਂ ਜਾਣ ਉੱਤੇ ਜ਼ਹਿਰ ਵਰਗਾ ਅਸਰ ਕਰ ਸਕਦੀਆਂ ਹਨ, ਪਰ ਜੀਵਨ ਜਾਚ ਦੀ ਪੁੜੀ ਵਿਚ ਬੱਝ ਕੇ ਜੀਵਨ ਅੰਮ੍ਰਿਤ ਵੀ ਬਣ ਸਕਦੀਆਂ ਹਨ । ਜੇ ਵੱਖ ਵੱਖ ਰੂਪਾਂ ਵਿਚ ਜ਼ਹਿਰ ਨਾ ਹੋ ਕੇ ਇਹ ਅੰਮ੍ਰਿਤ ਵੀ ਹੋਣ ਤਾਂ ਵੀ ਇਹ ਜੀਵਨ ਲਈ ਉਵੇਂ ਹੀ ਨਿਰਾਰਥਕ ਹਨ ਜਿਵੇਂ ਉਹ ਰਾਮ-ਬਾਣ ਦਵਾਈ ਜਿਹੜੀ ਰੋਗੀ ਦੇ ਮਰ ਜਾਣ ਪਿੱਛੋਂ ਉਸ ਦੇ ਮੂੰਹ ਵਿਚ ਪਾਈ ਜਾਵੇ । ਕਲਾ ਵਿਚਲੇ ਉਸ ਸੌਂਦਰਯ ਦਾ ਕੀ ਲਾਭ ਹੈ, ਜਿਹੜਾ ਮਨੁੱਖ ਨੂੰ ਉਦੋਂ ਪ੍ਰਾਪਤ ਹੋਵੇ ਜਦੋਂ ਉਸ ਨੂੰ ਇਹ ਵਿਸ਼ਵਾਸ ਹੋ ਜਾਵੇ ਕਿ ਉਸ ਵਿਚਲੇ ਪਸ਼ੂ ਦੀ ਪ੍ਰਸੰਨਤਾ ਹੀ ਪਰਮ-ਆਨੰਦ ਹੈ । ਇਸ ਵਿਸ਼ਵਾਸ ਵਿਚ ਪੁੱਜਣ ਤੋਂ ਪਹਿਲਾਂ ਪਹਿਲਾਂ ਉਸ ਨੂੰ ਨਾ ਤਾਂ ਸਾਹਿਤ-ਸ਼ਾਸਤ੍ਰ ਹੀ ਪੜ੍ਹਾਇਆ ਜਾ ਸਕਦਾ ਹੈ ਨਾ ਸੰਗੀਤ ਆਚਾਰੀਆ ਹੀ ਬਣਾਇਆ ਜਾ ਸਕਦਾ ਹੈ । ਉਸ ਨੂੰ ਸੌਂਦਰਯ ਭਰਪੂਰ, ਕਲਾਮਈ, ਕਲਪਨਾ ਯੁਕਤ ਅਤੇ ਆਨੰਦਾਇਕ ਵਾਤਾਵਰਣ ਦਿੱਤਾ ਜਾ ਸਕਦਾ ਹੈ ਜਿਹੜਾ ਸਾਰੀਆਂ ਕਲਾਵਾਂ ਦੇ ਮਿਸ਼ਰਣ ਵਿਚੋਂ ਉਪਜੀ ਜੀਵਨ ਜਾਚ ਦਾ ਹੀ ਦੂਜਾ ਨਾਂ ਹੈ । ਇਹ ਕਿਵੇਂ ਹੋਵੇ, ਇਸ ਦਾ ਵਰਣਨ 'ਕਲਾ ਜੀਵਨ ਲਈ' ਦੇ ਲੇਖ ਵਿਚ ਕਰਾਂਗਾ ।

# ਸਹਿਜ-ਆਨੰਦ (ਪਰਮਾਨੰਦ)

ਇੰਦ੍ਰੀਆਂ ਦੇ ਭੋਗ ਦੀ ਪ੍ਰੇਰਣਾ, ਮੂਲ ਰੂਪ ਵਿਚ, ਪਰਵਿਰਤੀ ਦੀ ਪ੍ਰੇਰਣਾ ਹੈ ਅਤੇ ਸ੍ਵੈ-ਰੱਖਿਆ ਦੀ ਪਰਵਿਰਤੀ ਇਸ ਵਿਚ ਪਰਮੁੱਖ ਹੈ । ਇਨ੍ਹਾਂ ਭੋਗਾਂ ਤੋਂ ਪ੍ਰਾਪਤ ਹੋਣ ਵਾਲੀਆਂ ਤ੍ਰਿਪਤੀਆਂ ਵਿੱਚੋਂ ਲਿੰਗ-ਸੰਜੋਗ ਤੋਂ ਪ੍ਰਾਪਤ ਹੋਣ ਵਾਲੀ ਤ੍ਰਿਪਤੀ ਸਭ ਤੋਂ ਵੱਧ ਤੀਖਣ ਹੈ । ਇਨ੍ਹਾਂ ਤ੍ਰਿਪਤੀਆਂ ਦਾ ਸਦਕਾ ਮਨੁੱਖੀ ਮਨ ਵਿਕਾਸ ਕਰਨ ਦੀ ਥਾਂ ਅਧੋਗਤੀ ਵੱਲ ਜਾਂਦਾ ਹੈ । ਉਸ ਵਿਚ ਸੁਆਰਥ (ਭੈ ਅਤੇ ਸੁੱਖ-ਸਨੇਹ) ਵਧਦਾ ਹੈ; ਵਿਅਕਤੀਗਤ ਹੋਂਦ ਦੀ ਚੇਤਨਾ ਤੀਬਰ ਹੁੰਦੀ ਹੈ; ਚੌਗਿਰਦੇ ਨਾਲ ਸੁਆਰਥੀ ਸੰਬੰਧ ਉਪਜਦੇ ਹਨ; ਸੰਘਰਸ਼ ਵਿਚ ਵਿਸ਼ਵਾਸ ਪੱਕਾ ਹੁੰਦਾ ਹੈ; ਸੰਸਾਰਕ ਪ੍ਰਾਪਤੀਆਂ ਚੰਗਿਆਈ ਦਾ ਨਾਪ-ਤੋਲ ਜਾਂ ਮਾਨ-ਦੰਡ ਬਣ ਜਾਂਦੀਆਂ ਹਨ; ਅਕਲ ਇਸ ਪ੍ਰਕਾਰ ਦੀ ਜੀਵਨ-ਜਾਚ ਦੀ ਸੇਵਾ ਵਿਚ ਲੱਗ ਕੇ ਮੈਲੀ ਹੋ ਜਾਂਦੀ ਹੈ ।

ਤਾਂ ਵੀ ਇਹ ਤ੍ਰਿਪਤੀਆਂ ਜ਼ਰੂਰੀ ਹਨ ਕਿਉਂਕਿ ਇਨ੍ਹਾਂ ਨਾਲ ਜੀਵ ਦੀ ਰੱਖਿਆ ਹੁੰਦੀ ਹੈ ਅਤੇ ਜਗਤ ਦੀ ਉਤਪੱਤੀ ਦਾ ਕਾਰਜ ਸਿਰੇ ਚੜ੍ਹਦਾ ਹੈ । ਇਹ ਜਗਤ ਕੇਵਲ ਜਨਮ-ਮਰਨ ਲਈ ਹੀ ਨਹੀਂ ਉਪਜਿਆ ਸਗੋਂ ਵਿਕਸਣ ਲਈ ਉਪਜਿਆ ਹੈ । ਕੇਵਲ ਉਤਪੱਤੀ ਅਤੇ ਰੱਖਿਆ ਇਸਦਾ ਵਿਕਾਸ ਨਹੀਂ ਕਰ ਸਕਦੇ । ਵਿਕਾਸ ਦੀ ਗੱਲ ਦੂਰ ਹੈ । ਉਤਪੱਤੀ ਅਤੇ ਰੱਖਿਆ ਦੇ ਨਾਲ ਨਾਲ ਜਦੋਂ ਸੁੱਖ-ਸਨੇਹ ਦੀ ਲਾਲਸਾ ਵੀ ਉਪਜ ਪੈਂਦੀ ਹੈ ਤਾਂ ਅਧੋਗਤੀ ਅਤੇ ਵਿਨਾਸ ਦੀ ਸੰਭਾਵਨਾ ਵਧੇਰੇ ਪਰਬਲ ਹੋ ਜਾਂਦੀ ਹੈ। ਇਸ ਸੰਭਾਵਨਾ ਨੂੰ ਸਾਕਾਰ ਹੋਣ ਤੋਂ ਰੋਕਣ ਲਈ ਕੁਦਰਤ ਵਿਚ ਸਾਧਨ ਮੌਜੂਦ ਹਨ ਅਤੇ ਮਨੁੱਖ ਦੇ ਹਿਤੂਆਂ ਨੂੰ ਉਨ੍ਹਾਂ ਸਾਧਨਾਂ ਦੀ ਸੁਯੋਗ ਵਰਤੋਂ ਕਰਨ ਦੇ ਤਰੀਕੇ ਵੀ ਮਾਲੂਮ ਹਨ ।

ਮਨੁੱਖੀ ਮਨ ਵਿਚ ਪਰਵਿਰਤੀਆਂ ਦੇ ਨਾਲ ਨਾਲ ਭਾਵ ਜਾਂ ਜਜ਼ਬੇ ਵੀ ਹੁੰਦੇ ਹਨ । ਜੀਵ ਆਪਣੀ ਰੱਖਿਆ ਦੇ ਚੇਤਨ ਜਤਨਾਂ ਨੂੰ ਅਭਿਆਸ ਰਾਹੀਂ ਨਿਰਯਤਨ ਕਿਰਿਆਵਾਂ ਵਿਚ ਵਟਾਈ ਜਾਂਦਾ ਹੈ । ਇਹ ਨਿਰਯਤਨ ਕਿਰਿਆਵਾਂ ਹੌਲੀ ਹੌਲੀ ਮਨ ਦਾ ਸੁਭਾ ਜਾਂ ਪਰਵਿਰਤੀਆਂ ਬਣ ਜਾਂਦੀਆਂ ਹਨ । ਨਵੀਆਂ ਪਰਿਸਥਿਤੀਆਂ ਵਿਚ ਜੀਵਨ ਲਈ ਨਵੇਂ ਖਤਰੇ ਉਪਜਦੇ ਹਨ। ਉਨ੍ਹਾਂ ਤੋਂ ਬਚਣ ਲਈ ਨਵੇਂ ਜਤਨ ਲੱਭਣੇ ਪੈਂਦੇ ਹਨ।

ਸਫਲ ਜਤਨਾਂ ਨੂੰ ਅਭਿਆਸ ਨਾਲ ਮੁੜ ਪਰਵਿਰਤੀ ਵਿਚ ਢਾਲਣਾ ਪੈਂਦਾ ਹੈ । ਹਰ ਚੇਤਨ ਜਤਨ ਜਦੋਂ ਪਰਵਿਰਤੀ ਬਣ ਜਾਂਦਾ ਹੈ ਉਦੋਂ ਉਹ ਅਕਲ ਜਾਂ ਬੁੱਧੀ ਦੀ ਸੀਮਾ ਤੋਂ ਪਰੇ ਚਲੇ ਜਾਂਦਾ ਹੈ । ਅਕਲ ਉਸਨੂੰ ਕਾਬੂ ਨਹੀਂ ਕਰ ਸਕਦੀ । ਪਰਵਿਰਤੀ ਬਣਨ ਤੋਂ ਪਹਿਲਾਂ ਇਹ ਚੇਤਨ ਜਤਨ ਭਾਵਾਂ ਜਾਂ ਜਜ਼ਬਿਆਂ ਦੀ ਸਟੇਜ ਵਿੱਚੋਂ ਲੰਘਦੇ ਹਨ । ਇਸ ਪੜਾ ਉੱਤੇ ਇਨ੍ਹਾਂ ਦਾ ਬੁੱਧੀ ਨਾਲ ਚੋਖਾ ਸੰਬੰਧ ਹੁੰਦਾ ਹੈ ਅਤੇ ਮਨੁੱਖੀ ਅਕਲ ਜਾਂ ਚੇਤਨਾ ਇਨ੍ਹਾਂ ਨੂੰ ਕੁੱਝ ਸੁਆਰ ਸ਼ਿੰਗਾਰ ਵੀ ਸਕਦੀ ਹੈ । ਕੋਈ ਚੇਤਨ ਜਤਨ ਪਹਿਲਾਂ ਸੋਚ ਸਮਝ ਕੇ ਦੁਹਰਾਇਆ ਜਾਂਦਾ ਹੈ । ਕਈ ਵੇਰ ਇਉਂ ਪਰਖਿਆ ਜਾਣ ਉੱਤੇ ਉਹ ਵਿਸ਼ਵਾਸ ਬਣ ਜਾਂਦਾ ਹੈ । ਇਸ ਅਵਸਥਾ ਵਿਚ ਉਸਦਾ ਬੌਧਿਕਤਾ ਨਾਲ ਡੂੰਘਾ ਸੰਬੰਧ ਹੁੰਦਾ ਹੈ । ਇਹੋ ਵਿਸ਼ਵਾਸ ਹੌਲੀ ਹੌਲੀ ਆਦਤ ਬਣ ਜਾਂਦਾ ਹੈ । ਆਦਤ ਬਣਨ ਪਿੱਛੋਂ ਸਾਡਾ ਚੇਤਨ ਜਤਨ ਬੌਧਿਕਤਾ ਨਾਲੋਂ ਆਪਣਾ ਸੰਬੰਧ ਤੋੜਨਾ ਅਰੰਭ ਕਰ ਦਿੰਦਾ ਹੈ । ਤਾਂ ਵੀ ਉਸ ਨੂੰ ਮੁੜ ਬੌਧਿਕਤਾ ਦੇ ਅਧਿਕਾਰ ਵਿਚ ਲੈ ਆਉਣਾ ਬਹੁਤਾ ਔਖਾ ਨਹੀਂ ਹੁੰਦਾ । ਆਦਤਾਂ ਜਦੋਂ ਭਾਵਾਂ ਜਾਂ ਜਜ਼ਬਿਆਂ ਵਿਚ ਬਦਲਣ ਲੱਗ ਪੈਂਦੀਆਂ ਹਨ ਤਾਂ ਬੁੱਧੀ ਦਾ ਟਾਕਰਾ ਕਰਨ ਅਤੇ ਉਸਨੂੰ ਆਪਣੇ ਅਧਿਕਾਰ ਵਿਚ ਤੋਰਨ ਦੀ ਰੁਚੀ ਧਾਰਨ ਕਰਨ ਲੱਗ ਪੈਂਦੀਆਂ ਹਨ । ਇਸ ਅਵਸਥਾ ਵਿਚ ਵੀ ਬੁੱਧੀ ਨਾਲ ਟਾਕਰਾ, ਮੁਕਾਬਲਾ ਜਾਂ ਸੰਘਰਸ਼ ਹੁੰਦਾ ਹੈ ਅਤੇ ਇਹ ਇਕ ਸੰਬੰਧ ਹੈ । ਭਾਵਾਂ ਦਾ ਪਰਵਿਰਤੀ ਵਿਚ ਬਦਲ ਜਾਣਾ ਅਕਲ ਨਾਲੋਂ ਰਿਸ਼ਤਾ ਤੋੜ ਕੇ ਆਪਣੇ ਆਪ ਵਿਚ ਸੁਤੰਤ੍ਰ ਸ਼ਕਤੀ ਬਣ ਜਾਣਾ ਹੈ ।

ਇਉਂ ਕਹਿਣ ਤੋਂ ਮੇਰਾ ਭਾਵ ਇਹ ਨਹੀਂ ਕਿ ਮਨੁੱਖੀ ਅਕਲ ਸ੍ਰੇਸ਼ਟ ਵਸਤੂ ਹੈ ਅਤੇ ਭਾਵ ਜਾਂ ਪਰਵਿਰਤੀਆਂ ਅਧਮ ਅਤੇ ਘਟੀਆ ਹਨ । ਇਥੇ ਮੈਂ ਇਨ੍ਹਾਂ ਦੇ ਆਪਸੀ ਰਿਸ਼ਤੇ ਦੀ ਗੱਲ ਕਰ ਰਿਹਾ ਹਾਂ । ਅਕਲ, ਵਿਸ਼ਵਾਸ, ਆਦਤ, ਭਾਵ ਅਤੇ ਪਰਵਿਰਤੀ ਸਾਰੀਆਂ ਮਨੁੱਖੀ ਮਨ ਦੀਆਂ ਸ਼ਕਤੀਆਂ ਹਨ ਅਤੇ ਸਾਰੀਆਂ ਸ੍ਵੈ-ਰੱਖਿਆ ਦੇ ਸੰਘਰਸ਼ ਵਿਚ ਵਰਤੇ ਜਾਣ ਵਾਲੇ ਹੱਥਕੰਡੇ ਅਤੇ ਹਥਿਆਰ ਹਨ । ਇਹ ਸ੍ਵੈ-ਰੱਖਿਆ ਦੇ ਸੰਘਰਸ਼ ਦੀ ਉਪਜ ਹਨ । ਜੀਵ ਵਿਚਲੀ ਮੁਢਲੀ ਚੇਤਨਾ ਸ੍ਵੈ-ਰੱਖਿਆ ਦੀ ਉਪਜ ਨਹੀਂ । ਉਸਦਾ ਸਿੱਧਾ ਸੰਬੰਧ ਕਿਸੇ ਵਿਸ਼੍ਵ-ਚੇਤਨਾ ਨਾਲ ਹੈ । ਇਹ ਮੁਢਲੀ ਚੇਤਨਾ ਜਦੋਂ ਇਕ ਤੋਂ ਅਨੇਕ ਹੋ ਜਾਂਦੀ ਹੈ ਉਦੋਂ ਇਸ ਵਿਚ ਵਿਅਕਤੀਗਤ ਹੋਂਦ ਦੀ ਚੇਤਨਾ ਅਤੇ ਇਸ ਵਿਅਕਤੀਗਤ ਹੋਂਦ ਨੂੰ ਬਣਾਈ ਰੱਖਣ ਦੀ ਲਗਨ ਉਪਜ ਪੈਂਦੀ ਹੈ । ਇਹ ਲਗਨ ਹੀ ਚੇਤਨਾ ਵਿਚ ਵਿਸ਼ਵਾਸ, ਭਾਵ, ਬੁੱਧੀ ਅਤੇ ਪਰਵਿਰਤੀ ਆਦਿਕ ਦੀਆਂ ਘਾੜਤਾਂ ਘੜਦੀ ਹੈ । ਚੇਤਨਾ ਦੀਆਂ ਇਹ ਘਾੜਤਾਂ ਅਤੇ ਘਾੜਤਾਂ ਦੀ ਵਰਤੋਂ ਸ੍ਵੈ-ਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਸਹੀ ਅਤੇ ਸਫਲ ਹੁੰਦਿਆਂ ਹੋਇਆਂ ਵੀ ਮਾਨਸਿਕ ਵਿਕਾਸ ਦੇ ਦ੍ਰਿਸ਼ਟੀਕੋਣ ਤੋਂ ਹਾਨੀਕਾਰਕ ਹੋ ਸਕਦੀ ਹੈ । ਇਸ ਲਈ ਅਕਲ, ਆਦਤ, ਵਿਸ਼ਵਾਸ, ਭਾਵ ਅਤੇ ਪਰਵਿਰਤੀ ਚੰਗੇ ਵੀ ਹੋ ਸਕਦੇ ਹਨ ਅਤੇ ਬੁਰੇ ਵੀ । ਜਿਨ੍ਹਾਂ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਮਨੁੱਖੀ ਮਨ ਮੋਕਸ਼ ਦੀ ਅਵਸਥਾ ਵਿਚ ਵਿਕਸਣ ਦੇ ਮਨੋਰਥ ਨਾਲ ਹੋਂਦ ਵਿਚ ਆਇਆ ਹੈ ਅਤੇ ਇਹ ਵਿਕਾਸ ਕਿਸੇ ਜੀਵਨ-ਜੁਗਤੀ ਦੀ ਉਪਜ ਹੈ ਉਨ੍ਹਾਂ ਨੇ ਮਨੁੱਖੀ ਚੇਤਨਾ ਦੀਆਂ ਵੱਖ ਵੱਖ ਘਾੜਤਾਂ ਦਾ ਅਧਿਅਨ

ਕਰ ਕੇ ਇਹ ਦੱਸਿਆ ਹੈ ਕਿ ਕਿਹੜੀਆਂ ਕਿਹੜੀਆਂ ਘਾੜਤਾਂ ਵਿਕਾਸ ਵਿਚ ਸਹਾਇਤਾ ਕਰਦੀਆਂ ਹਨ ਅਤੇ ਕਿਹੜੀਆਂ ਰੁਕਾਵਟ ਪਾਉਂਦੀਆਂ ਹਨ। ਮਨੁੱਖੀ ਮਨ ਦੇ ਮੋਕਸ਼-ਮੁਖੀ ਵਿਕਾਸ ਵਿਚ ਸਹਾਈ ਹੋਣ ਵਾਲੀਆਂ ਮਾਨਸਿਕ ਘਾੜਤਾਂ ਨੂੰ ਉਨ੍ਹਾਂ ਨੇ ਚੰਗੀਆਂ ਅਤੇ ਵਿਰੋਧ ਕਰਨ ਵਾਲੀਆਂ ਨੂੰ ਮਾੜੀਆਂ ਆਖਿਆ ਹੈ। ਇਉਂ ਅਕਲ ਮਾੜੀ ਵੀ ਹੈ ਅਤੇ ਚੰਗੀ ਵੀ; ਵਿਸ਼ਵਾਸ ਗ਼ਲਤ ਵੀ ਹਨ ਠੀਕ ਵੀ; ਆਦਤਾਂ ਸੁਹਣੀਆਂ ਵੀ ਹਨ ਅਤੇ ਭੈੜੀਆਂ ਵੀ; ਜਜ਼ਬੇ ਕੋਮਲ ਵੀ ਹਨ ਅਤੇ ਕਠੋਰ ਵੀ; ਪਰਵਿਰਤੀਆਂ ਪਾਸ਼ਵਿਕ ਵੀ ਹਨ ਅਤੇ ਦੈਵੀ ਵੀ। ਉਨ੍ਹਾਂ ਦਾ ਸੁਨੇਹਾ ਇਹ ਹੈ ਕਿ ਵਿਕਾਸ ਦੇ ਮਨੋਰਥ ਦਾ ਗਿਆਨ ਰੱਖਣ ਵਾਲੀ ਬੁੱਧੀ ਦੀ ਅਗਵਾਈ ਵਿਚ ਬਣੇ ਠੀਕ ਵਿਸ਼ਵਾਸ, ਸੁਹਣੀਆਂ ਆਦਤਾਂ, ਕੋਮਲ ਭਾਵ ਅਤੇ ਦੈਵੀ ਪਰਵਿਰਤੀਆਂ ਵਿਅਕਤੀ ਨੂੰ ਮੋਕਸ਼ ਅਤੇ ਸਪਸ਼ਟੀ ਨੂੰ ਸਾਂਝੀਵਾਲਤਾ ਵਿਚ ਪੁਚਾ ਸਕਦੀਆਂ ਸਨ।

ਆਦਰਸ਼ ਦੀ ਸੋਝੀ, ਵਿਸ਼ਵਾਸਾਂ ਦੀ ਉਤਪੱਤੀ ਅਤੇ ਭਾਵਾਂ ਦੀ ਕੋਮਲਤਾ ਜੀਵਨ ਜਾਚ ਦਾ ਹਿੱਸਾ ਹੋਣੀ ਚਾਹੀਦੀ ਹੈ। ਜਿਸ ਜੀਵਨ ਦੀ ਮੂਲ ਪ੍ਰੇਰਣਾ ਸ੍ਵੈ-ਰੱਖਿਆ ਦਾ ਸੰਘਰਸ਼ ਹੋਵੇ ਉਸ ਜੀਵਨ ਦੀ ਜਾਚ ਉੱਚੇ ਆਦਰਸ਼, ਸੁੱਚੇ ਵਿਸ਼ਵਾਸ ਅਤੇ ਕੋਮਲ ਭਾਵ ਨਹੀਂ ਉਪਜਾ ਸਕਦੀ। ਇਹ ਕੰਮ ਜੀਵਨ ਦੇ ਸਨੇਹੀਆਂ ਦੁਆਰਾ ਕੀਤਾ ਜਾਂਦਾ ਹੈ ਅਤੇ ਕਈ ਪਰਕਾਰ ਦੀਆਂ ਕੋਮਲ ਕਲਾਵਾਂ ਦੇ ਰੂਪ ਵਿਚ ਜੀਵਨ ਦੀ ਸੇਵਾ, ਸਹਾਇਤਾ ਅਤੇ ਅਗਵਾਈ ਕਰਦਾ ਹੈ। ਖਿਮਾਂ, ਸੱਚ, ਸਹਿਯੋਗ, ਦਇਆ, ਮਿਤ੍ਰਤਾ, ਭ੍ਰਾਤ੍ਰੀ, ਤਿਆਗ, ਸਹਾਇਤਾ, ਨਿਮ੍ਰਤਾ, ਨਿਸ਼ਕਾਮਤਾ, ਉਦਾਰਤਾ ਅਤੇ ਸੰਤੋਖ ਆਦਿਕ ਦੇ ਸੁੰਦਰ ਭਾਵਾਂ ਨੂੰ ਉਪਜਾਉਣ ਅਤੇ ਵਿਕਸਾਉਣ ਵਾਲੀ ਅਤੇ ਸੁਆਰਥ, ਹਉਮੈ, ਕਠੋਰਤਾ, ਗ੍ਰਿਹਣ, ਘਿਰਣਾ, ਈਰਖਾ ਅਤੇ ਹਿੰਸਾ ਦੇ ਕੋੜੇ ਭਾਵਾਂ ਅਤੇ ਪਰਵਿਰਤੀਆਂ ਵਲੋਂ ਵਰਜਣ ਵਾਲੀ ਕਲਾ ਮਨੁੱਖੀ ਮਨ ਦਾ ਸੰਸਕਾਰ ਕਰਦੀ ਹੈ। ਮਨ ਦੀ ਦੁਨੀਆਂ ਅਜੇਹੀ ਹੈ ਕਿ ਇਥੇ ਪਰਵਿਰਤੀ, ਭਾਵ ਵਿਸ਼ਵਾਸ ਅਤੇ ਵਿਚਾਰ ਆਦਿਕ ਵਿਚ ਨਿਸਚਿਤ ਲਕੀਰਾਂ ਅਤੇ ਹੱਦ ਬੰਦੀਆਂ ਨਹੀਂ ਖਿੱਚੀਆਂ ਜਾ ਸਕਦੀਆਂ। ਇਹ ਸਭ ਕੁੱਝ ਆਪੋ ਵਿਚ ਰਲਦਾ ਮਿਲਦਾ ਰਹਿੰਦਾ ਹੈ। ਤਾਂ ਵੀ ਇਹ ਕਹਿਣਾ ਗ਼ਲਤ ਨਹੀਂ ਕਿ ਮਨੁੱਖ ਦੀਆਂ ਕੋਮਲ ਕਲਾਵਾਂ ਮਨੁੱਖੀ ਮਨ ਦੀ ਭਾਵ-ਤ੍ਰਿਪਤੀ ਅਤੇ ਭਾਵ-ਸੰਸਕਾਰ ਦੇ ਧਰਮ ਅਤੇ ਮਨੋਰਥ ਨਾਲ ਹੋਂਦ ਵਿਚ ਆਈਆਂ ਹਨ। ਕਲਾਵਾਂ ਮਨੁੱਖ ਦਾ ਭਾਵ-ਭੁਗਤ ਜਾਂ ਜਜ਼ਬਾਤੀ ਭੋਜਨ ਹਨ। ਇਨ੍ਹਾਂ ਨਾਲ ਮਨੁੱਖੀ ਜਜ਼ਬਿਆਂ ਨੂੰ ਤ੍ਰਿਪਤੀ ਅਤੇ ਕੋਮਲਤਾ ਮਿਲਦੀ ਹੈ।

ਭਾਵ ਅਤੇ ਬੁੱਧੀ ਮਨੁੱਖੀ ਮਨ ਦੀਆਂ ਦੋ ਅਜੇਹੀਆਂ ਚੇਤਨਾਵਾਂ ਹਨ ਜਿਨ੍ਹਾਂ ਦੀ ਸ਼ਕਤੀ ਇਕ ਦੂਜੀ ਦੇ ਬਰਾਬਰ ਹੁੰਦੀ ਹੈ ਅਤੇ ਇਕ ਦੂਜੀ ਉੱਤੇ ਪ੍ਰਭਾਵ ਵੀ ਪਾਉਂਦੀ ਹੈ। ਇਸੇ ਗੱਲ ਨੂੰ ਮੈਂ ਇਉਂ ਵੀ ਆਖਿਆ ਸੀ ਕਿ ਜਜ਼ਬੇ ਬੁੱਧੀ ਨੂੰ ਆਪਣੇ ਅਧੀਨ ਤੋਰਨ ਦੀ ਰੁਚੀ ਰੱਖਦੇ ਹਨ। ਵਿਸ਼ਵਾਸ, ਬੁੱਧੀ ਜਿੰਨੇ ਪਰਬਲ ਨਹੀਂ ਹੁੰਦੇ ਜਿਸ ਕਰਕੇ ਬੋਧਕ ਪ੍ਰੇਰਣਾ ਮਨੁੱਖੀ ਵਿਸ਼ਵਾਸਾਂ ਨੂੰ ਸਦਾ ਡੁਲਾਉਂਦੀ ਰਹਿੰਦੀ ਹੈ। ਚਤੁਰ ਲੋਕ ਮਨੁੱਖੀ ਵਿਸ਼ਵਾਸਾਂ ਨੂੰ ਪਕਿਆਂ ਕਰਨ ਲਈ ਉਨ੍ਹਾਂ ਨੂੰ ਭਾਵਾਂ ਜਾਂ ਜਜ਼ਬਿਆਂ ਨਾਲ ਓਤਪੋਤ ਕਰਨ

ਦਾ ਜਤਨ ਕਰਦੇ ਹਨ। ਇਉਂ ਕਰਨਾ ਔਖਾ ਨਹੀਂ ਹੁੰਦਾ ਕਿਉਂਕਿ ਦੋਵੇਂ ਚੇਤਨਾਵਾਂ ਇਕੋ ਮਨ ਵਿਚ ਬਹੁਤ ਹੀ ਕੋਲ ਕੋਲ ਵਸਦੀਆਂ ਹਨ । ਕੱਚੇ ਪਿੱਲੇ ਵਿਸ਼ਵਾਸਾਂ ਨੂੰ ਜਜ਼ਬਿਆਂ ਦੇ ਰੰਗਦਾਰ ਪ੍ਰਕਾਸ਼ ਵਿਚ ਵੇਖਣ ਵਾਲੇ ਆਦਮੀ ਕੱਟੜਤਾ, ਤਅੱਸੁਬ, ਧਾਰਮਕ ਪਖਪਾਤ, ਅੱਤਵਾਦ, ਘਿਰਣਾ ਅਤੇ ਹਿੰਸਾ ਦੇ ਰੋਗੀ ਹੋ ਜਾਣ ਦੀ ਰੁਚੀ ਰੱਖਦੇ ਹਨ। ਵਿਸ਼ਵਾਸਾਂ ਨੂੰ ਬੁੱਧੀ ਨਾਲੋਂ ਨਿਖੇੜਨਾ ਮਨੁੱਖਤਾ ਦੇ ਭਲੇ ਦੀ ਗੱਲ ਨਹੀਂ। ਇਨ੍ਹਾਂ ਦੇ ਸੰਬਧ ਵਿਚ ਮਨੁੱਖੀ ਅਕਲ ਨੂੰ ਇਨ੍ਹਾਂ ਦੀ ਖੁਲ੍ਹੀ ਆਲੋਚਨਾ ਕਰਨ ਦਾ ਅਧਿਕਾਰ ਜਾਂ ਅਵਸਰ ਦਿੱਤਾ ਜਾਣਾ ਜ਼ਰੂਰੀ ਹੈ। ਜਜ਼ਬਿਆਂ ਦੀ ਸ਼ਰਨ ਪਏ ਹੋਏ ਵਿਸ਼ਵਾਸ ਬੋਧਕ ਆਲੋਚਨਾ ਦੀ ਕਸਰਤ ਅਤੇ ਕਾਂਟ ਛਾਟ ਤੋਂ ਵੰਚਿਤ ਹੋ ਕੇ ਵਿਕਸਣੋਂ ਰੁਕ ਜਾਂਦੇ ਹਨ।

ਵਿਸ਼ਵਾਸਾਂ ਦੀ ਗੱਲ ਨੂੰ ਕਿਸੇ ਦੂਜੇ ਸਮੇਂ ਲਈ ਛੱਡ ਕੇ ਭਾਵਾਂ ਦੀ ਗੱਲ ਕਰਦਾ ਹਾਂ। ਇਹ ਬੁਧੀ ਦੇ ਸਿੱਧੇ ਅਤੇ ਸ਼ਕਤੀਸ਼ਾਲੀ ਵਿਰੋਧੀ ਹੋਣ ਕਰਕੇ ਇਉਂ ਸਵਾਰੇ, ਸ਼ਿੰਗਾਰੇ, ਸਿਖਾਏ ਅਤੇ ਨਰਮਾਏ ਜਾਣੇ ਚਾਹੀਦੇ ਹਨ ਕਿ ਆਪਣੇ ਬਲ ਨਾਲ ਜੇ ਬੁੱਧੀ ਨੂੰ ਆਪਣੇ ਅਧੀਨ ਵੀ ਕਰ ਲੈਣ ਤਾਂ ਵੀ ਕੋਈ ਉਪੱਦਰ ਨ ਹੋਵੇ। ਸੁੰਦਰ ਅਤੇ ਕੋਮਲ ਜਜ਼ਬੇ ਬੁੱਧੀ ਨੂੰ ਅਧੀਨ ਕਰਨ ਦਾ ਜਤਨ ਕਰਦੇ ਹੀ ਨਹੀਂ; ਸਗੋਂ ਇਸਦੇ ਸਹਿਯੋਗੀ ਬਣ ਜਾਂਦੇ ਹਨ। ਜਿਹੜੀ ਕਲਾ ਮਨੁੱਖੀ ਭਾਵਾਂ ਨੂੰ ਪਵਿਤ੍ਰ, ਕੋਮਲ ਅਤੇ ਸੁੰਦਰ ਬਣਾਉਂਦੀ ਹੈ ਉਹ ਮਨੁੱਖ ਦੀ ਬੁੱਧੀ ਨੂੰ ਵੀ ਬਲਵਾਨ ਕਰਦੀ ਹੈ ਚਾਹੇ ਉਸ ਵਿਚ ਬੋਧਕ ਅੰਸ਼ ਦੀ ਉਸਾਰੀ ਦਾ ਉਚੇਚ ਕੀਤਾ ਗਿਆ ਹੋਵੇ ਚਾਹੇ ਨਾ। ਇਸਦੇ ਉਲਟ ਉਹ ਕਲਾ ਜਿਹੜੀ ਮਨੁੱਖੀ ਅਕਲ ਨੂੰ ਸਾਣੇ ਚਾੜ੍ਹਦੀ ਹੋਈ ਉਸਦੇ ਭਾਵਾਂ ਦੀ ਪਵਿਤ੍ਰਤਾ, ਕੋਮਲਤਾ ਅਤੇ ਸੁੰਦਰਤਾ ਵੱਲ ਧਿਆਨ ਨਹੀਂ ਦਿੰਦੀ ਉਹ ਅੰਤ ਵਿਚ ਉਵੇਂ ਹੀ ਮਨੁੱਖਤਾ ਲਈ ਹਾਨੀਕਾਰਕ ਸਾਬਤ ਹੁੰਦੀ ਹੈ ਜਿਵੇਂ ਅਠਾਰ੍ਹਵੀਂ ਅਤੇ ਉੱਨੀਵੀਂ ਸਦੀ ਦੇ ਜਰਮਨ ਫਿਲਾਸਫਰਾਂ, ਵਿਚਾਰਵਾਨਾਂ ਅਤੇ ਕਲਾਕਾਰਾਂ ਦੀਆਂ ਕਿਰਤਾਂ ਵੀਹਵੀਂ ਸਦੀ ਦੇ ਯੌਰਪ ਲਈ ਵਿਸ਼ੇਸ਼ ਕਰਕੇ, ਅਤੇ ਸਾਰੀ ਦੁਨੀਆਂ ਲਈ ਆਮ ਕਰਕੇ ਹਾਨੀਕਾਰਕ ਸਾਬਤ ਹੋਈਆਂ ਸਨ। ਜਰਮਨ ਲੋਕਾਂ ਵਿਚ ਆਪਣੇ ਆਪ ਨੂੰ ਵਧੀਆ ਸਮਝਣ ਦਾ ਝੱਲ ਪੈਦਾ ਕਰ ਕੇ ਜਰਮਨੀ ਦੇ ਸਿਆਣਿਆਂ ਨੇ ਸੰਸਾਰ ਨੂੰ ਦੋ ਵੱਡੀਆਂ ਜੰਗਾਂ ਦੀ ਪੀੜ ਦੇਣ ਦੀ ਭੁੱਲ ਕੀਤੀ ਹੈ।

ਭਾਵਾਂ ਅਤੇ ਪਰਵਿਰਤੀਆਂ ਵਿਚਲੇ ਅੰਤਰ ਵੱਲੋਂ ਬੇ-ਧਿਆਨ ਹੋ ਕੇ ਵੀ ਕਲਾਵਾਂ ਆਪਣੇ ਧਰਮ ਤੋਂ ਡਿਗ ਪੈਂਦੀਆਂ ਹਨ। ਪਰਵਿਰਤੀਆਂ ਬਾਰੇ ਤਿੰਨ ਸੱਚ ਚੇਤੇ ਰੱਖਣ ਵਾਲੇ ਹਨ; (1) ਇਹ ਅਕਲ ਦੀ ਪਕੜ ਤੋਂ ਪਰੇ ਹਨ, (2) ਇਹ ਮਨੁੱਖੀ ਕਰਮ ਉੱਤੇ ਭਾਰੂ ਹਨ, (ਮਨੁੱਖ ਜਦੋਂ ਸੋਚ ਸਮਝ ਕੇ ਕੰਮ ਕਰ ਰਿਹਾ ਪਰਤੀਤ ਹੁੰਦਾ ਹੈ ਉਦੋਂ ਵੀ ਅੰਦਰ-ਖਾਤੇ ਪਰਵਿਰਤੀ ਹੀ ਸਾਰੀ ਖੇਡ ਨੂੰ ਰੂਪ ਦੇ ਰਹੀ ਹੁੰਦੀ ਹੈ) ਅਤੇ (3) ਸਾਰੀਆਂ ਪ੍ਰਵਿਰਤੀਆਂ ਸ੍ਵੈ-ਰੱਖਿਆ ਅਤੇ ਸੰਤਾਨ ਉਤਪੱਤੀ ਦੀ ਉਪਜ ਹੋਣ ਕਰਕੇ ਸੁਆਰਥ ਅਤੇ ਲਿੰਗ-ਸੰਜੋਗ ਵੱਲ ਪ੍ਰੇਰਿਤ ਕਰਦੀਆਂ ਹਨ। ਕੇਵਲ ਮਮਤਾ ਹੀ ਇਕ ਅਜੇਹੀ ਪਰਵਿਰਤੀ ਹੈ ਜਿਹੜੀ ਤਿਆਗ ਦੇ ਭਾਵ ਨਾਲ ਮਿਲ ਕੇ ਦਇਆ ਵਿਚ ਅਤੇ ਦਇਆ ਵਿੱਚੋਂ ਸੰਤੋਖ ਵਿਚ ਵਿਕਸ ਸਕਦੀ ਹੈ। ਇਸ ਲਈ ਜਿਹੜੀ ਕਲਾ ਮਨੁੱਖੀ ਭਾਵਾਂ ਦੀ ਕੋਮਲਤਾ, ਪਵਿਤ੍ਰਤਾ ਅਤੇ ਸੁੰਦਰਤਾ

ਨੂੰ ਆਪਣਾ ਮਨੋਰਥ ਨਹੀਂ ਮੰਨਦੀ, ਜਿਹੜੀ ਕਲਾ ਮਨੁੱਖੀ ਮਨ ਨੂੰ ਨਿਰਲੇਪਤਾ ਅਤੇ ਨਿਸ਼ਕਾਮਤਾ ਵੱਲ ਨਹੀਂ ਲਿਜਾਂਦੀ ਅਤੇ ਜਿਹੜੀ ਕਲਾ ਮਨੁੱਖ ਦੇ ਵਿਅਕਤੀਗਤ ਵਿਕਾਸ ਦੇ ਮਨੋਰਥ ਨੂੰ ਅੱਖੋਂ ਉਹਲੇ ਕਰਦੀ ਹੈ ਉਹ ਛੇਤੀ ਹੀ ਲਿੰਗ-ਸੰਜੋਗ ਦੀ ਇੱਛਾ ਨੂੰ ਉਭਾਰਨ ਦਾ ਇਕ ਸਾਧਨ ਮਾਤ੍ਰ ਬਣ ਜਾਂਦੀ ਹੈ; ਬਾਲਮੀਕ ਅਤੇ ਤੁਲਸੀ ਦੇ ਜਾਣੂ ਪਛਾਣੂ ਭਾਰਤੀ ਕਾਵਿ ਪਰੰਪਰਾ ਦੇ ਮੱਥੇ ਉੱਤੇ ਰੀਤੀ-ਕਾਵਿ ਦਾ ਕਲੰਕ ਲਾ ਦਿੰਦੇ ਹਨ; ਬੁੱਧ ਦੇ ਹਿਰਦੇ ਵਿਚਲੀ ਕੋਮਲਤਾ ਅਤੇ ਸੁੰਦਰਤਾ ਨੂੰ ਪੱਥਰਾਂ ਵਿਚ ਸਾਕਾਰ ਕਰਨ ਵਾਲਿਆਂ ਦੇ ਪੁੱਤ ਪੋਤਰੇ ਮਨੁੱਖ ਦੇ ਪਸ਼ੂਪੁਣੇ ਨਾਲ ਖਾਜੂਰਾਹੋ ਦੇ ਪੱਥਰਾਂ ਨੂੰ ਵੀ ਸ਼ਰਮਸਾਰ ਕਰ ਦਿੰਦੇ ਹਨ। ਜਿੱਥੇ ਉਹ ਕਲਾ ਬੇ-ਮੁਹਾਰ ਪਸ਼ੂ ਵਾਂਗ ਪਸ਼ੂਪੁਣੇ ਦੀ ਸੇਧੇ ਨਹੀਂ ਤੁਰਦੀ ਉੱਥੇ ਉਹ ਪੂੰਜੀਵਾਦ, ਸਮਾਜਵਾਦ, ਰਾਸ਼ਟਰਵਾਦ, ਦੇਸ਼-ਭਗਤੀ, ਜਮਹੂਰੀਅਤ, ਪ੍ਰਗਤੀਵਾਦ ਅਤੇ ਹੋਰ ਕਈ ਪ੍ਰਕਾਰ ਦੇ ਸਰਕਾਰੀ ਅਤੇ ਗੈਰ ਸਰਕਾਰੀ ਮਜ਼ਹਬਾਂ ਦਾ ਪਰਚਾਰ ਕਰਨ ਲੱਗ ਪੈਂਦੀ ਹੈ ਜਿਹੜਾ ਪਹਿਲੇ ਪਸ਼ੂਪੁਣੇ ਨਾਲੋਂ ਕਿਤੇ ਵੱਧ ਭਿਆਨਕ ਸਿੱਧ ਹੁੰਦਾ ਹੈ।

ਜਿਵੇਂ ਪਹਿਲਾਂ ਲਿਖ ਚੁਕਾ ਹਾਂ, ਕਲਾ ਦਾ ਸੰਬੰਧ ਮਨੁੱਖ ਦੀਆਂ ਦੋ ਗਿਆਨ ਇੰਦ੍ਰੀਆਂ ਅੱਖ ਅਤੇ ਕੰਨ ਨਾਲ ਹੈ। ਇਨ੍ਹਾਂ ਨੂੰ ਬਾਕੀ ਤਿੰਨਾਂ ਨਾਲੋਂ ਸ੍ਰੇਸ਼ਟ ਇੰਦ੍ਰੀਆਂ ਵੀ ਮੰਨਿਆਂ ਜਾਂਦਾ ਹੈ। ਚਿੱਤ੍ਰ-ਕਲਾ, ਮੂਰਤੀ ਕਲਾ, ਨ੍ਰਿਤ ਅਤੇ ਈਮਾਰਤੀ ਕਲਾ ਆਦਿਕ ਦਾ ਸੰਬੰਧ ਵੇਖਣ ਨਾਲ ਹੈ। ਇਨ੍ਹਾਂ ਵਿਚ ਕਾਗਜ਼, ਰੰਗ ਪੱਥਰ, ਲਕੜੀ, ਵਸਤ੍ਰ ਅਤੇ ਸ੍ਰੀਰਕ ਚੇਸ਼ਟਾ ਆਦਿਕ ਦੀ ਲੋੜ ਪੈਂਦੀ ਹੋਣ ਕਰਕੇ ਕਾਵਿ ਅਤੇ ਸੰਗੀਤ ਨੂੰ ਉੱਚਾ ਦਰਜਾ ਪ੍ਰਾਪਤ ਹੈ। ਨਾਟਕ ਦੀ ਕਲਾ ਨ੍ਰਿਤ ਦਾ ਹੀ ਇਕ ਵਿਕਸਿਤ ਰੂਪ ਹੈ। ਇਸ ਵਿਚ ਨ੍ਰਿਤ, ਕਾਵਿ ਅਤੇ ਚਿਤ੍ਰ ਆਦਿਕ ਕਈ ਕਲਾਵਾਂ ਦਾ ਮਿਸ਼ਰਣ ਹੁੰਦਾ ਹੈ। ਇਥੇ ਹਰ ਕਲਾ ਬਾਰੇ ਵਿਸਥਾਰ ਨਾਲ ਲਿਖਣ ਦੀ ਗੁੰਜਾਇਸ਼ ਨਹੀਂ। ਮੂਰਤੀ ਕਲਾ ਮਹਿੰਗੀ ਹੈ, ਬਹੁਤ ਸਮਾਂ ਮੰਗਦੀ ਹੈ; ਚਿੱਤਰ ਕਲਾ ਮਹਿੰਗੀ ਹੋਣ ਦੇ ਨਾਲ ਨਾਲ ਸੰਭਾਲਣੀ ਔਖੀ ਹੈ; ਨ੍ਰਿਤ ਕਲਾ ਹੈ ਹੀ ਪਤਨ ਮੁਖੀ; ਈਮਾਰਤੀ ਕਲਾ ਵੱਲੋਂ ਅੱਜ ਕੱਲ ਬਹੁਤ ਅਣਗਹਿਲੀ ਕੀਤੀ ਜਾਂਦੀ ਹੈ, ਅਤੇ ਪਿਛਲੇ ਸਮਿਆਂ ਵਿਚ ਵੀ ਇਹ ਦੇਵੀ-ਦੇਵਤਿਆਂ ਅਤੇ ਰਾਜਿਆਂ-ਸ਼ਹਿਨਸ਼ਾਹਾਂ ਨੂੰ ਛੱਡ ਕੇ ਜਨ-ਸਾਧਾਰਣ ਦੇ ਵਿਹੜੇ ਨਹੀਂ ਵੜੀ। ਇਸ ਲਈ ਕਾਵਿ ਅਤੇ ਸੰਗੀਤ ਦੋ ਅਜੇਹੀਆਂ ਕਲਾਵਾਂ ਹਨ ਜਿਨ੍ਹਾਂ ਨੇ ਦੁੱਖੀ ਜੀਵਨ ਨੂੰ ਦਿਲਾਸਾ ਦੇਣ ਦਾ ਕੰਮ ਕੀਤਾ ਹੈ।

ਦਇਆ, ਤਿਆਗ, ਨਿੰਮ੍ਰਤਾ, ਭ੍ਰਾਤ੍ਰੀ, ਮਿਤ੍ਰਤਾ, ਖਿਮਾਂ ਅਤੇ ਮਿਲਵਰਤਣ ਆਦਿਕ ਜਜ਼ਬਿਆਂ ਜਾਂ ਭਾਵਾਂ ਨੂੰ ਉਜਾਗਰ ਕਰਨ, ਤ੍ਰਿਪਤ ਕਰਨ ਅਤੇ ਉੱਤਮ ਸਿੱਧ ਕਰਨ ਵਾਲੀਆਂ ਕਲਾਵਾਂ ਸੰਸਾਰ ਵਿਚ ਸੁਖ, ਸੁੰਦ੍ਰਤਾ, ਸ਼ਾਂਤੀ ਅਤੇ ਸੁਹਿਰਦਤਾ ਵਧਾਉਂਦੀਆਂ ਹਨ। ਬਹਾਦਰੀ, ਸੰਘਰਸ਼, ਪਰਉਪਕਾਰ, ਦਾਨਵੀਰਤਾ, ਬਰਾਬਰੀ, ਅਧਿਕਾਰ, ਚੇਤਨਾ, ਅਤੇ ਸ੍ਵੈ-ਸੱਤ-ਵਾਦਿਤਾ ਜਾਂ ਕੱਟੜਤਾ ਦੇ ਰਜੋ ਗੁਣੀ ਭਾਵਾਂ ਨੂੰ ਆਦਰਸ਼ ਸਿੱਧ ਕਰਨ ਵਾਲੀ ਕਲਾ ਮਨੁੱਖੀ ਸਮਾਜਾਂ ਦੇ ਦੁੱਖ ਅਤੇ ਪਤਨ ਦਾ ਕਾਰਨ ਬਣਦੀ ਆ ਰਹੀ ਹੈ। ਇਹੋ ਭਾਵ ਆਰੰਭ ਵਿਚ ਕਿਸੇ ਕੌਮ, ਧਰਮ ਜਾਂ ਧੜੇ ਦੀ ਸ਼ਕਤੀ ਦਾ ਸੋਮਾਂ ਸਿੱਧ ਹੁੰਦੇ ਹਨ ਅਤੇ ਅੰਤ ਵਿਚ ਉਸਦੀ ਅਧੋਗਤੀ ਅਤੇ ਕਮਜ਼ੋਰੀ ਦਾ ਕਾਰਨ ਬਣ ਜਾਂਦੇ ਹਨ। ਇਹ ਵਿਅਕਤੀ-ਵਿਕਾਸ ਦਾ ਰਾਹ

ਰੋਕਦੇ ਹਨ ।

ਭਾਵ-ਤ੍ਰਿਪਤੀ ਅਤੇ ਭਾਵ-ਵਿਕਾਸ ਦਾ ਸਾਧਨ ਕੇਵਲ ਕਲਾ ਹੀ ਨਹੀਂ । ਜੀਵਨ ਦੇ ਜਿਸ ਭਾਗ ਵਿਚ ਪੁੱਜ ਕੇ ਜਾਂ ਜਿਹੜੀ ਉਮਰ ਵਿਚ, ਮਨੁੱਖ ਦਾ ਕਲਾ ਨਾਲ ਵਾਹ ਪੈਂਦਾ ਹੈ ਉਸ ਉਮਰ ਵਿਚ ਪੁੱਜਾ ਹੋਇਆ ਮਨੁੱਖ ਭਾਵ-ਵਿਕਾਸ ਦੀਆਂ ਸਾਰੀਆਂ ਸੰਭਾਵਨਾਵਾਂ, ਲੱਗਪਗ, ਸਾਕਾਰ ਕਰ ਚੁੱਕਾ ਹੁੰਦਾ ਹੈ । ਉਸ ਦਾ ਭਾਵ-ਸੰਤੁਲਨ ਨੀਅਤ ਹੋ ਚੁੱਕਾ ਹੁੰਦਾ ਹੈ । ਸੁੰਦਰਤਾ, ਕੋਮਲਤਾ ਅਤੇ ਪਵਿਤ੍ਰਤਾ ਦੀ ਕਾਲਪਨਿਕ ਤਸਵੀਰ ਉਸ ਦੇ ਮਨ ਵਿਚ ਬਣ ਚੁੱਕੀ ਹੁੰਦੀ ਹੈ । ਇਹ ਸਭ ਕਲਪਨਾਵਾਂ ਉਸਦੇ ਜੀਵਨ-ਅਨੁਭਵ ਦੀ ਦੇਣ ਹੁੰਦੀਆਂ ਹਨ । ਉਸ ਜੀਵਨ ਵਿਚ ਕਲਾ ਦਾ ਕੋਈ ਸੰਚਾਰ ਨਹੀਂ ਹੁੰਦਾ । ਤੰਗ ਘਰਾਂ ਵਿਚ ਰਹਿ ਕੇ, ਖਿਝੇ ਮਾਪਿਆਂ ਦੀ ਗੋਦ ਵਿਚ ਪਲ ਕੇ, ਸੜ੍ਹਾਂਦੀਆਂ ਗਲੀਆਂ ਵਿਚ ਖੇਡ ਕੇ, ਰੂੜੀਆਂ, ਪਥਕਣਾ, ਛਪੜਾਂ, ਚਿੱਕੜਾਂ ਨੂੰ ਕੁਦਰਤੀ ਸੁੰਦਰਤਾ ਦਾ ਮਾਨ ਦੰਡ ਮੰਨ ਕੇ, ਸ਼ਹਿਰ ਦੇ ਬਜ਼ਾਰਾਂ ਵਿਚ ਬਣੇ ਡਿਗੂੰ-ਡਿਗੂੰ ਕਰਦੇ ਸਕੂਲਾਂ ਵਿਚ ਆਪਣੀ ਹੋਂਦ ਤੋਂ ਸ਼ਰਮਸਾਰ ਅਧਿਆਪਕਾਂ ਕੋਲੋਂ ਪੜ੍ਹ ਕੇ ਪਵਿਤ੍ਰਤਾ ਅਤੇ ਕੋਮਲਤਾ ਦੀ ਗੱਲ ਕਰਨੀ ਅਸੰਭਵ ਹੈ । ਹਾਂ ਜੁਆਨੀ ਦਾ ਖੁਮਾਰ ਅਤੇ ਕਾਮ ਦਾ ਬੁਖ਼ਾਰ ਰਲ ਮਿਲ ਕੇ ਸੁੰਦਰਤਾ ਸੰਬੰਧੀ ਇਕ ਤਸਵੀਰ ਮਨੁੱਖੀ ਮਨ ਵਿਚ ਜ਼ਰੂਰ ਉਲੀਕ ਦਿੰਦੇ ਹਨ । ਇਸ ਤਸਵੀਰ ਵਿਚਲੀ ਸੁੰਦਰਤਾ ਜੀਵਨ ਦੇ ਕਿਸੇ ਆਦਰਸ਼ ਦੀ, ਜੀਵਨ ਦੀ ਕਿਸੇ ਜਾਚ ਦੀ, ਕਿਸੇ ਨੈਤਕਤਾ ਦੀ, ਕਿਸੇ ਸ਼ਿਸ਼ਟਾਚਾਰ, ਆਚਾਰ ਦੀ ਜਾਂ ਕਿਸੇ ਆਚਰਣ ਦੀ ਸੁੰਦਰਤਾ ਨਹੀਂ ਹੁੰਦੀ । ਇਹ ਕੇਵਲ ਇਸਤ੍ਰੀ-ਰੂਪ ਦੀ ਸੁੰਦਰਤਾ ਹੁੰਦੀ ਹੈ । ਇਥੋਂ ਤੱਕ ਕਿ ਇਸਤ੍ਰੀ-ਰੂਪ ਤੋਂ ਬਾਹਰ ਕਿਧਰੇ ਸੁੰਦਰਤਾ ਦੀ ਹੋਂਦ ਦੇ ਖਿਆਲ ਨੂੰ ਸਮਝ ਸਕਣ ਜੋਗੀ ਸੂਝ ਵੀ ਉਨ੍ਹਾਂ ਮਨਾਂ ਨੂੰ ਨਹੀਂ ਹੁੰਦੀ ਜਿਨ੍ਹਾਂ ਦਾ ਚੌਗਿਰਦਾ ਕਲਾ-ਕੌਸ਼ਲ ਤੋਂ ਸੱਖਣਾ ਹੁੰਦਾ ਹੈ । ਇਹੋ ਜਿਹਾ ਮਾਨਸਿਕ ਵਿਕਾਸ ਕੇਵਲ ਮਰਦਾਂ ਦਾ ਹੀ ਨਹੀਂ ਹੁੰਦਾ ਸਗੋਂ ਇਸਤ੍ਰੀਆਂ ਦਾ ਵੀ ਹੁੰਦਾ ਹੈ । ਉਨ੍ਹਾਂ ਲਈ ਵੀ ਸੁੰਦਰਤਾ ਕੇਵਲ ਸ੍ਰੀਰਕ ਅਰਥਾਂ ਵਿਚ ਹੀ ਕੋਈ ਹੋਂਦ ਰਖਦੀ ਹੈ ।

ਹੁਣ ਇਹ ਮਨ, ਜਿਹੜੇ ਜੋ ਬਣਨੇ ਸਨ ਬਣ ਚੁੱਕੇ ਹਨ, ਕਲਾ ਦੀ ਸਹਾਇਤਾ ਨਾਲ ਵਿਕਾਸ ਕਰਨ ਦੀ ਥਾਂ ਕਲਾ ਨੂੰ ਵਿਲਾਸ ਤੋਂ ਵੱਧ ਕੁਝ ਨਹੀਂ ਮੰਨ ਸਕਦੇ । ਉਹ ਕਲਾ ਜਿਹੜੀ ਵਿਲਾਸ ਨਹੀਂ, ਇਨ੍ਹਾਂ ਮਨਾਂ ਨੂੰ ਕਲਾ ਹੀ ਨਹੀਂ ਲਗਦੀ । ਇਨ੍ਹਾਂ ਲਈ ਕਲਾ ਅਤੇ ਵਿਲਾਸ ਇਕ-ਰੂਪ ਹੋ ਜਾਂਦੇ ਹਨ । ਕਲਾਕਾਰ ਵਿਲਾਸੀ ਅਤੇ ਵਿਲਾਸੀ ਕਲਾਕਾਰਾਂ ਦੀ ਕਲਾ ਨੂੰ ਮਾਣਨਹਾਰ ਵਿਲਾਸੀ ਹੋਣ ਕਰਕੇ ਵਿਲਾਸ ਨੂੰ ਹੀ ਸੌਂਦਰਯ ਅਤੇ ਆਨੰਦ ਮੰਨਿਆਂ ਜਾਣਾ ਕੋਈ ਅਣਹੋਣੀ ਗੱਲ ਨਹੀਂ । ਜਿੰਨਾ ਚਿਰ ਸਾਡੀ ਇਮਾਰਤੀ ਕਲਾ ਕਿਲ੍ਹਿਆਂ, ਮਕਬਰਿਆਂ, ਮੰਦਰਾਂ, ਮਸੀਤਾਂ, ਗਿਰਜਿਆਂ, ਗੁਰਦੁਆਰਿਆਂ ਅਤੇ ਮਹੱਲਾਂ ਵਿਚੋਂ ਨਿਕਲ ਕੇ ਸਾਡੇ ਘਰਾਂ, ਸਕੂਲਾਂ, ਪਾਰਕਾਂ ਵਿਚ ਸਫਾਈ, ਰੌਸ਼ਨੀ, ਖੁੱਲ੍ਹ, ਖੇੜਾ ਅਤੇ ਖੂਬਸੂਰਤੀ ਬਣ ਕੇ ਨਹੀਂ ਸਮਾਉਂਦੀ; ਜਿੰਨਾਂ ਚਿਰ ਸਾਡੀ ਚਿੱਤਰਕਲਾ ਗਿਣਤੀ ਮਿਣਤੀ ਦੇ ਸੋਭਾ ਸਿੰਘਾਂ ਦੇ ਬੁਰਸ਼ਾਂ, ਰੰਗਾਂ ਅਤੇ ਕਾਗਜ਼ਾਂ ਦੀ ਕੈਦ ਵਿਚੋਂ ਰਿਹਾਈ ਪਾ ਕੇ ਸਾਡੇ ਘਰਾਂ, ਸਕੂਲਾਂ ਦੀ ਸਜਾਵਟ ਵਿਚ ਸਾਡੇ ਗੁਰੂ ਕੁਲਾਂ ਦੇ ਕੁਦਰਤੀ ਚੌਗਿਰਦੇ ਦੀ

ਰਮਣੀਕਤਾ ਵਿਚ, ਸਾਡੇ ਬੱਚਿਆਂ ਦੀਆਂ ਕਿਤਾਬਾਂ ਦੀ ਰੌਚਕਤਾ ਵਿਚ ਨਹੀਂ ਬਦਲਦੀ; ਜਿੰਨਾ ਚਿਰ ਸਾਡੀ ਸੰਗੀਤ ਕਲਾ ਝਰਨਿਆਂ, ਹਵਾਵਾਂ ਦੇ ਖੜਾਕ ਅਤੇ ਮਾਤਾਵਾਂ, ਭੈਣਾਂ, ਵੀਰਾਂ, ਮਿਤ੍ਰਾਂ ਦੇ ਮਿੱਠੇ ਬੋਲਾਂ ਵਿਚੋਂ ਅਭੀਵਿਅਕਤ ਨਹੀਂ ਹੁੰਦੀ; ਜਿੰਨਾ ਚਿਰ ਸਾਡੀ ਕਾਵਿ-ਕਲਾ ਜ਼ੁਲਫਾਂ, ਘੁੰਗਟਾਂ, ਮੈ-ਖਾਨਿਆਂ, ਸੁਰਾਹੀਆਂ, ਅਦਾਵਾਂ, ਅੰਗੜਾਈਆਂ, ਬਣਾਉਟੀ ਬੇਵਫਾਈਆਂ ਦੀਆਂ ਖਿਆਲੀ ਪੀੜਾਂ ਅਤੇ ਮਿਹਣੇ ਬਾਜ਼ੀਆਂ ਵਿਚੋਂ ਨਿਕਲ ਕੇ ਮਾਂ ਦੀ ਲੋਰੀ ਵਿਚ ਨਹੀਂ ਪਰਵੇਸ਼ ਕਰਦੀ ਓਨਾ ਚਿਰ ਕਲਾ ਇਕ ਵਿਲਾਸ ਹੈ, ਪਰਵਿਰਤੀਆਂ ਦੀ ਤ੍ਰਿਪਤੀ ਲਈ ਕੀਤਾ ਗਿਆ ਪੰਚ ਇੰਦ੍ਰੀ ਵਿਸ਼ੈ ਭੋਗ ਹੈ, ਕਲਾਕਾਰ ਲਈ ਵੀ ਅਤੇ ਮਾਣਨਹਾਰ ਲਈ ਵੀ। ਇਸ ਕੋਲੋਂ ਭਾਵ-ਤ੍ਰਿਪਤੀ ਅਤੇ ਭਾਵ-ਵਿਕਾਸ ਦੀ ਆਸ ਨਹੀਂ ਕੀਤੀ ਜਾ ਸਕਦੀ। ਕਾਮ ਦਾ ਇਹ ਰੂਪ, ਭਾਵ, ਮਨੁੱਖੀ ਮਨ ਦੇ ਵਿਕਾਸ ਲਈ ਬਹੁਤ ਲੋੜੀਂਦਾ ਹੈ। ਇਹ ਪਸ਼ੂ ਨੂੰ ਸੁਹਣੇ ਮਨੁੱਖ ਵਿਚ ਵਟਾ ਦੇਣ ਦੀ ਸਮਰਥਾ ਰਖਦਾ ਹੈ। ਇਹ ਸਮਰਥਾ ਉਦੋਂ ਸਾਕਾਰ ਹੋਵੇਗੀ ਜਦੋਂ ਕਲਾ ਜੀਵਨ ਨਾਲ ਸਾਂਝ ਪਾ ਲਵੇਗੀ। ਹੁਣ ਤੱਕ ਤਾਂ 'ਕਲਾ ਜੀਵਨ ਲਈ' ਦੇ ਸਿਧਾਂਤ ਦਾ ਅਰਥ ਕਿਸੇ ਸਿਆਸੀ ਸਿਧਾਂਤ ਦਾ ਪਰਚਾਰ ਹੀ ਲਿਆ ਜਾਂਦਾ ਹੈ।

ਮਨੁੱਖੀ ਮਨ ਵਿਚ ਭਾਵ-ਤ੍ਰਿਪਤੀ ਅਤੇ ਬੌਧਕ ਤ੍ਰਿਪਤੀ ਨੂੰ ਵੱਖ ਕਰਨਾ ਔਖਾ ਹੈ। ਬੌਧਕ ਤ੍ਰਿਪਤੀ ਦੇ ਦੋ ਸਮੇਂ ਜਾਂ ਦੌਰ ਮਨੁੱਖ ਦੇ ਜੀਵਨ ਵਿਚ ਆਉਂਦੇ ਹਨ। ਪਹਿਲਾ ਦੌਰ ਬਚਪਨ ਵਿਚ ਅਤੇ ਦੂਜਾ ਅਧਖੜ ਉਮਰ ਵਿਚ ਆਉਂਦਾ ਹੈ। ਦੋਹਾਂ ਮੌਕਿਆਂ ਉੱਤੇ ਮਨੁੱਖ ਆਪਣੀ ਬੌਧਿਕਤਾ ਨੂੰ ਭਾਵੁਕਤਾ ਦਾ ਦਰਜਾ ਦੇ ਰਿਹਾ ਹੁੰਦਾ ਹੈ। ਬਚਪਨ ਵਿਚ ਬੁੱਧੀ ਅਤੇ ਅਸਚਰਜ ਮਿਲ ਕੇ ਹੋਰ ਜਾਣਨ ਦੀ ਭਾਵੁਕਤਾ ਪੈਦਾ ਕਰਦੇ ਹਨ ਅਤੇ ਬੁਢਾਪੇ ਵਿਚ ਆਪਣੇ ਬੀਤੇ ਜੀਵਨ ਦੇ ਅਨੁਭਵ ਨੂੰ ਸਮੁੱਚੀ ਮਨੁਖਤਾ ਦੇ ਗਿਆਨ-ਅਨੁਭਵ ਦੀ ਕਸਵੱਟੀ ਉੱਤੇ ਪਰਖ ਕੇ ਇਸ ਦੇ ਖਰਾ ਹੋਣ ਦੀ ਤਸੱਲੀ ਪ੍ਰਾਪਤ ਕਰਨ ਲਈ ਫਲਸਫਾ ਆਦਿਕ ਪੜ੍ਹਨ ਦੀ ਰੀਝ ਪੈਦਾ ਹੁੰਦੀ ਹੈ। ਆਮ ਕਰਕੇ ਉਹੋ ਫਲਸਫਾ ਹੀ ਮਨੁੱਖ ਨੂੰ ਚੰਗਾ ਲਗਦਾ ਹੈ ਜਿਹੜਾ ਉਸ ਦੇ ਜੀਵਨ-ਅਨੁਭਵ ਨੂੰ ਠੀਕ ਸਿੱਧ ਕਰੇ। ਜੀਵਨ ਅਨੁਭਵ ਨੂੰ ਗ਼ਲਤ ਸਿੱਧ ਕਰਨ ਵਾਲਾ ਦਰਸ਼ਨ ਇਸ ਲਈ ਚੰਗਾ ਨਹੀਂ ਲਗਦਾ ਕਿ ਜੀਵਨ ਦੇ ਉਸ ਪੜਾ ਉੱਤੇ ਪੁੱਜੇ ਮਨੁੱਖ ਕੋਲ ਆਪਣੇ ਅਨੁਭਵ ਨੂੰ ਸੁਧਾਰਨ ਜਾਂ ਦੁਹਰਾਉਣ ਜੋਗਾ ਸਮਾਂ ਨਹੀਂ ਹੁੰਦਾ। ਅਜੇਹੀ ਹਾਲਤ ਵਿਚ ਦਾਰਸ਼ਨਿਕ ਅਧਿਅਨ ਮਨੁੱਖ ਦਾ ਬੌਧਕ ਵਿਕਾਸ ਕਰਨ ਦੀ ਥਾਂ ਬੌਧਕ-ਵਿਲਾਸ ਬਣ ਜਾਂਦਾ ਹੈ। ਇਸ ਲਈ ਚੰਗਾ ਇਹੋ ਹੈ ਕਿ ਕਲਾ ਵਿਚ ਭਾਵ-ਤ੍ਰਿਪਤੀ, ਭਾਵ-ਵਿਕਾਸ ਅਤੇ ਭਾਵ-ਸੰਸਕਾਰ ਵੱਲ ਹੀ ਧਿਆਨ ਦਿੱਤਾ ਜਾਵੇ।

ਜਿਨ੍ਹਾਂ ਨੇਮਾਂ, ਅਸੂਲਾਂ ਜਾਂ ਸੱਚਾਈਆਂ ਉੱਤੇ ਇਹ ਸਾਰਾ ਬ੍ਰਹਮੰਡ ਆਧਾਰਤ ਹੈ ਉਹ ਨੇਮ ਜਾਂ ਅਸੂਲ ਸਾਡੇ ਗਿਆਨ ਉੱਤੇ ਆਧਾਰਤ ਨਹੀਂ। ਸਾਡਾ ਗਿਆਨ ਉਨ੍ਹਾਂ ਨੇਮਾਂ ਜਾਂ ਸਚਾਈਆਂ ਉੱਤੇ ਆਧਾਰਤ ਹੈ। ਇਨ੍ਹਾਂ ਨੇਮਾਂ ਅਤੇ ਸੱਚਾਈਆਂ ਦੀ ਆਪਣੀ ਵੱਖਰੀ ਹੋਂਦ ਹੈ। ਉਸ ਹੋਂਦ ਨਾਲ ਸਾਂਝ ਪੈ ਜਾਣ ਦਾ ਨਾਂ ਉਨ੍ਹਾਂ ਸਚਾਈਆਂ ਦਾ ਗਿਆਨ ਹੈ। ਇਹ ਸਾਂਝ ਪਾਉਣ ਲਈ ਮਨੁੱਖ ਨੂੰ ਆਪਣੇ ਮਨ ਦੀ ਅਵਸਥਾ ਅਜੇਹੀ ਬਣਾਉਣੀ ਪੈਂਦੀ ਹੈ

ਜਿਸ ਦਾ ਸਦਕਾ ਉਸ ਦੀ ਸਾਂਝ ਉਨ੍ਹਾਂ ਸੱਚਾਈਆਂ ਨਾਲ ਪੈ ਸਕੇ। ਪਰਮ ਸੱਚ ਦੇ ਬੋਧ ਲਈ ਮਨੁੱਖੀ ਮਨ ਦਾ ਵਿਕਾਰਾਂ ਤੋਂ ਰਹਿਤ ਹੋਣਾ ਜ਼ਰੂਰੀ ਹੈ। ਵਿਕਾਰੀ ਮਨ ਉਰੇ ਅਟਕ ਜਾਂਦੇ ਹਨ ਅਤੇ ਜਿਥੇ ਅਟਕ ਜਾਂਦੇ ਹਨ ਉਸੇ ਥਾਂ ਨੂੰ ਮੰਜ਼ਲ ਸਿੱਧ ਕਰਨ ਦਾ ਹਠ ਕਰਦੇ ਹਨ। ਮਨੁੱਖੀ ਅੰਤਹਕਰਣ ਦਾ ਪਾਸ਼ਵਿਕ ਪਰਵਿਰਤੀਆਂ ਉੱਤੇ ਭਾਰੂ ਹੋਣਾ, ਮਨੁੱਖੀ ਮਨੋ-ਭਾਵਾਂ ਦਾ ਕੋਮਲ ਹੋਣਾ, ਮਨੁੱਖੀ ਵਿਸ਼ਵਾਸਾਂ ਦਾ ਸ਼ੁੱਧ ਹੋਣਾ ਅਤੇ ਗਿਆਨ ਇੰਦ੍ਰੀਆਂ ਦਾ ਮਨੁੱਖ ਦੇ ਵੱਸ ਵਿਚ ਹੋਣਾ ਮਨੁੱਖੀ ਮਨ ਦੇ ਵਿਕਾਸ ਦੀਆਂ ਦਲੀਲਾਂ ਹਨ। ਉਹ ਕਲਾ ਜਿਹੜੀ ਭਾਵਾਂ ਨੂੰ ਕੋਮਲ ਅਤੇ ਸੁੰਦਰ ਬਣਾਉਂਦੀ ਹੈ, ਅਤੇ ਪਾਸ਼ਵਿਕ ਪਰਵਿਰਤੀਆਂ ਦੀ ਸੇਵਾਦਾਰ ਨਹੀਂ ਬਣਦੀ ਉਹ ਮਨੁੱਖੀ ਮਨ ਦੇ ਸ਼ੀਸ਼ੇ ਨੂੰ ਸਾਫ ਕਰ ਕੇ ਪਰਮ ਸੱਚ ਦੇ ਪ੍ਰਤੀਬਿੰਬ ਨੂੰ ਪਰਤਾਉਣ ਦੇ ਯੋਗ ਬਣਾਉਂਦੀ ਹੈ। ਕਲਾ ਨੂੰ ਬੌਧਿਕਤਾ ਨਾਲੋਂ ਸੁਹਿਰਦਤਾ ਦੀ ਲੋੜ ਵਧੇਰੇ ਹੈ। ਸ਼ੁਧ ਹਿਰਦਿਆਂ ਵਿਚ ਗਿਆਨ ਆਪੇ ਆ ਟਿਕਦਾ ਹੈ। ਜੇ ਨਾ ਆਵੇ ਤਾਂ ਸੁਹਿਰਦ ਹੋਣਾ ਗਿਆਨਵਾਨ ਹੋਣ ਨਾਲੋਂ ਕਿਤੇ ਚੰਗਾ ਹੈ। ਉਸ ਗਿਆਨੀ ਕੋਲੋਂ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ ਜੋ ਸੁਹਿਰਦ ਨਹੀਂ। ਸੁਹਿਰਦਤਾ ਲਈ ਨਿਰਪੱਖਤਾ ਜ਼ਰੂਰੀ ਹੈ। ਬੌਧਕ ਨਿਰਪੱਖਤਾ ਸੁਤੰਤ੍ਰ ਸੋਚਣੀ (Free Thinking) ਤੋਂ ਬਿਨਾਂ ਸੰਭਵ ਨਹੀਂ। ਦੂਜਿਆਂ ਕੋਲੋਂ ਲਈ ਹੋਈ ਸੋਚ ਜੇ ਅਸਾਂ ਆਪਣੇ ਜਤਨ ਨਾਲ ਹਾਸਲ ਕੀਤੀ ਹੈ ਤਾਂ ਚੋਰੀ ਦੇ ਮਾਲ ਵਰਗੀ ਹੈ; ਜੇ ਦੂਜਿਆਂ ਨੇ ਜਤਨ ਕਰਕੇ ਸਾਨੂੰ ਦਿੱਤੀ ਹੈ ਤਾਂ ਖੋਤੇ ਉੱਤੇ ਲੱਦੀ ਹੋਈ ਛੱਟ ਵਰਗੀ ਹੈ। ਕਲਾ ਰਾਹੀਂ ਕਿਸੇ ਸਿਧਾਂਤ ਦਾ ਪਰਚਾਰ ਕਰਨਾ ਲੋਕਾਂ ਦੇ ਦਿਮਾਗੀ ਭਾਰ ਵਿਚ ਵਾਧਾ ਕਰਨਾ ਹੈ। ਕਲਾ ਮਨੁੱਖ ਦੇ ਭਾਵ ਸੰਸਕਾਰ ਲਈ ਹੈ; ਬੌਧਕ ਸੰਸਕਾਰ ਜਾਂ ਬੌਧਕ ਵਿਕਾਸ ਜੀਵਨ-ਅਨੁਭਵ ਦੀ ਉਪਜ ਹੈ।

ਭਾਵਾਂ ਦੀ ਕੋਮਲਤਾ ਮਨੁੱਖ ਦੇ ਬੌਧਕ ਵਿਕਾਸ ਦੀ ਸਹਾਇਕ ਹੁੰਦੀ ਹੈ ਅਤੇ ਕਲਾ ਭਾਵਾਂ ਨੂੰ ਕੋਮਲ ਬਣਾਉਣ ਵਿਚ ਸਮਰਥ ਹੈ। ਜਿੰਨਾ ਚਿਰ ਮਨੁੱਖੀ ਮਨ ਵਿਚ ਕਠੋਰ ਭਾਵਾਂ ਦੀ ਪਰਬਲਤਾ ਹੈ ਓਨਾ ਚਿਰ ਸੋਚ ਦੀ ਸਰਦਾਰੀ ਜਾਂ ਬੌਧਕ ਸੁਤੰਤ੍ਰਤਾ ਦੀ ਕੋਈ ਸੰਭਾਵਨਾ ਉਜਾਗਰ ਨਹੀਂ ਕੀਤੀ ਜਾ ਸਕਦੀ। ਅਜੇਹੇ ਕਠੋਰ ਭਾਵੀ ਮਨ ਜਦੋਂ ਖਿੱਚ-ਧੂਹ ਕੇ ਕਿਸੇ ਸਿਧਾਂਤ ਜਾਂ ਆਦਰਸ਼ ਨਾਲ ਜੋੜ ਦਿੱਤੇ ਜਾਂਦੇ ਹਨ ਉਦੋਂ ਮਨੁੱਖਤਾ ਲਈ ਕਿਸੇ ਨਾ ਕਿਸੇ ਕਲੇਸ਼ ਦੀ ਨੀਂਹ ਰੱਖੀ ਜਾਂਦੀ ਹੈ। ਇਸ ਲਈ ਚੰਗਾ ਇਹੋ ਹੈ ਕਿ ਕਲਾ, ਲਗਦੀ ਵਾਹੇ ਮਨੁੱਖੀ ਭਾਵ-ਸੰਸਕਾਰ ਨੂੰ ਹੀ ਆਪਣਾ ਮਨੋਰਥ ਮੰਨੇ। ਇਸ ਮਨੋਰਥ ਦੀ ਸੇਧੇ ਤੁਰਨ ਵਾਲੇ ਮਨੁੱਖੀ ਮਨ ਨੂੰ ਪਿੱਛੇ ਦੱਸੇ ਸਾਰੇ ਆਨੰਦ ਅਨੁਭਵਾਂ ਤੋਂ ਅਗੇਰੇ ਜਾਣ ਦੀ ਪ੍ਰੇਰਣਾ ਦੇ ਸਕਦੀ ਹੈ। ਜੇ ਉਹ ਅਜੇਹੀ ਪ੍ਰੇਰਣਾ ਨ ਵੀ ਦੇਵੇ ਤਾਂ ਵੀ ਉਹ ਮਨ ਦੇ ਵਿਕਾਸ ਦੀ ਬਾਧਕ ਨ ਬਣਨ ਕਰਕੇ, ਜਿਥੇ ਕਿਤੇ ਵੀ ਇਨ੍ਹਾਂ ਆਨੰਦ-ਅਨੁਭਵਾਂ ਤੋਂ ਅਗੇਰੇ ਜਾਣ ਦੀ ਸੰਭਾਵਨਾ ਮੌਜੂਦ ਹੈ ਉੱਥੇ ਇਸ ਸੰਭਾਵਨਾ ਦੀ ਸਹਾਇਕ ਹੋ ਨਿਬੜਦੀ ਹੈ।

ਮੈਂ ਕਿਸੇ ਪਰਮ-ਆਨੰਦ ਦਾ ਅਨੁਭਵੀ ਨਹੀਂ ਹਾਂ। ਮੈਂ ਇਹ ਵੀ ਨਹੀਂ ਕਹਿੰਦਾ ਕਿ ਮੇਰੇ ਅਨੁਭਵ ਦਾ ਹਿੱਸਾ ਨਹੀਂ ਉਹ ਉੱਕੀ ਅਣਹੋਂਦ ਹੈ। ਮੈਂ ਸਮਝਦਾ ਹਾਂ ਕਿ ਮਨੁੱਖੀ ਜੋ ਮਨ ਦੀ ਕੋਈ ਅਜੇਹੀ ਅਵਸਥਾ ਜ਼ਰੂਰ ਸੰਭਵ ਹੈ ਜਿਸ ਵਿਚ ਪੁੱਜ ਕੇ ਉਹ ਸੰਸਾਰ ਦੀ

ਕਿਰਿਆ ਨੂੰ ਪੂਰੀ ਲਗਨ ਨਾਲ ਕਰਦਾ ਹੋਇਆ ਇਸ ਤੋਂ ਨਿਰਲੇਪ ਰਹਿ ਸਕਦਾ ਹੈ। ਇਸ ਅਵਸਥਾ ਵਿਚ ਪੁੱਜਣ ਲਈ ਮਨ ਨੂੰ ਕਿਸੇ ਅਣਹੋਂਦ ਵਿਚ ਜਾਣ ਦੀ ਲੋੜ ਨਹੀਂ, ਨਾ ਹੀ ਨੀਂਦ ਵਰਗੇ ਕਿਸੇ ਅਗਿਆਨ ਵਿਚ ਗੁੰਮ ਹੋਣ ਦੀ ਮਜਬੂਰੀ ਹੈ। ਉਹ ਸੱਤ ਅਤੇ ਚਿੱਤ ਹੁੰਦਾ ਹੋਇਆ ਆਨੰਦ ਰੂਪ ਹੋ ਸਕਦਾ ਹੈ। ਵਿਕਾਸ ਦੀ ਪੌੜੀ ਚੜ੍ਹ ਕੇ ਨਿਰਲੇਪਤਾ ਦਾ ਅਨੁਭਵ ਪ੍ਰਾਪਤ ਕਰ ਚੁੱਕੇ ਮਨ ਨੂੰ ਸੱਤ, ਚਿੱਤ ਅਤੇ ਆਨੰਦ ਇੱਕ-ਰੂਪ ਹੋ ਦਿਸਦੇ ਹਨ। ਨਾ ਤਾਂ ਉਹ ਸੱਤ (ਹੋਂਦ) ਨੂੰ ਚੇਤਨਾ ਵਿਚੋਂ ਉਪਜੀ ਮੰਨਣ ਦਾ ਹਠ ਕਰਦਾ ਹੈ ਅਤੇ ਨ ਹੀ ਚਿੱਤ (ਚੇਤਨਾ) ਨੂੰ ਹੋਂਦ ਦੀ ਉਪਜ ਸਿੱਧ ਕਰਨ ਦੀ ਜ਼ਿਦ ਕਰਦਾ ਹੈ। ਇਨ੍ਹਾਂ ਵਾਦਾਂ ਦਾ ਜੀਵਨ ਦੇ ਵਿਕਾਸ ਨਾਲ ਕੋਈ ਸੰਬੰਧ ਉਹ ਨਹੀਂ ਮੰਨਦਾ। ਪਦਾਰਥ (ਹੋਂਦ-ਸੱਤ) ਵਿਚੋਂ ਚੇਤਨਾ (ਚਿੱਤ) ਉਪਜੇ ਜਾਂ ਚੇਤਨਾ ਵਿਚੋਂ ਪਦਾਰਥ, ਜੀਵਨ ਦਾ ਆਰੰਭ ਉਦੋਂ ਹੁੰਦਾ ਹੈ ਜਦੋਂ ਇਹ ਦੋਵੇਂ ਮਿਲ ਕੇ ਆਪਣੀ ਕਿਰਿਆ ਆਰੰਭ ਕਰਦੇ ਹਨ। ਇਨ੍ਹਾਂ ਵਿਚੋਂ ਕੌਣ ਕਿਸਨੂੰ ਜਨਮ ਦਿੰਦਾ ਹੈ, ਇਸ ਝਗੜੇ ਦਾ ਨਿਪਟਾਰਾ ਕਰਨ ਵਿਚ ਰੁੱਝਾ ਹੋਇਆ ਮਨ, ਹੋਰ ਕੁੱਝ ਵੀ ਬਣ ਜਾਵੇ, ਆਨੰਦ ਤੋਂ ਖਾਲੀ ਰਹਿ ਜਾਂਦਾ ਹੈ। ਸੱਤ ਅਤੇ ਚਿੱਤ ਦੀ ਇਕ-ਰੂਪਤਾ ਆਨੰਦ ਦੀ ਜ਼ਾਮਨ ਹੈ। ਸਾਰਾ ਵਿਸ਼ਵ ਸੱਤ-ਚਿੱਤ-ਆਨੰਦ ਹੈ। ਮਨੁੱਖੀ ਮਨ ਲਈ ਇਹ ਅਵਸਥਾ ਸੰਭਵ ਹੈ।

ਮੈਂ ਅਜੇਹੀ ਕਿਸੇ ਅਵਸਥਾ ਦਾ ਅਨੁਭਵੀ ਨਹੀਂ; ਨ ਹੀ, ਮੈਂ, ਉਨ੍ਹਾਂ ਸੁਹਿਰਦ ਲੋਕਾਂ ਦੀ ਨੀਅਤ ਉੱਤੇ ਸ਼ੱਕ ਕਰਨਾ ਯੋਗ ਸਮਝਦਾ ਹਾਂ ਜਿਹੜੇ ਅਜਿਹੀ ਕਿਸੇ ਅਵਸਥਾ ਨੂੰ ਇਕ ਵਾਸਤਵਿਕਤਾ ਮੰਨਦੇ ਹਨ। ਕਿਸੇ ਪ੍ਰਕਾਰ ਦੇ ਤਰਕ ਨਾਲ ਇਹ ਗੱਲ ਰੱਦ ਨਹੀਂ ਕੀਤੀ ਜਾ ਸਕਦੀ ਕਿ ਮਨੁੱਖੀ ਮਨ ਦੀ ਕੋਈ ਅਜਿਹੀ ਅਵਸਥਾ ਹੈ ਜਿਸ ਵਿਚ ਪੁੱਜ ਕੇ ਉਹ ਸੰਸਾਰਕ ਕਿਰਿਆਵਾਂ ਨੂੰ ਨਿਰਲੇਪਤਾ ਨਾਲ ਦੇ ਕਰਨ ਯੋਗ ਹੋ ਸਕਦਾ ਹੈ। ਇਸ ਯੋਗਤਾ ਨੂੰ ਪੁੱਜਾ ਹੋਇਆ ਮਨ ਆਪਣੀ ਜਾਗਰਤ ਅਵਸਥਾ ਵਿਚ ਵੀ ਸੁਖੋਪਤ ਵਾਲੇ ਸੁੱਖ ਵਿਚ ਹੁੰਦਾ ਹੈ। ਇਸੇ ਨੂੰ ਸਹਿਜ-ਆਨੰਦ ਜਾਂ ਪਰਮ-ਆਨੰਦ ਆਖਿਆ ਗਿਆ ਹੈ। ਮੈਂ ਇਸ ਅਵਸਥਾ ਨੂੰ ਕਿਸੇ ਉਚੇਚੇ ਤਪ, ਧਿਆਨ, ਸੰਜਮ, ਸਮਾਧੀ, ਸਿਮਰਨ, ਭਜਨ ਆਦਿਕ ਦੀ ਉਪਜ ਨਹੀਂ ਮੰਨਦਾ ਕਿਉਂਜੁ 'ਸਹਿਜ' ਨੂੰ 'ਉਚੇਚ' ਦੀ ਉਪਜ ਮੰਨਣਾ ਤਰਕ-ਸੰਗਤ ਨਹੀਂ ਲਗਦਾ। ਇਹ ਅਵਸਥਾ ਕਿਸੇ ਦਰਸ਼ਨ, ਕਲਾ ਜਾਂ ਬੌਧਕ ਸ੍ਰੇਸ਼ਟਤਾ ਦੀ ਉਪਜ ਵੀ ਨਹੀਂ ਕਿਉਂਜੁ ਸੰਸਾਰ ਦੇ ਦਾਰਸ਼ਨਿਕਾਂ, ਕਲਾਕਾਰਾਂ ਅਤੇ ਵਿਦਵਾਨਾਂ ਨੂੰ ਇਸ ਅਵਸਥਾ ਦੇ ਧਾਰਨੀ ਹੋਣ ਦਾ ਮਾਣ ਕਿਧਰੇ ਘਟ ਹੀ ਪ੍ਰਾਪਤ ਹੋਇਆ ਹੈ। ਇਸ ਅਵਸਥਾ ਦੇ ਧਾਰਨੀ ਲੋਕਾਂ ਦੀ ਗਵਾਹੀ ਦੇ ਆਧਾਰ ਉੱਤੇ, ਮੈਂ ਇਹ ਮੰਨਦਾ ਹਾਂ ਕਿ ਇਹ ਅਵਸਥਾ ਮਨੁੱਖੀ ਮਨ ਦੀ ਆਪਣੀ ਨਿਜੀ ਅਵਸਥਾ ਹੈ, ਮਨ ਦਾ ਅਸਲਾ ਹੈ ਅਤੇ ਸਦਾ ਮਨ ਦੇ ਨਾਲ ਹੈ। ਇਸੇ ਗੱਲ ਨੂੰ ਧਾਰਮਕ ਭਾਸ਼ਾ ਵਿਚ ਇਉਂ ਆਖਿਆ ਜਾਂਦਾ ਹੈ ਕਿ "ਮਨ ਜੋਤ ਸਰੂਪ ਹੈ।" ਸੰਸਾਰਕ ਕਿਰਿਆਵਾਂ ਰਾਹੀਂ ਮਨੁੱਖੀ ਮਨ ਦੇ ਭਾਵ, ਇਸ ਦੀਆਂ ਪਰਵਿਰਤੀਆਂ, ਇਸਦੀ ਬੌਧਿਕਤਾ ਅਤੇ ਇਸਦੇ ਵਹਿਮਾਂ-ਵਿਸ਼ਵਾਸਾਂ ਆਦਿਕ ਦਾ ਪ੍ਰਗਟਾਵਾ ਹੁੰਦਾ ਹੈ। ਜਿਸ ਮਨ ਨੂੰ ਆਪਣੇ ਜੋਤ ਸਰੂਪੀ ਅਸਲੇ ਦਾ ਅਨੁਭਵ ਹੋ ਆਉਂਦਾ ਹੈ ਉਸਨੂੰ ਭਾਵ, ਪਰਵਿਰਤੀ

ਅਤੇ ਬੌਧਿਕਤਾ ਆਦਿਕ ਆਪਣਾ ਨਿਜ-ਸਰੂਪ ਦਿਸਣ ਦੀ ਥਾਂ ਸ੍ਵੈ-ਰੱਖਿਆ ਦੇ ਸੰਘਰਸ਼ ਵਿਚੋਂ ਪ੍ਰਾਪਤ ਹੋਣ ਵਾਲਾ ਓਪਰਾ ਨਿਕ-ਸੁਕ ਪਰਤੀਤ ਹੁੰਦੇ ਹਨ। ਉਹ ਇਸ ਸਾਰੀ ਸਮੱਗਰੀ ਨੂੰ ਸੰਸਾਰਕ ਕਿਰਿਆ ਨੂੰ ਚਾਲੂ ਰੱਖਣ ਲਈ ਉਵੇਂ ਹੀ ਵਰਤਦਾ ਹੈ ਜਿਵੇਂ ਕਿਸੇ ਕੰਪਨੀ ਦਾ ਸੁਘੜ-ਸੁਹਿਰਦ ਮੈਨੇਜਰ ਉਸ ਕੰਪਨੀ ਦੇ ਧਨ ਨੂੰ ਕੰਪਨੀ ਦੇ ਭਲੇ ਲਈ ਵਰਤਦਾ ਹੈ। ਮਨੁੱਖੀ ਮਨ ਦੀ ਅਜਿਹੀ ਅਵਸਥਾ ਮਨੁੱਖ ਦੇ ਸਾਧਾਰਣ ਸੁੱਚੇ ਜੀਵਨ ਦੀ ਸੁਭਾਵਕ ਉਪਜ ਹੈ। ਸਾਧਾਰਣ-ਸੁੱਚੇ ਜੀਵਨ ਤੋਂ ਵਖਰੇ ਕਿਸੇ ਉਚੇਚੇ ਢੰਗ ਨਾਲ ਪ੍ਰਾਪਤ ਕੀਤੀ ਹੋਈ ਕੋਈ ਵੀ ਮਾਨਸਿਕ ਅਵਸਥਾ, ਆਪਣੇ ਆਪ ਵਿਚ ਕਿੰਨੀ ਵੀ ਮਹਾਨ ਅਤੇ ਅਸਾਧਾਰਣ ਕਿਉਂ ਨ ਹੋਵੇ, ਅਸਾਧਾਰਣ ਉਚੇਚ ਦੀ ਉਪਜ ਹੋਣ ਕਰਕੇ, ਸਾਧਾਰਣ ਜੀਵਨ ਦੀ ਸਾਧਾਰਣ ਸੁੱਚ ਦਾ ਤ੍ਰਿਸਕਾਰ ਕਰਦੀ ਹੈ ਅਤੇ ਇਹ ਤ੍ਰਿਸਕਾਰ ਓਨਾ ਹੀ ਵਡੇਰਾ ਹੁੰਦਾ ਹੈ ਜਿੰਨੀ ਉਚੇਰੀ ਉਹ ਅਵਸਥਾ ਹੋਵੇ।

ਸਾਧਾਰਨ ਸੁੱਚਾ ਜੀਵਨ ਦਰਸ਼ਨ, ਕਲਾ, ਸਾਇੰਸ, ਸਨਅਤ, ਸਿਆਸਤ, ਧਰਮ, ਵਪਾਰ, ਵਿੱਦਿਆ, ਕਿਰਤ ਅਤੇ ਵਿਅਕਤੀਗਤ ਸੰਬੰਧਾਂ ਵਿਚੋਂ ਕਿਸੇ ਇਕ ਦੀ ਉਪਜ ਨਹੀਂ ਸਗੋਂ ਸਾਰਿਆਂ ਦਾ ਰਲਿਆ ਮਿਲਿਆ ਸਮੁੱਚਾ ਪ੍ਰਭਾਵ ਹੈ। ਮਨੁੱਖੀ ਮਨ ਵਿਚ ਕੋਮਲ ਭਾਵਾਂ ਦਾ ਅਤੇ ਬਾਹਰਲੇ ਜਗਤ ਵਿਚ ਸੁੰਦਰਤਾ ਦਾ ਸੰਚਾਰ ਕਰਨ ਵਾਲੀ ਉਸ ਸਾਧਾਰਣ ਸੁੱਚੀ ਜੀਵਨ ਜਾਚ ਦੀ ਉਸਾਰੀ ਵਿਚ ਆਪਣਾ ਯੋਗ ਹਿੱਸਾ ਪਾਉਂਦੀ ਹੈ ਜਿਸ ਨੂੰ ਅਪਣਾਉਣ ਵਾਲੇ ਵਿਅਕਤੀ ਦਾ ਮਨ ਸਹਿਜੇ ਸਹਿਜੇ ਪਰਮ-ਆਨੰਦ ਵਿਚ ਪਰਵੇਸ਼ ਕਰ ਜਾਂਦਾ ਹੈ।

# ਸੰਗੀਤ

ਸੰਗੀਤ ਆਵਾਜ਼ ਦੀ ਕਲਾ ਹੈ ਅਤੇ ਮਨੁੱਖ ਨੂੰ ਤਿੰਨ ਪ੍ਰਕਾਰ ਦੀ ਆਵਾਜ਼ ਪੈਦਾ ਕਰਨੀ ਆਉਂਦੀ ਹੈ । ਪਹਿਲੀ ਸਾਧਾਰਣ ਆਵਾਜ਼ ਹੈ ਜਿਸਨੂੰ ਉਹ ਬੋਲ ਚਾਲ ਲਈ ਵਰਤਦਾ ਹੈ। ਦੂਜੀ ਬਲ-ਬਾਣੀ ਹੈ ਜਿਸ ਰਾਹੀਂ ਉਹ ਆਪਣੀ ਭਾਵੁਕਤਾ ਅਤੇ ਬੌਧਿਕਤਾ ਨੂੰ ਪਰਗਟ ਕਰਦਾ ਹੈ । ਅਤੇ ਮਨੁੱਖ ਦੀ ਤੀਜੀ ਆਵਾਜ਼ ਸੰਗੀਤਕ ਹੈ ਇਸ ਲਈ ਹਰ ਸੰਗੀਤ ਇਕ ਆਵਾਜ਼ ਹੈ ਪਰ ਹਰ ਆਵਾਜ਼ ਸੰਗੀਤ ਨਹੀਂ ।

ਕੋਈ ਆਵਾਜ਼ ਮਧੁਰ, ਪਿਆਰੀ ਜਾਂ ਸੁਖਾਵੀਂ ਹੁੰਦੀ ਹੈ ਅਤੇ ਕੋਈ ਖਰ੍ਹਵੀ ਅਤੇ ਬੇ ਸੁਰੀ। ਕੇਵਲ ਮਧੁਰ, ਸੁਰੀਲੀ ਅਤੇ ਸੁਖਾਵੀਂ ਆਵਾਜ਼ ਹੀ ਸੰਗੀਤਕ ਹੋ ਸਕਦੀ ਹੈ । ਪ੍ਰੰਤੂ ਕੇਵਲ ਮਧੁਰਤਾ ਸੰਗੀਤ ਨਹੀਂ ਹੁੰਦੀ । ਸੰਗੀਤ ਇਕ ਕਲਾ ਹੈ ਅਤੇ ਕਲਾ ਹੋਣ ਦੇ ਨਾਤੇ ਆਨੰਦ ਦਾ ਸ੍ਰੋਤ ਅਤੇ ਭਾਵਾਂ ਦਾ ਸ੍ਰਿਸ਼ਟੀਕਰਣ ਹੈ । ਮਧੁਰਤਾ ਅਤੇ ਭਾਵੁਕਤਾ ਦਾ ਰਿਸ਼ਤਾ ਰਾਗ ਰਾਹੀਂ ਸਥਾਪਤ ਹੁੰਦਾ ਹੈ । ਰਾਗ ਸੱਤ ਸੁਰਾਂ ਦੀ ਜਾਂ ਸੱਤਾਂ ਵਿਚੋਂ ਕੁੱਝ ਸੁਰਾਂ ਦੀ ਮਿਲਾਵਟ ਅਤੇ ਤਰਤੀਬ ਵਿਚੋਂ ਉਤਪੰਨ ਹੁੰਦਾ ਹੈ । ਇਹ ਸੱਤ ਸੁਰਾਂ ਆਵਾਜ਼ ਦੇ ਸੱਤ ਰੂਪ ਹਨ । ਭਾਰਤੀ ਸੰਗੀਤ ਵਿਚ ਇਨ੍ਹਾਂ ਦੇ ਸੱਤ ਨਾਂ ਹਨ ਸਾ, ਰੇ, ਗਾ, ਮਾ, ਪਾ, ਧਾ ਅਤੇ ਨੀ । ਸਾ ਸਭ ਤੋਂ ਨੀਵੀਂ ਜਾਂ ਮੱਧਮ ਆਵਾਜ ਦਾ ਨਾਂ ਹੈ ਅਤੇ ਨੀ ਸਭ ਤੋਂ ਤਿੱਖੀ ਜਾਂ ਉੱਚੀ ਆਵਾਜ਼ ਦਾ । ਬਾਕੀ ਪੰਜ ਵਿਚ ਵਿਚਾਲੇ ਦੇ ਪੰਜ ਟਿਕਾਣੇ ਹਨ ।

ਆਵਾਜ਼ਾਂ ਦੀ ਵੱਖ ਵੱਖ ਤਰਤੀਬ ਵੱਖ ਵੱਖ ਪ੍ਰਭਾਵ ਪਾਉਂਦੀ ਹੈ । ਇਸ ਨਾਲ ਮਨੁੱਖੀ ਮਨ ਵਿਚ ਵੱਖ ਵੱਖ ਪ੍ਰਕਾਰ ਦੇ ਭਾਵ ਜਾਗਦੇ ਹਨ। ਇਹ ਮਿਲਾਵਟਾਂ ਅਤੇ ਤਰਤੀਬਾਂ ਅਨੇਕ ਹਨ ਅਤੇ ਰਾਗ ਰਾਗਣੀਆਂ ਵੀ ਅਨੇਕ ਹਨ । ਨਿਪੁੰਨ ਸੰਗੀਤਕਾਰ ਸੁਰਾਂ ਦੀ ਨਵੀਂ ਤਰਤੀਬ ਵਿਚੋਂ ਨਵੇਂ ਰਾਗਾਂ ਨੂੰ ਜਨਮ ਦੇਣ ਵਿਚ ਸਮਰਥ ਹੁੰਦੇ ਹਨ ।

ਕਿਹੜੀਆਂ ਸੁਰਾਂ ਦਾ ਕਿਹੋ ਜਿਹਾ ਸੁਮੇਲ ਮਨੁੱਖੀ ਮਨ ਦੇ ਕਿਸ ਭਾਵ ਨੂੰ ਉਜਾਗਰ ਕਰੇਗਾ, ਇਹ ਜਾਣਨਾ ਕਿਸੇ ਵਿਰਲੇ ਦਾ ਕੰਮ ਹੈ । ਪਰਕਿਰਤੀ ਵਿਚਲੀਆਂ ਆਵਾਜ਼ਾਂ ਦੇ ਪ੍ਰਭਾਵ ਦਾ ਅਧਿਅਨ ਕਰ ਕੇ ਮਨੁੱਖ ਨੇ ਹਜ਼ਾਰਾਂ ਸਾਲਾਂ ਦੀ ਘਾਲਣਾ ਨਾਲ ਭਾਵ ਅਤੇ ਸੁਰ-ਸੁਮੇਲ ਦੇ ਸੰਬੰਧ ਦਾ ਗਿਆਨ ਪ੍ਰਾਪਤ ਕੀਤਾ ਹੈ । ਇਸ ਕੰਮ ਵਿਚ ਮਨੋ-ਵਿਗਿਆਨ ਨੇ ਉਸਦੀ ਚੋਖੀ ਸਹਾਇਤਾ ਕੀਤੀ ਹੈ । ਵੱਖ ਵੱਖ ਸਮਿਆਂ ਅਤੇ ਮੌਸਮਾਂ ਵਿਚ ਮਨੁੱਖੀ ਮਨ

ਵੱਖ ਵੱਖ ਭਾਵਾਂ ਦਾ ਆਵੇਸ਼ ਅਨੁਭਵ ਕਰਦਾ ਹੈ। ਸੰਗੀਤ ਦੇ ਪੰਡਿਤਾਂ ਨੇ ਇਸ ਸੱਚ ਦੀ ਸਹਾਇਤਾ ਲੈ ਕੇ ਰਾਗਾਂ ਨੂੰ ਉਨ੍ਹਾਂ ਦੇ ਪ੍ਰਭਾਵਾਂ ਅਨੁਸਾਰ ਸਮਿਆਂ ਅਤੇ ਮੌਸਮਾਂ ਵਿਚ ਵੰਡ ਲਿਆ ਹੋਇਆ ਹੈ। ਠੀਕ ਸਮੇਂ ਅਤੇ ਠੀਕ ਮੌਸਮ ਵਿਚ ਗਾਇਆ ਜਾਣ ਨਾਲ ਰਾਗ ਨੂੰ ਸਮੇਂ ਅਤੇ ਮੌਸਮ ਕੋਲੋਂ ਸਹਾਇਤਾ ਮਿਲਦੀ ਹੈ ਜਿਸ ਕਰਕੇ ਉਸਦਾ ਪ੍ਰਭਾਵ ਵਧੇਰੇ ਪਰਬਲ ਹੋ ਜਾਂਦਾ ਹੈ।

ਰਾਗ ਦੇ ਪ੍ਰਭਾਵ ਨੂੰ ਹੋਰ ਚਮਕਾਉਣ ਲਈ ਉਸਦੇ ਪ੍ਰਭਾਵ ਅਨੁਸਾਰ ਸਾਜ਼ਾਂ ਦੀ ਸਹਾਇਤਾ ਵੀ ਲਈ ਜਾਂਦੀ ਹੈ। ਆਮ ਕਰਕੇ ਕਿਸੇ ਵੀ ਸਾਜ਼ ਉੱਤੇ ਕੋਈ ਵੀ ਰਾਗ ਵਜਾ ਲਿਆ ਜਾਂਦਾ ਹੈ। ਪ੍ਰੰਤੂ ਕਈ ਨਿਪੁੰਨ ਸੰਗੀਤਕਾਰਾਂ ਨੇ ਜਿਥੇ ਸੁਰ-ਸੁਮੇਲ ਵਿਚੋਂ ਨਵੇਂ ਰਾਗ ਪੈਦਾ ਕੀਤੇ ਹਨ ਉੱਥੇ ਉਨ੍ਹਾਂ ਰਾਗਾਂ ਦੇ ਭਾਵ-ਪ੍ਰਭਾਵ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਯੋਗ ਸਾਜ਼ ਵੀ ਬਣਾਏ ਹਨ। ਉਨ੍ਹਾਂ ਸਾਜ਼ਾਂ ਦੁਆਰਾ ਉਤਪੰਨ ਹੋਣ ਵਾਲੀ ਆਵਾਜ਼ ਮਨ ਦੇ ਉਨ੍ਹਾਂ ਭਾਵਾਂ ਨੂੰ ਉਤੇਜਿਤ ਕਰਨ ਵਿਚ ਸਹਾਈ ਹੁੰਦੀ ਹੈ ਜਿਨ੍ਹਾਂ ਦੀ ਸੰਤੁਸ਼ਟੀ ਅਤੇ ਸ੍ਰੇਸ਼ਟੀਕਰਣ ਉਸ ਰਾਗ ਦਾ ਮਨੋਰਥ ਹੁੰਦਾ ਹੈ।

ਆਵਾਜ਼ ਦੀ ਮਧੁਰਤਾ ਅਤੇ ਰਾਗ ਸੰਗੀਤ-ਕਲਾ ਦੇ ਦੋ ਮੁੱਢਲੇ ਅੰਗ ਹਨ। ਇਕ ਤੀਜੇ ਅੰਸ਼, ਤਾਲ, ਤੋਂ ਬਿਨਾਂ ਸੰਗੀਤ ਨੂੰ ਸੰਪੂਰਨ ਨਹੀਂ ਮੰਨਿਆਂ ਜਾਂਦਾ। ਤਾਲ ਅਤੇ ਨਾਚ ਦਾ ਸੰਬੰਧ ਕੁਦਰਤੀ ਹੈ। ਲਗਦਾ ਹੈ ਕਿ ਤਾਲ ਅਤੇ ਮਨੁੱਖੀ ਮਨੋ ਭਾਵਾਂ ਦੇ ਸੰਬੰਧ ਨੂੰ ਵੇਖ ਕੇ ਸੰਗੀਤਕਾਰਾਂ ਨੇ ਤਾਲ ਨੂੰ ਸੰਗੀਤ ਦਾ ਹਿੱਸਾ ਬਣਾਇਆ ਹੈ। ਤਾਲ ਦੀ ਸਹਾਇਤਾ ਨਾਲ ਸੁਰਾਂ ਦੀ ਤਰਤੀਬ ਵਿਚ ਵੱਖ ਵੱਖ ਸੁਰਾਂ ਦਾ ਸਮਾਂ ਨੀਅਤ ਕੀਤਾ ਜਾਂਦਾ ਹੈ। ਸੁਰ, ਤਾਲ ਅਤੇ ਮਧੁਰਤਾ ਦੇ ਮੇਲ ਵਿਚੋਂ ਲੈਅ ਉਪਜਦੀ ਹੈ। ਇਸੇ ਲੈਅ ਨੂੰ ਸੰਗੀਤ ਆਖਿਆ ਜਾਂਦਾ ਹੈ। ਅਜੋਕਾ ਸੰਗੀਤ ਤਾਲ ਨਾਲ ਏਨਾ ਇਕਮਿਕ ਹੋ ਗਿਆ ਹੈ ਕਿ ਇਹ ਦੱਸਣਾ ਕਠਨ ਹੈ ਕਿ ਸੰਗੀਤ ਵਿਚਲੇ ਤਾਲ ਨੇ ਨਾਚ ਨੂੰ ਜਨਮ ਦਿੱਤਾ ਹੈ ਜਾਂ ਨਾਚ ਵਿਚਲੇ ਤਾਲ ਨੇ ਸੰਗੀਤ ਨੂੰ ਸ਼ਕਤੀਸ਼ਾਲੀ ਬਣਾਇਆ ਹੈ। ਇਹ ਜਾਣਨਾ ਅਤੇ ਮੰਨਣਾ ਸੌਖਾ ਹੈ ਕਿ ਸੰਗੀਤ ਦੇ ਤਾਲ ਵਿਚ ਮਨੁੱਖੀ ਸਰੀਰ ਨੂੰ ਆਪਣੇ ਵੱਸ ਵਿਚ ਕਰ ਲੈਣ ਦੀ ਸ਼ਕਤੀ ਹੈ। ਤਾਨ ਸੈਨ ਅਤੇ ਬੈਜੂ ਬਾਵਰੇ ਦੇ ਸੰਗੀਤ ਨਾਲ ਪਸ਼ੂ ਪੰਛੀਆਂ ਦਾ ਮੁਗਧ ਹੋਣਾ, ਮੌਸਮਾਂ ਦਾ ਬਦਲਣਾ ਅਤੇ ਪੱਥਰਾਂ ਦਾ ਪਿਘਲਣਾ ਤਾਂ ਭਾਵੇਂ ਮਨੋ-ਕਲਪਿਤ ਜਿਹਾ ਲਗਦਾ ਹੈ; ਪਰ ਅਜੋਕੇ ਡਿਸਕੋ ਸੰਗੀਤ ਦੇ ਤਾਲ ਉੱਤੇ ਮਸਤ ਹੋ ਕੇ ਸਾਡੇ ਸਮਕਾਲੀ ਮੁੰਡੇ-ਕੁੜੀਆਂ ਦਾ, ਸਮਾਜਕ ਮਾਣ-ਮਰਿਆਦਾ ਨੂੰ ਤਲਾਂਜਲੀ ਦੇ ਕੇ, ਮਨੁੱਖੀ ਗੌਰਵ ਤੋਂ ਡਿਗ ਕੇ ਅਤੇ ਪਸ਼ੂ ਦੇ ਭੋਲੇ-ਪਨ ਦਾ ਤ੍ਰਿਸਕਾਰ ਕਰ ਕੇ ਅਜੀਬ ਜਹੀ ਭੂਤ-ਖੇਜ ਵਿਚ ਪਰਵਿਰਤ ਹੋਣਾ ਨ ਤਾਂ ਮਨੋ-ਕਲਪਿਤ ਹੈ ਅਤੇ ਨ ਹੀ ਅਲੱਭ। ਜੀਵਨ ਦੀਆਂ ਤਿੰਨ ਮੂਲ ਸਟੇਜਾਂ ਜਾਂ ਤਿੰਨ ਮੂਲ ਪੜਾ ਮੰਨੇ ਜਾਂਦੇ ਹਨ। ਇਨ੍ਹਾਂ ਨੂੰ ਤ੍ਰਿਗਦ ਜੂਨ ਜਾਂ ਤ੍ਰਿਗਦ ਯੋਨੀ ਆਖਿਆ ਜਾਂਦਾ ਹੈ। ਸਭ ਤੋਂ ਨੀਵੀਂ ਜੀਵਨ ਅਵਸਥਾ ਪ੍ਰੇਤ-ਜੂਨ ਹੈ। ਦੂਜੀ ਅਵਸਥਾ ਵਿਚ ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ ਅਤੇ ਉਤਭੁਜ) ਦੇ ਜੀਵ ਹਨ। ਇਹ ਹਨ ਬਨਾਸਪਤੀ, ਕੀੜੇ ਮਕੌੜੇ, ਪਸ਼ੂ-ਪੰਛੀ ਅਤੇ ਮਨੁੱਖ। ਤੀਜਾ ਸਥਾਨ ਦੇਵਤਿਆਂ ਦਾ ਹੈ। ਇਨ੍ਹਾਂ ਸਾਰਿਆਂ ਵਿਚੋਂ

ਮਨੁੱਖ ਨੂੰ ਇਸ ਲਈ ਸ੍ਰੇਸ਼ਟ ਮੰਨਿਆਂ ਜਾਂਦਾ ਹੈ ਕਿ ਉਸ ਵਿਚ ਅਜੇਹੇ ਜਤਨਾਂ ਦੀ ਸੰਭਾਵਨਾ ਹੈ ਜਿਨ੍ਹਾਂ ਨਾਲ ਉਹ ਤ੍ਰਿਗਦ ਜੂਨ ਦੀ ਕੈਦ ਵਿਚੋਂ ਰਿਹਾਈ ਪਾ ਸਕਦਾ ਹੈ। ਅਤੇ ਸੰਗੀਤ ਨੂੰ ਹੋਰ ਸਾਰੀਆਂ ਕੋਮਲ ਕਲਾਵਾਂ ਨਾਲੋਂ ਸ੍ਰੇਸ਼ਟ ਇਸ ਲਈ ਆਖਿਆ ਜਾਂਦਾ ਹੈ ਕਿ ਉਹ ਸੰਭਾਵਨਾਵਾਂ ਭਰਪੂਰ ਮਨੁੱਖੀ ਮਨ ਨੂੰ ਪ੍ਰਭਾਵਿਤ ਕਰਨ ਵਿਚ ਸਾਰੀਆਂ ਕਲਾਵਾਂ ਨਾਲੋਂ ਅਗੇਰੇ ਹੈ।

ਮਨੁੱਖ ਦੀਆਂ ਸਾਰੀਆਂ ਕੋਮਲ ਕਲਾਵਾਂ ਅੱਖ ਅਤੇ ਕੰਨ ਦਾ ਵਿਸ਼ਾ ਹਨ। ਚਿੱਤ੍ਰ-ਕਲਾ, ਮੂਰਤੀ ਕਲਾ, ਭਵਨ ਨਿਰਮਾਣ ਕਲਾ ਅਤੇ ਨ੍ਰਿਤ ਆਦਿਕ ਅੱਖ ਦਾ ਵਿਸ਼ਾ ਹਨ। ਕਾਵਿ ਜਾਂ ਸਾਹਿਤ ਅਤੇ ਸੰਗੀਤ ਕੰਨਾਂ ਨਾਲ ਸੰਬੰਧਤ ਹਨ। ਅੱਖ ਨਾਲ ਸੰਬੰਧ ਰੱਖਣ ਵਾਲੀਆਂ ਸਾਰੀਆਂ ਕਲਾਵਾਂ ਆਪਣੇ ਦਰਸ਼ਕ ਨੂੰ (ਘੱਟੋ ਘੱਟ ਸਰੀਰਕ ਤੌਰ ਉੱਤੇ) ਅਹਿੱਲ ਅਤੇ ਅਡੋਲ ਕਰਨ ਦਾ ਜਤਨ ਕਰਦੀਆਂ ਹਨ। ਸਰੀਰਕ ਅਡੋਲਤਾ ਅਤੇ ਮਾਨਸਿਕ ਇਕਾਗ੍ਰਤਾ ਤੋਂ ਬਿਨਾਂ ਕਿਸੇ ਮੂਰਤੀ, ਮੂਰਤ ਜਾਂ ਇਮਾਰਤ ਵਿੱਚਲੀ ਸੁੰਦਰਤਾ ਦਾ ਡੂੰਘੇਰਾ ਗਿਆਨ ਅਤੇ ਉਚੇਰਾ ਆਨੰਦ ਪ੍ਰਾਪਤ ਕਰਨਾ ਸੰਭਵ ਨਹੀਂ। ਨ੍ਰਿਤ ਵਿਚ ਹਰਕਤ ਹੈ; ਇਹ ਹੈ ਹੀ ਹਰਕਤ ਦੀ ਕਲਾ। ਇਸ ਕਲਾ ਦੇ ਦਰਸ਼ਕ ਲਈ ਵੀ ਸਰੀਰਕ ਤੌਰ ਉੱਤੇ ਅਹਿੱਲ ਹੋਣਾ ਜ਼ਰੂਰੀ ਹੈ, ਮਾਨਸਿਕ ਤੌਰ ਉੱਤੇ ਉਹ ਭਾਵੇਂ ਚੰਚਲ ਹੀ ਕਿਉਂ ਨ ਹੋਵੇ। ਥੋੜੇ ਚਿਰ ਲਈ ਇਨ੍ਹਾਂ ਨੂੰ ਮੈਂ ਦ੍ਰਿਸ਼ਟੀ ਮੂਲਕ ਕਲਾਵਾਂ ਆਖ ਲੈਂਦਾ ਹਾਂ। ਦ੍ਰਿਸ਼ਟੀ ਮੂਲਕ ਕਲਾ ਮਨੁੱਖੀ ਮਨ ਉੱਤੇ ਜਿਹੜਾ ਪ੍ਰਭਾਵ ਪਾਉਂਦੀ ਹੈ ਉਹ ਪੁਲਕਾਵਲੀ (ਲੂੰ-ਕੰਡੇ), ਕੰਪਨ (ਕੰਬਣੀ), ਅੱਖਾਂ ਦੇ ਸੇਜਲ ਹੋਣ ਅਤੇ ਮਨੁੱਖੀ ਸਰੀਰ ਦੇ ਨਿੱਸਲ ਹੋਣ ਆਦਿਕ ਵਰਗੀਆਂ ਸਰੀਰਕ ਹਾਲਤਾਂ ਰਾਹੀਂ ਪਰਗਟ ਹੁੰਦਾ ਹੈ। ਇਹ ਪ੍ਰਗਟਾਵਾ ਮੁੱਖ ਰੂਪ ਵਿਚ ਸਰੀਰਕ ਹਰਕਤ ਨਹੀਂ ਆਖਿਆ ਜਾ ਸਕਦਾ।

ਇਸ ਤੋਂ ਉਲਟ ਕਾਵਿ ਅਤੇ ਸੰਗੀਤ ਦਾ ਪ੍ਰਭਾਵ, ਕੁਝ ਕੁ ਹਾਲਤਾਂ ਵਿਚ, ਏਨਾ ਸਰੀਰਕ ਹੁੰਦਾ ਹੈ ਕਿ ਮਨ ਦੀ ਗੱਲ ਸੋਚਣੀ ਜ਼ਰਾ ਓਪਰੀ ਲੱਗਣ ਲੱਗ ਪੈਂਦੀ ਹੈ। ਭਿਆਨਕ, ਵੀਭਤਸ (ਘਿਰਣਾ), ਰੌਦਰ (ਕ੍ਰੋਧ) ਅਤੇ ਬੀਰ ਰਸੀ ਕਾਵਿ ਦੇ ਪ੍ਰਭਾਵ ਦਾ ਸਰੀਰਕ ਪ੍ਰਗਟਾਵਾ ਪ੍ਰਤੱਖ ਵੇਖਿਆ ਜਾ ਸਕਦਾ ਹੈ। ਵਿਸ਼ੇਸ਼ ਕਰਕੇ ਬੀਰ ਰਸੀ ਕਾਵਿ ਦੁਆਰਾ ਮਨੁੱਖੀ ਅੰਗਾਂ ਦਾ ਫਰਕਣਾ ਇਕ ਆਮ ਜਹੀ ਗੱਲ ਹੈ। ਜੇ ਇਹ ਕਾਵਿ ਪੜ੍ਹਨ ਦੀ ਥਾਂ ਸੁਣਿਆ ਜਾਵੇ ਤਾਂ ਅਸਰ ਵੱਧ ਹੁੰਦਾ ਹੈ। ਕਾਵਿ-ਕਲਾ ਦੀ ਤਾਂ ਗੱਲ ਹੀ ਹੋਰ ਹੈ। ਕਲਾ ਹੋਣ ਕਰਕੇ ਇਸ ਵਿਚ ਇਕ ਜਾਦੂ ਹੁੰਦਾ ਹੈ। ਉਂਞ ਇਕ ਸਾਧਾਰਣ ਵਕਤਾ ਵੀ ਥੋੜ੍ਹੀ ਜਹੀ ਚਲਾਕੀ ਨਾਲ ਆਪਣੇ ਸ੍ਰੋਤਿਆਂ ਨੂੰ ਨਾਹਰਿਆਂ, ਜੈਕਾਰਿਆਂ, ਜਲੂਸਾਂ, ਮੁਜ਼ਾਹਰਿਆਂ ਅਤੇ ਫਸਾਦਾਂ ਲਈ ਪ੍ਰੇਰ ਲੈਂਦਾ ਹੈ। ਸ੍ਰਵਣ-ਮੂਲਕ ਕਲਾ ਹੋਣ ਕਰਕੇ, ਸੰਗੀਤ, ਜੇ ਆਪਣੇ ਸ੍ਰੋਤਿਆਂ ਨੂੰ ਕਿਸੇ ਭੂਤ ਪ੍ਰੇਤ ਲਈ ਭੂਤਰ ਜਾਣ ਲਈ ਪ੍ਰੇਰ ਲੈਂਦਾ ਹੈ ਤਾਂ ਇਸ ਵਿਚ ਅਚੰਭੇ ਵਾਲੀ ਗੱਲ ਨਹੀਂ। ਇਹ ਮਨੁੱਖੀ ਮਨ ਨੂੰ ਕਿਸੇ ਅਲੌਕਿਕ ਪ੍ਰਾਪਤੀ ਵਿਚ ਵਡਮੁੱਲੀ ਸਹਾਇਤਾ ਵੀ ਦੇ ਸਕਦਾ ਹੈ। ਸੰਗੀਤ ਭਗਤੀ-ਮਾਰਗ ਦਾ ਇਕ ਵਿਸ਼ੇਸ਼ ਹਿੱਸਾ ਹੈ ਅਤੇ ਮਨ ਦੀ ਇਕਾਗਰਤਾ ਲਈ ਕਿਸੇ ਇਕ ਰਾਗ ਦੀ ਸਿੱਧੀ ਪ੍ਰਾਪਤ

ਕਰਨ ਦੀਆਂ ਕਥਾਵਾਂ ਨਾਲ ਸਾਡਾ ਭਗਤ-ਜੀਵਨੀ-ਸਾਹਿਤ ਭਰਿਆ ਪਿਆ ਹੈ।

ਦ੍ਰਿਸ਼ਟੀ ਮੂਲਕ ਕਲਾਵਾਂ ਦੇ ਟਾਕਰੇ ਵਿਚ ਸ਼੍ਰਵਣ ਮੂਲਕ ਕਲਾਵਾਂ ਦਾ ਪ੍ਰਭਾਵ ਵਧੇਰੇ ਪ੍ਰਬਲ ਹੈ। ਇਹ ਪ੍ਰਭਾਵ ਸਰੀਰ ਦੀ ਅੱਤ ਚੰਚਲਤਾ ਵਿਚ ਵੀ ਪਰਗਟ ਹੁੰਦਾ ਹੈ ਅਤੇ ਮਨ ਦੀ ਅੱਤ ਇਕਾਗ੍ਰਤਾ ਵਿਚ ਵੀ। ਇਕਾਗ੍ਰਤਾ ਦਾ ਪ੍ਰਭਾਵ ਪੈਦਾ ਕਰਨ ਵਿਚ ਕਾਵਿ ਜਾਂ ਸਾਹਿਤ ਨਾਲੋਂ ਸੰਗੀਤ ਵਧੇਰੇ ਯੋਗ ਹੈ। ਇਨ੍ਹਾਂ ਸਾਰੀਆਂ ਗੱਲਾਂ ਦਾ ਵੱਡਾ ਕਾਰਨ ਇਹ ਹੈ ਕਿ ਦ੍ਰਿਸ਼ਟੀ-ਮੂਲਕ ਕਲਾਵਾਂ ਅਤੇ ਸਾਹਿਤ ਮਨੁੱਖੀ ਮਨ ਦੀ ਭਾਵੁਕਤਾ ਨਾਲ ਸਿੱਧੇ ਸੰਬੰਧਤ ਹੋਣ ਦੀ ਥਾਂ ਮਨੁੱਖ ਦੀ ਬੌਧਿਕਤਾ ਰਾਹੀਂ ਸੰਬੰਧਤ ਹਨ। ਦ੍ਰਿਸ਼ਟੀ ਜਾਂ ਅੱਖ ਨੂੰ ਪ੍ਰਧਾਨਤਾ ਪ੍ਰਾਪਤ ਹੈ। ਮਨੁੱਖੀ ਮਨ ਨੂੰ ਇਹ ਭਰੋਸਾ ਹੈ ਕਿ ਅੱਖਾਂ ਰਾਹੀਂ ਪ੍ਰਾਪਤ ਹੋਣ ਵਾਲਾ ਗਿਆਨ ਸੱਚਾ ਗਿਆਨ ਹੈ। ਇਸਦੇ ਨਾਲ ਨਾਲ ਮਨੁੱਖੀ ਮਨ ਦੀਆਂ ਸ਼ਕਤੀਆਂ (ਭਾਵ, ਪਰਵਿਰਤੀ, ਵਿਸ਼ਵਾਸ ਅਤੇ ਬੁੱਧੀ ਆਦਿਕ) ਵਿਚੋਂ ਬੁੱਧੀ ਜਾਂ ਅਕਲ ਨੂੰ ਸ੍ਰੇਸ਼ਟ ਮੰਨਿਆਂ ਜਾਂਦਾ ਹੈ। ਦ੍ਰਿਸ਼ਟੀ ਅਤੇ ਅਕਲ ਦੀ ਸ੍ਰੇਸ਼ਟਤਾ ਦੋਹਾਂ ਵਿਚ ਕੁਦਰਤੀ ਮਿੱਤ੍ਰਤਾ ਦਾ ਆਧਾਰ ਹੈ।

ਇਸ ਮਿੱਤ੍ਰਤਾ ਜਾਂ ਸੰਬੰਧ ਦੇ ਕਾਰਨ ਅੱਖਾਂ ਅਤੇ ਕੰਨਾਂ ਰਾਹੀਂ ਪ੍ਰਾਪਤ ਹੋਣ ਵਾਲੇ ਗਿਆਨ ਦੀ ਮਾਨਸਿਕ ਪ੍ਰਤੀਕਿਰਿਆ ਵੱਖ ਵੱਖ ਪ੍ਰਕਾਰ ਦੀ ਹੁੰਦੀ ਹੈ। ਜੇ ਕੋਈ ਆਦਮੀ ਕੰਨਾਂ ਰਾਹੀਂ ਜਾਣੀ ਗਈ ਕਿਰਿਆ ਦੀ ਪ੍ਰਤੀਕਿਰਿਆ ਵਜੋਂ ਕੁਝ ਇਸ ਪ੍ਰਕਾਰ ਦੀ ਹਰਕਤ ਕਰੇ ਜਿਹੜੀ ਅਢੁਕਵੀਂ ਅਤੇ ਹਾਸੋਹੀਣੀ ਹੋਵੇ ਤਾਂ ਉਸਦਾ ਇਹ ਰਵੱਈਆ ਉਸ ਲਈ ਕਿਸੇ ਵਡੇਰੀ ਸ਼ਰਮ ਦਾ ਕਾਰਨ ਨਹੀਂ ਬਣਦਾ। ਹਰ ਕੋਈ ਇਹ ਮੰਨਦਾ ਹੈ ਕਿ ਕਿਸੇ ਆਵਾਜ਼ ਦੁਆਰਾ ਕਿਸੇ ਘਟਨਾ ਜਾਂ ਉਤੇਜਨਾ ਜਾਂ ਉਕਸਾਹਟ ਦਾ ਪੂਰਾ ਪੂਰਾ ਗਿਆਨ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਅਤੇ ਪੂਰੇ ਗਿਆਨ ਦੀ ਅਣਹੋਂਦ ਵਿਚ ਅਢੁਕਵੀਂ ਪ੍ਰਤੀਕਿਰਿਆ ਕੋਈ ਓਪਰੀ ਗੱਲ ਨਹੀਂ। ਇਸਦੇ ਉਲਟ ਅੱਖਾਂ ਰਾਹੀਂ ਪ੍ਰਾਪਤ ਹੋਣ ਵਾਲੀ ਉਕਸਾਹਟ ਦੀ ਪ੍ਰਤੀਕਿਰਿਆ ਜੇ ਅਯੋਗ ਜਾਂ ਅਢੁਕਵੀਂ ਹੋਵੇ ਤਾਂ ਹਰ ਕੋਈ ਇਹ ਕਹਿੰਦਾ ਹੈ ਕਿ "ਤੂੰ ਅੱਖਾਂ ਨਾਲ ਵੇਖਦਿਆਂ ਹੋਇਆਂ ਇਹ ਭੁੱਲ ਕਿਵੇਂ ਅਤੇ ਕਿਉਂ ਕੀਤੀ।" ਅੱਖਾਂ ਰਾਹੀਂ ਪ੍ਰਾਪਤ ਹੋਣ ਵਾਲੀ ਉਕਸਾਹਟ ਦੇ ਗਿਆਨ ਨੂੰ ਸੰਪੂਰਣ ਸਮਝਿਆ ਜਾਣ ਅਤੇ ਇਸ ਉਕਸਾਹਟ ਦੀ ਪ੍ਰਤੀਕਿਰਿਆ ਵਿਚ ਯੋਗ ਵਤੀਰੇ ਦੀ ਆਸ ਕੀਤੀ ਜਾਣ ਦੇ ਕਾਰਨ ਇਹ ਜ਼ਰੂਰੀ ਹੋ ਗਿਆ ਹੈ ਕਿ ਮਨੁੱਖ ਅੱਖਾਂ ਰਾਹੀਂ ਪ੍ਰਾਪਤ ਹੋਈ ਉਕਸਾਹਟ ਦੀ ਪ੍ਰਤੀਕਿਰਿਆ ਸੋਚ ਸਮਝ ਕੇ ਕਰੇ ਅਤੇ ਵੱਧ ਤੋਂ ਵੱਧ ਯੋਗ ਵਤੀਰਾ ਅਪਣਾਵੇ। ਅਜੇਹਾ ਨ ਹੋਣ ਦੀ ਹਾਲਤ ਵਿਚ ਉਸਦੀ ਅਕਲ ਨੂੰ ਉਲਾਹਮਾਂ ਆਉਂਦਾ ਹੈ। ਇਸੇ ਕਾਰਣ ਦ੍ਰਿਸ਼ਟੀ ਮੂਲਕ ਕਲਾਵਾਂ ਦਾ ਪ੍ਰਭਾਵ ਸਿੱਧਾ ਨਹੀਂ ਹੁੰਦਾ ਸਗੋਂ ਕਲਾ ਰੂਪੀ ਉਕਸਾਹਟ ਅਤੇ ਭਾਵੁਕਤਾ ਰੂਪੀ ਪ੍ਰਤੀਕਿਰਿਆ ਵਿਚਕਾਰ ਬੌਧਿਕਤਾ ਆ ਖੜੋਂਦੀ ਹੈ। ਨਿਰੋਲ ਸ਼੍ਰਵਣ ਮੂਲਕ ਕਲਾਵਾਂ ਮਨੁਖੀ ਮਨ ਦੀ ਭਾਵੁਕਤਾ ਨੂੰ ਸਿੱਧਾ ਪ੍ਰਭਾਵਿਤ ਕਰਦੀਆਂ ਹਨ ਅਤੇ ਸੰਗੀਤ ਨਿਰੋਲ ਸ਼੍ਰਵਣ ਮੂਲਕ ਕਲਾ ਹੈ।

ਜਨਮ ਲੈਣ ਦੇ ਸਮੇਂ ਤੋਂ ਲੈ ਕੇ ਚੋਖੇ ਸਮੇਂ ਤੱਕ ਮਨੁੱਖ ਆਪਣੀ ਰੱਖਿਆ ਲਈ

ਦੂਜਿਆਂ ਉੱਤੇ ਆਸ਼੍ਰਿਤ ਹੁੰਦਾ ਹੈ। ਸਭ ਤੋਂ ਪਹਿਲਾ ਅਤੇ ਸੁਖਾਵਾਂ ਆਸਰਾ ਮਾਂ ਹੈ। ਮਾਂ ਨਾਲ ਬੱਚੇ ਦਾ ਮੁੱਢਲਾ ਸੰਬੰਧ ਛੁਹ ਦਾ ਸੰਬੰਧ ਹੈ। ਛੁਹ ਦਾ ਅਹਿਸਾਸ ਜਨਮ ਸਮੇਂ ਹੀ ਬੱਚੇ ਦੇ ਸਰੀਰ ਵਿਚ ਮੌਜੂਦ ਹੁੰਦਾ ਹੈ। ਜਨਮ ਤੋਂ ਥੋੜਾ ਸਮਾਂ ਪਿੱਛੋਂ ਹੀ ਬੱਚਾ ਆਪਣੀ ਮਾਂ ਦੇ ਹੱਥਾਂ ਦਾ ਸਪਰਸ਼ ਪਛਾਣਨ ਲੱਗ ਪੈਂਦਾ ਹੈ। ਉਸਦਾ ਇਹ ਗਿਆਨ ਬੋਧਕ ਨਹੀਂ ਹੁੰਦਾ ਸਗੋਂ ਪਰਵਿਰਤੀ ਮੂਲਕ ਹੁੰਦਾ ਹੈ। ਛੁਹ ਤੋਂ ਪਿੱਛੋਂ ਸ੍ਰਵਣ (ਸੁਣਨ) ਦੀ ਗਿਆਨ-ਇੰਦ੍ਰੀ ਜਾਗ੍ਰਤ ਹੁੰਦੀ ਹੈ। ਵੇਖਣ ਦੀ ਜਾਚ ਬਹੁਤ ਚਿਰ ਪਿੱਛੋਂ ਆਉਂਦੀ ਹੈ। ਮਾਂ ਦੇ ਨੇੜ ਵਿਚ ਬੱਚਾ ਸੁਰੱਖਿਆ ਅਨੁਭਵ ਕਰਦਾ ਹੈ। ਸੁਰੱਖਿਆ ਉਸ ਲਈ 'ਆਨੰਦ' ਹੈ। ਮਾਂ ਦਾ ਨੇੜ ਹਰ ਵੇਲੇ ਪ੍ਰਾਪਤ ਨਹੀਂ ਹੋ ਸਕਦਾ। ਉਸਨੂੰ ਹੋਰ ਵੀ ਕਈ ਕੰਮ ਹੁੰਦੇ ਹਨ। ਮਾਂ ਦੀ ਆਵਾਜ਼ ਬੱਚੇ ਨੂੰ ਮਾਂ ਦੇ ਨੇੜ ਦਾ ਅਹਿਸਾਸ ਕਰਵਾਉਂਦੀ ਹੈ। ਇਉਂ ਸ਼ਬਦ ਅਤੇ ਸਪਰਸ਼ ਮਨੁੱਖ ਦੇ ਦੋ ਮੁੱਢਲੇ ਆਨੰਦ ਸ੍ਰੋਤ ਹਨ। ਦੋਹਾਂ ਦਾ ਮਨੁੱਖੀ ਮਨ ਦੀ ਭਾਵ ਅਵਸਥਾ ਨਾਲ ਸਿੱਧਾ ਸੰਬੰਧ ਹੈ।

ਕੁਦਰਤ ਦੇ ਕਾਰਖਾਨੇ ਵੱਲ ਧਿਆਨ ਮਾਰਿਆਂ ਪਤਾ ਲਗਦਾ ਹੈ ਕਿ ਮਾਸਾਹਾਰੀ ਹਿੰਸਕ ਪਸ਼ੂਆਂ ਦੀਆਂ ਅੱਖਾਂ ਬਹੁਤ ਤੇਜ਼ ਹਨ। ਇਥੋਂ ਤੱਕ ਕਿ ਉਹ ਹਨ੍ਹੇਰੇ ਵਿਚ ਵੀ ਵੇਖ ਸਕਦੇ ਹਨ।* ਉੱਲੂ, ਇੱਲ, ਸ਼ੇਰ ਅਤੇ ਚੀਤੇ ਆਦਿਕ ਨੂੰ ਕੁਦਰਤ ਨੇ ਬਹੁਤ ਤੇਜ਼ ਅੱਖਾਂ ਦਿੱਤੀਆਂ ਹਨ ਤਾਂ ਜੁ ਉਹ ਆਪਣਾ ਸ਼ਿਕਾਰ ਦੂਰੋਂ ਵੇਖ ਸਕਣ। ਉਨ੍ਹਾਂ ਹਿੰਸਕ ਪਸ਼ੂਆਂ ਦੀ ਹਿੰਸਾ ਦਾ ਸ਼ਿਕਾਰ ਹੋਣ ਵਾਲੇ ਸਾਕਾਹਾਰੀ ਪਸ਼ੂਆਂ ਨੂੰ ਕੁਦਰਤ ਨੇ ਵੱਡੇ ਵੱਡੇ ਕੰਨ ਦਿੱਤੇ ਹਨ। ਇਨ੍ਹਾਂ ਦੇ ਕੰਨ ਇਧਰ ਉੱਧਰ ਮੁੜ ਕੇ ਹਰ ਪਾਸੇ ਦੀ ਆਵਾਜ਼ ਸੁਣਨ ਦੇ ਯੋਗ ਹੁੰਦੇ ਹਨ ਤਾਂ ਜੁ ਇਹ ਆਪਣੀ ਰੱਖਿਆ ਕਰ ਸਕਣ। ਖਤਰੇ ਦੀ ਆਵਾਜ਼ ਸੁਣ ਕੇ ਇਹ ਦੌੜ ਜਾਂਦੇ ਹਨ ਅਤੇ ਕਈ ਵੇਰੀ ਆਪਣੀ ਜਾਨ ਦੀ ਰੱਖਿਆ ਕਰ ਲੈਂਦੇ ਹਨ। ਪਰ ਖਤਰੇ ਨੂੰ ਵੇਖ ਕੇ ਇਹ ਸਹਿਮ ਜਾਂਦੇ ਹਨ ਅਤੇ ਕਈ ਵੇਰ ਦੌੜਨ ਦੀ ਸੱਤਾ ਵੀ ਗੁਆ ਬੈਠਦੇ ਹਨ। ਕਿੰਨਾ ਫਰਕ ਹੈ ਦੋਹਾਂ ਗਿਆਨ-ਇੰਦ੍ਰੀਆਂ ਦੀ ਉਪਯੋਗਿਤਾ ਵਿਚ !! ਇਹ ਅੰਤਰ ਇਨ੍ਹਾਂ ਗਿਆਨ-ਇੰਦ੍ਰੀਆਂ ਨਾਲ ਸੰਬੰਧਤ ਕੋਮਲ ਕਲਾਵਾਂ ਦਾ ਸਥਾਨ ਨੀਅਤ ਕਰਨ ਦਾ ਅਧਿਕਾਰ ਵੀ ਰੱਖਦਾ ਹੈ। ਪਦਾਰਥਵਾਦੀ ਆਦਰਸ਼ਾਂ ਦੇ ਧਾਰਨੀ ਲੋਕ ਚਿੱਤ੍ਰ ਕਲਾ ਨੂੰ ਅਤੇ ਅਧਿਆਤਮਵਾਦੀ ਆਦਰਸ਼ ਦੇ ਧਾਰਨੀ ਲੋਕ ਸੰਗੀਤ ਨੂੰ ਸਰਵੋਤਮ ਕਲਾ ਮੰਨਦੇ ਆਏ ਹਨ ਕਿਉਂਜੁ ਅਧਿਆਤਮਵਾਦੀ ਸ਼ਿਕਾਰ ਅਤੇ ਪਦਾਰਥਵਾਦੀ ਸ਼ਿਕਾਰੀ ਹਨ।

ਅਧਿਆਤਮਵਾਦੀਆਂ ਅਨੁਸਾਰ ਸੰਗੀਤ ਦੀ ਸਰਵੋਤਮ ਕਲਾ ਦਾ ਜਨਮ ਹਵਾਵਾਂ, ਝਰਨਿਆਂ, ਬਦਲਾਂ, ਪਸ਼ੂਆਂ ਅਤੇ ਪੰਛੀਆਂ ਦੀਆਂ ਆਵਾਜ਼ਾਂ ਤੋਂ ਹੋਇਆ ਹੈ ਪ੍ਰੰਤੂ ਪਦਾਰਥਵਾਦੀ ਇਸਦਾ ਜਨਮ ਸ਼ਿਕਾਰੀ ਮਨੁੱਖਾਂ ਦੇ ਰੌਲੇ, ਜੰਗਲੀ ਕਬੀਲਿਆਂ ਦੀ ਲੜਾਈ ਸਮੇਂ ਦੀ ਹਲਾਸ਼ੇਰੀ ਅਤੇ ਕਿਸੇ ਜਿੱਤ ਦੀ ਪ੍ਰਾਪਤੀ ਉੱਤੇ ਪਾਏ ਗਏ ਰੌਲੇ-ਰੱਪੇ ਵਿਚੋਂ ਮੰਨਦੇ ਹਨ। ਸਮਾਜਵਾਦੀ ਹਰ ਕਲਾ ਦੀ ਉਤਪੱਤੀ ਨੂੰ ਭੋਜਨ ਦੀ ਸਮੱਸਿਆ ਨਾਲ

---

*ਹਨ੍ਹੇਰੇ ਵਿਚ ਵੇਖਣ ਲਈ ਆਵਾਜ਼ ਵੀ ਉਨ੍ਹਾਂ ਦੀ ਸਹਾਇਕ ਹੈ। ਇਹ ਇਕ ਵਿਗਿਆਨਕ ਵਿਸ਼ਾ ਹੈ।

ਜੋੜਨ ਦਾ ਜਤਨ ਕਰਦਾ ਹੈ। ਮੈਨੂੰ ਇਨ੍ਹਾਂ ਵਿਚਾਰ-ਵਿਰੋਧਾਂ ਦਾ ਕੋਈ ਅਰਥ ਨਹੀਂ ਭਾਸਦਾ । ਇਹ ਬੇ-ਅਰਥੇ ਝਗੜੇ ਹਨ। ਵੱਖ ਵੱਖ ਥਾਂ ਵਸਦੇ ਮਨੁੱਖ ਨੂੰ ਵੱਖ ਵੱਖ ਸ੍ਰੋਤਾਂ ਤੋਂ ਸੰਗੀਤ ਦੀ ਪ੍ਰੇਰਣਾ ਮਿਲੀ ਹੋਵੇਗੀ, ਇਹ ਮੰਨਣ ਵਿਚ ਕੋਈ ਹਰਜ ਨਹੀਂ। ਵੱਖ ਵੱਖ ਭੂਗੋਲਿਕ ਪਰਿਸਥਿਤੀਆਂ ਨੇ ਸੰਗੀਤ ਦੇ ਵਿਕਾਸ ਨੂੰ ਵੱਖ ਵੱਖ ਦਿਸ਼ਾਵਾਂ ਦਿੱਤੀਆਂ ਹਨ, ਇਹ ਸੱਚ ਵੀ ਕਿਸੇ ਸਬੂਤ ਦਾ ਮੁਥਾਜ ਨਹੀਂ ।

ਆਧੁਨਿਕ ਯੁਗ ਵਿਚ, ਜੀਵਨ ਦੇ ਪਦਾਰਥਵਾਦੀ ਆਦਰਸ਼ਾਂ ਦਾ ਸਦਕਾ, ਦੂਜੀਆਂ ਕਲਾਵਾਂ ਵਾਂਗ ਸੰਗੀਤ ਵੀ ਉੱਚੇ ਆਨੰਦ-ਅਨੁਭਵ ਦਾ ਸ੍ਰੋਤ ਹੋਣ ਦੀ ਥਾਂ ਨੀਵੇਂ ਪਾਸ਼ਵਿਕ ਭਾਵਾਂ ਦੀ ਉਤੇਜਨਾ ਦਾ ਸਾਧਨ ਬਣਦਾ ਜਾ ਰਿਹਾ ਹੈ। ਦੂਜੇ ਦੇਸ਼ਾਂ ਦੀ ਗੱਲ ਵੀ ਕੁੱਝ ਇਸੇ ਪ੍ਰਕਾਰ ਦੀ ਹੈ ਪਰ ਮੈਂ ਭਾਰਤ ਦੀ ਗੱਲ ਕਰਦਾ ਹਾਂ। ਲੱਗਪੱਗ ਅੱਧੀ ਸਦੀ ਤੋਂ ਮੈਂ ਇਹ ਵੇਖਦਾ ਆਇਆ ਹਾਂ ਕਿ ਭਾਰਤੀ ਜਨ ਸਾਧਾਰਣ ਭਾਰਤੀ ਸ਼ਾਸਤ੍ਰੀ ਸੰਗੀਤ ਦਾ ਆਨੰਦ ਮਾਣਨ ਦੀ ਯੋਗਤਾ ਨਹੀਂ ਰੱਖਦਾ। ਸ਼ਾਸਤ੍ਰੀ ਸੰਗੀਤ ਗਿਣਤੀ ਦੇ ਕੁਝ ਕੁ ਲੋਕਾਂ ਲਈ ਹੀ ਆਦਰ ਵਾਲੀ ਚੀਜ਼ ਹੈ; ਬਹੁਤੇ ਲੋਕ ਇਸਦਾ ਮਖੌਲ ਹੀ ਉਡਾਉਂਦੇ ਹਨ। ਇਸਦਾ ਆਦਰ ਵੀ ਕੇਵਲ ਉਨ੍ਹਾਂ ਲੋਕਾਂ ਵਿਚ ਹੀ ਹੈ ਜਿਹੜੇ ਸੰਗੀਤ ਦੀ ਵਿੱਦਿਆ ਤੋਂ ਕੁਝ ਜਾਣੂ ਹਨ। ਇਥੋਂ ਤੱਕ ਕਿ ਲੋਕ ਇਸ ਗੱਲ ਦੇ ਵਿਸ਼ਵਾਸੀ ਹੁੰਦੇ ਜਾ ਰਹੇ ਹਨ ਕਿ "ਸੰਗੀਤ ਦਾ ਅਨੰਦ ਮਾਣਨ ਲਈ ਸੰਗੀਤ ਦੀ ਵਿੱਦਿਆ ਪ੍ਰਾਪਤ ਕਰਨੀ ਜ਼ਰੂਰੀ ਹੈ। ਇਸ ਵਿੱਦਿਆ ਤੋਂ ਅਣਜਾਣ ਆਦਮੀ ਸ਼ਾਸਤ੍ਰੀ ਸੰਗੀਤ ਦਾ ਆਨੰਦ ਨਹੀਂ ਮਾਣ ਸਕਦਾ।" ਇਸ ਵਿਸ਼ਵਾਸ ਦਾ ਭਾਵ ਇਹ ਹੈ ਕਿ ਸੰਗੀਤ ਕੇਵਲ ਸੰਗੀਤਕਾਰਾਂ ਲਈ ਹੀ ਹੈ। ਸ਼ੁਕਰ ਹੈ ਅਜੇ ਅਸਾਂ ਇਹ ਵਿਸ਼ਵਾਸ ਨਹੀਂ ਬਣਾਇਆ ਕਿ ਕਵਿਤਾ ਕੇਵਲ ਕਵੀਆਂ ਲਈ ਹੀ ਹੈ ਅਤੇ ਨ੍ਰਿਤ ਕਲਾ ਕੇਵਲ ਨ੍ਰਿਤਕਾਰਾਂ ਲਈ ਹੀ।*

ਜਿਵੇਂ ਢੁਕਵੇਂ ਕਪੜੇ ਪਹਿਨਣ ਯੋਗ ਹੋਣ ਲਈ ਕਿਸੇ ਨੂੰ ਦਰਜ਼ੀ ਬਣਨ ਦੀ ਲੋੜ ਨਹੀਂ ਹੁੰਦੀ ਉਵੇਂ ਹੀ ਸੰਗੀਤ ਦਾ ਆਨੰਦ ਲੈਣ ਲਈ ਸੰਗੀਤਕਾਰ ਹੋਣਾ ਜ਼ਰੂਰੀ ਨਹੀਂ। ਜੇ ਇਹ ਗੱਲ ਠੀਕ ਹੈ ਕਿ ਸੰਗੀਤ ਪਸ਼ੂ-ਪੰਛੀਆਂ ਨੂੰ ਮੁਗਧ ਕਰ ਲੈਂਦਾ ਹੈ ਤਾਂ ਸੰਗੀਤ ਦੇ ਆਨੰਦ ਦਾ ਆਧਾਰ ਇਸ ਕਲਾ ਦੀਆਂ ਬਾਰੀਕੀਆਂ ਦਾ ਗਿਆਨ ਨਹੀਂ ਮੰਨਿਆ ਜਾਣਾ ਚਾਹੀਦਾ। ਜਿਵੇਂ ਕਵਿਤਾ ਦਾ ਆਨੰਦ ਮਾਣਨ ਲਈ ਕਾਵਿ-ਮਈ ਹਿਰਦੇ ਦੀ ਲੋੜ ਹੁੰਦੀ ਹੈ ਤਿਵੇਂ ਹੀ ਸੰਗੀਤ ਦੁਆਰਾ ਮੁਗਧ ਹੋਣ ਲਈ ਸੰਗੀਤਕ ਹਿਰਦੇ ਦੀ ਲੋੜ ਹੁੰਦੀ ਹੈ। ਭਾਵੇਂ ਸਾਧਾਰਣ ਤੌਰ ਉੱਤੇ ਸੁਲਝਿਆ ਹੋਇਆ ਸੁਹਿਰਦ ਮਨੁੱਖ ਹਰ ਕਲਾ ਦਾ ਆਨੰਦ ਮਾਣ ਸਕਦਾ ਹੈ ਤਾਂ ਵੀ ਉਚੇਚੇ ਤੌਰ ਉੱਤੇ ਉਚੇਚੀਆਂ ਰੁਚੀਆਂ ਦੇ ਧਾਰਨੀ ਮਨੁੱਖ ਕਿਸੇ ਇਕ ਕਲਾ ਨੂੰ ਦੂਜੀਆਂ ਨਾਲੋਂ ਵਧੇਰੇ ਆਨੰਦ-ਦਾਇਕ ਮਹਿਸੂਸਦੇ ਹਨ। ਠੀਕ ਠੀਕ ਨਿਰਣਾ ਕਰਨਾ ਤਾਂ ਔਖੀ ਜਹੀ ਗੱਲ ਹੈ ਤਾਂ ਵੀ ਇਹ ਗੱਲ ਕਿਸੇ ਹੱਦ ਤੱਕ ਭਰੋਸੇ ਨਾਲ ਆਖੀ ਜਾ ਸਕਦੀ ਹੈ ਕਿ ਚਤਰ ਅਤੇ ਕਲਪਨਾਮਈ ਮਨੁੱਖ ਕਵਿਤਾ ਨੂੰ ਵਧੇਰੇ ਪਸੰਦ

*ਜਿਸ ਪ੍ਰਕਾਰ ਦੀ ਕਵਿਤਾ ਅਜਕਲ ਲਿਖੀ ਜਾ ਰਹੀ ਹੈ ਉਹ ਆਮ ਆਦਮੀ ਨੂੰ ਕਵਿਤਾ ਨਹੀਂ ਭਾਸਦੀ। ਹੋ ਸਕਦਾ ਹੈ ਛੇਤੀ ਹੀ ਲੋਕ ਇਹ ਵੀ ਆਖਣ ਲਗ ਪੈਣ ਕਿ ਕਵਿਤਾ ਕੇਵਲ ਕਵੀਆਂ ਲਈ ਹੈ।

ਕਰਦਾ ਹੈ ਅਤੇ ਭੋਲਾ, ਕੋਮਲ-ਚਿੱਤ, ਅਪਣਾਏ ਜਾਣ ਦੀ ਇੱਛਾ ਵਾਲਾ ਅਤੇ ਨਿਰਬਲਤਾ ਦੇ ਅਹਿਸਾਸ ਵਾਲਾ ਆਦਮੀ ਸੰਗੀਤ ਤੋਂ ਬਹੁਤਾ ਪ੍ਰਭਾਵਿਤ ਹੁੰਦਾ ਹੈ। ਚੰਚਲ ਮਨ ਨ੍ਰਿਤ ਨੂੰ ਵਧੇਰੇ ਪਸੰਦ ਕਰਦਾ ਹੈ ਅਤੇ ਤੇਜ਼ ਬੁੱਧੀ ਵਾਲੇ ਆਦਮੀ ਚਿਤ੍ਰ ਕਲਾ ਵਿਚ ਵਧੇਰੇ ਦਿਲ-ਚਸਪੀ ਲੈਂਦੇ ਹਨ। ਹਰ ਉਮਰ ਦੀ ਵੱਖਰੀ ਦਿਲਚਸਪੀ ਹੁੰਦੀ ਹੈ। ਇਕੋ ਆਦਮੀ ਇਕ ਸਮੇਂ ਇਕ ਕਲਾ ਦਾ ਅਤੇ ਦੂਜੇ ਸਮੇਂ ਦੂਜੀ ਦਾ ਉਪਾਸ਼ਕ ਹੋ ਸਕਦਾ ਹੈ।

ਸੰਗੀਤ ਦਾ ਆਨੰਦ ਮਾਣਨ ਲਈ ਸੰਗੀਤ ਦੀ ਵਿੱਦਿਆ ਦੀ ਨਹੀਂ ਸਗੋਂ ਅਜੇਹੇ ਹਿਰਦੇ ਦੀ ਲੋੜ ਹੈ ਜਿਹੜਾ ਨਿਰਮਲ ਅਤੇ ਨਿਰਛਲ ਹੋਵੇ; ਜਿਸ ਵਿਚ ਊਣੇ ਹੋਣ ਦਾ ਅਹਿਸਾਸ ਹੋਵੇ ਅਤੇ ਅਪਣਾਏ ਜਾਣ ਦੀ ਇੱਛਾ ਹੋਵੇ। ਬੱਚੇ ਦਾ ਮਨ ਕੁੱਝ ਇਸੇ ਪ੍ਰਕਾਰ ਦਾ ਹੁੰਦਾ ਹੈ। ਸੰਗੀਤ ਦੇ ਆਨੰਦ ਵਿਚ ਮਗਨ ਹੋਣ ਲਈ ਬੱਚੇ ਵਰਗਾ ਹੋਣਾ ਜ਼ਰੂਰੀ ਹੈ। ਜਿਵੇਂ ਜਿਵੇਂ ਮਨੁੱਖੀ ਸਮਾਜਾਂ ਦੀ ਉਮਰ ਵਡੇਰੀ ਹੁੰਦੀ ਜਾ ਰਹੀ ਹੈ ਤਿਵੇਂ ਤਿਵੇਂ ਸੰਗੀਤ ਦਾ ਸਹਿਜ-ਆਨੰਦ ਅਲੋਪ ਹੁੰਦਾ ਜਾ ਰਿਹਾ ਹੈ। ਅਜੋਕੇ ਮਨੁੱਖ ਨੇ ਮਿਊਜ਼ਿਕ ਡੈੱਕ; ਹਾਈ ਫਾਈ ਸਿਸਟਮ ਅਤੇ ਸਟੈਰੀਓ ਆਦਿਕ ਦੀ ਕਾਢ ਤਾਂ ਭਾਵੇਂ ਕੱਢ ਲਈ ਹੈ, ਪਰ ਆਵਾਜ਼ ਦੇ ਜਾਦੂ ਨੂੰ ਕਬੂਲਣ ਦੀ ਸਮਰਥਾ ਉਸ ਵਿਚ ਉੱਕੀ ਨਹੀਂ। ਜਿਹੜੀ ਚਤੁਰਤਾ ਇਹ ਸਾਰੀਆਂ ਕਾਢਾਂ ਕੱਢਦੀ ਹੈ ਉਹੋ ਚਤੁਰਤਾ ਮਨੁੱਖੀ ਮਨ ਵਿਚੋਂ ਉਹ ਗੁਣ ਕੱਢ ਦਿੰਦੀ ਹੈ ਜਿਨ੍ਹਾਂ ਦੀ ਸਹਾਇਤਾ ਨਾਲ ਇਨ੍ਹਾਂ ਕਾਢਾਂ ਦਾ ਆਨੰਦ ਲਿਆ ਜਾਣਾ ਹੁੰਦਾ ਹੈ। ਕਿੰਨੀ ਹਾਸੋਹੀਣੀ ਗੱਲ ਹੈ !!

ਜਿਹਾ ਕਿ ਪਹਿਲਾਂ ਵੀ ਲਿਖ ਚੁੱਕਾ ਹਾਂ ਕਿ ਸੰਗੀਤ ਮਨੁੱਖੀ ਭਾਵਾਂ ਨਾਲ ਸਿੱਧਾ ਸੰਬੰਧਤ ਹੈ। ਪ੍ਰੰਤੂ ਅਜੋਕੇ ਮਨੁੱਖ ਦਾ ਮਨ ਏਨਾ ਸਰਲ ਨਹੀਂ ਕਿ ਉਹ ਕੇਵਲ ਆਵਾਜ਼ਨਾਲ ਆਨੰਦ-ਮਗਨ ਹੋ ਜਾਵੇ। ਜਾਂ ਇਉਂ ਵੀ ਕਹਿ ਸਕਦੇ ਹਾਂ ਕਿ ਉਹ ਏਨਾ ਅਵਾਣਾ ਨਹੀਂ ਕਿ ਲੋਰੀ ਉਸ ਨੂੰ ਸੁਲਾ ਸਕੇ। ਉਸ ਦਾ ਚੌਗਿਰਦਾ ਰੌਲੇ ਨਾਲ ਭਰਪੂਰ ਹੈ। ਇਸ ਰੌਲੇ ਨੂੰ ਸੁਣ ਸੁਣ ਕੇ ਉਸ ਦੇ ਕੰਨ ਰੀਣੇ ਹੋ ਗਏ ਹਨ। ਸੰਗੀਤ ਦੇ ਆਨੰਦ ਲਈ ਮਨੁੱਖ ਨੂੰ ਖਾਮੋਸ਼ੀ ਦਾ ਅਭਿਆਸੀ ਹੋਣਾ ਚਾਹੀਦਾ ਹੈ। ਮਨੁੱਖ ਆਪਣੀ ਬੌਧਿਕਤਾ ਦਾ ਆਦੀ ਹੋ ਹੋ ਚੁੱਕਾ ਹੈ। ਬੌਧਿਕਤਾ ਉਸ ਦਾ ਵਿਅਸਨ ਬਣ ਗਈ ਹੈ। ਇਸ ਤੋਂ ਉਹ ਇਕ ਪਲ ਵੀ ਪਿੱਛਾ ਨਹੀਂ ਛੁਡਾ ਸਕਦਾ। ਇਸ ਲਈ ਸੰਗੀਤ ਵਿਚ ਕਾਵਿ ਦੀ ਮਿਲਾਵਟ ਕਰ ਕੇ ਗੀਤ ਅਤੇ ਗਜ਼ਲ ਆਦਿਕ ਗਾਉਣ ਦਾ ਰਿਵਾਜ ਹੈ। ਇਸ ਪ੍ਰਕਾਰ ਦੇ ਸੰਗੀਤ ਵਿਚ ਰਾਗਾਂ ਦੀ ਸ਼ੁਧਤਾ ਦਾ ਬਹੁਤਾ ਧਿਆਨ ਨਹੀਂ ਰੱਖਿਆ ਜਾਂਦਾ। ਭਜਨ ਅਤੇ ਕੀਰਤਨ ਸੰਗੀਤ ਦਾ ਸਰਵੋਤਮ ਨਮੂਨਾ ਨ ਹੋਣ ਉੱਤੇ ਵੀ, ਅਧਿਆਤਮਕ ਦ੍ਰਿਸ਼ਟੀਕੋਣ ਤੋਂ, ਸ਼ੁੱਧ ਸੰਗੀਤ ਨਾਲੋਂ ਉਚੇਰਾ ਦਰਜਾ ਰਖਦੇ ਹਨ।

ਕੰਨ ਨੂੰ ਮੈਂ ਸਰਵ-ਸ੍ਰੇਸ਼ਟ ਗਿਆਨ ਇੰਦ੍ਰੀ ਆਖਦਾ ਹਾਂ। ਪਰ ਇਸਦਾ ਇਹ ਭਾਵ ਨਹੀਂ ਕਿ ਇਸਦੀ ਦੁਰ-ਵਰਤੋਂ ਨਹੀਂ ਹੋ ਸਕਦੀ। ਸਾਰੀਆਂ ਗਿਆਨ-ਇੰਦ੍ਰੀਆਂ ਦੀ ਕੁ-ਵਰਤੋਂ ਅਤੇ ਸੁ-ਵਰਤੋਂ ਸੰਭਵ ਹੈ। ਜਿਸ ਸਮੇਂ ਭਾਰਤੀ ਸੰਗੀਤ ਭਗਤੀ ਦਾ ਇਕ ਅੰਗ ਬਣ ਕੇ ਮਨੁੱਖੀ ਮਨ ਨੂੰ ਅਧਿਆਤਮਕ ਉਚਾਈਆਂ ਵਿਚ ਲੈ ਜਾਣ ਦੀ ਯੋਗਤਾ ਪ੍ਰਾਪਤ

ਕਰ ਰਿਹਾ ਸੀ; ਉਸੇ ਸਮੇਂ ਇਹ ਰਾਜ ਦਰਬਾਰਾਂ ਵਿਚ ਵਿਹਲੇ ਵਰਗ ਦਾ ਵਿਲਾਸ ਵੀ ਬਣਿਆ ਹੋਇਆ ਸੀ । ਈਸਾਈ ਮੱਤ, ਬੁੱਧ ਮੱਤ, ਹਿੰਦੂ ਮੱਤ ਅਤੇ ਇਸਲਾਮ ਸੰਸਾਰ ਦੇ ਪ੍ਰਧਾਨ ਮਜ਼ਹਬ ਹਨ। ਇਸਲਾਮ ਸੰਗੀਤ ਦਾ ਉਪਾਸ਼ਕ ਨਹੀਂ। ਇਸਦੇ ਉਲਟ ਇਹ ਮੱਤ ਸੰਗੀਤ-ਵਿਰੋਧੀ ਹੈ। ਸੂਫੀਆਂ ਵਿਚ ਕਾਵਿ ਅਤੇ ਸੰਗੀਤ ਇਸਲਾਮੀ ਕੱਟੜਤਾ ਦੀ ਪ੍ਰਤੀ ਕਿਰਿਆ ਕਰਕੇ ਆਏ ਹਨ। ਈਸਾਈ ਅਤੇ ਹਿੰਦੂ ਮਤਾਂ ਵਿਚ ਭਗਤੀ ਨੂੰ ਵਿਸ਼ੇਸ਼ ਥਾਂ ਪ੍ਰਾਪਤ ਹੈ। ਇਹ ਦੋਵੇਂ ਮੱਤ ਆਪੋ ਆਪਣੇ ਵੱਖਰੇ ਧਾਰਮਕ ਸੰਗੀਤ ਦੀ ਵਰਤੋਂ ਕਰਦੇ ਹਨ। ਦੋਹਾਂ ਵਿਚੋਂ ਕਿਸੇ ਇਕ ਦੇ ਸੰਬੰਧ ਵਿਚ ਵੀ ਭਰੋਸੇ ਨਾਲ ਆਖਿਆ ਨਹੀਂ ਜਾ ਸਕਦਾ ਕਿ ਉਸ ਦੇ ਸੰਗੀਤ ਪ੍ਰੇਮ ਨੇ ਮਨੁੱਖੀ ਜੀਵਨ ਵਿਚ ਕੋਈ ਉਚੇਚੀ ਸੁੰਦਰਤਾ ਪੈਦਾ ਕੀਤੀ ਹੈ। ਇਨ੍ਹਾਂ ਮੱਤਾਂ ਦਾ ਸੰਗੀਤ-ਪ੍ਰੇਮ ਕਿਸੇ ਵੱਖਰੀ ਹੋਂਦ ਦੇ ਰੂਪ ਵਿਚ ਕੋਈ ਵੱਡ-ਮੁੱਲੀ ਵਸਤੂ ਨਹੀਂ।

ਇਸਦੇ ਉਲਟ ਬੁੱਧ ਮਤ ਨੇ ਮੂਰਤੀ ਕਲਾ ਨੂੰ ਮਨ ਦੀ ਇਕਾਗਰਤਾ ਦੇ ਸਾਧਨ ਵਜੋਂ ਅਪਣਾਇਆ ਸੀ। ਕਿਸੇ ਧਰਮ ਦਾ ਇਤਿਹਾਸ ਬੁੱਧ ਮੱਤ ਜਿੰਨਾ ਸੁੰਦਰ ਨਹੀਂ ਅਤੇ ਕਿਸੇ ਧਰਮ ਦੀ ਸੁੰਦਰਤਾ ਨੇ ਬੁੱਧ ਧਰਮ ਵਿਚਲੀ ਸੁੰਦਰਤਾ ਨਾਲੋਂ ਲੰਮੇਰੀ ਉਮਰ ਨਹੀਂ ਭੋਗੀ। ਬੋਧੀ ਭਿਕਸ਼ੂਆਂ ਦੀ ਸਾਧਨਾ ਦੇ ਸਿੱਟੇ ਵਜੋਂ ਉਪਜੀਆਂ ਬੁੱਧ ਮੂਰਤੀਆਂ ਸੁੰਦਰਤਾ, ਕੋਮਲਤਾ ਅਤੇ ਪਵਿਤ੍ਰਤਾ ਦੇ ਵਿਸਮਾਦੀ ਸੰਗਮ ਦੀ ਸਦੀਵਤਾ ਦਾ ਸੁਨੇਹਾ ਦੇਣ ਵਿਚ ਅੱਜ ਵੀ ਸਮਰਥ ਹਨ।

ਮੰਨਿਆਂ ਕਿ ਸੰਗੀਤ ਸੂਖਮ ਹੋਣ ਕਰਕੇ, ਪੱਥਰ ਦੀਆਂ ਮੂਰਤੀਆਂ ਵਾਂਗ, ਹਜ਼ਾਰਾਂ ਸਾਲਾਂ ਲਈ ਆਪਣਾ ਵੱਖਰਾ ਆਕਾਰ ਕਾਇਮ ਨਹੀਂ ਰੱਖ ਸਕਦਾ; ਪਰ ਮੇਰਾ ਇਤਰਾਜ਼ ਹੋਰ ਹੈ। ਮੈਂ ਕਹਿੰਦਾ ਹਾਂ ਕਿ ਇਸ ਗੱਲ ਦਾ ਕਿਧਰੇ ਕੋਈ ਸਬੂਤ ਨਹੀਂ ਮਿਲਦਾ ਕਿ ਸੰਗੀਤ ਨੇ ਏਨੇ ਲੰਮੇ ਸਮੇਂ ਲਈ, ਮਨੁੱਖਾਂ ਦੀ ਇਕ ਵੱਡੀ ਗਿਣਤੀ ਨੂੰ ਉਸ ਪ੍ਰਕਾਰ ਦੀ ਮਾਨਸਿਕ ਇਕਾਗਰਤਾ ਦਿੱਤੀ ਹੋਵੇ ਜਿਸ ਪ੍ਰਕਾਰ ਦੀ, ਮੂਰਤੀ ਕਲਾ ਨੇ, ਮੂਰਤੀਆਂ ਘੜਨ ਵਾਲੇ ਭਿਕਸ਼ੂਆਂ ਨੂੰ, ਅਤੇ ਉਨ੍ਹਾਂ ਮੂਰਤੀਆਂ ਵਿਚ ਸੁੰਦਰਤਾ ਦਾ ਅਨੁਭਵ ਕਰਨ ਵਾਲੇ ਜਨ-ਸਾਧਾਰਣ ਨੂੰ, ਦਿੱਤੀ ਹੈ।

ਕਾਰਣ, ਮੇਰੀ ਜਾਚੇ, ਇਹ ਹੈ ਕਿ ਮੂਰਤੀ ਕਲਾ ਦ੍ਰਿਸ਼ਟੀ ਮੂਲਕ ਕਲਾ ਹੋਣ ਕਰਕੇ ਰਚਣਹਾਰ ਅਤੇ ਮਾਣਨਹਾਰ, ਦੋਹਾਂ ਲਈ ਬੋਧਕ ਤੌਰ ਉੱਤੇ ਚੇਤਨ ਹੋਣ ਨੂੰ ਲੋੜੀਂਦਾ ਬਣਾਉਂਦੀ ਹੈ। ਦੁਪਾਸੀ ਬੋਧਕ ਚੇਤਨਾ ਕਲਾ ਦੀ ਕੁ-ਵਰਤੋਂ ਨੂੰ ਕਠਨ ਬਣਾ ਦਿੰਦੀ ਹੈ। ਸੰਗੀਤ ਸ੍ਰਵਣ ਮੂਲਕ ਕਲਾ ਹੋਣ ਕਰਕੇ ਆਪਣੀ ਰਚਨਾ ਦੀ ਜੁਗਤ ਅਤੇ ਭੁਗਤ ਵਿਚ ਉਚੇਚੀ ਬੌਧਿਕਤਾ ਦੀ ਮੰਗ ਨਹੀਂ ਕਰਦਾ। ਸੰਗੀਤ-ਕਾਰ ਨੂੰ ਆਪਣੀ ਵਿੱਦਿਆ ਵਿਚ ਨਿਪੁੰਨ ਹੋਣ ਲਈ ਬੌਧਿਕਤਾ ਦੀ ਸਹਾਇਤਾ ਲੈਣੀ ਪੈਂਦੀ ਹੈ ਪਰ ਸ੍ਰੋਤਿਆਂ ਨੂੰ ਅਜੇਹੀ ਕੋਈ ਮਜਬੂਰੀ ਨਹੀਂ ਹੁੰਦੀ। ਬੌਧਿਕਤਾ ਨਾਲ ਓਪਰਾ ਅਤੇ ਕੱਚਾ ਰਿਸ਼ਤਾ ਰੱਖਣ ਕਰਕੇ ਸੰਗੀਤ, ਪਤਿਤ ਹੋਣ ਲਈ, ਹੋਰ ਸਾਰੀਆਂ ਕਲਾਵਾਂ ਨਾਲੋਂ ਛੇਤੀ ਕਾਹਲਾ ਪੈ ਜਾਂਦਾ ਹੈ। ਤਾਲ ਨਾਲ ਇਸ ਦਾ ਗੂਹੜਾ ਰਿਸ਼ਤਾ ਹੈ। ਇਸ ਸੰਬੰਧ ਦੇ ਕਾਰਣ ਇਹ ਨਾਚ ਦਾ ਨਿਕਟ-

ਵਰਤੀ ਬਣ ਜਾਂਦਾ ਹੈ ਅਤੇ ਨਾਚ ਨਿਰੋਲ ਵਿਲਾਸਤਾ ਦੀ ਕਲਾ ਹੈ, ਜਿੰਨਾ ਚਿਰ ਕੋਈ ਉਚੇਚਾ ਜਤਨ ਇਸ ਨੂੰ ਇਸ ਪਾਸਿਓਂ ਹੋੜ ਕੇ ਨ ਰੱਖੇ।

ਮਨੁੱਖ ਦੀਆਂ ਗਿਆਨ ਇੰਦ੍ਰੀਆਂ ਅਜੇਹੇ ਰਸਤੇ ਹਨ ਜਿਨ੍ਹਾਂ ਰਾਹੀਂ ਬਾਹਰਲੇ ਜਗਤ ਦੀ ਚੋਭ, ਉਤੇਜਨਾ ਜਾਂ ਉਕਸਾਹਟ ਉਸ ਦੇ ਮਨ ਤੱਕ ਪੁੱਜਦੀ ਹੈ। ਇਹ ਉਕਸਾਹਟ ਮਨੁੱਖ ਦੇ ਮਨ ਅਤੇ ਸਰੀਰ ਦੋਹਾਂ ਨੂੰ ਹਲੂਣਦੀ, ਸਤਾਉਂਦੀ ਅਤੇ ਥਕਾਉਂਦੀ ਹੈ। ਆਵਾਜ਼ ਜਾਂ ਸੰਗੀਤ ਇਸ ਪ੍ਰਭਾਵ ਵਿਚ ਸਭ ਤੋਂ ਅੱਗੇ ਹੈ। ਬਾਕੀ ਸਾਰੀਆਂ ਗਿਆਨ-ਇੰਦ੍ਰੀਆਂ ਰਾਹੀਂ ਮਿਲਣ ਵਾਲੀ ਉੱਤੇਜਨਾ ਮਨੁੱਖ ਦੇ ਨਰਵ ਤੰਤੂਆਂ ਨੂੰ ਉੱਤੇਜਿਤ ਕਰਦੀ ਹੈ ਪਰ ਕੰਨਾਂ ਰਾਹੀਂ ਮਿਲਣ ਵਾਲੀ ਉੱਤੇਜਨਾ ਤਾਂ ਮਨੁੱਖ ਦੇ ਰਕਤ-ਪਰਵਾਹ ਵਿਚ ਵੀ ਹਲ ਚੱਲ ਮਚਾ ਦਿੰਦੀ ਹੈ। ਰਕਤ-ਪਰਵਾਹ ਵਿਚ ਮਚੀ ਹਲਚਲ ਮਨੁੱਖ ਦੇ ਦਿਮਾਗ਼ ਨੂੰ ਅਸ਼ਾਂਤ ਕਰਨ ਵਿਚ ਸਮਰਥ ਹੈ। ਮੱਧਮ, ਮੁਲਾਇਮ ਅਤੇ ਮਿੱਠੀਆਂ ਸੁਰਾਂ ਨਾਲ ਜੇ ਨੀਂਦ ਆ ਜਾਂਦੀ ਹੈ ਤਾਂ ਢਲ-ਢਮੱਕੇ ਨਾਲ ਦਿਮਾਗ਼ ਦੀ ਸੋਚਣ ਸ਼ਕਤੀ ਖੀਣ ਵੀ ਹੋ ਸਕਦੀ ਹੈ। ਆਵਾਜ਼ ਅਤੇ ਰਕਤ-ਪਰਵਾਹ ਦੇ ਨੇੜਲੇ ਸੰਬੰਧ ਦਾ ਖਿਆਲ ਕਰਦਿਆਂ ਹੋਇਆਂ ਮੈਂ ਇਸ ਸਿੱਟੇ ਉੱਤੇ ਪੁੱਜਾ ਹਾਂ ਕਿ ਆਧੁਨਿਕ ਸੰਗੀਤ ਅਤੇ ਡਿਸਕੋ ਆਦਿਕ ਦੀ ਜੇ ਯੋਗ ਰੋਕ ਥਾਮ ਨ ਕੀਤੀ ਗਈ ਤਾਂ ਮਨੁੱਖੀ ਸਮਾਜਾਂ ਵਿਚ ਮਾਨਸਕ ਰੋਗਾਂ ਦਾ ਵਾਧਾ ਚਿੰਤਾਜਨਕ ਆਕਾਰ ਪਾਸਾਰ ਨੂੰ ਪੁੱਜ ਜਾਵੇਗਾ। ਅੱਜ ਤਾਂ ਮੈਂ ਇਹ ਕਹਿੰਦਾ ਹਾਂ ਕਿ ਹਰ ਕਲਾ "ਵਿਹਲੇ ਵਰਗ ਦਾ ਵਿਲਾਸ" ਹੁੰਦੀ ਹੈ ਅਤੇ ਜਨ-ਸਾਧਾਰਣ ਨਾਲ ਕੋਈ ਸੁੰਦਰ ਸਾਂਝ ਨਹੀਂ ਰੱਖਦੀ; ਅਜੇਹਾ ਨ ਹੋਵੇ ਕਿ ਕੱਲ੍ਹ ਨੂੰ ਮੇਰੇ ਵਰਗੇ ਕਈਆਂ ਨੂੰ ਪਛਤਾਵੇ ਨਾਲ ਇਹ ਕਹਿਣਾ ਪਵੇ ਕਿ "ਕਲਾ ਨੇ ਜਨ-ਸਾਧਾਰਣ ਨਾਲ ਕੋਈ ਸਾਂਝ ਕਾਹਨੂੰ ਪਾਈ।"

# ਨਾਚ

ਮਨੁੱਖੀ ਮਨੋ-ਭਾਵਾਂ ਦੀ, ਸਰੀਰਕ ਹਰਕਤਾਂ ਰਾਹੀਂ ਕੀਤੀ ਜਾਣ ਵਾਲੀ ਤਾਲ-ਬੱਧ ਅਭਿਵਿਅਕਤੀ ਨੂੰ ਨਾਚ ਆਖਿਆ ਜਾਂਦਾ ਹੈ। ਆਪਣੇ ਤਾਲ-ਬੱਧ ਜਾਂ ਕਲਾਤਮਕ ਰੂਪ ਵਿਚ ਨਾਚ ਸਾਰੀਆਂ ਕਲਾਵਾਂ ਨਾਲੋਂ ਪੁਰਾਣਾ ਤਾਂ ਹੈ ਹੀ, ਆਪਣੇ ਸਾਧਾਰਣ ਕਲਾ-ਰਹਿਤ ਰੂਪ ਵਿਚ ਇਹ ਮਨੁੱਖ ਨਾਲੋਂ ਵੀ ਪੁਰਾਣਾ ਹੈ। ਪਸ਼ੂ, ਪੰਛੀ ਆਪਣੇ ਮਨੋ ਭਾਵਾਂ ਨੂੰ ਦੌੜ ਕੇ, ਉੱਛਲ ਕੁੱਦ ਕੇ ਅਤੇ ਹਵਾ ਵਿਚ ਕਲਾ ਬਾਜ਼ੀਆਂ ਮਾਰ ਕੇ ਪਰਗਟ ਕਰਦੇ ਆਏ ਹਨ। ਵਾਧੂ ਸ਼ਕਤੀ, ਸੁਹਾਵਣੇ ਮੌਸਮ ਵਿਚੋਂ ਮਿਲੀ ਖੁਸ਼ੀ ਅਤੇ ਜਿਨਸੀ ਸੰਜੋਗ ਦੀ ਇੱਛਾ ਇਹ ਤਿੰਨ ਕਾਰਨ ਉਨ੍ਹਾਂ ਦੇ ਮਨਾਂ ਵਿਚ ਉਤੇਜਨਾ ਪੈਦਾ ਕਰਦੇ ਹਨ ਜਿਸ ਦਾ ਪ੍ਰਗਟਾਵਾ ਸਰੀਰਕ ਚੇਸ਼ਟਾ ਰਾਹੀਂ ਹੁੰਦਾ ਹੈ। ਇਸ ਪ੍ਰਗਟਾਵੇ ਨੂੰ ਨਾਚ ਆਖਿਆ ਤਾਂ ਨਹੀਂ ਜਾ ਸਕਦਾ ਤਾਂ ਵੀ ਨਾਚ ਬਣਿਆ ਇਸੇ ਤੋਂ ਹੈ। ਮਨੁੱਖ ਨੇ ਸਰੀਰਕ ਹਰਕਤ ਨੂੰ ਤਾਲ-ਬੱਧ ਕਰ ਕੇ ਨਾਚ ਦੀ ਉਤਪਤੀ ਕੀਤੀ ਹੈ।

ਤਾਲ ਮਨੁੱਖੀ ਉਪਜ ਨਹੀਂ। ਇਹ ਕੁਦਰਤ ਵਿਚ, ਮਨੁੱਖ ਤੋਂ ਪਹਿਲਾਂ, ਮੌਜੂਦ ਸੀ। ਜਿਹਾ ਕਿ ਮੋਰ ਦਾ ਨਾਚ ਨਾਲ ਉਚੇਚਾ ਸੰਬੰਧ ਹੈ। ਭਾਰਤੀ ਨਿਰਤ ਕਲਾ ਵਿਚ ਮੋਰ ਦੇ ਨਾਚ ਦੀ ਨਕਲ ਵੀ ਕੀਤੀ ਗਈ ਹੈ। ਇਹ ਖਿਆਲ ਵੀ ਬਹੁਤ ਹੱਦ ਤੱਕ ਠੀਕ ਹੈ ਕਿ ਮੋਰ ਦੇ ਨਾਚ ਵਿਚ ਤਾਲ ਦਾ ਵੀ ਕੁਝ ਅੰਸ਼ ਹੈ। ਹੋ ਸਕਦਾ ਹੈ ਤਾਲ ਮਨੁੱਖ ਤੱਕ ਮੋਰ ਰਾਹੀਂ ਹੀ ਪੁੱਜਾ ਹੋਵੇ। ਕੁੱਝ ਵੀ ਹੋਵੇ ਤਾਲ ਮਨੁੱਖੀ ਉਪਜ ਨਹੀਂ। ਇਹ ਮਨੁੱਖ ਤੋਂ ਪਹਿਲਾਂ ਹੀ ਕੁਦਰਤ ਵਿਚ ਮੌਜੂਦ ਸੀ। ਕੁਦਰਤ ਦੇ ਕਾਰਖਾਨੇ ਵਿਚ ਹਰ ਹਰਕਤ ਤਾਲ-ਬੱਧ ਹੈ। ਸਾਰੀ ਸ੍ਰਿਸ਼ਟੀ ਇਕ ਲੀਲਾ, ਇਕ ਖੇਡ, ਇਕ ਨਾਚ ਹੈ। ਸੂਰਜਾਂ, ਚੰਨਾਂ, ਧਰਤੀਆਂ ਦੀਆਂ ਚਾਲਾਂ ਤਾਲ ਵਿਚ ਹਨ; ਚੰਨ, ਸੂਰਜ ਦੀ ਖਿੱਚ ਨਾਲ ਧਰਤੀ ਉਤਲੇ ਸਮੁੰਦਰਾਂ ਦੇ ਪਾਣੀ ਚੜ੍ਹਨੇ ਅਤੇ ਉਤਰਨੇ ਤਾਲ ਵਿਚ ਹਨ। ਇਹਨਾਂ ਤਾਲ-ਬੱਧ ਚਾਲਾਂ ਦਾ ਟਾਕਰਾ ਉਨ੍ਹਾਂ ਤਾਲਾਂ ਨਾਲ ਨਹੀਂ ਕੀਤਾ ਜਾ ਸਕਦਾ ਜਿਨ੍ਹਾਂ ਤਾਲਾਂ ਤੋਂ ਮਨੁੱਖ ਜਾਣੂ ਹੈ। ਕਾਰਨ ਇਹ ਹੈ ਕਿ ਇਹ ਤਾਲ ਬਹੁਤ ਸੁਸਤ ਹਨ। ਇਨ੍ਹਾਂ ਦੀ ਸੁਸਤੀ ਸਾਨੂੰ ਇਨ੍ਹਾਂ ਦੇ ਵੱਡੇ ਆਕਾਰਾਂ ਕਰਕੇ ਲਗਦੀ ਹੈ। ਇਨ੍ਹਾਂ ਦੇ ਤਾਲ ਦੀ ਚਾਲ ਇਨ੍ਹਾਂ ਦੇ ਆਕਾਰ ਅਨੁਸਾਰ ਲਗਪੱਗ ਉਹੋ ਜਿਹੀ ਹੈ ਜਿਹੋ ਜਿਹੀ ਮਨੁੱਖ ਦੁਆਰਾ ਜਾਣੇ ਅਤੇ ਮਾਣੇ ਜਾਣ

ਵਾਲੇ ਤਾਲਾਂ ਦੀ ਹੈ । ਪੁਲਾੜ-ਪਾਂਧੀਆਂ ਦੀ ਸਥਿਤੀ ਅਤੇ ਗਤੀ, ਥਾਂ ਅਤੇ ਚਾਲ, ਮਨੁੱਖੀ ਜੀਵਨ ਵਿਚ ਅਤੇ ਵਿਸ਼ੇਸ਼ ਕਰਕੇ ਮਨੁੱਖੀ ਸਰੀਰ ਉੱਤੇ ਬਹੁਤ ਪ੍ਰਭਾਵ ਪਾਉਂਦੀ ਹੈ । ਸਮੁੰਦਰਾਂ ਦੇ ਉਤਾਰ ਚੜ੍ਹਾ ਜਾਂ ਜੁਆਰ ਭਾਟੇ ਦੀ ਹਰਕਤ ਮਨੁੱਖੀ ਦਿਲ ਅਤੇ ਫਿਫੜਿਆਂ ਵਰਗੀ ਹੈ । ਹੋ ਸਕਦਾ ਹੈ ਮਨੁੱਖ ਕਦੀ ਇਨ੍ਹਾਂ ਹਰਕਤਾਂ ਵਿਚਲੀ ਸਾਂਝ ਤੋਂ ਜਾਣੂ ਹੋ ਜਾਵੇ । ਸਤਾਰ੍ਹਵੀਂ ਸਦੀ ਵਿਚ ਡਕਾਰਟੀ ਨੇ ਇਸ ਪਾਸੇ ਵੱਲ ਦਾਰਸ਼ਨਿਕ ਸੰਕੇਤ ਕੀਤਾ ਸੀ ।

ਆਦੀ ਮਨੁੱਖ ਇਨ੍ਹਾਂ ਭੇਤਾਂ ਤੋਂ ਉੱਕਾ ਅਣਜਾਣ ਸੀ, ਪਰ ਉਸਦੇ ਸਰੀਰ ਵਿਚ ਉਸ ਦਾ ਦਿਲ, ਤਾਲ ਵਿਚ ਧੜਕਦਾ ਸੀ । ਤਾਲ ਨਾਲ ਉਸ ਦੀ ਕੁਦਰਤੀ ਸਾਂਝ ਸੀ । ਵਾਧੂ ਸ਼ਕਤੀ, ਕੁਦਰਤੀ ਸੁੰਦਰਤਾ ਅਤੇ ਕਾਮ ਤਿੰਨੇ ਉਸ ਨੂੰ ਉਵੇਂ ਹੀ ਪ੍ਰਭਾਵਿਤ ਕਰਦੇ ਸਨ ਜਿਵੇਂ ਪਸ਼ੂਆਂ ਨੂੰ । ਪਹਿਲਾਂ ਪਹਿਲ ਉਹ ਪਸ਼ੂਆਂ ਵਾਂਗ ਹੀ ਨੱਸਣ ਕੁੱਦਣ ਰਾਹੀਂ ਆਪਣੇ ਭਾਵ ਦੀ ਅਭਿਵਿਅਕਤੀ ਕਰਦਾ ਸੀ । ਹੌਲੀ ਹੌਲੀ ਤਾਲ-ਬੱਧ ਹੋ ਕੇ ਉਸ ਨੇ ਇਕ ਕਲਾ ਦਾ ਮੁੱਢ ਬੰਨ੍ਹ ਲਿਆ । ਸਿਆਣਾ ਹੋ ਕੇ ਮਨੁੱਖ ਨੇ ਇਸ ਦੇ ਆਰੰਭ ਨੂੰ ਆਪੋ ਆਪਣੇ ਦੇਵਤਿਆਂ ਨਾਲ ਜੋੜ ਲਿਆ । ਮਿਸਰ ਦੇ ਲੋਕ ਹੈਥੁਰ ਨਾਂ ਦੀ ਦੇਵੀ ਤੋਂ ਨ੍ਰਿਤ ਦਾ ਆਰੰਭ ਹੋਇਆ ਮੰਨਦੇ ਹਨ ਅਤੇ ਨਾਟ ਸ਼ਾਸਤ੍ਰ ਵਿਚ ਭਰਤ ਇਸ ਨੂੰ ਨਟਰਾਜ ਜਾਂ ਸ਼ਿਵ ਤੋਂ ਉਤਪੰਨ ਹੋਇਆ ਦਸਦਾ ਹੈ । ਨਾਚ ਦੇ ਆਰੰਭ ਨੂੰ ਦੇਵਤਿਆਂ ਨਾਲ ਜੋੜਨ ਵਾਲੇ ਲੋਕ ਇਹ ਵੀ ਕਹਿੰਦੇ ਹਨ ਕਿ ਇਹ ਕਲਾ ਸ੍ਰਿਸ਼ਟੀ ਰਚਨਾ ਲਈ ਉਤਪੰਨ ਹੋਈ ਹੈ ਜਾਂ ਕੀਤੀ ਗਈ ਹੈ । ਨਾਚ ਤੋਂ ਸ੍ਰਿਸ਼ਟੀ ਦੀ ਉਤਪਤੀ ਮੰਨਣ ਦਾ ਖਿਆਲ ਇਸ ਕਲਾ ਦੇ ਜਿਨਸੀ ਸੰਜੋਗ ਨਾਲ ਸੰਬੰਧਤ ਹੋਣ ਤੋਂ ਉਪਜਿਆ ਹੈ । ਇਉਂ ਲਗਦਾ ਹੈ ਕਿ ਜਦੋਂ ਕੁ ਮਨੁੱਖ ਨੇ ਨ੍ਰਿਤ ਨੂੰ ਇਕ ਕਲਾ ਦੇ ਰੂਪ ਵਿਚ ਢਾਲਣ, ਵਿਕਸਾਉਣ ਅਤੇ ਬਿਆਨ ਕਰਨ ਦਾ ਚੇਤਨ ਜਤਨ ਆਰੰਭ ਕੀਤਾ ਸੀ, ਉਦੋਂ ਮਨੁੱਖੀ ਮਨ ਉੱਤੇ ਧਰਮ ਦੀ ਪਕੜ ਪਰਬਲ ਹੋ ਚੁੱਕੀ ਸੀ । ਇਸ ਦੇ ਨਾਲ ਨਾਲ ਉਹ ਇਸ ਗੱਲ ਵੱਲ ਬਹੁਤਾ ਧਿਆਨ ਦੇਣੋਂ ਵੀ ਹਟ ਗਿਆ ਸੀ ਕਿ ਮਨੁੱਖ ਕਿਸੇ ਆਪ ਮੁਹਾਰੀ ਖੁਸ਼ੀ ਵਿਚ ਵੀ ਨੱਚਦਾ ਹੈ ਅਤੇ ਉਸ ਦੇ ਸਰੀਰ ਵਿਚ ਜਮ੍ਹਾਂ ਹੋਈ ਵਾਧੂ ਸਕਤੀ ਵੀ ਉਸ ਨੂੰ ਨੱਚਣ ਉੱਤੇ ਮਜਬੂਰ ਕਰਦੀ ਹੈ । ਨ੍ਰਿਤ ਦੇ ਸੰਬੰਧ ਵਿਚ ਸ਼ਾਸਤ੍ਰ ਰਚੇ ਜਾਣ ਦੇ ਸਮੇਂ ਦਾ ਜਨ ਸਾਧਾਰਣ ਇਸ ਨੂੰ ਧਰਮ ਨਾਲ ਅਤੇ ਹਾਕਮ ਵਰਗ ਇਸ ਨੂੰ ਕਾਮ ਨਾਲ ਸੰਬੰਧਤ ਮੰਨਦਾ ਸੀ ।

ਇਹ ਠੀਕ ਹੈ ਕਿ ਮਨੁੱਖੀ ਜਜ਼ਬੇ ਮਨੁੱਖੀ ਸਰੀਰ ਵਿਚ ਹਰਕਤ ਪੈਦਾ ਕਰਦੇ ਹਨ ਪਰ ਇਸ ਦੇ ਨਾਲ ਨਾਲ ਇਹ ਵੀ ਠੀਕ ਹੈ ਕਿ ਸਰੀਰਕ ਹਰਕਤ ਨਾਲ ਜਜ਼ਬੇ ਜਾਂ ਭਾਵ ਵੀ ਜਗਾਏ ਜਾ ਸਕਦੇ ਹਨ । ਵਿਸ਼ੇਸ਼ ਕਰਕੇ ਤਾਲ-ਬੱਧ ਹਰਕਤ ਵਿਚ ਇਹ ਸ਼ਕਤੀ ਵਧੇਰੇ ਹੁੰਦੀ ਹੈ । ਭੰਗੜਾ ਪਾਉਣ ਦਾ ਸ਼ੌਕੀਨ ਆਦਮੀ ਦੂਰ ਵੱਜਦੇ ਢੋਲ ਦੀ ਆਵਾਜ਼ ਸੁਣ ਕੇ ਨੱਚਣੋਂ ਨਹੀਂ ਰਹਿ ਸਕਦਾ । ਇਸੇ ਸੱਚ ਦੇ ਆਧਾਰ ਉੱਤੇ ਨਾਚ ਅਤੇ ਧਰਮ ਦਾ ਸੰਬੰਧ ਸਥਾਪਿਤ ਹੋਇਆ ਹੈ । ਜਦੋਂ ਮਨੁੱਖ ਨੇ ਵਰਖਾ, ਹਨੇਰੀ, ਸ਼ਕਤੀ, ਵਪਾਰ ਅਤੇ ਖੇਤੀ ਆਦਿਕ ਨੂੰ ਵੱਖ ਵੱਖ ਦੇਵੀ ਦੇਵਤਿਆਂ ਨਾਲ ਜੋੜ ਲਿਆ ਉਦੋਂ ਉਸ ਨੇ ਇਉਂ ਮੰਨਣਾ

ਵੀ ਆਰੰਭ ਕਰ ਲਿਆ ਸੀ ਕਿ ਇਹ ਦੇਵੀ ਦੇਵਤੇ ਮਨੁੱਖਾਂ ਵਰਗੇ ਹੀ ਹਨ ਅਤੇ ਇਨ੍ਹਾਂ ਨੂੰ ਮਨੁੱਖਾਂ ਵਾਂਗ ਹੀ ਕਿਸੇ ਕੰਮ ਲਈ ਪ੍ਰੇਰਿਆ ਜਾ ਸਕਦਾ ਹੈ। ਇਉਂ ਉਸ ਨੇ ਵੱਖ ਵੱਖ ਪ੍ਰਕਾਰ ਦੇ ਨਾਚ ਬਣਾ ਲਏ। ਵਰਖਾ ਦਾ ਨਾਚ ਨੱਚਣ ਨਾਲ ਉਹ ਵਰਖਾ ਦੇ ਦੇਵਤੇ ਵਿਚ ਵਰੁਨ ਦਾ ਉਤਸ਼ਾਹ ਜਗਾਉਣ ਦਾ ਜਤਨ ਕਰਦਾ ਸੀ ਅਤੇ ਫਸਲਾਂ ਦੇ ਦੇਵਤਿਆਂ ਨੂੰ ਉਤੇਜਿਤ ਕਰ ਕੇ ਬਹੁਤੀ ਉਪਜ ਦੀ ਆਸ ਕਰਦਾ ਸੀ। ਇਵੇਂ ਹੀ ਜੰਗੀ ਨਾਚ ਨੱਚ ਕੇ ਉਹ ਸ਼ਕਤੀ ਦੀ ਦੇਵੀ ਜਾਂ ਕਿਸੇ ਜੰਗ ਦੇ ਦੇਵਤੇ ਨੂੰ ਆਪਣੀ ਸਹਾਇਤਾ ਲਈ ਪ੍ਰੇਰਿਤ ਕਰਦਾ ਸੀ। ਗਤਕਾ, ਕਰਾਟੀ, ਜੂਡੋ, ਕੰਙ੍ਫੂ ਆਦਿਕ ਇਕ ਪ੍ਰਕਾਰ ਦੇ ਨਾਚ ਹੀ ਹਨ ਜਿਨ੍ਹਾਂ ਦਾ ਲੜਾਈ ਨਾਲ ਸੰਬੰਧ ਹੈ ਅਤੇ ਅੱਜ ਦੇ ਯੁੱਗ ਦੀਆਂ ਫੌਜੀ ਪਰੇਡਾਂ ਵੀ ਨਾਚ ਦਾ ਹੀ ਇਕ ਨਮੂਨਾ ਹਨ। ਨਾਚ, ਸੰਗੀਤ ਅਤੇ ਕਾਵਿ ਦੇ ਮੇਲ ਤੋਂ ਨਾਟਕ ਉਪਜਿਆ ਹੈ। ਨਾਚ ਦਾ ਇਕ ਅੰਸ਼, ਤਾਲ, ਤਾਂ ਸੰਗੀਤ ਦੀ ਜਿੰਦ ਜਾਨ ਬਣ ਗਿਆ ਹੈ। ਅੱਜ ਕੱਲ ਅਸੀਂ ਤਾਲ ਤੋਂ ਬਿਨਾਂ ਸੰਗੀਤ ਦੀ ਕਲਪਨਾ ਹੀ ਨਹੀਂ ਕਰਦੇ ਅਤੇ ਤਬਲੇ ਤੋਂ ਬਿਨਾਂ ਘੱਟ ਹੀ ਕਿਧਰੇ ਕਿਸੇ ਨੂੰ ਗਾਉਂਦਾ ਵੇਖਦੇ ਹਾਂ। ਤਾਲ ਅਤੇ ਸੰਗੀਤ ਦਾ ਮੇਲ ਓਨਾ ਪੁਰਾਣਾ ਨਹੀਂ ਜਿੰਨਾ ਸਾਨੂੰ ਜਾਪਦਾ ਹੈ। ਅੱਜ ਤੋਂ ਪੰਜ ਸੌ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦਾ ਸਾਥੀ ਮਰਦਾਨਾ, ਕੇਵਲ ਰਬਾਬ ਨਾਲ ਗਾਂਵਿਆਂ ਕਰਦਾ ਸੀ। ਅਕਬਰ ਦੇ ਦਰਬਾਰੀ ਰਾਗੀ, ਤਾਨਸੈਨ ਨਾਲ ਕਿਸੇ ਤਬਲੇ ਵਾਲੇ ਦਾ ਨਾਂ ਨਹੀਂ ਲਿਆ ਜਾਂਦਾ। ਉਸੇ ਸਮੇਂ ਦੀ ਮੀਰਾ ਕੇਵਲ ਇੱਕਤਾਰੇ ਨਾਲ ਗਾਉਂਦੀ ਸੀ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਨਾਲ ਤਾਲਾਂ ਦਾ ਜ਼ਿਕਰ ਕੀਤਾ ਹੈ। ਹੋ ਸਕਦਾ ਹੈ ਪੰਦਰੀਂ-ਸੋਲ੍ਹਵੀਂ ਸਦੀ ਵਿਚ ਇਹ ਸੰਜੋਗ ਬਣਿਆ ਹੋਵੇ। ਕਾਵਿ ਅਤੇ ਤਾਲ ਦੀ ਸਾਂਝ ਪੁਰਾਣੀ ਹੈ। ਜਦੋਂ ਸੰਗੀਤ ਨਿਰਾ ਅਲਾਪ ਨ ਰਿਹਾ ਅਤੇ ਇਸ ਰਾਹੀਂ ਗੀਤ, ਭਜਨ ਅਤੇ ਸ਼ਬਦ ਦਾ ਗਾਂਵਿਆਂ ਜਾਣਾ ਆਰੰਭ ਹੋ ਗਿਆ ਉਦੋਂ ਇਸ ਵਿਚ ਤਾਲ ਦਾ ਆ ਜਾਣਾ ਵੀ ਜ਼ਰੂਰੀ ਸੀ। ਵੱਡੇ ਵੱਡੇ ਉਸਤਾਦ ਗਵੱਈਏ ਸੰਗੀਤ ਵਿਚ ਕਾਵਿ ਨੂੰ ਨਹੀਂ ਰਲਾਉਂਦੇ ਅਤੇ ਕੇਵਲ ਅਲਾਪ ਹੀ ਕਰਦੇ ਹਨ। ਹੁਣ ਤਬਲਾ ਉਨ੍ਹਾਂ ਨਾਲ ਵੀ ਹੁੰਦਾ ਹੈ।

ਦੇਵੀ ਦੇਵਤਿਆਂ ਵਿਚ ਭਾਵਾਂ ਨੂੰ ਜਗਾਉਣ ਵਾਲੀ ਕਲਾ ਨੂੰ ਮਨੁੱਖ ਨੇ ਵਧੇਰੇ ਵਿਗਿ-ਆਨਿਕ ਅਤੇ ਮਨੋਵਿਗਿਆਨਿਕ ਢੰਗ ਨਾਲ ਵੀ ਵਰਤਿਆ ਹੈ। ਕਈ ਧਰਮਾਂ ਵਿਚ, ਵਿਸ਼ੇਸ਼ ਕਰਕੇ ਸੂਫ਼ੀ ਮੱਤ ਵਿਚ, ਆਪਣੇ ਮਨ ਨੂੰ ਕਿਸੇ ਉਚੇਰੀ ਅਵਸਥਾ ਵਿਚ ਲੈ ਜਾਣ ਲਈ ਨਾਚ ਦੀ ਸਹਾਇਤਾ ਲਈ ਜਾਂਦੀ ਹੈ। ਤਾਲ-ਬੱਧ ਹਰਕਤ ਰਾਹੀਂ ਸੂਫ਼ੀ ਫਕੀਰ ਹਲੂਲੀਅਤ ਦੀ ਅਵਸਥਾ ਵਿਚ ਪੁਜ ਜਾਂਦੇ ਸਨ। ਸਾਧਾਰਣ ਭਾਸ਼ਾ ਵਿਚ ਇਸ ਨੂੰ 'ਹਾਲ ਕੁੱਦਣਾ' ਕਹਿੰਦੇ ਹਨ। ਕਿਧਰੇ ਕਿਧਰੇ ਨਾਮਧਾਰੀਏ ਵੀ ਇਉਂ ਕਰਦੇ ਸਨ। ਇਸ ਜੁਗਤੀ ਦੀ ਦੁਰਵਰਤੋਂ ਸਦਕਾ ਉਨ੍ਹਾਂ ਨੂੰ ਇਸ ਤੋਂ ਰੋਕ ਦਿਤਾ ਗਿਆ ਹੈ। ਡੋਲੀ ਖਿਡਾ ਕੇ ਮਾਨਸਿਕ ਰੋਗਾਂ ਦੇ ਇਲਾਜ ਪਿੱਛੇ ਵੀ ਇਹ ਸੱਚ ਕੰਮ ਕਰਦਾ ਹੈ ਕਿ ਤਾਲ-ਬੱਧ ਹਰਕਤ ਮਨ ਨੂੰ ਇਕ ਵਿਚੋਂ ਦੂਜੀ ਅਵਸਥਾ ਵਿਚ ਲੈ ਜਾਂਦੀ ਹੈ। ਯੋਗ ਵਿਚ ਪ੍ਰਾਣਾਯਮ ਵੀ ਸਾਹਾਂ ਦੀ ਗਤੀ ਵਿਚ ਇਕਸੁਰਤਾ ਜਾਂ ਤਾਲ ਪੈਦਾ ਕਰਨ ਲਈ ਹੀ ਹੁੰਦਾ ਹੈ।

ਆਪਣੇ ਮੁੱਢਲੇ ਕਲਾ-ਰਹਿਤ ਰੂਪ ਵਿਚ ਨਾਚ ਮਨੋਰਥ ਹੀਣ ਸੀ। ਇਸ ਰਾਹੀਂ ਮਨੁੱਖ ਦੀ ਖੁਸ਼ੀ ਪਰਗਟ ਹੁੰਦੀ ਸੀ, ਪਰ ਉਹ ਚੇਤਨ ਤੌਰ ਉੱਤੇ ਖੁਸ਼ੀ ਪਰਗਟ ਕਰਨ ਦੇ ਮਨੋਰਥ ਨਾਲ ਨਹੀਂ ਸੀ ਨੱਚਦਾ। ਇਸ ਦੀ ਸਹਾਇਤਾ ਨਾਲ ਉਸ ਦੀ ਵਾਧੂ ਸ਼ਕਤੀ ਖਰਚ ਹੁੰਦੀ ਸੀ, ਪਰ ਉਹ ਇਸ ਸ਼ਕਤੀ ਨੂੰ ਖਰਚ ਕਰਨ ਦੇ ਵਿਚਾਰ ਨਾਲ ਨਹੀਂ ਸੀ ਨੱਚਦਾ। ਇਵੇਂ ਹੀ ਖੇੜਿਆਂ ਦੀ ਰੁੱਤੇ ਜਦੋਂ ਉਸ ਵਿਚ ਸੰਤਾਨ ਉਤਪਤੀ ਦੇ ਮਨੋਰਥ ਨਾਲ ਸੰਜੋਗ ਦੀ ਇੱਛਾ ਉਪਜਦੀ ਸੀ ਤਾਂ ਉਸ ਦੇ ਵਤੀਰੇ ਜਾਂ ਚੇਸ਼ਟਾ ਵਿਚ ਜਿਹੜੀ ਤਬਦੀਲੀ ਆਉਂਦੀ ਸੀ ਉਹ ਉਸ ਦਾ ਮਨੋਰਥ ਪੂਰਣ ਚੇਤਨ ਜਤਨ ਨਹੀਂ ਸੀ ਹੁੰਦੀ। ਇਹ ਸਭ ਕੁਝ ਬੇ-ਵਸਾ ਸੀ। ਤਾਂ ਵੀ ਇਹ ਮੰਨਣਾ ਪਵੇਗਾ ਕਿ ਇਨ੍ਹਾਂ ਚੇਸ਼ਟਾਵਾਂ ਦਾ ਪਰਭਾਵ ਦੂਜਿਆਂ ਉੱਤੇ ਪੈਂਦਾ ਜ਼ਰੂਰ ਸੀ। ਜਿਨਸੀ ਸੰਜੋਗ ਦੇ ਸੰਬੰਧ ਵਿਚ ਇਹ ਪ੍ਰਭਾਵ ਬਹੁਤ ਹੀ ਪਰਤੱਖ ਸੀ। ਇਸੇ ਪਰਤੱਖਤਾ ਦੇ ਕਾਰਣ ਹੀ ਨਾਚ ਵਾਸਨਾਮਈ ਹੁੰਦਾ ਗਿਆ ਹੈ। ਜਨ ਸਾਧਾਰਣ ਦੇ ਜੀਵਨ ਵਿਚ ਲੋੜਾਂ ਅਤੇ ਥੋੜਾਂ ਹੁੰਦੀਆਂ ਹਨ। ਇਸ ਲਈ ਉਹ ਵਿਲਾਸ ਵੱਲ ਪ੍ਰੇਰਿਤ ਨਹੀਂ ਹੁੰਦੇ। ਉਨ੍ਹਾਂ ਦੀ ਕਮਾਈ ਉੱਤੇ ਪਲਣ ਵਾਲਾ ਹਾਕਮ ਵਰਗ ਰੋਟੀ ਕਪੜੇ ਦੀ ਚਿੰਤਾ ਤੋਂ ਮੁਕਤ ਹੋਣ ਕਰਕੇ ਵਿਲਾਸਤਾ ਦਾ ਪ੍ਰੇਮੀ ਹੁੰਦਾ ਹੈ। ਇਸ ਪ੍ਰੇਮ ਨੇ ਨ੍ਰਿਤ ਵਿਚਲੇ ਵਿਲਾਸੀ ਅੰਸ਼ ਨੂੰ ਵਿਕਸਣ ਵਿਚ ਸਹਾਇਤਾ ਦੇ ਕੇ ਨ੍ਰਿਤ ਦੀ ਕਲਾ ਨੂੰ ਕਲੰਕਿਤ ਕਰ ਦਿੱਤਾ ਹੈ। ਅੱਜ ਕੱਲ ਹਰ ਕਲਾ ਵਾਸਨਾ-ਵੇੜ੍ਹੀ ਹੈ ਪ੍ਰੰਤੂ ਪਤਨ ਦੀ ਜਿਸ ਡੂੰਘਾਈ ਤੱਕ ਨਾਚ ਪੁੱਜਿਆ ਹੈ ਉਥੋਂ ਤੱਕ ਪੁੱਜਣ ਲਈ ਬਾਕੀਆਂ ਨੂੰ ਕੁਝ ਸਮਾਂ ਲਗੇਗਾ।

ਸੌਂਦਰਯ ਅਤੇ ਵਿਲਾਸ ਉੱਤੇ ਵਿਸਥਾਰ ਨਾਲ ਵਿਚਾਰ ਦੂਜੇ ਲੇਖਾਂ ਵਿਚ ਕੀਤੀ ਗਈ ਹੈ। ਇਥੇ ਕੇਵਲ ਏਨਾ ਲਿਖਣਾ ਜ਼ਰੂਰੀ ਸਮਝਦਾ ਹਾਂ ਕਿ ਸਭਿਅਤਾ ਦੇ ਵਿਕਾਸ ਨਾਲ ਮਨੁੱਖੀ ਜੀਵਨ ਵਧੇਰੇ ਸੁਰੱਖਿਅਤ, ਵਧੇਰੇ ਗੁੰਝਲਦਾਰ, ਵਧੇਰੇ ਦਾਸਤਾ ਪੂਰਣ, ਵਧੇਰੇ ਵਿਲਾਸ ਭਰਪੂਰ, ਵਧੇਰੇ ਪ੍ਰਬੰਧਿਤ, ਵਧੇਰੇ ਸਮਰਿੱਧ, ਵਧੇਰੇ ਸੁਖੀ ਅਤੇ ਵਧੇਰੇ ਚਤੁਰ ਹੁੰਦਾ ਗਿਆ ਹੈ। ਮਜ਼ਹਬ ਜਾਂ ਰੱਬ ਦਾ ਖਿਆਲ ਮੱਧ ਕਾਲ ਤੱਕ ਸਭਿਅਤਾ ਦਾ ਸਾਥ ਦਿੰਦਾ ਰਿਹਾ ਹੈ। ਮਸ਼ੀਨੀ ਕ੍ਰਾਂਤੀ ਤੋਂ ਪਿੱਛੋਂ ਇਸ ਦੀ ਲੋੜ ਘਟਦੀ ਗਈ ਹੈ। ਸਤਾਰ੍ਹਵੀਂ ਸਦੀ ਵਿਚ ਡਕਾਰਟੀ ਇਹ ਕਹਿੰਦਾ ਸੀ ਕਿ ਦਵਾਈ, ਮਸ਼ੀਨ ਅਤੇ ਨੈਤਿਕਤਾ ਦੀ ਸਹਾਇਤਾ ਨਾਲ ਮਨੁੱਖ ਕੁਦਰਤ ਦਾ ਅਤੇ ਆਪਣੇ ਆਪ ਦਾ ਸੁਆਮੀ ਬਣ ਸਕਦਾ ਹੈ। ਉਸ ਨੇ ਰੱਬ ਦਾ ਜ਼ਿਕਰ ਨਹੀਂ ਸੀ ਕੀਤਾ। ਉਸ ਤੋਂ ਲੱਗਪੱਗ ਦੋ ਸੌ ਸਾਲ ਪਿੱਛੋਂ ਹੋਣ ਵਾਲੇ ਉਸ ਦੇ ਇਕ ਹੋਰ ਦੇਸ਼ ਵਾਸੀ ਵੀਰ, ਵਿਕਟਰ ਹਿਊਗੋ, ਦਾ ਵਿਚਾਰ ਸੀ ਕਿ ਸਨਅਤ, ਸਾਇੰਸ ਅਤੇ ਸਿਆਸਤ ਮਿਲ ਕੇ ਮਨੁੱਖੀ ਜੀਵਨ ਨੂੰ ਆਨੰਦਮਈ ਬਣਾ ਸਕਦੇ ਹਨ। ਹਿਊਗੋ ਨੇ ਨੈਤਿਕਤਾ ਨੂੰ ਮਨੁੱਖੀ ਖੁਸ਼ੀ ਦੇ ਸੋਮਿਆਂ ਵਿਚੋਂ ਇਕ ਆਖਣ ਦੀ ਲੋੜ ਨਹੀਂ ਸੀ ਸਮਝੀ ਅਤੇ ਨ ਹੀ ਇਸ ਨੂੰ ਬੇਲੋੜੀ ਆਖਿਆ ਸੀ। ਵੀਹਵੀਂ ਸਦੀ ਦਾ ਦਾਨਾ, ਰਸਲ, ਨੈਤਿਕਤਾ ਨੂੰ ਬੇਲੋੜੀ ਹੀ ਨਹੀਂ ਸਗੋਂ ਦੁਖਦਾਈ ਵੀ ਕਹਿਣ ਲਗ ਪਿਆ ਸੀ। ਉਸ ਦਾ ਖਿਆਲ ਸੀ ਕਿ ਮਸ਼ੀਨੀ ਸਭਿਅਤਾ ਨੂੰ ਸਰਕਾਰੀ ਨੈਤਿਕਤਾ ਜਾਂ ਕਾਨੂੰਨ ਦੀ

ਲੋੜ ਤਾਂ ਹੈ ਪਰ ਵਿਅਕਤੀਗਤ ਨੈਤਿਕਤਾ ਦੀ ਕੋਈ ਲੋੜ ਨਹੀਂ। ਰਸਲ ਤੋਂ ਸੌ ਕੁ ਸਾਲ ਪਹਿਲਾਂ ਇਕ ਅਮਰੀਕਨ ਵਿਚਾਰਵਾਨ, ਵੈਬਲਿਨ, ਦਾ ਖਿਆਲ ਸੀ ਕਿ ਨੈਤਿਕਤਾ ਦਾ ਸਤਿਕਾਰ ਕਰਨ ਵਾਲਾ ਭਲਾ ਪੁਰਸ਼ ਇਸ ਸੰਘਰਸ਼ ਭਰਪੂਰ ਜੀਵਨ ਵਿਚ ਇਕ ਬੇਲੋੜੀ ਵਸਤੂ ਹੈ। ਇਸ ਸਭਿਅਤਾ ਦੇ ਵਿਕਾਸ ਨਾਲ ਅਤੇ ਵਿਸ਼ੇਸ਼ ਕਰਕੇ ਮਸ਼ੀਨੀ ਸਭਿਅਤਾ ਦੇ ਆਗਮਨ ਨਾਲ ਨੈਤਿਕਤਾ ਦਾ ਪਤਨ ਹੋਇਆ ਹੈ। ਨੈਤਿਕਤਾ ਹੋਰ ਭਾਵੇਂ ਕੁਝ ਵੀ ਨ ਹੋਵੇ ਇਕ ਅਨੁਸ਼ਾਸਨ ਤਾਂ ਜ਼ਰੂਰ ਹੈ। ਅਨੁਸ਼ਾਸਨ ਦਾ ਪਤਨ ਮਨੁੱਖ ਨੂੰ ਵਿਲਾਸੀ ਅਤੇ ਸੁਆਰਥੀ ਬਣਾਉਂਦਾ ਹੈ। ਅਜੋਕੇ ਮਨੁੱਖ ਦੇ ਵਿਲਾਸੀ ਅਤੇ ਸੁਆਰਥੀ ਹੋਣ ਵਿਚ ਕੋਈ ਸ਼ੱਕ ਨਹੀਂ। ਅਜੋਕੀ ਕਲਾ ਮਨੁੱਖ ਦੀ ਵਿਲਾਸਤਾ ਦਾ ਹੁੰਗਾਰਾ ਭਰਦੀ ਹੈ। ਨ੍ਰਿਤ ਕਲਾ ਤਾਂ ਨਿਰੋਲ ਕਾਮੁਕਤਾ ਹੋ ਨਿਬੜੀ ਹੈ।

ਨ੍ਰਿਤ ਅਤੇ ਨੈਤਿਕਤਾ ਦਾ ਸਾਥ ਨਿਭਣਾ ਕਿੰਨਾ ਔਖਾ ਹੈ, ਇਹ ਗੱਲ ਇਕ ਹੋਰ ਢੰਗ ਨਾਲ ਵੀ ਸਪਸ਼ਟ ਕੀਤੀ ਜਾ ਸਕਦੀ ਹੈ। ਜਦੋਂ ਵਿਲਾਸ ਅਤੇ ਕਾਮੁਕਤਾ ਨੂੰ ਮਨੋਰਥ ਮੰਨ ਕੇ ਨ੍ਰਿਤ ਦੇ ਸਾਧਨ ਦੀ ਵਰਤੋਂ ਕੀਤੀ ਜਾਵੇ ਤਾਂ ਨੈਤਿਕ ਪਵਿਤ੍ਰਤਾ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਨੈਤਿਕਤਾ ਦੀ ਸਮੱਸਿਆ ਉਦੋਂ ਉਤਪੰਨ ਹੁੰਦੀ ਹੈ ਜਦੋਂ ਕਲਾ ਨੂੰ ਵਿਸਮਾਦ-ਆਨੰਦ ਅਤੇ ਉਚੇਰੇ ਆਦਰਸ਼ਾਂ ਦੇ ਦ੍ਰਿਸ਼ਟੀਕੋਣ ਤੋਂ ਪਰਖਿਆ ਜਾਵੇ। ਸਾਰੀ ਸੱਭਿਅ ਦੁਨੀਆਂ ਦਾ ਨਾਚ ਆਪਣੇ ਆਪ ਵਿਚ ਏਨੀ ਗੁੰਝਲਦਾਰ ਕਿਰਿਆ ਬਣ ਗਿਆ ਹੈ ਕਿ ਇਸ ਦੀ ਸਿਖਲਾਈ ਵਿਚ ਲੰਮੇ ਅਭਿਆਸ ਅਤੇ ਤੀਬਰ ਚੇਤਨਾ ਦੀ ਲੋੜ ਪੈਂਦੀ ਹੈ। ਹੋ ਸਕਦਾ ਹੈ ਲੰਮੇ ਅਭਿਆਸ ਤੋਂ ਪਿਛੋਂ ਕਿਸੇ ਨਚਾਰ ਲਈ ਉਸ ਦੇ ਸਰੀਰ ਦੀਆਂ ਤਾਲ-ਬੱਧ ਅਤੇ ਗੁੰਝਲਦਾਰ ਹਰਕਤਾਂ ਸੁਭਾਵਕ ਅਤੇ ਸਰਲ ਬਣ ਜਾਣ ਪਰ ਇਨ੍ਹਾਂ ਦੀ ਸਿਖਲਾਈ ਦੇ ਸਮੇਂ ਜਿਸ ਚੇਤਨ ਅਭਿਆਸ ਦੀ ਲੋੜ ਪੈਂਦੀ ਹੈ ਉਹ ਅਭਿਆਸ ਮਨੁੱਖੀ ਮਨ ਵਿਚੋਂ ਵਿਸਮਾਦ ਵਿਚ ਗੁਆਚਣ ਦਾ ਗੁਣ ਖਤਮ ਕਰ ਦਿੰਦਾ ਹੈ। ਇਸ ਲਈ ਕੋਈ ਵੀ ਨ੍ਰਿਤਕਾਰ ਕਦੇ ਵਿਸਮਾਦੀ ਨਹੀਂ ਹੋਇਆ ਭਾਵੇਂ ਉਸ ਦਾ ਨ੍ਰਿਤ ਨਿਰੋਲ ਧਰਮ ਨਾਲ ਹੀ ਸੰਬੰਧਿਤ ਕਿਉਂ ਨ ਹੋਵੇ। ਇਸ ਤੋਂ ਉਲਟ ਉਹ ਸਾਰੀਆਂ ਦੇਵ-ਦਾਸੀਆਂ ਵਿਲਾਸ-ਵਿੱਸ ਨਾਲ ਭਰਪੂਰ ਹੁੰਦੀਆਂ ਸਨ ਜਿਨ੍ਹਾਂ ਦਾ ਕੰਮ ਮੰਦਰਾਂ ਵਿਚ ਨੱਚ ਕੇ ਦੇਵਤਿਆਂ ਨੂੰ ਰੀਝਾਉਣਾ ਹੁੰਦਾ ਸੀ।

ਕੁਦਰਤੀ ਸ਼ਕਤੀਆਂ ਦੇ ਮਾਨਵੀਕਰਣ ਨੇ ਮਨੁੱਖ ਨੂੰ ਇਹ ਸੁਝਾਉ ਜਾਂ ਵਿਸ਼ਵਾਸ ਦਿੱਤਾ ਸੀ ਕਿ ਦੇਵਤਿਆਂ ਨੂੰ ਮਨੁੱਖਾਂ ਵਾਂਗ ਹੀ ਰੀਝਾਇਆ ਅਤੇ ਵਰਗਲਾਇਆ ਜਾ ਸਕਦਾ ਹੈ। ਇਸੇ ਮਾਨਵੀਕਰਣ ਨੇ ਹੀ ਇਹ ਵਿਚਾਰ ਅਤੇ ਵਿਸ਼ਵਾਸ ਪੈਦਾ ਕੀਤਾ ਲਗਦਾ ਹੈ ਕਿ ਇਹ ਦੇਵਤੇ ਅਤੇ ਕੁਦਰਤੀ ਸ਼ਕਤੀਆਂ ਜਾਂ ਦੇਵਤਿਆਂ ਦੇ ਰੂਪ ਵਿਚ ਮਾਨਵੀਕ੍ਰਿਤ ਕੁਦਰਤੀ ਸ਼ਕਤੀਆਂ ਵਿਲਾਸੀ ਅਤੇ ਕਾਮੀ ਵੀ ਹਨ। ਇਸ ਵਿਸ਼ਵਾਸ ਨੇ ਦੇਵ-ਦਾਸੀਆਂ ਨੂੰ ਜਨਮ ਦੇ ਕੇ ਸਾਡੇ ਦੇਸ਼ ਦੇ ਮੰਦਰਾਂ, ਪੁਜਾਰੀਆਂ ਅਤੇ ਕਿਸੇ ਹੱਦ ਤੱਕ ਦੱਖਣੀ ਅਤੇ ਪੂਰਬੀ ਭਾਰਤ ਦੇ ਜਨ ਸਾਧਾਰਣ ਨੂੰ ਕਾਮ ਦੀ ਕੁਰੂਪਤਾ ਨਾਲ ਸ਼ਰਮਸਾਰ ਕੀਤਾ ਹੈ।

ਚਿੱਤ੍ਰ-ਕਲਾ ਅਤੇ ਸੰਗੀਤ ਵਾਂਗ ਨ੍ਰਿਤ ਅਜੇਹੀ ਕਲਾ ਹੈ ਜਿਸ ਵਿਚ ਨਿਪੁੰਨ ਹੋਣ

ਲਈ ਮਨੁੱਖ ਨੂੰ ਆਪਣਾ ਸਾਰਾ ਮਨ, ਸਾਰਾ ਸਮਾਂ ਅਤੇ ਸਾਰਾ ਯਤਨ ਲਾਉਣਾ ਪੈਂਦਾ ਹੈ। ਅਜੇਹੀ ਹਾਲਤ ਵਿਚ ਕਲਾਕਾਰ ਕੋਈ ਹੋਰ ਕਾਰੋਬਾਰ ਕਰਨ ਦੇ ਅਯੋਗ ਹੋ ਜਾਣ ਕਰਕੇ ਆਪਣੀ ਕਲਾ ਨੂੰ ਹੀ ਆਪਣੇ ਨਿਰਬਾਹ ਦਾ ਸਾਧਨ ਬਣਾਉਣ ਲਈ ਮਜਬੂਰ ਹੁੰਦਾ ਹੈ। ਇਉਂ ਹੋ ਜਾਣ ਉੱਤੇ ਉਸ ਦੀ ਕਲਾ ਉਸ ਲਈ ਵਿਸਮਾਦ ਦਾ ਵਸੀਲਾ ਨ ਰਹਿ ਕੇ ਧਨ ਕਮਾਉਣ ਦਾ ਸਾਧਨ ਬਣ ਜਾਂਦੀ ਹੈ। ਜੇ ਕਿਸੇ ਕਲਾਕਾਰ ਨੂੰ ਕਿਸੇ ਕਾਰਣ ਆਪਣੇ ਨਿਰਬਾਹ ਲਈ ਆਪਣੀ ਕਲਾ ਉੱਤੇ ਨਿਰਭਰ ਨ ਵੀ ਕਰਨਾ ਪਵੇ ਤਾਂ ਵੀ ਦੂਜੇ ਕਲਾਕਾਰਾਂ ਦੇ ਟਾਕਰੇ ਵਿਚ ਉਸ ਦੀ 'ਥਾਂ' ਦਾ ਲੇਖਾ ਜੋਖਾ ਇਸੇ ਗੱਲ ਤੋਂ ਲਾਇਆ ਜਾਂਦਾ ਹੈ ਕਿ ਲੋਕ ਉਸ ਦੀ ਕਲਾ ਦਾ ਮੁਲ ਕੀ ਪਾਉਂਦੇ ਹਨ। ਇਹ ਸਾਰੀਆਂ ਹਾਲਤਾਂ ਨ੍ਰਿਤ, ਸੰਗੀਤ ਅਤੇ ਚਿੱਤ੍ਰ ਕਲਾ ਨੂੰ ਕਲਾਕਾਰ ਲਈ ਵਿਸਮਾਦ-ਵਿਹੂਣ ਬਣਾ ਦਿੰਦੀਆਂ ਹਨ।

ਚੇਤੰਨਯ ਮਹਾਂ ਪ੍ਰਭੂ ਅਤੇ ਮੀਰਾ ਦੇ ਮਸਤੀ ਵਿਚ ਝੂਮਣ ਨੂੰ ਵੀ ਅਸੀਂ ਨਾਚ ਦਾ ਨਾਂ ਦਿੰਦੇ ਹਾਂ। ਮੀਰਾ ਨੇ ਆਪਣੀ ਮਸਤੀ ਨੂੰ ਨਾਚ ਆਖਦਿਆਂ ਹੋਇਆਂ ਲਿਖਿਆ ਵੀ ਹੈ, "ਪਗ ਘੁੰਗਰੂ ਬਾਂਧ ਮੀਰਾ ਨਾਚੀ ਰੇ।" ਪਰੰਤੂ ਇਨ੍ਹਾਂ ਪ੍ਰਭੂ ਪਿਆਰ ਵਿਚ ਲੀਨ ਆਤਮਾਵਾਂ ਨੂੰ ਨ੍ਰਿਤਕਾਰ ਨਹੀਂ ਆਖਿਆ ਜਾਣਾ ਚਾਹੀਦਾ। ਇਹ ਨ੍ਰਿਤ ਕਲਾ ਵਿਚ ਸੁਸਿੱਖਿਅਤ ਲੋਕ ਨਹੀਂ ਸਨ। ਨ ਹੀ ਇਹ ਨ੍ਰਿਤ ਦੀ ਸਹਾਇਤਾ ਨਾਲ ਵਿਸਮਾਦ ਵਿਚ ਜਾਣ ਦੇ ਵਿਸ਼ਵਾਸੀ ਸਨ। ਇਹ ਤਾਂ ਵਿਸਮਾਦ ਵਿਚ ਜਾ ਕੇ ਝੂਮਦੇ ਸਨ; ਠੀਕ ਉਵੇਂ ਹੀ ਜਿਵੇਂ ਵਰਖਾ ਰੁੱਤ ਦੀ ਕਿਸੇ ਸੀਤਲ ਸਵੇਰ ਵਿਚ ਨ੍ਹਾਤੇ-ਧੋਤੇ ਬਿਰਛ, ਮੰਦ ਮੰਦ ਵਗਦੀ ਪੌਣ ਦੀ ਛੁਹ ਨਾਲ ਝੂਮਦੇ ਹੋਣ। ਇਨ੍ਹਾਂ ਦੇ ਨਾਚ ਦਾ ਤਰੀਕਾ ਹੋਰ ਹੈ, ਆਨੰਦ ਹੋਰ ਹੈ। ਇਨ੍ਹਾਂ ਲਈ ਨਾਚ ਦੇ ਅਰਥ ਹੋਰ ਹਨ। ਵਿਸਮਾਦੀ ਲੋਕ ਕਹਿੰਦੇ ਹਨ, "ਨਾਚ ਰੇ ਮਨ ਗੁਰ ਕੇ ਆਗੇ।" ਇਹ ਮਨ ਦਾ ਨੱਚਣਾ ਹੈ। ਮਨ ਜਾਂ ਤਾਂ ਮਾਇਆ ਦੇ ਹੁਕਮ ਵਿਚ ਨਚਦਾ ਹੈ ਜਾਂ ਵਿਸਮਾਦ ਵਿਚ। ਭਗਤ ਸੂਰਦਾਸ ਜੀ ਮਾਇਆ ਦੇ ਹੁਕਮ ਵਿਚ ਨੱਚ ਨੱਚ ਥੱਕ ਗਏ ਮਨ ਦੀ ਗਲ ਕਰਦਿਆਂ ਕਹਿੰਦੇ ਹਨ, "ਅੱਬ ਮੈਂ ਨਾਚਿਓ ਬਹੁਤ ਗੋਪਾਲ"।

ਜਿਸ ਕਲਾ ਦਾ ਕਰਤਾਰ ਵਿਸਮਾਦੀ ਨਹੀਂ ਉਸ ਕਲਾ ਦੇ ਦਰਸ਼ਕ ਅਤੇ ਪਾਰਖੂ ਵੀ ਵਿਸਮਾਦੀ ਨਹੀਂ ਹੋ ਸਕਦੇ। ਨ੍ਰਿਤ ਸਰੀਰਕ ਹਰਕਤ ਦੀ ਕਲਾ ਹੈ। ਇਸ ਨੂੰ ਮਾਣਨ ਅਤੇ ਪਰਖਣ ਲਈ ਇਸ ਨੂੰ ਵੇਖਿਆ ਜਾਣਾ ਜ਼ਰੂਰੀ ਹੈ। ਮਨੁੱਖ ਦੀ ਦ੍ਰਿਸ਼ਟੀ, ਅੱਖ ਜਾਂ ਵੇਖਣ-ਸ਼ਕਤੀ ਅਤੇ ਵਿਸਮਾਦ ਵਿਚ ਬੁਨਿਆਦੀ ਵਿਰੋਧ ਹੈ। ਵਿਕਾਸਵਾਦ ਨੂੰ ਧਿਆਨ ਨਾਲ ਵਾਚਿਆਂ ਪਤਾ ਲਗਦਾ ਹੈ ਕਿ ਮਨੁੱਖ ਦਾ ਵਿਕਾਸ ਉਨ੍ਹਾਂ ਪਸ਼ੂਆਂ ਵਿਚੋਂ ਹੋਇਆ ਹੈ ਜਿਹੜੇ ਰੁੱਖਾਂ ਉਤੇ ਵਸਦੇ ਸਨ। ਇਸ ਪ੍ਰਕਾਰ ਦੀ ਜੀਵਨ ਜਾਚ ਵਿਚ ਹੱਥ ਅਤੇ ਅੱਖ ਦੀ ਬਹੁਤ ਲੋੜ ਪੈਂਦੀ ਹੈ ਜਿਸ ਕਰਕੇ ਮਨੁੱਖ ਦੇ ਹੱਥ ਅਤੇ ਉਸ ਦੀਆਂ ਅੱਖਾਂ ਦੀ ਸ਼ਕਤੀ ਬਹੁਤ ਵਿਕਸਿਤ ਹੈ। ਰੁੱਖਾਂ ਉੱਤੇ ਵੱਸਣ ਵਾਲੇ ਜੀਵਾਂ ਲਈ ਆਪਣੀ ਸੁਰੱਖਿਆ ਲਈ ਨੱਕ ਦੀ ਬਹੁਤੀ ਉਪਯੋਗਿਤਾ ਨਹੀਂ ਹੁੰਦੀ। ਧਰਤੀ ਉੱਤੇ ਵੱਸਣ ਵਾਲੇ ਪਸ਼ੂ ਨੱਕ ਦੀ ਬਹੁਤੀ ਵਰਤੋਂ ਕਰਦੇ ਹਨ। ਇਸੇ ਲਈ ਰੁੱਖਾਂ ਉੱਤੇ ਵੱਸਣ ਵਾਲੇ ਜੀਵਾਂ ਦਾ ਨੱਕ ਛੋਟਾ ਹੁੰਦਾ ਗਿਆ ਹੈ। ਮਨੁੱਖੀ ਚਿਹਰੇ ਦਾ ਚੋਖਾ ਭਾਗ ਉਸਦੀਆਂ ਅੱਖਾਂ ਨੇ ਮੱਲਿਆ ਹੋਇਆ ਹੈ ਅਤੇ ਮਨੁੱਖ ਦੇ

ਦਿਮਾਗ ਵਿਚ ਸੱਭ ਤੋਂ ਵੱਡੀ ਨਸ ਉਸ ਦੀ ਵੇਖਣ ਵਾਲੀ ਨਸ (OPTIC NERVE) ਹੈ ਅਤੇ ਨੱਕ ਤੋਂ ਬਿਨਾਂ ਹੀ ਸ਼ਾਇਦ ਮਨੁੱਖ ਦਾ ਗੁਜ਼ਾਰਾ ਹੋ ਸਕਦਾ ਹੈ।

ਆਤਮ ਰੱਖਿਆ ਲਈ ਬਹੁਤੀ ਵਰਤੀ ਜਾਣ ਵਾਲੀ ਇਹ ਗਿਆਨ ਇੰਦ੍ਰੀ, ਅੱਖ, ਮਨੁੱਖ ਨੂੰ ਹੁਸ਼ਿਆਰ, ਖਬਰਦਾਰ ਅਤੇ ਚੌਕੰਨਾ ਕਰਨ ਦਾ ਕੰਮ ਕਰਦੀ ਹੋਣ ਕਰਕੇ ਉਸ ਦੇ ਵਿਸਮਾਦ ਨਾਲ ਓਨੀ ਸੰਬੰਧਤ ਨਹੀਂ ਜਿੰਨੇ ਉਸ ਦੇ ਕੰਨ ਹਨ। ਅੱਖਾਂ ਦਾ ਕੰਮ ਹੈ ਮਨੁੱਖ ਨੂੰ ਹੋਸ਼ ਵਿਚ ਰੱਖਣਾ। ਇਹ ਠੀਕ ਹੈ ਕਿ ਕੁਦਰਤੀ ਸੁੰਦਰਤਾ ਨੂੰ ਵੇਖ ਕੇ ਵਿਸਮ ਦ ਵਿਚ ਗੁਆਚਣ ਵਾਲਾ ਮਨੁੱਖ ਕੁਦਰਤ ਦੀ ਸੁੰਦਰਤਾ ਨੂੰ ਅੱਖ ਨਾਲ ਹੀ ਵੇਖਦਾ ਹੈ, ਪਰ ਇਸ ਦੇ ਨਾਲ ਨਾਲ ਇਹ ਵੀ ਠੀਕ ਹੈ ਕਿ ਕਿਸੇ ਸੁੰਦਰ ਦ੍ਰਿਸ਼ ਦੀ ਸੁੰਦਰਤਾ ਵੇਖ ਕੇ ਜਾਂ ਕਿਸੇ ਮਧੁਰ ਸੰਗੀਤ ਦੀ ਆਵਾਜ਼ ਸੁਣ ਕੇ ਵਿਸਮਾਦ ਵਿਚ ਜਾਣ ਲਈ ਜੀਵ ਨੂੰ ਸਭ ਤੋਂ ਪਹਿਲਾਂ ਆਪਣੀਆਂ ਅੱਖਾਂ ਦੀ ਕਿਰਿਆ ਰੋਕਣੀ ਪੈਂਦੀ ਹੈ। ਨੀਂਦ ਦੀ ਅਵਸਥਾ ਵਿਚ ਜਾਣ ਲੱਗਿਆਂ ਵੀ ਅੱਖਾਂ ਦੀ ਕਿਰਿਆ ਸਭ ਤੋਂ ਪਹਿਲਾਂ ਸਿਥਲ ਹੁੰਦੀ ਹੈ; ਫਿਰ ਸੁਆਦ, ਫਿਰ ਗੰਧ, ਫਿਰ ਕੰਨ ਅਤੇ ਸਭ ਤੋਂ ਅਖੀਰ ਵਿਚ ਸਪਰਸ਼ ਆਪਣਾ ਕੰਮ ਛੱਡ ਦਿੰਦਾ ਹੈ।

ਕਿਸੇ ਨ੍ਰਿਤ ਦੀ ਸਮੁੱਚੀ ਸੁੰਦਰਤਾ ਨੂੰ ਵੇਖਣ ਲਈ ਸਮੁੱਚਾ ਨ੍ਰਿਤ ਵੇਖਿਆ ਜਾਣਾ ਜ਼ਰੂਰੀ ਹੈ। ਇਸ ਲਈ ਜਿੰਨਾ ਚਿਰ ਕੋਈ ਨ੍ਰਿਤ ਜਾਰੀ ਰਹਿੰਦਾ ਹੈ ਓਨਾ ਚਿਰ ਵੇਖਣ ਵਾਲਿਆਂ ਨੂੰ ਆਪਣੀ ਸਭ ਤੋਂ ਵੱਧ ਚੰਚਲ ਗਿਆਨ ਇੰਦ੍ਰੀ ਦੀ ਵਰਤੋਂ ਸਾਵਧਾਨੀ ਨਾਲ ਕਰਨੀ ਪੈਂਦੀ ਹੈ। ਜਿਹੜਾ ਸਾਵਧਾਨ ਹੈ ਉਹ ਵਿਸਮਾਦ ਵਿਚ ਨਹੀਂ ਜਾ ਸਕਦਾ। ਇਸ ਤੋਂ ਉਲਟ ਹੁੰਦਾ ਇਹ ਹੈ ਕਿ ਸਰੀਰਕ ਹਰਕਤ ਨੂੰ ਬਹੁਤੀ ਸਾਵਧਾਨੀ ਨਾਲ ਵੇਖਣ ਕਰਕੇ ਵੇਖਣ ਵਾਲੇ ਦਾ ਸਾਵਧਾਨ ਮਨ ਨੀਵਾਣ ਵੱਲ ਚਲਾ ਜਾਂਦਾ ਹੈ ਕਿਉਂਕਿ ਮਨੁੱਖ ਦੀਆਂ ਸਾਰੀਆਂ ਸਾਵਧਾਨੀਆਂ ਸੰਸਾਰਕ ਹਨ। ਇਸੇ ਲਈ ਆਖਿਆ ਗਿਆ ਹੈ "ਨਚਣ ਕੁਦਣ ਮਨ ਕਾ ਚਾਉ।"

ਚਿਤ੍ਰ ਕਲਾ ਵੀ ਅੱਖ ਦਾ ਵਿਸ਼ਾ ਹੈ ਪਰੰਤੂ ਕਿਸੇ ਤਸਵੀਰ ਦੀ ਸੁੰਦਰਤਾ ਤੋਂ ਪ੍ਰਭਾਵਿਤ ਹੋਣ ਲਈ ਦਰਸ਼ਕ ਨੂੰ ਲੰਮੇ ਸਮੇਂ ਲਈ ਉਸ ਵੱਲ ਵੇਖਦੇ ਰਹਿਣ ਦੀ ਲੋੜ ਨਹੀਂ। ਤਸਵੀਰ ਦੀ ਸੁੰਦਰਤਾ ਪਹਿਲੀ ਨਜ਼ਰੇ ਹੀ ਹਿਰਦੇ ਵਿਚ ਉੱਤਰ ਜਾਂਦੀ ਹੈ ਅਤੇ ਮਨ ਨੂੰ ਆਨੰਦ ਮਗਨ ਕਰ ਦਿੰਦੀ ਹੈ। ਪਹਿਲੇ ਅਨੁਭਵ ਵਿਚੋਂ ਵਾਪਸ ਮੁੜ ਕੇ ਹੀ ਦਰਸ਼ਕ ਉਸ ਵਿਚਲੀ ਸੂਖਮਤਾ ਨੂੰ ਗਹੁ ਨਾਲ ਵੇਖਣ ਵੱਲ ਰੁਚਿਤ ਹੁੰਦਾ ਹੈ। ਇਸ ਦੁਬਾਰਾ ਵੇਖਣ ਵਿਚ ਦੋ ਵਿਸ਼ੇਸ਼ ਗੱਲਾਂ ਹੁੰਦੀਆਂ ਹਨ। ਇਕ ਤਾਂ ਇਹ ਕਿ ਦਰਸ਼ਕ ਦੇ ਮਨ ਉੱਤੇ ਪਹਿਲਾਂ ਪਏ ਵਿਸਮਾਦੀ ਪ੍ਰਭਾਵ ਦਾ ਕੁਝ ਅਸਰ ਬਾਕੀ ਹੁੰਦਾ ਹੈ ਅਤੇ ਦੂਜੀ ਇਹ ਕਿ ਕੁਦਰਤੀ ਦ੍ਰਿਸ਼ਾਂ ਦੇ ਚਿੱਤ੍ਰਾਂ ਵਿਚ ਨ ਤਾਂ ਮਨੁੱਖੀ ਸਰੀਰ ਦੀ ਸੁੰਦਰਤਾ ਹੀ ਹੁੰਦੀ ਹੈ ਅਤੇ ਨ ਸਰੀਰਕ ਹਰਕਤ ਹੀ। ਇਨ੍ਹਾਂ ਕਾਰਨਾਂ ਕਰਕੇ ਮਨ ਉੱਤੇ ਨੀਵਾਂ ਪ੍ਰਭਾਵ ਨਹੀਂ ਪੈਂਦਾ, ਭਾਵੇਂ ਚਿੱਤ੍ਰ-ਕਲਾ ਵੀ ਦ੍ਰਿਸ਼ਟੀ ਦਾ ਵਿਸ਼ਾ ਹੈ। ਇਸ ਸੰਬੰਧ ਵਿਚ ਹੋਰ ਵਿਸਥਾਰ ਨਾਲ ਅੱਗੇ ਚੱਲ ਕੇ ਲਿਖਾਂਗਾ।

ਸਰੀਰਕ ਹਰਕਤ ਦੀ ਕਲਾ ਅਤੇ ਅੱਖ ਦਾ ਵਿਸ਼ਾ ਹੋਣ ਕਰਕੇ ਨ੍ਰਿਤ ਦੇ ਅਸਲੇ ਵਿਚ

ਵਿਲਾਸ ਅਤੇ ਵਾਸਨਾ ਦੇ ਬੀਜ ਮੌਜੂਦ ਹਨ । ਇਨ੍ਹਾਂ ਬੀਜਾਂ ਨੂੰ ਉੱਗਣ ਅਤੇ ਮੌਲਣ ਵਿਚ ਸਹਾਇਤਾ ਕਰਨ ਦਾ ਕੰਮ ਧਰਮ ਅਤੇ ਵਿਹਲੜ ਵਰਗ ਨੇ ਮਿਲ ਕੇ ਕੀਤਾ ਹੈ। ਮੰਦਰਾਂ ਵਿਚ ਅਤੇ ਸਾਧਾਰਣ ਜੀਵਨ ਵਿਚ ਨ੍ਰਿਤ ਦੇਵਤਿਆਂ ਨੂੰ ਰੀਝਾਉਣ ਦਾ ਸਾਧਨ ਸੀ। ਰਾਜ ਦਰਬਾਰ ਵਿਚ ਨਾਚ ਵਿਹਲੜ ਵਰਗ ਦਾ ਮਨੋਰੰਜਨ ਸੀ। ਵਿਹਲੜ ਵਰਗ ਦੇ ਮਨੋਰੰਜਨ ਦੇ ਰੂਪ ਵਿਚ ਇਹ ਜਨ-ਸਾਧਾਰਣ ਤੋਂ ਦੂਰ ਕਿਲਿਆਂ ਅਤੇ ਮਹੱਲਾਂ ਵਿਚ ਘਿਰਿਆ ਹੋਇਆ ਸੀ। ਕੁਦਰਤੀ ਸ਼ਕਤੀਆਂ ਦਾ ਦੇਵਤਿਆਂ ਦੇ ਰੂਪ ਵਿਚ ਮਾਨਵੀਕਰਣ ਹੋ ਜਾਣ ਨਾਲ ਇਹ ਵਿਲਾਸ-ਵਿਸ ਜਨਸਾਧਾਰਣ ਅਤੇ ਉਨ੍ਹਾਂ ਦੇ ਮੰਦਰਾਂ ਵਿਚ ਵੀ ਚਲੀ ਗਈ। ਦੇਵਤਿਆਂ ਨੂੰ ਰਾਜਿਆਂ ਦਾ ਰੂਪ ਦਿੱਤਾ ਜਾਣਾ ਕੁਦਰਤੀ ਸੀ ਅਤੇ ਇਸ ਰੂਪ ਦੇ ਨਾਲ ਨਾਲ ਇਸ ਰੂਪ ਦੀ ਬੁਰਾਈ ਦਾ ਉਨ੍ਹਾਂ ਵਿਚ ਪਰਵੇਸ਼ ਕਰ ਜਾਣਾ ਵੀ ਕੁਦਰਤੀ ਸੀ। ਇਉਂ ਵਿਹਲੜ ਵਰਗ ਦੀ ਵਿਲਾਸਤਾ ਦੇਵ-ਰੂਪ ਦੇ ਓਹਲੇ ਪਿੱਛੇ ਲੁਕ ਕੇ ਮੰਦਰਾਂ ਵਿਚ ਆ ਵੜੀ; ਜਿਥੇ ਇਸ ਨੇ ਉਹ ਕੁਝ ਕੀਤਾ ਜਿਸ ਤੋਂ ਮਨੁਖਤਾ ਸ਼ਰਮਸਾਰ ਹੈ। ਨ੍ਰਿਤ ਕਲਾ ਦਾ ਦੋਸ਼ ਵੀ ਵੱਡਾ ਸੀ ਅਤੇ ਇਸ ਨੂੰ ਸਜ਼ਾ ਭੀ ਕਰੜੀ ਮਿਲੀ ਸੀ। ਮੰਦਰਾਂ ਵਿਚੋਂ ਨਿਕਲ ਕੇ ਇਹ ਸਿੱਧੀ ਵੇਸ਼ਿਆਵਾਂ ਦੇ ਕੋਠਿਆਂ ਉੱਤੇ ਗਈ ਸੀ। ਸਿਨਮੇ ਦੀ ਸਹਾਇਤਾ ਨਾਲ ਇਹ, ਆਪਣੇ ਨਿਰਾਦਰ ਦਾ ਬਦਲਾ ਲੈਣ ਲਈ, ਮੁੜ ਜਨ-ਸਾਧਰਣ ਵੱਲ ਆ ਗਈ ਹੈ।

ਮਨ ਦੀ ਚੰਚਲਤਾ ਨੂੰ ਸਰੀਰਕ ਹਰਕਤ ਰਾਹੀਂ ਪਰਗਟ ਕਰਨ ਦੀ ਰੁਚੀ ਵਿਚੋਂ ਉਪਜੀ ਹੋਈ ਕਲਾ, ਮਨ ਦੀ ਚੰਚਲਤਾ ਨੂੰ ਆਪਣਾ ਮਨੋਰਥ ਮੰਨ ਕੇ ਆਪਣੇ ਅਜੋਕੇ ਨਵੀਨ ਪੱਛਮੀ ਰੂਪ ਵਿਚ ਅੱਤ ਘਿਰਣਤ ਵਸਤੂ ਬਣ ਚੁੱਕੀ ਹੈ । ਸੰਸਾਰ ਦੇ ਵੱਖਰੇ ਵੱਖਰੇ ਦੇਸ਼ਾਂ ਦੇ ਲੋਕਾਂ ਨੇ ਇਸ ਕਲਾ ਕੋਲੋਂ ਲਾਭ ਲੈਣ ਦਾ ਜਤਨ ਵੀ ਕੀਤਾ ਹੈ। ਮਨੁੱਖੀ ਸਮਾਜਾਂ ਵਿਚ ਲੜਨ, ਮਰਨ ਅਤੇ ਮਾਰਨ ਦੇ ਜਜ਼ਬੇ ਨੂੰ ਕਾਇਮ ਰੱਖਣ ਵਿਚ ਇਸ ਕਲਾ ਕੋਲੋਂ ਕੰਮ ਲਿਆ ਗਿਆ ਹੈ। ਕਿਧਰੇ ਕਿਧਰੇ ਸੰਗੀਤ ਨਾਲ ਸੰਬੰਧਤ ਹੋ ਕੇ ਇਸ ਕਲਾ ਨੇ ਉਸਾਰੀ, ਬੀਜਾਈ ਅਤੇ ਕਟਾਈ ਦੇ ਕੰਮ ਲਈ ਲੋਕਾਂ ਨੂੰ ਉਤਸਾਹਿਤ ਵੀ ਕੀਤਾ ਹੈ। ਜੰਗਲੀ ਕਬੀਲਿਆਂ ਵਿਚ ਨਾਚ ਅਜੇ ਤੱਕ ਸ਼ਿਕਾਰ ਦਾ ਉਤਸ਼ਾਹ ਪੈਦਾ ਕਰਨ ਦੇ ਸਾਧਨ ਵਜੋਂ ਵਰਤਿਆ ਜਾਂਦਾ ਹੈ। ਪੁਰਾਤਨ ਯੂਨਾਨ ਦੇ ਲੋਕ ਨ੍ਰਿਤ ਕਲਾ ਨੂੰ ਸਰੀਰ ਦੀ ਸੁੰਦਰਤਾ ਅਤੇ ਤੰਦਰੁਸਤੀ ਲਈ ਜ਼ਰੂਰੀ ਸਮਝਦੇ ਸਨ। ਆਮ ਕਰਕੇ ਇਹ ਕਲਾ ਵਿਹਲੜ ਵਰਗ ਦੇ ਜੀਵਨ ਨੂੰ ਰੰਗੀਨ ਰੱਖਣ ਦੇ ਕੰਮ ਆਉਂਦੀ ਰਹੀ ਹੈ।

ਆਪਣੀ ਜੀਵਨ ਯਾਤਰਾ ਵਿਚ ਭਾਰਤੀ ਨ੍ਰਿਤ ਕਲਾ ਨੇ ਪੰਜ ਰੂਪ ਧਾਰਨ ਕੀਤੇ ਹਨ। ਇਨ੍ਹਾਂ ਵਿਚਲੇ ਪਹਿਲੇ ਚਾਰ ਰੂਪ ਨਿਰੋਲ ਭਾਰਤੀ ਹਨ ਅਤੇ ਪੰਜਵਾਂ ਪੱਛਮੀ ਨਕਲ ਹੈ। ਇਸ ਰੂਪ ਨੂੰ ਭਾਰਤੀ ਨ੍ਰਿਤ ਨਹੀਂ ਆਖਿਆ ਜਾ ਸਕਦਾ ਪਰ ਭਾਰਤ ਦੀ ਪੜ੍ਹੀ ਲਿਖੀ ਪੀੜ੍ਹੀ ਇਸ ਨੂੰ ਆਪਣਾ ਜ਼ਰੂਰ ਰਹੀ ਹੈ। ਭਾਰਤ ਦੇ ਚਾਰ ਨਾਚ ਹਨ :—ਭਾਰਤ ਨਾਟਿਅਮ, ਕਥਾ ਕਲੀ, ਕੱਥਕ ਅਤੇ ਮਨੀ ਪੁਰੀ। ਨਾਟ ਸ਼ਾਸਤ੍ਰ ਦੇ ਕਰਤਾ ਨੇ ਨਾਚ ਦੀਆਂ ਤਿੰਨ

ਪ੍ਰਧਾਨ ਕਿਸਮਾਂ ਲਿਖੀਆਂ ਹਨ। ਪਹਿਲੀ ਨੂੰ ਉਹ ਨਾਟਿਆ (नाट्य) ਕਹਿੰਦਾ ਹੈ। ਇਸ ਤੋਂ ਉਸ ਦਾ ਭਾਵ ਹੈ ਡਰਾਮਾ ਜਾਂ ਨਾਟਕ। ਦੂਜੀ ਕਿਸਮ ਹੈ ਨ੍ਰਿਤਿਆ (नृत्य)। ਇਹ ਕਿਸਮ ਨਾਟਕ ਅਤੇ ਨਾਚ ਦਾ ਮਿਸ਼ਰਣ ਹੈ । ਇਸ ਵਿਚ ਨਾਚ ਰਾਹੀਂ ਕਿਸੇ ਕਹਾਣੀ ਜਾਂ ਕਥਾ ਨੂੰ ਰੂਪਮਾਨ ਕੀਤਾ ਜਾਂਦਾ ਹੈ। ਨ੍ਰਿਤਕਾਰ ਦੇ ਪਿਛੇ ਬੈਠ ਕੇ ਕੋਈ ਦੂਜਾ ਵਿਅਕਤੀ ਨਾਚ ਦੇ ਨਾਲ ਨਾਲ ਨਾਚ ਵਿਚ ਵਿਖਾਈ ਜਾਣ ਵਾਲੀ ਕਹਾਣੀ ਨੂੰ ਕਾਵਿ-ਰੂਪ ਵਿਚ ਬੋਲਦਾ ਵੀ ਰਹਿੰਦਾ ਹੈ। ਕਹਾਣੀ ਦਾ ਕਾਵਿ-ਰੂਪ ਆਮ ਕਰਕੇ ਗਣਕ ਛੰਦ ਵਿਚ ਹੁੰਦਾ ਹੈ ਅਤੇ ਤੋਲ ਤੁਕਾਂਤ ਦੀ ਪਾਬੰਦੀ ਕਵਿਤਾ ਦੇ ਛੰਦ ਨੂੰ ਵੀ ਨਾਚ ਵਿਚ ਬਦਲ ਦਿੰਦੀ ਹੈ । ਨਾਚ ਦੀ ਤੀਜੀ ਕਿਸਮ ਨੂੰ ਨ੍ਰਿਤ (नृत) ਆਖਿਆ ਜਾਂਦਾ ਹੈ ਅਤੇ ਇਹ ਸ਼ੁੱਧ ਨਾਚ ਹੈ।

ਭਾਰਤ ਨਾਟਿਅਮ, ਨਾਟ ਅਤੇ ਨ੍ਰਿਤ ਦਾ ਮਿਸ਼ਰਣ ਹੈ, ਇਸ ਲਈ ਨ੍ਰਿਤਿਅ ਹੈ। ਇਸ ਨੂੰ ਨਾਟ ਸ਼ਾਸਤ੍ਰ ਵਿਚ ਲਿਖੇ ਨੇਮਾਂ ਅਨੁਸਾਰ ਨੱਚਿਆ ਜਾਂਦਾ ਹੈ। ਇਸ ਵਿਚ ਕੋਈ ਕਥਾ ਜਾਂ ਕਹਾਣੀ ਹੁੰਦੀ ਹੈ ਪ੍ਰੰਤੂ ਉਹ ਕਹਾਣੀ ਕਾਵਿ ਰੂਪ ਵਿਚ ਨ੍ਰਿਤਕਾਰ ਦੇ ਪਿਛੇ ਬੋਲੀ ਜਾਂ ਉਚਾਰੀ ਨਹੀਂ ਜਾਂਦੀ। ਨ੍ਰਿਤਕਾਰ ਕੇਵਲ ਨ੍ਰਿਤ ਦੀ ਨਿਪੁੰਨਤਾ ਨਾਲ ਕਥਾ ਨੂੰ ਦਰਸ਼ਕਾਂ ਤੱਕ ਪੁਚਾਉਂਦਾ ਹੈ। ਨਾਟ-ਸ਼ਾਸਤ੍ਰ ਅਨੁਸਾਰ ਇਹ ਨ੍ਰਿਤ ਕਲਾ ਦਾ ਸਰਵੋਤਮ ਨਮੂਨਾ ਹੈ। ਇਹ ਨਾਚ ਦੱਖਣੀ ਭਾਰਤ ਦੇ ਮੰਦਰਾਂ ਵਿਚ ਦੇਵਦਾਸੀਆਂ ਦੁਆਰਾ ਨੱਚਿਆ ਜਾਂਦਾ ਸੀ।

ਕੱਥਾਕਲੀ ਵੀ ਨ੍ਰਿਤ ਅਤੇ ਨਾਟਕ ਦਾ ਮਿਸ਼ਰਣ ਹੈ। ਇਸ ਵਿਚ ਪੁਰਾਣਾਂ ਦੀਆਂ ਕਹਾਣੀਆਂ ਨਾਚ ਰਾਹੀਂ ਵਿਅਕਤ ਕੀਤੀਆਂ ਜਾਂਦੀਆਂ ਹਨ। ਇਸ ਨਾਚ ਦੀ ਵੰਨਗੀ ਅਨੁਸਾਰ ਕਹਾਣੀ ਨੂੰ ਕਾਵਿ-ਰੂਪ ਵਿਚ ਨਾਚ ਦੇ ਨਾਲ ਨਾਲ ਬੋਲਿਆ ਜਾਂਦਾ ਹੈ। ਮਹਾਂਭਾਰਤ ਅਤੇ ਰਾਮਾਇਣ ਦੀਆਂ ਕਹਾਣੀਆਂ ਇਸ ਨਾਚ ਦਾ ਵਿਸ਼ੇਸ਼ ਅੰਗ ਹਨ। ਇਹ ਨਾਚ ਮਾਲਾਬਾਰ ਦੇ ਸਮੁੰਦਰੀ ਕੰਢੇ ਵੱਸਣ ਵਾਲੇ ਲੋਕਾਂ ਵਿਚ ਬਹੁਤਾ ਪ੍ਰਚੱਲਿਤ ਹੈ। ਇਸ ਦੀ ਕਹਾਣੀ ਨੂੰ ਕਿਧਰੇ ਕਿਧਰੇ ਅਟਕਾ ਕੇ ਵਿਚ ਸ਼ੁੱਧ ਨਾਚ ਵੀ ਵਿਖਾਇਆ ਜਾਂਦਾ ਹੈ। ਹੋ ਸਕਦਾ ਹੈ ਅਜੇਹਾ ਇਸ ਲਈ ਕੀਤਾ ਜਾਂਦਾ ਹੋਵੇ ਕਿ ਜਿਨ੍ਹਾਂ ਨੂੰ ਕਹਾਣੀ ਦੀ ਪੂਰੀ ਸਮਝ ਨਹੀਂ ਆਈ ਉਹ ਇਸ ਵਕਫ਼ੇ ਵਿਚ ਕਹਾਣੀ ਨੂੰ ਮਨ ਹੀ ਮਨ ਦੁਹਰਾ ਕੇ ਜਾਂ ਲਾਗਲੇ ਕਿਸੇ ਕੋਲੋਂ ਪੁੱਛ ਕੇ ਉਸ ਦੀ ਲੜੀ ਜੋੜ ਲੈਣ।

ਕੱਥਕ ਨਾਚ ਉੱਤਰੀ ਭਾਰਤ ਦਾ ਨਾਚ ਹੈ। ਇਸ ਵਿਚ ਰਾਧਾ ਅਤੇ ਕ੍ਰਿਸ਼ਨ ਨਾਲ ਸੰਬੰਧਤ ਕਥਾਵਾਂ ਨੂੰ ਨਾਚ ਵਿਚ ਪਰਗਟ ਕੀਤਾ ਜਾਂਦਾ ਹੈ। ਇਹ ਨਾਚ ਮੁਗਲਾਂ, ਰਾਜਿਆਂ; ਨਵਾਬਾਂ ਅਤੇ ਵਿਲਾਸੀ ਵਿਹਲੜਾਂ ਦਾ ਦਰਬਾਰੀ ਨਾਚ ਹੈ । ਇਸ ਨਾਚ ਰਾਹੀਂ ਰਾਧਾ ਅਤੇ ਕ੍ਰਿਸ਼ਨ ਦੇ ਪਿਆਰ-ਪਰਦੇ ਵਿਚ ਕਾਮੁਕਤਾ ਅਤੇ ਅਸ਼ਲੀਲਤਾ ਦੀ ਨੁਮਾਇਸ਼ ਕੀਤੀ ਜਾਂਦੀ ਰਹੀ ਹੈ। ਕੱਥਕ ਨਾਚ ਕਲਾ ਦੇ ਪੱਖੋਂ ਕਥਾ ਕਲੀ ਜਾਂ ਭਾਰਤ ਨਾਟਿਅਮ ਨਾਲੋਂ ਘਟੀਆ ਨਹੀਂ; ਇਸ ਦਾ ਮਨੋਰਥ ਕੇਵਲ ਵਿਲਾਸ ਹੈ ।

ਅੱਸਮ (ਜਾਂ ਆਸਾਮ) ਵਿਚ ਇਕ ਨਿੱਕੀ ਜਹੀ ਰਿਆਸਤ ਸੀ ਜਿਸ ਦਾ ਨਾਂ

ਮਨੀਪੁਰ ਸੀ। ਉਸ ਰਿਆਸਤ ਦੇ ਰਾਜ ਘਰਾਣੇ ਦੀਆਂ ਇਸਤ੍ਰੀਆਂ ਨੇ ਇਕ ਨਾਚ ਦੀ ਪਰੰਪਰਾ ਨੂੰ ਜਨਮ ਦਿੱਤਾ ਹੈ। ਉਸ ਨਾਚ ਦਾ ਨਾਂ ਰਿਆਸਤ ਦੇ ਨਾਂ ਉੱਤੇ ਮਨੀਪੁਰੀ ਰੱਖਿਆ ਗਿਆ ਹੈ। ਇਹ ਨਾਚ ਸਤਿਕਾਰਯੋਗ ਸੁਆਣੀਆਂ ਦੀ ਸ਼ਰਧਾ ਨਾਲ ਭਰਪੂਰ, ਅਤੇ ਅਸ਼ਲੀਲਤਾ ਤੋਂ ਉੱਕਾ ਸੱਖਣਾ ਹੈ। ਇਹ ਸ਼ਰਧਾ ਅਤੇ ਨਿੰਮ੍ਰਤਾ ਦੇ ਕੋਮਲ ਭਾਵਾਂ ਦਾ ਪਵਿੱਤ੍ਰ ਪ੍ਰਗਟਾਵਾ ਹੈ। ਜਦੋਂ ਰਵੀਂਦਰ ਨਾਥ ਠਾਕੁਰ ਜੀ ਨੂੰ ਸ਼ਾਂਤੀ ਨਿਕੇਤਨ ਵਿਚ ਨ੍ਰਿਤ ਦੀ ਕਲਾ ਦੀ ਸਿਖਲਾਈ ਦਾ ਖਿਆਲ ਆਇਆ ਤਾਂ ਉਨ੍ਹਾਂ ਨੇ ਇਸੇ ਵੰਨਗੀ ਨੂੰ ਅਪਣਾਇਆ ਸੀ। ਇਸ ਨਾਚ ਵਿਚ ਵੀ ਕ੍ਰਿਸ਼ਨ ਨਾਲ ਸੰਬੰਧਤ ਕਥਾਵਾਂ ਨੂੰ ਸਰੀਰਕ ਹਰਕਤ ਰਾਹੀਂ ਰੂਪਮਾਨ ਕੀਤਾ ਜਾਂਦਾ ਹੈ। ਨ੍ਰਿਤਕਾਰ ਦੇ ਨਾਲ ਨਾਲ ਕਿਸੇ ਭਜਨ ਰਾਹੀਂ ਕਥਾ ਦਾ ਗਾਇਨ ਵੀ ਕੀਤਾ ਜਾਂਦਾ ਹੈ। ਕਥਾਵਾਂ ਦੀ ਚੋਣ ਅਤੇ ਉਨ੍ਹਾਂ ਨੂੰ ਪਰਗਟ ਕਰਨ ਦਾ ਢੰਗ ਇਸ ਨਾਚ ਨੂੰ ਪਵਿਤ੍ਰਤਾ ਬਖਸ਼ਦੇ ਹਨ। ਇਸ ਦੀ ਕਥਾ ਦਾ ਭਗਤੀ ਭਾਵ, ਭ੍ਰਾਤ੍ਰੀ ਭਾਵ, ਵਾਤਸੱਲ, ਦਇਆ, ਕਰੁਣਾ ਅਤੇ ਸ਼ਰਧਾ ਨਾਲ ਸੰਬੰਧਤ ਹੋਣਾ ਜ਼ਰੂਰੀ ਹੈ। ਨਾਚ ਵਿਚ ਸਰੀਰ ਦੀ ਨੁਮਾਇਸ਼ ਨਹੀਂ ਕੀਤੀ ਜਾਂਦੀ। ਅੰਗਾਂ ਦੀ ਹਰਕਤ ਸਾਧਾਰਣ ਜੀਵਨ ਦੀਆਂ ਲੋੜਾਂ ਵਿਚ ਕੀਤੀ ਜਾਣ ਵਾਲੀ ਹਰਕਤ ਨਾਲੋਂ ਵੱਖਰੀ, ਤੇਜ਼, ਅਨੋਖੀ ਅਤੇ ਅਸਾਧਾਰਣ ਨਹੀਂ ਹੁੰਦੀ। ਸਰੀਰ ਦੇ ਵੱਖਰੇ ਵੱਖਰੇ ਅੰਗਾਂ ਦੀ ਹਰਕਤ ਨੂੰ ਵੱਖ ਵੱਖ ਵਿਖਾ ਕੇ ਨ੍ਰਿਤਕਾਰ ਦੇ ਕਲਾ-ਕੌਸ਼ਲ ਨੂੰ ਪਰਗਟ ਕਰਨ ਦਾ ਯਤਨ ਨਹੀਂ ਕੀਤਾ ਜਾਂਦਾ। ਇਸ ਨਾਚ ਦੀ ਜਿੰਦ ਜਾਨ ਹਿਰਦੇ ਦੇ ਭਾਵਾਂ ਨੂੰ ਪਰਗਟ ਕਰਨ ਵਿਚ ਹੈ ਅਤੇ ਇਹ ਪ੍ਰਗਟਾਵਾ ਚਿਹਰੇ ਦੇ ਉਤਾਰ ਚੜ੍ਹਾ ਵਿਚੋਂ ਹੁੰਦਾ ਹੈ। ਸਰੀਰਕ ਹਰਕਤ ਇਸ ਪ੍ਰਗਟਾਵੇ ਦੀ ਸਹਾਇਕ ਮਾਤ੍ਰ ਹੁੰਦੀ ਹੈ। ਇਉਂ ਇਹ ਨਾਚ ਇਕ ਤਰ੍ਹਾਂ ਨਾਲ ਐਕਟਿੰਗ ਜਾਂ ਅਭੀਨੈ ਦੀ ਵੰਨਗੀ ਹੈ। ਇਸ ਦਾ ਮਨੋਰਥ ਨ੍ਰਿਤਕਾਰ ਅਤੇ ਦਰਸ਼ਕ ਵਿਚ ਕੋਮਲ ਭਾਵਾਂ ਦਾ ਸੰਚਾਰ ਕਰਨਾ ਹੈ। ਮਨੀਪੁਰੀ ਨਾਚ ਨੂੰ ਵੇਖ ਕੇ ਜੀ ਕਰਦਾ ਹੈ ਕਿ ਨ੍ਰਿਤ-ਕਲਾ ਨੂੰ ਨਿਰਾ ਵਿਲਾਸ ਨ ਆਖਿਆ ਜਾਵੇ।

ਪਰ ਇਹ ਇੱਛਾ ਪੂਰੀ ਹੋਣੀ ਔਖੀ ਹੈ। ਅੱਖਾਂ, ਭਰਵੱਟਿਆਂ, ਗਰਦਨ, ਬਾਹਵਾਂ, ਹੱਥਾਂ, ਉਂਗਲਾਂ, ਲੱਤਾਂ ਅਤੇ ਪੈਰਾਂ ਦੀ ਨਿਪੁੰਨ, ਕਲਾਮਈ ਹਰਕਤ ਨੂੰ ਪਰਗਟ ਕਰਨ ਦੇ ਵੇਗ ਵਿਚ ਵਹਿ ਕੇ ਭਾਰਤੀ ਨਾਚ ਪਹਿਲਾਂ ਹੀ ਅਸ਼ਲੀਲਤਾ ਵਿਚ ਚੋਖੀ ਉੱਨਤੀ ਕਰ ਚੁੱਕਾ ਸੀ ਕਿ ਹੁਣ ਪੱਛਮੀ ਪ੍ਰਭਾਵ ਨਾਲ ਛਾਤੀਆਂ, ਢਾਕਾਂ, ਕਮਰ ਅਤੇ ਪੇਟ ਆਦਿਕ ਅੰਗਾਂ ਦੀ ਅਸ਼ਲੀਲ ਹਰਕਤ ਨੂੰ ਅਪਣਾ ਕੇ ਕਲਾ ਦੀ ਥਾਂ ਕਲੰਕ ਬਣ ਗਿਆ ਹੈ।

# ਕਾਵਿ

ਕਾਵਿ ਦੀਆਂ ਵੱਖ ਵੱਖ ਪਰਿਭਾਸ਼ਾਵਾਂ ਉਸ ਦੀ ਬੋਲੀ, ਕਲਾ ਅਤੇ ਮਨੋਰਥ ਨੂੰ ਮੁੱਖ ਰੱਖ ਕੇ ਕੀਤੀਆਂ ਗਈਆਂ ਹਨ । ਕਾਵਿ ਦੀ ਬੋਲੀ ਵਿਆਕਰਣ ਦੀ ਥਾਂ ਪਿੰਗਲ ਦਾ ਪਾਲਣ ਕਰਦੀ ਹੈ ਅਤੇ ਪਿੰਗਲ ਤੋਂ ਅਵੇਸਲੇ ਕਾਵਿ ਦੀ ਬੋਲੀ ਓਨੀ ਹੀ ਓਪਰੀ ਅਤੇ ਹਾਸੋ ਹੀਣੀ ਹੋ ਜਾਂਦੀ ਹੈ ਜਿੰਨੀ ਆਮ ਬੋਲ ਚਾਲ ਦੀ ਜਾਂ ਵਾਰਤਕ ਦੀ ਬੋਲੀ ਵਿਆਕਰਣ ਦੇ ਨੇਮਾਂ ਦਾ ਉਲੰਘਣ ਕਰਨ ਨਾਲ ਹੋ ਸਕਦੀ ਹੈ । ਪਿੰਗਲ ਦਾ ਸੰਬੰਧ ਕਾਵਿ ਦੀ ਬੋਲੀ ਦੇ ਤੋਲ ਅਤੇ ਤੁਕਾਂਤ ਨਾਲ ਹੈ ਅਤੇ ਤੋਲ-ਤੁਕਾਂਤ ਮਨੁੱਖੀ ਮਨ ਦੀ ਭਾਵੁਕਤਾ ਨਾਲ ਸੰਬੰਧਤ ਹਨ । ਤੋਲ ਅਤੇ ਤੁਕਾਂਤ ਦਾ ਕਾਵਿ ਵਿਚ ਉਹੋ ਸਥਾਨ ਹੈ ਜਿਹੜਾ ਤਾਲ ਦਾ ਨਾਚ ਵਿਚ ਹੈ । ਹਰ ਉਹ ਸਰੀਰਕ ਚੇਸ਼ਟਾ ਜੋ ਮਨ ਦੀ ਕਿਸੇ ਉਤੇਜਨਾ ਨੂੰ ਵਿਅਕਤ ਕਰਦੀ ਹੋਵੇ ਨਾਚ ਆਖੀ ਜਾ ਸਕਦੀ ਹੈ । ਪ੍ਰੰਤੂ ਤਾਲ-ਬੱਧ ਹੋ ਜਾਣ ਨਾਲ ਸਰੀਰਕ ਚੇਸ਼ਟਾ ਵਿਚ ਇਕ ਹੋਰ ਵਿਸ਼ੇਸ਼ਤਾ ਵੀ ਪੈਦਾ ਹੋ ਜਾਂਦੀ ਹੈ । ਉਹ ਇਹ ਕਿ ਤਾਲ-ਬੱਧ ਸਰੀਰਕ ਹਰਕਤ ਦਰਸ਼ਕਾਂ ਦੇ ਮਨਾਂ ਵਿਚ ਉਸੇ ਪ੍ਰਕਾਰ ਦੀ ਉੱਤੇਜਨਾ ਪੈਦਾ ਕਰਨ ਵਿਚ ਵਧੇਰੇ ਸਫਲ ਹੈ ਜਿਸ ਉੱਤੇਜਨਾ ਵਿਚੋਂ ਉਹ ਆਪ ਉਪਜੀ ਹੋਈ ਹੁੰਦੀ ਹੈ । ਇਵੇਂ ਹੀ ਹਿਰਦੇ ਦੇ ਕਿਸੇ ਤੀਬਰ ਭਾਵ ਨੂੰ ਵਿਅਕਤ ਕਰਨ ਵਾਲਾ ਹਰ ਵਾਕ ਕਵਿਤਾ ਆਖਿਆ ਜਾ ਸਕਦਾ ਹੈ ਪ੍ਰੰਤੂ ਪਾਠਕ ਜਾਂ ਸ੍ਰੋਤਾਂ ਦੇ ਮਨ ਵਿਚ ਉਸੇ ਪ੍ਰਕਾਰ ਦੀ ਭਾਵ ਤੀਬਰਤਾ ਪੈਦਾ ਕਰਨ ਲਈ ਜਾਂ ਪੈਦਾ ਕਰਨ ਵਿਚ ਵਧੇਰੇ ਸਫਲ ਹੋਣ ਲਈ ਉਸ ਵਾਕ ਦਾ ਤੋਲ-ਤੁਕਾਂਤ ਵਿਚ ਹੋਣਾ ਜ਼ਰੂਰੀ ਹੈ ।

ਮੇਰੇ ਕਹਿਣ ਦਾ ਇਹ ਭਾਵ ਨਹੀਂ ਕਿ ਜਿਹੜੀ ਕਵਿਤਾ ਤੋਲ-ਬੱਧ ਅਤੇ ਤੁਕਾਂਤ-ਸਹਿਤ ਨਹੀਂ ਉਹ ਤੀਬਰ ਭਾਵ ਦੀ ਲਖਾਇਕ ਅਤੇ ਉਤਪਾਦਕ ਨਹੀਂ । ਉਹ ਕਵੀ ਦੇ ਤੀਬਰ ਭਾਵਾਂ ਵਿਚੋਂ ਉਪਜਦੀ ਵੀ ਅਤੇ ਪਾਠਕ-ਸ੍ਰੋਤਾਂ ਦੇ ਮਨ ਵਿਚ ਤੀਬਰ ਭਾਵ ਉਪਜਾਉਂਦੀ ਵੀ ਹੈ; ਪ੍ਰੰਤੂ ਉਸ ਦੇ ਪ੍ਰਭਾਵ ਦਾ ਘੇਰਾ ਵਿਸ਼ਾਲ ਹੋਣ ਦੀ ਥਾਂ ਸੁੰਗੜਦਾ ਜਾਂਦਾ ਹੈ । ਜਨ-ਸਾਧਾਰਣ ਉਸ ਨੂੰ ਕਵਿਤਾ ਮੰਨਣ ਨੂੰ ਤਿਆਰ ਨਹੀਂ ਹੁੰਦਾ । ਪ੍ਰੋਫੈਸਰ ਪੂਰਨ ਸਿੰਘ ਜੀ ਦੀ ਕਵਿਤਾ ਪੰਜਾਬੀ ਸਾਹਿਤ ਦਾ ਮੂੰਹ-ਮੱਥਾ ਅਤੇ ਨੱਕ-ਨਮੂਜ* ਹੋਣ ਦੇ ਬਾਵਜੂਦ ਵੀ ਜਨਸਾਧਾਰਣ ਲਈ ਕਿਸੇ ਪ੍ਰਕਾਰ ਦੇ ਆਨੰਦ ਦਾ ਸ੍ਰੋਤ ਨਹੀਂ ਅਤੇ

---

*ਇਹ ਫ਼ਾਰਸੀ ਸ਼ਬਦ ਨੰਗ-ਓ-ਨਾਮੂਸ ਦਾ ਪੰਜਾਬੀ ਰੂਪ ਹੈ ।

ਪਹਿਲਾਂ ਪਹਿਲ ਤਾਂ ਸੁਲਝੇ ਹੋਏ ਲੋਕ ਵੀ ਇਸ ਦਾ ਹਾਸਾ ਉਡਾਉਂਦੇ ਰਹੇ ਹਨ। ਅੱਜ ਕੱਲ ਜਿਵੇਂ ਇਹ ਗੱਲ ਸੱਚੀ ਹੈ ਕਿ ਮਸ਼ੀਨੀ ਸਮਾਜਾਂ ਵਿਚ ਰਹਿਣ ਵਾਲਾ ਸਨਅਤੀ ਮਨੁੱਖ ਕਲਪਨਾ ਤੋਂ ਸੱਖਣਾ ਹੋਣ ਕਰਕੇ ਕਾਵਿ-ਕਲਾ ਦਾ ਆਨੰਦ ਮਾਣਨ ਦੇ ਯੋਗ ਨਹੀਂ ਰਿਹਾ; ਉਵੇਂ ਹੀ ਇਸ ਗੱਲ ਵਿਚ ਵੀ ਸਚਾਈ ਹੈ ਕਿ ਅਜੋਕੀ ਕਵਿਤਾ ਤੋਲ-ਤੁਕਾਂਤ ਨੂੰ ਤਲਾਂਜਲੀ ਦੇ ਕੇ, ਮਨੁੱਖੀ ਭਾਵਾਂ ਨੂੰ ਟੁੰਬਣ ਵਿਚ ਪਹਿਲਾਂ ਜਿੰਨੀ ਨਿਪੁੰਨ ਨਹੀਂ ਰਹੀ।

ਇਹ ਕਹਿਣਾ ਠੀਕ ਨਹੀਂ ਕਿ ਭਾਵ-ਤੀਬਰਤਾ ਨੇ ਤੋਲ ਤੁਕਾਂਤ ਦੇ ਨੇਮਾਂ ਨੂੰ ਭੰਨ ਤੋੜ ਕੇ ਖੁਲ੍ਹੀ ਕਵਿਤਾ ਦੀ ਪਿਰਤ ਪਾਈ ਹੈ। ਭਾਵੁਕਤਾ ਤੋਲ ਤੁਕਾਂਤ ਦਾ ਉਲੰਘਣ ਕਰਨ ਦੀ ਥਾਂ ਇਸ ਨੂੰ ਜਨਮ ਦਿੰਦੀ ਹੈ। ਸੁਰ, ਤਾਲ, ਤੋਲ ਅਤੇ ਤੁਕਾਂਤ ਭਾਵੁਕਤਾ ਦੇ ਸਕੇ-ਸੋਧਰੇ* ਹਨ। ਭਾਵ ਉੱਤੇਜਨ ਜਾਂ ਭਾਵ-ਤੀਬਰਤਾ ਕਾਵਿ ਦੀ ਮੂਲ ਪ੍ਰੇਰਣਾ ਹੈ; ਤੋਲ ਅਤੇ ਤੁਕਾਂਤ ਜਾਂ ਛੰਦ ਕਵਿਤਾ ਦਾ ਸਰੀਰ ਹੈ; ਅਤੇ ਕਲਪਨਾ ਕਵਿਤਾ ਦਾ ਗਹਿਣਾ ਹੈ। ਗਹਿਣੇ ਭਾਵੇਂ ਸਰੀਰ ਦੀ ਸਜਾਵਟ ਲਈ ਹੁੰਦੇ ਹਨ ਤਾਂ ਵੀ ਇਨ੍ਹਾਂ ਵਿਚ ਆਪਣੀ ਨਵੇਕਲੀ ਸੁੰਦਰਤਾ ਵੀ ਹੁੰਦੀ ਹੈ। ਇਹ ਡੱਬਿਆਂ ਵਿਚ ਪਏ ਵੀ ਸੁਹਣੇ ਲੱਗਦੇ ਹਨ। ਜਿਵੇਂ ਜਿਵੇਂ ਜੀਵਨ ਵਿਚ ਅਕਲ ਦੀ ਸਰਦਾਰੀ ਸਥਾਪਤ ਹੁੰਦੀ ਗਈ ਹੈ ਤਿਵੇਂ ਤਿਵੇਂ ਕਵਿਤਾ ਵਿਚੋਂ ਭਾਵੁਕਤਾ ਘਟਦੀ ਗਈ ਹੈ। ਇਸ ਘਾਟ ਨੂੰ ਪੂਰਾ ਕਰਨ ਲਈ ਕਲਪਨਾ ਦੀ ਵਰਤੋਂ ਵਧਦੀ ਗਈ ਹੈ। ਕਲਪਨਾ ਅਤੇ ਅਕਲ ਦੇ ਸੰਜੋਗ ਨੇ ਕਵਿਤਾ ਵਿਚ ਪਰਤੀਕ ਦੀ ਵਰਤੋਂ ਨੂੰ ਵਧਾਇਆ ਹੈ ਅਤੇ ਭਾਵਾਂ ਦੀ ਘਾਟ ਨੇ ਤੋਲ ਤੁਕਾਂਤ ਦਾ ਅੰਤ ਕਰ ਦਿੱਤਾ ਹੈ। ਅਜੋਕੀ ਤੋਲ-ਤੁਕਾਂਤ ਹੀਣ ਪਰਤੀਕਵਾਦੀ ਕਵਿਤਾ ਅਕਾਰ-ਹੀਣ ਭਾਵ-ਵਾਚਕਤਾ ਜਹੀ ਪਰਤੀਤ ਹੁੰਦੀ ਹੈ।

ਆਪਣੇ ਮੁੱਢਲੇ ਰੂਪ ਵਿਚ ਕਾਵਿ ਕੇਵਲ ਛੰਦਾ ਬੰਦੀ ਦਾ ਹੀ ਨਾਂ ਸੀ। ਕਾਵਿ ਕਲਾ ਨੂੰ ਨ੍ਰਿਤ ਜਿੰਨੀ ਹੀ ਪੁਰਾਣੀ ਮੰਨਿਆ ਗਾ ਸਕਦਾ ਹੈ। ਇਹ ਵੀ ਸੱਚ ਹੈ ਕਿ ਮੂਕ ਰੂਪ (ਚੁੱਪ ਚੁਪੀਤੀ) ਕਵਿਤਾ ਹਰ ਮਨੁੱਖ ਵਿਚ ਮੌਜੂਦ ਹੈ। ਇਸੇ ਚੁੱਪ ਕਾਵਿ ਦੀ ਅਭਿਵਿਅਕਤੀ ਭਾਸ਼ਾ ਰਾਹੀਂ ਹੁੰਦੀ ਹੈ। ਜੇ ਮਨੁੱਖੀ ਹਿਰਦੇ ਵਿਚ ਹੋਣ ਵਾਲੇ "ਕੁੱਝ ਕੁੱਝ" ਨੂੰ ਕਾਵਿ ਮੰਨ ਲਿਆ ਜਾਵੇ ਤਾਂ ਇਹ ਕਲਾ ਨਾਚ ਨਾਲੋਂ ਵੀ ਪੁਰਾਣੀ ਹੋ ਜਾਂਦੀ ਹੈ ਅਤੇ ਨਾਚ ਨੂੰ ਜਨਮ ਦੇਣ ਵਾਲੀ ਵੀ ਬਣ ਜਾਂਦੀ ਹੈ। ਨਾਚ ਉਦੋਂ ਹੀ ਉਪਜਿਆ ਸੀ ਜਦੋਂ ਮਨੁੱਖ ਨੇ ਆਪਣੇ ਹਿਰਦੇ ਦੀ "ਕੁੱਝ ਕੁੱਝ" ਨੂੰ ਪਰਗਟ ਕਰਨ ਵਾਲੀਆਂ ਸਰੀਰਕ ਚੇਸ਼ਟਾਵਾਂ ਨੂੰ ਤਾਲ ਵਿਚ ਬੰਨ ਲਿਆ ਸੀ। ਪ੍ਰੰਤੂ ਮਨੁੱਖੀ ਹਿਰਦੇ ਦੀ "ਕੁੱਝ ਕੁੱਝ" ਜਾਂ "ਭਾਵ ਤੀਬਰਤਾ" ਨੂੰ ਨਿਰਾ ਕਾਵਿ ਮੰਨਣਾ ਉਚਿੱਤ ਨਹੀਂ। ਇਸ ਦੀ ਅਭਿਵਿਅਕਤੀ ਕਦੇ ਨਾਚ ਬਣ ਜਾਂਦੀ ਹੈ ਕਦੇ ਕਾਵਿ; ਕਦੇ ਚਿੱਤ੍ਰ ਬਣ ਜਾਂਦੀ ਹੈ ਕਦੇ ਸੰਗੀਤ। ਮਨੁੱਖੀ ਮਨੋ-ਭਾਵ ਉਹੋ ਹੀ ਹਨ, ਪ੍ਰੰਤੂ ਕਵੀ-ਮਨ ਵਿਚੋਂ ਉਹ ਕਾਵਿ ਦਾ ਰੂਪ ਧਾਰ ਕੇ ਬਾਹਰ ਆਉਂਦੇ

*ਸਹਿ+ਉਦਰਾ। ਉਦਰ ਪੇਟ ਨੂੰ ਕਹਿੰਦੇ ਹਨ। ਇਕ ਪੇਟ ਵਿਚੋਂ ਜਨਮ ਲੈਣ ਵਾਲਿਆਂ ਨੂੰ ਸਹੋਦਰੇ ਜਾਂ ਸੋਧਰੇ ਆਖਿਆ ਜਾਂਦਾ ਹੈ।

ਹਨ ਅਤੇ ਚਿੱਤ੍ਰਕਾਰ ਉਨ੍ਹਾਂ ਨੂੰ ਰੰਗਾਂ ਦੀ ਬੋਲੀ ਵਿਚ ਉਲਥਾ ਦਿੰਦਾ ਹੈ । ਇਕੋ ਅਨੁਭਵ ਵੱਖ ਵੱਖ ਵਿਅਕਤੀਆਂ ਦੇ ਮਨਾਂ ਵਿਚ ਇਕੋ ਜਹੀ ਭਾਵ ਉਤੇਜਨਾ ਪੈਦਾ ਕਰਨ ਉੱਤੇ ਵੀ ਉਨ੍ਹਾਂ ਦੇ ਪ੍ਰਗਟਾਉਣ ਢੰਗ ਦੇ ਅੰਤਰ ਕਾਰਣ ਵੱਖ ਵੱਖ ਕਲਾ-ਰੂਪ ਜਾਂ ਸੌਂਦਰਯ ਰੂਪ ਧਾਰ ਲੈਂਦਾ ਹੈ ।

ਇਹ ਠੀਕ ਹੈ ਕਿ ਤੋਲ-ਤੁਕਾਂਤ ਜਾਂ ਛੰਦਾ-ਬੰਦੀ ਦਾ ਪ੍ਰਭਾਵ-ਖੇਤ੍ਰ ਵਿਸ਼ਾਲ ਹੈ; ਪ੍ਰੰਤੂ ਇਹ ਮੰਨਣਾ ਠੀਕ ਨਹੀਂ ਕਿ ਪ੍ਰਭਾਵ-ਖੇਤ੍ਰ ਦੀ ਵਿਸ਼ਾਲਤਾ ਲਈ ਕਵਿਤਾ ਨੂੰ ਤੋਲ-ਤੁਕਾਂਤ ਵਿਚ ਬੰਨ੍ਹਿਆਂ ਗਿਆ ਹੈ । ਇਸ ਦਾ ਜਨਮ ਹੀ ਛੰਦਾ-ਬੰਦੀ ਦੇ ਰੂਪ ਵਿਚ ਹੋਇਆ ਹੈ । ਪ੍ਰੋਫੈਸਰ ਪੂਰਨ ਸਿੰਘ ਜੀ ਛੰਦਾ-ਬੰਦੀ ਨੂੰ ਕਵਿਤਾ ਲਈ ਕੈਦ ਦਸਦੇ ਹੋਏ ਬਲੈਂਕ ਵਰਸ (Blank Verse—ਖੁਲ੍ਹੀ ਕਾਵਿ ਸ਼ੈਲੀ) ਨੂੰ ਇਸ ਦਾ ਮੁਕਤ ਰੂਪ ਆਖਣ ਦੀ ਕਲਾਕਾਰੀ ਕਰਨ ਲੱਗੇ ਇਹ ਭੁੱਲ ਗਏ ਹਨ ਕਿ ਆਪਣੇ ਸੁਭਾਵਕ, ਕੁਦਰਤੀ ਅਤੇ ਜਮਾਂਦਰੂ ਰੂਪ ਨੂੰ ਕੈਦ, ਮਜਬੂਰੀ ਅਤੇ ਨਮੋਸ਼ੀ ਓਨਾ ਚਿਰ ਕੋਈ ਵੀ ਨਹੀਂ ਮੰਨਦਾ ਜਿੰਨਾ ਚਿਰ ਕਿਸੇ ਬਾਹਰਲੇ ਜਬਰ ਨਾਲ ਉਸ ਨੂੰ ਇਉਂ ਮੰਨਣ ਉੱਤੇ ਮਜਬੂਰ ਨ ਕੀਤਾ ਜਾਵੇ । ਅਫਰੀਕਾ ਦੇ ਹਬਸ਼ੀ ਕਾਲੇ ਹਨ; ਕੁੱਝ ਜ਼ਿਆਦਾ ਹੀ ਕਾਲੇ ਹਨ । ਉਨ੍ਹਾਂ ਨੂੰ ਆਪਣੇ ਕਾਲੇਪਨ ਦਾ ਅਹਿਸਾਸ ਓਨਾ ਚਿਰ ਨਹੀਂ ਹੋ ਸਕਦਾ ਜਿੰਨਾ ਚਿਰ ਉਹ ਆਪਣੇ ਵਰਗੇ ਹਬਸ਼ੀਆਂ ਵਿਚ ਵਸਦੇ ਰਹਿਣ । ਜੇ ਉਨ੍ਹਾਂ ਵਿਚੋਂ ਕੁੱਝ ਕੁ ਨੂੰ ਪੱਛਮੀ ਯੂਰਪ ਦੇ ਕਿਸੇ ਦੇਸ਼ ਵਿਚ ਲੈ ਜਾਈਏ ਤਾਂ ਉਹ ਬਹੁਤ ਓਪਰੇ ਲੱਗਣਗੇ ਅਤੇ ਓਪਰੇਪਨ ਦਾ ਇਹ ਅਹਿਸਾਸ ਉਨ੍ਹਾਂ ਵਿਚ ਜ਼ਰੂਰ ਜਾਗੇਗਾ । ਤੋਲ-ਤੁਕਾਂਤ ਕਵਿਤਾ ਦੇ ਅੰਗ ਹਨ, ਉਸ ਦੀ ਵਾਸਤਵਿਕਤਾ ਦਾ, ਉਸ ਦੀ ਹੋਂਦ ਦਾ ਹਿੱਸਾ ਹਨ । ਆਪਣੇ ਅੰਗ, ਸਾਧਾਰਣ ਹਾਲਤ ਵਿਚ, ਕਦੇ ਕਿਸੇ ਨੂੰ ਭਾਰੇ ਨਹੀਂ ਲੱਗੇ । ਅੰਗ੍ਰੇਜ਼ੀ ਦਾ ਬਲੈਂਕ ਵਰਸ ਵੀ ਇਕ ਛੰਦ ਹੈ । ਇਸ ਵਿਚ ਤੋਲ-ਤੁਕਾਂਤ ਨਹੀਂ ਹੁੰਦਾ ਪਰ ਲੈਅ ਹੁੰਦੀ ਹੈ । ਅਜੋਕੀ ਖੁੱਲ੍ਹੀ ਕਵਿਤਾ ਬਲੈਂਕ ਵਰਸ ਨਹੀਂ । ਉਸ ਵਿਚੋਂ ਤੁਕਾਂਤ ਦੇ ਨਾਲ ਨਾਲ ਲੈਅ ਵੀ ਅਲੋਪ ਹੋ ਚੁੱਕੀ ਹੈ । ਇਹ ਕਵਿਤਾ ਹੈ ਕਿ ਨਹੀਂ ? ਇਸ ਪ੍ਰਸ਼ਨ ਦਾ ਸਿਧਾਂਤਕ ਉੱਤਰ ਨਾਂਹ ਵਿਚ ਹੈ । ਜੇ ਕੋਈ ਇਸ ਨੂੰ ਕਵਿਤਾ ਮੰਨਦਾ ਹੈ ਤਾਂ ਉਸ ਦੀ ਇੱਛਾ । ਆਤਮਨਿਸ਼ਠਾਵਾਦ ਵੀ ਤਾਂ ਇਕ ਸਿਧਾਂਤ ਹੈ ।

ਭਾਸ਼ਾ ਦੇ ਛੰਦ-ਬੱਧ ਰੂਪ ਦੀ ਉਤਪੱਤੀ ਦੇ ਤਿੰਨ ਸ੍ਰੋਤ ਮੰਨੇ ਜਾ ਸਕਦੇ ਹਨ । ਹੋ ਸਕਦਾ ਹੈ ਕਿ ਕੁਦਰਤੀ ਸ਼ਕਤੀਆਂ ਦੇ ਪ੍ਰਤੀਨਿੱਧ ਦੇਵੀ ਦੇਵਤਿਆਂ ਨੂੰ ਰੀਝਾਉਣ ਵਾਲੇ ਨਾਚ ਦੇ ਨਾਲ ਨਾਲ ਉਨ੍ਹਾਂ ਦੀ ਖੁਸ਼ਾਮਦ ਜਾਂ ਉਸਤਤ ਵਜੋਂ ਆਖੇ ਜਾਣ ਵਾਲੇ ਸ਼ਬਦ ਨਾਚ ਦੇ ਤਾਲ ਨਾਲ ਜੁੜ ਕੇ ਤੋਲ ਬੱਧ ਹੋ ਗਏ ਹੋਣ । ਜਾਂ ਦੇਵਤਿਆਂ ਦੀ ਪੂਜਾ ਸਮੇਂ ਉਚਾਰੇ ਜਾਣ ਵਾਲੇ ਮੰਤਰ ਇਸ ਕਰਕੇ ਸਾਧਾਰਣ ਬੋਲ-ਚਾਲ ਦੀ ਬੋਲੀ ਨਾਲੋਂ ਨਿਖੇੜ ਕੇ ਛੰਦ-ਬੱਧ ਕਰ ਲਏ ਗਏ ਹੋਣ ਕਿ ਦੇਵ-ਪੂਜਾ ਕੋਈ ਸਾਧਾਰਣ ਕੰਮ ਨਹੀਂ ਸੀ । ਇਹ ਦੋਵੇਂ ਕਾਰਨ ਇਕੋ ਸ੍ਰੋਤ ਦੇ ਦੋ ਰੂਪ ਹਨ । ਇਸ ਸ੍ਰੋਤ ਨੂੰ ਧਰਮ ਆਖਿਆ ਜਾ ਸਕਦਾ ਹੈ । ਜਾਦੂ ਨੂੰ ਕਵਿਤਾ ਦਾ ਦੂਜਾ ਸ੍ਰੋਤ ਮੰਨਿਆ ਜਾ ਸਕਦਾ ਹੈ । ਕਿਸੇ ਬੀਮਾਰੀ ਜਾਂ ਕਸ਼ਟ ਸਮੇਂ ਪੁਰਾਤਨ ਮਨੁੱਖ ਜਾਦੂ ਦਾ ਸਹਾਰਾ ਲੈਂਦਾ ਸੀ । ਇਲਾਜ ਕਰਨ ਵਾਲੇ ਸਿਆਣੇ ਦਵਾਈ ਵੀ ਦਿੰਦੇ

ਸਨ ਅਤੇ ਮੰਤਰ ਆਦਿਕ ਦੀ ਸਹਾਇਤਾ ਵੀ ਲੈਂਦੇ ਸਨ। ਇਹ ਮੰਤਰ ਛੰਦ-ਬੱਧ ਹੁੰਦੇ ਸਨ ਅਤੇ ਇਹ ਮੰਨਿਆਂ ਜਾਂਦਾ ਸੀ ਕਿ ਆਪਣੇ ਇਸ ਨਵੇਕਲੇ ਰੂਪ ਕਾਰਣ ਇਹ ਸ਼ਬਦ ਅਸਾਧਾਰਣ ਸ਼ਕਤੀ ਦੇ ਮਾਲਕ ਹਨ। ਇਸੇ ਖਿਆਲ ਨੇ ਕਵਿਤਾ ਨੂੰ ਜਾਂ ਛੰਦ-ਬੱਧ ਭਾਸ਼ਾ ਨੂੰ ਸਤਿਕਾਰਯੋਗ ਦਰਜਾ ਪ੍ਰਾਪਤ ਕਰਨ ਵਿਚ ਸਫਲ ਕੀਤਾ ਹੈ।

ਕਵਿਤਾ ਦਾ ਤੀਜਾ ਸ੍ਰੋਤ ਮਨੁੱਖੀ ਹਿਰਦੇ ਦੀ ਸਾਂਝ-ਭੁੱਖ ਨੂੰ ਮੰਨਿਆਂ ਜਾ ਸਕਦਾ ਹੈ। ਆਪਣੇ ਦੁੱਖ-ਸੁੱਖ ਦੀ ਗੱਲ ਦੂਜਿਆਂ ਨਾਲ ਕਰਕੇ ਮਨੁੱਖ ਨੂੰ ਅਨੋਖੀ ਤਸੱਲੀ ਮਿਲਦੀ ਹੈ ਕਿਉਂਕਿ ਉਸ ਦੇ ਦੁੱਖ ਸੁੱਖ ਦੀ ਗੱਲ ਦੂਜਿਆਂ ਦੇ ਮਨਾਂ ਵਿਚ ਦੁੱਖ-ਸੁੱਖ ਦਾ ਲੱਗਪੱਗ ਉਹੋ ਜਿਹਾ ਅਨੁਭਵ ਪੈਦਾ ਕਰ ਕੇ ਉਨ੍ਹਾਂ ਨੂੰ ਉਸ ਦੇ ਸਾਂਝੀਦਾਰ ਜਾਂ ਭਾਈਵਾਲ ਬਣਾ ਦਿੰਦੀ ਹੈ। ਹਰ ਮਨੁੱਖ ਦੇ ਜੀਵਨ ਵਿਚ ਅਜੇਹੀਆਂ ਘਟਨਾਵਾਂ ਨਹੀਂ ਵਾਪਰਦੀਆਂ ਜਿਹੜੀਆਂ ਦੂਜਿਆਂ ਲਈ ਅਸਾਧਾਰਣ ਅਤੇ ਅਨੋਖੀਆਂ ਹੋਣ ਕਰਕੇ ਖਿੱਚ ਦਾ ਕਾਰਣ ਅਤੇ ਰੋਚਕਤਾ ਦਾ ਭੰਡਾਰ ਹੋਣ। ਇਸ ਲਈ ਕੁੱਝ ਕੁ ਚੋਣਵੀਆਂ ਘਟਨਾਵਾਂ ਨੂੰ ਬਾਰ ਬਾਰ ਦੁਹਰਾਉਣ ਦੀ ਲੋੜ ਪੈ ਜਾਂਦੀ ਹੈ। ਇਸੇ ਦੁਹਰਾ ਵਿਚੋਂ ਹੌਲੀ ਹੌਲੀ ਕਾਵਿ-ਕਲਾ ਦਾ ਜਨਮ ਹੋਇਆ ਮੰਨਿਆ ਜਾ ਸਕਦਾ ਹੈ। ਕਹਾਣੀਆਂ ਸੁਣਾਉਣ ਵਾਲਿਆਂ ਨੇ ਆਪਣੀ ਵਾਰਤਾ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਵਾਸਤੇ ਇਸ ਦੇ ਸਾਧਾਰਣ ਰੂਪ ਨੂੰ ਛੰਦ-ਬੱਧ ਕਰ ਕੇ ਕਾਵਿ-ਕਲਾ ਦੀ ਨੀਂਹ ਰੱਖੀ ਹੈ।

ਆਪੋ ਆਪਣੇ ਥਾਂ ਇਹ ਤਿੰਨੇ ਗੱਲਾਂ ਸੱਚੀਆਂ ਹਨ। ਜਾਦੂ-ਮੰਤਰ ਦੀ ਬੋਲੀ ਛੰਦ-ਬੱਧ ਹੈ, ਧਾਰਮਕ ਪੂਜਾ ਪਾਠ ਅਤੇ ਕਰਮ ਕਾਂਡ ਛੰਦ-ਬੱਧ ਹੈ ਅਤੇ ਪੁਰਾਣੇ ਆਯੁਰਵੈਦਿਕ ਟੋਟਕੇ ਛੰਦ-ਬੱਧ ਹਨ। ਹੋ ਸਕਦਾ ਹੈ ਇਨ੍ਹਾਂ ਦੇ ਪ੍ਰਭਾਵ ਨਾਲ ਮਨੁੱਖ ਨੇ ਹਰ ਅਸਾਧਾਰਣ ਗੱਲ ਨੂੰ ਛੰਦ-ਬੱਧ ਕਰਨ ਦੀ ਰੁਚੀ ਅਪਣਾ ਲਈ ਹੋਵੇ ਅਤੇ ਇਉਂ ਕਾਵਿ ਕਲਾ ਹੋਂਦ ਵਿਚ ਆਈ ਹੋਵੇ। ਇਕ ਗੱਲ ਨਿਸਚੇ ਨਾਲ ਆਖੀ ਜਾ ਸਕਦੀ ਹੈ ਕਿ ਕਾਵਿ ਨੂੰ ਜਨਮ ਦੇਣ ਵਾਲੇ ਹੋਰ ਸਾਰੇ ਕਾਰਣਾਂ ਦੇ ਨਾਲ ਨਾਲ ਇਕ ਕਾਰਣ ਇਹ ਵੀ ਸੀ ਕਿ ਮਨੁੱਖ ਸਾਂਝ ਦੇ ਮਹੱਤਵ ਨੂੰ ਮਹਿਸੂਸ ਕਰਦਾ ਸੀ। ਆਪਣੇ ਅਸਾਧਾਰਣ ਅਨੁਭਵ ਜਾਂ ਆਨੰਦ-ਅਨੁਭਵ ਨੂੰ ਕੇਵਲ ਆਪਣੇ ਤੱਕ ਸੀਮਤ ਰੱਖ ਕੇ ਮਾਣਨ ਲਈ ਉਹ ਨਾਚ ਅਤੇ ਸੰਗੀਤ ਨੂੰ ਆਪਣਾ ਮਾਧਿਅਮ ਬਣਾ ਸਕਦਾ ਸੀ। ਇਸ ਦਾ ਇਹ ਭਾਵ ਨਹੀਂ ਕਿ ਨਾਚ ਅਤੇ ਸੰਗੀਤ ਦਰਸ਼ਕ ਅਤੇ ਸ੍ਰੋਤਾਂ ਦੇ ਮਨ ਵਿਚ ਕੋਈ ਆਵੇਸ਼ ਪੈਦਾ ਨਹੀਂ ਕਰਦੇ। ਜ਼ਰੂਰ ਕਰਦੇ ਹਨ; ਪਰ ਆਪਣੇ ਭਾਵਾਵੇਸ਼ ਵਿਚ ਨੱਚਦਾ ਅਤੇ ਗਾਉਂਦਾ ਮਨੁੱਖ ਆਪਣੇ ਦਰਸ਼ਕਾਂ ਅਤੇ ਸ੍ਰੋਤਿਆਂ ਦੇ ਮਨ ਵੱਲੋਂ ਬੇ-ਧਿਆਨ ਹੋ ਸਕਦਾ ਹੈ। ਉਹ ਇਹ ਕਹਿ ਸਕਦਾ ਹੈ ਕਿ ਮੈਂ ਕੇਵਲ ਆਪਣੇ ਆਨੰਦ ਲਈ ਨੱਚ ਅਤੇ ਗਾ ਰਿਹਾ ਹਾਂ। ਦੂਜਿਆਂ ਦੇ ਮਨਾਂ ਉੱਤੇ ਇਸ ਦਾ ਕੁੱਝ ਪ੍ਰਭਾਵ ਪੈਂਦਾ ਹੈ ਜਾਂ ਨਹੀਂ, ਇਸ ਗੱਲ ਦੀ ਬਹੁਤੀ ਚਿੰਤਾ ਜਾਂ ਸੋਚ ਮੈਨੂੰ ਨਹੀਂ। ਕਵੀ ਲਈ ਇਉਂ ਕਹਿਣਾ ਸੰਭਵ ਨਹੀਂ। ਉਹ ਆਪਣੇ ਅਨੁਭਵ ਨੂੰ ਭਾਸ਼ਾ ਦਾ ਰੂਪ ਦਿੰਦਾ ਹੀ ਇਸ ਲਈ ਹੈ ਕਿ ਉਹ ਇਸ ਨੂੰ ਦੂਜਿਆਂ ਨਾਲ ਸਾਂਝਾ ਕਰਨਾ ਚਾਹੁੰਦਾ ਹੈ। ਜਿਸ ਅਸਾਧਾਰਣ ਅਨੁਭੂਤੀ ਦਾ ਵਰਣਨ ਉਹ ਆਪਣੀ ਕਵਿਤਾ ਵਿਚ

ਕਰਦਾ ਹੈ ਉਸ ਦਾ ਆਨੰਦ ਉਹ ਮਾਣ ਚੁੱਕਾ ਹੁੰਦਾ ਹੈ। ਆਨੰਦ ਮਾਣ ਲੈਣ ਤੋਂ ਪਿਛੋਂ ਉਹ ਆਪਣੀ ਯਾਦ-ਸ਼ਕਤੀ ਵਿਚੋਂ ਆਪਣੀ ਆਨੰਦ ਅਨੁਭੂਤੀ ਨੂੰ ਮੁੜ ਸੁਰਜੀਤ ਕਰਦਾ ਹੈ। ਇਉਂ ਕਰਨ ਨਾਲ ਉਸ ਨੂੰ ਵਿਚ ਇਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ ਪ੍ਰੰਤੂ ਉਹ ਇਸ ਆਨੰਦ ਨੂੰ ਮਨੋਰਥ ਮੰਨ ਕੇ ਇਉਂ ਨਹੀਂ ਕਰਦਾ। ਸਗੋਂ ਆਪਣੇ ਆਨੰਦ-ਅਨੁਭਵ ਨੂੰ ਦੂਜਿਆਂ ਨਾਲ ਸਾਂਝਾ ਕਰਨ ਦੇ ਮਨੋਰਥ ਨਾਲ ਕਾਵਿ ਦੀ ਰਚਨਾ ਕਰਦਾ ਹੈ। ਇਉਂ ਕਾਵਿ ਆਪਣੇ ਜਨਮ ਤੋਂ ਹੀ ਮਨੁੱਖੀ ਰਿਸ਼ਤਿਆਂ ਦੇ ਆਦਰ ਦਾ ਧਿਆਨ ਰੱਖਦਾ ਆਇਆ ਹੈ। ਇਸ ਦਾ ਇਹ ਭਾਵ ਵੀ ਨਹੀਂ ਕਿ ਕਵੀ ਸਦਾ ਦੂਜਿਆਂ ਲਈ ਹੀ ਲਿਖਦਾ ਹੈ ਅਤੇ ਕੇਵਲ ਆਪਣੀ ਕਿਸੇ ਵੇਦਨਾ ਵਿਚੋਂ ਹਾਏ ਕਰਕੇ ਕੇਵਲ ਆਪਣੇ ਦਿਲ ਦਾ ਭਾਰ ਹੌਲਾ ਕਰਨ ਲਈ ਨਹੀਂ ਲਿਖਦਾ। ਜ਼ਰੂਰ ਲਿਖਦਾ ਹੈ। "ਵਿਯੋਗੀ ਹੋਗਾ ਪਹਿਲਾ ਕਵੀ, ਆਹ ਸੇ ਉਪਜਾ ਹੋਗਾ ਗਾਨ" ਕਹਿ ਕੇ ਤਾਂ ਇਹ ਸਿੱਧ ਕਰਨ ਦਾ ਜਤਨ ਕੀਤਾ ਗਿਆ ਹੈ ਕਿ ਕਾਵਿ ਉਪਜਿਆ ਹੀ ਆਪਣੀ ਪੀੜ ਕਾਰਨ ਕੀਤੀ ਗਈ ਬੇ-ਵਸੀ "ਹਾਏ" ਵਿਚੋਂ ਹੈ।

ਕਾਵਿ ਉਪਜਿਆ ਭਾਵੇਂ ਜਾਦੂ-ਟੂਣੇ ਵਿਚੋਂ ਹੋਵੇ, ਭਾਵੇਂ ਧਾਰਮਿਕ ਕਰਮ ਕਾਂਡ ਵਿਚੋਂ, ਇਸ ਦਾ ਵਿਕਾਸ ਨਿਸਚੇ ਹੀ ਮਨੁੱਖੀ ਰਿਸ਼ਤਿਆਂ ਦੀ ਅਗਵਾਈ, ਉਨ੍ਹਾਂ ਦੇ ਨੇੜ, ਉਨ੍ਹਾਂ ਦੇ ਸਤਿਕਾਰ ਅਤੇ ਉਨ੍ਹਾਂ ਨੂੰ ਸੁੰਦਰ ਬਣਾਉਣ ਦੀ ਰੁਚੀ ਵਿਚੋਂ ਹੋਇਆ ਹੈ। ਆਦੀ ਮਨੁੱਖ ਦੀ ਕਵਿਤਾ ਸਿੱਧ ਪੱਧਰੀ ਤੁਕ ਬੰਦੀ ਤੋਂ ਵੱਧ ਕੁੱਝ ਨਹੀਂ ਸੀ। ਸਭਿਅਤਾ ਦੇ ਵਿਕਾਸ ਨਾਲ ਜੀਵਨ ਦੀ ਸਰਲਤਾ ਨਾਨਾ ਪ੍ਰਕਾਰ ਦੀ ਸਮਾਜਕ, ਧਾਰਮਕ, ਰਾਜਨੀਤਕ ਅਤੇ ਆਰਥਕ ਜਟਲਤਾ ਵਿਚ ਬਦਲਦੀ ਗਈ ਹੈ। ਜਟਿਲ ਜੀਵਨ ਵਿਚ ਮਨੁੱਖੀ ਰਿਸ਼ਤੇ ਵੀ ਸਰਲ ਨਹੀਂ ਰਹੇ। ਰਿਸ਼ਤਿਆਂ ਦੀ ਉਥਲ ਪੁਥਲ ਅਤੇ ਭੰਨ ਤੋੜ ਨੇ ਮਨੁੱਖੀ ਹਿਰਦੇ ਨੂੰ ਖੁਸ਼ੀ, ਗ਼ਮੀ, ਆਸ਼ਾ, ਨਿਰਾਸ਼ਾ, ਸੰਜੋਗ, ਵਿਜੋਗ, ਅਪਣੱਤ ਅਤੇ ਉਪਰਾਂਦ ਦੇ ਕਈ ਅਨੁਭਵਾਂ ਦਾ ਰੰਗ-ਮੰਚ ਬਣਾ ਦਿੱਤਾ ਹੈ। ਹਿਰਦੇ ਵਿਚ ਹੋਣ ਵਾਲੀ ਭਾਵ-ਲੀਲਾ ਨੂੰ ਸਿੱਧੇ ਸਰਲ ਢੰਗ ਨਾਲ ਤੋਲ-ਤੁਕਾਂਤ ਵਿਚ ਬੰਨ੍ਹਣ ਦੀ ਥਾਂ ਕਲਾ ਦੀ ਪੁੱਠ ਦੇ ਕੇ ਵੱਧ ਤੋਂ ਵੱਧ ਸੁੰਦਰ ਅਤੇ ਪ੍ਰਭਾਵਸ਼ਾਲੀ ਬਣਾਉਣ ਵਿਚ ਹੀ ਕਵੀ ਦਾ ਕਮਾਲ ਹੈ। ਅਤੇ ਇਸ ਕਮਾਲ ਦੀ ਪ੍ਰਾਪਤੀ ਦਾ ਸਭ ਤੋਂ ਵੱਧ ਸਫਲ ਸਾਧਨ ਕਵੀ ਦੀ ਕਲਪਣਾ ਹੈ ਜਿਸ ਨੂੰ ਹੁਣ ਤੱਕ ਉਪਮਾ, ਰੂਪਕ ਅਤੇ ਪਰਤੀਕ ਦੇ ਤਿੰਨ ਰੂਪ ਦਿੱਤੇ ਜਾ ਚੁੱਕੇ ਹਨ।

ਕਵਿਤਾ ਦੇ ਪ੍ਰਭਾਵ ਦਾ ਸੋਮਾਂ/ਭੇਤ, ਕਵੀ ਦੀ ਕਲਪਨਾ, ਜਿਸ ਨੂੰ ਅਲੰਕਾਰ ਆਖਿਆ ਜਾਂਦਾ ਹੈ, ਤਿੰਨ ਮੁੱਢਲੇ ਰੂਪਾਂ ਵਿਚੋਂ ਅੱਗੇ ਅਣਗਿਣਤ ਅਲੰਕਾਰਾਂ ਦੇ ਖਿਲਾਰੇ ਪਸਾਰੇ ਦਾ ਰੂਪ ਧਾਰ ਚੁੱਕੀ ਹੈ। ਇਹ ਤਿੰਨ ਰੂਪ ਸਰਲਤਾ ਤੋਂ ਜਟਲਤਾ ਵੱਲ ਨੂੰ ਵਿਕਾਸ ਦੇ ਤਿੰਨ ਪੜਾ ਆਖੇ ਜਾ ਸਕਦੇ ਹਨ। ਉਪਮਾ ਪਹਿਲਾ ਪੜਾ ਹੈ। ਇਸ ਵਿਚ ਕਵੀ ਦੋ ਚੀਜ਼ਾਂ ਦੇ ਕਿਸੇ ਸਾਂਝੇ ਗੁਣ ਦੀ ਸਾਂਝ ਦਾ ਸਪਸ਼ਟ ਵਰਣਨ ਕਰਦਾ ਹੈ। ਉਹ ਕਹਿੰਦਾ ਹੈ "ਤੇਰਾ ਮੂੰਹ ਚੰਨ ਵਰਗਾ ਸੁੰਦਰ ਹੈ।" ਰੂਪਕ ਵਿਚ ਇਹੋ ਗੱਲ ਬਦਲ ਕੇ ਇਉਂ ਹੋ ਜਾਂਦੀ ਹੈ ਕਿ "ਤੇਰਾ ਚੰਨ ਮੁੱਖੜਾ ਵੇਖ ਵੇਖ ਮੈਂ ਰੱਜਦਾ ਨਹੀਂ।" ਇਥੇ ਚੰਦ ਅਤੇ

ਮੂੰਹ ਦੇ ਕਿਸੇ ਵਿਸ਼ੇਸ਼ ਗੁਣ ਦੀ ਸਾਂਝ ਦਾ ਪ੍ਰਗਟਾਵਾ ਨਹੀਂ ਸਗੋਂ ਮੂੰਹ ਨੂੰ ਚੰਨ ਆਖ ਕੇ ਦੋਹਾਂ ਵਿਚ ਇਕ-ਰੂਪਤਾ ਪੈਦਾ ਕਰ ਦਿੱਤੀ ਗਈ ਹੈ । ਇਉਂ ਇਹ ਰੂਪਕ ਅਲੰਕਾਰ ਬਣ ਗਿਆ ਹੈ। ਉਪਮਾ ਸਰਲ ਹੈ ਅਤੇ ਰੂਪਕ ਜ਼ਰਾ ਜਟਲ ਹੈ। ਉਪਮਾ ਵਿਚ ਦੋ ਵਸਤੂਆਂ ਦੇ ਜਿਸ ਗੁਣ ਦੀ ਗੱਲ ਕੀਤੀ ਜਾਂਦੀ ਹੈ ਉਸ ਦਾ ਰਿਸ਼ਤਾ ਸਪਸ਼ਟ ਕਰਨ ਲਈ ਲੋੜੀਂਦੇ ਸ਼ਬਦ ਵਰਤ ਕੇ ਗੱਲ ਨੂੰ ਸੌਖੀ ਕਰ ਦਿੱਤਾ ਜਾਂਦਾ ਹੈ। ਉਪਮਾ ਅਲੰਕਾਰ ਵਿਚ ਉਪਮੇ ਅਤੇ ਉਪਮਾਨ ਦਾ ਰਿਸ਼ਤਾ ਦੱਸਣ ਵਾਲੇ ਸ਼ਬਦ ਉਹੋ ਕੰਮ ਕਰਦੇ ਹਨ ਜਿਹੜਾ ਆਮ ਬੋਲ ਚਾਲ ਵਿਚ ਜਾਂ ਵਾਰਤਕ ਵਿਚ "ਸੰਬੰਧਕ" ਕਰਦੇ ਹਨ।

ਰੂਪਕ ਵਿਚ ਜਿਨ੍ਹਾਂ ਦੋ ਵਸਤੂਆ ਦਾ ਵਰਣਨ ਹੁੰਦਾ ਹੈ ਉਨ੍ਹਾਂ ਦੇ ਕਿਸੇ ਵਿਸ਼ੇਸ਼ ਗੁਣ ਅਤੇ ਉਸ ਗੁਣ ਦੇ ਸੰਬੰਧ ਦੀ ਗੱਲ ਨਹੀਂ ਕੀਤੀ ਜਾਂਦੀ ਸਗੋਂ ਦੋਹਾਂ ਚੀਜ਼ਾਂ ਨੂੰ ਇਕ-ਰੂਪ ਬਣਾ ਕੇ ਇਹ ਗੱਲ ਪਾਠਕ ਅਤੇ ਸ੍ਰੋਤਾ ਉੱਤੇ ਛੱਡ ਦਿੱਤੀ ਜਾਂਦੀ ਹੈ ਕਿ ਉਹ ਗੁਣ ਕਿਹੜਾ ਹੈ ਅਤੇ ਉਸ ਗੁਣ ਦਾ ਦੋਹਾਂ ਵਸਤੂਆਂ ਵਿਚ ਰਿਸ਼ਤਾ ਕੀ ਹੈ। ਇਉਂ ਕਰਨ ਨਾਲ ਕਵਿਤਾ ਦੇ ਅਰਥਾਂ ਵਿਚ ਵਿਸ਼ਾਲਤਾ ਵੀ ਆ ਜਾਂਦੀ ਹੈ ਅਤੇ ਸੂਖਮਤਾ ਵੀ। ਗੁਰੂ ਨਾਨਕ ਦੇਵ ਜੀ ਦੀ ਇਕ ਤੁਕ ਹੈ : "ਚਰਣ ਕੰਵਲ ਮਕਰੰਦ ਲੋਭਿਤ ਮਨੋ ਅਨ ਦਿਨੋ ਮੋਹਿ ਆਹੀ ਪਿਆਸਾ ॥ ਕਿਰਪਾ ਜਲ ਦੇ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੇ ਨਾਇ ਵਾਸਾ ॥" ਇਥੇ ਚਰਨਾਂ ਨੂੰ ਕਮਲ ਅਤੇ ਮਨ ਨੂੰ ਭੌਰਾ ਆਖਿਆ ਗਿਆ ਹੈ। ਇਵੇਂ ਹੀ ਕਿਰਪਾ ਨੂੰ ਜਲ ਆਖ ਕੇ ਆਪਣੇ ਆਪ ਨੂੰ ਪਪੀਹਾ ਵੀ ਆਖਿਆ ਗਿਆ ਹੈ। ਆਖਣ ਦਾ ਢੰਗ ਇਹ ਹੈ ਕਿ ਸਾਰੇ ਅਲੰਕਾਰ ਰੂਪਕ ਹਨ । ਜੇ "ਕਿਰਪਾ ਜਲ ਦੇਹ ਨਾਨਕ ਸਾਰਿੰਗ ਕਉ" ਦੀ ਥਾਂ 'ਕਿਰਪਾ ਜਲ ਦੇਹ ਸਾਰਿੰਗ ਵਰਗੇ ਪਿਆਸੇ ਨਾਨਕ ਕਉ" ਆਖਿਆ ਜਾਂਦਾ ਤਾਂ ਨਾਨਕ ਅਤੇ ਸਾਰਿੰਗ ਵਿਚ ਉਪਮਾ ਅਲੰਕਾਰ ਬਣ ਜਾਣਾ ਸੀ ਜਿਸ ਵਿਚ ਪਿਆਸ ਦੇ ਗੁਣ ਦੀ ਗੱਲ ਕੀਤੀ ਹੋਈ ਹੋਣੀ ਸੀ ਅਤੇ "ਵਰਗੇ" ਸ਼ਬਦ ਦੀ ਸਹਾਇਤਾ ਨਾਲ ਦੋਹਾਂ ਦੀ ਪਿਆਸ ਨੂੰ ਇਕੋ ਜਹੀ ਦੱਸਿਆ ਗਿਆ ਹੋਣਾ ਸੀ।

ਛੰਦਾ ਬੰਦੀ ਆਪਣੇ ਆਪ ਵਿਚ ਇਕ ਕਲਾ ਹੈ। ਇਸ ਕਲਾ ਦਾ ਕਮਾਲ ਕਰਨ ਵਾਲੇ ਕਲਾਕਾਰਾਂ ਨੇ ਅਜੇਹੇ ਸੁੰਦਰ ਛੰਦਾਂ ਦੀ ਰਚਨਾ ਕੀਤੀ ਹੈ ਕਿ ਸੁਣਨ ਵਾਲੇ ਦੇ ਕੰਨਾਂ ਵਿਚ ਨਾਨਾ ਪ੍ਰਕਾਰ ਦੇ ਸਾਜ਼ ਸੰਗੀਤ ਦੀ ਧੁਨ ਗੂੰਜ ਉਠਦੀ ਹੈ ਪ੍ਰੰਤੂ ਉਪਮਾ ਅਤੇ ਰੂਪਕ ਛੰਦ ਅਤੇ ਸ਼ਬਦ ਦੇ ਨਾਲ ਨਾਲ ਕਵਿਤਾ ਦੇ ਅਰਥ ਅਤੇ ਭਾਵ ਅਰਥ ਨੂੰ ਸੁੰਦਰ ਬਣਾਉਣ ਦੇ ਯੋਗ ਹੋਣ ਕਰਕੇ ਕਾਵਿ ਕਲਾ ਦਾ ਅਸਲੀ ਕਮਾਲ ਹਨ। ਕਲਾ ਕੌਸ਼ਲ ਦੇ ਇਸ ਮੋਹ ਨੇ ਉਪਮਾ ਅਤੇ ਰੂਪਕ ਨੂੰ ਪਰਤੀਕ ਵਿਚ ਵਿਕਸਾਉਣ ਦੀ ਪ੍ਰੇਰਣਾ ਦਿੱਤੀ ਹੈ। ਕਵਿਤਾ ਵਿਚ ਪਰਤੀਕ ਦੀ ਵਰਤੋਂ ਉਦੋਂ ਹੁੰਦੀ ਹੈ ਜਦੋਂ ਦੋ ਚੀਜ਼ਾਂ ਵਿਚ ਇਕ-ਰੂਪਤਾ ਦੱਸਣ ਦੀ ਥਾਂ ਕਿਸੇ ਇਕ ਚੀਜ਼ ਦੀ ਗੱਲ ਕੀਤੀ ਜਾਵੇ ਅਤੇ ਕਵੀ ਦਾ ਮਨੋਰਥ ਉਸ ਚੀਜ਼ ਦੀ ਗੱਲ ਕਰਨਾ ਨਾ ਹੋਵੇ ਸਗੋਂ ਉਸ ਗੱਲ ਰਾਹੀਂ ਕਿਸੇ ਹੋਰ ਚੀਜ਼ ਬਾਰੇ ਕੁਝ ਕਹਿਣਾ ਹੋਵੇ । ਜਿਸ ਚੀਜ਼ ਦੀ ਗੱਲ ਕੀਤੀ ਜਾਂਦੀ ਹੈ ਉਹ ਕਿਸੇ ਦੂਜੀ ਚੀਜ਼ ਦਾ ਪਰਤੀਕ ਹੁੰਦੀ ਹੈ। ਕਈ ਵੇਰ ਪਰਤੀਕ ਅਤੇ ਉਸ ਵਸਤੂ ਵਿਚ ਜਿਸ ਦੀ ਗੱਲ ਦੱਸਣ ਦਾ ਮਨੋਰਥ ਹੋਵੇ. ਸਾਂਝ ਪ੍ਰਤੱਖ ਅਤੇ ਪ੍ਰਸਿੱਧ ਹੁੰਦੀ ਹੈ।

ਅਜਿਹੀ ਹਾਲਤ ਵਿਚ ਪਰਤੀਕ ਵਾਲੀ ਕਵਿਤਾ ਸੁੰਦਰ ਅਤੇ ਸੁਆਦਲੀ ਹੁੰਦੀ ਹੈ। ਕਈ ਵੇਰ ਪਰਤੀਕ ਅਤੇ ਮਨੋਰਥ-ਵਸਤੂ ਦਾ ਸੰਬੰਧ ਐਵੇਂ ਨਰੜ ਜਿਹਾ ਹੋਣ ਕਰਕੇ ਸਾਰੀ ਗੱਲ ਦਿਮਾਗੀ ਗੋਰਖ ਧੰਦਾ ਬਣ ਜਾਂਦੀ ਹੈ। ਅਜੋਕੇ ਕਵੀ ਨਵੇਂ ਪਰਤੀਕਾਂ ਦੀ ਭਾਲ ਵਿਚ ਕੁੱਝ ਅਜਿਹਾ ਊਟ ਪਟਾਂਗ ਲਿਖਦੇ ਹਨ ਕਿ ਉਸ ਨੂੰ ਕਵਿਤਾ ਮੰਨਣਾ ਮੁਸ਼ਕਲ ਹੋ ਜਾਂਦਾ ਹੈ।

ਆਪਣੇ ਹਿਰਦੇ ਦੀ ਵੇਦਨਾ ਅਤੇ ਵਿਸਮਾਦ ਨੂੰ ਛੰਦ ਬੱਧ ਬੋਲੀ ਵਿਚ ਅਜਿਹੇ ਢੰਗ ਨਾਲ ਕਹਿਣਾ ਕਿ ਪਾਠਕ-ਸ੍ਰੋਤਾ ਦੇ ਮਨ ਵਿਚ ਉਸੇ ਪ੍ਰਕਾਰ ਦਾ ਵੇਦਨਾਮਈ ਜਾਂ ਵਿਸਮਾਦੀ ਅਨੁਭਵ ਉਤਪੰਨ ਹੋ ਜਾਵੇ, ਕਾਵਿ-ਕਲਾ ਦਾ ਮਨੋਰਥ ਅਤੇ ਕਮਾਲ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਹ ਕੁ ਸਾਲ ਪਹਿਲਾਂ ਤਕ ਦੀ ਕਵਿਤਾ ਆਪਣੇ ਮਨੋਰਥ ਅਤੇ ਕਮਾਲ ਦਾ ਧਿਆਨ ਰੱਖਦੀ ਰਹੀ ਹੈ। ਇਹ ਨਿਸਚੇ ਨਾਲ ਨਹੀਂ ਆਖਿਆ ਜਾ ਸਕਦਾ ਕਿ ਵੀਹਵੀਂ ਸਦੀ ਵਿਚ ਉਹ ਕਿਹੜੇ ਪ੍ਰਭਾਵ ਉਠ ਖੜੇ ਹੋਏ ਹਨ ਜਿਨ੍ਹਾਂ ਦਾ ਸਦਕਾ ਅਜੋਕੀ ਕਵਿਤਾ ਆਪਣਾ ਪੈਂਤੜਾ ਭੁੱਲ ਗਈ ਹੈ। ਕਈ ਵਿਚਾਰਾਂ, ਖੋਜਾਂ ਅਤੇ ਗੋਸ਼ਟੀਆਂ ਪਿਛੋਂ ਕਿਸੇ ਪ੍ਰਮਾਣੀਕ ਸਿਧਾਂਤ ਦੀ ਕਾਢ ਕੱਢੀ ਜਾਵੇਗੀ। ਜਿੰਨਾ ਚਿਰ ਅਜੇਹਾ ਕੋਈ ਸਿਧਾਂਤ ਨਹੀਂ ਉਪਜਦਾ ਓਨਾ ਚਿਰ ਆਪੋ ਆਪਣੀ ਸੂਝ ਅਨੁਸਾਰ ਇਸ ਕਾਵਿ-ਸੰਕਟ ਦੇ ਕਾਰਨਾਂ ਦੀ ਵਿਚਾਰ ਕਰਨ ਵਿਚ ਕੋਈ ਹਰਜ ਨਹੀਂ।

ਮਸ਼ੀਨੀ ਉੱਨਤੀ ਨਾਲ ਮਨੁੱਖ ਦੇ ਸੁਭਾੱ ਵਿਚ ਕੁਝ ਅਜੇਹੀਆਂ ਤਬਦੀਲੀਆਂ ਆਈਆਂ ਹਨ ਕਿ ਉਹ ਕਾਵਿ-ਕਲਾ (ਸਗੋਂ ਹਰ ਪ੍ਰਕਾਰ ਦੀ ਕਲਾ) ਵਿਚ ਦਿਲਚਸਪੀ ਲੈਣੋਂ ਹਟ ਗਿਆ ਹੈ। ਉਨ੍ਹਾਂ ਤਬਦੀਲੀਆਂ ਵਿਚੋਂ ਮੁੱਖ ਇਹ ਹੈ ਕਿ ਉਹ ਵਿਸਮਾਦੀ ਨਹੀਂ ਰਿਹਾ ਸਗੋਂ ਵਿਗਿਆਨਕ ਬਣ ਗਿਆ ਹੈ। ਇਸ ਇਕ ਤਬਦੀਲੀ ਵਿਚ ਹੋਰ ਸਾਰੀਆਂ ਤਬਦੀਲੀਆਂ ਦਾ ਭੇਤ ਹੈ। ਚਿੱਤ੍ਰ-ਕਲਾ ਅਤੇ ਮੂਰਤੀ-ਕਲਾ ਤਾਂ ਮੱਧ ਕਾਲ ਵਿਚ ਵੀ ਜਨ-ਸਾਧਾਰਣ ਦੇ ਬਹੁਤੀ ਨੇੜੇ ਨਹੀਂ ਸੀ ਪਰ ਕਾਵਿ ਕਲਾ ਜਾਂ ਸਾਹਿਤ ਨਾਲ ਤਾਂ ਜਨ-ਸਾਧਾਰਣ ਦਾ ਕਾਫੀ ਨੇੜ ਰਿਹਾ ਹੈ। ਇਹ ਨੇੜ ਮੁੱਕਦਾ ਜਾ ਰਿਹਾ ਹੈ। ਪਛਮੀ ਯੋਰਪ, ਜਾਪਾਨ, ਅਮਰੀਕਾ ਅਤੇ ਰੂਸ ਵਿਚ ਸਨਅਤੀ ਉੱਨਤੀ ਜ਼ੋਰਾਂ ਉੱਤੇ ਹੈ। ਬਾਕੀ ਦੁਨੀਆਂ ਦੇ ਦੇਸ਼ ਇਨ੍ਹਾਂ ਦੇਸ਼ਾਂ ਦੇ ਪਿਛਲੱਗ ਹਨ। ਉਹ ਸਾਰੇ ਇਨ੍ਹਾਂ ਉੱਨਤ ਦੇਸ਼ਾਂ ਦੀ ਕਿਸੇ ਨ ਕਿਸੇ ਲੋੜ ਦੀ ਪੂਰਤੀ ਲਈ ਇਨ੍ਹਾਂ ਦੇ ਹੁਕਮ ਵਿਚ ਤੁਰਦੇ ਹਨ। ਉੱਨਤ ਦੇਸ਼ਾਂ ਦਾ ਇਕ ਇਕ ਸ਼ਹਿਰੀ ਪਿਛਲੱਗ ਦੇਸ਼ਾਂ ਦੇ ਸੌ ਸੌ ਸ਼ਹਿਰੀਆਂ ਨਾਲੋਂ ਵੱਧ ਖਪਤ ਕਰਦਾ ਹੈ। ਸੋ 'ਪਿਛਲੱਗ' ਇਕ 'ਉੱਨਤ' ਲਈ ਕੱਚਾ ਮਾਲ ਪੈਦਾ ਕਰਨ ਵਿਚ ਲੱਗੇ ਹੋਏ ਹਨ। ਹਰ ਪਾਸੇ ਉਪਜ ਵਧਾਉਣ ਦਾ ਝੱਲ ਕੁੱਦਿਆ ਹੋਇਆ ਹੈ। ਇਸ ਝੱਲ ਨਾਲ ਝੱਲੇ ਹੋਏ ਮਨੁੱਖ ਨੂੰ ਸਰੀਰਕ ਸੁੱਖ ਤੋਂ ਵੱਖਰੇ ਕਿਸੇ ਆਨੰਦ ਦੀ ਸੋਝੀ ਹੋਣੀ ਸੰਭਵ ਨਹੀਂ। ਨ ਹੀ ਇਹ ਸੋਝੀ ਉੱਨਤ ਦੇਸ਼ਾਂ ਨੂੰ ਪਸੰਦ ਹੈ। ਇਉਂ ਉਚੇਚੇ ਜਤਨ ਨਾਲ ਆਰਥਕ-ਮਹਾਂ-ਉਤਸਵ ਦੀ ਲਗਨ ਵਿਚ ਲੱਗਾ ਹੋਇਆ ਮਨੁੱਖ ਕਾਵਿ ਅਤੇ ਹੋਰ ਹਰ ਪ੍ਰਕਾਰ ਦੀ ਕਲਾ ਨਾਲੋਂ ਨਾਤਾ ਤੋੜਦਾ ਜਾ ਰਿਹਾ ਹੈ।

ਕਲਾਕਾਰ ਨਾਲ ਇਸ ਨਾਲੋਂ ਵੱਖਰੀ ਹੋਣੀ ਵਰਤੀ ਹੈ। ਵਿਸ਼ੇਸ਼ ਕਰਕੇ ਕਾਵਿ ਕਲਾ ਪਰਤੀਕ ਦੀ ਵਰਤੋਂ ਕਰਨ ਨਾਲ ਅਧੋਗਤੀ ਨੂੰ ਗਈ ਹੈ। ਪਰਤੀਕ ਅਸਲ ਵਿਚ ਕਾਵਿ ਕਲਾ ਦਾ ਸਾਧਨ ਨਹੀਂ। ਇਸ ਦੀ ਲੋੜ ਚਿੱਤ੍ਰ-ਕਲਾ ਅਤੇ ਮੂਰਤੀ-ਕਲਾ ਨੂੰ ਵਧੇਰੇ ਹੈ। ਉੱਥੇ ਇਹ ਕਲਾ-ਕਾਰ ਦੀ ਗੱਲ ਨੂੰ ਸਪਸ਼ਟ ਕਰਦਾ ਹੈ। ਪਰਤੀਕ ਦੀ ਵਰਤੋਂ ਬੁਧ ਮੱਤ ਦੇ ਮੂਰਤੀਕਾਰਾਂ ਨੇ ਸਿਖਰ ਤੱਕ ਪੁਚਾ ਦਿੱਤੀ ਹੋਈ ਹੈ। ਇਸ ਦਾ ਜ਼ਿਕਰ ਮੂਰਤੀ ਕਲਾ ਦੇ ਵਿਸਥਾਰ ਵਿਚ ਕਰਾਂਗਾ। ਕਾਵਿ ਕਲਾ ਸ਼ਬਦਾਂ ਦੀ ਕਲਾ ਹੈ ਅਤੇ ਮਨ ਦੇ ਭਾਵਾਂ ਨੂੰ ਪਰਗਟ ਕਰਨ ਲਈ ਸ਼ਬਦਾਂ ਨਾਲੋਂ ਚੰਗੇਰਾ ਸਾਧਨ ਹੋਰ ਕੋਈ ਨਹੀਂ। ਕਾਵਿ ਕਲਾ ਵਿਚ ਪਰਤੀਕ ਦੀ ਵਰਤੋਂ ਭਾਵ ਨੂੰ ਸਪਸ਼ਟ ਕਰਨ ਦਾ ਨਹੀਂ ਸਗੋਂ ਧੁੰਦਲਾ ਕਰਨ ਦਾ ਕੰਮ ਕਰਦੀ ਹੈ। ਇਸੇ ਧੁੰਦਲਕੇ ਵਿਚ ਕਾਵਿ-ਕਲਾ ਨੂੰ ਆਪਣਾ ਰਸਤਾ ਭੁੱਲ ਗਿਆ ਲਗਦਾ ਹੈ।

ਇਸ ਗੱਲ ਨੂੰ ਸਪਸ਼ਟ ਕਰਨ ਲਈ ਮੈਂ ਆਪਣੇ ਇਕ ਮਿਤਰ ਸਾਧੂ ਸਿੰਘ 'ਅਨੰਤ' ਬਰਨ ਪੁਰੀ ਦੀ ਪੁਸਤਕ 'ਔੜਾਂ' ਵਿਚੋਂ ਦੋ ਕਵਿਤਾਵਾਂ ਥੱਲੇ ਦਿੰਦਾ ਹਾਂ। ਇਹ ਪੁਸਤਕ 1964 ਵਿਚ ਛਪੀ ਸੀ। ਅਜਕਲ ਉਹ 'ਪਰਮਜੀਤ ਸੁਦਰਕ' ਦੇ ਨਾਂ ਹੇਠ ਲਿਖਦਾ ਹੈ। ਇਕ ਕਵਿਤਾ ਵਿਚ ਮੋਮਬੱਤੀ ਨੂੰ ਅਜੇਹੇ ਮਨੁੱਖ ਦਾ ਪਰਤੀਕ ਬਣਾਇਆ ਗਿਆ ਹੈ ਜਿਹੜਾ ਆਪਣਾ ਜੀਵਨ ਬਲੀਦਾਨ ਕਰ ਕੇ ਮਨੁੱਖਤਾ ਦੇ ਭਵਿੱਖ ਨੂੰ ਉੱਜਲਾ ਕਰਨ ਦੀ ਰੀਝ ਰੱਖਦਾ ਹੈ। ਪਰਤੀਕ ਸੁੰਦਰ ਵੀ ਹੈ ਅਤੇ ਸੰਪੂਰਣ ਵੀ; ਪਰ ਕਵਿਤਾ ਸਰਸ ਨਹੀਂ। ਦੂਜੀ ਕਵਿਤਾ ਵੀ ਉੱਸੇ ਪ੍ਰਕਾਰ ਦੇ ਕਿਸੇ ਵਿਅਕਤੀ ਬਾਰੇ ਹੈ ਪ੍ਰੰਤੂ ਪਰਤੀਕ ਦੀ ਵਰਤੋਂ ਕਰਨ ਦੀ ਥਾਂ ਗੱਲ ਸਿੱਧੇ ਢੰਗ ਨਾਲ ਕੀਤੀ ਗਈ ਹੈ। ਦੋਵੇਂ ਕਵਿਤਾਵਾਂ ਛੰਦ ਬੱਧ ਨਹੀਂ ਹਨ। ਪਾਠਕ ਆਪ ਹੀ ਨਿਰਣਾ ਕਰ ਸਕਦੇ ਹਨ ਕਿ ਸਰਸ ਕਿਹੜੀ ਹੈ ਅਤੇ ਨੀਰਸ ਕਿਹੜੀ।

### ਮੋਮਬੱਤੀ

(ੳ) ਗੋਰੀ ਜਹੀ ਪਤਲੀ ਜਹੀ
ਲਾਟ ਇਸ ਦੀ ਨ੍ਹੇਰੇ ਮੁਕਾਉਂਦੀ
ਇਉਂ ਝੂਮ ਝੂਮ
ਹੋ ਮਸਤ ਸੱਪਣੀ ਬੀਨ ਤੇ
ਭੁੱਲੇ ਜਿਉਂ ਆਪਣੇ ਆਪ ਨੂੰ।
ਕਦੀ ਕਦੀ ਚਾਨਣ ਦੀ ਸੀਮਾਂ ਤੋਂ ਦੂਰ
ਹਨ੍ਹੇਰਿਆਂ ਦੀ ਕੁੱਖੋਂ
ਡਰਾਉਣੀ, ਭੈ-ਭੀਤ
ਉੱਲਰ ਉੱਲਰ ਪਏ
ਨ੍ਹੇਰੇ ਦੇ ਟਿੱਡੀ ਦਲ ਨੂੰ।

(ਅ) ਆ ਰਹੀਆਂ ਆਵਾਜ਼ਾਂ ਦਾ ਰੌਲਾ ਜਿਹਾ

ਕੁਰਲਾਟ ਜਹੀ
ਸੁਣ, ਇਹਦਾ ਕੋਮਲ ਜਿਹਾ ਦਿਲ
ਪਿਘਲ ਪਏ
ਵਹਿ ਤੁਰੇ ਅੱਖੀਆਂ ਦੇ ਰਾਹ।
ਹਨ੍ਹੇਰਿਆਂ ਦੇ ਵਲੋਂ ਜਿਉ ਜਿਉਂ ਵੀ ਪਵਣ ਬੁੱਲੇ
ਆ ਆ ਬੁਝਾਉਣਾ ਚਾਹੁਣ
ਤਿਉਂ ਤਿਉਂ ਹੀ ਲਾਟ ਇਹਦੀ
ਤਿਲਮਿਲਾ ਕੇ ਰੋਹ ਚ ਆ
ਹੋ ਕਾਲਿਕਾ ਦੀਆਂ ਅੱਖਾਂ ਜਿਉਂ
ਤਾਂ ਕਿ ਉਹ ਵੇਖ ਸਕੇ
ਚੀਕਾਂ ਦੀ ਕੁਰਲਾਹਟ
ਘੁੰਗਰੂਆਂ ਦੀ ਛਣਕਾਰ ਵਿਚ।

## ਜ਼ਿੰਦਗੀ ਦੀ ਲੋਚ

(ੳ) ਲੋਚਾਂ ਨੀ ਮੈਂ ਲੋਚਾਂ ਉਹਨੂੰ ਮਿਲਣ ਲਈ
ਤਰਸਾਂ ਨੀ ਮੈਂ ਤਰਸਾਂ ਉਹਦੇ ਦੀਦ ਨੂੰ।
ਜਿਸ ਦੀ ਛੁਹ ਇਕ ਪਿਆਰੀ ਪਿਆਰੀ
ਖੇੜਿਆਂ ਦੇ ਨਾਲ ਜੀਵਨ ਭਰ ਦਏ
ਖੁਸ਼ੀਆਂ ਦੇ ਨਾਲ ਖੀਵਿਆਂ ਕਰ ਦਏ
ਖੁਲ੍ਹਾਂ ਭਰ ਦਏ
ਖਿਆਲਾਂ ਦੇ ਵਿਚ ਬ੍ਰਹਿਮੰਡ ਜਹੀਆਂ।

ਤੇ ਜਿਸਨੂੰ ਛੂਹੰਦੇ ਕੜਕੜ ਟੁੱਟਣ
ਸੱਭੇ ਸੰਗਲ ਸਗਲ ਜ਼ੰਜੀਰਾਂ
ਮੁੱਕਣ ਸਾਰੇ ਦੁਖ, ਕਲੇਸ਼, ਡਰ,
ਭੈ ਤੇ ਸੰਸੇ।

(ਅ) ਰਸ ਭਿੰਨੜੇ, ਮਿੱਠੜੇ ਮਿੱਠੜੇ
ਬੋਲ ਜੀਂਦੇ ਨੀ ਕੀਲੀ ਜਾਵਣ ਰੂਹ ਮੇਰੀ ਨੂੰ
ਧਸਦੇ ਜਾਵਣ ਦਿਲ ਦੇ ਅੰਦਰ
ਛੇੜ ਝੁਣ ਝੁਣੀ ਪਿਆਰ ਭਰੀ ਇਕ
ਬਿਹਬਲ ਕਰ ਦੇਵਣ,
ਜੀਣ ਥੀਣ ਲਈ
ਸਾਂਝਾਂ ਭਰਿਆ ਪਿਆਰਾ ਜੀਵਨ।

ਬਹਿ ਕੇ ਕੁਝ ਪਲ ਕੋਲ ਜੀਦੇ ਨੀ
ਨਸ਼ਿਆ ਜਾਵਾਂ ਬਿਨ ਪੀਤੇ ਹੀ
ਤੇ ਭੁੱਲੇ ਨ ਦਿਲ ਯਾਦ ਉਹਦੀ ਨੂੰ
ਪਰਲੋ ਤੀਕਰ ।
ਢੂੰਡਾਂ ਨੀ ਮੈਂ ਢੂੰਡਾਂ ਉਹ ਮਿੱਤ੍ਰ ਪਿਆਰੜਾ
ਲੋਚਾਂ ਨੀ ਮੈਂ ਲੋਚਾਂ ਉਹਦੇ ਦੀਦ ਨੂੰ ।

ਚਿੱਤ੍ਰ-ਕਲਾ ਅਤੇ ਮੂਰਤੀ-ਕਲਾ ਵਿਚੋਂ ਪਰਤੀਕ, ਕਾਵਿ-ਕਲਾ ਵਿਚ ਕਿਵੇਂ ਆ ਗਿਆ ? ਇਸ ਪ੍ਰਸ਼ਨ ਦਾ ਉੱਤਰ ਸਮਾਜਵਾਦੀ ਯਥਾਰਥਵਾਦ ਦੇ ਸਿਧਾਂਤ ਵਿਚ ਹੈ । ਇਸ ਸਿਧਾਂਤ ਦੀ ਜਨਮ ਕਥਾ ਦੇ ਦੁਖਾਂਤ ਨੂੰ ਦੁਹਰਾਏ ਬਿਨਾ ਹੀ ਮੈਂ ਆਪਣਾ ਮੱਤ ਪੇਸ਼ ਕਰਦਾ ਹਾਂ । ਸਮਾਜਵਾਦੀ ਯਥਾਰਥਵਾਦ ਕਿਰਤੀਆਂ ਦੀ ਹਮਦਰਦੀ ਨੂੰ ਆਪਣਾ ਉਹਲਾ ਬਣਾਉਂਦਾ ਹੈ । ਇਸ ਦੇ ਚਾਰ ਮੁੱਢਲੇ ਸਿਧਾਂਤ ਜਾਂ ਨੇਮ ਹਨ, (1) ਸੰਸਾਰ ਵਿਚ ਕੋਝ ਹੈ; (2) ਕੋਝ ਦੇ ਕਾਰਣ ਪੂੰਜੀਵਾਦ ਅਤੇ ਆਦਰਸ਼ਵਾਦ ਹਨ; (3) ਸਮਾਜਵਾਦ ਸਾਰੇ ਕੋਝ ਨੂੰ ਸੁਹਜ ਵਿਚ ਬਦਲ ਸਕਦਾ ਹੈ; ਅਤੇ (4) ਸਮਾਜਵਾਦ ਦੀ ਸਥਾਪਨਾ ਲਈ ਹਥਿਆਰਬੰਦ ਇਨਕਲਾਬ ਹੀ ਇਕੋ ਇਕ ਤਰੀਕਾ ਹੈ । ਇਨ੍ਹਾਂ ਮੁੱਢਲੀਆਂ ਸੱਚਾਈਆਂ ਦੀ ਲੋਅ ਵਿਚ ਸਮਾਜਵਾਦੀ ਯਥਾਰਥਵਾਦ ਦਾ ਪਾਲਣ ਉਹ ਸਾਹਿਤ ਕਰਦਾ ਹੈ ਜਿਹੜਾ ਕੋਝ ਦਾ ਵਰਣਨ ਕਰੇ । ਪੂੰਜੀਵਾਦੀ ਸਮਾਜਾਂ ਵਿਚ ਸੁਹਜ ਦੀ ਗੱਲ ਕਰਨ ਵਾਲਾ ਕਵੀ ਜਾਂ ਸਾਹਿਤਕਾਰ ਪਿਛਾਂਹ ਖਿੱਚੂ, ਸਰਮਾਏਦਾਰ ਦਾ ਏਜੰਟ ਅਤੇ ਕਿਰਤੀਆਂ ਦਾ ਦੋਖੀ ਮੰਨਿਆਂ ਜਾਂਦਾ ਹੈ । ਸਮਾਜਵਾਦੀ ਯਥਾਰਥਵਾਦ ਦੀ ਪਾਲਣਾ ਦਾ ਦੂਜਾ ਢੰਗ ਇਹ ਹੈ ਕਿ ਇਸ ਕੋਝ ਨੂੰ ਵਿਅਕਤੀ ਦੀ ਆਪਣੀ ਇਖਲਾਕੀ ਕਮਜ਼ੋਰੀ ਦੱਸਣ ਦੀ ਥਾਂ ਪੂੰਜੀਵਾਦੀ ਪ੍ਰਬੰਧ ਦੀ ਉਪਜ ਦੱਸਿਆ ਜਾਵੇ । ਜਾਂ ਕੇਵਲ ਉਨ੍ਹਾਂ ਹੀ ਕੋਝੀਆਂ ਪਰਿਸਥਿਤੀਆਂ ਅਤੇ ਦੁਖਦਾਈ ਸਮੱਸਿਆਵਾਂ ਨੂੰ ਕਾਵਿ ਜਾਂ ਸਾਹਿੱਤ ਦਾ ਵਿਸ਼ਾ ਬਣਾਇਆ ਜਾਵੇ ਜਿਹੜੀਆਂ ਪੂੰਜੀਵਾਦੀ ਪ੍ਰਬੰਧ ਦੇ ਮੱਥੇ ਮੜ੍ਹੀਆਂ ਜਾ ਸਕਦੀਆਂ ਹੋਣ । ਇਸ ਆਧੁਨਿਕ ਮੂਰਤੀ ਪੂਜਾ ਦਾ ਤੀਜਾ ਢੰਗ ਇਹ ਹੈ ਕਿ ਵਿਅਕਤੀ ਵਿਚ ਨੇਕੀ, ਪਿਆਰ, ਦਇਆ, ਖਿਮਾ, ਸੰਤੋਖ, ਭ੍ਰਾਤ੍ਰੀ ਅਤੇ ਸੁਹਿਰਦਤਾ ਆਦਿਕ ਗੁਣਾਂ ਨੂੰ ਪੈਦਾ ਕਰਨ ਦੇ ਹਰ ਯਤਨ ਨੂੰ ਆਦਰਸ਼ਵਾਦ ਆਖ ਕੇ ਭੰਡਦਿਆਂ ਹੋਇਆਂ ਇਹ ਗੱਲ ਆਖੀ ਜਾਵੇ ਕਿ ਹਥਿਆਰਬੰਦ ਇਨਕਲਾਬ ਤੋਂ ਪਿਛੋਂ ਹਰ ਵਿਅਕਤੀ ਵਿਚ ਇਹ ਸਭ ਗੁਣ ਆਪੇ ਅਤੇ ਫੌਰਨ ਆ ਜਾਣਗੇ ।

ਇਹ ਸਿੱਧਾ ਪ੍ਰਾਪੇਗੰਡਾ ਹੈ । ਸਮਾਜਵਾਦੀ ਯਥਾਰਥਵਾਦ ਦੇ ਪਿਤਾਮਿਆਂ ਨੂੰ ਇਸ ਗੱਲ ਦਾ ਪਤਾ ਸੀ । ਇਸ ਲਈ ਉਨ੍ਹਾਂ ਨੇ ਇਹ ਸਲਾਹ ਵੀ ਦਿੱਤੀ ਹੈ ਕਿ ਕਲਾਕਾਰ ਨੂੰ ਚਾਹੀਦਾ ਹੈ ਕਿ ਆਪਣੀ ਗੱਲ ਨੂੰ ਸਿੱਧਾ ਪਰਚਾਰ ਨ ਬਣਨ ਦੇਵੇ । ਕੋਈ ਗੱਲ ਸਿੱਧਾ ਪਰਚਾਰ ਹੁੰਦਿਆਂ ਹੋਇਆਂ ਸਿੱਧਾ ਪਰਚਾਰ ਹੋਣੋਂ ਤਾਂ ਹੀ ਬਚ ਸਕਦੀ ਹੈ ਜੇ ਉਹ ਅਸਿੱਧੇ ਜਾਂ ਔਖੇ ਢੰਗ ਨਾਲ ਆਖੀ ਜਾਵੇ । ਇਹ ਅਸਿੱਧਾ ਢੰਗ ਪਰਤੀਕ ਦਾ ਢੰਗ ਹੈ । ਇਸੇ ਪੁੱਠ-ਪੁਣੇ ਨੇ ਕਾਵਿ ਕਲਾ ਦਾ ਪਾਸਾ ਪੁੱਠਾ ਪਾ ਦਿੱਤਾ ਹੈ । ਜੇ ਕਾਵਿ-ਕਲਾ ਨੇ

ਲੋਕ-ਪ੍ਰਿਯ ਹੋਣਾ ਹੈ ਅਤੇ ਲੋਕਾਂ ਦੇ ਸੁੱਵੇਂ ਮਨਾਂ ਵਿਚ ਆਨੰਦ ਦਾ ਸੰਚਾਰ ਕਰਨਾ ਹੈ ਤਾਂ ਇਸ ਨੂੰ ਸਰਲ, ਛੰਦ-ਬੱਧ, ਸੁਲੰਕ੍ਰਿਤ, ਨਿਰਪੱਖ ਅਤੇ ਵਿਅੰਗ ਭਰਪੂਰ ਹੋਣ ਦੀ ਲੋੜ ਹੈ। ਪੁਰਾਤਨ ਸਾਹਿਤਾਚਾਰੀਆਂ ਦੇ ਖਿਆਲ ਅਨੁਸਾਰ ਚਿੱਤ੍ਰ ਕਾਵਿ ਅਧਮ ਜਾਂ ਘਟੀਆ ਹੈ; ਰਸ-ਕਾਵਿ ਮੱਧਮ ਜਾਂ ਵਿਚਲੇ ਮੇਲ ਦਾ ਕਾਵਿ ਹੈ ਅਤੇ ਵਿਅੰਗ ਕਾਵਿ ਉੱਤਮ ਜਾਂ ਸ੍ਰੇਸ਼ਟ ਕਾਵਿ ਹੈ। ਨਿਰੋਲ ਯਥਾਰਥ ਨੂੰ ਬਿਆਨ ਕਰਨਾ ਚਿੱਤ੍ਰ ਕਾਵਿ ਹੈ। ਨਿਰੀ ਭਾਵ ਉਤੇਜਨਾ ਰਸ-ਕਾਵਿ ਹੈ। ਇਨ੍ਹਾਂ ਦੋਹਾਂ ਦੇ ਨਾਲ ਨਾਲ ਜੀਵਨ ਵਿਚਲੇ ਪਾਖੰਡ ਨੂੰ ਨੰਗਿਆਂ ਕਰਨਾ ਵਿਅੰਗ ਕਾਵਿ ਹੈ। ਵਿਅੰਗ ਕਾਵਿ ਕਿਸੇ ਵਾਦ ਦਾ ਧਾਰਨੀ ਨਹੀਂ ਹੁੰਦਾ। ਹਰ ਵਾਦ ਜਨਮ ਲੈਂਦਿਆਂ ਹੀ ਪਾਖੰਡ ਦੀ ਸੇਧੇ ਤੁਰ ਪੈਂਦਾ ਹੈ।

# ਮੂਰਤੀ ਕਲਾ

ਭਾਰਤ ਵਿਚ ਕਲਾ ਨੂੰ ਸਾਧਨਾ ਆਖਿਆ ਅਤੇ ਮੰਨਿਆ ਜਾਂਦਾ ਰਿਹਾ ਹੈ। ਸਾਧਨਾ ਦਾ ਭਾਵ ਹੈ ਸਾਧਨ ਦੀ ਵਰਤੋਂ ਅਤੇ ਇਉਂ ਇਹ ਕਿਰਿਆ ਵਾਚਕ ਨਾਂਵ ਹੈ। ਕਲਾ ਆਪਣੇ ਕਿਸੇ ਵੀ ਰੂਪ ਵਿਚ ਕਿਸੇ ਵੀ ਸਮੇਂ ਮਨੋਰਥ ਨਹੀਂ ਬਣੀ ਸਗੋਂ ਕਿਸੇ ਮਨੋਰਥ ਦਾ ਸਾਧਨ ਮਾਤ੍ਰ ਰਹੀ ਹੈ। ਭਾਰਤ ਵਿਚ ਜੀਵਨ ਦਾ ਮਨੋਰਥ ਮੋਕਸ਼ ਜਾਂ ਨਿਰਵਾਣ ਨੂੰ ਮੰਨਿਆ ਜਾਂਦਾ ਰਿਹਾ ਹੈ। ਇਸ ਮਨੋਰਥ ਦੀ ਪ੍ਰਾਪਤੀ ਲਈ ਮਨ ਦੀ ਇਕਾਗਰਤਾ ਪਹਿਲੀ ਅਤੇ ਸਭ ਤੋਂ ਵੱਡੀ ਲੋੜ ਮੰਨੀ ਜਾਂਦੀ ਹੈ। ਨ੍ਰਿਤ, ਸੰਗੀਤ, ਕਾਵਿ ਅਤੇ ਮੂਰਤੀ ਆਦਿਕ ਕਲਾ ਨੂੰ ਮਨ ਦੀ ਇਕਾਗਰਤਾ ਲਈ ਕੀਤੇ ਜਾਣ ਵਾਲੇ ਅਭਿਆਸਾਂ ਦਾ ਇਕ ਹਿੱਸਾ ਬਣਾਉਣਾ, ਕਲਾ ਦੀ ਸਾਧਨਾ ਕਰਨਾ ਹੈ।

ਕੋਈ ਸਾਧਨਾ ਸੌਖੀ ਨਹੀਂ, ਪ੍ਰੰਤੂ ਮੂਰਤੀ ਕਲਾ ਵਿਸ਼ੇਸ਼ ਕਰਕੇ ਔਖੀ ਸਾਧਨਾ ਹੈ। ਇਮਾਰਤੀ ਕਲਾ ਵੀ ਵੱਡੇ ਆਕਾਰ ਅਤੇ ਪਾਸਾਰ ਵਾਲੀ ਕਿਰਿਆ ਹੈ। ਇਸ ਵਿਚ ਵੀ ਬਹੁਤ ਸਾਰਾ ਸਮਾਂ, ਧਨ ਅਤੇ ਸਰੀਰਕ ਬਲ ਖਰਚ ਕਰਨਾ ਪੈਂਦਾ ਹੈ। ਪ੍ਰੰਤੂ ਇਸ ਕਲਾ ਵਿਚ ਕਲਾਕਾਰ ਅਤੇ ਕਿਰਤੀ ਦੋ ਵੱਖ ਵੱਖ ਮਨੁੱਖ ਹੁੰਦੇ ਹਨ। ਇਮਾਰਤ ਦੀ ਸੁੰਦਰਤਾ ਦੀ ਕਲਪਨਾ ਕਰਨ ਵਾਲਾ ਹੋਰ ਹੁੰਦਾ ਹੈ ਅਤੇ ਉਸ ਦੀ ਕਲਪਨਾ ਨੂੰ ਇੱਟਾਂ, ਪੱਥਰਾਂ ਵਿਚ ਸਾਕਾਰ ਕਰਨ ਦੀ ਮੁਸ਼ੱਕਤ ਕਰਨ ਵਾਲੇ ਹੋਰ ਹੁੰਦੇ ਹਨ। ਮੂਰਤੀ ਕਲਾ ਵਿਚ ਇਉਂ ਨਹੀਂ ਹੁੰਦਾ। ਇਸ ਕਲਾਕਾਰ ਨੂੰ ਮਜ਼ਦੂਰੀ ਵੀ ਆਪ ਹੀ ਕਰਨੀ ਪੈਂਦੀ ਹੈ। ਇਹ ਮਜ਼ਦੂਰੀ ਜਾਂ ਮਿਹਨਤ ਬੁਰਸ਼, ਕਲਮ, ਸਾਜ਼ ਅਤੇ ਘੁੰਗਰੂ ਦੀ ਮਿਹਨਤ ਨਾਲੋਂ ਵੱਖਰੇ ਢੰਗ ਦੀ ਹੁੰਦੀ ਹੈ। ਇਸ ਵਿਚ ਕਲਾਕਾਰ ਨੂੰ ਹਥੌੜੇ, ਛੈਣੀ ਅਤੇ ਪੱਥਰ ਨਾਲ ਵਾਹ ਪੈਂਦਾ ਹੈ। ਉਹ ਸੱਚੇ ਅਰਥਾਂ ਵਿਚ ਮਜ਼ਦੂਰ ਹੁੰਦਾ ਹੈ। ਕਈ ਵਰ੍ਹਿਆਂ ਦੀ ਘਾਲਣਾ ਪਿਛੋਂ ਉਹ ਪੱਥਰਾਂ ਨੂੰ ਸੌਂਦਰਯ ਵਿਚ ਵਟਾਉਣ ਵਿਚ ਸਫਲ ਹੁੰਦਾ ਹੈ। ਜੇ ਉਸ ਦੀ ਕਲਾ ਕ੍ਰਿਤੀ ਦੀ ਪੂਜਾ ਹੋਣ ਲੱਗ ਪਈ ਤਾਂ ਬਹੁਤੇ ਅਸਚਰਜ ਵਾਲੀ ਗੱਲ ਨਹੀਂ ਹੋਈ। ਉਸ ਦੀ ਘਾਲਣਾ ਦਾ ਘੱਟ ਮੁੱਲ ਪਾਉਣ ਵਿਚ ਜ਼ਰੂਰ ਅਕ੍ਰਿਤਘਣਤਾ ਹੋਣੀ ਸੀ। ਮੂਰਤੀ ਕਲਾ 'ਕਲਾ' ਅਤੇ 'ਕਿਰਤ' ਦਾ ਸੁੰਦਰ ਸੰਜੋਗ ਹੈ। ਮੂਰਤੀ ਸੱਚੇ ਅਰਥਾਂ ਵਿਚ ਕਲਾ-ਕ੍ਰਿਤੀ ਹੈ ਅਤੇ ਕਿਸੇ ਵੀ ਹੋਰ ਕਲਾ ਨਾਲੋਂ ਬਹੁਤੇ ਆਦਰ ਦੀ ਹਕਦਾਰ ਹੈ।

ਪੱਥਰਾਂ ਨੂੰ ਤ੍ਰਾਸ਼ਣ ਅਤੇ ਘੜਨ ਦਾ ਕੰਮ ਬਹੁਤ ਪੁਰਾਣਾ ਹੈ। ਧਾਤੂਆਂ ਦੀ ਜਾਣਕਾਰੀ ਤੋਂ ਪਹਿਲਾਂ ਮਨੁੱਖ ਪੱਥਰ ਨੂੰ ਹੀ ਆਪਣੀ ਲੋੜ ਲਈ ਵਰਤਦਾ ਸੀ। ਉਸ ਦੇ ਹਥਿਆਰ ਅਤੇ ਬਰਤਨ ਪੱਥਰ ਦੇ ਹੁੰਦੇ ਸਨ। ਇੰਗਲੈਂਡ ਵਿਚ ਇਕ ਥਾਂ ਹੈ ਜਿਸ ਨੂੰ ਸਟੋਨ ਹੈਂਜ ਆਖਦੇ ਹਨ। ਇਥੇ ਬਹੁਤ ਵੱਡੇ ਵੱਡੇ ਕੁੱਝ ਪੱਥਰ ਪਏ ਹਨ ਜਿਨ੍ਹਾਂ ਨੂੰ ਸੂਰਜ ਦੇਵ ਦੇ ਮੰਦਰ ਦੇ ਖੰਡਰ ਮੰਨਿਆ ਜਾਂਦਾ ਹੈ। ਵਿਗਿਆਨੀ ਕਹਿੰਦੇ ਹਨ ਕਿ ਇਨ੍ਹਾਂ ਪੱਥਰਾਂ ਦੀ ਘਾੜਤ ਧਾਤੂ-ਕਾਲ ਤੋਂ ਪਹਿਲਾਂ ਦੀ ਹੈ। ਇਨ੍ਹਾਂ ਨੂੰ ਘੜਨ ਲਈ ਪੱਥਰ ਦੇ ਹਥੌੜੇ ਅਤੇ ਪੱਥਰ ਦੀਆਂ ਹੀ ਛੈਣੀਆਂ ਵਰਤੀਆਂ ਗਈਆ ਹਨ। ਇਸ ਗੱਲ ਨੂੰ ਸੱਚ ਮੰਨਦਿਆਂ ਹੋਇਆਂ ਉਨ੍ਹਾਂ ਪੱਥਰਾਂ ਉੱਤੇ ਕੀਤੀ ਗਈ ਮਿਹਨਤ ਦਾ ਖਿਆਲ ਕਰ ਕੇ ਮਨੁੱਖੀ ਲਗਨ ਸਾਹਮਣੇ ਸਿਰ ਝੁਕ ਜਾਂਦਾ ਹੈ।

ਵਿਦਵਾਨਾਂ ਦਾ ਖਿਆਲ ਹੈ ਕਿ ਸੰਸਾਰ ਦੀਆਂ ਸਭ ਤੋਂ ਪੁਰਾਣੀਆਂ ਮੂਰਤੀਆਂ ਮਿਸਰ ਵਿਚ ਹਨ। ਇਹ ਗੱਲ ਠੀਕ ਹੋ ਸਕਦੀ ਹੈ ਪ੍ਰੰਤੂ ਧਰਤੀ ਮਾਤਾ ਦੀ ਗੋਦ ਵਿਚ ਭੂਤ ਕਾਲ ਦੀਆਂ ਏਨੀਆਂ ਯਾਦਾਂ ਲੁਕੀਆਂ ਹੋਈਆਂ ਹਨ ਕਿ ਨਵੀਂ ਖੋਜ ਕਿਸੇ ਵੇਲੇ ਵੀ ਪੁਰਾਣੇ ਫੈਸਲਿਆਂ ਨੂੰ ਬਦਲਣ ਉੱਤੇ ਮਜਬੂਰ ਕਰ ਦਿੰਦੀ ਹੈ। ਭਾਰਤ ਵਿਚ ਹੜੱਪਾ, ਟੈਕਸ਼ਿਲਾ ਅਤੇ ਮੋਹਿਨ-ਜੋ-ਦਾੜੋ ਆਦਿਕ ਥਾਵਾਂ ਉੱਤੇ ਕੀਤੀ ਗਈ ਪੁਟਾਈ ਦੁਆਰਾ ਪੱਥਰ ਦੇ ਸਿੱਕੇ, ਬਰਤਨ ਅਤੇ ਮੂਰਤੀਆਂ ਮਿਲੀਆਂ ਹਨ। ਉਨ੍ਹਾਂ ਉਤਲੀ ਕਲਾ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਇਥੇ ਪੱਥਰ ਦੀ ਘਾੜਤ ਦਾ ਕੰਮ ਉਨ੍ਹਾਂ ਵਸਤੂਆਂ ਦੇ ਬਣਾਏ ਜਾਣ ਦੇ ਸਮੇਂ ਤੋਂ ਵੀ ਕਿਤੇ ਪੁਰਾਣਾ ਸੀ। ਕੁਝ ਵੀ ਹੋਵੇ ਪੁਰਾਤਨਤਾ ਦਾ ਗੌਰਵ ਬਹੁਤੇ ਮਾਣ ਵਾਲੀ ਗੱਲ ਨਹੀਂ ਮੰਨੀ ਜਾਣੀ ਚਾਹੀਦੀ ਅਤੇ ਨ ਹੀ ਇਹ ਗੱਲ ਕਿਸੇ ਵਿਸ਼ੇਸ਼ ਰਾਸ਼ਟਰੀ ਗੌਰਵ ਦੀ ਹੈ ਕਿ ਕੋਈ ਕਲਾ ਕਿਸ ਦੇਸ਼ ਵਿਚ ਜਨਮੀ। ਇਹ ਸਭ ਕੁਝ ਮਨੁੱਖ ਦੀ ਲਗਨ ਵਿਚੋਂ ਉਪਜਿਆ ਸਾਂਝਾ ਮਨੁੱਖੀ ਵਿਰਸਾ ਹੈ। ਇਸ ਸਾਂਝੇ ਵਿਰਸੇ ਨੂੰ ਸਾਂਝੇ ਤੌਰ ਉੱਤੇ ਹੀ ਸਾਂਭਿਆ ਅਤੇ ਸਤਿਕਾਰਿਆ ਜਾਣਾ ਚਾਹੀਦਾ ਹੈ।

ਸੰਗ-ਤ੍ਰਾਸ਼ (ਪੱਥਰ-ਘਾੜੇ) ਦੀ ਲਗਨ ਦਾ ਸਤਿਕਾਰ ਇਸ ਲਈ ਵੀ ਜ਼ਰੂਰੀ ਹੈ ਕਿ ਇਮਾਰਤੀ ਕਲਾ ਦੀ ਸੁੰਦਰਤਾ ਵਿਚ ਵੀ ਉਸ ਦਾ ਯੋਗਦਾਨ ਹੈ। ਹੋਰ ਸਾਰੇ ਕੋਮਲ ਹੁਨਰਾਂ ਵਾਂਗ ਮੂਰਤੀ ਕਲਾ ਬਾਰੇ ਵੀ ਨਿਸਚੇ ਨਾਲ ਇਹ ਨਹੀਂ ਆਖਿਆ ਜਾ ਸਕਦਾ ਕਿ ਇਸ ਦਾ ਆਰੰਭ ਕਦੋਂ ਅਤੇ ਕਿਵੇਂ ਹੋਇਆ। ਪੱਥਰ ਕਾਲ ਦਾ ਮਨੁੱਖ ਆਪਣੀ ਵਰਤੋਂ ਲਈ ਪੱਥਰ ਨੂੰ ਘੜਦਾ ਤ੍ਰਾਸ਼ਦਾ ਸੀ। ਪੱਥਰ ਦੇ ਬੇਕਾਰ ਟੁਕੜਿਆਂ ਨੂੰ ਰਗੜ ਕੇ ਉਹ ਆਪਣੇ ਬੱਚਿਆਂ ਲਈ ਖਿਡਾਉਣੇ ਬਣਾ ਲੈਂਦਾ ਹੋਵੇਗਾ। ਇਨ੍ਹਾਂ ਖਿਡਾਉਣਿਆਂ ਨੂੰ ਪਸ਼ੂ ਪੰਛੀਆਂ ਦਾ ਰੂਪ ਦੇਣ ਵਿਚ ਸਫਲ ਹੋ ਕੇ ਉਸ ਨੇ ਬੱਚਿਆਂ ਦੀ ਅਥਾਹ ਖੁਸ਼ੀ ਦਾ ਅਨੁਭਵ ਕੀਤਾ ਹੋਵੇਗਾ। ਇਹੋ ਅਨੁਭਵ ਉਸ ਦੇ ਇਸ ਗਿਆਨ ਦਾ ਆਧਾਰ ਬਣ ਗਿਆ ਹੋਵੇਗਾ ਕਿ ਨਿਰਜਿੰਦ ਅਤੇ ਕਠੋਰ ਪੱਥਰ ਵਿਚ ਸਜਿੰਦ ਅਤੇ ਸੁੰਦਰ ਦੇ ਰੂਪ ਦੀ ਅਭਿਵਿਅੰਜਨਾ ਮਨੁੱਖੀ ਮਨ ਨੂੰ ਆਨੰਦਿਤ ਕਰਨ ਵਿਚ ਸਮਰਥ ਹੈ।

ਮਨੁੱਖ ਨੂੰ ਇਹ ਗਿਆਨ ਕਿਸੇ ਵੀ ਸਾਧਨ ਰਾਹੀਂ ਕਿਉਂ ਨਾ ਮਿਲਿਆ ਹੋਵੇ, ਇਹ

ਗੱਲ ਨਿਸਚੇ ਨਾਲ ਆਖੀ ਜਾ ਸਕਦੀ ਹੈ ਕਿ ਉਸ ਦਾ ਇਹ ਗਿਆਨ ਬਹੁਤ ਪੁਰਾਣਾ ਹੈ। ਮਿਸਰ ਦੀ ਸੱਭਿਅਤਾ ਦਸ ਹਜ਼ਾਰ ਸਾਲ ਤੋਂ ਵੱਧ ਪੁਰਾਣੀ ਮੰਨੀ ਜਾਂਦੀ ਹੈ। ਪੱਥਰਾਂ ਦੀ ਘਾੜਤ ਦਾ ਗਿਆਨ ਪੁਰਾਤਨ ਮਿਸਰੀ ਲੋਕਾਂ ਨੂੰ ਸੀ। ਵੈਦਿਕ ਸਭਿਅਤਾ ਨੂੰ, ਵਿਦਵਾਨ, ਪੰਜ ਤੋਂ ਦਸ ਹਜ਼ਾਰ ਸਾਲ ਪੁਰਾਣੀ ਮੰਨਦੇ ਹਨ। ਪੱਛਮ ਦੇ ਵਿਦਵਾਨ ਇਹ ਵੀ ਕਹਿੰਦੇ ਹਨ ਕਿ ਅੱਜ ਤੋਂ ਪੰਜ ਕੁ ਹਜ਼ਾਰ ਸਾਲ ਪਹਿਲਾਂ ਜਦੋਂ ਆਰੀਆ ਲੋਕ ਭਾਰਤ ਵਿਚ ਆਏ ਸਨ ਉਦੋਂ ਇਥੋਂ ਦੇ ਦਰਾਵੜ ਲੋਕ ਸ਼ਹਿਰਾਂ ਵਿਚ ਵਸਦੇ ਸਨ ਅਤੇ ਅਨੇਕ ਪ੍ਰਕਾਰ ਦੇ ਹੁਨਰਾਂ ਵਿਚ ਮਾਹਰ ਸਨ। ਜਦੋਂ ਸਿਕੰਦਰ ਨਾਲ ਯੂਨਾਨੀ ਸਿਆਣੇ ਭਾਰਤ ਗਏ ਤਾਂ ਉਹ ਇਹ ਵੇਖ ਕੇ ਹੈਰਾਨ ਹੋਏ ਸਨ ਕਿ ਭਾਰਤ ਦੇ ਲੋਕਾਂ ਨੂੰ ਪੱਥਰ ਨੂੰ ਪਾਲਸ਼ ਕਰਨ ਦੇ ਅਜਿਹੇ ਢੰਗ ਆਉਂਦੇ ਸਨ ਜਿਨ੍ਹਾਂ ਦਾ ਸਦਕਾ ਪੱਥਰ ਵਿਚ ਆਪਣਾ ਮੂੰਹ ਵੇਖਿਆ ਜਾ ਸਕਦਾ ਸੀ।

ਵੈਦਿਕ ਕਾਲ ਦੇ ਆਰੀਆ ਜਾਂ ਹਿੰਦੂ ਮੂਰਤੀ ਪੂਜਾ ਨਹੀਂ ਸਨ ਕਰਦੇ। ਦ੍ਰਾਵੜਾਂ ਵਿਚ ਇਸ ਦੀ ਹੋਂਦ ਮੰਨੀ ਜਾ ਸਕਦੀ ਹੈ। ਪੂਜਾ ਸ਼ਬਦ ਦ੍ਰਾਵੜ ਭਾਸ਼ਾ ਦਾ ਹੈ ਜਿਹੜਾ ਪਾਲੀ ਰਾਹੀਂ ਸੰਸਕ੍ਰਿਤ ਵਿਚ ਆਇਆ ਜਾਪਦਾ ਹੈ। ਪੱਥਰ ਘੜਨ ਦਾ ਹੁਨਰ ਵੀ ਆਰੀਆ ਲੋਕਾਂ ਨੇ ਦ੍ਰਾਵੜਾਂ ਕੋਲੋਂ ਹੀ ਸਿਖਿਆ ਹੋਵੇਗਾ। ਜਦੋਂ ਯੂਨਾਨੀ ਲੋਕ ਭਾਰਤ ਵਿਚ ਆਏ ਸਨ ਉਸ ਸਮੇਂ ਉਨ੍ਹਾਂ ਦੀ ਆਪਣੀ ਮੂਰਤੀ ਕਲਾ ਉੱਨਤੀ ਦੀ ਸਿਖਰ ਉੱਤੇ ਸੀ। ਉਨ੍ਹਾਂ ਦਾ ਭਾਰਤੀ ਮੂਰਤੀ ਕਲਾ ਨੂੰ ਵੇਖ ਕੇ ਹੈਰਾਨ ਹੋਣਾ ਇਹ ਪਰਗਟ ਕਰਦਾ ਹੈ ਕਿ ਆਰੀਆ ਲੋਕਾਂ ਤੋਂ ਪਹਿਲਾਂ ਵੀ ਦਰਾਵੜਾਂ ਨੇ ਇਸ ਕਲਾ ਵਿਚ ਚੋਖੀ ਉੱਨਤੀ ਕਰ ਲਈ ਹੋਈ ਸੀ ਅਤੇ ਆਰੀਆਂ ਨੇ ਇਸ ਕਲਾ ਨੂੰ ਇਕ ਦਮ ਆਰੰਭ ਤੋਂ ਨਹੀਂ ਸਗੋਂ ਅੱਧ ਵਿਚਾਲਿਓਂ ਹੱਥ ਪਾਇਆ ਸੀ। ਦਰਾਵੜ ਲੋਕ ਪੱਕੇ ਰੰਗ ਦੇ ਹਨ। ਹਿੰਦੂ ਧਰਮ ਵਿਚ ਈਸ਼ਵਰ ਨੂੰ ਸ਼ਿਆਮ ਰੰਗਾ ਮੰਨਿਆਂ ਜਾਣਾ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਹਿੰਦੂ ਧਰਮ ਵੀ ਆਰੀਆਂ ਨੇ ਦਰਾਵੜਾਂ ਕੋਲੋਂ ਹੀ ਲਿਆ ਹੋਵੇਗਾ। ਇਉਂ ਇਹ ਸੰਭਵ ਹੈ ਕਿ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੀਆਂ ਮੂਰਤੀਆਂ ਬਣਾਉਣ ਦਾ ਰਿਵਾਜ ਦਰਾਵੜਾਂ ਵਿਚ ਹੋਵੇ।

ਪ੍ਰੰਤੂ ਆਰੀਆਂ ਦੀ ਮੂਰਤੀ ਕਲਾ ਬੁੱਧ ਮੱਤ ਨਾਲ ਹੀ ਵਿਕਸੀ ਹੈ। ਬੁੱਧ ਜੀ ਦੀਆਂ ਮੂਰਤੀਆਂ ਬਣਾਉਣ ਦਾ ਕੰਮ ਉਨ੍ਹਾਂ ਦੇ ਦੇਹਾਂਤ ਤੋਂ ਤਿੰਨ ਚਾਰ ਸੌ ਸਾਲ ਪਿਛੋਂ ਸ਼ੁਰੂ ਹੋਇਆ ਸੀ। ਇਵੇਂ ਹੀ ਉਨ੍ਹਾਂ ਦੀ ਸਿੱਖਿਆ ਨੂੰ ਲਿਖਤੀ ਰੂਪ ਦੇਣ ਦਾ ਕੰਮ ਵੀ ਉਨ੍ਹਾਂ ਤੋਂ ਏਨਾ ਕੁ ਚਿਰ ਪਿਛੋਂ ਹੀ ਆਰੰਭ ਹੋਇਆ ਸੀ। ਮਹਾਤਮਾ ਬੁੱਧ ਜੀ ਇਨ੍ਹਾਂ ਦੋਹਾਂ ਕੰਮਾਂ ਦੇ ਵਿਰੋਧੀ ਸਨ। ਉਹ ਹਰ ਪ੍ਰਕਾਰ ਦੀ ਪੂਜਾ ਦੀ ਮਨਾਹੀ ਕਰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਆਪਣੇ ਮਨੋਰਥਾਂ ਦੀ ਪ੍ਰਾਪਤੀ ਲਈ ਦੇਵਤਿਆਂ ਦੀ ਪੂਜਾ ਕਰਨੀ ਇਕ ਪ੍ਰਕਾਰ ਦੀ ਰਿਸ਼ਵਤ ਹੈ। ਪੂਜਾ ਨਾਲ ਕੋਈ ਦੇਵਤਾ ਰੀਝਦਾ ਹੈ ਕਿ ਨਹੀਂ ਇਸ ਦਾ ਕੋਈ ਸਬੂਤ ਸਾਡੇ ਕੋਲ ਨਹੀਂ। ਹਾਂ, ਇਹ ਗੱਲ ਨਿਰਸੰਦੇਹ ਸੱਚ ਹੈ ਕਿ ਇਸ ਨਾਲ ਮਨੁੱਖਾਂ ਵਿਚ ਇਹ ਵਿਸ਼ਵਾਸ ਪੈਦਾ ਹੁੰਦਾ ਹੈ ਕਿ ਚਤੁਰਾਈ, ਚਾਪਲੂਸੀ,

ਰਿਸ਼ਵਤ ਅਤੇ ਰਿਸ਼ਤੇ ਦੀ ਸਹਾਇਤਾ ਨਾਲ ਦੂਜਿਆਂ ਨੂੰ ਆਪਣੇ ਹਿਤਾਂ ਲਈ ਵਰਤਿਆ ਜਾ ਸਕਦਾ ਹੈ ।

ਬੁੱਧ ਜੀ ਹਰ ਪ੍ਰਕਾਰ ਦੀ ਪੂਜਾ ਦੇ ਵਿਰੋਧੀ ਸਨ ਪ੍ਰੰਤੂ ਲੋਕਾਂ ਨੇ ਉਨ੍ਹਾਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਕਿਉਂਕਿ ਉਨ੍ਹਾਂ ਦੇ ਦੱਸੇ ਧਰਮ ਦਾ ਪਾਲਣ ਕਰਨ ਨਾਲੋਂ ਉਨ੍ਹਾਂ ਦੀ ਪੂਜਾ ਕਰਨੀ ਸੌਖੀ ਸੀ। ਹਰ ਪ੍ਰਕਾਰ ਦੀ ਪੂਜਾ ਇਕ ਸਹੂਲਤ ਹੈ। ਪਹਿਲਾਂ ਪਹਿਲ ਬੁੱਧ ਵਿਹਾਰਾਂ ਵਿਚ ਭਿਕਸ਼ੂਆਂ ਦਾ ਜੀਵਨ ਕਰੜੀ ਘਾਲਣਾ ਦਾ ਜੀਵਨ ਹੁੰਦਾ ਸੀ। ਇਸ ਜੀਵਨ ਦੇ ਨੇਮਾਂ ਦਾ ਵਿਸਥਾਰ "ਵਿਨੇ" ਦੇ ਨਾਂ ਨਾਲ ਪ੍ਰਸਿੱਧ ਹੈ। ਭਿਕਸ਼ੂਆਂ ਨੂੰ ਕਰੜੀ ਸਰੀਰਕ ਮਿਹਨਤ ਕਰਵਾਈ ਜਾਂਦੀ ਸੀ ਤਾਂ ਜੁ ਉਨ੍ਹਾਂ ਦਾ ਸਰੀਰ ਆਲਸੀ ਹੋ ਕੇ ਮਨ ਨੂੰ ਵਿਕਾਰੀ ਨ ਬਣਾ ਦੇਵੇ। ਇਸ ਦੇ ਨਾਲ ਨਾਲ ਇਹ ਧਿਆਨ ਰੱਖਣਾ ਵੀ ਜ਼ਰੂਰੀ ਸੀ ਕਿ ਉਸ ਮਿਹਨਤ ਵਜੋਂ ਕਿਸੇ ਸੰਸਾਰਕ ਪ੍ਰਾਪਤੀ ਦੀ ਸੰਭਾਵਨਾ ਨ ਹੋਵੇ। ਤੀਜੀ ਸ਼ਰਤ ਇਹ ਹੁੰਦੀ ਸੀ ਕਿ ਉਹ ਮਿਹਨਤ ਮਨ ਨੂੰ ਇਕਾਗਰ ਕਰਨ ਵਿਚ ਵੀ ਸਹਾਈ ਹੋਵੇ। ਪੱਥਰਾਂ ਨੂੰ ਘੜਨ ਦਾ ਕੰਮ ਕਰੜਾ ਵੀ ਸੀ, ਇਸ ਦੀ ਗਾਹਕੀ ਵੀ ਆਮ ਨਹੀਂ ਸੀ। ਅਤੇ ਬੁੱਧ ਜੀ ਦੇ ਜੀਵਨ ਨੂੰ ਪੱਥਰ ਵਿਚ ਸਾਕਾਰ ਕਰਨ ਨਾਲ ਮਨੁੱਖੀ ਮਨ ਬੁੱਧ ਦੇ ਪਿਆਰ ਵਿਚ ਜੁੜਿਆ ਵੀ ਰਹਿ ਸਕਦਾ ਸੀ। ਇਸ ਲਈ ਬੁੱਧ ਵਿਹਾਰਾਂ ਵਿਚ ਮੂਰਤੀ ਕਲਾ ਦਾ ਕੰਮ ਇਕ ਤਪੱਸਿਆ ਦੇ ਰੂਪ ਵਿਚ ਆਰੰਭ ਹੋ ਗਿਆ।

ਮਹਾਤਮਾ ਬੁੱਧ ਜੀ ਦੇ ਜੀਵਨ ਦੀ ਸਾਰੀ ਲੀਲਾ ਨੂੰ ਪੱਥਰਾਂ ਵਿਚ ਸਾਕਾਰ ਕਰ ਦਿੱਤਾ ਗਿਆ। ਮਹਾਰਾਜਾ ਅਸ਼ੋਕ ਨੇ ਇਸ ਕੰਮ ਵਿਚ ਉਚੇਚੀ ਮਦਦ ਕੀਤੀ। ਪਹਿਲਾਂ ਪਹਿਲਾਂ ਬੁੱਧ ਜੀ ਦੀ ਮੂਰਤੀ ਨਹੀਂ ਸੀ ਬਣਾਈ ਜਾਂਦੀ। ਬੁੱਧ ਜੀ ਨੂੰ ਮਨੁੱਖੀ ਰੂਪ ਵਿਚ ਉਲੀਕਣ ਦਾ ਜਤਨ ਕਰਨੋਂ ਸੰਕੋਚ ਕੀਤਾ ਜਾਂਦਾ ਸੀ । ਜਿਥੇ ਉਨ੍ਹਾਂ ਦਾ ਆਕਾਰ ਵਿਖਾਉਣ ਦੀ ਲੋੜ ਹੋਵੇ ਉਥੇ ਥਾਂ ਖਾਲੀ ਛੱਡੀ ਜਾਂਦੀ ਸੀ ਜਾਂ ਇਕ ਚੱਕਰ ਜਿਹਾ ਬਣਾ ਦਿੱਤਾ ਜਾਂਦਾ ਸੀ। ਇਹ ਚੱਕਰ ਜਾਂ ਖਾਲੀ ਥਾਂ ਸੰਸਾਰਕ ਮੋਹ ਅਤੇ ਹਉਮੈ ਤੋਂ ਸੱਖਣੇ ਹੋ ਚੁਕੇ ਬੁੱਧ ਜੀ ਦਾ ਪਰਤੀਕ ਮੰਨਿਆ ਜਾਂਦਾ ਸੀ। ਜਦੋਂ ਬੁੱਧ ਜੀ ਦੀਆਂ ਮੂਰਤੀਆਂ ਬਣਾਉਣ ਦਾ ਰਿਵਾਜ ਪੈ ਗਿਆ ਉਦੋਂ ਵੀ ਪਰਤੀਕਾਂ ਦੀ ਵਰਤੋਂ ਜਾਰੀ ਰਹੀ ਅਤੇ ਬਿਰਖ ਨੂੰ ਨਿਰਵਾਣ ਦਾ, ਚੱਕਰ ਨੂੰ ਬੁੱਧ ਜੀ ਦੇ ਪਹਿਲੇ ਉਪਦੇਸ਼ ਦਾ ਅਤੇ ਧਰਮ ਦੇ ਕੰਮ ਨੂੰ ਆਰੰਭ ਕਰਨ ਦਾ ਚਿੰਨ੍ਹ ਜਾਂ ਪਰਤੀਕ ਮੰਨਿਆ ਜਾਂਦਾ ਰਿਹਾ ਅਤੇ ਪਰਤੀਕ ਮੂਰਤੀਆਂ ਦੀ ਸਰਵ ਸਾਂਝੀ ਭਾਸ਼ਾ ਬਣ ਗਏ।

ਬੁੱਧ ਜੀ ਦੇ ਪਿਆਰ ਨੇ ਵੱਖ ਵੱਖ ਦੇਸ਼ਾਂ ਵਿਚ ਵੱਖ ਵੱਖ ਪ੍ਰਕਾਰ ਦੀਆਂ ਕੋਮਲ ਕਲਾਵਾਂ ਨੂੰ ਉਪਜਾਇਆ ਅਤੇ ਵਿਕਸਾਇਆ ਹੈ । ਜਾਪਾਨ ਵਿਚ ਉਨ੍ਹਾਂ ਦੀ ਪ੍ਰੇਰਣਾ ਚਿੱਤ੍ਰਕਾਰੀ ਵਿਚ ਪਰਗਟ ਹੋਈ ਹੈ ਅਤੇ ਤਿੱਬਤ ਵਿਚ ਲਕੜੀ ਦੀਆਂ ਤਖਤੀਆਂ ਉੱਤੇ ਬੁੱਧ ਮੱਤ ਦੇ ਗ੍ਰੰਥਾਂ ਨੂੰ ਉਕਰਨ ਵਿਚ। ਚਿੱਤ੍ਰਕਾਰੀ ਦੀ ਗੱਲ ਅਗਲੇ ਲੇਖ ਵਿਚ ਕਰਾਂਗਾ; ਇਥੇ ਤਿੱਬਤੀ ਲੋਕਾਂ ਦੀ ਲਗਨ ਦੀ ਗੱਲ ਕਰਦਾ ਹਾਂ। ਗਿਆਰ੍ਹਵੀਂ ਅਤੇ ਬਾਰ੍ਹਵੀਂ ਸਦੀ ਵਿਚ ਹਿੰਦੁਸਤਾਨ ਉੱਤੇ ਇਸਲਾਮੀ ਰਾਜ ਸਥਾਪਤ ਹੋ ਗਿਆ ਸੀ। ਬੁੱਧ ਵਿਹਾਰਾਂ, ਮੰਦਰਾਂ

ਅਤੇ ਵਿਸ਼ਵਵਿਦਿਆਲਿਆਂ ਨੂੰ ਲੁਟਿਆ ਢਾਹਿਆ ਅਤੇ ਸਾੜਿਆ ਗਿਆ । ਬੁੱਧ ਭਿਕਸ਼ੂਆਂ ਨੂੰ ਵਿਰੋਧ ਕਰਨ ਦੀ ਮਨਾਹੀ ਸੀ। ਉਹ ਆਪਣੇ ਧਰਮ, ਆਪਣੀ ਸ਼ਿਕਸ਼ਾ ਅਤੇ ਆਪਣੇ ਇਸ਼ਟ ਦੇ ਗੌਰਵ ਨੂੰ ਕਾਇਮ ਰੱਖਦੇ ਹੋਏ ਇਹ ਸਭ ਕੁਝ ਵੇਖਦੇ ਰਹੇ। ਕਈ ਮਾਰੇ ਗਏ ਅਤੇ ਕੁੱਝ ਇਕ ਨੇ ਆਪਣੇ ਧਰਮ ਗ੍ਰੰਥਾਂ ਨਾਲ ਦੇਸ਼ ਵਿਚੋਂ ਚਲੇ ਜਾਣਾ ਚੰਗਾ ਸਮਝਿਆ। ਇਨ੍ਹਾਂ ਚਲੇ ਜਾਣ ਵਾਲਿਆਂ ਦਾ ਕੁੱਝ ਭਾਗ ਤਿੱਬਤ ਵਿਚ ਜਾ ਵੱਸਿਆ। ਉਥੇ ਨਵੇਂ ਮੱਠ, ਵਿਹਾਰ ਅਤੇ ਵਿਦਿਆਲੇ ਬਣ ਗਏ । ਬੁੱਧ ਮੱਤ ਦੇ ਗ੍ਰੰਥਾਂ ਨੂੰ ਪਹਿਲਾਂ ਨਾਲੋਂ ਪਕੇਰਾ ਰੂਪ ਦੇਣ ਲਈ ਅਤੇ ਜਗਿਆਸੂਆਂ ਨੂੰ ਅਜੇਹਾ ਕੰਮ ਦੇਣ ਲਈ ਜਿਹੜਾ ਉਨ੍ਹਾਂ ਦੇ ਸਰੀਰ ਅਤੇ ਮਨ ਦੀ ਘਾੜਤ ਵਿਚ ਇਕੋ ਜਿਹਾ ਸਹਾਈ ਹੋ ਸਕੇ, ਲਕੜੀ ਦੀਆਂ ਤਖਤੀਆਂ ਉੱਤੇ ਧਰਮ ਦੇ ਸਿਧਾਂਤ ਨੂੰ ਤਿੱਬਤੀ ਭਾਸ਼ਾ ਵਿਚ ਉਕਰਨ ਦਾ ਕੰਮ ਆਰੰਭ ਹੋਇਆ। ਇਹ ਕੰਮ ਛੇ-ਸੱਤ ਸੌ ਸਾਲ ਹੁੰਦਾ ਰਿਹਾ । ਤਖਤੀਆਂ ਦੇ ਢੇਰ ਲੱਗ ਗਏ। ਬੁੱਧ ਜੀ ਦੀਆਂ ਮੂਰਤੀਆਂ ਵਾਂਗ ਇਹ ਤਖਤੀਆਂ ਵੀ ਪੂਜ ਬਣ ਗਈਆਂ। ਇਨ੍ਹਾਂ ਦੀ ਸੰਭਾਲ ਇਕ ਪ੍ਰਕਾਰ ਦੀ ਸਾਧਨਾ ਬਣ ਗਈ। ਵੀਹਵੀਂ ਸਦੀ ਦੇ ਅੱਧ ਵਿਚ ਜਦੋਂ ਚੀਨ ਨੇ ਤਿੱਬਤ ਉੱਤੇ ਹਮਲਾ ਕੀਤਾ ਤਾਂ ਤਿੱਬਤ ਦੇ ਬਹੁਤ ਸਾਰੇ ਲੋਕ, ਵਿਸ਼ੇਸ਼ ਕਰਕੇ ਭਿਕਸ਼ੂ ਅਤੇ ਦਲਾਈ ਲਾਮਾ, ਆਪਣਾ ਧਾਰਮਕ ਵਿਰਸਾ ਲੈ ਕੇ ਭਾਰਤ ਵਿਚ ਆ ਗਏ। ਇਥੋਂ ਇਨ੍ਹਾਂ ਦਾ ਬਾਹਰਲੀ ਦੁਨੀਆਂ ਨਾਲ ਖੁਲ੍ਹਾ ਮੇਲ ਜੋਲ ਵੱਧ ਗਿਆ। ਛੇ ਸੌ ਸਾਲ ਦੀ ਘਾਲਣਾ ਨੂੰ ਮੁੜ ਕਿਤਾਬਾਂ ਦਾ ਰੂਪ ਦਿੱਤਾ ਗਿਆ ਹੈ ਅਤੇ ਇਹ ਰੂਪ ਤਿੰਨ ਸੌ ਤੋਂ ਵੱਧ ਜਿਲਦਾਂ ਵਿਚ ਹੈ।

ਬੁੱਧ ਜੀ ਵਾਂਗ ਹੀ ਯੱਸੂ ਮਸੀਹ ਦੇ ਜੀਵਨ ਨੇ ਵੀ ਕੋਮਲ ਕਲਾਵਾਂ ਵਿਚ ਉਚੇਚੀ ਥਾਂ ਪ੍ਰਾਪਤ ਕੀਤੀ ਹੈ। ਉਨ੍ਹਾਂ ਦੀ ਮੌਤ ਦੀ ਘਟਨਾ ਨੂੰ ਬਹੁਤ ਹੀ ਉਚੇਚ ਮਿਲਿਆ ਹੈ। ਮੈਂ ਕਲਾ-ਪਾਰਖੂ ਹੋਣ ਦਾ ਦਾਅਵਾ ਨਹੀਂ ਕਰਦਾ ਪ੍ਰੰਤੂ ਇਹ ਗੱਲ ਆਖਣ ਉੱਤੇ ਮਜਬੂਰ ਹਾਂ ਕਿ ਸੂਲੀ ਉੱਤੇ ਕਿੱਲਾਂ ਨਾਲ ਠੋਕੇ ਹੋਏ ਯਸੂ ਦੀ ਮੂਰਤੀ ਵਿਚੋਂ ਇਕ ਬੇਬਸੀ ਦਾ ਪ੍ਰਭਾਵ ਪੈਦਾ ਹੁੰਦਾ ਹੈ ਜਦ ਕਿ ਨਿਰਵਾਣ ਨੂੰ ਪ੍ਰਾਪਤ ਬੁੱਧ ਦੀ ਮੂਰਤੀ ਸ਼ਾਂਤੀ ਦਾ ਵਾਤਾਵਰਣ ਉਸਾਰਦੀ ਹੈ ਪੂਰਬੀ ਮੂਰਤੀ ਕਲਾ ਸਰੀਰ ਦੇ ਬਾਕੀ ਹਿੱਸੇ ਨਾਲੋਂ ਮੂੰਹ ਉੱਤੇ ਬਹੁਤਾ ਜ਼ੋਰ ਦਿੰਦੀ ਆਈ ਹੈ। ਬੁੱਧ ਜੀ ਦਾ ਚਿਹਰਾ ਨਿਸ਼ਕਾਮਤਾ, ਤਿਆਗ, ਨਿਰਮੋਹਿਤਾ ਅਤੇ ਸ਼ਾਂਤੀ ਦਾ ਪ੍ਰਭਾਵ ਪਾਉਂਦਾ ਹੋਇਆ ਵੀ ਸੰਸਾਰ ਦੇ ਜੀਵਾਂ ਪ੍ਰਤੀ ਉਸ ਅਨੋਖੀ ਸਾਂਝ ਦਾ ਲਖਾਇਕ ਹੈ ਜਿਸ ਨੂੰ ਅਨੁਰਾਗ (ਮੋਹ ਮਾਇਆ ਦੇ ਬੰਧਨ ਟੁੱਟ ਜਾਣ ਪਿਛੋਂ ਉਪਜਣ ਵਾਲਾ ਪਿਆਰ) ਆਖਿਆ ਜਾਂਦਾ ਹੈ। ਯੱਸੂ ਮਸੀਹ ਦਾ ਚਿਹਰਾ ਜਿਸ ਬੇ-ਬਸੀ ਨਾਲ ਭਰਪੂਰ ਹੁੰਦਾ ਹੈ ਉਹ ਈਸਾਈ ਧਰਮ ਦੇ ਪਰਚਾਰ ਲਈ ਭਾਵੇਂ ਗੁਣਕਾਰੀ ਹੋਵੇ ਉਸ ਦੇ ਮਨ ਵਿਚਲੀ ਸ਼ਾਂਤੀ ਦੀ ਅਭਿਵਿਅੰਜਨਾ ਨਹੀਂ।

ਪੱਛਮੀ ਮੂਰਤੀ ਕਲਾ ਮਨ ਨਾਲੋਂ ਸਰੀਰ ਵੱਲ ਵਧੇਰੇ ਧਿਆਨ ਦਿੰਦੀ ਆਈ ਹੈ। ਜਿਸ ਸਮੇਂ ਭਾਰਤ ਵਿਚ ਬੁੱਧ ਜੀ ਦੀਆਂ ਮੂਰਤੀਆਂ ਬਣ ਰਹੀਆਂ ਸਨ ਉਸ ਸਮੇਂ ਯੂਨਾਨ ਦੇ ਕਲਾਕਾਰ ਆਪਣੀ ਮੂਰਤੀ ਕਲਾ ਰਾਹੀਂ ਮਨੁੱਖੀ ਸਰੀਰ ਦੀ ਸੁੰਦਰਤਾ ਨੂੰ

ਵਿਸਥਾਰ ਨਾਲ ਰੂਪਮਾਨ ਕਰਨ ਵਿਚ ਕਮਾਲ ਕਰ ਰਹੇ ਸਨ। ਪੱਛਮੀ ਮੂਰਤੀ ਕਲਾ ਨੂੰ ਪਰਤੀਕ ਦੀ ਬਹੁਤੀ ਵਰਤੋਂ ਨਹੀਂ ਕਰਨੀ ਪਈ ਕਿਉਂਕਿ ਇਹ ਕਿਸੇ ਸਿਧਾਂਤ ਦੀ ਲਖਾਇਕ ਨਹੀਂ ਸੀ। ਓਪਰੀ ਨਜ਼ਰੇ ਵੇਖਿਆਂ ਪੱਛਮੀ ਮੂਰਤੀਆਂ ਵਧੇਰੇ ਸੁੰਦਰ ਲਗਦੀਆਂ ਹਨ ਅਤੇ ਕਲਾ ਦੇ ਉੱਤਮ ਨਮੂਨੇ ਹੋਣ ਦਾ ਪ੍ਰਭਾਵ ਪਾਉਂਦੀਆਂ ਹਨ। ਇਸੇ ਪ੍ਰਭਾਵ ਦੇ ਕਾਰਣ ਭਾਰਤ ਵਿਚ ਵਾਮ-ਮਾਰਗੀ ਕਲਾਕਾਰਾਂ ਨੇ ਖਾਜੂਰਾਹੋ ਵਿਚ ਸਰੀਰਕ ਸੁੰਦਰਤਾ ਨੂੰ ਪਰਗਟ ਕਰਨ ਦੇ ਮਨੋਰਥ ਨਾਲ ਅਸ਼ਲੀਲ ਮੂਰਤੀਆਂ ਵੀ ਬਣਾਈਆਂ ਹਨ। ਇਨ੍ਹਾਂ ਮੂਰਤੀਆਂ ਦੀ ਕਲਾ ਉੱਚ ਕੋਟੀ ਦੀ ਹੈ ਪ੍ਰੰਤੂ ਆਸ਼ਾ ਬਹੁਤ ਨੀਵਾਂ ਹੈ। ਇਨ੍ਹਾਂ ਨੂੰ ਤੰਤਰ ਯੋਗ ਨਾਲ ਵੀ ਜੋੜਿਆ ਜਾ ਸਕਦਾ ਹੈ। ਤੰਤਰ ਯੋਗ ਮਨ ਦੀ ਇਕਾਗਰਤਾ ਲਈ ਅਜਿਹੇ ਵਿਚਾਰਾਂ ਅਤੇ ਦ੍ਰਿਸ਼ਾ ਦੀ ਸਹਾਇਤਾ ਲੈਣ ਦੀ ਸਲਾਹ ਦਿੰਦਾ ਹੈ ਜਿਨ੍ਹਾਂ ਵੱਲ ਮਨੁੱਖੀ ਅੱਖ ਵਧੇਰੇ ਆਕਰਸ਼ਿਤ ਹੁੰਦੀ ਹੈ ਅਤੇ ਮਨੁੱਖੀ ਮਨ ਵਧੇਰੇ ਸਰਲਤਾ ਨਾਲ ਪ੍ਰਭਾਵਿਤ ਹੁੰਦਾ ਹੈ। ਲਿੰਗ ਸੰਜੋਗ ਦਾ ਦ੍ਰਿਸ਼ ਅਤੇ ਇਸ ਦਾ ਵਿਚਾਰ ਮਨੁੱਖੀ ਅੱਖ ਅਤੇ ਮਨ ਲਈ ਵਧੇਰੇ ਖਿੱਚ ਰੱਖਦੇ ਹਨ। ਇਸ ਵਿਸ਼ਵਾਸ ਦੀ ਰੌਸ਼ਨੀ ਵਿਚ ਤੰਤਰ ਯੋਗ ਯੋਨੀ ਅਤੇ ਲਿੰਗ ਸੰਜੋਗ ਦੇ ਦ੍ਰਿਸ਼ਾਂ ਨੂੰ ਧਿਆਨ ਦਾ ਵਿਸ਼ਾ ਬਣਾਉਣ ਦੀ ਸਲਾਹ ਦਿੰਦਾ ਹੈ। ਹੋ ਸਕਦਾ ਹੈ ਇਸ ਸਿਧਾਂਤ ਨੇ ਖਾਜੂਰਾਹੋ ਦੀ ਮੂਰਤੀ ਕਲਾ ਨੂੰ ਵਿਕਸਾਇਆ ਹੋਵੇ। ਕਲਾ ਪਾਰਖੂ ਅਜੇ ਇਸ ਸੰਬੰਧ ਵਿਚ ਕਿਸੇ ਨਿਰਣੇ ਉੱਤੇ ਨਹੀਂ ਪੁੱਜੇ।

ਮੂਰਤੀ ਕਲਾ ਦੇ ਦੋ ਪ੍ਰਧਾਨ ਰੂਪ ਹਨ। ਇਕ ਰੂਪ ਵਿਚ ਕਿਸੇ ਵੱਡੇ ਪੱਥਰ ਉੱਤੇ ਮੂਰਤੀ ਦਾ ਉਭਾਰ ਵਿਖਾਇਆ ਜਾਂਦਾ ਹੈ ਅਤੇ ਦੂਜੇ ਵਿਚ ਸਮੁੱਚੇ ਪੱਥਰ ਨੂੰ ਮੂਰਤੀ ਵਿਚ ਬਦਲ ਦਿੱਤਾ ਜਾਂਦਾ ਹੈ। ਪਹਿਲਾ ਤਰੀਕਾ ਜਾਂ ਰੂਪ ਕਿਸੇ ਦ੍ਰਿਸ਼ ਨੂੰ ਰੂਪਮਾਨ ਕਰਨ ਲਈ ਚੰਗਾ ਹੈ ਅਤੇ ਦੂਜਾ ਕਿਸੇ ਇਕ ਵਿਅਕਤੀ ਦੇ ਸਰੀਰਕ ਆਕਾਰ ਨੂੰ ਪੂਰੀ ਗੁਲਾਈ ਵਿਚ ਪਰਗਟ ਕਰਨ ਲਈ ਯੋਗ ਹੈ। ਪੱਛਮ ਵਿਚ ਭਾਵੇਂ ਪੱਥਰ ਦੇ ਮਾਧਿਅਮ ਨੂੰ ਸਦੀਵਤਾ ਦੇ ਦ੍ਰਿਸ਼ਟੀਕੋਣ ਤੋਂ ਵਰਤਿਆ ਗਿਆ ਹੋਵੇ ਪੂਰਬ ਵਿਚ ਅਜੇਹਾ ਨਹੀਂ ਹੋਇਆ। ਵਿਸ਼ੇਸ਼ ਕਰਕੇ ਬੁੱਧ ਮੱਤ ਸਦੀਵਤਾ ਦਾ ਵਿਸ਼ਵਾਸੀ ਨਹੀਂ। ਸੰਸਾਰ ਚਲਾਏਮਾਨ ਹੈ ਅਤੇ ਹਰ ਸ਼ੈ ਬਦਲ ਰਹੀ ਹੈ। ਇਸੇ ਲਈ ਕਿਸੇ ਬੋਧੀ ਕਲਾਕਾਰ ਦੇ ਨਾਂ ਦਾ ਕੋਈ ਉੱਲੇਖ ਕਿਸੇ ਮੂਰਤੀ ਉੱਤੇ ਨਹੀਂ ਮਿਲਦਾ। ਬੋਧੀ ਨਿਰਵਾਣ ਨੂੰ ਉੱਦੇਸ਼ ਮੰਨਦੇ ਸਨ, ਸਦੀਵਤਾ ਨੂੰ ਨਹੀਂ। ਪੱਥਰ ਦਾ ਮਾਧਿਅਮ ਅਤੇ ਮੂਰਤੀ ਕਲਾ ਦਾ ਸਾਧਨ ਤਾਂ ਲੰਮੇ ਰੁਝੇਵੇਂ, ਸਖਤ ਮਿਹਨਤ ਅਤੇ ਮਨ ਦੀ ਇਕਾਗਰਤਾ ਲਈ ਵਰਤਿਆ ਜਾਂਦਾ ਸੀ। ਸਦੀਵਤਾ ਦੇ ਖਿਆਲ ਨਾਲ ਮਿਸਰੀ ਮੂਰਤੀਆਂ ਬਣਾਈਆਂ ਗਈਆਂ ਹਨ। ਉਹ ਤਾਂ ਆਪਣੇ ਮੁਰਦਿਆਂ ਦੀਆਂ ਲਾਸ਼ਾਂ ਨੂੰ ਵੀ ਸਦਾ ਲਈ ਸੰਭਾਲ ਕੇ ਰੱਖਣ ਦੇ ਯਤਨ ਵਿਚ ਰਹਿੰਦੇ ਸਨ। ਮਿਸਰੀ ਮੂਰਤੀ ਕਲਾ ਵਿਚ ਮਿਸਰ ਦਾ ਪੁਰਾਤਨ ਇਤਿਹਾਸ ਸਾਂਭਿਆ ਪਿਆ ਹੈ।

ਇਸਲਾਮ ਵਿਚ ਕੇਵਲ ਇਕ ਪੱਥਰ ਹੀ ਪੂਜਿਆ ਜਾਂਦਾ ਹੈ। ਉਸ ਪੱਥਰ ਦਾ ਨਾਂ ਸੰਗ-ਏ-ਅਸਸਵਦ ਹੈ। ਇਹ ਮੱਕੇ ਵਿਚ ਹੈ। ਹੱਜ ਇਸੇ ਪੱਥਰ ਦੀ ਪੂਜਾ ਲਈ ਕੀਤਾ ਜਾਂਦਾ ਹੈ। ਹੋਰ ਹਰ ਪ੍ਰਕਾਰ ਦੀ ਮੂਰਤੀ ਪੂਜਾ ਦੀ ਮਨਾਹੀ ਹੈ। ਮੁਸਲਮਾਨਾਂ ਨੇ ਮੂਰਤੀਆਂ

ਤੋੜੀਆਂ ਹਨ, ਬਣਾਈਆਂ ਨਹੀਂ । ਤੋੜ ਵੀ ਪੂਰੀ ਤਰ੍ਹਾਂ ਨਹੀਂ ਸਕੇ । ਮਿਸਰ ਮੂਰਤੀਆਂ ਨਾਲ ਭਰਿਆ ਪਿਆ ਹੈ ਅਜੇ ਵੀ । ਟਰਕੀ ਨੂੰ ਜਿੱਤ ਕੇ ਮੁਸਲਮਾਨਾਂ ਨੇ ਉਥੋਂ ਦਾ ਗਿਰਜਾ ਢਾਹੁਣਾ ਆਰੰਭ ਕਰ ਦਿੱਤਾ । ਬਹੁਤ ਸਾਰਾ ਸਮਾਂ ਅਤੇ ਯਤਨ ਖਰਚ ਕਰਨ ਤੋਂ ਪਿਛੋਂ ਉਨ੍ਹਾਂ ਨੂੰ ਇਹ ਖਿਆਲ ਆਇਆ ਕਿ ਜਿੰਨੀ ਮਿਹਨਤ ਅਤੇ ਜਿੰਨੇ ਖਰਚ ਨਾਲ ਇਹ ਗਿਰਜਾ ਢਾਇਆ ਜਾਣਾ ਹੈ ਉਸ ਤੋਂ ਅੱਧੀ ਮਿਹਨਤ ਅਤੇ ਅੱਧੇ ਖਰਚ ਨਾਲ ਇਸ ਨਾਲੋਂ ਵਡੇਰੀ ਮਸਜਦ ਬਣਾਈ ਜਾ ਸਕਦੀ ਹੈ । ਇਹ ਸੋਚ ਕੇ ਗਿਰਜੇ ਨੂੰ ਢਾਹੁਣ ਦਾ ਕੰਮ ਅੱਧ ਵਿਚ ਛੱਡ ਕੇ ਮਸਜਦ ਬਣਾਉਣੀ ਆਰੰਭ ਕਰ ਦਿੱਤੀ । ਇਸਤੰਬੋਲ ਦੀ ਇਹ ਮਸਜਦ ਦੁਨੀਆਂ ਦੀਆਂ ਸੁੰਦਰ ਇਮਾਰਤਾਂ ਵਿਚੋਂ ਇਕ ਹੈ । ਜਿਸ ਗਿਰਜੇ ਦੀ ਸ਼ਾਨ ਨੂੰ ਸ਼ਰਮਸਾਰ ਕਰਨ ਲਈ ਇਹ ਬਣਾਈ ਗਈ ਸੀ । ਉਸ ਦੀ ਅੱਧੀ ਢੱਠੀ ਇਮਾਰਤ ਅਜੇ ਤਕ ਮਸਜਦ ਦੇ ਸਾਹਮਣੇ ਉਲ੍ਹਾਮਾ ਬਣੀ ਖੜੀ ਹੈ ਠੀਕ ਉਵੇਂ ਹੀ ਜਿਵੇਂ ਸੰਸਾਰ ਭਰ ਦੀਆਂ ਮੂਰਤੀਆਂ, ਬੁੱਤ ਪ੍ਰਸਤਾਂ ਅਤੇ ਬੁੱਤ ਸ਼ਿਕਨਾਂ, ਦੋਹਾਂ ਲਈ ਇਕੋ ਜਹੀ ਸ਼ਰਮਿੰਦਗੀ ਦੇ ਸੂਤ ਬਣੀਆਂ ਖੜੋਤੀਆਂ ਹਨ ।

ਮੂਰਤੀ ਕਲਾ ਵਿਹਲ, ਧਨ ਅਤੇ ਲਗਨ ਦੀ ਉਪਜ ਹੈ । ਅਜੋਕਾ ਮਨੁੱਖ ਵਿਹਲ ਅਤੇ ਧਨ ਤਾਂ ਭਾਵੇਂ ਕਿਧਰੋਂ ਲੱਭ ਹੀ ਲਵੇ ਪਰ ਲਗਨ ਦੀ ਘਾਟ ਉਸ ਨੂੰ ਸਦਾ ਰਹੇਗੀ । ਇਸ ਲਈ ਮੂਰਤੀ ਕਲਾ ਦਾ ਬਹੁਤਾ ਰਿਵਾਜ ਨਹੀਂ ਰਿਹਾ । ਲਗਨ ਲਈ ਸ਼ਰਧਾ ਦੀ ਅਤੇ ਸ਼ਰਧਾ ਲਈ ਇਸ਼ਟ ਦੀ ਲੋੜ ਹੈ । ਇਸ਼ਟ ਵਾਲੇ ਲੋਕਾਂ ਨੇ ਹੀ ਇਸ਼ਟ ਦੀ ਉਪਾਸਨਾ ਦੀ ਲਗਨ ਦੇ ਸਹਾਰੇ ਉਹ ਹਜ਼ਾਰਾਂ, ਲੱਖਾਂ ਪੁਸਤਕਾਂ ਆਪਣੇ ਹੱਥੀਂ ਲਿਖ ਮਾਰੀਆਂ ਸਨ ਜਿਨ੍ਹਾਂ ਨਾਲ ਭਾਰਤੀ ਵਿਸ਼ਵ-ਵਿਦਿਆਲੇ ਭਰੇ ਪਏ ਸਨ । ਲਗਨ ਨੇ ਪੱਥਰਾਂ ਨੂੰ ਵੀ ਸੁਹਣੇ ਬਣਾ ਦਿੱਤਾ ਸੀ ।

# ਚਿਤ੍ਰ ਕਲਾ

ਛੁਹ ਦਾ ਜੀਭ ਦੇ ਸੁਆਦ ਨਾਲ ਗੂਹੜਾ ਸੰਬੰਧ ਹੈ, ਪਰ ਜੀਭ ਦਾ ਸੁਆਦ ਕਿਸੇ ਕੋਮਲ ਕਲਾ ਦਾ ਸ੍ਰੋਤ ਨਹੀਂ ਮੰਨਿਆ ਜਾਂਦਾ। ਮੈਨੂੰ ਇਸ ਗੱਲ ਵਿਚ ਕੁਝ ਪੱਖਪਾਤ ਪ੍ਰਤੀਤ ਹੁੰਦਾ ਹੈ। ਮੇਰੀ ਜਾਚੇ ਰਸੋਈ ਨੂੰ ਜਾਂ ਭੋਜਨ ਪਕਾਉਣ ਨੂੰ ਕੋਮਲ ਕਲਾ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ। ਤਾਂ ਵੀ ਮੈਂ ਇਸ ਦੀ ਬਹੁਤੀ ਵਕਾਲਤ ਨਹੀਂ ਕਰਨੀ ਚਾਹੁੰਦਾ। ਸੰਸਾਰ ਉੱਤੇ ਪਹਿਲਾਂ ਹੀ ਬਥੇਰੀ ਹਿੰਸਾ ਹੈ। ਭੋਜਨ ਪਕਾਉਣ ਨੂੰ ਕਲਾ ਦਾ ਦਰਜਾ ਮਿਲ ਗਿਆ ਤਾਂ ਸਾਰੇ ਝਟਕਈ, ਬੁੱਚੜ ਅਤੇ ਕਸਾਈ ਮਹਾਨ ਕਲਾਕਾਰ ਬਣ ਬਹਿਣਗੇ ਕਿਉਂਕਿ "ਮੋਈ ਮਿੱਟੀ" ਤੋਂ ਬਿਨਾ ਅਸੀਂ ਆਪਣੇ ਭੋਜਨ ਨੂੰ ਮਨੁੱਖਾਂ ਦਾ ਨਹੀਂ ਸਗੋਂ ਪਸ਼ੂਆਂ ਦਾ ਭੋਜਨ ਮੰਨਣ ਲੱਗ ਪਏ ਹਾਂ।

ਬਾਗ਼ਾਂ, ਫੁਲਕਾਰੀਆਂ ਅਤੇ ਵਸਤਰਾਂ ਉਤਲੀ ਕਢਾਈ ਵੀ ਕੋਮਲ ਹੁਨਰ ਨਹੀਂ ਮੰਨੀ ਜਾਂਦੀ। ਹੁਣ ਅਜੇਹਾ ਹੋਣ ਦੀ ਆਸ ਵੀ ਘੱਟ ਹੈ ਕਿਉਂਕਿ ਇਨ੍ਹਾਂ ਕੰਮਾਂ ਲਈ ਹੁਨਰ ਦਾ ਦਰਜਾ ਪ੍ਰਾਪਤ ਕਰਨ ਦਾ ਜਤਨ ਇਸਤ੍ਰੀ ਜਾਤੀ ਨੇ ਕਰਨਾ ਸੀ ਅਤੇ ਉਹ ਆਪਣੇ ਹੱਕਾਂ ਦੇ ਸੰਘਰਸ਼ ਵਿਚ ਏਨੀ ਉਲਝ ਗਈ ਹੈ ਕਿ ਇਸਤ੍ਰੀਅਤ ਲਈ ਆਦਰ ਪੈਦਾ ਕਰਨ ਦੀ ਥਾਂ ਉਹ ਮਰਦ ਦੀ ਬਰਾਬਰੀ ਕਰਨ ਦੇ ਲੋਰ ਵਿਚ ਇਸਤ੍ਰੀਅਤ ਦਾ ਸਮੁੱਚਾ ਤਿਆਗ ਕਰਨ ਵਿਚ ਕਲਿਆਣ ਮੰਨਦੀ ਹੈ। ਹੁਣ ਕਸੀਦਾ (ਫਾਰਸੀ—ਕਸ਼ੀਦਾ) ਉਸ ਲਈ ਮਾਣ ਵਾਲਾ ਕੰਮ ਨਹੀਂ। ਕਹਿੰਦੇ ਹਨ ਹਿੰਦੁਸਤਾਨ ਦੀ ਮਲਿਕਾ ਨੂਰ-ਜਹਾਨ ਨੂੰ ਕਸੀਦੇ ਦਾ ਬਹੁਤ ਸ਼ੌਕ ਸੀ। ਉਸ ਦੇ ਮਾਤਾ-ਪਿਤਾ ਦਾ ਮਕਬਰਾ ਆਗਰੇ ਵਿਚ ਜਮਨਾ ਦੇ ਕੰਢੇ ਹੈ। ਇਸ ਇਮਾਰਤ ਦਾ ਨਕਸ਼ਾ ਨੂਰ ਜਹਾਨ ਦਾ ਬਣਾਇਆ ਹੋਇਆ ਹੈ। ਇਸ ਦੀਆਂ ਖਿੜਕੀਆਂ ਵਿਚ ਸੰਗ ਮਰਮਰ ਦੀਆਂ ਜਾਲੀਆਂ ਲੱਗੀਆਂ ਹੋਈਆਂ ਹਨ। ਇਨ੍ਹਾਂ ਜਾਲੀਆਂ ਵਿਚ ਵੰਨ ਵੰਨ ਦੇ ਡੀਜ਼ਾਈਨ ਬਣੇ ਹੋਏ ਹਨ। ਇਹ ਸਾਰੇ ਡੀਜ਼ਾਈਨ ਨੂਰ ਜਹਾਨ ਨੇ ਕਸੀਦੇ ਵਿਚ ਕੱਢ ਕੇ ਪੱਥਰ ਘਾੜਿਆਂ ਨੂੰ ਦਿੱਤੇ ਸਨ। ਇਨ੍ਹਾਂ ਜਾਲੀਆਂ ਦੀ ਸੁੰਦਰਤਾ ਇਸ ਗੱਲ ਦਾ ਹੁੰਗਾਰਾ ਭਰਦੀ ਹੈ ਕਿ ਕਸ਼ੀਦਾ ਕੋਮਲ ਕਲਾ ਹੈ ਅਤੇ ਚਿਤ੍ਰ ਕਲਾ ਨਾਲ ਚੋਖੀ ਰਲਦੀ ਮਿਲਦੀ ਹੈ। ਮੇਰਾ ਖਿਆਲ ਹੈ ਕਿ ਬਾਗ਼ਾਂ, ਫੁਲਕਾਰੀਆਂ ਅਤੇ ਕਸ਼ੀਦਿਆਂ ਨੂੰ ਕੋਮਲ ਕਲਾ ਦੇ ਦਰਜੇ 'ਤੋਂ ਇਸ ਲਈ ਥੱਲੇ

ਰੱਖਿਆ ਗਿਆ ਹੈ ਕਿ ਇਹ ਆਮ ਆਦਮੀ ਦੀ ਪਹੁੰਚ ਵਿਚ ਹਨ। ਇਨ੍ਹਾਂ ਹੁਨਰਾਂ ਤੋਂ ਵਿਰਵੇ ਹੋ ਜਾਣ ਕਰਕੇ ਮਨੁੱਖੀ ਹੱਥ ਛੁਹ ਦੇ ਉਸ ਕੌਸ਼ਲ ਤੋਂ ਵਾਂਝੇ ਗਏ ਹਨ, ਜਿਹੜਾ ਚਿੱਤ੍ਰ ਕਲਾ ਦੀ ਆਧਾਰ-ਸ਼ਿਲਾ ਹੋਣ ਦਾ ਮਾਣ ਰੱਖਦਾ ਹੈ।

ਮਨੁੱਖ ਦੇ ਸਾਰੇ ਕੋਮਲ ਹੁਨਰ ਅੱਖ ਅਤੇ ਕੰਨ ਦਾ ਵਿਸ਼ਾ ਹਨ। ਵਿਸ਼ੇਸ਼ ਕਰਕੇ ਸਪਰਸ਼ ਜਾਂ ਛੁਹ ਦੀ ਤ੍ਰਿਪਤੀ ਲਈ ਕੋਈ ਕਲਾ ਨਹੀਂ ਉਪਜੀ। ਤਾਂ ਵੀ ਚਿੱਤ੍ਰ ਕਲਾ ਛੁਹ ਦੇ ਕਮਾਲ ਦਾ ਕ੍ਰਿਸ਼ਮਾ ਹੈ। ਇਸੇ ਤਰ੍ਹਾਂ ਸੰਗੀਤ ਵਿਚ ਸਾਜ਼ਾਂ ਦੇ ਵਜਾਉਣ ਲਈ ਵੀ ਛੁਹ ਦੀ ਇੰਦ੍ਰੀ ਦਾ ਅਤੀ ਵਿਕਸਿਤ ਹੋਣਾ ਜ਼ਰੂਰੀ ਹੈ। ਚਿਤ੍ਰ ਕਲਾ ਵਿਚ ਛੁਹ ਅਤੇ ਦ੍ਰਿਸ਼ਟੀ ਦੇ ਅਤੇ ਸਾਜ਼-ਸੰਗੀਤ-ਵਾਦਨ ਵਿਚ ਛੁਹ ਅਤੇ ਸ੍ਰਵਣ ਦੇ ਅਨੋਖੇ ਸੰਜੋਗ ਦੀ ਲੋੜ ਹੁੰਦੀ ਹੈ। ਇਹ ਸੰਜੋਗ ਇੱਕ ਦਾਤ ਹੈ। ਜਤਨ ਨਾਲ ਵੀ ਇਹ ਸੰਜੋਗ ਉਪਜਾਇਆ ਜਾ ਸਕਦਾ ਹੈ ਅਤੇ ਕਿਸੇ ਅਜਿਹੀ ਪਰਿਸਥਿਤੀ ਵਿਚੋਂ ਵੀ ਇਹ ਸੰਜੋਗ ਉਪਜ ਪੈਂਦਾ ਹੈ, ਜਿਹੜੀ ਸਾਧਾਰਣ ਰੂਪ ਵਿਚ ਦੁਖਦਾਈ ਹੁੰਦੀ ਹੈ। ਨੇਤ੍ਰਹੀਣ ਆਦਮੀ ਦੀ ਛੁਹ ਅਤੇ ਸ੍ਰਵਣ (ਕੰਨ) ਦੀ ਇੰਦ੍ਰੀ ਦਾ ਸੰਜੋਗ ਵੀ ਵਿਕਸਿਤ ਹੁੰਦਾ ਹੈ ਅਤੇ ਇਹ ਇੰਦ੍ਰੀਆਂ ਵੀ ਦ੍ਰਿਸ਼ਟੀ ਦੀ ਘਾਟ ਨੂੰ ਪੂਰਾ ਕਰਨ ਲਈ, ਵੱਧ ਵਿਕਸਿਤ ਹੁੰਦੀਆਂ ਹਨ। ਅਣਗਿਣਤ ਨੇਤ੍ਰ-ਹੀਣ ਵਧੀਆ ਸਾਜ਼ਿੰਦੇ ਹਨ। ਅਸੀਂ ਨੇਤ੍ਰ-ਹੀਣਤਾ ਦੀ ਇੱਛਾ ਨਹੀਂ ਕਰਨਾ ਚਾਹੁੰਦੇ ਪਰ ਇਸ ਗੱਲ ਤੋਂ ਇਨਕਾਰ ਵੀ ਨਹੀਂ ਕਰ ਸਕਦੇ ਕਿ ਅੱਖ ਆਪਣੀ ਚੌਧਰ ਦੇ ਚਾਅ ਵਿਚ ਬਾਕੀ ਇੰਦ੍ਰੀਆਂ ਦੇ ਵਿਕਾਸ ਵਿਚ ਰੋਕ ਪਾਉਂਦੀ ਹੈ।

ਮੂਰਤਾਂ ਬਣਾਉਣ ਦਾ ਰਿਵਾਜ ਬਹੁਤ ਪੁਰਾਣਾ ਹੈ। ਪਹਿਲਾਂ ਪਹਿਲ ਮਨੁੱਖ ਮੂਰਤਾਂ ਵਾਹ ਕੇ ਆਪਣੇ ਮਨ ਦੀ ਗੱਲ ਦੂਜਿਆਂ ਨੂੰ ਦਸਦਾ ਸੀ। ਇਹੋ ਤਰੀਕਾ ਵਿਕਸ ਕੇ ਚਿਤ੍ਰ ਲਿਪੀਆਂ ਵਿਚ ਬਦਲ ਗਿਆ। ਮਨੁੱਖੀ ਭਾਸ਼ਾ, ਭਾਸ਼ਾ ਦੀ ਲਿਪੀ ਅਤੇ ਮੂਰਤਾਂ ਵਿਚ ਜ਼ਰੂਰ ਕੋਈ ਗੂਹੜੀ ਸਾਂਝ ਹੈ। ਇਹ ਸਾਂਝ ਮੂਰਤਾਂ ਰਾਹੀਂ ਉਨ੍ਹਾਂ ਵਸਤੂਆਂ ਤੱਕ ਵੀ ਪੁੱਜ ਜਾਂਦੀ ਹੈ, ਜਿਨ੍ਹਾਂ ਦੀਆਂ ਮੂਰਤਾਂ ਬਣਾ ਕੇ ਮਨੁੱਖ ਨੇ ਚਿਤ੍ਰ ਲਿੱਪੀਆਂ ਨੂੰ ਜਨਮ ਦਿੱਤਾ ਸੀ। ਕੁੱਝ ਇੱਕ ਨੂੰ ਛੱਡ ਕੇ ਅਜੋਕੀਆਂ ਸਾਰੀਆਂ ਲਿੱਪੀਆਂ ਵਸਤੂਆਂ ਦੇ ਆਕਾਰਾਂ ਨਾਲੋਂ ਉਨ੍ਹਾਂ ਦੁਆਰਾ ਉਪਜਾਈਆਂ ਜਾਣ ਵਾਲੀਆਂ ਆਵਾਜ਼ਾਂ ਨਾਲ ਬਹੁਤਾ ਨੇੜਲਾ ਸੰਬੰਧ ਰੱਖਦੀਆਂ ਹਨ।

ਸੱਭਿਅਤਾ ਦੇ ਵਿਕਾਸ ਨਾਲ ਮਨੁੱਖ ਵਿਚ ਮੂਰਤਾਂ ਦਾ ਪਿਆਰ ਇੱਕ ਵਿਸ਼ੇਸ਼ ਹੱਦ ਤੱਕ ਵੱਧਦਾ ਗਿਆ ਹੈ। ਜਿਹੜੇ ਕਲਾਕਾਰ ਰੰਗ ਅਤੇ ਬੁਰਸ਼ ਦੀ ਵਰਤੋਂ ਨਹੀਂ ਸਨ ਕਰ ਸਕਦੇ ਉਹ ਭਾਸ਼ਾ ਰਾਹੀਂ ਸ਼ਬਦ ਚਿੱਤ੍ਰ ਬਣਾ ਕੇ ਮੂਰਤੀ-ਮੋਹ ਪ੍ਰਗਟ ਕਰਦੇ ਆਏ ਹਨ। ਚਿੱਤ੍ਰ ਕਾਵਿ ਨੂੰ ਭਾਵੇਂ ਉੱਤਮ ਦਰਜਾ ਪ੍ਰਾਪਤ ਨਹੀਂ ਤਾਂ ਵੀ ਸੰਸਾਰ ਦਾ ਹਰ ਮਹਾਨ ਕਵੀ ਆਪਣੀ ਕਵਿਤਾ ਵਿਚ ਚਿੱਤ੍ਰ ਉਲੀਕਦਾ ਆਇਆ ਹੈ।

ਮੂਰਤਾਂ ਨੂੰ ਸੰਭਾਲਣਾ ਇੱਕ ਕਠਨ ਕੰਮ ਹੈ। ਕਾਗ਼ਜ਼, ਕਪੜੇ, ਲਕੜੀ ਅਤੇ ਪੱਥਰ ਆਦਿਕ ਉੱਤੇ ਬਣੀਆਂ ਮੂਰਤਾਂ ਆਪੋ ਆਪਣੀ ਉਮਰ ਭੋਗ ਕੇ ਵਿਨਾਸ਼ ਨੂੰ ਪ੍ਰਾਪਤ ਹੋ ਜਾਂਦੀਆਂ ਹਨ। ਜਿਸ ਮਾਧਿਅਮ ਉੱਤੇ ਮੂਰਤ ਬਣਾਈ ਜਾਂਦੀ ਹੈ, ਉਸ ਨੂੰ ਚਿੱਤ੍ਰ-ਪਟ

ਆਖਿਆ ਜਾਂਦਾ ਹੈ। ਚਿੱਤ੍ਰ-ਪਟ ਭਾਵੇਂ ਕਿੰਨਾ ਵੀ ਹੰਢਣਸਾਰ ਕਿਉਂ ਨ ਹੋਵੇ ਉਸ ਉਤਲੇ ਚਿੱਤ੍ਰ ਦੇ ਰੰਗ ਸਮਾਂ ਪਾ ਕੇ ਉੱਡ ਜਾਂਦੇ ਹਨ। ਇਸੇ ਕਰਕੇ ਪੁਰਾਤਨ ਸਮੇਂ ਦੇ ਚਿੱਤ੍ਰ ਨਹੀਂ ਮਿਲਦੇ। ਚਿੱਤ੍ਰ ਕਲਾ ਦਾ ਰਿਵਾਜ ਉਦੋਂ ਵਧਿਆ ਜਦੋਂ ਮਨੁੱਖ ਸੱਭਿਅ ਸਮਾਜਾਂ ਦੇ ਰੂਪ ਵਿਚ ਟਿਕ ਕੇ ਬੈਠ ਗਿਆ ਅਤੇ ਆਪਣੀਆਂ ਕਲਾ-ਕ੍ਰਿਤੀਆਂ ਨੂੰ ਸੰਭਾਲਣ ਦੇ ਯੋਗ ਹੋ ਗਿਆ।

ਮੂਰਤਾਂ ਨੂੰ ਦੋ ਮੁੱਢਲੀਆਂ ਵੰਡਾਂ ਵਿਚ ਵੰਡਿਆ ਜਾ ਸਕਦਾ ਹੈ। ਇੱਕ ਹੈ ਪਰਕਿਰਤੀ ਚਿੱਤ੍ਰ ਅਤੇ ਦੂਜਾ ਹੈ ਮਾਨਵ ਚਿੱਤ੍ਰ। ਇਨ੍ਹਾਂ ਦੇ ਅੱਗੇ ਦੋ ਦੋ ਰੂਪ ਹਨ। ਕੁਦਰਤ ਜਾਂ ਪਰਕਿਰਤੀ ਦੇ ਚਿੱਤ੍ਰ ਵਿਚ ਕਿਸੇ ਇਕ ਫੁੱਲ, ਬੂਟੇ, ਪਸ਼ੂ, ਪੰਛੀ ਜਾਂ ਗੁਲਦਸਤੇ ਨੂੰ ਵੀ ਚਿੱਤ੍ਰਿਆ ਜਾ ਸਕਦਾ ਹੈ ਅਤੇ ਕਿਸੇ ਪੂਰੇ ਦ੍ਰਿਸ਼ ਨੂੰ ਵੀ ਜਿਸ ਵਿਚ ਇਹ ਸਭ ਕੁਝ ਹੀ ਹੋਵੇ। ਇਸੇ ਤਰ੍ਹਾਂ ਕਿਸੇ ਇੱਕ ਵਿਅਕਤੀ ਦਾ ਚਿੱਤ੍ਰ ਵੀ ਬਣਾਇਆ ਜਾ ਸਕਦਾ ਹੈ ਅਤੇ ਕਿਸੇ ਇੱਕ ਪਰਵਾਰ, ਇਕੱਠ, ਜਲੂਸ ਜਾਂ ਲੜਾਈ ਝਗੜੇ ਦਾ ਵੀ।

ਹਰ ਠੋਸ ਵਸਤੂ ਤਿੰਨ ਪਾਸਾਰੀ ਹੁੰਦੀ ਹੈ। ਇਹ ਪਾਸਾਰ ਹਨ ਲੰਬਾਈ, ਚੌੜਾਈ ਅਤੇ ਮੁਟਾਈ। ਪੱਥਰ ਦੀ ਮੂਰਤੀ ਵਿਚ ਤਿੰਨੇ ਪਾਸਾਰ ਪ੍ਰਗਟ ਕੀਤੇ ਜਾ ਸਕਦੇ ਹਨ। ਪੱਧਰੇ ਚਿੱਤ੍ਰ-ਪਟ ਉੱਤੇ ਲੰਬਾਈ ਅਤੇ ਚੌੜਾਈ ਤਾਂ ਵਿਖਾਈ ਜਾ ਸਕਦੀ ਹੈ, ਪ੍ਰੰਤੂ ਮੁਟਾਈ ਵਿਖਾਉਣਾ ਜ਼ਰਾ ਔਖਾ ਕੰਮ ਹੈ। ਚਿੱਤ੍ਰ ਕਲਾ ਇਸ ਤੀਜੇ ਪਾਸਾਰ ਨੂੰ ਪ੍ਰਗਟ ਕਰਨ ਦੇ ਜਤਨ ਵਿਚ ਯਥਾਰਥਵਾਦ ਨੂੰ ਆਦਰਸ਼ ਮੰਨ ਕੇ ਤੁਰਦੀ ਆਈ ਹੈ। ਕਿਸੇ ਵਿਅਕਤੀ ਦਾ ਚਿੱਤ੍ਰ ਬਣਾਉਣ ਦਾ ਕਮਾਲ ਵੀ ਇਸੇ ਗੱਲ ਵਿਚ ਹੈ ਕਿ ਉਸ ਦੇ ਨੈਣ-ਨਕਸ਼ ਹੂ-ਬ-ਹੂ ਚਿੱਤ੍ਰੇ ਜਾਣ। ਇਸ ਲਈ ਯਥਾਰਥਵਾਦ ਦਾ ਪਾਲਣ ਕਰਨਾ ਚਿੱਤ੍ਰ ਕਲਾ ਦੀ ਮਜਬੂਰੀ ਵੀ ਸੀ ਅਤੇ ਆਦਰਸ਼ ਵੀ। ਰੁਮਾਂਟਿਕ ਪ੍ਰਭਾਵਾਂ ਹੇਠ ਕਿਧਰੇ ਕਿਧਰੇ ਚਿੱਤ੍ਰ ਕਲਾ ਨੇ ਇਸਤ੍ਰੀ-ਰੂਪ ਨੂੰ ਚਿੱਤ੍ਰਦਿਆਂ ਹੋਇਆਂ ਸਰੀਰਕ ਅੰਗਾਂ ਦਾ ਕਾਲਪਨਿਕ ਅਨੁਪਾਤ ਵੀ ਚਿਤ੍ਰਿਆ ਹੈ, ਜਿਸ ਨਾਲ ਕਲਾ ਵਿਚ ਕੋਝ ਦਾ ਮਿਸ਼ਰਣ ਹੋ ਗਿਆ ਹੈ।

ਰੰਗਾਂ ਦੀ ਸਹਾਇਤਾ ਨਾਲ ਤਿੰਨ ਪਾਸਾਰੀ ਪ੍ਰਭਾਵ ਉਜਾਗਰ ਕਰਨ ਵਿਚ ਸਫਲ ਹੋ ਜਾਣ ਤੋਂ ਪਿੱਛੋਂ ਚਿੱਤ੍ਰ ਕਲਾ ਨੇ ਮਨੁੱਖੀ ਮਨ ਦੇ ਭਾਵਾਂ, ਆਦਰਸ਼ਾਂ ਅਤੇ ਵਿਸ਼ਵਾਸਾਂ ਨੂੰ ਚਿੱਤ੍ਰਣ ਵਿਚ ਕਮਾਲ ਹਾਸਲ ਕਰਨ ਨੂੰ ਆਪਣਾ ਆਦਰਸ਼ ਬਣਾਇਆ। ਇਸ ਆਦਰਸ਼ ਦੀ ਪ੍ਰਾਪਤੀ ਲਈ ਧਰਮ ਅਤੇ ਮਿਥਹਾਸ ਨੂੰ ਕਲਾ ਦਾ ਵਿਸ਼ਾ ਬਣਾਇਆ ਜਾਣਾ ਜ਼ਰੂਰੀ ਸੀ। ਯੂਰਪੀ ਚਿੱਤ੍ਰਕਾਰਾਂ ਨੇ ਯਸੂ ਮਸੀਹ, ਮਾਤਾ ਮਰੀਅਮ ਅਤੇ ਸੰਤ ਜੋਸਫ ਦੇ ਅਨੇਕ ਚਿੱਤ੍ਰ ਬਣਾ ਕੇ ਸੰਸਾਰ ਦੀ ਪਾਰਖੂ ਅੱਖ ਨੂੰ ਹੈਰਾਨ ਕੀਤਾ ਹੈ। ਪ੍ਰੰਤੂ ਇਸ ਪੱਖ ਵਿਚ ਚੀਨੀਆਂ ਅਤੇ ਜਾਪਾਨੀਆਂ ਦੀ ਦੇਣ ਮਹਾਨ ਹੈ। ਜਾਪਾਨ ਕੁਦਰਤੀ ਸੁੰਦਰਤਾ ਨਾਲ ਭਰਪੂਰ ਹੈ। ਜਾਪਾਨੀ ਚਿੱਤ੍ਰਕਾਰ ਕੁਦਰਤੀ ਦ੍ਰਿਸ਼ਾਂ ਦੇ ਚਿੱਤ੍ਰਣ ਵਿਚ ਉਚੇਚੀ ਮਹਾਰਤ ਰੱਖਦੇ ਹਨ। ਦ੍ਰਿਸ਼ ਚਿਤ੍ਰਣ ਦਾ ਜਨਮ ਚੀਨ ਵਿਚ ਪਰ ਵਿਕਾਸ ਜਾਪਾਨ ਵਿਚ ਹੋਇਆ ਹੈ।

ਚੀਨੀ ਸਭਿਅਤਾ ਅਤੇ ਸੰਸਕ੍ਰਿਤੀ ਦਾ ਜਾਪਾਨ ਉੱਤੇ ਏਨਾ ਪ੍ਰਭਾਵ ਰਿਹਾ ਹੈ ਕਿ

ਪਹਿਲਾਂ ਪਹਿਲ ਜਾਪਾਨੀ ਭਾਸ਼ਾ ਚੀਨੀ ਲਿਪੀ ਵਿਚ ਲਿਖੀ ਜਾਂਦੀ ਸੀ ਅਤੇ ਜਾਪਾਨੀ ਰਾਜ ਪ੍ਰਬੰਧ ਚੀਨੀ ਲੀਹਾਂ ਉੱਤੇ ਚਲਾਇਆ ਜਾਂਦਾ ਸੀ। ਇੱਥੋਂ ਤਕ ਕਿ ਜਾਪਾਨੀ ਲੋਕ ਖੇਤੀ ਬਾੜੀ ਦੇ ਤਰੀਕੇ ਵੀ ਚੀਨੀਆਂ ਕੋਲੋਂ ਸਿਖਦੇ ਸਨ। ਲੋਕਾਂ ਦੇ ਹੁਨਰਾਂ ਨੂੰ ਅਪਣਾਉਣ ਦੀ ਰੁਚੀ ਅਜੇ ਤਕ ਵੀ ਜਾਪਾਨੀਆਂ ਨੇ ਤਿਆਗੀ ਨਹੀਂ ਅਤੇ ਇਸਦਾ ਸਦਕਾ ਇਨ੍ਹਾਂ ਨੇ ਆਧੁਨਿਕ ਯੁਗ ਵਿਚ ਸੰਸਾਰ ਦੇ ਵੱਡੇ ਵੱਡੇ ਮਸ਼ੀਨੀ ਦੇਸ਼ਾਂ ਦੀ ਪਿੱਠ ਲਾ ਦਿੱਤੀ ਹੈ। ਮਿਸਾਲ ਵਜੋਂ ਮੋਟਰ ਸਾਈਕਲ ਦੀ ਗੱਲ ਕਰ ਲੈਂਦੇ ਹਾਂ। ਪੱਛਮੀ ਯੋਰਪ ਕੋਲੋਂ ਜਾਪਾਨੀਆਂ ਨੇ ਮੋਟਰ ਸਾਈਕਲ ਬਣਾਉਣ ਦੀ ਪ੍ਰੇਰਣਾ ਲਈ ਸੀ। ਅੱਜ ਹਾਲਤ ਇਹ ਹੈ ਕਿ ਇੰਗਲੈਂਡ ਵਿਚ ਮੋਟਰ ਸਾਈਕਲ ਬਣਾਉਣ ਦਾ ਇੱਕ ਵੀ ਕਾਰਖਾਨਾ ਨਹੀਂ ਅਤੇ ਇੱਕ ਵੀ ਮੋਟਰ ਸਾਈਕਲ ਬਣਾਇਆ ਨਹੀਂ ਜਾਂਦਾ। ਲੱਖਾਂ ਮੋਟਰ ਸਾਈਕਲ ਜਾਪਾਨ ਤੋਂ ਇੱਥੇ ਇਮਪੋਰਟ ਕੀਤੇ ਜਾਂਦੇ ਹਨ।

ਚੀਨ ਕੋਲੋਂ ਚਿੱਤ੍ਰਕਾਰੀ ਲੈ ਕੇ ਜਾਪਾਨੀਆਂ ਨੇ ਪਰਕਿਰਤੀ-ਦ੍ਰਿਸ਼-ਚਿਤ੍ਰਣ (ਲੈਂਡਸਕੇਪ ਪੇਂਟਿੰਗ **Land-Scape Painting**) ਵਿਚ ਸਾਰੇ ਸੰਸਾਰ ਨੂੰ ਪਿੱਛੇ ਛੱਡ ਦਿੱਤਾ ਹੈ। ਭਾਵੇਂ ਆਮ ਹਾਲਤਾਂ ਵਿਚ ਉਹ ਅਜੇ ਵੀ ਚੀਨੀ ਪਰੰਪਰਾ ਦੇ ਧਾਰਨੀ ਹਨ ਤਾਂ ਵੀ ਇੱਕ ਗੱਲ ਵਿਚ ਉਹ ਨਿਰੋਲ ਮੌਲਿਕ ਅਤੇ ਅਦੁੱਤੀ ਹਨ। ਬੁੱਧ ਮੱਤ ਦੇ ਸ਼ੂੰਨ ਦੇ ਸਿਧਾਂਤ ਨੂੰ ਚਿੱਤ੍ਰ ਵਿਚ ਪ੍ਰਗਟ ਕਰਨ ਦਾ ਇੱਕ ਅਨੋਖਾ ਢੰਗ ਜਾਪਾਨੀਆਂ ਨੇ ਕੱਢਿਆ ਹੈ। ਉਹ ਕਾਗਜ਼ ਉੱਤੇ ਕੋਇਲੇ ਜਾਂ ਪੈਨਸਿਲ ਨਾਲ ਕੁਦਰਤ ਦੇ ਕਿਸੇ ਦ੍ਰਿਸ਼ ਦਾ ਚਿੱਤ੍ਰਣ ਕਰਦੇ ਹਨ। ਇਸ ਚਿੱਤ੍ਰ ਦੀ ਤਰਤੀਬ ਅਜੇਹੀ ਹੁੰਦੀ ਹੈ ਕਿ ਇਸ ਵਿਚ ਪੁਲਾੜ ਦਾ ਚਿੱਤ੍ਰਣ ਕੀਤਾ ਗਿਆ ਅਨੁਭਵ ਹੁੰਦਾ ਹੈ। ਪੁਲਾੜ ਕਿਸੇ ਤਰ੍ਹਾਂ ਵੀ ਪਰਤੀਤਿਆ ਨਹੀਂ ਜਾ ਸਕਦਾ। ਜਾਪਾਨੀ ਢੰਗ ਇਹ ਹੈ ਕਿ ਉਹ ਚਿੱਤ੍ਰ ਵਿਚ ਰੰਗ ਨਹੀਂ ਵਰਤਦੇ; ਦੂਜੀ ਵਿਉਂਤ ਇਹ ਹੁੰਦੀ ਹੈ ਕਿ ਚਿੱਤ੍ਰ ਵਿਚ ਦੋ ਵਸਤੂਆਂ ਨੂੰ ਉਲੀਕਿਆ ਗਿਆ ਹੁੰਦਾ ਹੈ। ਇਨ੍ਹਾਂ ਵਿਚੋਂ ਇੱਕ ਨੇੜੇ ਦੀ ਅਤੇ ਦੂਜੀ ਬਹੁਤ ਦੂਰ ਦੀ ਵਸਤੂ ਹੁੰਦੀ ਹੈ। ਇਨ੍ਹਾਂ ਦੋ ਚੋਣਵੀਆਂ ਵਸਤੂਆਂ ਤੋਂ ਛੁਟ ਬਾਕੀ ਸਭ ਕੁਝ ਅਣ-ਛੋਹਿਆ ਰਹਿਣ ਦਿੱਤਾ ਜਾਂਦਾ ਹੈ। ਚਿਤ੍ਰਿਤ ਵਸਤੂਆਂ ਵਿਚ ਡੂੰਘਾ ਸੰਬੰਧ ਨਹੀਂ ਰੱਖਿਆ ਜਾਂਦਾ। ਨੇੜੇ ਅਤੇ ਦੂਰ ਦੀ ਵਸਤੂ ਦੇ ਵਿਚਕਾਰ ਫੈਲੇ ਹੋਏ ਪੁਲਾੜ ਦਾ ਇੱਕ ਅਨੋਖਾ ਜਿਹਾ ਅਹਿਸਾਸ ਇਸ ਵਿਉਂਤ ਵਿਚੋਂ ਉਪਜ ਪੈਂਦਾ ਹੈ। ਇਸ ਅਹਿਸਾਸ ਨੂੰ ਹੋਰ ਉਜਾਗਰ ਕਰਨ ਲਈ ਇਨ੍ਹਾਂ ਮੂਰਤਾਂ ਦੇ ਪੈਰਾਂ ਵਿਚ ਇਕੱਤੀ ਮਾਤ੍ਰਾਂ ਦੀ ਇੱਕ ਨਿੱਕੀ ਜਹੀ ਪਰ ਸੰਪੂਰਣ ਕਵਿਤਾ ਲਿਖੀ ਜਾਂਦੀ ਹੈ। ਇਸ ਕਵਿਤਾ ਨੂੰ ਟੈਂਕਾ (Tanka) ਆਖਿਆ ਜਾਂਦਾ ਹੈ। ਇਸ ਵਿਚ 5, 7, 5, 7 ਅਤੇ 7 ਮਾਤ੍ਰਾਂ ਉੱਤੇ ਵਿਸ਼੍ਰਾਮ ਹੁੰਦਾ ਹੈ। ਇੱਕ ਵਿਸ਼ਵ-ਵਿਖਿਆਤ ਜਾਪਾਨੀ ਚਿੱਤ੍ਰ ਵਿਚ ਪੁਲਾੜ ਨੂੰ ਚਿਤ੍ਰਿਤ ਕਰਨ ਲਈ ਸੁੱਕੇ ਰੁੱਖ ਦੀ ਟਾਹਣੀ ਉੱਤੇ ਇੱਕ ਪੰਛੀ ਅਤੇ ਦੂਰ ਦਿਸ-ਹੱਦੇ ਉੱਤੇ ਡੁੱਬਦਾ ਸੂਰਜ ਵਿਖਾ ਕੇ ਥੱਲੇ ਇਹ ਕਵਿਤਾ ਲਿਖੀ ਹੋਈ ਹੈ।

ਪੱਤਝੜ ਦੀ ਰੁੱਤੇ,
ਸੁੰਢ ਮਸੁੰਦੀ ਸੁੱਕੀ ਟਾਹਣੀ,
ਪੰਛੀ ਆਣ ਬਸੇਰਾ ਕੀਤਾ,
ਸੰਧਿਆ ਗੂਹੜੀ ਹੁੰਦੀ ਜਾਵੇ ।

ਇਸੇ ਤਰ੍ਹਾਂ ਦਾ ਇੱਕ ਹੋਰ ਚਿੱਤ੍ਰ, ਇਸ ਤੋਂ ਐਨ ਉਲਟ, ਪੱਤਝੜ ਅਤੇ ਸੰਧਿਆ ਦੀ ਥਾਂ ਬਹਾਰ ਅਤੇ ਉਗਦੇ ਸੂਰਜ ਨੂੰ ਉਲੀਕ ਕੇ ਪੁਲਾੜ ਦੀ ਵਿਸ਼ਾਲਤਾ ਅਤੇ ਵਿਆਪਕਤਾ ਪਰਗਟ ਕਰਦਾ ਹੈ। ਉਸ ਚਿੱਤ੍ਰ ਹੇਠਲੀ ਕਵਿਤਾ ਇਸ ਪ੍ਰਕਾਰ ਹੈ :

ਵਿੰਗ ਤੜਿੰਗੀ ਸੜਕ ਪਹਾੜੀ,
ਫੁੱਲਾਂ ਨਾਲ ਭਰੇ ਹਨ ਪਾਸੇ,
ਪੂਰਬ ਦੀ ਕੁੱਖੋਂ ਉਗਦਾ ਸੂਰਜ,
ਪ੍ਰਭਾਤ ਪਸਰਦੀ ਧਰਤੀ ਉੱਤੇ ।

ਦਾਰਸ਼ਨਿਕ ਡੂੰਘਾਈਆਂ ਦਾ ਮਹੱਤਵ ਭਾਵੇਂ ਕਿੰਨਾਂ ਵੀ ਵੱਡਾ ਕਿਉਂ ਨ ਹੋਵੇ ਚਿੱਤ੍ਰ ਕਲਾ ਦੀ ਵੱਡਿਆਈ ਕਿਸੇ ਆਕਾਰ ਨੂੰ ਹੂ-ਬ-ਹੂ ਪਰਗਟ ਕਰਨ ਵਿਚ ਹੀ ਮੰਨੀ ਜਾਂਦੀ ਰਹੀ ਹੈ। ਜਿਹੜਾ ਚਿੱਤ੍ਰਕਾਰ ਅਸਲ ਅਤੇ ਨਕਲ ਦੇ ਫਰਕ ਨੂੰ ਜਿੰਨਾਂ ਘਟਾ ਦਿੰਦਾ ਸੀ ਓਨਾ ਹੀ ਮਹਾਨ ਉਹ ਮੰਨਿਆਂ ਜਾਂਦਾ ਸੀ। ਚਿੱਤ੍ਰ ਕਲਾ ਲਈ ਯਥਾਰਥਵਾਦ ਉਹੋ ਕੁਝ ਸੀ ਜੋ ਪਰਤੀਕਵਾਦ ਮੂਰਤੀ ਕਲਾ ਲਈ ਸੀ। ਅਚਾਨਕ ਇਕ ਹੋਣੀ ਵਾਪਰ ਗਈ। ਇਕ ਨਿੱਕੀ ਜਹੀ ਵਿਗਿਆਨਕ ਕਾਢ ਨੇ ਚਿੱਤ੍ਰਕਾਰ ਦੇ ਸਾਰੇ ਗੌਰਵ ਨੂੰ ਹਲੂਣ ਸੁੱਟਿਆ। ਉਹ ਹੈਰਾਨ, ਸ਼ਰਮਸਾਰ ਅਤੇ ਲਾਚਾਰ ਜਿਹਾ ਹੋ ਗਿਆ। ਇਕ ਨਿੱਕਾ ਜਿਹਾ ਖਿਡਾਉਣਾ ਉਸ ਦੇ ਸਾਰੇ ਯਥਾਰਥਵਾਦੀ ਕਮਾਲ ਨੂੰ 'ਤੁੱਛ' ਸਿੱਧ ਕਰਨ ਵਿਚ ਸਫਲ ਹੋ ਗਿਆ। ਇਸ ਖਿਡਾਉਣੇ ਦਾ ਨਾਂ ਸੀ ਕੈਮਰਾ, ਜੋ ਹਰ ਚਿੱਤ੍ਰਕਾਰ ਲਈ ਇਕ ਚਨੌਤੀ ਸੀ। ਯਥਾਰਥ! ਹੂ-ਬਹੂ-ਤਾ। ਇਹ ਵੀ ਕੋਈ ਕਮਾਲ ਹੈ!! ਵੀਹ ਰੁਪਏ ਦਾ ਕੈਮਰਾ ਕਿਸੇ ਵੀ ਚਿੱਤ੍ਰਕਾਰ ਨਾਲੋਂ ਵੱਧ ਹੂ-ਬ-ਹੂ ਉਤਾਰਾ ਕਰ ਸਕਦਾ ਹੈ। ਭਲਾ ਜੇ ਕਿਸੇ ਨੇ ਸਾਲਾਂ ਦੀ ਮਿਹਨਤ ਨਾਲ ਆਪਣੇ ਚਿੱਤ੍ਰਾਂ ਅਤੇ ਅਸਲੀ ਅਕਾਰਾਂ ਵਿਚ ਇੰਨ-ਬਿੰਨਤਾ ਪੈਦਾ ਕਰ ਹੀ ਲਈ ਤਾਂ ਕਿਹੜੀ ਮੱਲ ਮਾਰ ਲਈ।

ਸਦੀਆਂ ਤੋਂ ਸਤਿਕਾਰਿਆ ਆਉਂਦਾ ਚਿੱਤ੍ਰਕਾਰ ਏਨੀ ਛੇਤੀ ਹਾਰ ਮੰਨਣ ਨੂੰ ਤਿਆਰ ਨਹੀਂ ਸੀ। ਉਹ ਰਾਜਿਆਂ, ਮਹਾਰਾਜਿਆਂ ਅਤੇ ਸਮਰਾਟਾਂ ਦੀਆਂ ਤਸਵੀਰਾਂ ਬਣਾ ਕੇ ਜਾਗੀਰਾਂ ਲੈਂਦਾ ਆਇਆ ਸੀ। ਜਦੋਂ ਉਹ ਕਿਸੇ ਵਿਅਕਤੀ ਦੇ ਚਿਹਰੇ ਨੂੰ ਇੰਨ ਬਿੰਨ ਕਾਗਜ਼ ਜਾਂ ਚਿੱਤ੍ਰ ਪਟ ਉੱਤੇ ਉਤਾਰ ਦਿੰਦਾ ਸੀ ਤਾਂ ਵੇਖਣ ਵਾਲੇ ਹੈਰਾਨ ਰਹਿ ਜਾਂਦੇ ਸਨ।*

---

*ਕਾਵਿ ਕਲਾ ਅਤੇ ਚਿੱਤ੍ਰ ਕਲਾ ਵਿਚ ਇਹ ਵੱਡਾ ਅੰਤਰ ਹੈ ਕਿ ਇਕ ਦਾ ਕਮਾਲ ਦੂਜੀ ਦੀ ਨਮੋਸ਼ੀ ਹੈ। ਚਿੱਤ੍ਰਕਾਰ ਕਿਸੇ ਦ੍ਰਿਸ਼ ਜਾਂ ਚਿਹਰੇ ਨੂੰ ਇੰਨ ਬਿੰਨ ਬਣਾ ਕੇ ਮਹਾਨ ਹੁੰਦਾ ਹੈ ਅਤੇ ਕਵੀ ਉਦੋਂ ਅਨਾੜੀ ਅਤੇ ਹਾਸੋ ਹੀਣਾ ਮੰਨਿਆਂ ਜਾਂਦਾ ਹੈ ਜਦੋਂ ਕਿਸੇ ਦ੍ਰਿਸ਼ ਜਾਂ ਘਟਨਾ ਨੂੰ ਇੰਨ ਬਿੰਨ*→

ਆਪਣੀ ਪ੍ਰਭੁਤਾ ਦੇ ਭਰਮ ਨੂੰ ਬਣਾਈ ਰੱਖਣ ਲਈ ਉਸ ਨੇ ਨਵਾਂ ਮੋੜ ਮੁੜਿਆ। ਜੇ ਕੈਮਰਾ ਇੰਨ ਬਿੰਨ ਉਤਾਰਾ ਕਰ ਸਕਦਾ ਹੈ ਤਾਂ ਮੈਂ ਕੁਝ ਅਜਿਹਾ ਵੀ ਕਰ ਸਕਦਾ ਹਾਂ ਜੋ ਕੈਮਰਾ ਨਹੀਂ ਕਰ ਸਕਦਾ। ਮੈਂ ਅਸਲ ਵਸਤੂਆਂ ਨੂੰ ਇੰਨ ਬਿੰਨ ਚਿੱਤ੍ਰਣ ਦੀ ਥਾਂ ਉਨ੍ਹਾਂ ਨੂੰ ਵਿਗਾੜ ਤਿਗਾੜ ਕੇ ਵਿੰਗ ਤੜਿੰਗੇ ਰੂਪ ਦੇ ਸਕਦਾ ਹਾਂ। ਚਿੱਤ੍ਰਕਾਰ ਦੀ ਇਸ ਭਾਂਜ ਅਤੇ ਪ੍ਰਤੀ-ਕਿਰਿਆ ਵਿਚੋਂ ਅਜੋਕੇ ਐਬਸਟ੍ਰੈਕਟ ਆਰਟ (Abstract Art ਅਮੂਰਤ ਜਾਂ ਅਸਪਸ਼ਟ ਚਿਤ੍ਰਕਲਾ ਦਾ ਜਨਮ ਹੋਇਆ ਹੈ ਅਤੇ ਜਿਸ ਸਮੇਂ ਇਹ ਸਭ ਕੁਝ ਹੋਇਆ ਉਹ ਸਮਾਂ ਯੌਰਪ ਵਿਚ ਮਸ਼ੀਨੀ ਉੱਨਤੀ ਦਾ ਵੀ ਸੀ। ਮਸ਼ੀਨ ਦੀ ਸਹਾਇਤਾ ਨਾਲ ਧਨ ਦੀ ਉਪਜ ਵਿਚ ਹੋਇਆ ਵਾਧਾ ਯੂਰਪੀ ਦੇਸ਼ਾਂ ਦੇ ਲੋਕਾਂ ਦੇ ਜੀਵਨ ਵਿਚ ਤਬਦੀਲੀ ਲਿਆ ਰਿਹਾ ਸੀ। ਜੰਗੀ ਹਥਿਆਰਾਂ ਦੇ ਸਹਾਰੇ ਅਮਰੀਕਾ, ਅਫਰੀਕਾ ਅਤੇ ਏਸ਼ੀਆ ਵਿਚ ਵੱਡੇ ਵੱਡੇ ਸਾਮਰਾਜ ਪੈਦਾ ਕੀਤੇ ਜਾ ਰਹੇ ਸਨ। ਪੱਛਮੀ ਵਿਦਿਆ ਉੱਨਤ ਹੋ ਕੇ ਬਾਹਰਲੇ ਸੰਸਾਰ ਵਿਚ ਫੈਲ ਰਹੀ ਸੀ। ਛਾਪਾਖਾਨਾ ਬਣ ਜਾਣ ਕਰਕੇ ਪੁਸਤਕਾਂ ਆਮ ਹੋ ਰਹੀਆਂ ਸਨ। ਯੌਰਪ ਦਾ ਬਹੁਤਾ ਦਰਸ਼ਨ ਅਠਾਰ੍ਹਵੀਂ ਅਤੇ ਉੱਨੀਵੀਂ ਸਦੀ ਦੀ ਕਿਰਤ ਹੈ।

ਸਾਰੀਆਂ ਕੋਮਲ ਕਲਾਵਾਂ ਅੱਖ ਅਤੇ ਕੰਨ ਦਾ ਵਿਸ਼ਾ ਹਨ। ਏਸ਼ਿਆਈ ਗਰਮ ਦੇਸ਼ਾਂ ਵਿਚ ਕੰਨ ਨਾਲ ਸੰਬੰਧਤ ਕਲਾਵਾਂ ਨੂੰ ਅਤੇ ਯੂਰਪੀ ਸਰਦ ਦੇਸ਼ਾਂ ਵਿਚ ਅੱਖ ਨਾਲ ਸੰਬੰਧਤ, ਚਿੱਤ੍ਰ-ਕਲਾ ਨੂੰ ਮਹਾਨਤਾ ਪ੍ਰਾਪਤ ਰਹੀ ਹੈ। ਇਸ ਵਰਗੀਕਰਣ ਨੂੰ ਹੋਰ ਵੀ ਸਰਲ ਕਰਨ ਲਈ ਇਹ ਆਖਿਆ ਜਾ ਸਕਦਾ ਹੈ ਕਿ ਪਦਾਰਥਵਾਦੀ ਰੁਚੀ ਵਾਲੇ ਲੋਕ ਅੱਖ ਨਾਲ ਸੰਬੰ-ਧਤ ਕਲਾ ਨੂੰ ਅਤੇ ਅੱਧਿਆਤਮਵਾਦੀ ਰੁਚੀ ਵਾਲੇ ਲੋਕ ਕੰਨ ਨਾਲ ਸੰਬੰਧਤ ਕਲਾ ਨੂੰ ਸ੍ਰੇਸ਼ਟ ਮੰਨਦੇ ਆਏ ਹਨ। ਇਸ ਦਾ ਕਾਰਨ ਕੁਝ ਇਸ ਪ੍ਰਕਾਰ ਹੈ ਕਿ ਠੰਢੇ ਦੇਸ਼ਾਂ ਵਿਚ ਵਸਦੇ ਆਦੀ ਮਨੁੱਖ ਲਈ ਸ਼ਿਕਾਰ ਉਸ ਦੀ ਉਪਜੀਵਕਾ ਦਾ ਸਾਧਨ ਬਣਿਆ ਰਿਹਾ ਹੈ। ਇਸ ਦੇ ਉਲਟ ਗਰਮ ਅਤੇ ਹਰਿਆਲੇ ਦੇਸ਼ਾਂ ਦੇ ਮਨੁੱਖ ਨੂੰ ਸ਼ਿਕਾਰੀ ਬਣੇ ਰਹਿਣ ਦੀ ਮਜ-ਬੂਰੀ ਤੋਂ ਛੁਟਕਾਰਾ ਦੇਣ ਲਈ ਕੰਦ-ਮੂਲ ਅਤੇ ਫਲ ਕੁਦਰਤੀ ਦਾਤ ਦੇ ਰੂਪ ਵਿਚ ਪ੍ਰਾਪਤ ਸਨ। ਖੇਤੀ ਦੀ ਜਾਚ ਸਿੱਖਣ ਤੋਂ ਪਹਿਲਾਂ ਕਈ ਹਜ਼ਾਰ ਸਾਲਾਂ ਤੱਕ ਸ਼ਿਕਾਰ ਉੱਤੇ ਨਿਰ-ਭਰ ਕਰਨ ਵਾਲੇ ਮਨੁੱਖ ਲਈ ਹਿੰਸਕ, ਸ਼ਿਕਾਰੀ ਪਸ਼ੂ-ਪੰਛੀ ਉਸ ਦੀ ਜੀਵਨ ਜਾਚ ਦੇ ਪ੍ਰੇਰਕ ਅਤੇ ਉਸ ਦੇ ਆਦਰਸ਼ਾਂ ਦੇ ਪ੍ਰਤੀਕ ਰਹੇ ਹਨ। ਜਿਸ ਉੱਲੂ ਨੂੰ ਭਾਰਤ ਵਿਚ ਕੁਲੱ-ਛਣਾ ਮੰਨਿਆਂ ਜਾਂਦਾ ਹੈ ਉਸੇ ਉੱਲੂ ਦੀ ਸਤਿਕਾਰ ਯੋਗ ਮੁਖਾਕ੍ਰਿਤੀ ਨੂੰ ਪੱਛਮੀ ਯੌਰਪ ਦੀ ਹਰ ਯੂਨੀਵਰਸਿਟੀ ਵਿਚ ਪਰਮ-ਪੂਜ ਮੰਨਿਆ ਜਾਂਦਾ ਹੈ ਅਤੇ ਕਿਸੇ ਨ ਕਿਸੇ ਰੂਪ ਵਿਚ ਉਸ ਦੀ ਮੂਰਤ ਵਿਦਿਆ ਮੰਦਰ ਦੀ ਉੱਤਮਤਾ ਦੇ ਪ੍ਰਤੀਕ ਵਜੋਂ ਸਥਾਪਿਤ ਕੀਤੀ ਜਾਂਦੀ ਹੈ। ਸ਼ਿਕਾਰੀ ਪਸ਼ੂਆਂ ਦੀ ਅੱਖ ਤੇਜ਼ ਹੈ ਅਤੇ ਸ਼ਾਕਾਹਾਰੀ ਪਸ਼ੂਆਂ ਦੇ ਕੰਨ। ਪਦਾਰਥ-

---

←*ਉਵੇਂ ਬਿਆਨ ਕਰੇ ਜਿਵੇਂ ਉਹ ਹੁੰਦੀ ਹੈ। ਕਵੀ ਦਾ ਕਮਾਲ ਕਿਸੇ ਗੱਲ ਨੂੰ ਰੂਪਕਾਂ ਅਤੇ ਉਪਮਾਵਾਂ ਦੇ ਅਸਿੱਧੇ ਢੰਗ ਨਾਲ ਕਹਿਣ ਵਿਚ ਹੁੰਦਾ ਹੈ। ਇੰਨ ਬਿੰਨਤਾ ਦਾ ਧਾਰਨੀ ਕਵੀ ਤੁਕ ਬੰਦ ਆਖਿਆ ਜਾਵੇਗਾ।

ਵਾਦੀ ਪੱਛਮੀ ਯੌਰਪ ਵਿਚ ਚਿੱਤ੍ਰ ਕਲਾ ਸ੍ਰੇਸ਼ਟ ਮੰਨੀ ਜਾਂਦੀ ਹੈ ਅਤੇ ਪੂਰਬ ਵਿਚ ਸੰਗੀਤ। ਯੂਰਪੀ ਦੇਸ਼ਾਂ ਵਿਚ ਚਿੱਤ੍ਰਕਾਰਾਂ ਨੂੰ ਪੈਗੰਬਰੀ ਦਰਜਾ ਦਿੱਤਾ ਜਾਂਦਾ ਰਿਹਾ ਹੈ।

ਜਦੋਂ ਵਿਗਿਆਨ ਦੀ ਇਕ ਨਿੱਕੀ ਜਿਹੀ ਕਾਢ ਨੇ ਚਿੱਤ੍ਰਕਾਰ ਦੇ ਗੌਰਵ ਨੂੰ ਵੰਗਾਰਿਆ ਅਤੇ ਚਿੱਤ੍ਰਕਾਰ ਭੱਜ ਕੇ ਅਸਪਸ਼ਟਤਾ ਦੇ ਅੰਧਕਾਰ ਵਿਚ ਜਾ ਲੁੱਕਿਆ ਉਦੋਂ ਉਸ ਦੇ ਹਮਾਇਤੀ ਦਾਰਸ਼ਨਿਕਾਂ ਨੇ ਉਸ ਦੀ ਨਮੋਸ਼ੀ ਦੇ ਓਹਲੇ ਲਈ ਪ੍ਰਭਾਵਵਾਦ, ਪ੍ਰਗਟਾਵਾਦ, ਆਤਮ-ਨਿਸ਼ਠਾਵਾਦ ਅਤੇ ਪ੍ਰਯੋਗਵਾਦ ਆਦਿਕ ਦੇ ਕਈ ਦਾਰਸ਼ਨਿਕ ਕੋਟ ਉਸਾਰ ਧਰੇ। ਚਿੱਤ੍ਰਕਲਾ ਵਿਚੋਂ ਹੀ ਇਹ ਸਾਰੇ ਵਾਦ ਵਿਵਾਦ ਕਾਵਿ ਜਾਂ ਸਾਹਿਤ ਵਿਚ ਵੀ ਆ ਬਿਰਾਜੇ ਹਨ ਅਤੇ ਇਨ੍ਹਾਂ ਦਾ ਸਦਕਾ, ਅਜੋਕੀਆਂ ਮੂਰਤਾਂ ਵਾਂਗ, ਅਜੋਕੀ ਕਵਿਤਾ ਵੀ ਕਵਿਤਾ ਨਹੀਂ ਰਹੀ।

ਚਿੱਤ੍ਰ ਕਲਾ ਦੇ ਪਿੜ ਵਿਚ ਭਾਰਤ ਦੀ ਆਪਣੀ ਪਰੰਪਰਾ ਵਿਕਸਿਤ ਨਹੀਂ ਹੋਈ। ਸਾਡੇ ਮਿਥਿਹਾਸ ਵਿਚ ਸੰਗੀਤ, ਨ੍ਰਿਤ, ਕਾਵਿ ਅਤੇ ਮੂਰਤੀ ਦਾ ਜ਼ਿਕਰ ਤਾਂ ਹੈ ਪਰ ਚਿੱਤ੍ਰ ਕਲਾ ਦਾ ਘੱਟ ਹੈ। ਮੁਗ਼ਲਾਂ ਦੇ ਰਾਜ ਸਮੇਂ ਜਿਹੜੀ ਕਲਾ ਈਰਾਨੀ ਪ੍ਰਭਾਵ ਨਾਲ ਭਾਰਤ ਵਿਚ ਆਈ ਸੀ, ਉਸ ਦੀਆਂ ਮੂਰਤਾਂ ਦੰ ਪਾਸਾਰੀ ਹਨ ਅਤੇ ਮਾਤ੍ਰਾ ਵਿਚ ਵੀ ਬਹੁਤੀਆਂ ਨਹੀਂ। ਕੁਝ ਚਿੱਤ੍ਰਕਾਰਾਂ ਨੇ ਰਾਗ-ਰਾਗਣੀਆਂ ਨੂੰ ਮਨੁੱਖੀ ਆਕਾਰਾਂ ਵਿਚ ਚਿਤ੍ਰਿਤ ਕੀਤਾ ਹੈ। ਇਨ੍ਹਾਂ ਚਿੱਤ੍ਰਾਂ ਨਾਲ ਅਜੀਬ ਪ੍ਰਕਾਰ ਦਾ ਦਾਰਸ਼ਨਿਕ ਗੋਰਖ ਧੰਦਾ ਸੰਬੰਧਤ ਕੀਤਾ ਗਿਆ ਹੈ ਜਿਸ ਨੇ ਕੁਝ ਕੁ ਵਿਗਿਆਨਕ ਵਹਿਮ ਉਪਜਾਉਣ ਤੋਂ ਵੱਧ ਹੋਰ ਕੁਝ ਨਹੀਂ ਕੀਤਾ।

ਪੱਛਮ ਦੇ ਪ੍ਰਭਾਵ ਨਾਲ ਭਾਰਤ ਵਿਚ ਇਸ ਕਲਾ ਵੱਲ ਮੁੜ ਧਿਆਨ ਦਿੱਤਾ ਜਾਣ ਲੱਗ ਪਿਆ ਹੈ। ਮਹਾਂ ਕਵੀ ਰਵੀਂਦਰ ਠਾਕੁਰ ਨੇ ਇਸ ਕਲਾ ਦੀ ਭਾਰਤੀ ਪਰੰਪਰਾ ਨੂੰ ਸੁਰਜੀਤ ਕਰਨ ਦਾ ਨਿਸ਼ਫਲ ਜਤਨ ਕੀਤਾ ਸੀ। ਪੰਜਾਬ ਦੇ ਮਹਾਨ ਚਿੱਤ੍ਰਕਾਰ, ਸੋਭਾ ਸਿੰਘ ਜੀ, ਪੱਛਮੀ ਪ੍ਰਭਾਵ ਤੋਂ ਮੁਕਤ ਨਹੀਂ। ਪਤਾ ਨਹੀਂ ਪੰਜਾਬ ਵਿਚ ਕੁਦਰਤੀ ਸੌਂਦਰਯ ਦੀ ਘਾਟ ਕਰਕੇ ਜਾਂ ਕਿਸੇ ਹੋਰ ਕਾਰਨ ਸੋਭਾ ਸਿੰਘ ਜੀ ਨੇ ਪਰਕਿਰਤੀ-ਦ੍ਰਿਸ਼-ਚਿੱਤ੍ਰਣ ਵਲ ਘੱਟ ਧਿਆਨ ਦਿੱਤਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਕੁਝ ਚਿੱਤ੍ਰ ਕਿਰਪਾਲ ਸਿੰਘ ਨੇ ਬਣਾਏ ਹਨ ਜਿਨ੍ਹਾਂ ਵਿਚੋਂ ਸੌਂਦਰਯ ਨਾਲੋਂ ਨਿਰਦੈਤਾ, ਭੈ, ਕੁਰੂਪਤਾ ਅਤੇ ਘ੍ਰਿਣਾ ਦਾ ਪ੍ਰਭਾਵ ਵਧੇਰੇ ਉਪਜਦਾ ਹੈ। ਨਵੇਂ ਚਿੱਤ੍ਰਕਾਰ ਨਵੀਆਂ ਲੀਹਾਂ ਦੇ ਧਾਰਨੀ ਹਨ।

ਹੋ ਸਕਦਾ ਹੈ ਇਸ ਦਾ ਕਾਰਨ ਮੇਰਾ ਅਣਜਾਣ ਪੁਣਾ ਹੀ ਹੋਵੇ ਪਰ ਮੈਨੂੰ ਆਧੁਨਿਕ ਚਿੱਤ੍ਰ ਕਲਾ ਵਿਚ ਸੌਂਦਰਯ ਦੀ ਘਾਟ ਮਹਿਸੂਸ ਹੁੰਦੀ ਹੈ। ਜਿਨ੍ਹਾਂ ਦਾਰਸ਼ਨਿਕ ਠੁੰਮ੍ਹਣਿਆ ਦੇ ਆਸਰੇ ਇਹ ਖਲੋਤੀ ਹੈ। ਇਨ੍ਹਾਂ ਨੂੰ ਜ਼ਰਾ ਕੁ ਪਰੇ ਕਰ ਕੇ ਵੇਖਿਆਂ ਇਹ ਕੁਝ ਵੀ ਨਹੀਂ ਰਹਿ ਜਾਂਦੀ। ਅਜੋਕਾ ਮਨੁੱਖ ਆਪਣੀ ਅਕਲ ਦੇ ਆਸਰੇ ਇਹ ਦਾਅਵਾ ਕਰਦਾ ਹੈ ਕਿ ਧਰਮ ਲੋਕਾਂ ਨੂੰ ਸਵਰਗਾਂ ਦੇ ਭੁਲੇਖੇ ਵਿਚ ਪਾ ਕੇ ਸੰਸਾਰਕ ਜੀਵਨ ਦੀ ਵਾਸਤਵਿਕਤਾ ਤੋਂ ਬੇ-ਧਿਆਨ ਕਰਨ ਦਾ ਸਾਧਨ ਹੈ। ਪਰੰਤੂ ਕਲਾ ਇਹ ਸਿੱਧ ਨਹੀਂ ਕਰਦੀ। ਮੱਧ ਕਾਲ ਦਾ ਮਨੁੱਖ ਧਰਮ ਦੇ 'ਭੁਲੇਖੇ' ਵਿਚ ਸੀ ਪਰ ਉਸ ਸਮੇਂ ਦੀ ਚਿੱਤ੍ਰ ਕਲਾ ਦੀ ਸਪਸ਼ਟਤਾ ਇਹ ਦੱਸਦੀ ਹੈ ਕਿ ਉਸ ਵੇਲੇ ਦੇ ਮਨੁੱਖ ਨੂੰ ਜੀਵਨ ਦੇ ਮਨੋਰਥ ਸੰਬੰਧੀ ਕੋਈ ਭੁਲੇਖਾ ਨਹੀਂ

ਸੀ। ਅਜੋਕੀ ਕਲਾ ਵਿਚਲੀ ਉਲਝਣ ਅਤੇ ਅਸਪਸ਼ਟਤਾ ਅਜੋਕੇ ਮਨੁੱਖ ਦੀ ਦਿਮਾਗੀ ਉਲਝਣ ਅਤੇ ਮਾਨਸਿਕ ਅਸ਼ਾਂਤੀ ਨੂੰ ਪ੍ਰਗਟ ਕਰ ਕੇ ਵਿਗਿਆਨ ਦੇ ਇਸ ਦਾਅਵੇ ਨੂੰ ਝੂਠਾ ਕਰਦੀ ਹੈ ਕਿ ਪਦਾਰਥਕ ਉੱਨਤੀ ਅਤੇ ਸਰੀਰਕ ਸੁੱਖ ਨੂੰ ਜੀਵਨ ਦਾ ਮਨੋਰਥ ਮੰਨ ਕੇ ਅਜੋਕਾ ਮਨੁੱਖ ਆਪਣੇ ਆਦਰਸ਼ਾਂ ਵਿਚ ਪਹਿਲਾਂ ਨਾਲੋਂ ਵਧੇਰੇ ਸਪਸ਼ਟ ਅਤੇ ਵਿਗਿਆਨਿਕ ਹੋ ਗਿਆ ਹੈ। ਜੇ ਕਲਾ ਜੀਵਨ ਦਾ ਦਰਪਣ ਹੈ ਤਾਂ ਅਜੋਕੀ ਬੇ-ਨੇਮੀ ਕਵਿਤਾ, ਘੀਚ-ਮਚੋਲੀ ਚਿੱਤ੍ਰ ਕਲਾ, ਭੂਤਰੀ ਹੋਈ* ਨ੍ਰਿਤ ਕਲਾ ਅਤੇ ਹਾਸੋ-ਹੀਣੀ ਹਾਲ-ਪਾਰ੍ਹਿਆ ਜਿਸ ਨੂੰ ਆਧੁਨਿਕ ਸੰਗੀਤ ਆਖਿਆ ਜਾਂਦਾ ਹੈ, ਜੀਵਨ ਦੀ ਕਿਹੜੀ ਸਰਲਤਾ ਤੇ ਪ੍ਰਤੀਬਿੰਬ ਹਨ ?

ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਪੰਜਾਬ ਦੇ ਸ਼੍ਰੋਮਣੀ ਚਿੱਤ੍ਰਕਾਰ ਨੇ ਯਥਾਰਥਵਾਦ ਦੀ ਪਰੰਪਰਾ ਨੂੰ ਤਿਲਾਂਜਲੀ ਨਹੀਂ ਦਿੱਤੀ। 'ਇਸ਼ਨਾਨ ਤੋਂ ਪਿਛੋਂ' ਮੈਨੂੰ ਸੱਭ ਤੋਂ ਵੱਧ ਪਸੰਦ ਹੈ। ਜੇ ਉਹ ਹਲ ਵਾਹੁੰਦੇ ਜਾਂ ਭਾਈ ਲਹਿਣੇ ਨੂੰ ਪੰਡ ਚੁਕਾਉਂਦੇ ਗੁਰੂ ਨਾਨਕ ਦਾ ਚਿੱਤ੍ਰ ਬਣਾਵੇ ਤਾਂ ਹੋ ਸਕਦਾ ਹੈ ਇਸ ਤੋਂ ਅਗੇਰੇ ਲੰਘ ਜਾਵੇ। ਇਹ ਸੱਚ ਹੈ ਕਿ ਪੰਜਾਬ ਦੇ ਚਿੱਤ੍ਰਕਾਰ ਨੂੰ ਅਜੇਹੇ ਚਿੱਤ੍ਰ ਸੁਲੱਭ ਨਹੀਂ ਜਿਨ੍ਹਾਂ ਦੀ ਸਹਾਇਤਾ ਨਾਲ ਉਹ ਭੂਤ ਕਾਲ ਦੇ ਜੀਵਨ ਦੀ ਵਾਸਤਵਿਕਤਾ ਤੋਂ ਜਾਣੂ ਹੋ ਸਕੇ। ਇਸ ਨੂੰ ਜਾਣਨ ਲਈ ਉਹ ਆਪਣੀ ਕਲਪਨਾ ਅਤੇ ਸ਼ਰਧਾ ਦੇ ਨਾਲ ਨਾਲ ਉਨ੍ਹਾਂ ਲਿਖਤਾਂ ਦਾ ਸਹਾਰਾ ਵੀ ਲੈਂਦਾ ਹੈ ਜਿਹੜੀਆਂ ਉਲਾਰ ਮਨਾਂ ਦੀ ਉਪਜ ਹੋਣ ਕਰ ਕੇ ਭੁਲੇਖਾ ਪਾਊ ਹਨ। ਜੇ ਉਹ ਆਪਣੇ ਸਮਕਾਲੀ ਜੀਵਨ ਨੂੰ ਆਪਣੀਆਂ ਤਸਵੀਰਾਂ ਦਾ ਵਿਸ਼ਾ ਨਹੀਂ ਬਣਾਉਂਦਾ ਤਾਂ ਉਹ ਵੀ ਆਪਣੇ ਵਾਰਸਾਂ ਨਾਲ ਨਿਆਂ ਨਹੀਂ ਕਰਦਾ।

ਅਸੀਂ ਕੋਈ ਸੁੰਦਰ ਕੁਦਰਤੀ ਦ੍ਰਿਸ਼ ਵੇਖਦੇ ਹਾਂ ਅਤੇ ਆਨੰਦ ਮਗਨ ਹੁੰਦੇ ਹਾਂ। ਕੁਦਰਤ ਦਾ ਚਿੱਤ੍ਰਕਾਰ ਹਰ ਕਿਸੇ ਲਈ ਇਹ ਚਿੱਤ੍ਰਕਾਰੀ ਸਦਾ ਤੋਂ ਕਰਦਾ ਆਇਆ ਹੈ। ਤਾਂ ਫਿਰ ਇਨ੍ਹਾਂ ਦ੍ਰਿਸ਼ਾਂ ਨੂੰ ਰੰਗਾਂ ਦੀ ਸਹਾਇਤਾ ਨਾਲ ਕਾਗਜ਼ ਜਾਂ ਕਪੜੇ ਉੱਤੇ ਉਤਾਰਨ ਦੀ ਏਨੀ ਖੇਚਲ ਕਿਉਂ ? ਇਸ ਖੇਚਲ ਦੀ ਪ੍ਰੇਰਣਾ ਉਨ੍ਹਾਂ ਹੀ ਭਾਵਾਂ ਵਿਚ ਹੈ ਜਿਹੜੇ ਹੋਰ ਸਾਰੀਆਂ ਕਲਾਂ ਦਾ ਆਧਾਰ ਹਨ। ਮਨੁੱਖ ਵਿਚ ਹੱਥਿਆਉਣ ਦੀ ਜਾਂ ਕਬਜ਼ਾ ਜਮਾਉਣ ਦੀ ਰੁਚੀ ਹੈ। ਉਹ ਚਾਹੁੰਦਾ ਹੈ ਕਿ ਜਿਸ ਸੁੰਦਰਤਾ ਨੇ ਮੈਨੂੰ ਆਨੰਦ ਮਗਨ ਕੀਤਾ ਹੈ ਉਸ ਨੂੰ ਮੈਂ ਹਮੇਸ਼ਾਂ ਲਈ ਪਕੜ ਲਵਾਂ। ਇਸ ਦੇ ਨਾਲ ਨਾਲ ਉਹ ਇਹ ਵੀ ਚਾਹੁੰਦਾ ਹੈ ਕਿ ਮੈਂ ਆਪਣਾ ਅਨੁਭਵ ਦੂਜਿਆਂ ਨਾਲ ਸਾਂਝਾ ਕਰਾਂ। ਹਰ ਕਲਾ ਦੀ ਉਤਪਤੀ ਇਸ ਸਾਂਝ ਦੇ ਭਾਵ ਤੋਂ ਹੁੰਦੀ ਹੈ ਅਤੇ ਇਸ ਸਾਂਝ ਨੂੰ ਸੰਭਵ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਆਪਣੇ ਅਨੁਭਵ ਨੂੰ ਭਾਸ਼ਾ, ਮੂਰਤੀ, ਚਿੱਤ੍ਰ, ਸੰਗੀਤ ਜਾਂ ਨ੍ਰਿਤ ਆਦਿਕ ਕਿਸੇ ਰੂਪ ਵਿਚ ਸਦੀਵੀ ਬਣਾਇਆ ਜਾਵੇ। ਇਸੇ ਰੂਪਾਂਤਰ ਦਾ ਨਾਂ ਕਲਾ ਹੈ। ਕਲਾ ਦਾ ਕੋਈ ਰੂਪ ਜੀਵਨ ਵਿਚ ਕਿੰਨਾ ਕੁ ਪਰਵਾਨਿਆ ਅਤੇ ਸਨਮਾਨਿਆ ਜਾਂਦਾ ਹੈ ਇਸ ਗੱਲ ਦਾ ਆਧਾਰ ਇਸ ਗੱਲ ਉੱਤੇ ਹੁੰਦਾ ਹੈ ਕਿ ਜੀਵਨ ਨੂੰ ਉਸ ਦੀ ਕਿੰਨੀ ਕੁ ਲੋੜ ਹੈ ਅਤੇ ਕਲਾਕਾਰ ਦੇ ਅਨੁਭਵ

*ਜਿਸ ਨੂੰ ਕਾਮ ਦਾ ਭੂਤ ਚੰਬੜ ਗਿਆ ਹੈ। ਡਿਸਕੋ ਆਦਿ।

ਨਾਲ ਸਾਂਝ ਪਾਉਣੀ ਕਿੰਨੀ ਕੁ ਸੌਖੀ ਹੈ।

ਸਾਧਾਰਣ ਜੀਵਨ ਨੂੰ ਚਿੱਤ੍ਰ ਕਲਾ ਦੀ ਬਹੁਤੀ ਲੋੜ ਨਹੀਂ ਹੁੰਦੀ। ਹਰ ਮਨੁੱਖ ਲਈ ਇਹ ਸੰਸਾਰ ਇਕ ਮਹਾਨ ਚਿੱਤ੍ਰਸ਼ਾਲਾ ਹੈ। ਜੇ ਚਿੱਤ੍ਰਕਲਾ ਵਿਚ ਕਲਾਕਾਰ ਵੱਲੋਂ ਕੋਈ ਉਚੇਚਾ ਸੁਨੇਹਾ ਦਿੱਤਾ ਗਿਆ ਹੋਵੇ ਤਾਂ ਜਨ-ਸਾਧਾਰਣ ਲਈ ਉਸ ਨੂੰ ਸਮਝਣਾ ਸੌਖਾ ਨਹੀਂ ਹੁੰਦਾ। ਨਤੀਜਾ ਇਹ ਹੈ ਕਿ ਚਿੱਤ੍ਰ ਕਲਾ ਜਨ-ਸਾਧਾਰਣ ਨਾਲ ਬਹੁਤੀ ਸਾਂਝ ਰੱਖਣ ਵਾਲੀ ਕਲਾ ਨਹੀਂ। ਇਹ ਕੁਝ ਕੁ ਸੱਤਾਧਾਰੀ ਅਤੇ ਸਮਰਿੱਧ ਲੋਕਾਂ ਲਈ ਮਨਪਰਚਾਵੇ ਅਤੇ ਹੰਕਾਰ-ਹੁਲਾਰੇ ਦਾ ਕੰਮ ਕਰਦੀ ਹੈ। ਇਹ ਗੱਲ ਹਰ ਕਲਾ ਦੇ ਸੰਬੰਧ ਵਿਚ ਆਖੀ ਜਾ ਸਕਦੀ ਹੈ ਪਰ ਚਿੱਤ੍ਰ ਕਲਾ ਅਤੇ ਮੂਰਤੀ ਕਲਾ ਬਾਰੇ ਇਹ ਗੱਲ ਉਚੇਚੇ ਤੌਰ ਉੱਤੇ ਸੱਚ ਹੈ।

# ਭਵਨ-ਨਿਰਮਾਣ ਕਲਾ

ਭਾਵੇਂ ਕਿਸੇ ਰਾਜ, ਤਰਖਾਣ ਅਤੇ ਮਜ਼ਦੂਰ ਨੂੰ ਕਲਾਕਾਰ ਦਾ ਦਰਜਾ ਨਹੀਂ ਦਿੱਤਾ ਜਾਂਦਾ ਤਾਂ ਵੀ ਭਵਨ-ਨਿਰਮਾਣ ਮਨੁੱਖ ਦੀਆਂ ਕੋਮਲ ਕਲਾਵਾਂ ਵਿਚੋਂ ਇਕ ਹੈ। ਇਸ ਕਲਾ ਨੂੰ ਇਮਾਰਤ ਸਾਜ਼ੀ ਦੀ ਕਲਾ ਜਾਂ ਇਮਾਰਤੀ ਕਲਾ ਵੀ ਆਖਿਆ ਜਾ ਸਕਦਾ ਹੈ। ਘਰ ਦੀ ਲੋੜ ਸਭਿਅਤਾ ਦੀ ਉਪਜ ਨਹੀਂ। ਅਸੱਭਿਅ ਮਨੁੱਖ ਵੀ ਘਰ ਦਾ ਓਨਾ ਹੀ ਲੋੜਵੰਦ ਸੀ ਜਿੰਨਾਂ ਅਜੋਕਾ ਸੱਭਿਅ ਮਨੁੱਖ ਹੈ। ਇਸ ਤੋਂ ਹੋਰ ਪਿਛੇ ਜਾ ਕੇ ਵੇਖਿਆਂ ਪਤਾ ਲੱਗਦਾ ਹੈ ਕਿ ਪਸ਼ੂ, ਪੰਛੀ, ਇਥੋਂ ਤੱਕ ਕਿ ਪਾਣੀ ਵਿਚ ਰਹਿਣ ਵਾਲੇ ਜੀਵ ਵੀ ਘਰ ਦੀ ਲੋੜ ਮਹਿਸੂਸ ਕਰਦੇ ਹਨ। ਘਰ ਦਾ ਮੋਹ ਜੀਵਾਂ ਦੀ ਪਰਵਿਰਤੀ ਹੈ। ਹਰ ਜੀਵ ਨੂੰ ਆਪਣੇ ਘਰ ਨਾਲ ਭਾਵੁਕ ਸਾਂਝ ਹੁੰਦੀ ਹੈ। ਇਸ ਸਾਂਝ ਨੂੰ ਮਾਤਾ-ਪਿਤਾ, ਭੈਣ-ਭਰਾ ਅਤੇ ਆਂਢੀਆਂ ਗੁਆਂਢੀਆਂ ਦੇ ਸਾਥ ਜਾਂ ਨੇੜ ਦੀ ਉਪਜ ਮੰਨਣਾ ਭੁੱਲ ਹੈ। ਇਹ ਆਪਣੇ ਆਪ ਵਿਚ ਇਕ ਪਰਵਿਰਤੀ ਹੈ ਜਿਹੜੀ ਆਪਣੇ ਸਮੇਂ ਸਿਰ ਹਰ ਜੀਵ ਵਿਚ ਪਰਗਟ ਹੁੰਦੀ ਹੈ ਅਤੇ ਉਸ ਨੂੰ ਉਸਾਰੀ ਲਈ ਪ੍ਰੇਰਦੀ ਹੈ। ਮਮਤਾ, ਦਇਆ, ਸਹਾਨ ਭੂਤੀ, ਸਹਿਯੋਗ, ਭ੍ਰਾਤਰੀ ਅਤੇ ਕਰੁਣਾ ਵਾਂਗ ਘਰ ਦਾ ਮੋਹ ਵੀ ਇਕ ਅਜੇਹਾ ਭਾਵ ਹੈ ਜਿਸ ਦੀ ਲੋੜੀਂਦੀ ਜਾਣਕਾਰੀ ਅਤੇ ਸੁਚੱਜੀ ਵਰਤੋਂ ਜੀਵਨ ਦੇ ਮੂਲ ਮਨੋਰਥ, ਮੋਕਸ਼, ਦੀ ਪ੍ਰਾਪਤੀ ਵਿਚ ਸਹਾਈ ਹੁੰਦੀ ਹੈ। ਸਮਾਜ ਦਾ ਸੱਤਾਧਾਰੀ ਵਰਗ ਜਿਵੇਂ ਜਨ-ਸਾਧਾਰਣ ਦੇ ਵਿਚਾਰਾਂ, ਵਿਸ਼ਵਾਸਾਂ ਅਤੇ ਪਰੰਪਰਾਵਾਂ ਨੂੰ ਮੋੜ ਤੋੜ ਕੇ ਆਪਣੇ ਹਿੱਤਾਂ ਦੀ ਰਾਖੀ ਲਈ ਵਰਤਦਾ ਆਇਆ ਹੈ, ਉਵੇਂ ਹੀ ਘਰ ਦੇ ਮੋਹ ਨੂੰ ਦੇਸ਼ ਭਗਤੀ ਅਤੇ ਰਾਸ਼ਟਰਵਾਦ ਦੇ ਸਿਧਾਂਤਾਂ ਦਾ ਪ੍ਰਭਾਵਸ਼ਾਲੀ ਅਤੇ ਭਰਮਾਊ ਰੂਪ ਦੇ ਕੇ ਮਨੁੱਖੀ ਮਨ ਦੇ ਕੁਦਰਤੀ ਵਿਕਾਸ ਦੀ ਰੁਕਾਵਟ ਬਣਾਉਂਦਾ ਆਇਆ ਹੈ।

ਘਰ ਦਾ ਮੋਹ ਅਤੇ ਉਸਾਰੀ ਦੀ ਪਰਵਿਰਤੀ ਭਾਵੇਂ ਜੀਵਨ ਜਿੰਨੇ ਹੀ ਪੁਰਾਣੇ ਹਨ ਤਾਂ ਵੀ ਭਵਨ-ਨਿਰਮਾਣ ਕਲਾ ਦਾ ਜਨਮ ਸਭਿਅਤਾ ਤੋਂ ਪਿਛੋਂ ਹੋਇਆ ਹੈ। ਮਨੁੱਖੀ ਸਮਾਜਕ ਜੀਵਨ ਦੇ ਵਿਕਾਸ ਨੂੰ ਚਾਰ ਪੜਾਵਾਂ ਵਿਚ ਵੰਡਿਆ ਜਾ ਸਕਦਾ ਹੈ ਅਤੇ ਜਾਂਦਾ ਹੈ। ਇਹ ਚਾਰ ਪੜਾ ਹਨ (1) ਜੰਗਲੀ ਜੀਵਨ, (2) ਕਬੀਲਾ ਦਾਰੀ, (3) ਰਜਵਾੜਾਸ਼ਾਹੀ ਅਤੇ (4) ਮਸ਼ੀਨੀ ਸਮਾਜ। ਜੰਗਲੀ ਜੀਵਨ ਵਿਚ ਮਨੁੱਖ ਅਤੇ ਪਸ਼ੂ

ਵਿਚ ਬਹੁਤਾ ਅੰਤਰ ਨਹੀਂ ਸੀ; ਜੇ ਕੋਈ ਸੀ ਤਾਂ ਸਿਰਫ਼ ਇਹ ਕਿ ਉਹ ਆਪਣੇ ਹੱਥਾਂ ਨੂੰ ਕੁਝ ਕੁ ਪਸ਼ੂਆਂ ਨਾਲੋਂ ਬਹੁਤੀ ਯੋਗਤਾ ਨਾਲ ਵਰਤ ਸਕਦਾ ਸੀ। ਉਹ ਆਪਣੇ ਵਿਰੋਧੀ ਨੂੰ ਡੰਡੇ ਸੋਟੇ ਜਾਂ ਪੱਥਰ ਨਾਲ ਮਾਰ ਜਾਂ ਡਰਾ ਕੇ ਭਜਾ ਸਕਦਾ ਸੀ। ਜਦੋਂ ਉਸ ਨੇ ਆਪਣੇ ਸੋਟੇ ਦੇ ਸਿਰੇ ਨੂੰ ਰਗੜ ਕੇ ਨੋਕਦਾਰ ਬਣਾ ਲਿਆ ਤਾਂ ਜੰਗਲੀ ਜੀਵਨ ਤੋਂ ਅਗਲੇ ਪੜਾ ਦੀ ਯਾਤਰਾ ਦਾ ਆਰੰਭ ਹੋ ਗਿਆ। ਮੇਰਾ ਭਾਵ ਕਿਸੇ ਕਿਰਿਆ ਵਿਸ਼ੇਸ਼ ਤੋਂ ਨਹੀਂ ਸਗੋਂ ਇਹ ਹੈ ਕਿ ਜਦੋਂ ਮਨੁੱਖ ਨੇ ਕੁਦਰਤੀ ਵਸੀਲਿਆਂ ਨੂੰ ਆਪਣੀ ਲੋੜ ਅਨੁਸਾਰ ਢਾਲਣ ਦਾ ਜਤਨ ਕਰਨਾ ਆਰੰਭ ਦਿੱਤਾ ਉਦੋਂ ਸਭਿਅਤਾ ਦਾ ਆਰੰਭ ਹੋ ਗਿਆ ਅਤੇ ਇਸ ਦਾ ਸਿਹਰਾ ਕੇਵਲ ਮਨੁੱਖੀ ਦਿਮਾਗ਼ ਦੇ ਸਿਰ ਨਹੀਂ ਸਗੋਂ ਉਸ ਦੇ ਹੱਥਾਂ ਦੇ ਸਿਰ ਵੀ ਹੈ।

ਮਨੁੱਖੀ ਸਭਿਅਤਾ ਦੇ ਵਿਕਾਸ ਦੀ ਗੱਲ ਇਕ ਵੱਖਰਾ ਅਤੇ ਵਡੇਰਾ ਵਿਸ਼ਾ ਹੈ। ਇਸ ਵਿਚ ਹੱਥ ਅਤੇ ਦਿਮਾਗ ਦੇ ਸਹਿਯੋਗ ਦੀ ਵਾਰਤਾ ਅਨੋਖੀ ਦਿਲਚਸਪੀ ਰੱਖਦੀ ਹੈ। ਪੱਛਮੀ ਵਿਚਾਰਵਾਨਾਂ ਦਾ ਮੱਤ ਹੈ ਕਿ ਪਦਾਰਥ ਵਿਚਲੀ ਚੇਤਨਾ ਨੂੰ 'ਮਨ' ਦਾ ਰੂਪ ਦੇਣ ਵਿਚ ਹੱਥਾਂ ਦਾ ਹੀ ਹੱਥ ਹੈ। ਉਹ ਇਹ ਵੀ ਮੰਨਦੇ ਹਨ ਕਿ ਸਭਿਅਤਾ ਇਕ ਵਿਕਾਸ ਹੈ ਜਦ ਕਿ ਭਾਰਤੀ ਤੱਤ ਵੇਤਾ ਇਸ ਨੂੰ ਵਿਕਾਸ ਦੀ ਥਾਂ ਅਧੋਗਤੀ ਜਾਂ ਪਤਨ ਆਖਦੇ ਹਨ। ਉਨ੍ਹਾਂ ਅਨੁਸਾਰ ਸਤਿਯੁਗ ਤੋਂ ਕਲਯੁਗ ਵੱਲ ਆਉਂਦਿਆਂ ਆਉਂਦਿਆਂ ਮਨੁੱਖ ਦਾ ਨੈਤਕ ਪਤਨ ਹੋਇਆ ਹੈ। ਇਹ ਸਭ ਕੁੱਝ ਇਸ ਪੁਸਤਕ ਦਾ ਵਿਸ਼ਾ ਨ ਹੋਣ ਕਰਕੇ ਇਥੇ ਵਿਸਥਾਰਿਆ ਜਾਣਾ ਉੱਚਿਤ ਨਹੀਂ। ਇਥੇ ਮੈਂ ਪੱਛਮੀ ਮੱਤ ਅਨੁਸਾਰ ਸਭਿਅਤਾ ਦੇ ਵਿਕਾਸ ਦੀ ਗੱਲ ਕਰਦਾ ਹਾਂ।

ਮਨੁੱਖ ਦਾ ਸਮਾਜਕ ਅਤੇ ਨੈਤਿਕ ਵਿਕਾਸ ਸ੍ਵੈ-ਰੱਖਿਆ ਦੇ ਸੰਘਰਸ਼ ਵਿਚੋਂ ਉਪਜਿਆ ਮੰਨਿਆ ਜਾਂਦਾ ਹੈ। ਭੁੱਖ ਅਤੇ ਮੌਤ ਮਨੁੱਖ ਦੇ ਸ਼ਤਰੂ ਸਨ ਜਿਨ੍ਹਾਂ ਤੋਂ ਬਚਣ ਲਈ ਭੋਜਨ, ਡਰ ਅਤੇ ਚਲਾਕੀ ਤੋਂ ਕੰਮ ਲੈ ਕੇ ਮਨੁੱਖ ਆਪਣੀ ਰੱਖਿਆ ਕਰਦਾ ਸੀ। ਡਰ ਅਤੇ ਚਲਾਕੀ ਜਾਂ ਹੁਸ਼ਿਆਰੀ ਦੇ ਸੰਜੋਗ ਵਿਚੋਂ ਉਨ੍ਹਾਂ ਜੁਗਤੀਆਂ ਦਾ ਜਨਮ ਹੋਇਆ ਹੈ ਜਿਨ੍ਹਾਂ ਨੂੰ ਕਾਢਾਂ ਜਾਂ ਆਵਿਸ਼ਕਾਰ ਆਖਿਆ ਜਾਂਦਾ ਹੈ। ਆਪਣੀਆਂ ਕਾਢਾਂ ਦੇ ਆਸਰੇ ਨਾਲ ਮਨੁੱਖ ਦੂਜੇ ਜਾਨਵਰਾਂ ਵਿਚ ਡਰ ਪੈਦਾ ਕਰ ਕੇ ਆਪ ਸ਼ਕਤੀਸ਼ਾਲੀ ਬਣ ਗਿਆ ਅਤੇ ਜੰਗਲੀ ਜੀਵਨ ਵਿਚੋਂ ਵਿਕਸ ਕੇ ਕਬੀਲਾਦਾਰੀ ਦੀ ਜੀਵਨ ਜਾਚ ਵਿਚ ਆ ਟਿਕਿਆ। ਇਸ ਯੁੱਗ ਦੇ ਮਨੁੱਖ ਨੂੰ ਸ਼ਕਤੀ ਉੱਤੇ ਵਿਸ਼ਵਾਸ ਸੀ ਅਤੇ ਸ਼ਕਤੀ ਨੂੰ ਉਹ ਹਰ ਸਮੱਸਿਆ ਦਾ ਹੱਲ ਸਮਝਦਾ ਸੀ। ਉਸ ਦੀ ਕਲਾ (ਨ੍ਰਿਤ, ਸੰਗੀਤ ਆਦਿਕ) ਇਕ ਤਰ੍ਹਾਂ ਨਾਲ ਸ਼ਕਤੀ ਦੀ ਪੂਜਾ ਸੀ। ਕੁਦਰਤੀ ਸ਼ਕਤੀਆਂ ਨੂੰ ਦੇਵੀ ਦੇਵਤਿਆਂ ਜਾਂ ਜਿੰਨ੍ਹਾਂ ਭੂਤਾਂ ਦੇ ਮਨੋ ਕਲਪਿਤ ਆਕਾਰ ਅਤੇ ਨਾਂ ਦੇ ਕੇ ਉਹ ਉਨ੍ਹਾਂ ਦੀ ਪੂਜਾ ਕਰਦਾ ਸੀ ਜਿਸ ਨਾਲ ਨਾਨਾ ਪ੍ਰਕਾਰ ਦੀਆਂ ਸ਼ਕਤੀਆਂ ਉਸ ਦੀ ਸਹਾਇਤਾ ਲਈ ਪ੍ਰੇਰਿਤ ਕੀਤੀਆਂ ਜਾ ਸਕਦੀਆਂ ਸਨ।

ਜੰਗਲੀ ਜੀਵਨ ਨੂੰ ਤਿਆਗ ਕੇ ਕਬੀਲਿਆਂ ਦੇ ਰੂਪ ਵਿਚ ਸਥਾਈ ਵਾਸ ਕਰ ਕੇ

ਮਨੁੱਖ ਨੇ ਖੇਤੀ ਦੇ ਕਿੱਤੇ ਨੂੰ ਉੱਨਤ ਕਰ ਲਿਆ ਸੀ। ਕਈ ਕਬੀਲੇ ਵਧੇਰੇ ਸੁਰੱਖਿਅਤ ਹੋਣ ਕਰਕੇ ਵਸਤਰ, ਬਰਤਨ, ਗਹਿਣੇ ਅਤੇ ਹੋਰ ਕਈ ਪ੍ਰਕਾਰ ਦੀਆਂ ਚੀਜ਼ਾਂ ਬਣਾਉਣ ਦਾ ਵੱਲ ਸਿੱਖ ਗਏ ਸਨ। ਹਿੰਦੁਸਤਾਨੀ ਵਿਚਾਰ ਇਹ ਹੈ ਕਿ ਕਬੀਲਿਆਂ ਨੇ ਰਲ ਮਿਲ ਕੇ ਰਹਿਣਾ ਸਿੱਖ ਲਿਆ ਸੀ ਅਤੇ ਜੰਗਲੀ ਜੀਵਨ ਵਿਚੋਂ ਬਾਹਰ ਆਉਂਦਿਆਂ ਹੀ ਸ਼ਾਨਦਾਰ ਸਤਜੁਗੀ ਜੀਵਨ ਜਾਚ ਨੂੰ ਜਨਮ ਦਿੱਤਾ ਸੀ ਅਤੇ ਪੱਛਮੀ ਇਹ ਕਿ ਸਭ ਥਾਵਾਂ ਉੱਤੇ ਕਬੀਲੇ ਆਪੋ ਵਿਚ ਲੜਦੇ ਰਹਿਣ ਕਾਰਨ ਖੇਤੀ ਅਤੇ ਜੰਗ ਤੋਂ ਸਿਵਾ ਹੋਰ ਕਿਸੇ ਪਾਸੇ ਬਹੁਤੀ ਉੱਨਤੀ ਨਹੀਂ ਸਨ ਕਰ ਸਕੇ। ਇਨ੍ਹਾਂ ਦੀਆਂ ਲੜਾਈਆਂ ਦੇ ਨਤੀਜੇ ਵਜੋਂ ਕਬੀਲਿਆਂ ਦੀ ਆਪਸੀ ਭੰਨ ਤੋੜ ਨੇ ਵੱਡੇ ਵੱਡੇ ਰਾਜਾਂ ਨੂੰ ਜਨਮ ਦਿੱਤਾ ਅਤੇ ਰਜਵਾੜਾ ਸ਼ਾਹੀ ਦਾ ਆਰੰਭ ਹੋ ਗਿਆ। ਇਸ ਨਵੇਂ ਯੁਗ ਵਿਚ ਜਨਸਾਧਾਰਣ ਦੇ ਕਾਰੋਬਾਰ ਵਿਚ ਬਹੁਤਾ ਫਰਕ ਨਹੀਂ ਸੀ ਪਿਆ। ਕੇਵਲ ਕਬੀਲਿਆਂ ਦੀਆਂ ਆਪਸੀ ਲੜਾਈਆਂ ਹੀ ਖਤਮ ਹੋਈਆਂ ਸਨ। ਆਰਥਕਤਾ ਦਾ ਆਧਾਰ ਖੇਤੀ ਸੀ ਅਤੇ ਵਪਾਰ ਨੂੰ ਦੂਜਾ ਦਰਜਾ ਪ੍ਰਾਪਤ ਸੀ। ਸ਼ਕਤੀ ਦਾ ਕੇਂਦਰ ਰਾਜਾ ਜਾਂ ਬਾਦਸ਼ਾਹ ਸੀ। ਇਹ ਜੀਵਨ ਜਾਚ ਹਜ਼ਾਰਾਂ ਸਾਲ ਤੱਕ ਜਾਰੀ ਰਹੀ ਅਤੇ ਇਸ ਵਿਚ ਅਨੇਕ ਪ੍ਰਕਾਰ ਦੇ ਧਰਮਾਂ, ਦਰਸ਼ਨਾਂ, ਵਿਸ਼ਵਾਸਾਂ ਅਤੇ ਆਦਰਸ਼ਾਂ ਨੇ ਜਨਮ ਲਿਆ। ਮਨੁੱਖ ਦੀਆਂ ਲੱਗਪੱਗ ਸਾਰੀਆਂ ਕੋਮਲ ਕਲਾਵਾਂ ਇਸ ਯੁੱਗ ਵਿਚ ਆਪਣੇ ਸਿਖਰ ਨੂੰ ਛੂਹਣ ਵਿਚ ਸਫਲ ਹੋਈਆਂ ਹਨ ਅਤੇ ਇਮਾਰਤੀ ਕਲਾ ਦੀ ਕਹਾਣੀ ਬਾਕੀਆਂ ਨਾਲੋਂ ਵੱਖਰੀ ਨਹੀਂ।

ਇਮਾਰਤੀ ਕਲਾ ਦੇ ਨਿਰਮਾਣ ਵਿਚ ਜਨ-ਸਾਧਾਰਣ ਦਾ ਉਚੇਚਾ ਯੋਗਦਾਨ ਹੈ ਪ੍ਰੰਤੂ ਉਸ ਦੇ ਆਪਣੇ ਘਰ ਬਹੁਤ ਘੱਟ ਵਿਕਸੇ ਹਨ। ਉਸ ਦੇ ਵਿਸ਼ਵਾਸਾਂ ਅਤੇ ਆਦਰਸ਼ਾਂ ਦਾ ਉਸ ਦੇ ਘਰ ਨਾਲ ਡੂੰਘਾ ਸੰਬੰਧ ਕਦੇ ਵੀ ਨਹੀਂ ਜੁੜਿਆ। ਉਸ ਦੇ ਘਰ ਉਸ ਦੀ ਆਰਥਕਤਾ ਦੀ ਪ੍ਰਤੀਨਿਧਤਾ ਕਰਦੇ ਆਏ ਹਨ। ਉਸ ਦਾ ਕਿੱਤਾ ਉਸ ਦੇ ਘਰ ਦੀ ਰੂਪ ਰੇਖਾ ਉਲੀਕਦਾ ਰਿਹਾ ਹੈ। ਥੋੜ੍ਹੇ ਸ਼ਬਦਾਂ ਵਿਚ ਇਹ ਕਹਿ ਸਕਦੇ ਹਾਂ ਕਿ ਉਸ ਦੇ ਘਰ ਉਪਯੋਗਿਤਾ ਉੱਤੇ ਆਧਾਰਿਤ ਹਨ ਅਭਿਵਿਅੰਜਨਾ ਉੱਤੇ ਨਹੀਂ। ਅਭਿਵਿਅੰਜਨਾ ਜਾਂ ਅਭਿਵਿਅਕਤੀ ਕਲਾ ਦੀ ਪਹਿਲੀ ਸ਼ਰਤ ਹੈ। ਇਮਾਰਤਸਾਜ਼ੀ ਰਾਹੀਂ ਆਦਰਸ਼ ਦੀ ਅਭਿਵਿਅਕਤੀ ਸਰਕਾਰ ਅਤੇ ਧਰਮ ਦੁਆਰਾ ਹੀ ਹੁੰਦੀ ਆਈ ਹੈ।

ਭਵਨ-ਨਿਰਮਾਣ ਕਲਾ ਦੇ ਜਨਮ, ਵਿਕਾਸ ਅਤੇ ਸਿਖਰ ਦਾ ਸਮਾਂ ਰਾਜਾ ਸ਼ਾਹੀ, ਬਾਦਸ਼ਾਹਤ ਜਾਂ ਏਕਤੰਤ੍ਰ ਦਾ ਸਮਾਂ ਸੀ। ਰਾਜਾ ਸ਼ਾਹੀ ਕਬੀਲਿਆਂ ਦੀਆਂ ਲੜਾਈਆਂ ਵਿਚੋਂ ਉਪਜੀ ਹੋਣ ਕਰਕੇ ਅਤੇ ਧਰਤੀ ਦੇ ਵੱਖ ਵੱਖ ਹਿੱਸਿਆਂ ਉੱਤੇ ਵੱਖ ਵੱਖ ਰਾਜੇ ਸਥਾਪਤ ਹੋ ਜਾਣ ਕਰਕੇ ਡਰ ਅਤੇ ਸ਼ਕਤੀ (ਸਹਿਸਾ ਅਤੇ ਸੱਤਾ) ਨੂੰ ਪੂਜਦੀ ਰਹੀ ਹੈ। ਬਾਦਸ਼ਾਹਤ ਦੇ ਇਹ ਦੋਵੇਂ ਆਦਰਸ਼ ਅਤੇ ਅਨੁਭਵ ਉਸ ਦੀ ਭਵਨ-ਨਿਰਮਾਣ ਕਲਾ ਰਾਹੀਂ ਭਲੀ ਭਾਂਤ ਅਭਿਵਿਅਕਤ ਹੋਏ ਹਨ। ਕਿਲ੍ਹੇ ਉਸ ਤੌਂਖਲੇ ਦਾ ਪਰਤੀਕ ਜਾਂ ਸਬੂਤ ਹਨ ਜਿਹੜਾ ਹਰ ਬਾਦਸ਼ਾਹ ਨੂੰ ਹਰ ਸਮੇਂ ਦੂਜੇ ਬਾਦਸ਼ਾਹਾਂ ਅਤੇ ਆਪਣੇ

ਨਜ਼ਦੀਕੀਆਂ ਤੋਂ ਲੱਗਾ ਰਹਿੰਦਾ ਸੀ। ਇਨ੍ਹਾਂ ਦੀ ਮਜ਼ਬੂਤੀ, ਉਚਾਈ ਅਤੇ ਵਿਸ਼ਾਲਤਾ ਆਪਣੇ ਨਜ਼ਦੀਕੀਆਂ ਅਤੇ ਆਪਣੀ ਰਿਆਇਆ ਨੂੰ ਭੈ-ਭੀਤ ਕਰਨ ਦਾ ਕੰਮ ਕਰਦੀ ਸੀ। ਇਹ ਸ਼ਕਤੀ ਦਾ ਉਹੋ ਸਦੀਵੀ ਵਿਖਾਲਾ ਸੀ ਜਿਹੜਾ ਅਜ ਕਲ ਸੁਤੰਤਰਤਾ ਦਿਵਸਾਂ ਜਾਂ ਹੋਰ ਕਈ ਮੌਕਿਆਂ ਉੱਤੇ ਟੈਂਕਾਂ, ਮਿਜ਼ਾਈਲਾਂ, ਰਾਕਟਾਂ ਅਤੇ ਐਟਮ ਬੰਬਾਂ ਦੀ ਨੁਮਾਇਸ਼ ਕਰ ਕੇ ਕੀਤਾ ਜਾਂਦਾ ਹੈ। ਅਜ ਕਲ ਇਸ ਦਾ ਮਨੋਰਥ ਪਰਜਾ ਵਿਚ ਆਪਣੇ ਦੇਸ਼ ਦੀ ਸ਼ਕਤੀ ਦਾ ਗੌਰਵ ਪੈਦਾ ਕਰਨਾ ਹੁੰਦਾ ਹੈ ਜਿਹੜਾ ਭੈ ਤੋਂ ਬਿਨਾ ਸੰਭਵ ਨਹੀਂ। ਜਿਸ ਕਿਸੇ ਨੂੰ ਸ਼ਕਤੀ ਉੱਤੇ ਗੌਰਵ ਹੈ ਉਹ ਨਿਰਭੈ ਕਦੇ ਨਹੀਂ ਹੋ ਸਕਦਾ ਕਿਉਂਕਿ ਜਿੰਨੀ ਸ਼ਕਤੀ ਦਾ ਗੌਰਵ ਜਾਂ ਮਾਣ ਮਨੁੱਖ ਵਿਚ ਹੁੰਦਾ ਹੈ ਓਨੀ ਹੀ ਵਿਰੋਧੀ ਸ਼ਕਤੀ ਦੀ ਹੋਂਦ ਦੀ ਕਲਪਨਾ ਵੀ ਉਸ ਦੇ ਮਨ ਨੇ ਕੀਤੀ ਹੋਈ ਹੁੰਦੀ ਹੈ। ਵਿਰੋਧੀ ਸ਼ਕਤੀ ਦੀ ਕਲਪਨਾ ਕੀਤੇ ਬਿਨਾਂ ਆਪਣੀ ਸ਼ਕਤੀ ਦਾ ਗੌਰਵ ਹਾਸੋ-ਹੀਣੀ ਗੱਲ ਹੈ। ਅਤੇ ਜੋ ਵਿਰੋਧ ਦੇ ਤੌਖਲੇ ਵਿਚ ਹੈ ਉਸ ਦਾ ਨਿਰਭੈ ਹੋਣਾ ਵੀ ਅਸੰਭਵ ਹੈ। ਕੇਵਲ ਨਿਰਵੈਰ ਹੀ ਨਿਰਭੈ ਹੋ ਸਕਦਾ ਹੈ। ਕੋਈ ਸਰਕਾਰ, ਕੀ ਪ੍ਰਜਾਤੰਤਰ ਅਤੇ ਕੀ ਏਕਤੰਤਰ, ਆਪਣੀ ਪ੍ਰਜਾ ਨੂੰ ਨਿਰਭੈ ਅਤੇ ਨਿਰਵੈਰ ਨਹੀਂ ਕਰਨਾ ਚਾਹੁੰਦੀ ਕਿਉਂਕਿ ਸਰਕਾਰਾਂ ਸ਼ਕਤੀ ਉੱਤੇ ਆਧਾਰਿਤ ਹੁੰਦੀਆਂ ਹਨ ਅਤੇ ਸ਼ਕਤੀ ਭੈ ਉੱਤੇ। ਨਿਰਭੈ ਲਈ ਕਿਸੇ ਸ਼ਕਤੀ ਦੀ ਹੋਂਦ ਦਾ ਕੋਈ ਅਰਥ ਨਹੀਂ ਹੁੰਦਾ।

ਹਾਂ, ਮੱਧ ਕਾਲ ਵਿਚ ਉਸਾਰੇ ਗਏ ਵੱਡੇ ਵੱਡੇ ਕਿਲ੍ਹੇ ਲੋਕਾਂ ਨੂੰ ਰਾਜਿਆਂ ਦੀ ਸ਼ਕਤੀ ਦਾ ਚੇਤਾ ਕਰਵਾ ਕੇ ਭੈ-ਭੀਤ ਰੱਖਣ ਦਾ ਕੰਮ ਕਰਦੇ ਸਨ। ਰੋਮਨਾਂ ਦਾ ਰਾਜ ਦੂਰ ਦੂਰ ਤੱਕ ਫੈਲਿਆ ਹੋਇਆ ਸੀ। ਰੋਮਨ ਜੋਧੇ ਇਸ ਰਾਜ ਦੇ ਥੰਮ ਮੰਨੇ ਜਾਂਦੇ ਸਨ। ਰੋਮਨਾਂ ਦੀ ਇਮਾਰਤ ਸਾਜ਼ੀ ਵਿਚ ਇਹ ਖਿਆਲ ਉੱਚੇ ਉੱਚੇ ਥੰਮਾਂ ਜਾਂ ਕੌਲਿਆਂ ਰਾਹੀਂ ਵਿਅਕਤ ਹੋਇਆ ਹੈ। ਇਹੋ ਖਿਆਲ ਈਸਾਈ ਰਾਜਿਆਂ ਦਾ ਵੀ ਰਿਹਾ ਹੈ। ਇਥੋਂ ਤੱਕ ਕਿ ਯੂਨਾਨ ਦੇ ਲੋਕ ਪ੍ਰਜਾਤੰਤਰ ਦੀ ਗੱਲ ਤਾਂ ਭਾਵੇਂ ਕਰਦੇ ਸਨ ਪ੍ਰੰਤੂ ਉਨ੍ਹਾਂ ਦਾ ਸਾਰਾ ਐਸ਼੍ਵਰਜ ਵੀ ਗਿਣਤੀ ਦੇ ਕੁੱਝ ਜੋਧਿਆਂ ਅਤੇ ਸਿਆਸਤਦਾਨਾਂ ਦੀ ਸ਼ਕਤੀ ਅਤੇ ਸਿਆਣਪ ਦੀ ਉਪਜ ਸੀ। ਉਨ੍ਹਾਂ ਦੀਆਂ ਪੁਰਾਤਨ ਇਮਾਰਤਾਂ ਵੀ ਥੰਮਾਂ ਉਤੇ ਖਲ੍ਹਾਰੀਆਂ ਗਈਆਂ ਹਨ ਅਤੇ ਥੰਮਾਂ ਜਾਂ ਕੌਲਿਆਂ ਰਾਹੀਂ ਸ਼ਖਸੀਅਤਾਂ ਦੀ ਅਭਿਵਿਅੰਜਨਾ ਦਾ ਖਿਆਲ ਉਨ੍ਹਾਂ ਕੋਲੋਂ ਹੀ ਰੋਮਨਾਂ ਅਤੇ ਈਸਾਈਆਂ ਨੇ ਲਿਆ ਹੈ।

ਕਾਲਮ, ਕੌਲੇ ਜਾਂ ਥੰਮ ਦਾ ਜਨਮ ਮਿਸਰ ਵਿਚ ਹੋਇਆ ਹੈ। ਮਿਸਰ ਰੇਗਿਸਤਾਨੀ ਦੇਸ਼ ਹੈ। ਇਥੋਂ ਦੇ ਲੋਕ ਧੁੱਪ ਤੋਂ ਬਚਣ ਲਈ ਆਪਣੇ ਘਰਾਂ ਦੇ ਸਾਹਮਣੇ ਬ੍ਰਾਂਡਾ ਜਾਂ ਬਰਾਮਦਾ ਬਣਾਉਂਦੇ ਸਨ। ਕੌਲੇ ਬ੍ਰਾਮਦੇ ਦੀ ਛੱਤ ਲਈ ਸਹਾਰੇ ਦਾ ਕੰਮ ਕਰਦੇ ਸਨ। ਲੱਕੜੀ ਦੀ ਘਾਟ ਦੇ ਕਾਰਨ ਇਹ ਕੌਲੇ ਨੀਲ ਨਦੀ ਦੇ ਕੰਢਿਆਂ ਉੱਤੇ ਉੱਗਣ ਵਾਲੀ ਨੜੀ ਤੋਂ ਬਣਾਏ ਜਾਂਦੇ ਸਨ। ਇਸ ਨੜੀ ਨੂੰ ਸੁਕਾ ਕੇ ਇਸ ਦਾ ਪੂਲਾ ਬਣਾ ਲਿਆ ਜਾਂਦਾ ਸੀ। ਇਸ ਪੂਲੇ ਦੀ ਮੁਟਾਈ ਬਰਾਬਰ ਰੱਖਣ ਲਈ ਅੱਧੇ ਬੂਟਿਆਂ ਦੇ ਮੁੱਢ ਇਕ ਪਾਸੇ ਵੱਲ ਅਤੇ ਅਧਿਆਂ ਦੇ ਦੂਜੇ ਪਾਸੇ ਵੱਲ ਰੱਖੇ ਜਾਂਦੇ ਸਨ। ਇਸ ਪੂਲੇ ਨੂੰ ਰੱਸੀ ਦੇ ਵੱਲ

ਮਾਰ ਕੇ ਸਖ਼ਤ ਕਰ ਲੈਣ ਪਿਛੋਂ ਚੀਕਨੀ ਮਿੱਟੀ ਨਾਲ ਲਿੰਬ ਲੈਂਦੇ ਸਨ। ਨੜੀ ਦੇ ਬਰੂੰ-ਬਲ ਜਾਂ ਆਗ ਦੋਹੀਂ ਪਾਸੀਂ ਹੋਣ ਕਰਕੇ ਇਹ ਪੂਲਾ ਸਿਰਿਆਂ ਤੋਂ ਚੌੜਾ ਹੁੰਦਾ ਸੀ। ਇਕ ਪਾਸੇ ਦੀ ਚੌੜਾਈ ਇਸ ਨੂੰ ਧਰਤੀ ਉੱਤੇ ਬਿਨਾਂ ਕਿਸੇ ਠੁੰਮਣੇ ਦੇ ਖਲੋਣ ਯੋਗ ਬਣਾਉਂਦੀ ਸੀ ਅਤੇ ਦੂਜੇ ਪਾਸੇ ਦੀ ਚੌੜਾਈ ਛੱਤਣ ਟਿਕਾਉਣ ਦੇ ਕੰਮ ਆਉਂਦੀ ਸੀ। ਅੱਜ ਤੱਕ ਸਾਰੇ ਸੰਸਾਰ ਵਿਚ ਕੌਲਿਆਂ ਨੂੰ ਦੋਹਾਂ ਸਿਰਿਆਂ ਉੱਤੇ ਚੌੜੇ ਰੱਖਣ ਦਾ ਰਿਵਾਜ ਹੈ। ਉਪਰਲੀ ਚੌੜਾਈ ਨਾਨਾ ਪ੍ਰਕਾਰ ਦੀ ਸਜਾਵਟ ਅਤੇ ਕਲਾ ਕੌਸ਼ਲ ਦਾ ਆਧਾਰ ਵੀ ਬਣਦੀ ਆਈ ਹੈ।

ਮੱਧ ਕਾਲ ਦੇ ਕਿਲ੍ਹੇ ਬਾਹਰੋਂ ਸ਼ਕਤੀ ਅਤੇ ਭੈ ਦਾ ਪ੍ਰਭਾਵ ਪਾਉਂਦੇ ਹਨ ਪਰੰਤੂ ਇਨ੍ਹਾਂ ਦੇ ਅੰਦਰਵਾਰ ਐਸ਼੍ਵਰਜ ਦਾ ਪਾਸਾਰ ਹੈ। ਸੰਗਮਰਮਰੀ ਕੰਧਾਂ, ਕੰਧਾਂ ਉਤਲੀਆਂ ਚਿੱਤ੍ਰਕਾਰੀਆਂ, ਉੱਚੀਆਂ ਛੱਤਾਂ, ਛੱਤਾਂ ਉਤਲੀ ਸੁਨਹਿਰੀ ਮੀਨਾਕਾਰੀ, ਵਿਸ਼ਾਲ ਕਮਰੇ ਅਤੇ ਬਾਰਾਂਦਰੀਆਂ ਸਭ ਕੁਝ ਕਿਲ੍ਹਿਆਂ ਦੀਆਂ ਕਠੋਰ ਕੰਧਾਂ ਪਿੱਛੇ ਲੁਕਾ ਕੇ ਰੱਖਿਆ ਜਾਂਦਾ ਸੀ। ਇਹ ਗੱਲ ਬਾਦਸ਼ਾਹਾਂ ਦੇ ਮਨ ਵਿਚ ਵਸਦੇ ਚੋਰ ਦੀ ਹੋਂਦ ਦਾ ਹੁੰਗਾਰਾ ਭਰਦੀ ਹੈ। ਕਰੜੀ ਮਿਹਨਤ ਕਰ ਕੇ, ਰੁੱਖੀ ਸੁੱਕੀ ਖਾ ਕੇ ਰੱਬ ਦਾ ਸ਼ੁਕਰ ਕਰਨ ਵਾਲੇ ਲੋਕਾਂ ਦੀ ਕਮਾਈ ਉੱਤੇ ਜੀਊਣ ਵਾਲੇ ਵਿਹਲੇ ਲੋਕ ਆਪਣੇ ਐਸ਼ਵਰਜ ਦਾ ਵਿਖਾਲਾ ਪਾਉਣ ਵਿਚ ਜੋ ਕੁਝ ਸ਼ਰਮ ਮਹਿਸੂਸ ਕਰਦੇ ਰਹੇ ਹਨ ਤਾਂ ਇਹ ਗੱਲ ਉਨ੍ਹਾਂ ਦੇ ਮਨਾਂ ਵਿਚ ਥੋੜ੍ਹੇ ਬਹੁਤੇ ਸਾਊਪੁਣੇ ਦੀ ਹੋਂਦ ਦੀ ਗਵਾਹੀ ਭਰਦੀ ਹੈ। ਹੁਣ ਪ੍ਰਜਾਤੰਤਰਾਂ ਦਾ ਜ਼ਮਾਨਾ ਹੈ। ਹਰ ਕਿਸੇ ਲਈ ਇੱਕੋ ਜਿਹੀਆਂ ਸਹੂਲਤਾਂ ਅਤੇ ਸਾਵੇਂ ਅਵਸਰਾਂ ਦੇ ਸਿਧਾਂਤ ਦੀ ਘਾੜਤ ਘੜ ਕੇ ਆਧੁਨਿਕ ਹਾਕਮ ਸ਼੍ਰੇਣੀ ਦੇ ਲੋਕ ਆਲੀਸ਼ਾਨ ਕੋਠੀਆਂ ਵਿਚ ਵੱਸਣ ਦੀ ਬੇ-ਸ਼ਰਮੀ ਉਸ ਹਾਲਤ ਵਿਚ ਵੀ ਕਰਦੇ ਹਨ ਜਦ ਕਿ ਉਨ੍ਹਾਂ ਨੂੰ ਹਾਕਮ ਥਾਪਣ ਵਾਲੇ ਲੋਕ ਹਜ਼ਾਰਾਂ ਨਹੀਂ ਸਗੋਂ ਲੱਖਾਂ ਦੀ ਗਿਣਤੀ ਵਿਚ ਫੁੱਟਪਾਥਾਂ ਉੱਤੇ ਸੌਣ ਲਈ ਮਜਬੂਰ ਹੁੰਦੇ ਹਨ।

ਇਹ ਗੱਲ ਉਚੇਚੇ ਧਿਆਨ ਦੀ ਮੰਗ ਕਰਦੀ ਹੈ ਕਿ ਭਾਰਤ ਵਿਚ ਹਿੰਦੂ, ਬੋਧੀ ਅਤੇ ਜੈਨ ਸਮਰਾਟਾਂ ਦੇ ਕਿਲ੍ਹਿਆਂ ਦੇ ਖੰਡਰ ਬਹੁਤੇ ਨਹੀਂ ਮਿਲਦੇ। ਦਿੱਲੀ ਵਿਚ ਇਕ ਕਿਲ੍ਹੇ ਦੇ ਖੰਡਰ ਹਨ ਜਿਨ੍ਹਾਂ ਨੂੰ ਪਾਂਡਵਾਂ ਦਾ ਕਿਲ੍ਹਾ ਆਖਿਆ ਜਾਂਦਾ ਹੈ। ਇਹ ਗੱਲ ਪ੍ਰਮਾ-ਣੀਕ ਨਹੀਂ। ਖੰਡਰਾਂ ਤੋਂ ਇਉਂ ਪਰਤੀਤ ਹੁੰਦਾ ਹੈ ਕਿ ਉਹ ਕਿਲ੍ਹਾ ਵੀ ਤੁਰਕਾਂ ਦੇ ਸਮੇਂ ਵਿਚ ਬਣਿਆ ਹੈ। ਰਾਜਪੂਤਾਂ ਦੇ ਕਿਲ੍ਹੇ ਮੁਸਲਮਾਨੀ ਰਾਜ ਦੇ ਸਮੇਂ ਵਿਚ ਬਣੇ ਹਨ। ਇਉਂ ਭਾਰਤ ਵਿਚਲੇ ਲੱਗ ਪੱਗ ਸਾਰੇ ਕਿਲ੍ਹੇ ਅਤੇ ਮਕਬਰੇ ਮੁਸਲਮਾਨ ਬਾਦਸ਼ਾਹਾਂ ਦੇ ਬਣਵਾਏ ਹੋਏ ਹਨ। ਇਸ ਦਾ ਕਾਰਣ ਇਹ ਹੈ ਕਿ ਮੁਸਲਮਾਨ ਹਾਕਮ ਬਾਹਰੋਂ ਆਏ ਹੋਣ ਕਰਕੇ ਤੌਖਲੇ ਵਿਚ ਰਹਿੰਦੇ ਸਨ। ਉਨ੍ਹਾਂ ਨੂੰ ਆਪਣੀ ਸੁਰੱਖਿਆ ਦੀ ਚਿੰਤਾ ਸੀ ਜਿਹੜੀ ਕਿਲ੍ਹਿਆਂ ਦੇ ਰੂਪ ਵਿਚ ਪਰਗਟ ਹੋਈ ਹੈ। ਹਿੰਦੂ ਰਾਜੇ ਅਜਿਹੀ ਕਿਸੇ ਚਿੰਤਾ ਦੇ ਰੋਗੀ ਘੱਟ ਸਨ। ਉਹ ਵੱਡੇ ਵੱਡੇ ਮਹੱਲਾਂ ਵਿਚ ਐਸ਼੍ਵਰਜ ਦਾ ਜੀਵਨ ਹੀ ਨਹੀਂ ਸਨ ਜੀਊਂਦੇ। ਅਸ਼ੋਕ ਭਿਕਸ਼ੂ ਸੀ। ਹਰਸ਼ ਵਰਧਨ ਆਪਣੀ ਭੈਣ, ਰਾਜੇਸ਼੍ਰੀ, ਕੋਲੋਂ ਦੋ ਧੋਤੀਆਂ ਮੰਗ ਕੇ ਪਹਿਨਦਾ ਸੀ।

ਕਈ ਇਕ ਰਾਜੇ ਰਿਸ਼ੀਆਂ ਦੀ ਅਗਵਾਈ ਵਿਚ ਲੋਕ-ਸੇਵਾ ਦਾ ਆਦਰਸ਼ ਪਾਲਦੇ ਸਨ । ਇਨ੍ਹਾਂ ਦਾ ਵੈਭਵ ਅਤੇ ਵਿਲਾਸ ਵੱਡੇ ਵੱਡੇ ਮੰਦਰਾਂ ਦੀ ਉਸਾਰੀ ਵਿਚ ਰੂਪਮਾਨ ਹੋਇਆ ਹੈ ।

ਇਮਾਰਤੀ ਕਲਾ ਅਤੇ ਧਰਮ ਦਾ ਸੰਜੋਗ ਇਸ ਕਲਾ ਦੀਆਂ ਸੰਭਾਵਨਾਵਾਂ ਨੂੰ ਸਾਕਾਰ ਕਰਨ ਦਾ ਸਭ ਤੋਂ ਵੱਡਾ ਵਸੀਲਾ ਬਣਿਆ ਹੈ । ਯੂਰਪ ਅਤੇ ਏਸ਼ੀਆ ਵਿਚ ਬੁੱਧ ਮਤ, ਜੈਨ ਮਤ, ਈਸਾਈਅਤ, ਇਸਲਾਮ ਅਤੇ ਹਿੰਦੂ ਮਤ ਨੇ ਆਪੋ ਆਪਣੇ ਆਦਰਸ਼ਾਂ ਨੂੰ ਮੰਦਰਾਂ, ਮਸਜਦਾਂ, ਗਿਰਜਿਆਂ, ਪੈਗੋਡਿਆਂ ਅਤੇ ਮੀਨਾਰਾਂ ਰਾਹੀਂ ਪਰਗਟ ਕਰ ਕੇ ਧਰਤੀ ਮਾਂ ਦੇ ਵਿਸ਼ਾਲ ਵਿਹੜੇ ਦੀ ਸਜਾਵਟ ਵਿਚ ਵਾਧਾ ਕੀਤਾ ਹੈ । ਧਾਰਮਕ ਇਮਾਰਤਾਂ ਦੀ ਉਸਾਰੀ ਨੇ ਸੁੰਦਰਤਾ ਦੇ ਨਾਲ ਨਾਲ ਮਨੁੱਖੀ ਹਿਰਦੇ ਨੂੰ ਸੱਚ, ਸੰਤੋਖ ਅਤੇ ਸਾਂਝੀਵਾਲਤਾ ਦਾ ਸੁਨੇਹਾ ਵੀ ਦਿੱਤਾ ਹੈ । ਜਿਥੇ ਵੱਡੇ ਵੱਡੇ ਕਿਲ੍ਹੇ ਜਨ-ਸਾਧਾਰਣ ਨੂੰ ਭੈ-ਭੀਤ ਕਰਦੇ ਸਨ ਉੱਥੇ ਗਿਰਜਿਆਂ ਦੀਆਂ ਉੱਚੀਆਂ ਟੀਸੀਆਂ ਮਨੁੱਖਾਂ ਦੇ ਸਾਂਝੇ ਪਿਤਾ ਅਤੇ ਸਾਂਝੇ ਪਿਤਾ ਦੇ ਸਵਰਗੀ ਰਾਜ ਵੱਲ ਇਸ਼ਾਰਾ ਕਰਦੀਆਂ ਸਨ। ਕਿਲ੍ਹਿਆਂ ਦਾ ਫੈਲਾਓ ਰਾਜਿਆਂ ਦੀ ਤ੍ਰਿਸ਼ਨਾ ਦਾ ਸੂਚਕ ਸੀ ਅਤੇ ਰੋਮਨ ਕੈਥੋਲਿਕ ਗਿਰਜਿਆਂ ਦੀਆਂ ਤਿੱਖੀਆਂ ਟੀਸੀਆਂ ਸੰਤ ਦੇ ਤਿਆਗ ਦਾ ਪਰਤੀਕ ਸਨ । ਜਿਵੇਂ ਜਿਵੇਂ ਸੰਤ ਰਬ ਦੇ ਨੇੜੇ ਹੋਈ ਜਾਂਦਾ ਹੈ ਤਿਵੇਂ ਤਿਵੇਂ ਉਸ ਦੀ ਸੰਸਾਰੀ ਸ਼ਖਸੀਅਤ ਅਲੋਪ ਹੁੰਦੀ ਜਾਂਦੀ ਹੈ । ਤਿਆਗ, ਨਿਰਲੇਪਤਾ, ਉਚਾਈ ਅਤੇ ਵਿਖਮਤਾ ਦੇ ਸਾਰੇ ਖਿਆਲਾਂ ਨੂੰ ਗਿਰਜਿਆਂ ਦੀਆਂ ਤਿਖੀਆਂ ਟੀਸੀਆਂ ਅਤਿਅੰਤ ਕੁਸ਼ਲਤਾ ਨਾਲ ਪਰਗਟ ਕਰਦੀਆਂ ਹਨ । ਤਿੱਖੀਆਂ ਟੀਸੀਆਂ ਉਸੇ ਵਿਖਮਤਾ ਦਾ ਪਰਤੀਕ ਹਨ ਜਿਸ ਨੂੰ ਕਬੀਰ ਜੀ ਖਜੂਰ ਦੀ ਉਚਾਈ ਨਾਲ ਤੁਲਨਾ ਦਿੰਦੇ ਹਨ ।

ਪੱਛਮੀ ਯੌਰਪ ਦੇ ਈਸਾਈ ਦੇਸ਼ਾਂ ਨੇ ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀ ਵਿਚ ਮਸ਼ੀਨੀ ਉੱਨਤੀ ਕਰ ਕੇ ਬਾਕੀ ਸਾਰੇ ਸੰਸਾਰ ਨੂੰ ਆਪਣੀਆਂ ਵਪਾਰਕ ਮੰਡੀਆਂ ਵਿਚ ਵਟਾਉਣ ਦੇ ਖਿਆਲ ਨਾਲ ਦੂਰ ਦੁਰਾਡੇ ਦੇਸ਼ਾਂ ਵਿਚ ਜਾ ਕੇ ਵੱਡੇ ਵੱਡੇ ਸਾਮਰਾਜਾਂ ਦੀ ਸਥਾਪਨਾ ਕਰ ਲਈ । ਇਹ ਪੱਛਮੀ ਦੇਸ਼ ਉਸ ਸਮੇਂ ਰੋਮਨ ਕੈਥੋਲਿਕ ਮਤ ਤਿਆਗ ਕੇ ਈਸਾਈਅਤ ਦੇ ਦੂਜੇ ਧੜੇ, ਪ੍ਰੋਟੈਸਟੈਂਟਿਜ਼ਮ ਨੂੰ ਅਪਣਾ ਚੁੱਕੇ ਸਨ । ਇਉਂ ਇਸ ਕੁਦਰਤੀ ਮੌਕਾ ਮੇਲ ਨਾਲ ਪ੍ਰੋਟੈਸਟੈਂਟਿਜ਼ਮ ਅਤੇ ਸਨਅਤੀ ਸਾਮਰਾਜਾਂ ਦਾ ਵਿਕਾਸ ਇਕੋ ਸਮੇਂ ਹੋਣ ਕਰਕੇ ਈਸਾਈਅਤ ਵਿਸ਼ਵ ਧਰਮ ਹੋਣ ਦੇ ਸੁਪਨੇ ਵੇਖਣ ਲਗ ਪਈ ਸੀ । ਇਸੇ ਲਈ ਹੀ ਪ੍ਰੋਟੈਸਟੈਂਟ ਗਿਰਜਿਆਂ ਦੀ ਉਸਾਰੀ ਵਿਚ ਤਿੱਖੀਆ ਟੀਸੀਆਂ ਦੀ ਥਾਂ ਗੁੰਬਦ ਬਣਨ ਲਗ ਪਏ ਸਨ ਜਿਹੜੇ ਵਿਸ਼ਵ ਵਿਆਪਕਤਾ ਦੇ ਚਿੰਨ੍ਹ ਹਨ ।

ਸਰਕਾਰੀ ਇਮਾਰਤਾਂ ਵਿਚ ਜਨ-ਸਾਧਾਰਣ ਦੇ ਸਤਿਕਾਰ ਦਾ ਖਿਆਲ ਨਹੀਂ ਸੀ ਰੱਖਿਆ ਜਾਂਦਾ । ਇਸ ਸੱਚ ਨੂੰ ਪ੍ਰਤੱਖ ਵੇਖਣ ਲਈ ਦਿੱਲੀ, ਆਗਰਾ ਅਤੇ ਫਤਹਪੁਰ ਸੀਕਰੀ ਵਿਚ ਬਣੇ ਦੀਵਾਨ-ਇ-ਆਮ ਅਤੇ ਦੀਵਾਨ-ਇ-ਖਾਸ ਵੇਖੇ ਜਾ ਸਕਦੇ ਹਨ । ਦੀਵਾਨ-ਇ-ਖਾਸ ਉਹ ਥਾਵਾਂ ਹੁੰਦੀਆਂ ਸਨ ਜਿਥੇ ਮੁਗਲ ਸ਼ਹਿਨਸ਼ਾਹ ਆਪਣੇ ਵਜ਼ੀਰਾਂ

ਜਰਨੈਲਾਂ ਅਤੇ ਨੌਂ-ਰਤਨਾਂ ਨਾਲ ਗੱਲ ਬਾਤ ਕਰਦੇ ਹੁੰਦੇ ਸਨ। ਇਹ ਥਾਵਾਂ ਕਲਾ ਦੇ ਸ਼ਾਨਦਾਰ ਨਮੂਨੇ ਹਨ । ਇਸ ਦੇ ਉਲਟ ਆਮ ਲੋਕਾਂ ਦੀ ਦਾਦ ਫ਼ਰਿਆਦ ਸੁਣਨ ਵਾਲੀਆਂ ਥਾਵਾਂ ਉੱਤੇ ਬਹੁਤਾ ਧਿਆਨ ਦੇਣ ਦੀ ਲੋੜ ਨਹੀਂ ਸਮਝੀ ਗਈ। ਉਸ ਸਮੇਂ ਗਿਰਜੇ ਅਤੇ ਮਸਜਦਾਂ ਆਮ ਲੋਕਾਂ ਦੇ ਇਕੱਠ ਦੀਆਂ ਅਜੇਹੀਆਂ ਥਾਵਾਂ ਸਨ ਜਿਥੇ ਜਾ ਕੇ ਉਹ ਉੱਚੇ ਆਦਰਸ਼ ਦੀ ਗਲ ਸੁਣ ਅਤੇ ਸੋਚ ਸਕਦੇ ਸਨ। ਇਹ ਇਮਾਰਤਾਂ ਉਸ ਸਮੇਂ ਜਨ-ਸਾਧਾਰਣ ਨੂੰ ਇਨਸਾਨੀਅਤ ਅਤੇ ਸਾਂਝੀਵਾਲਤਾ ਦਾ ਅਹਿਸਾਸ ਕਰਵਾਉਂਦੀਆਂ ਸਨ।

ਬਹੁਤ ਪੁਰਾਣੇ ਗਿਰਜਿਆਂ ਵਿਚ ਥੰਮ ਜਾਂ ਕੌਲੇ ਨਹੀਂ ਸਨ ਹੁੰਦੇ। ਉਨ੍ਹਾਂ ਦੀਆਂ ਛੱਤਾਂ ਕੰਧਾਂ ਦੇ ਆਸਰੇ ਟਿਕੀਆਂ ਹੋਈਆਂ ਹਨ । ਉਹ ਕੰਧਾਂ ਨਿੱਕੀਆਂ ਨਿੱਕੀਆਂ ਇੱਟਾਂ ਦੀਆਂ ਬਣੀਆਂ ਹੋਈਆਂ ਹਨ । ਕੌਲਿਆਂ ਦੀ ਥਾਂ ਕੰਧਾਂ ਨੂੰ ਗਿਰਜਿਆਂ ਦਾ ਆਧਾਰ ਬਣਾਉਣਾ ਇਸ ਗੱਲ ਦਾ ਪ੍ਰਤੀਕ ਹੁੰਦਾ ਸੀ ਕਿ ਧਰਮ ਦਾ ਆਧਾਰ ਜਨ ਸਾਧਾਰਣ ਹੈ। ਹੌਲੀ ਹੌਲੀ ਧਰਮ ਅਤੇ ਰਾਸ਼ਟਰਵਾਦ ਦੀ ਭਾਵਨਾ ਦਾ ਸੰਜੋਗ ਹੁੰਦਾ ਗਿਆ। ਇਸ ਸੰਜੋਗ ਦੇ ਕਾਰਨ ਦੁਨਿਆਵੀ ਰੁਤਬਿਆਂ ਦੇ ਮਾਲਕ ਧਰਮ ਵਿਚ ਸਤਿਕਾਰ ਪ੍ਰਾਪਤ ਕਰ ਗਏ ਅਤੇ ਥੰਮਾਂ ਨੂੰ ਗਿਰਜਿਆਂ ਵਿਚ ਥਾਂ ਪ੍ਰਾਪਤ ਹੋ ਗਈ। ਪ੍ਰੰਤੂ ਇਹ ਥੰਮ ਇਮਾਰਤ ਦੇ ਬਾਹਰਵਾਰ ਨਹੀਂ ਸਨ ਬਣਾਏ ਜਾਂਦੇ ਸਗੋਂ ਅੰਦਰਵਾਰ ਉਸਾਰੇ ਜਾਂਦੇ ਸਨ। ਬਾਹਰੋਂ ਵੇਖਣ ਨਾਲ ਸਾਰੀ ਇਮਾਰਤ ਕੰਧਾਂ ਉੱਤੇ ਖੜੋਤੀ ਨਜ਼ਰ ਆਉਂਦੀ ਸੀ। ਇੰਗਲੈਂਡ ਦਾ ਕੈਂਟਰਬਰੀ ਕੈਥੀਡ੍ਰਲ ਇਸ ਪ੍ਰਕਾਰ ਦੀਆਂ ਇਮਾਰਤਾਂ ਦਾ ਸ਼ਾਨਦਾਰ ਨਮੂਨਾ ਹੈ। ਲੰਡਨ ਦੇ ਸੇਂਟ ਪਾਲ ਗਿਰਜੇ ਦੀ ਇਮਾਰਤ ਵੀ ਇਸੇ ਢੰਗ ਉੱਤੇ ਬਣਾਈ ਗਈ ਹੈ । ਇਸ ਦਾ ਵੱਡਾ ਗੁੰਬਦ ਵਿਸ਼ਵ-ਵਿਆਪਕਤਾ ਦੇ ਉਨ੍ਹਾਂ ਸੁਪਨਿਆਂ ਦਾ ਪ੍ਰਤੀਕ ਹੈ ਜਿਹੜੇ ਸ਼ਕਤੀ ਦੇ ਲੋਭੀ ਇਸ ਇਸਾਈ ਸੰਤ (ਸੇਂਟ ਪਾਲ) ਦੇ ਸਿਰ ਵਿਚ ਸਦਾ ਸਮਾਏ ਰਹਿੰਦੇ ਸਨ।

ਸਮਾਂ ਬੀਤਣ ਨਾਲ ਗਿਰਜਿਆਂ ਦੀ ਉਸਾਰੀ ਵਿਚ ਥੰਮਾਂ ਨੂੰ ਥਾਂ ਪ੍ਰਾਪਤ ਹੁੰਦੀ ਗਈ ਹੈ ਪ੍ਰੰਤੂ ਉਹ ਗਿਰਜਿਆਂ ਦੇ ਅੰਦਰਵਾਰ ਲੁਕੇ ਰਹੇ ਹਨ। ਇਸਲਾਮੀ ਇਮਾਰਤੀ ਕਲਾ ਮਸਜਦਾਂ ਦੀ ਉਸਾਰੀ ਵਿਚ ਸ਼ੁਰੂ ਤੋਂ ਹੀ ਥੰਮਾਂ ਦੀ ਥਾਂ ਮੀਨਾਰਾਂ ਨੂੰ ਦਿੰਦੀ ਆਈ ਹੈ ਅਤੇ ਇਹ ਮੀਨਾਰ ਮਸਜਦ ਲਈ ਕਿਸੇ ਆਸਰੇ ਦਾ ਕੰਮ ਨਹੀਂ ਕਰਦੇ । ਇਹ ਮਸਜਦ ਦੇ ਬਾਹਰਵਾਰ ਆਪੋ ਆਪਣੀ ਸੁਤੰਤਰ ਹੋਂਦ ਦਾ ਵਿਖਾਲਾ ਪਾਉਂਦੇ ਹਨ। ਯਹੂਦੀ ਇਮਾਰਤਾਂ ਵਿਚ ਵੀ ਮੀਨਾਰਾਂ ਨੂੰ ਖਾਸ ਮਹਾਨਤਾ ਪ੍ਰਾਪਤ ਹੈ। ਇਸਲਾਮੀ ਅਤੇ ਯਹੂਦੀ ਮੀਨਾਰ ਪੈਗੰਬਰਾਂ ਦੀ ਮਹਾਨਤਾ ਦੇ ਪ੍ਰਤੀਕ ਹਨ। ਜਿਵੇਂ ਪੈਗੰਬਰ ਨਿਰਾ ਪੁਰਾ ਪਰਚਾਰਕ ਜਾਂ ਅਧਿਆਪਕ ਹੀ ਨਹੀਂ ਸਗੋਂ ਆਪਣੇ ਆਪ ਵਿਚ ਇਕ ਸੰਪੂਰਣਤਾ ਹੈ ਤਿਵੇਂ ਹੀ ਇਹ ਮੀਨਾਰ ਕੇਵਲ ਥੰਮ ਜਾਂ ਸਹਾਰਾ ਨਹੀਂ ਹਨ ਸਗੋਂ ਵੱਖਰੀਆਂ ਸੰਪੂਰਣ ਇਮਾਰਤਾਂ ਹਨ।

ਮੱਧ ਪੂਰਬੀ ਰੇਗਿਸਤਾਨੀ ਦੇਸ਼ਾਂ ਦੇ ਲੋਕਾਂ ਦਾ ਜੀਵਨ ਕਰੜੀ ਘਾਲਣਾ ਅਤੇ ਥੁੜ ਦਾ

ਜੀਵਨ ਸੀ। ਜੀਵਨ ਦੇ ਨੀਰਸ ਘੋਲ ਨੂੰ ਜਾਰੀ ਰੱਖਣ ਲਈ ਉਨ੍ਹਾਂ ਨੂੰ ਇਸ ਵਿਸ਼ਵਾਸ ਦੇ ਸਹਾਰੇ ਦੀ ਲੋੜ ਸੀ ਕਿ ਇਸ ਜੀਵਨ ਦੀ ਨੇਕੀ ਅਤੇ ਘਾਲ ਸਾਨੂੰ 'ਅੱਗੇ' ਜਾ ਕੇ ਫਲ ਦੇਵੇਗੀ। ਇਸ ਵਿਸ਼ਵਾਸ ਵਿਚੋਂ ਜੰਨਤ ਦਾ ਸਿਧਾਂਤ ਉਪਜਿਆ ਹੈ। ਜੰਨਤ ਵਿਚ ਹਰ ਪ੍ਰਕਾਰ ਦੇ ਭੋਗ ਦੀ ਭਰਪੂਰਤਾ ਹੈ ਅਤੇ ਹਰ ਕਿਸੇ ਨੂੰ ਹਰ ਸ਼ੈ ਨਿਰਯਤਨ ਪ੍ਰਾਪਤ ਹੁੰਦੀ ਹੈ। ਭੋਗਾਂ ਨੂੰ ਭੋਗਣ ਲਈ ਸਰੀਰ ਜ਼ਰੂਰੀ ਹੈ ਅਤੇ ਸਰੀਰ ਨੂੰ ਜੰਨਤ ਵਿਚ ਲੈ ਜਾਣ ਲਈ ਇਸ ਦੀ ਸੰਭਾਲ ਜ਼ਰੂਰੀ ਹੈ। ਇਸੇ ਲਈ ਮੁਰਦਿਆਂ ਨੂੰ ਸਾੜਨ ਦੀ ਥਾਂ ਦਬਾਇਆ ਜਾਂਦਾ ਹੈ। ਇਹੋ ਕਬਰਾਂ ਬਾਦਸ਼ਾਹਾਂ ਦੇ ਮਕਬਰਿਆਂ ਦਾ ਰੂਪ ਧਾਰ ਕੇ ਇਮਾਰਤੀ ਕਲਾ ਦਾ ਸੁੰਦਰ ਨਮੂਨਾ ਬਣੀਆਂ ਹਨ।

ਜੈਨ ਮੱਤ ਭਾਰਤ ਦਾ ਬਹੁਤ ਪੁਰਾਤਨ ਮੱਤ ਹੈ। ਇਸ ਮੱਤ ਅਨੁਸਾਰ 'ਜੀਵ' ਅਤੇ ਪਰਕਿਰਤੀ ਦੋਵੇਂ ਅਨਾਦੀ ਅਤੇ ਅਨੰਤ ਹਨ । ਜੈਨੀ ਲੋਕ ਸ੍ਰਿਸ਼ਟੀ ਦੇ ਆਰੰਭ ਜਾਂ ਇਸ ਦੀ ਉਤਪਤੀ ਅਤੇ ਇਸ ਦੇ ਅੰਤ ਵਿਚ ਵਿਸ਼ਵਾਸ ਨਹੀਂ ਰੱਖਦੇ। ਉਨ੍ਹਾਂ ਦੇ ਮੱਤ ਅਨੁਸਾਰ ਇਹ ਸਦੀਵੀ ਹੈ । ਪਦਾਰਥ ਦੀ ਸਦੀਵਤਾ ਦੇ ਵਿਸ਼ਵ ਸੀ ਜੈਨੀਆਂ ਨੇ ਪਥਰੀਲੀਆਂ ਚੱਟਾਨਾਂ ਨੂੰ ਕੱਟ ਤ੍ਰਾਸ਼ ਕੇ ਅਜੇਹੇ ਮੰਦਰ ਬਣਾਏ ਹਨ ਜੋ ਪਰਬਤਾਂ ਵਾਂਗ ਸਦੀਵਤਾ ਦਾ ਪ੍ਰਭਾਵ ਪਾਉਂਦੇ ਹਨ। ਜੈਨ ਮੱਤ ਪਰਚਾਰਕ ਧਰਮ ਨਹੀਂ ਸੀ ਅਤੇ ਇਹ ਹਿੰਦੁਸਤਾਨੋਂ ਬਾਹਰ ਨਹੀਂ ਗਿਆ । ਇਸ ਦੇ ਉਲਟ ਬੁੱਧ ਮੱਤ ਸਾਰੇ ਏਸ਼ੀਆ ਵਿਚ ਫੈਲਿਆ ਹੈ। ਬੋਧੀ ਪਰਚਾਰਕ ਆਪਣੇ ਸਿਧਾਂਤਾਂ ਨੂੰ ਦੂਜਿਆਂ ਉੱਤੇ ਠੋਸਦੇ ਨਹੀਂ ਸਨ। ਉਹ ਹਰ ਪ੍ਰਕਾਰ ਦੀ ਜੀਵਨ ਜਾਚ ਨੂੰ ਨਿਰਵਾਣ ਦੇ ਨਿਸ਼ਾਨੇ ਵੱਲ ਤੋਰਨ ਦਾ ਜਤਨ ਕਰਦੇ ਸਨ। ਇਸੇ ਲਈ ਵੱਖ ਵੱਖ ਦੇਸ਼ਾਂ ਵਿਚ ਪੁੱਜ ਕੇ ਬੁੱਧ ਧਰਮ ਨੇ ਵੱਖ ਵੱਖ ਰੂਪ ਧਾਰਣ ਕਰ ਲਏ ਸਨ। ਬੁੱਧ ਮੱਤ ਦੇ ਅਨੇਕ ਰੂਪਾਂ ਵਾਂਗ ਬੁੱਧ ਮੰਦਰਾਂ ਦੀ ਉਸਾਰੀ ਵੀ ਅਨੇਕ ਰੂਪੀ ਹੈ।

ਭਾਰਤ ਵਿਚ ਬੋਧੀਆਂ ਨੇ ਮੰਦਰ ਘੱਟ ਅਤੇ ਵਿਹਾਰ, ਵਿਦਿਆਲੇ ਅਤੇ ਵਿਸ਼ਵ ਵਿਦਿਆਲੇ ਵੱਧ ਬਣਾਏ ਸਨ। ਇਹ ਸਾਰਾ ਕੁੱਝ ਇਸਲਾਮੀ ਕੱਟੜਤਾ ਦਾ ਸ਼ਿਕਾਰ ਹੋ ਚੁੱਕਾ ਹੈ। ਮਹਾਤਮਾ ਬੁੱਧ ਦੇ ਜੀਵਨ ਨੂੰ ਦਰਸਾਉਣ ਵਾਲੀਆਂ ਕੁਝ ਕੁ ਇਮਾਰਤਾਂ ਹਿੰਦੂ ਮੰਦਰਾਂ ਨਾਲੋਂ ਵੱਖਰੀਆਂ ਨਹੀਂ। ਇਨ੍ਹਾਂ ਦੀ ਉਸਾਰੀ ਵਿਚ ਲੋਕਾਂ ਦਾ ਖਿਆਲ ਘਟ ਅਤੇ ਬੁੱਧ ਦਾ ਖਿਆਲ ਵੱਧ ਰੱਖਿਆ ਗਿਆ ਹੈ। ਇਵੇਂ ਹੀ ਹਿੰਦੂ ਮੰਦਰਾਂ ਦੀ ਉਸਾਰੀ ਵੀ ਇਸ ਖਿਆਲ ਨਾਲ ਨਹੀਂ ਕੀਤੀ ਗਈ ਕਿ ਇਨ੍ਹਾਂ ਵਿਚ ਬਹੁਤ ਸਾਰੇ ਲੋਕਾਂ ਨੇ ਇਕੱਠੇ ਹੋਣਾ ਹੈ। ਇਹ ਮੰਦਰ ਕਿਸੇ ਮੂਰਤੀ ਦੀ ਸਥਾਪਨਾ, ਉਸ ਦੀ ਪੂਜਾ, ਪੂਜਾ ਕਰਨ ਵਾਲੇ ਪੁਜਾਰੀ ਅਤੇ ਉਸ ਪੁਜਾਰੀ ਦੇ ਕੁਝ ਕੁ ਸਹਾਇਕਾਂ ਦੀ ਲੋੜ ਨੂੰ ਮੁੱਖ ਰੱਖ ਕੇ ਬਣਾਏ ਗਏ ਹਨ। ਹਿੰਦੂ ਧਰਮ ਪ੍ਰਬੰਧਿਤ ਜਾਂ ਆਰਗੇਨਾਈਜ਼ਡ ਧਰਮ ਨਹੀਂ। ਇਹ ਆਤਮਾ ਅਤੇ ਪਰਮਾਤਮਾ ਦੇ ਸਿੱਧੇ ਸੰਬੰਧ ਵਿਚ ਵਿਸ਼ਵਾਸ ਰੱਖਦਾ ਹੈ। ਹਰ ਮਨੁੱਖ ਦਾ ਆਪਣੇ ਰੱਬ ਨਾਲ ਰਿਸ਼ਤਾ ਦੂਜੇ ਮਨੁੱਖਾਂ ਨਾਲੋਂ ਵੱਖਰੇ ਢੰਗ ਦਾ ਹੈ ਅਤੇ ਉਸ ਮਨੁੱਖ ਦੇ ਗੁਣ, ਕਰਮ ਅਤੇ ਸੁਭਾਂ ਉੱਤੇ ਆਧਾਰਿਤ ਹੈ। ਹਰ ਮਨੁੱਖ ਦੀ ਪੂਜਾ ਨਵੇਕਲੀ ਹੋ ਸਕਦੀ ਹੈ ਅਤੇ

ਪੂਜਾ ਲਈ ਕਿਸੇ ਮੰਦਰ ਦੀ ਲੋੜ ਨਹੀਂ । ਘਰ ਹੀ ਮੰਦਰ ਹੈ । ਸਰਵ ਵਿਆਪਕ ਦੀ ਪੂਜਾ ਹਰ ਥਾਂ ਸੰਭਵ ਹੈ । ਇਸ ਲਈ ਮੰਦਰਾਂ ਵਿਚ ਇਕੱਠ ਕਰ ਕੇ ਕਿਸੇ ਸਮਾਜ, ਸੰਗ, ਸੰਗਤ ਜਾਂ ਜਮਾਤ ਦੀ ਲੋੜ ਨਹੀਂ । ਇਸ ਕਰਕੇ ਹਿੰਦੂ ਮੰਦਰਾਂ ਵਿਚ ਵੱਡੇ ਵੱਡੇ ਦਲਾਨ ਅਤੇ ਹਾਲ ਘੱਟ ਬਣੇ ਹਨ ।

ਇਮਾਰਤੀ ਕਲਾ ਨੇ ਮਨੁੱਖੀ ਜੀਵਨ ਵਿਚ ਸੁੰਦਰਤਾ ਪੈਦਾ ਕਰਨ ਦੇ ਨਾਲ ਨਾਲ ਕਾਰੋਬਾਰ ਅਤੇ ਰੋਜ਼ਗਾਰ ਵੀ ਪੈਦਾ ਕੀਤਾ ਹੈ । ਹੁਣ ਜਦੋਂ ਰਾਜੇ, ਮਹਾਰਾਜੇ, ਸਮਰਾਟ ਅਤੇ ਸ਼ਹਿਨਸ਼ਾਹ ਨਹੀਂ ਰਹੇ ਤਾਂ ਉਨ੍ਹਾਂ ਦੇ ਮਹੱਲ, ਕਿਲ੍ਹੇ, ਮਕਬਰੇ, ਮੀਨਾਰ ਅਤੇ ਬਾਰਾਦਰੀਆਂ ਜਨ-ਸਾਧਾਰਣ ਦੇ ਮਨੋਰੰਜਨ ਦਾ ਸਾਧਨ ਹਨ । ਇਹ ਵੱਖਰੀ ਗਲ ਹੈ ਕਿ ਅਜੋਕੀਆਂ ਸਰਕਾਰਾਂ ਇਨ੍ਹਾਂ ਇਮਾਰਤਾਂ ਨੂੰ ਆਮਦਨ ਦੇ ਸਾਧਨ ਵੀ ਮੰਨਦੀਆਂ ਹਨ । ਚਲੋ ਇਨ੍ਹਾਂ ਦੀ ਦੇਖ-ਭਾਲ ਅਤੇ ਸੇਵਾ-ਸੰਭਾਲ ਉੱਤੇ ਕੁਝ ਖਰਚ ਵੀ ਤਾਂ ਹੁੰਦਾ ਹੀ ਹੈ । ਅਜੋਕੇ ਸਮੇਂ ਵਿਚ ਭਵਨ-ਨਿਰਮਾਣ ਕਲਾ ਕੇਵਲ ਪਕਿਆਈ ਅਤੇ ਉਪਯੋਗਿਤਾ ਦੇ ਦ੍ਰਿਸ਼ਟੀਕੋਣ ਨੂੰ ਮੁਖ ਰੱਖਦੀ ਹੈ; ਅਭਿਵਿਅੰਜਨਾ ਦਾ ਕੋਈ ਧਿਆਨ ਨਹੀਂ ਰੱਖਿਆ ਜਾਂਦਾ । ਜੇ ਮਨੁੱਖੀ ਮਨ ਵਿਚਲੇ ਸੌਂਦਰਯ-ਸੰਕਲਪ ਅਤੇ ਆਨੰਦ-ਅਨੁਭਵ ਨੂੰ ਵਿਕਸਾਉਣਾ ਹੈ ਤਾਂ ਭਵਨ-ਨਿਰਮਾਣ ਕਲਾ ਨੂੰ ਹੋਰ ਸਾਰੀਆਂ ਕੋਮਲ ਕਲਾਵਾਂ ਦੀ ਆਧਾਰ-ਸ਼ਿਲਾ ਮੰਨਣਾ ਜ਼ਰੂਰੀ ਹੈ ।

ਆਧੁਨਿਕ ਇਮਾਰਤੀ ਕਲਾ ਆਪਣੇ ਆਪ ਵਿਚ ਕਲਾ ਨਹੀਂ ਸਗੋਂ ਇਕ ਸਨਅਤ ਹੈ । ਜਿਵੇਂ ਹੋਰ ਸਾਰਾ ਸਨਅਤੀ ਜੀਵਨ ਮਨੁੱਖੀ ਮਨ ਵਿਚ ਉਦਰੇਵਾਂ, ਉਪ੍ਰਾਂਦਾ ਅਤੇ ਉਤਸ਼ਾਹ-ਹੀਣਤਾ ਪੈਦਾ ਕਰਦਾ ਹੈ ਉਵੇਂ ਅਜੋਕੀਆਂ ਡੱਬੀਦਾਰ ਇਮਾਰਤਾਂ ਸੌਂਦਰਯਹੀਣ ਹਨ । ਅਸਲ ਵਿਚ ਸੁਹਣੀ ਹੋਣ ਲਈ ਕਿਸੇ ਇਮਾਰਤ ਦਾ ਬਾਹਰਲਾ ਹਿੱਸਾ ਅਤੇ ਛਤ ਸੁਹਣੀ ਹੋਣੀ ਜ਼ਰੂਰੀ ਹੈ । ਕੌਲੇ, ਡਾਟਾਂ, ਮਹਿਰਾਬਾਂ, ਇਨ੍ਹਾਂ ਉਤਲੀਆਂ ਸਜਾਵਟਾਂ ਅਤੇ ਛੱਤਾਂ ਦੇ ਵੰਨ-ਸੁਵੰਨੇ ਨਮੂਨੇ ਇਮਾਰਤਾਂ ਨੂੰ ਘੜੀ ਮੁੜੀ ਵੇਖੀਆਂ ਜਾਣ ਯੋਗ ਬਣਾਉਂਦੇ ਹਨ । ਅਜੋਕੀਆਂ ਚੌਰਸ ਇਮਾਰਤਾਂ ਉਤਲੀਆਂ ਪੱਧਰੀਆਂ ਛੱਤਾਂ ਮਨੁੱਖੀ ਜੀਵਨ ਦੀ ਆਦਰਸ਼ਹੀਣਤਾ ਦੀਆਂ ਸੂਚਕ ਹਨ । ਇਮਾਰਤੀ ਕਲਾ ਮਨੁੱਖੀ ਆਦਰਸ਼ਾਂ ਅਨੁਸਾਰ ਢਲਦੀ ਆਈ ਹੈ ਅਤੇ ਮਨੁੱਖੀ ਆਦਰਸ਼ ਜੀਵਨ ਦੀ ਹਰ ਨਿੱਕੀ ਵੱਡੀ ਤਬਦੀਲੀ ਤੋਂ ਪ੍ਰਭਾਵਿਤ ਹੁੰਦੇ ਆਏ ਹਨ । ਕੋਈ ਸਮਾਂ ਸੀ ਜਦੋਂ ਗਿਰਜਿਆਂ ਦੀਆਂ ਖਿੜਕੀਆਂ ਦੀ ਬਣਤਰ ਅਤੇ ਸਜਾਵਟ ਉਚੇਚੇ ਜਤਨ ਨਾਲ ਕੀਤੀ ਜਾਂਦੀ ਸੀ । ਖਿੜਕੀਆਂ ਵਿਚ ਰੰਗਦਾਰ ਸ਼ੀਸ਼ੇ ਲਾਏ ਜਾਂਦੇ ਸਨ । ਵੱਖ ਵੱਖ ਰੰਗ ਦੇ ਸ਼ੀਸ਼ੇ ਵਿਚੋਂ ਲੰਘ ਕੇ ਆਉਣ ਵਾਲੀ ਰੌਸ਼ਨੀ ਦਾ ਵੱਖ ਵੱਖ ਮਨੋਵਿਗਿਆਨਕ ਪ੍ਰਭਾਵ ਮੰਨਿਆ ਜਾਂਦਾ ਸੀ । ਇਕਾਗਰਤਾ, ਨਿੰਮ੍ਰਤਾ, ਤਿਆਗ ਅਤੇ ਸੰਤੋਖ ਆਦਿਕ ਦੇ ਵੱਖ ਵੱਖ ਮਨੋ-ਭਾਵਾਂ ਨੂੰ ਉਪਜਾਉਣ ਅਤੇ ਵਿਕਸਾਉਣ ਦੇ ਖਿਆਲ ਨਾਲ ਵੱਖ ਵੱਖ ਰੰਗਾਂ ਦੇ ਸ਼ੀਸ਼ਿਆਂ ਦੀ ਵਰਤੋਂ ਕੀਤੀ ਜਾਂਦੀ ਸੀ । ਛਾਪੇਖਾਨੇ ਦੀ ਕਾਢ ਨੇ ਇਹ ਸਭ ਕੁੱਝ ਸਮਾਪਤ ਕਰ ਦਿੱਤਾ ਹੈ । ਹਰ ਆਦਮੀ ਦੇ ਪੜ੍ਹਨ ਲਈ ਬਾਈਬਲ ਦੇ ਸੁਲੱਭ ਹੋ ਜਾਣ ਨਾਲ ਗਿਰਜਿਆਂ ਵਿਚ ਵਧੇਰੇ ਰੌਸ਼ਨੀ ਦੀ ਲੋੜ ਪੈ ਗਈ । ਰੰਗਦਾਰ ਸ਼ੀਸ਼ੇ ਰੋਸ਼ਨੀ ਲਈ ਰੁਕਾਵਟ ਸਨ । ਇਨ੍ਹਾਂ ਦੀ ਥਾਂ ਸਾਫ ਚਿੱਟੇ ਸ਼ੀਸ਼ਿਆਂ ਨੇ ਲੈ ਲਈ । ਗਿਰਜਿਆਂ ਵਿਚਲੀਆਂ ਕੁਰਸੀਆਂ ਸਾਹਮਣੇ ਇਕ ਇਕ ਬਾਈਬਲ ਰੱਖਣ ਦਾ ਰਿਵਾਜ ਪੈ ਗਿਆ ।

ਅੱਜ ਕੱਲ ਹਰ ਧਰਮ ਆਪਣੇ ਸਿਧਾਂਤਾਂ ਦੇ ਅਧਿਅਨ ਉੱਤੇ ਜ਼ੋਰ ਦਿੰਦਾ ਹੈ। ਅਜੋਕਾ ਕੋਈ ਧਰਮ ਵੀ ਸਮੁੱਚੇ ਮਨੁੱਖ ਦਾ ਧਰਮ ਨਹੀਂ ਰਿਹਾ। ਮਨੁੱਖ ਦੇ ਸਿਰ ਵਿਚ ਉਸ ਦਾ ਦਿਮਾਗ ਹੈ; ਉਸ ਦੇ ਦਿਮਾਗ ਦਾ ਇਕ ਹਿੱਸਾ ਤਰਕ ਦੀ ਕਿਰਿਆ ਨਾਲ ਸੰਬੰਧ ਰਖਦਾ ਹੈ ਅਤੇ ਅੱਜ ਦਾ ਮਨੁੱਖ ਆਪਣੇ ਧਾਰਮਕ ਸਿਧਾਂਤਾਂ ਨੂੰ ਆਪਣੇ ਦਿਮਾਗ ਦੇ ਇਸ ਨਿੱਕੇ ਜਹੇ ਭਾਗ ਦੀ ਕਸਰਤ ਦੇ ਵਸੀਲੇ ਵਜੋਂ ਵਰਤਦਾ ਹੈ। ਕਿੰਨਾ ਕਮਾਲ ਕੀਤਾ ਹੈ ਛਾਪੇਖਾਨੇ ਨੇ। ਇਕ ਪਾਸੇ ਧਰਮ-ਅਸਥਾਨਾਂ ਦੀਆਂ ਇਮਾਰਤਾਂ ਨੂੰ ਅਤੇ ਦੂਜੇ ਪਾਸੇ ਮਨੁੱਖ ਅਤੇ ਧਰਮ ਦੇ ਰਿਸ਼ਤੇ ਨੂੰ ਕਿੰਨਾ ਬਦਲ ਦਿੱਤਾ ਹੈ।

ਜਿਹਾ ਕਿ ਪਹਿਲਾਂ ਲਿਖ ਚੁੱਕਾ ਹਾਂ ਬੁੱਧ ਧਰਮ ਦੇ ਪ੍ਰਭਾਵ ਨਾਲ ਭਾਰਤ ਵਿਚ ਵਿਹਾਰ, ਵਿਦਿਆਲੇ ਅਤੇ ਵਿਸ਼ਵ-ਵਿਦਿਆਲੇ ਬਣੇ ਸਨ। ਇਨ੍ਹਾਂ ਵਿਸ਼ਾਲ ਇਮਾਰਤਾਂ ਵਿਚ ਸਮਾਜਕ ਅੰਸ਼ ਦੀ ਪ੍ਰਧਾਨਤਾ ਸੀ। ਇਕ ਇਕ ਵਿਸ਼ਵ-ਵਿਦਿਆਲੇ ਵਿਚ ਕਈ ਕਈ ਹਜ਼ਾਰ ਵਿਦਿਆਰਥੀਆਂ ਦੇ ਰਹਿਣ ਦਾ ਪ੍ਰਬੰਧ ਸੀ। ਇਨ੍ਹਾਂ ਦੀਆਂ ਲਾਇਬ੍ਰੇਰੀਆਂ ਬਹੁਤ ਖੁੱਲ੍ਹੀਆਂ ਸਨ। ਇਨ੍ਹਾਂ ਇਮਾਰਤਾਂ ਦੀ ਵਿਸ਼ਾਲਤਾ ਦੀ ਕਲਪਨਾ ਕਰ ਕੇ ਅਜੋਕੇ ਪ੍ਰਜਾਤੰਤਰਾਂ ਵਿਚ ਇਸੇ ਮਨੋਰਥ ਨਾਲ ਬਣੀਆਂ ਹੋਈਆਂ ਇਮਾਰਤਾਂ ਵਿਚਲੇ ਸਮਾਜਕ ਅੰਸ਼ ਦੀ ਸੱਚਾਈ ਬਾਰੇ ਸ਼ੱਕ ਹੋਣ ਲੱਗ ਪੈਂਦਾ ਹੈ। ਉਦੋਂ ਛਾਪਾਖਾਨਾ ਨਹੀਂ ਸੀ। ਏਨੀਆਂ ਪੁਸਤਕਾਂ ਕਿਵੇਂ ਬਣ ਗਈਆਂ ਜਿਨ੍ਹਾਂ ਨੂੰ ਸਾੜਨ ਵਿਚ ਇਸਲਾਮੀ ਹਮਲਾਵਰਾਂ ਦੀਆਂ ਫੌਜਾਂ ਨੂੰ ਕਈ ਕਈ ਮਹੀਨੇ ਲੱਗ ਜਾਂਦੇ ਸਨ ? ਆਪਣਾ ਪ੍ਰਸ਼ਨ ਦੇਤੇ ਰੱਖਣਾ। ਇਸ ਦਾ ਉੱਤਰ ਮੂਰਤੀ ਕਲਾ ਦੇ ਵਿਸਥਾਰ ਵਿਚ ਲਿਖਾਂਗਾ।

ਭਾਰਤ ਉੱਤੇ ਇਸਲਾਮੀ ਰਾਜ ਹੋ ਜਾਣ ਪਿਛੋਂ ਭਾਰਤੀ ਭਵਨ-ਨਿਰਮਾਣ ਵਿਚਲਾ ਸਮਾਜਕ ਅੰਸ਼ ਲੱਗ ਪੱਗ ਅਲੋਪ ਹੀ ਹੋ ਗਿਆ ਸੀ। ਸੰਯੁਕਤ ਪਰਵਾਰਾਂ ਦੇ ਖੁਲ੍ਹੇ ਵਿਹੜਿਆਂ ਅਤੇ ਵੱਡੇ ਵੱਡੇ ਦਲਾਨਾਂ ਤੋਂ ਸਿਵਾ ਕੋਈ ਅਜਿਹੀ ਉਸਾਰੀ ਨਹੀਂ ਸੀ ਰਹੀ ਜਿਸ ਵਿਚ ਵਿਅਕਤੀ ਦੀ ਥਾਂ ਸਮਸ਼ਟੀ ਦਾ ਧਿਆਨ ਰੱਖਿਆ ਜਾਣਾ ਜ਼ਰੂਰੀ ਹੋਵੇ। ਸੰਯੁਕਤ ਪਰਵਾਰਾਂ ਦੇ ਵਿਹੜੇ ਅਤੇ ਦਲਾਨ ਇਮਾਰਤੀ ਕਲਾ ਦੇ ਨਮੂਨੇ ਨਹੀਂ ਸਨ। ਇਸਲਾਮੀ ਇਮਾਰਤਾਂ ਵਿਚ ਇਸ ਅੰਸ਼ ਨੂੰ ਲੋੜੀਂਦੀ ਥਾਂ ਪ੍ਰਾਪਤ ਰਹੀ ਹੈ। ਮਸਜਦਾਂ, ਈਦਗਾਹਾਂ ਅਤੇ ਮਦਰਸਿਆਂ ਦੀ ਉਸਾਰੀ ਇਸਲਾਮੀ ਜਮਾਇਤੀ ਲੋੜ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਸੀ। ਹਰ ਹਫਤੇ ਵਿਚ ਘੱਟੋ ਘੱਟ ਇਕ ਵੇਰ, ਜੁੰਮੇ ਦੀ ਨਮਾਜ਼ ਪੜ੍ਹਨ ਲਈ, ਮਸਜਦ ਵਿਚ ਵੱਡੇ ਇਕੱਠ ਦੀ ਲੋੜ ਨੂੰ ਮੁੱਖ ਰਖਦਿਆਂ ਹੋਇਆ ਉਸਾਰੀ ਵਿਚ ਕਲਾ ਨੂੰ ਅੱਖੋਂ ਉਹਲੇ ਕਰ ਕੇ ਵੀ ਸਮਾਜਕ ਅੰਸ਼ ਦਾ ਧਿਆਨ ਰੱਖਣ ਦੇ ਕਾਰਨ ਇਸਲਾਮੀ ਉਸਾਰੀ ਇਸਲਾਮੀ ਸਮਾਜ ਦੇ ਸੰਗਠਨ ਅਤੇ ਪ੍ਰਬੰਧ ਵਿਚ ਸਹਾਇਕ ਹੁੰਦੀ ਰਹੀ ਹੈ।

ਭਗਤੀ ਲਹਿਰ ਨਾਲ ਭਾਰਤੀ ਹਿੰਦੂ ਸਮਾਜ ਦਾ ਪੁਨਰ-ਜਾਗ੍ਰਣ ਅਤੇ ਪੁਨਰ-ਸੰਗਠਨ ਤਾਂ ਜ਼ਰੂਰ ਹੋਇਆ ਹੈ ਪ੍ਰੰਤੂ ਇਮਾਰਤੀ ਕਲਾ ਦੇ ਵਿਕਾਸ ਵਿਚ ਇਸ ਲਹਿਰ ਨੇ ਬਹੁਤਾ ਹਿੱਸਾ ਨਹੀਂ ਪਾਇਆ। ਇਸ ਦੇ ਕਈ ਕਾਰਨਾਂ ਵਿਚੋਂ ਦੋ ਵੱਡੇ ਕਾਰਨ ਇਮਾਰਤੀ ਕਲਾ ਦਾ ਖਰਚੀਲੀ ਹੋਣਾ ਅਤੇ ਇਸਲਾਮੀ ਰਾਜ ਦਾ ਪੱਖਪਾਤ ਆਖੇ ਜਾ

ਸਕਦੇ ਹਨ। ਭਗਤੀ ਲਹਿਰ ਨੇ ਕਾਵਿ, ਸੰਗੀਤ ਅਤੇ ਕਿਧਰੇ ਕਿਧਰੇ ਨ੍ਰਿਤ ਨੂੰ ਵਿਕਸਾਉਣ ਦਾ ਸਫਲ ਜਤਨ ਕੀਤਾ ਹੈ। ਇਸ ਲਹਿਰ ਦੀ ਇਕ ਸ਼ਾਖ, ਸਿੱਖੀ, ਪੰਜਾਬ ਵਿਚ ਵਧੀ ਵਿਕਸੀ ਹੈ ਅਤੇ ਇਸ ਨੇ ਇਮਾਰਤਾਂ ਅਤੇ ਸ਼ਹਿਰਾਂ ਦੀ ਉਸਾਰੀ ਦਾ ਉਪਰਾਲਾ ਕੀਤਾ ਹੈ। ਦੁੱਖ ਦੀ ਗੱਲ ਹੈ ਕਿ ਅੰਮ੍ਰਿਤਸਰ, ਤਰਨ ਤਾਰਨ ਅਤੇ ਗੋਇੰਦਵਾਲ ਆਦਿਕ ਸ਼ਹਿਰਾਂ ਦੀ ਉਸਾਰੀ ਇਮਾਰਤੀ ਕਲਾ ਦੇ ਆਦਰਸ਼ਾਂ ਨੂੰ ਮੁੱਖ ਰੱਖ ਕੇ ਨਹੀਂ ਹੋਈ। ਆਪਣੀਆਂ ਤੰਗ, ਸੜ੍ਹਾਂਦੀਆਂ ਗਲੀਆਂ ਅਤੇ ਹਨ੍ਹੇਰੇ, ਸਿਲ੍ਹੇ ਘਰਾਂ ਦੇ ਕਾਰਨ ਇਹ ਸ਼ਹਿਰ ਭਾਰਤ ਦੇ ਦੂਜੇ ਸ਼ਹਿਰਾਂ ਨਾਲੋਂ ਬਹੁਤੇ ਵੱਖਰੇ ਨਹੀਂ ਕਿਉਂਜੁ ਸਾਡਾ ਸੌਂਦਰਯ ਸੰਕਲਪ ਬਹੁਤਾ ਵਿਕਸਿਤ ਨਹੀਂ।

ਇਸ ਦੇ ਵਿਕਾਸ ਲਈ ਹੋਰ ਕੋਮਲ ਕਲਾਵਾਂ ਦੇ ਨਾਲ ਨਾਲ ਇਮਾਰਤੀ ਕਲਾ ਦੀ ਸਹਾਇਤਾ ਵੀ ਲਈ ਜਾਣੀ ਜ਼ਰੂਰੀ ਹੈ। ਜਿਨ੍ਹਾਂ ਆਦਰਸ਼ਾਂ ਦੀ ਜਿਹੋ ਜਿਹੀ ਅਭਿਵਿਅੰ-ਜਨਾ ਮੱਧ ਕਾਲ ਦੀ ਇਮਾਰਤੀ ਕਲਾ ਰਾਹੀਂ ਹੁੰਦੀ ਰਹੀ ਹੈ, ਉਹ ਸਭ ਕੁਝ ਬੇ-ਲੋੜਾ ਅਤੇ ਬੇ-ਵਕਤਾ ਹੋ ਚੁੱਕਾ ਹੈ। ਕਾਮ, ਅਰਥ, ਧਰਮ ਅਤੇ ਮੋਕਸ਼ ਦੇ ਚਾਰ ਮਨੋਰਥਾਂ ਵਿਚੋਂ ਕੇਵਲ ਕਾਮ ਨੂੰ ਮੁੱਖ ਰੱਖ ਕੇ ਅਰਥ ਦੀ ਵਰਤੋਂ ਰਾਹੀਂ ਇਮਾਰਤੀ ਉਸਾਰੀ ਕਰਨ ਨਾਲ ਜੀਵਨ ਦਾ ਦ੍ਰਿਸ਼ ਸੁੰਦਰ ਨਹੀਂ ਬਣ ਸਕਦਾ। ਮਨੁੱਖੀ ਜੀਵਨ ਦਾ ਆਧਾਰ ਉਸ ਦੀ ਪਰਵਿਰਤੀ ਹੈ ਜਿਸ ਨੂੰ ਸਾਧੇ ਅਤੇ ਸਵਾਰੇ ਬਿਨਾਂ ਜੀਵਨ ਵਿਚਲਾ ਕੋੜ ਮੁਕਾਉਣਾ ਮੁਸ਼ਕਲ ਹੈ। ਪਰ-ਵਿਰਤੀ ਦੀ ਸੋਧ ਦਾ ਸਮਾਂ ਬਚਪਨ ਹੈ ਅਤੇ ਬਚਪਨ ਦੀ ਦੁਨੀਆਂ ਘਰ ਦੀ ਦੁਨੀਆਂ ਹੈ। ਜਿੰਨਾਂ ਚਿਰ ਮਨੁੱਖਾਂ ਦੇ ਘਰ ਬੱਚਿਆਂ ਦੀ ਪਰਵਿਰਤੀ ਦੇ ਵਿਕਾਸ ਨੂੰ ਮੁੱਖ ਰੱਖ ਕੇ ਨਹੀਂ ਬਣਾਏ ਜਾਂਦੇ ਓਨਾ ਚਿਰ ਥਾਣਿਆਂ, ਕਚਹਿਰੀਆਂ, ਜੇਲ੍ਹਾਂ, ਹਸਪਤਾਲਾਂ ਅਤੇ ਪਾਗਲਖਾਨਿਆਂ ਉੱਤੇ ਧਨ ਖਰਚਿਆ ਜਾਣਾ ਜ਼ਰੂਰੀ ਹੈ।

ਅੰਗ੍ਰੇਜ਼ੀ ਰਾਜ ਦੇ ਸਮੇਂ ਭਾਰਤ ਵਿਚ ਬਣੀਆਂ ਸਰਕਾਰੀ ਇਮਾਰਤਾਂ ਸੁੰਦਰਤਾ ਦੇ ਸੁਹਣੇ ਨਮੂਨੇ ਨਹੀਂ ਹਨ। ਕਿਧਰੇ ਕਿਧਰੇ ਕੁਝ ਇਮਾਰਤਾਂ ਅਜੇਹੀਆਂ ਹਨ ਜਿਨ੍ਹਾਂ ਦੀ ਬਣ-ਤਰ ਵੇਲੇ ਇਹ ਧਿਆਨ ਰੱਖਿਆ ਗਿਆ ਹੈ ਕਿ ਉਹ ਆਪਣੇ ਚੌਗਿਰਦੇ ਵਿਚ ਓਪਰੀਆਂ ਨਾ ਲੱਗਣ। ਦਿੱਲੀ ਦਾ ਰੇਲਵੇ ਸਟੇਸ਼ਨ ਮੁਗ਼ਲ ਇਮਾਰਤਾਂ ਨਾਲ ਰਲਦਾ ਮਿਲਦਾ ਹੈ। ਇਵੇਂ ਹੀ ਲਖਨਊ ਵਿਚ ਸਰਕਾਰੀ ਇਮਾਰਤਾਂ ਦੀ ਰੂਪ ਰੇਖਾ ਪੁਰਾਣੀਆਂ ਇਮਾਰਤਾਂ ਨੂੰ ਧਿਆਨ ਵਿਚ ਰੱਖ ਕੇ ਬਣਾਈ ਗਈ ਹੈ ਅਤੇ ਅੰਮ੍ਰਿਤਸਰ ਵਿਚ ਖਾਲਸਾ ਕਾਲਜ ਦੀ ਇਮਾ-ਰਤ ਵੀ ਸ਼ਹਿਰ ਦੇ ਮਹੱਤਵ ਨਾਲ ਢੁਕਦੀ ਹੈ। ਭਾਰਤ ਦੇ ਵੱਖ ਵੱਖ ਭਾਗਾਂ ਵਿਚ ਗੁਰਦੁ-ਆਰਿਆਂ ਦੀ ਉਸਾਰੀ ਵਿਚ ਪੁਰਾਣੇ ਨਮੂਨੇ ਅਤੇ ਨਵੀਂ ਤਕਨੀਕ ਦਾ ਮੇਲ ਸ਼ਲਾਘਾ-ਯੋਗ ਹੈ। ਆਰੀਆ ਸਮਾਜ, ਸਨਾਤਨ ਧਰਮ, ਸਿੰਘ ਸਭਾ ਅਤੇ ਬ੍ਰਹਮੋ ਸਮਾਜ ਆਦਿਕ ਦੇ ਜਤਨਾਂ ਨਾਲ ਭਾਰਤ ਵਿਚ ਸਕੂਲਾਂ ਦੀ ਜਿਹੜੀ ਉਸਾਰੀ ਹੋਈ ਹੈ ਉਹ ਸਾਡੇ ਸੌਂਦਰਯ ਸੰਕ-ਲਪ ਦੀ ਨਹੀਂ ਸਗੋਂ ਸਾਡੀ ਅਧੋਗਤੀ ਦੀ ਲਖਾਇਕ ਹੈ। ਇਕ ਅੱਧਾ ਸ਼ਾਂਤੀ ਨਿਕੇਤਨ ਇਸ ਦੀ ਕੁਰੂਪਤਾ ਨੂੰ ਸੌਂਦਰਯ ਵਿਚ ਨਹੀਂ ਬਦਲ ਸਕਦਾ। ਮਨੁੱਖ ਦੇ ਸਰੀਰਕ, ਮਾਨ-ਸਿਕ, ਸਮਾਜਕ ਅਤੇ ਧਾਰਮਕ ਵਿਕਾਸ ਨਾਲ ਇਮਾਰਤੀ ਕਲਾ ਦੇ ਸੰਬੰਧ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਇਸ ਵੱਲ ਹੁਣ ਨਾਲੋਂ ਵਧੇਰੇ ਧਿਆਨ ਦੇਣ ਦੀ ਲੋੜ ਹੈ।

# ਦੁਨੀਂ ਸੁਹਾਵਾ ਬਾਗ਼

ਜਿਵੇਂ ਧਰਮ, ਨੈਤਿਕਤਾ, ਵਿੱਦਿਆ ਅਤੇ ਕਾਨੂੰਨ ਦੀ ਮਦਦ ਨਾਲ ਮਨੁੱਖ ਵਿੱਚਲੇ ਪਸ਼ੂ ਨੂੰ ਸੋਧ-ਸੁਆਰ ਕੇ ਸੁਹਣਾ-ਸੁਖਾਵਾਂ ਮਨੁੱਖੀ ਆਚਰਣ ਉਪਜਾਉਣ ਦਾ ਜਤਨ ਕੀਤਾ ਜਾਂਦਾ ਹੈ ਤਿਵੇਂ ਹੀ ਮਨੁੱਖ ਦੇ ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਪ੍ਰਕਿਰਤਕ ਚੌਗਿਰਦੇ ਨੂੰ ਮਨੁੱਖੀ ਜੀਵਨ ਲਈ ਸੁਖਾਵਾਂ ਬਣਾਉਣ ਦਾ ਜਤਨ ਵੀ ਸਦਾ ਜਾਰੀ ਰਹਿੰਦਾ ਹੈ। ਸਾਹਿਤ, ਸੰਗੀਤ, ਚਿੱਤ੍ਰ ਅਤੇ ਨ੍ਰਿਤ ਆਦਿਕ ਦੀਆਂ ਕਲਾਵਾਂ ਆਪੋ ਆਪਣੇ ਢੰਗ ਨਾਲ ਮਨੁੱਖ ਦੇ ਸਮਾਜਿਕ, ਰਾਜਨੀਤਕ, ਧਾਰਮਿਕ ਅਤੇ ਆਰਥਿਕ ਚੌਗਿਰਦੇ ਨੂੰ ਸੁਆਰਨ, ਸੁਧਾਰਨ, ਬਦਲਣ ਅਤੇ ਵਿਕਸਾਉਣ ਦੀ ਪ੍ਰੇਰਣਾ ਦਿੰਦੀਆਂ ਹਨ। ਮੂਰਤੀ ਕਲਾ ਅਤੇ ਇਮਾਰਤੀ ਕਲਾ ਉਪ੍ਰੋਕਤ ਜਤਨ ਵਿਚ ਸਹਾਈ ਹੋਣ ਦੇ ਨਾਲ ਨਾਲ ਮਨੁੱਖ ਦੇ ਪ੍ਰਕਿਰਤਕ ਚੌਗਿਰਦੇ ਨੂੰ ਵੀ ਪ੍ਰਭਾਵਿਤ ਕਰਦੀ ਹੈ। ਤਾਂ ਵੀ ਇੱਕ ਅਜੇਹੀ ਕਲਾ ਵੀ ਹੈ ਜਿਸ ਦਾ ਕੰਮ ਕੇਵਲ ਪ੍ਰਕਿਰਤਕ ਚੌਗਿਰਦੇ ਨੂੰ ਸੁੰਦਰ ਬਣਾਉਣਾ ਹੈ ਅਤੇ ਉਸ ਕਲਾ ਨੂੰ ਅੰਗ੍ਰੇਜ਼ੀ ਭਾਸ਼ਾ ਵਿਚ ਲੈਂਡਸਕੇਪ ਆਰਕੀਟੈਕਚਰ (Landscape Architecture) ਆਖਿਆ ਜਾਂਦਾ ਹੈ।

ਇਸ ਕਲਾ ਦਾ ਇਤਿਹਾਸ ਤਾਂ ਬਹੁਤ ਪੁਰਾਣਾ ਹੈ, ਪ੍ਰੰਤੂ ਇਸ ਨੂੰ ਕਲਾ ਦਾ ਦਰਜਾ ਵੀਹਵੀਂ ਸਦੀ ਦੇ ਆਰੰਭ ਵਿਚ ਹੀ ਪ੍ਰਾਪਤ ਹੋਇਆ ਹੈ। ਇਸ ਦਿਸ਼ਾ ਵਿਚ ਸਭ ਤੋਂ ਪਹਿਲਾ ਚੇਤਨ ਜਤਨ ਚਾਰਲਜ਼ ਇਲੀਅਟ ਨੇ ਕੀਤਾ ਸੀ। ਉਸ ਅਨੁਸਾਰ ਇਸ ਕਲਾ ਦੀ ਪ੍ਰੀਭਾਸ਼ਾ ਇਉਂ ਕੀਤੀ ਗਈ ਸੀ, ਇਹ ਮਨੁੱਖੀ ਜੀਵਨ ਦੇ ਕੁਦਰਤੀ ਚੌਗਿਰਦੇ ਵਿਚ ਸੁੰਦਰਤਾ ਉਪਜਾਉਣ ਵਾਲੀ ਕੋਮਲ ਕਲਾ ਹੈ, ਪਰ ਮਨੁੱਖੀ ਸਿਹਤ, ਸਹੂਲਤ ਅਤੇ ਸੁੱਖ ਦਾ ਧਿਆਨ ਰੱਖਣਾ ਵੀ ਇਸ ਦਾ ਕੰਮ ਹੈ। ਇਸ ਸਦੀ ਦੇ ਵਿਚ ਵਿਚ ਹੀ ਇਹ ਪਰਿਭਾਸ਼ਾ ਬਦਲ ਕੇ ਕੁਝ ਇਸ ਪ੍ਰਕਾਰ ਦੀ ਹੋ ਗਈ ਹੈ, "ਲੈਂਡਸਕੇਪ ਆਰਕੀ-ਟੈਕਚਰ ਦਾ ਕੰਮ ਧਰਤੀ ਨੂੰ ਮਨੁੱਖਾਂ ਲਈ ਸੁਹਣੀ ਅਤੇ ਸੁਖਾਵੀਂ ਥਾਂ ਬਣਾਉਣਾ ਹੈ।"

ਇਸ ਪਰਿਭਾਸ਼ਾ ਤੋਂ ਇਹ ਅਨੁਮਾਨ ਲਾਉਣਾ ਔਖਾ ਨਹੀਂ ਕਿ ਇਹ ਕਲਾ ਜੀਵਨ ਲਈ ਕਿੰਨੀ ਉਪਯੋਗੀ ਹੈ। ਮੇਰਾ ਵਿਸ਼ਵਾਸ ਇਹ ਹੈ ਕਿ ਇਸ ਕਲਾ ਦੀ ਗ਼ੈਰ-ਹਾਜ਼ਰੀ ਵਿਚ ਦੂਜੀ ਕਿਸੇ ਕਲਾ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਮੈਂ ਇਸ ਗੱਲ ਨੂੰ ਅਨੇਕ

ਵਾਂਰ ਦੁਹਰਾਉਣ ਵਿਚ ਬੁਰਾਈ ਨਹੀਂ ਸਮਝਦਾ ਕਿ ਜਿਹੜੇ ਆਦਮੀ ਕੋਝੇ-ਘਿਨਾਉਣੇ ਚੌਗਿਰਦੇ ਵਿਚ ਪਲਦੇ ਹਨ ਉਨ੍ਹਾਂ ਲਈ ਸੰਸਾਰ ਦੀਆਂ ਸਾਰੀਆਂ ਕੋਮਲ ਕਲਾਵਾਂ ਦਿਮਾਗ਼ੀ ਵਿਅਸਨ ਜਾਂ ਅਕਲੀ ਅੱਯਾਸ਼ੀ ਤੋਂ ਸਿਵਾ ਹੋਰ ਕੁਝ ਨਹੀਂ ਹੋ ਸਕਦੀਆਂ। ਕਿਸੇ ਇੱਕਾ-ਦੁੱਕਾ ਅਪਵਾਦ ਨਾਲ ਇਸ ਨੇਮ ਵਿਚ ਕੋਈ ਤਬਦੀਲੀ ਨਹੀਂ ਆਉਂਦੀ।

ਇਸ ਕਲਾ ਦਾ ਪੰਜਾਬੀ ਨਾਂ ਮੈਨੂੰ ਨਹੀਂ ਸੁੱਝਿਆ। ਮੈਂ ਇਸ ਨੂੰ ਬਾਗ਼ਬਾਨੀ ਨਹੀਂ ਕਹਿਣਾ ਚਾਹੁੰਦਾ। ਇਹ ਕਲਾ ਬਾਗ਼ਬਾਨੀ ਨਾਲੋਂ ਵੱਖਰੀ ਭਾਵੇਂ ਨਹੀਂ, ਵਡੇਰੀ ਜ਼ਰੂਰ ਹੈ। ਬਾਗ਼ਬਾਨੀ ਪੰਜਾਬੀ ਭਾਸ਼ਾ ਦਾ ਸ਼ਬਦ ਨਹੀਂ। ਪਰ ਮੈਂ ਪੰਜਾਬੀ ਭਾਸ਼ਾ ਦਾ ਨਹੀਂ ਸਗੋਂ ਪੰਜਾਬੀਆਂ ਦੀ ਸਮਝੇ ਆਉਣ ਵਾਲਾ ਸੌਖਾ ਸ਼ਬਦ ਲੱਭਣਾ ਚਾਹੁੰਦਾ ਹਾਂ। ਲੈਂਡਸਕੇਪ ਆਰਕੀਟੈਕਚਰ ਕੋਈ ਮਾੜਾ ਨਾਂ ਨਹੀਂ; ਪੰਜਾਬੀਆਂ ਲਈ ਜ਼ਰਾ ਔਖਾ ਜ਼ਰੂਰ ਹੈ। ਨਾਮਕਰਣ ਦੀ ਸਮੱਸਿਆ ਨੂੰ ਸੂਝਵਾਨ ਪੰਜਾਬੀਆਂ ਉੱਤੇ ਛੱਡ ਕੇ ਇਸ ਲੇਖ ਦਾ ਸਿਰਲੇਖ 'ਦੂਨੀਂ ਸੁਹਾਵਾ ਬਾਗ' ਇਸ ਲਈ ਰੱਖਿਆ ਹੈ ਕਿ ਇਸ ਕਲਾ ਦਾ ਮਨੋਰਥ ਹੈ ਧਰਤੀ ਨੂੰ ਮਨੁੱਖਾਂ ਲਈ ਸੁਹਾਵਣੀ ਥਾਂ ਬਣਾਉਣਾ।

ਮਨੁੱਖੀ ਜੀਵਨ ਦੀਆਂ ਲੋੜਾਂ ਅਨੁਸਾਰ ਉਸ ਦੇ ਪ੍ਰਕਿਰਤਕ ਚੌਗਿਰਦੇ ਦਾ ਬਦਲਣਾ ਅਤੇ ਵਿਕਸਣਾ ਜ਼ਰੂਰੀ ਹੈ। ਅੱਜ ਕੱਲ ਸਨਅਤੀ ਦੇਸ਼ਾਂ ਵਿਚ ਵੱਡੇ ਵੱਡੇ ਕਾਰਖਾਨੇ ਲੱਗ ਚੁੱਕੇ ਹਨ। ਇਨ੍ਹਾਂ ਕਾਰਖਾਨਿਆਂ ਦੇ ਕਾਰਨ ਸਨਅਤੀ ਦੇਸ਼ਾਂ ਦਾ ਜੀਵਨ ਬਹੁਤ ਬਦਲ ਚੁੱਕਾ ਹੈ। ਪਹਿਲਾਂ ਪਹਿਲ ਜਦੋਂ ਇਸ ਬਦਲੇ ਹੋਏ ਜੀਵਨ ਦੀ ਲੋੜ ਅਨੁਸਾਰ ਪ੍ਰਕਿਰਤਕ ਚੌਗਿਰਦੇ ਨੂੰ ਵਿਕਸਾਇਆ ਨਹੀਂ ਸੀ ਗਿਆ ਤਾਂ ਮਨੁੱਖੀ ਜੀਵਨ ਇੱਕ ਤਰਸਯੋਗ ਝਾਕੀ ਬਣ ਗਿਆ ਸੀ। ਤਪਦਿੱਕ, ਪਲੇਗ ਅਤੇ ਹੈਜ਼ਾ ਆਦਿਕ ਕਈ ਰੋਗ ਹਜ਼ਾਰਾਂ ਲੱਖਾਂ ਮੌਤਾਂ ਕਰ ਦਿੰਦੇ ਸਨ। ਕੋਝੇ ਵਾਤਾਵਰਣ ਵਿਚ ਅੱਤ ਘਿਨਾਉਣੇ ਜੁਰਮ ਉਪਜਦੇ ਅਤੇ ਫੈਲਦੇ ਸਨ। ਅੰਗ੍ਰੇਜ਼ ਨਾਵਲਕਾਰ, ਚਾਰਲਜ਼ ਡਿਕਿਨਜ਼ ਦੇ ਨਾਵਲਾਂ ਵਿਚ ਉਸ ਸਮੇਂ ਦੇ ਸਮਾਜਿਕ ਜੀਵਨ ਦਾ ਹਿਰਦੇ ਵੇਧਕ ਚਿਤਰਣ ਕੀਤਾ ਗਿਆ ਹੈ। ਹੌਲੀ ਹੌਲੀ ਇਸ ਪਾਸੇ ਧਿਆਨ ਦੇ ਕੇ ਪੱਛਮੀ ਯੂਰਪ ਦੇ ਸਨਅਤੀ ਦੇਸ਼ਾਂ ਨੇ ਜਨ-ਜੀਵਨ ਨੂੰ ਕਿਸੇ ਹਦ ਤਕ ਸੁੰਦਰ ਅਤੇ ਸੁਖੀ ਬਣਾ ਲਿਆ ਹੈ।

ਪੱਛਮੀ ਦੇਸ਼ਾਂ ਦੀਆਂ ਮਿਸਾਲਾਂ ਬਹੁਤ ਵੱਡੀਆਂ ਹਨ ਅਤੇ ਸਾਡੀ ਜੀਵਨ ਜਾਚ ਦੇ ਮੇਚ ਨਹੀਂ ਆਉਂਦੀਆਂ। ਆਪਣੇ ਪੰਜਾਬੀ ਜੀਵਨ ਵਿਚੋਂ ਇੱਕ ਮਿਸਾਲ ਦਿੰਦਾ ਹਾਂ। ਬਚਪਨ ਵਿਚ ਮੈਂ ਵੇਖਦਾ ਸਾਂ ਕਿ ਪਿੰਡਾਂ ਵਿਚ ਮਹਿਰੇ ਪਾਣੀ ਦਿੰਦੇ ਹੁੰਦੇ ਸਨ। ਕਿਸੇ ਘਰ ਦੋ ਘੜੇ ਅਤੇ ਕਿਸੇ ਘਰ ਚਾਰ ਘੜੇ ਪਾਣੀ ਪੁਚਾ ਦਿੰਦੇ ਸਨ। ਕਿਸੇ ਇੱਕ ਅੱਧ ਸਰਦੇ ਪੁਜਦੇ ਘਰ ਵਿਚ ਆਪਣਾ ਖੂਹ ਵੀ ਹੁੰਦਾ ਸੀ, ਪਰ ਪਾਣੀ ਭਰਨ ਦਾ ਕੰਮ ਉਸ ਘਰ ਵਿਚ ਵੀ ਮਹਿਰੇ ਹੀ ਕਰਦੇ ਸਨ। ਇਉਂ ਹਰ ਘਰ ਵਿਚ ਪਾਣੀ ਦੀ ਵਰਤੋਂ ਦੋ ਤੋਂ ਚਾਰ ਘੜੇ ਰੋਜ਼ ਦੀ ਹੁੰਦੀ ਸੀ। ਤ੍ਰੀਮਤਾਂ ਨਹਾਉਂਦੀਆਂ ਤਾਂ ਘਰ ਵਿਚ ਹੀ ਸਨ, ਪਰ ਕਪੜੇ-ਲੱਤੇ ਬਾਹਰ ਖੂਹਾਂ-ਛੱਪੜਾਂ ਉੱਤੇ ਧੋਂਦੀਆਂ ਸਨ। ਮਰਦ ਬਾਹਰ ਖੂਹਾਂ ਉੱਤੇ ਜਾਂ ਨਹਿਰਾਂ ਅਤੇ ਛੱਪੜਾਂ ਵਿਚ ਨਹਾਉਂਦੇ ਸਨ।

ਮੇਰੇ ਵੇਖਦਿਆਂ ਵੇਖਦਿਆਂ ਘਰੋ-ਘਰੀ ਨਲਕੇ ਲੱਗ ਗਏ ਅਤੇ ਜੀਵਨ ਜਾਚ ਵਿਚ ਕੁਝ ਤਬਦੀਲੀ ਆ ਗਈ। ਤ੍ਰੀਮਤਾਂ ਨੇ ਕਪੜੇ ਘਰੀਂ ਧੋਣੇ ਆਰੰਭ ਕਰ ਦਿੱਤੇ। ਕਾਹਲ ਦੇ ਸਮੇਂ ਵਿਚ ਮਰਦਾਂ ਨੇ ਵੀ ਘਰ ਨ੍ਹਾਉਣਾ ਸ਼ੁਰੂ ਕਰ ਦਿੱਤਾ। ਪਾਣੀ ਦੀ ਹਰ ਪ੍ਰਕਾਰ ਦੀ ਵਰਤੋਂ ਵਿਚ ਸੰਕੋਚ ਨੂੰ ਕੋਈ ਥਾਂ ਨ ਰਹੀ ਅਤੇ ਪਹਿਲਾਂ ਨਾਲੋਂ ਚਾਰ ਪੰਜ ਗੁਣਾ ਪਾਣੀ ਘਰਾਂ ਵਿਚ ਵਰਤਿਆ ਜਾਣ ਲੱਗ ਪਿਆ। ਏਨਾ ਪਾਣੀ ਗਲੀਆਂ ਵਿਚ ਸੁੱਕ ਜਾਂ ਜ਼ੀਰ ਨਹੀਂ ਸੀ ਸਕਦਾ। ਨਾ ਹੀ ਇਸ ਦੇ ਨਿਕਾਸ ਦਾ ਕੋਈ ਪ੍ਰਬੰਧ ਕੀਤਾ ਗਿਆ। ਨਤੀਜਾ ਇਹ ਹੋਇਆ ਕਿ ਪਿੰਡਾਂ ਦੀਆਂ ਗਲੀਆਂ ਚਿੱਕੜ ਨਾਲ ਭਰ ਗਈਆਂ। ਸੜ੍ਹਾਂਦ ਮਾਰਦੇ ਪਾਣੀ ਉੱਤੇ ਮੱਛਰਾਂ ਦੇ ਢੇਰ ਲੱਗਣ ਲੱਗ ਪਏ। ਹਰ ਕੋਈ ਆਪਣੇ ਘਰ ਦੀ ਕੰਧ ਦੀ ਨੀਂਹ ਨੂੰ ਚਿੱਕੜ ਤੋਂ ਸੁਰੱਖਿਅਤ ਰੱਖਣਾ ਚਾਹੁੰਦਾ ਸੀ; ਇਸ ਕਰਕੇ ਵਹਿਣ ਉੱਤੋਂ ਲੜਾਈਆਂ ਹੋਣ ਲੱਗ ਪਈਆਂ। ਇੱਕ ਨਿੱਕੀ ਜਿਹੀ ਕਾਢ ਨੇ ਜੀਵਨ ਵਿਚ ਵੱਡੀ ਸਮੱਸਿਆ ਪੈਦਾ ਕਰ ਦਿੱਤੀ। ਇਸ ਸਮੱਸਿਆ ਦਾ ਹੱਲ ਲੈਂਡਸਕੇਪ ਆਰਕੀਟੈਕਚਰ ਦੀ ਕਲਾ ਵਿਚ ਸੀ ਜਿਸ ਤੋਂ ਅਸੀਂ ਉੱਕੇ ਅਣਜਾਣ ਸਾਂ। ਇਸ ਅਣਜਾਣ-ਪੁਣੇ ਦਾ ਇੱਕ ਵੱਡਾ ਸਬੂਤ ਸਾਡੇ ਸਰਕਾਰੀ ਕਰਮਚਾਰੀਆਂ ਨੇ, ਪੰਜਾਬ ਦੀ ਚੱਕ ਵੰਡ ਸਮੇਂ, ਪਿੰਡਾਂ ਦੀਆਂ ਫਿਰਨੀਆਂ ਦੇ ਨਾਲ ਰੂੜੀਆਂ ਦੇ ਢੇਰਾਂ ਲਈ ਥਾਂ ਛੱਡ ਕੇ, ਆਪਣੀ ਸੌਂਦਰਯ ਬੋਧ-ਹੀਣਤਾ ਦਾ ਵਿਖਾਲਾ ਪਾ ਕੇ ਦਿੱਤਾ ਸੀ। ਸਾਡੇ ਸਮਾਜ ਦੀ ਸੌਂਦਰਯ-ਬੋਧ-ਹੀਣਤਾ ਅਤੇ ਸੌਂਦਰਯ-ਸੰਕਲਪ-ਸ਼ੂੰਨਤਾ ਦੇ ਕਾਰਣ ਅਜੇ ਤੱਕ ਸਾਡੇ ਘਰਾਂ ਦਾ ਪਾਣੀ (ਜਿਹੜਾ ਧਰਤੀ ਮਾਂ ਦੀ ਦੇਣ ਹੈ ਅਤੇ ਜਿਸ ਦਾ ਇੱਕ ਇੱਕ ਕਤਰਾ ਫੁੱਲ ਬਣ ਕੇ ਸਾਡੇ ਚੌਗਿਰਦੇ ਨੂੰ ਖੁਸ਼ਬੋ ਨਾਲ ਭਰ ਸਕਦਾ ਹੈ) ਸਾਡੀਆਂ ਗਲੀਆਂ ਵਿਚ ਸੜ ਕੇ ਦੁਰਗੰਧ, ਕੋੜ ਅਤੇ ਮਲੇਰੀਆ ਪੈਦਾ ਕਰਦਾ ਹੈ। ਇਸ ਪਰ ਤੁੱਰਾ ਯਿਹ* ਕਿ ਸਾਡੇ ਵਿਦਵਾਨਾਂ ਨੂੰ ਪੂੰਜੀਵਾਦੀ ਅਤੇ ਸਮਾਜਵਾਦੀ ਸੁਹਜ-ਸਿਧਾਂਤਾਂ ਦੇ ਪਾਣੀ ਰਿੜਕਣ ਤੋਂ ਕਦੇ ਵਿਹਲ ਨਹੀਂ ਮਿਲਦੀ। ਵਿਦਵਾਨ ਹੋਣਾ ਹੋਰ ਗੱਲ ਹੈ ਅਤੇ ਸੌਂਦਰਯ-ਸੰਕਲਪ-ਸੰਪੰਨ ਹੋਣਾ ਹੋਰ।

ਇਸ ਕਲਾ ਦਾ ਜਨਮ ਮਨੁੱਖ ਦੇ ਪ੍ਰਕਿਰਤੀ-ਪਿਆਰ ਵਿਚੋਂ ਹੋਇਆ ਹੈ। ਸੰਸਾਰ ਦੇ (ਤਿੰਨ) ਦੇਸ਼ਾਂ, ਚੀਨ, ਈਰਾਨ ਅਤੇ ਯੂਨਾਨ ਨੇ ਇਸ ਕਲਾ ਦੇ ਵਿਕਾਸ ਵਿਚ ਵਿਸ਼ੇਸ਼ ਹਿੱਸਾ ਪਾਇਆ ਹੈ। ਇਨ੍ਹਾਂ ਤਿੰਨਾਂ ਹੀ ਦੇਸ਼ਾਂ ਵਿਚ ਲਗ ਪਗ ਇਕੋ ਸਮੇਂ ਉੱਤੇ, ਆਪੋ ਆਪਣੇ ਢੰਗ ਅਨੁਸਾਰ ਕੁਦਰਤੀ ਆਲੇ ਦੁਆਲੇ ਨੂੰ ਸੁੰਦਰ ਬਣਾਉਣ ਦਾ ਜਤਨ ਹੋਇਆ ਹੈ। ਉਹ ਸਮਾਂ ਅੱਜ ਤੋਂ ਢਾਈ-ਤਿੰਨ ਹਜ਼ਾਰ ਸਾਲ ਪਹਿਲਾਂ ਦਾ ਸਮਾਂ ਹੈ। ਉਸ ਸਮੇਂ ਈਰਾਨ ਦੀ ਸਲਤਨਤ ਲੱਗ ਪੱਗ ਮੱਧ ਪੂਰਬੀ ਦੇਸ਼ਾਂ ਵਿਚ ਫੈਲੀ ਹੋਈ ਸੀ। ਮੱਧ ਪੂਰਬੀ ਦੇਸ਼ਾਂ ਦਾ ਰੇਗਸਤਾਨੀ ਆਲਾ ਦੁਆਲਾ ਸੁੰਦਰ ਅਤੇ ਸੁਖਾਵਾਂ ਨਹੀਂ ਸੀ। ਜਿਹੜੇ ਕੁਝ ਹਿੱਸੇ ਉਪਜਾਊ ਸਨ ਉਨ੍ਹਾਂ ਦੀ ਦੇਖ ਭਾਲ ਅਤੇ ਸੰਭਾਲ ਬਹੁਤ ਜ਼ਰੂਰੀ ਸੀ।

*ਵੱਡੇ ਅਸਚਰਜ ਵਾਲੀ ਗੱਲ ਹੈ।

ਉਚੇਚੇ ਜਤਨ ਨਾਲ ਹਰਿਆਵਲ ਪੈਦਾ ਕਰਨ ਅਤੇ ਕਾਇਮ ਰੱਖਣ ਦੀ ਲੋੜ ਸੀ। ਕੁਦਰਤ ਵਿਚ ਅਜੇਹਾ ਕੋਈ ਨਮੂਨਾ ਨਹੀਂ ਸੀ ਜਿਸ ਦੀ ਨਕਲ ਉੱਤੇ ਮਨੁੱਖ ਆਪਣੇ ਬਾਗ਼ਾਂ ਦੇ ਨਕਸ਼ੇ ਉਲੀਕਦਾ। ਇਸ ਲਈ ਮਨੁੱਖ ਨੇ ਆਪਣੇ ਬਨਾਵਟੀ ਨਕਸ਼ਿਆਂ ਉੱਤੇ ਬਾਗ਼ਾਂ ਦੀ ਵਿਉਂਤ ਬਣਾਈ। ਇਹ ਵਿਉਂਤ ਆਮ ਕਰਕੇ ਵਰਗਾਕਾਰ ਜਾਂ ਮੁਰੱਬਾ ਹੁੰਦੀ ਸੀ। ਬਾਗ਼ਾਂ ਵਿਚ ਪਾਣੀ ਦੀਆਂ ਨਹਿਰਾਂ ਹੁੰਦੀਆਂ ਸਨ ਜਿਹੜੀਆਂ ਇੱਕ ਥਾਂ ਉੱਤੇ ਜ਼ਰੂਰ ਹੀ ਇੱਕ ਦੂਜੀ ਨੂੰ ਕੱਟਦੀਆਂ ਸਨ। ਹਰ ਬਾਗ਼ ਵਿਚ ਸਰੂ ਦੇ ਬੂਟੇ ਜ਼ਰੂਰੀ ਮੰਨੇ ਜਾਂਦੇ ਸਨ। ਫਲਾਂ ਦੇ ਰੁੱਖਾਂ ਦਾ ਉਚੇਚਾ ਮਹੱਤਵ ਹੁੰਦਾ ਸੀ। ਇਹ ਸਭ ਕੁਝ ਇੱਕ ਵਿਸ਼ੇਸ਼ ਪ੍ਰਤੀਕ-ਪ੍ਰਬੰਧ ਦਾ ਹਿੱਸਾ ਹੁੰਦਾ ਸੀ। ਨਹਿਰਾਂ ਜੰਨਤ ਦੀਆਂ ਨਦੀਆਂ ਦੀਆਂ ਪ੍ਰਤੀਕ ਸਨ; ਸਰੂ ਸਦੀਵਤਾ ਦਾ ਪ੍ਰਤੀਕ ਸੀ ਅਤੇ ਫਲ ਜੀਵਨ ਦਾ। ਭਾਰਤ ਵਿਚ ਮੁਗ਼ਲ ਬਾਦਸ਼ਾਹਾਂ ਦੁਆਰਾ ਬਣਾਏ ਗਏ ਬਾਗ਼ਾਂ ਦੀ ਸਾਰੀ ਵਿਉਂਤ ਈਰਾਨੀ ਹੈ। ਇਸ ਵਿਉਂਤ ਦਾ ਸਰਵਸ੍ਰੇਸ਼ਟ ਨਮੂਨਾ ਬੇਬੀਲੋਨ ਦੇ ਹੈਂਗਿੰਗ ਗਰਡਨਜ਼ ਸੀ ਜਿਸ ਨੂੰ ਸੰਸਾਰ ਦਾ ਸਤਵਾਂ ਅਜੂਬਾ ਮੰਨਿਆ ਜਾਂਦਾ ਰਿਹਾ ਹੈ।

ਈਰਾਨੀ ਹਾਕਮਾਂ ਨੇ ਮੱਧ ਪੂਰਬੀ ਰੇਗਸਤਾਨੀ ਚੌਗਿਰਦੇ ਨੂੰ ਆਪਣੇ ਲਈ ਸੁਖਾਵਾਂ ਬਣਾਉਣ ਦੇ ਜਤਨ ਵਿਚੋਂ ਵਰਗਾਕਾਰ ਜੰਨਤ-ਨੁਮਾ ਬਾਗ਼ਾਂ ਦੀ ਕਾਢ ਕੱਢੀ ਸੀ। ਲੱਗ ਪੱਗ ਉਸੇ ਸਮੇਂ ਚੀਨ ਦੇ ਸੁਹਜਵਾਦੀ ਲੋਕ ਆਪਣੀ ਜੀਵਨ ਨੂੰ ਸੁਹਣੇ ਕੁਦਰਤੀ ਚੌਗਿਰਦੇ ਅਨੁਸਾਰ ਢਾਲਣ ਦੀ ਲਗਨ ਨਾਲ ਭਰਪੂਰ ਸਨ। ਮਹਾਤਮਾ ਅਤੇ ਦਾਰਸ਼ਨਿਕ ਕਨਫਿਊਸ਼ੀਅਸ ਦੀ ਸਿਖਿਆ ਤੋਂ ਪ੍ਰਭਾਵਿਤ ਚੀਨੀ, ਕੁਦਰਤੀ ਸੁੰਦਰਤਾ ਦਾ ਸਤਿਕਾਰ ਕਰਦੇ ਸਨ ਅਤੇ ਪ੍ਰਕਿਰਤੀ ਕੋਲੋਂ ਅਗਵਾਈ ਲੈਣ ਵਿਚ ਆਪਣਾ ਕਲਿਆਣ ਸਮਝਦੇ ਸਨ। ਉਹ ਕੁਦਰਤੀ ਸੁੰਦਰਤਾ ਭਰਪੂਰ ਚੌਗਿਰਦੇ ਨੂੰ ਮਨ ਦੀ ਇਕਾਗਰਤਾ ਦਾ ਸਾਧਨ ਮੰਨਦੇ ਸਨ। ਉਹ ਉਚੇਚੇ ਬਾਗ਼ ਬਣਾਉਣ ਦੀ ਥਾਂ ਆਪਣੇ ਘਰਾਂ ਨੂੰ ਸੁਹਣੇ ਕੁਦਰਤੀ ਵਾਤਾਵਰਣ ਵਿਚ ਬਣਾਉਂਦੇ ਸਨ ਅਤੇ ਇਸ ਗੱਲ ਦਾ ਧਿਆਨ ਰੱਖਦੇ ਸਨ ਕਿ ਇਹ ਉਸਾਰੀ ਕੁਦਰਤੀ ਸੁੰਦਰਤਾ ਵਿਚ ਓਪਰੀ ਲੱਗਣ ਦੀ ਥਾਂ ਉਸ ਦਾ ਇੱਕ ਹਿੱਸਾ ਜਾਪੇ।

ਯੂਨਾਨ ਨਿੱਕੇ ਨਿੱਕੇ ਕਈ ਟਾਪੂਆਂ ਨੂੰ ਮਿਲ ਕੇ ਬਣਿਆ ਹੋਇਆ ਦੇਸ਼ ਹੈ। ਹਰ ਟਾਪੂ ਦੀ ਆਪਣੀ ਸੁੰਦਰਤਾ ਹੈ ਅਤੇ ਆਪਣੀ ਨਵੇਕਲੀ ਥਾਂ। ਯੂਨਾਨੀ ਲੋਕ ਹਰ ਸ਼ੈ ਅਤੇ ਹਰ ਖਿਆਲ ਨੂੰ ਉਸ ਦੀ ਨਵੇਕਲੀ ਥਾਵੇਂ ਰੱਖਣ ਵਿਚ ਭਲਾ ਮੰਨਦੇ ਸਨ। ਉਹ ਕੁਦਰਤ ਅਤੇ ਧਰਮ ਵਿਚ ਬਹੁਤੀ ਸਾਂਝ ਨਹੀਂ ਵੇਖ ਸਕੇ। ਉਨ੍ਹਾਂ ਦੇ ਮੰਦਰ ਕੁਦਰਤੀ ਚੌਗਿਰਦੇ ਦਾ ਹਿੱਸਾ ਨਹੀਂ ਸਨ ਹੁੰਦੇ ਸਗੋਂ ਪਹਾੜਾਂ ਦੀਆਂ ਚੋਟੀਆਂ ਅਤੇ ਚਟਾਨਾਂ ਉੱਤੇ ਆਪਣੀ ਨਵੇਕਲੀ ਸ਼ਾਨ ਪਰਗਟ ਕਰਦੇ ਸਨ। ਯੂਨਾਨੀ ਬਾਗ਼ ਬਗ਼ੀਚੇ ਉਨ੍ਹਾਂ ਦੇ ਘਰਾਂ ਦਾ ਜਾਂ ਸ਼ਹਿਰਾਂ ਦਾ ਹਿੱਸਾ ਨਹੀਂ ਸਨ ਹੁੰਦੇ ਸਗੋਂ ਇਨ੍ਹਾਂ ਤੋਂ ਵੱਖਰੇ ਹੁੰਦੇ ਸਨ। ਨ ਹੀ ਇਨ੍ਹਾਂ ਬਾਗ਼ਾਂ ਦੀ ਕੋਈ ਵਿਸ਼ੇਸ਼ ਬਣਤਰ ਹੀ ਹੁੰਦੀ ਸੀ। ਰੁੱਖਾਂ ਦੇ ਝੁੰਡ ਅਤੇ ਝੰਗੀਆਂ ਜਿਹੀਆਂ ਆਪਣੀ ਕੁਦਰਤੀ ਰੂਪ ਰੇਖਾ ਵਿਚ ਸਾਂਭ ਕੇ ਰੱਖੀਆਂ ਜਾਂਦੀਆਂ ਸਨ। ਹਰ ਬਾਗ਼ ਦੂਜੇ ਨਾਲੋਂ ਵੱਖਰੀ ਸ਼ਕਲ ਦਾ ਹੁੰਦਾ ਸੀ।

ਸਾਇੰਸ ਅਤੇ ਸਨਅਤ ਦੀ ਉੱਨਤੀ ਨਾਲ ਜਦੋਂ ਆਵਾਜਾਈ ਦੇ ਸਾਧਨ ਆਮ ਹੋ ਗਏ ਤਾਂ ਇਹ ਤਿੰਨੇ ਪਰੰਪਰਾਵਾਂ ਆਪੋ ਵਿਚ ਰਲ ਮਿਲ ਗਈਆਂ । ਅੱਜ ਕਲ ਲੈਂਡਸਕੇਪ ਆਰਕੀਟੈਕਚਰ ਇਨ੍ਹਾਂ ਤਿੰਨਾਂ ਦਾ ਰਲਿਆ ਮਿਲਿਆ ਰੂਪ ਹੈ । ਪਿਛਲੇ ਸਮਿਆਂ ਵਿਚ ਹੋਰ ਸਾਰੀਆਂ ਕਲਾਵਾਂ ਵਾਂਗ ਇਹ ਕਲਾ ਵੀ ਗਿਣਤੀ ਮਿਣਤੀ ਦੇ ਲੋਕਾਂ ਲਈ ਹੀ ਸੀ । ਹੁਣ ਅਜੇਹਾ ਨਹੀਂ ਰਿਹਾ । ਘੱਟੋ ਘੱਟ ਪੱਛਮੀ ਯੂਰਪ, ਅਮਰੀਕਾ ਅਤੇ ਰੂਸ ਵਿਚ ਜਨ ਸਾਧਾ-ਰਣ ਲਈ ਬਸਤੀਆਂ ਉਸਾਰਣ ਲੱਗਿਆਂ ਇਸ ਕਲਾ ਦੀ ਸਹਾਇਤਾ ਜ਼ਰੂਰ ਲਈ ਜਾਂਦੀ ਹੈ । ਭਾਰਤ ਵਿਚ ਜਮਸ਼ੇਦਜੀ ਟਾਟਾ ਨੇ ਜਮਸ਼ੇਦਪੁਰ ਵਿਚ ਆਪਣੇ ਕਾਰਖਾਨੇ ਦੇ ਮਜ਼ਦੂਰਾਂ ਲਈ ਬਸਤੀਆਂ ਦੀ ਉਸਾਰੀ ਕਰਨ ਵਿਚ ਇਸ ਕਲਾ ਦਾ ਉਚੇਚਾ ਧਿਆਨ ਰੱਖਿਆ ਹੈ । ਭਿਲਾਈ ਅਤੇ ਰੌੜਕੇਲਾ ਆਦਿਕ ਵਿਚ ਵੀ ਇਸ ਕਲਾ ਨੂੰ ਵਿਸਾਰਿਆ ਨਹੀਂ ਗਿਆ ਪਰ ਟਾਟਾ ਦੀ ਗੱਲ ਵੱਖਰੀ ਹੈ ।

ਸਭਿਅਤਾਵਾਂ ਦੇ ਨੇੜ ਦਾ ਸਦਕਾ ਪੱਛਮ ਦੇ ਲੋਕਾਂ ਦਾ ਘਰ-ਸੰਕਲਪ ਹੀ ਬਦਲ ਗਿਆ ਹੈ । ਠੰਢੇ ਦੇਸ਼ਾਂ ਦੇ ਪੱਛਮੀ ਵਸਨੀਕ ਇਹੋ ਸਮਝਦੇ ਆਏ ਸਨ ਕਿ 'ਘਰ' ਇਕ ਅਜਿਹੀ ਪੱਕੀ ਵਲਗਣ ਹੈ ਜਿਹੜੀ ਸਾਨੂੰ ਸਾਡੇ ਦੁਖਦਾਈ ਅਤੇ ਠੰਢੇ 'ਬਾਹਰ' ਨਾਲੋਂ ਨਿਖੇੜਦੀ ਹੈ । ਘਰ ਦੇ ਇਸ ਸੰਕਲਪ ਨੂੰ ਅਜੋਕੀ ਭਾਸ਼ਾ ਵਿਚ 'ਡੱਬਾ' ਆਖਿਆ ਜਾਂਦਾ ਹੈ । ਚੀਨੀ ਲੋਕਾਂ ਦਾ ਘਰ-ਸੰਕਲਪ ਇਸ ਤੋਂ ਐਨ ਉਲਟ ਸੀ । ਉਹ 'ਘਰ' ਅਤੇ 'ਬਾਹਰ' ਨੂੰ ਇਸ ਵਿਉਂਤ ਵਿਚ ਢਾਲਦੇ ਸਨ ਕਿ ਇਹ ਇਕ ਦੂਜੇ ਵਿਚ ਘੁਲ ਮਿਲ ਜਾਂਦੇ ਸਨ । ਹੁਣ ਜਦੋਂ ਘਰਾਂ ਨੂੰ ਗਰਮ ਰੱਖਣ ਦੇ ਸਾਧਨ ਸੁਲੱਭ ਹੋ ਗਏ ਹਨ ਤਾਂ ਪੱਛਮੀ ਲੋਕਾਂ ਨੇ ਚੀਨੀ ਸੰਕਲਪ ਦੀ ਪ੍ਰੇਰਣਾ ਨਾਲ ਨਵੀਆਂ ਅਬਾਦੀਆਂ ਬਣਾਉਣੀਆਂ ਆਰੰਭ ਕਰ ਦਿੱਤੀਆਂ ਹਨ । ਲੰਡਨ ਵਿਚ ਹਾਰਲੋ ਨਿਊ ਟਾਊਨ ਇਸ ਨਵੀਂ ਵਿਉਂਤ ਦਾ ਸ਼ਾਨਦਾਰ ਨਮੂਨਾ ਹੈ । ਪੱਛਮੀ ਯੌਰਪ ਅਤੇ ਅਮਰੀਕਾ ਵਿਚ ਲੈਂਡਸਕੇਪ ਆਰਕੀਟੈਕਚਰ ਨੂੰ ਨਗਰ-ਨਿਰਮਾਣ ਵਿਚ ਉਚੇਚੀ ਥਾਂ ਪ੍ਰਾਪਤ ਹੈ । ਵਾਸ਼ਿੰਗਟਨ ਦੀਆਂ ਪਾਰਕਾਂ ਸਾਰੀ ਦੁਨੀਆਂ ਵਿਚ ਨਵੇਕਲੀ ਥਾਂ ਰਖਦੀਆਂ ਹਨ । ਪੰਜਾਬ ਦਾ ਨਵਾਂ ਸ਼ਹਿਰ ਚੰਡੀਗੜ੍ਹ ਸ਼ਹਿਰੀ ਵਿਉਂਤ ਦਾ ਨਮੂਨਾ ਤਾਂ ਜ਼ਰੂਰ ਹੈ ਪਰ ਲੈਂਡਸਕੇਪ ਆਰਕੀਟੈਕਚਰ ਦਾ ਨਹੀਂ ।

ਭਾਰਤੀ ਪੇਂਡੂ ਜੀਵਨ ਇਸ ਕਲਾ ਕੋਲੋਂ ਚੋਖਾ ਲਾਭ ਲੈ ਸਕਦਾ ਹੈ । ਪੰਜਾਬ ਭਾਰਤ ਦਾ ਨਰੋਆ ਅੰਗ ਹੈ । ਸੜਕ, ਬਿਜਲੀ ਅਤੇ ਵਿੱਦਿਆ ਦੀਆਂ ਉਚੇਚੀਆਂ ਸਹੂਲਤਾਂ ਹਾਸਲ ਹੋਣ ਉੱਤੇ ਵੀ ਜੇ ਪੰਜਾਬ ਦੇ ਪਿੰਡਾਂ ਦਾ ਚੌਗਿਰਦਾ ਅੱਤ ਘਿਨਾਉਣਾ ਹੈ ਤਾਂ ਇਹ ਸਾਡੇ ਸੌਂਦਰਯ-ਸੰਕਲਪ ਦਾ ਦੋਸ਼ ਹੈ । ਸਾਡੇ ਵਿਚ ਜੀਵਨ ਨੂੰ ਸੁੰਦਰ ਬਣਾਉਣ ਦੀ ਨ ਰੀਝ ਹੈ ਨ ਸੂਝ । ਪੰਜਾਬ ਦੇ ਜਨ-ਸਾਧਾਰਨ ਦਾ ਉੱਦਮ ਅਤੇ ਇਸ ਉੱਦਮ ਨੂੰ ਮਿਲਣ ਵਾਲਾ ਆਧੁਨਿਕ ਸਨਅਤੀ ਉਤਸ਼ਾਹ, ਕਿਸੇ ਉਚੇਰੇ ਆਦਰਸ਼ ਦੀ ਅਣਹੋਂਦ ਕਰ ਕੇ, ਨਿਰੋਲ ਤ੍ਰਿਸ਼ਨਾ ਦੇ ਰੂਪ ਵਿਚ ਵਿਅਕਤ ਹੋਇਆ ਹੈ । ਬਹੁਤਾ ਅੰਨ ਉਗਾ ਕੇ ਅਮੀਰ ਹੋਣ ਦੀ ਮ੍ਰਿਗ-ਤ੍ਰਿਸ਼ਨਾ ਨੇ ਪੰਜਾਬ ਦੀ ਪੋਟਾ ਪੋਟਾ ਧਰਤੀ ਹਲਾਂ ਹੇਠ ਲੈ ਆਂਦੀ ਹੈ । ਘਰਾਂ ਦੇ ਦਰ-ਵਾਜ਼ਿਆਂ ਤੱਕ ਫਸਲਾਂ ਬੀਜੀਆਂ ਜਾਣ ਲੱਗ ਪਈਆਂ ਹਨ । ਹੋ ਸਕਦਾ ਹੈ ਅਗਲੀ ਸਦੀ

ਦੇ ਆਰੰਭ ਤੱਕ ਲੋਕ ਵਿਹੜਿਆਂ ਵਿਚ ਵੀ ਝੋਨਾ ਲਾਉਣ ਲੱਗ ਪੈਣ। ਮੇਰੇ ਪਿੰਡ ਦੀ ਜ਼ਮੀਨ ਵਿਚੋਂ ਰੇਲ ਦੀ ਪੱਟੜੀ ਦਾ ਲਾਂਘਾ ਹੈ। ਰੇਲਵੇ ਲਾਈਨ ਦੇ ਦੁਪਾਸੀਂ ਰੇਲਵੇ ਦੀ ਥਾਂ ਵਿਚ ਵੀ ਫਸਲਾਂ ਬੀਜੀਆਂ ਜਾਂਦੀਆਂ ਹਨ। ਰੇਲ ਦਾ ਮਹਿਕਮਾ ਇਸ ਥਾਂ ਦਾ ਕਿਰਾ-ਇਆ ਲੈ ਕੇ ਇਸ ਨੂੰ ਠੇਕੇ ਉੱਤੇ ਵਾਹੁਣ ਲਈ ਦਿੰਦਾ ਹੈ। ਕਿੰਨੀ ਸ਼ਰਮ ਦੀ ਗੱਲ ਹੈ। ਬੱਚਿਆਂ ਦੇ ਖੇਡਣ ਨੂੰ ਕੋਈ ਥਾਂ ਨਹੀਂ। ਚੌਗਿਰਦੇ ਵਿਚ ਕੋਈ ਸੁੰਦਰਤਾ ਨਹੀਂ। ਚੰਨ ਚਾਨਣੀ ਰਾਤ ਵਿਚ ਸੁਹਾਗੀਆਂ, ਪੱਧਰੀਆਂ ਪੈਲੀਆਂ ਦੇ ਦ੍ਰਿਸ਼ ਭੂਤ ਕਾਲ ਦੀਆਂ ਯਾਦਾਂ ਬਣ ਚੁੱਕੇ ਹਨ। ਇਕ ਫ਼ਸਲ ਵੱਢ ਕੇ ਮਗਰੇ ਮਗਰ ਦੂਜੀ ਬੀਜ ਦਿੱਤੀ ਜਾਂਦੀ ਹੈ। ਵਧੀ ਆਮਦਨ ਨਾਲ (ਜੇ ਕਿਸੇ ਦੀ ਆਮਦਨ ਵਧ ਹੀ ਜਾਵੇ ਤਾਂ) ਸ਼ਰਾਬ, ਟੈਰੀਕਾਟ, ਸਕੂਟਰ ਅਤੇ ਟੈਲੀਵੀਜ਼ਨ ਦੇ ਬੇਲੋੜੇ ਐਬ ਸਹੇੜੇ ਜਾਂਦੇ ਹਨ। ਫਿਰਨੀ ਤੋਂ ਘਰ ਤੱਕ ਜਾਣ ਲਈ ਰਾਹ ਨਹੀਂ ਹੁੰਦਾ; ਚਿੱਕੜ ਹੀ ਚਿੱਕੜ ਹੁੰਦਾ ਹੈ; ਅਤੇ ਘਰ ਦੇ ਅੰਦਰ ਵਾਰ ਸਰਦਾਰ ਸਾਹਿਬ ਦਾ ਕਾਲਜੀਏਟ ਪੁੱਤਰ ਟੈਲੀਵੀਜ਼ਨ ਉੱਤੇ ਕ੍ਰਿਕਟ ਦਾ ਮੈਚ ਵੇਖ ਰਿਹਾ ਹੁੰਦਾ ਹੈ। ਇਸ ਬੇ-ਮੈਚ, ਬੇ-ਮੇਚ ਅਤੇ ਆਦਰਸ਼-ਹੀਣ ਜੀਵਨ ਜਾਚ ਦੇ ਨਤੀਜੇ ਵਜੋਂ ਜੇ ਪੰਜਾਬ ਵਿਚ ਅਸ਼ਾਂਤੀ, ਅਸੰਤੋਸ਼, ਭ੍ਰਿਸ਼ਟਾਚਾਰ ਅਤੇ ਨੈਤਿਕ ਪਤਨ ਦਾ ਵਾਧਾ ਹੋ ਰਿਹਾ ਹੈ ਤਾਂ ਕੋਈ ਅਚੰਭੇ ਵਾਲੀ ਗੱਲ ਨਹੀਂ।

ਅਜੋਕੇ ਭਾਰਤੀ ਜੀਵਨ ਦੀ ਕੁਰੂਪਤਾ ਵੱਲ ਵੇਖਿਆਂ ਇਉਂ ਲਗਦਾ ਹੈ ਕਿ ਲੈਂਡਸਕੇਪ ਆਰਕੀਟੈਕਚਰ ਦੀ ਕੋਈ ਭਾਰਤੀ ਪਰੰਪਰਾ ਹੈ ਹੀ ਨਹੀਂ। ਪ੍ਰੰਤੂ ਇਹ ਖਿਆਲ ਗਲਤ ਹੈ। ਪੁਰਾਤਨ ਵੈਦਿਕ ਕਾਲ ਦੇ ਗੁਰੂ ਕੁਲ ਪ੍ਰਕਿਰਤੀ ਸੁੰਦਰਤਾ ਦੇ ਸ਼ਾਨਦਾਰ ਨਮੂਨੇ ਸਨ। ਅੱਜ ਕੱਲ ਉਨ੍ਹਾਂ ਦਾ ਕੋਈ ਨਾਂ-ਨਿਸ਼ਾਨ ਇਸ ਲਈ ਨਹੀਂ ਮਿਲਦਾ ਕਿ ਉਹ ਜੁਗ-ਗਰਦੀਆਂ ਦਾ ਟਾਕਰਾ ਕਰਨ ਲਈ ਨਹੀਂ ਸਨ ਬਣਾਏ ਗਏ। ਵੈਦਕ ਕਾਲ ਦੇ ਸਤਜੁਗੀ ਜੀਵਨ ਦੀ ਹਾਨੀ ਹੋ ਜਾਣ ਉੱਤੇ ਵੀ ਇਨ੍ਹਾਂ ਗੁਰੂ ਕੁਲਾਂ ਦਾ ਉੱਕਾ ਅਲੋਪ ਨਹੀਂ ਸੀ ਹੋਇਆ। ਬੁੱਧ ਜੀ ਦਾ ਜਨਮ ਇਕ ਬਾਗ (ਲੁੰਬਨੀ ਬਾਗ) ਵਿਚ ਹੋਇਆ ਸੀ। ਉਨ੍ਹਾਂ ਨੇ ਧਰਮ ਦੀ ਵਿੱਦਿਆ ਗੁਰੂ ਕੁਲਾਂ ਵਿਚ ਪ੍ਰਾਪਤ ਕੀਤੀ ਸੀ। ਉਨ੍ਹਾਂ ਨੂੰ ਗਿਆਨ ਦੀ ਪ੍ਰਾਪਤੀ ਇਕ ਬਨ ਵਿਚ ਵੱਡੇ ਰੁੱਖ ਹੇਠ ਹੋਈ ਸੀ। ਉਨ੍ਹਾਂ ਨੇ ਪਹਿਲਾ ਉਪਦੇਸ਼ ਸਾਰਨਾਥ ਦੇ ਇਕ ਬਾਗ ਵਿਚ ਦਿੱਤਾ ਸੀ, ਜਿਸ ਨੂੰ ਅਜਕਲ ਡੀਅਰ ਪਾਰਕ (Deer Park – ਹਿਰਨ ਵਨ) ਆਖਿਆ ਜਾਂਦਾ ਹੈ। ਉਹ ਵਰਖਾ ਦੀ ਰੁੱਤੇ ਟਿਕ ਕੇ ਬੈਠਦੇ ਸਨ ਅਤੇ ਬਾਕੀ ਸਾਰਾ ਸਮਾਂ ਦੇਸ਼ ਵਿਚ ਫਿਰ ਤੁਰ ਕੇ ਧਰਮ ਦਾ ਪਰਚਾਰ ਕਰਦੇ ਸਨ। ਵਰਖਾ ਰੁੱਤ ਦੇ ਟਿਕਾਣਿਆਂ ਨੂੰ ਵਰਸ਼ਾ-ਵਾਸ ਆਖਿਆ ਜਾਂਦਾ ਸੀ ਅਤੇ ਉਨ੍ਹਾਂ ਦੇ ਟਿਕਾਣਿਆਂ ਦੇ ਨਾਂ ਸਨ ਉਰੂਵੇਲਾ, ਜੇਤ-ਵਨ ਆਦਿਕ। ਇਨ੍ਹਾਂ ਨਾਵਾਂ ਤੋਂ ਪਰਗਟ ਹੁੰਦਾ ਹੈ ਕਿ ਇਹ ਸਾਰੀਆਂ ਥਾਵਾਂ ਸੁਹਣੇ ਬਾਗ ਸਨ। ਬੁੱਧ ਭਿਕਸ਼ੂ ਵਰਸ਼ਾ-ਵਾਸ ਦੇ ਦਿਨਾਂ ਵਿਚ ਵਿਹਲੇ ਨਹੀਂ ਸਨ ਰਹਿੰਦੇ। ਪੁਸਤਕਾਂ ਲਿਖਣੀਆਂ, ਖੂਹ ਪੁੱਟਣੇ, ਸੜਕਾਂ ਬਣਾਉਣੀਆਂ, ਮੂਰਤੀਆਂ ਤ੍ਰਾਸ਼ਣੀਆਂ, ਸਰਾਵਾਂ ਦੀ ਉਸਾਰੀ ਕਰਨੀ, ਪਾਰਕਾਂ ਬਣਾਉਣੀਆਂ, ਫਲਾਂ ਦੇ ਰੁੱਖ ਲਾਉਣੇ, ਬੀਮਾਰਾਂ ਦੀ ਸੇਵਾ-ਸੰਭਾਲ ਕਰਨੀ, ਆਮ ਲੋਕਾਂ ਦੀ ਹਰ ਪ੍ਰਕਾਰ

ਦੀ ਸਹਾਇਤਾ ਕਰਨੀ ਅਤੇ ਹੋਰ ਕਈ ਕੰਮ ਉਨ੍ਹਾਂ ਨੂੰ ਹੁੰਦੇ ਸਨ ਜਿਹੜੇ ਉਹ ਆਪਣੀ ਸਾਧਨਾ ਅਤੇ ਤਪੱਸਿਆ ਦਾ ਹਿੱਸਾ ਜਾਣ ਕੇ ਕਰਦੇ ਸਨ। ਇਨ੍ਹਾਂ ਭਿਕਸ਼ੂਆਂ ਦੀ ਗਿਣਤੀ ਲੱਖਾਂ ਤੱਕ ਪੁੱਜ ਗਈ ਸੀ। ਮੇਰਾ ਅਨੁਮਾਨ ਹੈ ਕਿ ਅਸ਼ੋਕ ਦੇ ਰਾਜ-ਕਾਲ ਵਿਚ ਸਾਰਾ ਭਾਰਤ ਇਕ ਸੁੰਦਰ ਬਾਗ ਦਿਸਦਾ ਹੋਵੇਗਾ। ਗੰਦਗੀ ਦੇ ਢੇਰਾਂ ਉੱਤੇ ਵਸਦੇ ਆਧੁਨਿਕ ਭਾਰਤੀ ਜੀਵਨ ਦੇ ਮੂੰਹ ਉੱਤੇ ਬੈਠੀਆਂ ਮੱਖੀਆਂ ਉਪ੍ਰੋਕਤ ਸਾਰੇ ਅਨੁਮਾਨਾਂ ਨੂੰ ਝੂਠਾ ਕਰਦੀਆਂ ਹਨ। "ਰਤਨ ਵਿਗਾੜ,ਵਿਗੋਇ ਕੁਤੀਂ।" ਸਾਨੂੰ ਸੁੰਦਰਤਾ ਨਾਲ ਪਿਆਰ ਨਹੀਂ। ਜੇ ਹੋਵੇ ਤਾਂ ਸੁੰਦਰਤਾ ਉਪਜਾਉਣੀ ਕੋਈ ਔਖੀ ਨਹੀਂ। ਇਹ ਧਨ ਨਾਲ ਨਹੀਂ ਸਗੋਂ ਸ਼ੌਕ ਅਤੇ ਉੱਦਮ ਨਾਲ ਪੈਦਾ ਕੀਤੀ ਜਾਂਦੀ ਹੈ।

ਇਸ ਕਲਾ ਨੂੰ ਨਿਰੋਲ ਧਨ ਜਾਂ ਅਮੀਰੀ ਦੀ ਅਭਿਵਿਅਕਤੀ ਮੰਨਣਾ ਭੁੱਲ ਹੈ। ਇਹ ਉਸ ਭਾਵਨਾ ਦੀ ਅਭਿਵਿਅਕਤੀ ਹੈ ਜਿਹੜੀ 'ਪੂਰਨ ਨਾਥ ਜੋਗੀ' (ਪੂਰਨ ਭਗਤ) ਦੇ ਇਨ੍ਹਾਂ ਸ਼ਬਦਾਂ ਵਿਚੋਂ ਪਰਗਟ ਹੁੰਦੀ ਹੈ—

'ਠੀਕ ਹੈ, ਸੁੰਦਰਾਂ,
'ਪਰ ਘਰ ਮੈਨੂੰ ਕਬਰ ਦਿਸਦੀ,
'ਮੇਰਾ ਜੀ ਜੰਗਲਾਂ ਵਿਚ ਲਗਦਾ,
'ਖੁੱਲ੍ਹ ਮੈਨੂੰ ਭਾਂਦੀ।'*

ਜਿੰਨਾ ਚਿਰ ਸਾਡੇ ਲਈ ਜੀਵਨ ਦੇ ਅਰਥ ਬਦਲਦੇ ਨਹੀਂ, ਜੀਵਨ ਦਾ ਆਦਰਸ਼ ਉਚੇਰਾ ਨਹੀਂ ਹੁੰਦਾ, ਓਨਾ ਚਿਰ ਦਰਸ਼ਨ, ਧਰਮ, ਨੈਤਿਕਤਾ ਅਤੇ ਕਲਾ ਸਾਡੀ ਜੀਵਨ ਜਾਚ ਦਾ ਹਿੱਸਾ ਨਹੀਂ ਬਣ ਸਕਦੇ। ਇਹ ਜੀਵਨ ਜਾਚ ਤੋਂ ਵਖਰੀਆਂ ਕੋਈ ਅਲੌਕਿਕ ਪ੍ਰਾਪਤੀਆਂ ਹੋਣਗੇ ਅਤੇ ਇਨ੍ਹਾਂ ਪ੍ਰਾਪਤੀਆਂ ਵਾਲੇ ਲੋਕ ਸਾਡੇ ਅਸਚਰਜ ਦਾ ਨਿਸ਼ਾਨਾ ਬਣੇ ਰਹਿਣਗੇ। ਜਿਸ ਜੀਵਨ ਵਿਚ ਗੰਦਗੀ ਹੈ ਉੱਥੇ ਸਿਹਤ ਇਕ ਪ੍ਰਾਪਤੀ ਆਖੀ ਜਾਵੇਗੀ ਅਤੇ ਇਸ ਪ੍ਰਾਪਤੀ ਦੇ ਭੰਡਾਰ, ਡਾਕਟਰ, ਦੇਵੀ ਦੇਵਤਿਆਂ ਦਾ ਦਰਜਾ ਪ੍ਰਾਪਤ ਕਰ ਲੈਣਗੇ। ਸਾਫ ਸੁਥਰੇ ਜੀਵਨ ਲਈ ਸਿਹਤ ਕੋਈ 'ਪ੍ਰਾਪਤੀ' ਨਹੀਂ ਸਗੋਂ ਸਾਫ ਸੁਥਰੇ ਜੀਵਨ ਦਾ ਸੁਭਾਵਕ ਨਤੀਜਾ ਹੁੰਦੀ ਹੈ। ਉਥੇ ਉਪ੍ਰੋਕਤ ਦੇਵਤਿਆਂ ਦਾ ਸਿੰਘਾਸਣ ਡੋਲ ਜਾਵੇਗਾ। ਜਿਸ ਜੀਵਨ ਦੀ ਸਾਧਾਰਣ ਜਾਚ ਰੁਝੇਵੇਂ ਅਤੇ ਰੌਚਕਤਾ ਨਾਲ ਭਰਪੂਰ ਹੈ ਉਸ ਵਿਚ ਕ੍ਰਿਕਿਟ, ਹਾਕੀ ਅਤੇ ਫੁਟਬਾਲ ਦੇ ਖਿਲਾੜੀਆਂ ਨੂੰ ਕੌਮੀ ਕਲਾ-ਧਾਰੀ ਨਹੀਂ ਮੰਨਿਆ ਜਾਵੇਗਾ। ਜਿਸ ਸਮਾਜ ਦੇ ਲੋਕਾਂ ਵਿਚੋਂ ਤ੍ਰਿਸ਼ਨਾ ਘੱਟ ਜਾਵੇਗੀ ਉਸ ਸਮਾਜ ਵਿਚ 'ਤਿਆਗੀ' ਸਾਧੂਆਂ ਦੇ ਡੇਰਿਆਂ ਵਿਚ ਧਨ ਦੇ ਢੇਰ ਨਹੀਂ ਲੱਗਣਗੇ। ਇਨ੍ਹਾਂ ਦੀਆਂ ਉੱਚੀਆਂ ਟੀਸੀਆਂ ਜਨ ਸਾਧਾਰਣ ਦੀ ਤ੍ਰਿਸ਼ਨਾ ਦਾ ਨਾਪ ਤੋਲ ਹਨ। ਐਕਟਰਾਂ ਅਤੇ ਖਿਡਾਰੀਆਂ ਦੇ ਸੁਆਗਤੀ ਜਲੂਸ ਜਨ-ਸਾਧਾਰਣ ਦੇ ਜੀਵਨ ਦੀ ਨੀਰਸਤਾ ਦੀ ਗਵਾਹੀ ਭਰਦੇ ਹਨ। ਇਵੇਂ ਹੀ ਜਿਸ ਜੀਵਨ ਦੀ ਜਾਚ ਕਲਾਮਈ ਹੋਵੇਗੀ ਉਸ ਵਿਚ ਕੋਈ ਅਖੌਤੀ ਕਲਾਕਾਰ

---

*ਪ੍ਰੋ: ਪੂਰਨ ਸਿੰਘ ਜੀ ਦੀ ਲੰਮੀ ਕਵਿਤਾ "ਪੂਰਨ ਨਾਥ ਜੋਗੀ" ਵਿਚੋਂ।

ਨ ਤਾਂ ਅਚੰਭੇ ਵਾਲੀ ਗੱਲ ਹੋਵੇਗਾ ਅਤੇ ਨਾ ਹੀ ਉਹ ਸਮਾਜਕ ਮਾਨਤਾਵਾਂ ਨੂੰ ਇਸ ਕਰਕੇ ਛਿੱਕੇ ਟੰਗ ਸਕੇਗਾ ਕਿ ਉਹ ਕਲਾਕਾਰ ਹੈ। ਆਪਣੇ ਸਿੰਘਾਸਣ ਨੂੰ ਕਾਇਮ ਰੱਖਣ ਲਈ ਹਰ ਕਲਾਕਾਰ ਲਈ ਇਹ ਜ਼ਰੂਰੀ ਹੈ ਕਿ ਉਹ ਜੀਵਨ ਨੂੰ ਕਲਾਮਈ ਹੋਣੋਂ ਰੋਕੇ, ਨਹੀਂ ਤਾਂ ਉਹ ਉਸ ਡਾਕਟਰ ਵਾਂਗ ਬੇ-ਲੋੜਾ ਹੋ ਜਾਵੇਗਾ ਜਿਹੜਾ ਜੀਵਨ ਨੂੰ ਸਿਹਤ ਮੰਦ ਬਣਾਉਣ ਦੀ ਭੁੱਲ ਕਰਦਾ ਹੈ।

ਲੈਂਡਸਕੇਪ ਆਰਕੀਟੈਕਚਰ ਦਾ ਕੰਮ ਜੀਵਨ ਨੂੰ ਸੌਂਦਰਯ-ਭਰਪੂਰ ਕਰਨਾ ਹੈ। ਸੌਂਦਰਯ ਆਨੰਦ ਦਾ ਸ੍ਰੋਤ ਹੈ। ਅਨੰਦਮਈ ਜੀਵਨ ਕਿਸੇ ਬਣਾਵਟੀ ਖੁਸ਼ੀ ਦਾ ਮੁਥਾਜ ਨਹੀਂ ਹੁੰਦਾ। ਇਉਂ ਇਹ ਕਲਾ ਕਿਸੇ ਹੱਦ ਤੱਕ ਕਲਾਕਾਰਾਂ ਲਈ ਹਾਨੀਕਾਰਕ ਹੈ। ਪ੍ਰੰਤੂ ਜਿਸ ਕਲਾਕਾਰ ਨੂੰ ਲੋਕਾਂ ਦੇ ਸੁਹਜ-ਸੰਕਲਪ ਵਿਕਸਾਉਣੇ ਆਉਂਦੇ ਹਨ ਉਸ ਨੂੰ ਬੇ-ਲੋੜਾ ਹੋ ਜਾਣ ਦਾ ਖਤਰਾ ਨਹੀਂ ਹੁੰਦਾ। ਬੇ-ਲੋੜੇ ਉਹ ਹੁੰਦੇ ਹਨ ਜਿਹੜੇ ਮਨੁੱਖੀ ਮਨਾਂ ਨੂੰ ਕਿਸੇ ਆਦਰਸ਼ ਨਾਲ ਬੰਨ੍ਹਣ ਦੀ ਭੁੱਲ ਕਰਦੇ ਹਨ। ਅਜਿਹੇ ਕਲਾਕਾਰ ਮੁੱਢ-ਕਦੀਮ ਤੋਂ ਬੇ-ਲੋੜੇ ਹੁੰਦੇ ਚਲੇ ਆ ਰਹੇ ਹਨ।

# ਕਲਾ ਅਤੇ ਜਨ-ਸਾਧਾਰਣ

ਸ੍ਵੈ-ਰੱਖਿਆ ਦੀ ਚਿੰਤਾ, ਵਿਨਾਸ਼ ਦਾ ਤੌਖਲਾ ਅਤੇ ਇਨ੍ਹਾਂ ਦੋਹਾਂ ਤੋਂ ਮੁਕਤ, ਕੁਝ ਕੁ ਘੜੀਆਂ ਜਾਂ ਪਲਾਂ ਵਿਚ ਪ੍ਰਾਪਤ ਹੋਣ ਵਾਲਾ ਆਨੰਦ, ਇਹ ਤਿੰਨ ਹਰ ਜੀਵ ਦੇ ਬੁਨਿਆਦੀ ਅਨੁਭਵ ਹਨ। ਪਹਿਲੇ ਦੋ ਮਨੁੱਖੀ ਅਨੁਭਵਾਂ ਵਿਚੋਂ ਧਰਮ, ਸਿਆਸਤ, ਸਾਇੰਸ, ਸਨਅਤ, ਸਦਾਚਾਰ ਆਦਿਕ ਦਾ ਜਨਮ ਹੋਇਆ ਹੈ ਅਤੇ ਤੀਜੇ ਵਿਚੋਂ ਕਲਾ ਦਾ। ਆਨੰਦ ਦੇ ਥੋੜ੍ਹ-ਚਿਰੇ ਅਨਭਵ ਨੂੰ ਚਿਰ-ਜੀਵੀ ਜਾਂ ਸਦੀਵੀ ਬਣਾਉਣ ਦੀ ਇੱਛਾ ਵਿਚੋਂ ਫਲਸਫੇ ਜਾਂ ਦਰਸ਼ਨ ਨੇ ਜਨਮ ਲਿਆ ਹੈ। ਵਿਕਾਸ ਦੇ ਲੰਮੇ ਇਤਿਹਾਸ ਨੇ, ਪਰਕਿਰਤੀ ਵਿਚਲੇ ਤਿੰਨ ਗੁਣਾਂ ਦੀ ਸਹਾਇਤਾ ਨਾਲ ਮਨੁੱਖਾਂ ਨੂੰ ਵੱਖ ਵੱਖ ਸ਼੍ਰੇਣੀਆਂ ਵਿਚ ਵੰਡ ਰੱਖਿਆ ਹੈ ਅਤੇ ਧਰਮ, ਸਿਆਸਤ, ਸਦਾਚਾਰ, ਸਨਅਤ, ਦਰਸ਼ਨ ਅਤੇ ਕਲਾ ਆਦਿਕ ਦਾ ਸੰਬੰਧ ਵੱਖ ਵੱਖ ਸ਼੍ਰੇਣੀ ਨਾਲ ਵੱਖ ਵੱਖ ਪ੍ਰਕਾਰ ਦਾ ਹੈ।

ਜੀਵਨ ਰੂਪੀ ਤ੍ਰੈ-ਗੁਣੀ ਖੇਡ ਦੇ ਖਿਡਾਰੀ, ਮਨੁੱਖ ਵੀ ਤਿੰਨ ਪ੍ਰਕਾਰ ਦੇ ਹਨ। ਹਜ਼ਾਰਾਂ ਵਿਚੋਂ ਇਕ ਦੋ ਆਦਮੀ ਸਤੋ-ਗੁਣੀ ਹੁੰਦੇ ਹਨ। ਸੌ ਵਿਚੋਂ ਵੀਹ-ਪੰਝੀ ਜ਼ਰੂਰ ਹੀ ਰਜੋ ਗੁਣੀ ਹੁੰਦੇ ਹਨ ਅਤੇ ਬਾਕੀ ਪੰਜੱਤਰ-ਅੱਸੀ ਤਮੋ ਗੁਣੀ। ਇਸੇ ਬਹੁ ਗਿਣਤੀ ਨੂੰ ਮੈਂ ਜਨ-ਸਾਧਾਰਣ ਆਖਦਾ ਹਾਂ ਅਤੇ ਇਹੋ ਸਰੀਰਕ ਅਤੇ ਦਿਮਾਗੀ ਮਿਹਨਤ ਕਰ ਕੇ ਜਗਤ ਦੀ ਕਿਰਿਆ ਨੂੰ ਤੋਰਨ ਦੇ ਨਾਲ ਨਾਲ ਪ੍ਰਭੁਤਾ ਦੀ ਇੱਛਾ ਅਤੇ ਸ਼ਕਤੀ ਦੀ ਪੂਜਾ ਕਰਨ ਵਾਲੀ ਰਜੋ ਗੁਣੀ ਘੱਟ ਗਿਣਤੀ ਦੀ ਤਾਬਿਆਦਾਰੀ ਵੀ ਕਰਦੀ ਹੈ। ਇਸੇ ਬਹੁ ਗਿਣਤੀ ਨਾਲ ਕਲਾ ਦੇ ਰਿਸ਼ਤੇ ਦੀ ਵਿਆਖਿਆ ਕਰਨਾ ਇਸ ਲੇਖ ਦਾ ਮਨੋਰਥ ਹੈ।

ਕਲਾ, ਧਰਮ, ਦਰਸ਼ਨ ਅਤੇ ਸਿਆਸਤ ਆਦਿਕ ਜੀਵਨ ਦੇ ਬੂਟੇ ਨੂੰ ਲੱਗੇ ਹੋਏ ਵਿਕਾਸਵਾਦੀ ਫਲ ਹਨ। ਇਕ ਫਲ ਦਾ ਸਵਾਦ ਹਰ ਕਿਸੇ ਲਈ ਲਗਪਗ ਇਕ ਹੁੰਦਿਆਂ ਹੋਇਆਂ ਵੀ ਬੂਟੇ, ਮਾਲਕ, ਮਾਲੀ ਅਤੇ ਗਾਹਕ ਆਦਿਕ ਨਾਲ ਉਸ ਦਾ ਸੰਬੰਧ ਵੱਖਰਾ ਵੱਖਰਾ ਹੈ ਅਤੇ ਸੰਬੰਧਾਂ ਦਾ ਇਹ ਵਖੇਵਾਂ ਇਕੋ ਸਵਾਦ ਦੇ 'ਮਾਣੇ ਜਾਣ' ਨੂੰ ਜਾਂ ਉਸ ਦੀ 'ਅਨੁਭੂਤੀ' ਨੂੰ ਵੱਖ ਵੱਖ ਬਣਾ ਦਿੰਦਾ ਹੈ, ਠੀਕ ਉਵੇਂ ਹੀ ਜਿਵੇਂ ਕਿਸੇ ਵਿਅਕਤੀ ਨੂੰ ਚੜ੍ਹਿਆ ਹੋਇਆ ਤਾਪ ਉਸ ਦੇ ਭੋਜਨ ਨੂੰ ਉਸ ਲਈ ਬੇ-ਸਵਾਦ ਕਰ ਦਿੰਦਾ ਹੈ।

'ਸ੍ਵੈ-ਰੱਖਿਆ ਦਾ ਸੰਘਰਸ਼' ਅਤੇ 'ਤਕੜੇ ਦੀ ਜਿੱਤ' ਦੇ ਸੁਭਾਵਕ ਪਰੰਤੂ ਪਾਸ਼ਵਿਕ ਨੇਮ ਦੀ ਚੂਲ ਦੇ ਚੁਫੇਰੇ ਹੀ ਜੀਵਨ ਦਾ ਵਿਕਾਸ ਹੋਇਆ ਮੰਨਿਆਂ ਜਾਂਦਾ ਹੈ। ਇਸ ਲਈ ਬਹੁਤੇ ਮਨੁੱਖੀ ਰਿਸ਼ਤਿਆਂ ਦਾ ਆਧਾਰ 'ਸ਼ਕਤੀ' ਹੈ। ਕਾਰਲ ਮਾਰਕਸ ਆਪਣੇ ਸਿਧਾਂਤ ਦੀ ਵਿਆਖਿਆ ਕਰਦਾ ਹੋਇਆ ਅਰਥ ਨੂੰ ਮਨੁੱਖੀ ਰਿਸ਼ਤਿਆਂ ਦਾ ਆਧਾਰ ਮੰਨਣ ਵਿਚ, ਆਪਣੀ ਥਾਂ ਸੱਚਾ ਹੈ ਪਰ ਰਿਸ਼ਤਿਆਂ ਨੂੰ ਬਦਲਣ ਵਿਚ ਸ਼ਕਤੀ ਦੇ ਮਹੱਤਵ ਨੂੰ ਮੰਨਣ ਲਈ ਵੀ ਮਜਬੂਰ ਹੈ। ਸੰਸਾਰ ਦੇ ਸਾਰੇ ਧਰਮ ਸਤੋ ਗੁਣ ਦੀ ਉਪਜ ਹੋਣ ਦਾ ਦਾਅਵਾ ਕਰਦੇ ਹਨ ਅਤੇ ਉਨ੍ਹਾਂ ਵਿਚੋਂ ਕੁਝ ਇਕ, ਜਿਵੇਂ ਬੁੱਧ ਮਤ ਅਤੇ ਈਸਾਈਅਤ, ਹੈਨ ਵੀ ਸਤੋ ਗੁਣੀ ਵਿਅਕਤੀਆਂ ਦੀ ਦੇਣ ਪਰ ਆਪਣੇ ਪ੍ਰਗਟ ਅਤੇ ਪ੍ਰਚਲਿਤ ਰੂਪ ਵਿਚ ਉਹ ਮਹਾਨ ਸ਼ਕਤੀਸ਼ਾਲੀ ਪ੍ਰਬੰਧ ਹੀ ਹਨ।

'ਸ਼ਕਤੀ ਦੀ ਸਰਦਾਰੀ ਵਿਚ ਵਿਕਸਣ ਵਾਲੇ ਜੀਵਨ ਵਿਚ ਉਪਜਣ ਵਾਲੀ ਕਲਾ ਦਾ ਜਨ-ਸਾਧਾਰਣ ਨਾਲ ਸੰਬੰਧ' ਜ਼ਰਾ ਸੂਖਮ ਜਿਹਾ ਵਿਸ਼ਾ ਹੈ। ਜੀਵਨ ਕਲਾ ਦਾ ਜਨਮ ਦਾਤਾ ਹੈ ਅਤੇ ਜਨ-ਸਾਧਾਰਣ ਜੀਵਨ ਦਾ ਵਡੇਰਾ ਭਾਗ ਹੈ। ਇਸ ਨਾਤੇ ਇਕ ਰਿਸ਼ਤਾ ਇਨ੍ਹਾਂ ਦੋਹਾਂ ਵਿਚ ਅਨਾਦੀ ਹੈ। ਇਸ ਅਨਾਦੀ ਰਿਸ਼ਤੇ ਨੂੰ ਆਪੋ ਆਪਣੀ ਸਿਧਾਂਤਕ ਪੁਸ਼ਾਕ ਪੁਆ ਕੇ ਵੱਖ ਵੱਖ ਰੂਪ ਦੇਣ ਦਾ ਜਤਨ, ਜੀਵਨ ਦੇ ਸ਼ਕਤੀਸ਼ਾਲੀ ਪ੍ਰਬੰਧਾਂ ਦੁਆਰਾ ਹੁੰਦਾ ਆਇਆ ਹੈ ਅਤੇ ਇਸ ਸੰਬੰਧ ਨੂੰ ਸੱਤਾ ਦੀਆਂ ਲੋੜਾਂ ਲਈ ਵਰਤਣ ਦਾ ਚੇਤਨ ਜਤਨ ਕੋਈ ਲੁੱਕੀ ਛੁੱਪੀ ਗੱਲ ਨਹੀਂ ਅਤੇ ਇਹ ਜਤਨ ਕੇਵਲ ਕਲਾ ਦੇ ਸੰਬੰਧ ਵਿਚ ਹੀ ਨਹੀਂ ਸਗੋਂ ਧਰਮ, ਦਰਸ਼ਨ ਅਤੇ ਸਦਾਚਾਰ ਆਦਿਕ ਸਭ ਦੇ ਸੰਬੰਧ ਵਿਚ ਸਦਾ ਜਾਰੀ ਰਹਿੰਦਾ ਹੈ। ਧਰਮ ਦੀਆਂ ਦੋ ਵੰਡਾਂ ਤਾਂ ਆਮ ਪ੍ਰਧਾਨ ਹਨ। ਇਕ ਹੈ ਗੂੜ੍ਹ-ਗੁਪਤ ਧਰਮ ਅਤੇ ਦੂਜਾ ਹੈ ਪ੍ਰਗਟ-ਪ੍ਰਚਲਿਤ ਧਰਮ। ਸੰਸਾਰ ਦੇ ਹਰ ਧਰਮ ਨੂੰ ਇਨ੍ਹਾਂ ਦੋ ਵੰਡਾਂ ਵਿਚ ਵੰਡਿਆ ਗਿਆ ਹੈ। ਪਹਿਲੀ ਵੰਡ ਵਾਲਾ ਧਰਮ ਸੰਤਾਂ, ਭਿਕਸ਼ੂਆਂ ਪਾਦਰੀਆਂ ਆਦਿਕ ਲਈ ਹੁੰਦਾ ਹੈ ਅਤੇ ਦੂਜੀ ਵੰਡ ਵਾਲਾ ਆਮ ਗ੍ਰਿਹਸਤੀਆਂ ਲਈ। ਇਹ ਵੰਡਾਂ ਸਤੋ ਅਤੇ ਤਮੋ ਗੁਣੀ ਲੋਕਾਂ ਲਈ ਹਨ। ਰਜੋ ਗੁਣੀ ਲੋਕ ਸ਼ਕਤੀ ਅਤੇ ਪ੍ਰਭੁਤਾ ਨੂੰ ਆਪਣਾ ਮਨੋਰਥ ਮੰਨਦੇ ਹਨ ਅਤੇ ਹਰ ਪ੍ਰਕਾਰ ਦੇ ਧਰਮ ਨੂੰ ਆਪਣੇ ਮਨੋਰਥ ਦੀ ਪ੍ਰਾਪਤੀ ਦਾ ਸਾਧਨ ਮਾਤਰ ਜਾਣਦੇ ਹਨ।

ਜਿਵੇਂ ਜਨ-ਸਾਧਾਰਣ ਦੁਆਰਾ ਪਾਲਿਆ ਜਾਣ ਵਾਲਾ ਧਰਮ ਬੇ-ਲੋੜੀਆਂ ਰਸਮਾਂ ਅਤੇ ਅਣ-ਪੜਤਾਲੇ ਵਿਸ਼ਵਾਸਾਂ ਤੋਂ ਵੱਧ ਕਦੇ ਕੁਝ ਨਹੀਂ ਹੋਇਆ ਅਤੇ ਸਮੁੱਚੀ ਜੀਵਨ ਜਾਚ ਨੂੰ ਧਾਰਮਕ ਬਣਾਉਣ ਵਿਚ ਸਫਲ ਨਹੀਂ ਹੋ ਸਕਿਆ ਉਵੇਂ ਹੀ ਕਲਾ ਜਨ-ਸਾਧਾਰਣ ਲਈ ਉਹ ਅਰਥ ਨਹੀਂ ਰੱਖਦੀ ਜਿਹੜੇ ਅਰਥ ਇਹ ਗਿਣਤੀ ਦੇ ਕੁਝ ਕੁ ਕਲਾ ਪਾਰਖੂਆਂ ਲਈ ਰੱਖਦੀ ਹੈ ਅਤੇ ਨ ਹੀ ਸਮੁੱਚੇ ਜੀਵਨ ਨੂੰ ਕਲਾਮਈ ਬਣਾਉਣ ਦਾ ਜਤਨ ਹੀ ਕਦੇ ਕਲਾ ਨੇ ਕੀਤਾ ਹੈ। ਮੈਂ ਉਸ ਜੀਵਨ ਜਾਚ ਨੂੰ ਕਲਾਮਈ ਆਖਦਾ ਹਾਂ ਜਿਸ ਨੂੰ ਅਪਣਾਉਣ ਵਾਲੇ ਵਿਅਕਤੀ ਪਰਵਿਰਤੀ ਮੂਲਕ ਭੋਗ-ਆਨੰਦ, ਭਾਵੁਕਤਾ ਮੂਲਕ ਆਵੇਸ਼-ਆਨੰਦ, ਬੁੱਧੀ ਮੂਲਕ ਸ੍ਰੇਸ਼ਟ-ਆਨੰਦ ਅਤੇ ਸਹਿਜ ਮੂਲਕ ਪਰਮਾਨੰਦ ਵਿਚਲੇ ਮਨੋ-ਵਿਗਿਆਨਿਕ ਅਤੇ ਦਾਰਸ਼ਨਿਕ ਅੰਤਰ ਤੋਂ ਅਣਜਾਣ ਹੁੰਦੇ ਹੋਏ ਇਨ੍ਹਾਂ ਦੀ ਅਨੁਭੂਤੀ ਤੋਂ ਸੱਖਣੇ ਨ

ਹੋਣ; ਇਨ੍ਹਾਂ ਨੂੰ ਮਾਣਨ ਦੀਆਂ ਸੰਭਾਵਨਾਵਾਂ ਤੋਂ ਹੀਣੇ ਨ ਹੋਣ। ਜਿਸ ਸਮਾਜ ਵਿਚ ਗਿਣਤੀ ਦੇ ਕੁਝ ਕੁ ਆਦਮੀ ਤਾਂ ਰਾਗਾਂ ਦੇ ਅਲਾਪਾਂ, ਰੋਹੀਆਂ-ਅਵਰੋਹੀਆਂ, ਤਾਲਾਂ, ਸੁਰਾਂ-ਸਰਗਮਾਂ ਅਤੇ ਝੋਕਾਂ-ਝੂੰਮਰਾਂ ਤੋਂ ਜਾਣੂ ਹੋਣ ਪਰ ਬਾਕੀ ਸਾਰੇ ਲੋਕ ਸ਼ੁੱਧ ਰਾਗਾਂ ਦੇ ਗਾਉਣ ਵਾਲਿਆਂ ਦੀ ਆ...ਆ ..ਆ ਹਾ...ਹਾ ਹਾ...ਉੱਤੇ ਹੱਸਣ ਤੋਂ ਵੱਧ ਕੁਝ ਨ ਜਾਣਦੇ ਹੋਣ ਉਸ ਸਮਾਜ ਦੀ ਜੀਵਨ ਜਾਚ ਸੰਗੀਤਕ ਜਾਂ ਕਲਾਮਈ ਨਹੀਂ ਆਖੀ ਜਾ ਸਕਦੀ। ਕਲਾਮਈ ਜੀਵਨ ਜਾਚ ਵਾਲੇ ਸਮਾਜਾਂ ਦੇ ਲੋਕ ਸ਼ਾਸਤਰੀ ਸੰਗੀਤ ਦੀ ਜਾਣਕਾਰੀ ਰੱਖੇ ਬਿਨਾਂ ਹੀ ਮਲ੍ਹਾਰ ਦੀਆਂ ਸੁਰਾਂ ਸੁਣ ਕੇ ਅਨੋਖੀ ਠੰਢਕ ਮਹਿਸੂਸ ਕਰਨ ਦੀ ਯੋਗਿਤਾ ਰੱਖਣ ਵਾਲੇ ਹੋਣੇ ਚਾਹੀਦੇ ਹਨ। ਜਿਹੜੀ ਯੋਗਿਤਾ ਪਸ਼ੂ ਪੰਛੀਆਂ ਵਿਚ ਹੈ ਉਹ ਮਨੁੱਖਾਂ ਵਿਚ, ਜੇ ਵਿਕਸੇ ਨ, ਤਾਂ ਘੱਟੋ ਘੱਟ, ਅਲੋਪ ਤਾਂ ਨਹੀਂ ਹੋ ਜਾਣੀ ਚਾਹੀਦੀ। ਮਨੁੱਖ ਰੂਪੀ ਪਸ਼ੂ ਨਾਲੋਂ ਜੇ ਕੁਦਰਤ ਨੇ ਪੂਛਲ ਲਾਹ ਦਿੱਤੀ ਹੈ ਤਾਂ ਇਸ ਲਈ ਕਿ ਮਨੁੱਖ ਨੂੰ ਇਸ ਦੀ ਲੋੜ ਨਹੀਂ। ਸੰਗੀਤ ਤਾਂ ਮਨੁੱਖ ਲਈ ਬੇ-ਲੋੜਾ ਨਹੀਂ ਹੋਇਆ।

ਕਲਾ ਵਿਚਲੇ ਸੌਂਦਰਯ ਨੂੰ ਮਾਣਨ ਦੀ ਯੋਗਿਤਾ, ਜਿਸ ਨੂੰ ਮਨੁੱਖ ਵਿਚਲੀ 'ਕਲਾ-ਮਈਤਾ' ਆਖ ਲੈਣ ਵਿਚ ਕੋਈ ਬੁਰਾਈ ਨਹੀਂ, ਵੱਖ ਵੱਖ ਮਨੁੱਖੀ ਸਮਾਜਾਂ ਵਿਚ, ਵੱਖ ਵੱਖ ਸਮੇਂ ਉੱਤੇ ਵਧੀ, ਵਿਕਸੀ ਅਤੇ ਵਿਣਸੀ ਹੈ। ਜਨ-ਸਾਧਾਰਣ ਵਿਚ ਇਸ ਯੋਗਿਤਾ ਦਾ ਉਦੇ ਉਸ ਉਸ ਸਮੇਂ ਹੋਇਆ ਹੈ ਜਿਸ ਜਿਸ ਸਮੇਂ ਕਿਸੇ ਸਮਾਜ ਵਿਚ ਕਿਸੇ ਕਾਰਣ ਪ੍ਰੇਮ, ਭ੍ਰਾਤ੍ਰੀ, ਸਹਿਯੋਗ, ਸਦ-ਭਾਵਨਾ ਅਤੇ ਉਤਸ਼ਾਹ ਦੀ ਲਹਿਰ ਆਈ ਹੈ। ਮਨੁੱਖੀ ਹਿਰਦੇ ਦੇ ਇਹ ਝੁਕਾ ਸਤੋ-ਗੁਣੀ ਹਨ। ਇਨ੍ਹਾਂ ਵਿਚ ਕੇਵਲ ਉਤਸ਼ਾਹ ਹੀ ਰਜੋ-ਗੁਣੀ ਹੈ। ਹਿੰਦੁਸਤਾਨ ਦੇ ਸਮਾਜਕ ਇਤਿਹਾਸ ਵਿਚ ਅਜੇਹੇ ਸਮੇਂ ਵੈਦਿਕ ਕਾਲ, ਬੁੱਧ ਮਤ ਅਤੇ ਭਗਤੀ ਲਹਿਰ ਦੇ ਸਮੇਂ ਮੰਨੇ ਜਾ ਸਕਦੇ ਹਨ। ਯੂਨਾਨ ਵਿਚ, ਵਿਸ਼ੇਸ਼ ਕਰਕੇ ਏਥਨਜ਼ ਵਿਚ, ਪੈਰੀਕਲੀਸ ਦੇ ਸਮੇਂ ਵਿਚ ਜਨ-ਸਾਧਾਰਣ ਦੇ ਜੀਵਨ ਵਿਚ ਉਪਜੀ ਸਦ-ਭਾਵਨਾ ਨੇ ਉਸ ਦੀ ਕਲਾਮਈਤਾ ਨੂੰ ਵੀ ਉਭਾਰ ਦਿੱਤਾ ਸੀ। ਯੋਰਪ ਵਿਚ ਇਹ ਸਮਾਂ ਉਦੋਂ ਆਇਆ ਸੀ ਜਦੋਂ ਰੋਮਨ ਰਾਜਿਆਂ ਨੇ ਈਸਾਈ ਮਤ ਧਾਰਣ ਕਰ ਕੇ ਜਨ-ਸਾਧਾਰਣ ਨੂੰ ਸੁਰੱਖਿਆ ਅਤੇ ਸਹਿਯੋਗ ਦਾ ਭਰੋਸਾ ਦਿਵਾਇਆ ਸੀ। ਮੱਧ ਪੂਰਬੀ ਦੇਸ਼ਾਂ ਵਿਚ ਇਸਲਾਮ ਦੀ ਸਥਾਪਨਾ ਹੋ ਜਾਣ ਉੱਤੇ ਲੋਕਾਂ ਵਿਚ ਸੁਰੱਖਿਅਤ ਹੋਣ ਦਾ ਵਿਸ਼ਵਾਸ ਪੈਦਾ ਹੋਣ ਨਾਲ ਕਲਾ ਨੇ ਵਿਕਾਸ ਕੀਤਾ ਸੀ। ਸੰਸਾਰ ਦੇ ਇਤਿਹਾਸਕ ਪਿਛੋਕੜ ਵਿਚ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਮਿਸਰ ਨੇ ਅੱਜ ਤੋਂ ਅੱਠ-ਦੱਸ ਹਜ਼ਾਰ ਸਾਲ ਪਹਿਲਾਂ ਆਪਣੇ ਲੋਕਾਂ ਵਿਚ ਸੁਰੱਖਿਆ ਅਤੇ ਸਦ-ਭਾਵਨਾ ਦਾ ਵਿਸ਼ਵਾਸ ਪੈਦਾ ਕਰ ਕੇ ਕਲਾ ਅਤੇ ਕਲਾਮਈਤਾ ਦੇ ਵਿਕਾਸ ਦੀ ਸੀਮਾਂ ਨੂੰ ਛੂਹ ਲਿਆ ਸੀ।

ਮਨੁੱਖੀ ਸਮਾਜਾਂ ਵਿਚ ਸਦ-ਭਾਵਨਾ ਉਦੋਂ ਜਾਗਦੀ ਹੈ ਜਦੋਂ ਲੋਕ ਸੁਰੱਖਿਅਤ ਮਹਿ-ਸੂਸ ਕਰਨ ਅਤੇ ਇਹ ਅਹਿਸਾਸ ਸਾਧਾਰਣ ਜੀਵਨ ਵਿਚੋਂ ਉਪਜਿਆ ਸਰਲ ਜਿਹਾ ਅਹਿ-ਸਾਸ ਹੋਵੇ। ਲੋਕਾਂ ਨੂੰ ਸੁਰੱਖਿਅਤ ਹੋਣ ਲਈ ਉਚੇਚਾ ਜਤਨ ਨ ਕਰਨਾ ਪਵੇ; ਸੁਰੱਖਿਆ ਕਿਸੇ ਕਾਨੂੰਨ, ਸ਼ਕਤੀ ਜਾਂ ਇਹਤਿਆਤ ਉੱਤੇ ਆਧਾਰਿਤ ਨ ਹੋਵੇ। ਸਗੋਂ ਲੋਕ ਸੁਤੇ ਹੀ

ਸਮਝਦੇ ਹੋਣ ਕਿ ਅਸੀਂ ਸੁਰੱਖਿਅਤ ਹਾਂ। ਇਹ ਅਹਿਸਾਸ ਸਦ-ਭਾਵਨਾ ਨੂੰ ਜਨਮ ਦਿੰਦਾ ਹੈ। ਸੁਰੱਖਿਆ ਦੇ ਇਸ ਅਹਿਸਾਸ ਲਈ ਮਨੁੱਖੀ ਜੀਵਨ ਦੀਆਂ ਲੋੜਾਂ ਦੀ ਪੂਰਤੀ ਲਈ ਚੋਖੀ ਸਾਮੱਗਰੀ ਅਤੇ ਪ੍ਰਸੰਨ ਪਰਵਾਰਕ ਵਾਤਾਵਰਣ ਦੀ ਉਸਾਰੀ, ਦੋ ਮੁੱਢਲੀਆਂ ਲੋੜਾਂ ਹਨ। ਸਾਮੱਗਰੀ ਦੀ ਉਪਜ ਮਨੁੱਖਾਂ ਵਿਚਲੇ ਰਜੋ ਗੁਣ ਦੀ ਯੋਗ ਵਰਤੋਂ ਨਾਲ ਵਧਾਈ ਜਾਂਦੀ ਹੈ ਅਤੇ ਪ੍ਰਸੰਨ ਪਰਵਾਰਕ ਵਾਤਾਵਰਣ ਮਨੁੱਖੀ ਮਨਾਂ ਵਿਚ ਸਤੋ ਗੁਣ ਦੇ ਉਸ ਅੰਮ੍ਰਿਤ-ਸੋਮੇਂ ਨੂੰ ਸੁਰਜੀਤ ਰੱਖਦਾ ਹੈ ਜਿਹੜਾ ਰਜੋ ਗੁਣ ਦੇ ਭੈ ਨਾਲ ਤਮੋ ਗੁਣੀ ਸਿਥਲਤਾ ਵਿਚ ਪਤਿਤ ਹੋਣ ਲਈ ਕਾਹਲਾ ਪਿਆ ਰਹਿੰਦਾ ਹੈ।

ਸਾਡੀ ਅਜੋਕੀ ਮਸ਼ੀਨੀ ਸੱਭਿਅਤਾ ਨ ਤਾਂ ਮੁਕਤੀ, ਨਿਰਵਾਣ ਜਾਂ ਭਗਤੀ ਵਰਗੇ ਕਿਸੇ ਸਤੋ ਗੁਣੀ ਆਦਰਸ਼ ਉੱਤੇ ਆਧਾਰਿਤ ਹੈ ਅਤੇ ਨ ਹੀ ਇਸਲਾਮ ਵਰਗੇ ਰਜੋ ਗੁਣੀ ਧਰਮਾਂ ਅਨੁਸਾਰ ਇਹ ਮਨੁੱਖ ਵਿਚਲੇ ਸਤੋ ਗੁਣ ਨੂੰ ਕਿਸੇ ਤਮੋ ਗੁਣੀ ਜੰਨਤ ਦੀ ਪ੍ਰਾਪਤੀ ਦਾ ਸਾਧਨ ਹੀ ਮੰਨਦੀ ਹੈ। ਇਹ ਨਿਰੋਲ ਰਜੋ ਗੁਣੀ ਸੱਭਿਅਤਾ ਹੈ। ਪਦਾਰਥ ਵਿਚਲੇ ਰਜੋ ਗੁਣ ਨੂੰ ਭਾਫ, ਬਿਜਲੀ, ਗੈਸ, ਮਸ਼ੀਨ ਅਤੇ ਲੇਜ਼ਰ ਆਦਿਕ ਦਾ ਰੂਪ ਦੇ ਕੇ ਸੁਖ-ਸਾਮੱਗਰੀ ਦੇ ਉਤਪਾਦਨ ਨੂੰ ਸਿਖਰ ਉੱਤੇ ਪੁਚਾ ਦੇਣ ਦੇ ਬਾਵਜੂਦ ਵੀ ਇਹ ਸੱਭਿਅਤਾ ਜਨ-ਸਾਧਾਰਣ ਵਿਚ ਸਦ-ਭਾਵਨਾ ਦਾ ਸੰਚਾਰ ਇਸ ਲਈ ਨਹੀਂ ਕਰ ਸਕੀ ਕਿ ਮਨੁੱਖ ਵਿਚਲੇ ਸਤੋ ਗੁਣ ਦੀ ਇਸ ਨੇ ਉੱਕੀ ਕੋਈ ਪਰਵਾਹ ਨਹੀਂ ਕੀਤੀ। ਮਨੁੱਖੀ ਸਮਾਜਾਂ ਵਿਚੋਂ ਸਤੋ ਗੁਣੀ ਸ੍ਰੇਸ਼ਟ ਭਾਵਾਂ ਦਾ ਅਲੋਪ ਹੋ ਚੁੱਕਾ ਲੱਗਦਾ ਹੈ ਅਤੇ ਰਜੋ ਗੁਣੀ ਸੰਘਰਸ਼ਮਈ ਅਤੇ ਵਿਰੋਧਮਈ ਭਾਵਾਂ ਦੀ ਪਰਬਲਤਾ ਹੈ। ਪੱਛਮੀ ਉੱਨਤ ਦੁਨੀਆਂ ਵਿਚ ਜੁਰਮ ਵਾਧੇ ਉੱਤੇ ਹੈ ਅਤੇ ਪਿੱਛੇ ਰਹੀ ਤੀਜੀ ਦੁਨੀਆਂ ਵਿਚ ਅੱਤਿਆਚਾਰ। ਖੋਖਲੇ ਰਾਜਨੀਤਕ ਆਦਰਸ਼ਾਂ ਦੀ ਮ੍ਰਿਗ-ਤ੍ਰਿਸ਼ਨਾ ਪਿੱਛੇ ਦੌੜਦਾ ਹੋਇਆ ਮਨੁੱਖ ਆਪਣੇ ਸੁੰਦਰ ਮਨੁੱਖੀ ਰਿਸ਼ਤਿਆਂ ਦਾ ਨਿਰਾ-ਦਰ ਕਰ ਰਿਹਾ ਹੈ। ਇਨ੍ਹਾਂ ਸੁੰਦਰ ਮਨੁੱਖੀ ਰਿਸ਼ਤਿਆਂ ਦੀ ਘਾੜਤ ਘੜਨ ਵਾਲੀ ਪਰਵਾਰਕ ਪਰੰਪਰਾ ਨੂੰ ਇਸ ਸੱਭਿਅਤਾ ਨੇ ਆਪਣੇ ਹੱਥੀਂ ਹਲਾਕ ਕਰ ਦਿੱਤਾ ਹੈ। ਅੱਤ ਉੱਨਤ ਦੇਸ਼ਾਂ ਵਿਚ ਹਾਲਤ ਇਹ ਹੈ ਕਿ ਜ਼ਰਾ ਕੁ ਹਨੇਰਾ ਹੋ ਜਾਣ ਉੱਤੇ ਲੋਕ ਘਰੋਂ ਬਾਹਰ ਨਿਕ-ਲਣੋਂ ਡਰਨ ਲੱਗ ਪਏ ਹਨ। ਅਣ-ਉੱਨਤ ਦੇਸ਼ਾਂ ਵਿਚ ਵੱਸਦੇ ਲੋਕ ਹਨੇਰਾ ਪੈਣ ਤੋਂ ਪਹਿਲਾਂ ਪਹਿਲਾਂ ਘਰੀਂ ਪੁੱਜਣ ਦੀ ਚਿੰਤਾ ਵਿਚ ਰਹਿੰਦੇ ਹਨ।

ਤੌਂਖਲੇ ਭਰਪੂਰ ਅਤੇ ਸਦ-ਭਾਵਨਾ ਤੋਂ ਸੱਖਣੇ ਜਨ-ਸਾਧਾਰਣ ਦਾ ਕਲਾ ਨਾਲ ਕੋਈ ਸੁੰਦਰ-ਸੁਖਾਵਾਂ ਸੰਬੰਧ ਸਥਾਪਤ ਨਹੀਂ ਹੋ ਸਕਦਾ। ਤੌਂਖਲੇ ਵਾਲੇ ਸਮਾਜਾਂ ਵਿਚ ਰੁਮਾਂਸਵਾਦੀ ਕਲਾ ਵਿਕਸਦੀ ਹੈ। ਬੀਰ ਰਸ ਅਤੇ ਕਾਮੁਕਤਾ ਇਸ ਦੀਆਂ ਦੋ ਪ੍ਰਧਾਨ ਵੰਡਾਂ ਬਣਦੀਆਂ ਹਨ। ਪਹਿਲੀ ਉਪੱਦਰ ਨੂੰ ਅਤੇ ਦੂਜੀ ਵਿਲਾਸ ਨੂੰ ਜਨਮ ਦਿੰਦੀ ਹੈ। ਸਾਡੀ ਆਧੁਨਿਕ ਰਜੋ ਗੁਣੀ ਮਸ਼ੀਨੀ ਸੱਭਿਅਤਾ ਨੇ ਜਿੱਥੇ ਪੱਛਮੀ ਦੇਸ਼ਾਂ ਵਿਚ ਸੁੱਖ-ਸਾਮੱਗਰੀ ਦੇ ਢੇਰ ਲਾਏ ਹਨ ਉੱਥੇ ਕਲਾ ਦੇ ਨਾਂ ਹੇਠ ਜਨ-ਸਾਧਾਰਣ ਨੂੰ ਡਿਸਕੋ ਡਾਂਸ ਦੀ ਬੇ-ਸ਼ਰਮੀ, ਪਾਪ ਮਿਊਜ਼ਿਕ ਦਾ ਰੌਲਾ, ਐਬਸਟ੍ਰੈਕਟ ਆਰਟ ਦੀ ਊਲ ਜਲੂਲਤਾ ਅਤੇ ਮੁਕਤ-ਕਾਵਿ (ਖੁੱਲ੍ਹੀ-ਕਵਿਤਾ) ਦੀ ਨੀਰਸਤਾ ਨਾਲ ਨੱਕੋ ਨੱਕ ਭਰ ਦਿੱਤਾ ਹੈ। ਹਾਂ, ਇਨ੍ਹਾਂ ਸਾਰੀਆਂ

ਕੁਰੂਪਤਾਵਾਂ ਦੀ ਵਕਾਲਤ ਲਈ ਕਈ ਪ੍ਰਕਾਰ ਦੇ ਵਾਦਾਂ ਦੀ ਰਚਨਾ ਵੀ ਕੀਤੀ ਹੈ। ਇਨ੍ਹਾਂ ਵਾਦਾਂ ਦਾ ਜਨ-ਸਾਧਾਰਣ ਨਾਲ ਕੋਈ ਰਿਸ਼ਤਾ ਨਹੀਂ ਅਤੇ ਸਾਡੀ ਅਜੋਕੀ ਕਲਾ ਦਾ ਜਨ-ਸਾਧਾਰਣ ਨਾਲ ਉਹੋ ਰਿਸ਼ਤਾ ਹੈ ਜਿਹੜਾ ਖਾਜੂ ਰਾਹੋ ਦੀ ਕਲਾ ਦਾ ਉਦੋਂ ਦੇ ਜਨ-ਸਾਧਾ-ਰਣ ਨਾਲ ਸੀ। ਉਸ ਕਲਾ ਵਿਚੋਂ ਉੱਚੇ ਅੱਧਿਆਤਮ ਅਰਥ ਕੱਢਣ ਵਾਲਿਆਂ ਦੀ ਵੀ ਅੱਜ ਕੋਈ ਘਾਟ ਨਹੀਂ ਅਤੇ ਨਿਰੋਲ ਵਾਦ-ਵਕਾਲਤ ਨੂੰ ਕਲਾ ਸਿੱਧ ਕਰਨ ਵਾਲੇ ਵਿਦਵਾਨਾਂ ਦਾ ਵਾਧਾ ਵੀ ਵੇਖਿਆ ਜਾ ਸਕਦਾ ਹੈ।

ਪੱਛਮੀ ਦੇਸ਼ਾਂ ਵਿਚ ਮਹਾਨ ਕਲਾ-ਕ੍ਰਿਤੀਆਂ ਦੀ ਨੀਲਾਮੀ ਹੁੰਦੀ ਹੈ। ਪਿਛਲੇ ਸਾਲ ਮੇਜ਼ ਉੱਤੇ ਰੱਖੇ ਹੋਏ ਫੁੱਲਾਂ ਦੇ ਇਕ ਗੁਲਦਸਤੇ ਦੇ ਚਿੱਤ੍ਰ ਦਾ ਮੁੱਲ ਚਾਲੀ ਲੱਖ ਪਾਊਂਡ ਪਿਆ ਸੀ। ਚਾਲੀ ਲੱਖ ਪਾਊਂਡ (ਲੱਗ ਪੱਗ ਅੱਠ ਕਰੋੜ ਰੁਪਏ) ਖਰਚਣ ਦੀ ਸਮਰਥਾ ਰੱਖਣ ਵਾਲੇ ਗਾਹਕ ਵਿਚ ਉਸ ਤਸਵੀਰ ਵਿਚ ਉਚੇਚੇ ਅਰਥ ਵੇਖਣ ਦੀ ਅਤੇ ਹੋਰ ਲੋਕਾਂ ਨੂੰ ਵਿਖਾਉਣ ਦੀ ਸਮਰਥਾ ਵੀ ਜ਼ਰੂਰ ਹੋਵੇਗੀ। ਬਥੇਰਾ ਕੁਝ ਆਖਿਆ ਗਿਆ ਹੈ ਉਸ ਤਸਵੀਰ ਦੇ ਸੰਬੰਧ ਵਿਚ, ਪਰ ਮੇਰੇ ਵਰਗੇ ਆਦਮੀਆਂ ਲਈ ਉਹ ਅੱਤ ਸਾਧਾਰਣ ਤਸਵੀਰ ਹੈ ਅਤੇ ਕਿਸੇ ਵੀ ਸਕੂਲ ਦਾ ਕੋਈ ਵੀ ਵਿਦਿਆਰਥੀ ਉਸ ਜਿਹੀ ਤਸਵੀਰ ਬਣਾ ਸਕਦਾ ਹੈ। ਕਿਸੇ ਵੀ ਕਲਾ ਦਾ ਏਨਾ ਮੁੱਲ ਪਾ ਸਕਣਾ ਜਨ-ਸਾਧਾਰਣ ਲਈ ਸੰਭਵ ਨਹੀਂ। ਹਾਂ, ਆਪਣੇ ਭੋਲੇ-ਪਨ ਕਾਰਣ ਉਹ ਕਿਸੇ ਵੀ ਪਾਪ ਸਿੰਗਰ ਦੀ ਬਾਜ਼ੀਗਰੀ ਉੱਤੇ ਖੁਸ਼ ਹੋ ਕੇ, ਉਸ ਨੂੰ ਦੋ ਤਿੰਨ ਮਹੀਨਿਆਂ ਵਿਚ, ਕਰੋੜਪਤੀ ਜ਼ਰੂਰ ਬਣਾ ਸਕਦੇ ਹਨ।

ਕਈ ਪ੍ਰਕਾਰ ਦੇ ਸਾਜ਼ਾਂ ਨਾਲ ਕਈ ਵੰਨ-ਸੁਵੰਨੇ ਯੰਤਰਾਂ ਦੀ ਵਰਤੋਂ, ਬੇ-ਹਿਸਾਬਾ ਰੌਲਾ, ਪਾਗਲਾਂ ਵਰਗੀ ਉਛਲ-ਕੁੱਦ ਅਤੇ ਰੰਗ-ਬਰੰਗੀਆਂ ਰੌਸ਼ਨੀਆਂ ਦਾ ਲਗਾਤਾਰ ਜਗਣਾ ਬੁੱਝਣਾ, ਜਨ-ਸਾਧਾਰਣ ਦੇ ਨਾਚ ਅਤੇ ਸੰਗੀਤ ਨੂੰ ਕਲਾ ਦੀ ਕੋਟੀ ਤੋਂ ਡੇਗ ਕੇ ਇਕ ਅਜੀਬ ਜਿਹੀ ਮੂਰਖਤਾ ਵਿਚ ਵਟਾਉਂਦਾ ਜਾ ਰਿਹਾ ਹੈ। ਕਲਾ ਅਤੇ ਜਨ-ਸਾਧਾਰਣ ਵਿਚ ਇਸ ਨਾਲੋਂ ਚੰਗੇਰੇ ਰਿਸ਼ਤੇ ਦੀ ਆਸ ਕੀਤੀ ਜਾਣੀ ਇਸ ਲਈ ਯੋਗ ਹੈ ਕਿ ਕਲਾ ਮਨੁੱਖ ਦੇ ਉਸ ਅਨੁਭਵ ਦੀ ਉਪਜ ਹੈ ਜਿਹੜਾ ਉਸ ਦੇ ਸੰਸਾਰਕ ਸੰਸਿਆਂ ਨਾਲੋਂ ਉਚੇਰਾ ਅਤੇ ਵੱਖਰਾ ਹੈ। ਸੰਸਿਆਂ ਅਤੇ ਸੰਘਰਸ਼ਾਂ ਤੋਂ ਉੱਚਾ ਉੱਠ ਕੇ ਮਨੁੱਖੀ ਮਨ ਕਿਸੇ ਵਿਸਮਾਦ ਵਿਚ ਗੁਆਚ ਜਾਂਦਾ ਹੈ। ਉਸ ਹਾਲਤ ਵਿਚ ਮਾਣੇ ਆਨੰਦ ਦੀ ਪੁਨਰ ਉਤਪਤੀ ਲਈ ਮਨੁੱਖ ਨੇ ਕਲਾ ਦਾ ਵਿਕਾਸ ਕੀਤਾ ਹੈ। ਜਨਮ ਤੋਂ ਹੀ ਆਨੰਦ ਕਲਾ ਦਾ ਮਨੋਰਥ ਬਣਿਆ ਆ ਰਿਹਾ ਹੈ। ਕੁਝ ਚਿਰ ਤੋਂ ਕਲਾ ਨੂੰ ਸਿਧਾਂਤਾਂ ਦੇ ਪ੍ਰਚਾਰ ਦਾ ਸਾਧਨ ਬਣਾਉਣ ਦੇ ਯਤਨ ਵੀ ਹੋਣ ਲੱਗ ਪਏ ਹਨ। ਇਹ ਯਤਨ ਤਾਂ ਢੇਰ ਪੁਰਾਣੇ ਹਨ ਪਰ ਹੁਣ ਇਕ ਹੋਰ ਰੁਚੀ ਇਹ ਪੈਦਾ ਹੋ ਗਈ ਹੈ ਕਿ ਕੁਝ ਇਕ ਸਿਧਾਂਤ-ਬੱਧ ਲੋਕ ਉਸ ਕਲਾ ਨੂੰ ਨੀਵੀਂ ਅਤੇ ਘਿਰਣਿਤ ਆਖਣ ਲੱਗ ਪਏ ਹਨ ਜਿਸ ਵਿਚ ਉਨ੍ਹਾਂ ਦੇ ਇੱਛਿਤ ਸਿਧਾਂਤ ਦਾ ਪ੍ਰਚਾਰ ਨ ਕੀਤਾ ਗਿਆ ਹੋਵੇ। ਸਮਾਜਵਾਦੀ ਕਲਾਕਾਰ ਅਤੇ ਵਿਸ਼ੇਸ਼ ਕਰਕੇ ਪਛੜੀ ਦੁਨੀਆਂ ਦੇ ਸਮਾਜਵਾਦੀ ਕਲਾਕਾਰ ਸਿਧਾਂਤ-ਸੂਨ ਜਾਂ ਸਮਾਜਵਾਦੀ ਸਿਧਾਂਤ-ਸੂਨ ਕਲਾ ਨੂੰ 'ਕਲਾ, ਕਲਾ ਲਈ' ਅਤੇ ਸਿਧਾਂਤ-ਸਿੱਧ ਕਲਾ ਨੂੰ 'ਕਲਾ, ਜੀਵਨ ਲਈ' ਦਾ ਨਾਂ ਦਿੰਦੇ

ਹਨ ।

'ਕਲਾ, ਕਲਾ ਲਈ' ਦਾ ਸਿਰਲੇਖ ਕੁੱਝ ਅਢੁੱਕਵਾਂ ਜਿਹਾ ਲੱਗਦਾ ਹੈ। ਇਸ ਸੰਸਾਰ ਵਿਚ ਕੁੱਝ ਵੀ ਅਜੇਹਾ ਨਹੀਂ ਜੋ ਆਪਣਾ ਮਨੋਰਥ ਆਪ ਹੋਵੇ। ਕਾਰਣ ਅਤੇ ਕਾਰਜ ਦੇ ਨੇਮਾਂ ਵਿਚ ਬੱਝਾ ਹੋਇਆ ਇਹ ਜਗਤ, ਪਦਾਰਥਵਾਦੀਆਂ ਦੇ ਮਤ ਅਨੁਸਾਰ, ਕਿਸੇ ਮਨੋਰਥ ਦਾ ਧਾਰਨੀ ਨਹੀਂ। ਅਧਿਆਤਮਵਾਦੀਆਂ ਅਨੁਸਾਰ ਜੇ ਇਸ ਦਾ ਕੋਈ ਮਨੋਰਥ ਹੈ ਤਾਂ ਉਹ ਇਸ ਦਿਸਦੇ, ਵਿਕਸਦੇ ਜੀਵਨ ਤੋਂ ਪਰੇ ਸਦਾ ਅਟੱਲ, ਇਕ-ਰਸ ਹੋਂਦ ਦਾ ਸਾਖਿਆਤਕਾਰ ਹੈ। ਦਿਸਦੇ ਜਗਤ ਵਿਚ ਨ ਹੀ ਕੁੱਝ ਅਟੱਲ ਹੈ ਨ ਇਕ-ਰਸ। ਇਥੇ ਹਰ ਪਲ ਤ੍ਰਿਸ਼ਨਾ ਦੀ ਤਾਬਿਆਦਾਰੀ ਹੈ। ਹਰ ਕੰਮ ਕਿਸੇ ਮਨੋਰਥ ਦੀ ਪ੍ਰਾਪਤੀ ਦੀ ਇੱਛਾ ਵਿਚੋਂ ਉਪਜਦਾ ਹੈ। ਹਰ ਪਲ ਪੁੱਟਿਆ ਜਾਣ ਵਾਲਾ ਕਦਮ ਕਿਸੇ ਇੱਛਤ ਮੰਜ਼ਲ ਦੇ ਨੇੜ ਦੀ ਤਸੱਲੀ ਨਾਲ ਓਤ-ਪੋਤ ਹੈ। ਅਜੇਹੀ ਹਾਲਤ ਵਿਚ ਕਲਾ ਆਪਣਾ ਮਨੋਰਥ ਆਪ ਕਿਵੇਂ ਹੋ ਸਕਦੀ ਹੈ? ਪਰ ਜੇ ਹੋਵੇ ਤਾਂ ਇਸ ਵਿਚ ਸ਼ਰਮ ਵਾਲੀ ਗੱਲ ਕਿਹੜੀ ਹੈ? ਜੀਵਨ ਸਾਹਮਣੇ ਅਨੇਕਾਂ ਅਜੇਹੇ ਮਨੋਰਥ ਹਨ ਜਿਨ੍ਹਾਂ ਉਤੋਂ ਰੰਗੀਨ ਪਰਦੇ ਚੁੱਕ ਦੇਣ ਨਾਲ ਕੋਝ ਅਤੇ ਕਲੇਸ਼ ਦੇ ਖੁਲ੍ਹੇ ਦਰਸ਼ਨ ਹੋ ਜਾਂਦੇ ਹਨ। ਰਾਜਿਆਂ, ਜੰਗਾਂ, ਜਿੱਤਾਂ, ਜਹਾਦਾਂ, ਤੀਰਥਾਂ, ਤਪਾਂ ਅਤੇ ਤਿਆਗਾਂ ਦੀ ਪਰਗਟ ਸੁੰਦਰਤਾ ਪਿੱਛੇ ਮਨੁੱਖੀ ਮਨ ਦੀ ਕਿੰਨੀ ਕੁਰੂਪਤਾ ਲੁਕੀ ਹੋਈ ਹੈ; ਮਨੁੱਖੀ ਸਮਾਜਾਂ ਲਈ ਕਿੰਨਾ ਕਸ਼ਟ ਪੈਦਾ ਕੀਤਾ ਹੈ ਇਨ੍ਹਾਂ ਆਦਰਸ਼ਾਂ ਅਤੇ ਮਨੋਰਥਾਂ ਨੇ। ਪਰ ਇਹ ਅਜੇ ਤੱਕ ਜੀਵਨ ਦਾ ਮਨੋਰਥ ਹੋਣੋਂ ਬਾਜ਼ ਨਹੀਂ ਆਏ। ਜੇ ਕੋਈ ਕਲਾ ਨੂੰ ਆਪਣਾ ਅਤੇ ਆਪਣੀ ਕਲਾ ਦਾ ਮਨੋਰਥ ਮੰਨ ਕੇ ਸੰਸਾਰ ਦੀ ਸੁੰਦਰਤਾ ਵਿਚ ਵਾਧਾ ਕਰ ਸਕੇ ਤਾਂ ਇਸ ਵਿਚ ਉਲ੍ਹਾਮੇਂ ਵਾਲੀ ਗੱਲ ਮੈਨੂੰ ਤਾਂ ਕੋਈ ਨਹੀਂ ਦਿਸਦੀ।

ਇਸੇ ਤਰ੍ਹਾਂ ਜਿੰਨਾਂ ਚਿਰ ਕੋਈ ਕਲਾਕਾਰ ਸਹਿਜ ਅਤੇ ਪਰਮ-ਆਨੰਦ ਦੇ ਅਨੁਭਵ ਦਾ ਅਨੁਭਵੀ ਨਹੀਂ ਹੋ ਜਾਂਦਾ ਓਨਾ ਚਿਰ ਉਸ ਦੀ ਕਲਾ ਜੇ ਪਰਮ-ਆਨੰਦ ਦੀ ਥਾਂ ਕਿਸੇ ਹੋਰ ਮਨੋਰਥ ਦੀ ਸੇਧੇ ਤੁਰਦੀ ਹੈ ਤਾਂ ਇਸ ਵਿਚ ਅਸੁਭਾਵਕ ਕੁੱਝ ਵੀ ਨਹੀਂ। ਚਿੰਤਾਜਨਕ ਹਾਲਤ ਉਦੋਂ ਬਣਦੀ ਹੈ ਜਦੋਂ ਆਨੰਦ ਦੀ ਥਾਂ ਕਿਸੇ ਸਿਧਾਂਤ ਜਾਂ ਦਰਸ਼ਨ ਦੇ ਪਰਚਾਰ ਨੂੰ ਮਨੋਰਥ ਮੰਨ ਕੇ ਕਲਾ ਵਿਚਲੇ ਸੌਂਦਰਯ ਨੂੰ ਅੱਖੋਂ ਉਹਲੇ ਕੀਤਾ ਜਾਂਦਾ ਹੈ। ਕੋਈ ਵੀ ਸਿਧਾਂਤ ਜਾਂ ਦਰਸ਼ਨ ਜੀਵਨ ਦਾ ਮਨੋਰਥ ਨਹੀਂ ਇਹ ਸਾਰੇ ਕਿਸੇ ਮਨੋਰਥ ਦੀ ਪ੍ਰਾਪਤੀ ਦੇ ਸਾਧਨ ਹਨ। ਆਨੰਦ ਆਪਣੇ ਆਪ ਵਿਚ ਇਕ ਮਨੋਰਥ ਹੋ ਸਕਦਾ ਹੈ ਅਤੇ ਜਦੋਂ ਆਨੰਦ ਨੂੰ ਸਾਧਨ ਬਣਾ ਕੇ ਸਿਧਾਂਤ ਨੂੰ ਮਨੋਰਥ ਮੰਨ ਲਿਆ ਜਾਵੇ ਉਦੋਂ ਸਾਧਨ ਅਤੇ ਮਨੋਰਥ ਦਾ ਸੁਭਾਵਕ ਸੰਬੰਧ ਬਦਲ ਜਾਂਦਾ ਹੈ ਅਤੇ ਇਉਂ ਲਗਦਾ ਹੈ ਜਿਵੇਂ ਕਿੱਕਰਾਂ ਨੂੰ ਚੰਦਨ ਦੀ ਵਾੜ ਕਰ ਦਿੱਤੀ ਗਈ ਹੋਵੇ।

ਦਰਸ਼ਨ, ਸਿਧਾਂਤ, ਆਦਰਸ਼, ਧਰਮ ਅਤੇ ਕਲਾ ਆਦਿਕ ਸਭ ਜੀਵਨ ਦੀ ਉਪਜ ਹਨ ਅਤੇ ਜੀਵਨ ਦੇ ਸੇਵਕ ਹਨ। ਸਿਧਾਂਤ ਅਤੇ ਧਰਮ ਆਦਿਕ ਜੀਵਨ ਦੇ ਪਥ-ਪਰਦਰਸ਼ਕ ਹਨ; ਕਲਾ ਇਨ੍ਹਾਂ ਦੇ ਦੱਸੇ ਰਾਹਾਂ ਉੱਤੇ ਤੁਰਦੇ ਜੀਵਨ ਦੇ ਸਫਰ ਨੂੰ ਸੁਖਾਵਾਂ ਬਣਾਉਂਦੀ ਹੈ; ਉਸ ਦਾ ਅਕੇਵਾਂ-ਥਕੇਵਾਂ ਲਾਹ ਕੇ ਉਸ ਵਿਚ ਜੀਣ-ਥੀਣ ਦਾ ਚਾਅ ਪੈਦਾ ਕਰਦੀ

ਹੈ। ਦਰਸ਼ਨ, ਧਰਮ ਅਤੇ ਆਦਰਸ਼ ਦਾ ਸਥਾਨ ਕਲਾ ਨਾਲੋਂ ਵੱਖਰਾ ਹੈ। ਜੀਵਨ ਇਕ ਵਿਕਾਸ ਹੈ ਅਤੇ ਵਿਕਾਸਸ਼ੀਲ ਜੀਵਨ ਦੇ ਆਦਰਸ਼, ਦਰਸ਼ਨ ਅਤੇ ਧਰਮ ਵਿਕਸਣ ਅਤੇ ਬਦਲਣ ਲਈ ਮਜਬੂਰ ਹਨ। ਇਹ ਸਾਰੇ ਇਸ ਸੱਚ ਨੂੰ ਸਮਝਣੋਂ ਅਸਮਰਥ ਅਤੇ ਮੰਨਣੋਂ ਇਨਕਾਰੀ ਰਹੇ ਹਨ। ਹੁੰਦਾ ਇਉਂ ਆਇਆ ਹੈ ਕਿ ਧਰਮਾਂ ਅਤੇ ਆਦਰਸ਼ਾਂ ਆਦਿਕ ਵਿਚਲੀ ਸ਼ਕਤੀ ਜੀਵਨ ਨੂੰ ਆਪਣੇ ਨਾਲ ਤੋਰਨ ਵਿਚ ਸਫਲ ਹੋ ਜਾਣ ਉੱਤੇ ਉਨ੍ਹਾਂ ਪ੍ਰਭੁਤਾ-ਪ੍ਰੇਮੀਆਂ ਦੇ ਹੱਥਾਂ ਵਿਚ ਚਲੇ ਜਾਂਦੀ ਰਹੀ ਹੈ, ਜਿਹੜੇ ਜੀਵਨ ਨੂੰ ਆਪਣੀ ਅਧੀਨਗੀ ਵਿਚ ਜੂੜ-ਜਕੜ ਕੇ ਰੱਖਣ ਦੇ ਲੋਭੀ ਹੁੰਦੇ ਹਨ। ਸ਼ਕਤੀ ਦੀ ਪੂਜਾ ਅਤੇ ਪ੍ਰਭੁਤਾ ਦੇ ਮੋਹ ਨੇ ਦਰਸ਼ਨਾਂ, ਧਰਮਾਂ, ਆਦਰਸ਼ਾਂ ਅਤੇ ਸਿਧਾਂਤਾਂ ਨੂੰ ਅਨਾਦੀ, ਅਨੰਤ, ਅਟੱਲ ਅਤੇ ਅ-ਬਦਲ ਸਿੱਧ ਕਰਕੇ ਜੀਵਨ ਦੇ ਸੁਭਾਵਕ ਵਿਕਾਸ ਦਾ ਰਾਹ ਰੋਕਣ ਦਾ ਸਦਾ ਜਤਨ ਕੀਤਾ ਹੈ ਅਤੇ ਆਪਣੇ ਇਸ ਜਤਨ ਵਿਚ ਸਫਲ ਹੋਣ ਲਈ ਕਲਾ ਨੂੰ ਆਪਣੀ ਇੱਛਾ ਅਨੁਸਾਰ ਮਰੋੜਿਆ, ਤੋੜਿਆ, ਢਾਲਿਆ ਅਤੇ ਵਿਗਾੜਿਆ ਹੈ।

ਸਿਆਸਤ ਅਤੇ ਧਰਮ ਦਾ ਰਿਸ਼ਤਾ ਢੇਰ ਪੁਰਾਣਾ ਹੈ। ਇਫਲਾਤੂਨ ਧਰਮ ਨੂੰ ਸਿਆਸਤ ਦੀ ਸੇਵਾ ਵਿਚ ਲਾਉਣ ਉੱਤੇ ਜ਼ੋਰ ਦਿੰਦਾ ਸੀ। ਰੋਮਨਾਂ ਨੇ ਇਸਾਈਅਤ ਦੀ ਸਹਾਇਤਾ ਨਾਲ ਆਪਣੀ ਡਿਗਦੀ ਸਲਤਨਤ ਨੂੰ ਠੁੰਮ੍ਹਣਾ ਦਿੱਤਾ ਸੀ। ਇਸਲਾਮ ਦਾ ਸਾਰਾ ਇਤਿਹਾਸ ਮਜ਼ਹਬ ਅਤੇ ਸਿਆਸਤ ਦੇ ਗਠ-ਜੋੜ ਦਾ ਇਤਿਹਾਸ ਹੈ। ਆਧੁਨਿਕ ਸਮੇਂ ਵਿਚ ਧਰਮ ਦੇ ਨਾਂ ਹੇਠ ਇਨਕਲਾਬ ਕੀਤੇ ਜਾਂਦੇ ਹਨ ਅਤੇ ਨਵੇਂ ਰਾਜਾਂ ਦੀ ਸਥਾਪਨਾ ਦੇ ਸੁਪਨੇ ਵੇਖੇ ਜਾਂਦੇ ਹਨ। ਧਰਮ ਅਤੇ ਕਲਾ ਦਾ ਰਿਸ਼ਤਾ ਵੀ ਧਰਮ ਅਤੇ ਸਿਆਸਤ ਦੀ ਸਾਕਾਦਾਰੀ ਜਿੰਨਾਂ ਹੀ ਪੁਰਾਣਾ ਹੈ ਪਰ ਕੁਰੂਪ ਓਨਾ ਨਹੀਂ। ਇਹ ਸੰਬੰਧ ਪੁਰਾਤਨ ਭਾਰਤੀ ਅਤੇ ਚੀਨੀ ਧਰਮਾਂ ਵਿਚ ਸੁਭਾਵਕ ਜਾਂ ਕੁਦਰਤੀ ਸੀ; ਬੁੱਧ ਮਤ ਅਤੇ ਇਸਾਈਅਤ ਵਿਚ ਕ੍ਰਿਤ੍ਰਿਮ ਅਤੇ ਚੇਤਨ ਸੀ। ਇਸਲਾਮ ਅਤੇ ਕਲਾ ਦਾ ਰਿਸ਼ਤਾ ਵੀ ਕ੍ਰਿਤ੍ਰਿਮ ਅਤੇ ਸਯਤਨ ਸੀ ਪਰ ਇਹ ਬੁੱਧ ਮਤ ਅਤੇ ਇਸਾਈਅਤ ਦੇ ਕਲਾ-ਸੰਬੰਧ ਨਾਲੋਂ ਵੱਖਰਾ ਸੀ। ਇਸਲਾਮ ਆਪਣੀ ਰਾਜ-ਸੱਤਾ ਦੇ ਸਿੰਘਾਸਨ ਉੱਤੇ ਬੈਠਾ ਕਲਾ ਨੂੰ ਘੂਰੀਆਂ ਕੱਢਦਾ ਰਹਿੰਦਾ ਸੀ। ਬੁੱਧ ਮਤ ਅਤੇ ਈਸਾਈਅਤ ਨੇ ਕਲਾ ਨੂੰ ਮਨੁੱਖੀ ਮਨ ਦੀ ਸਾਧਨਾ ਦੇ ਸਾਧਨ ਵਜੋਂ ਵਿਕਸਾਇਆ ਹੈ। ਪੁਰਾਤਨ ਵੈਦਕ ਧਰਮ ਅਤੇ ਚੀਨੀ ਧਰਮ ਕਲਾ ਨੂੰ ਮਨ ਦੀ ਸਾਧਨਾ ਵਜੋਂ ਵਰਤਣ ਦਾ ਚੇਤਨ ਜਤਨ ਨਹੀਂ ਸਨ ਕਰਦੇ ਸਗੋਂ ਮਨੁੱਖੀ ਮਨ ਅਤੇ ਕਲਾ ਵਿਚਲੇ ਪਿਆਰ ਨੂੰ ਮਨ ਦੀ ਅਰੋਗਤਾ ਦੀ ਉਪਜ ਮੰਨਦੇ ਸਨ।

ਕਲਾ ਅਤੇ ਸਿਆਸਤ ਦਾ ਸੰਬੰਧ ਵੀ ਢੇਰ ਪੁਰਾਣਾ ਹੈ ਪਰ ਸੁਖਾਵਾਂ ਨਹੀਂ। ਇਫਲਾਤੂਨ ਕਲਾ ਨੂੰ ਸਿਆਸਤ ਦੀ ਦਾਸੀ ਬਣਾ ਕੇ ਰੱਖਣ ਦੀ ਸਲਾਹ ਦਿੰਦਾ ਸੀ ਅਤੇ ਜਿਹੜੇ ਕਲਾਕਾਰ ਇਸ ਦਾਸਤਾ ਨੂੰ ਕਬੂਲ ਨ ਕਰਨ, ਉਨ੍ਹਾਂ ਨੂੰ ਦੇਸ ਨਿਕਾਲਾ ਦੇਣ ਨੂੰ ਆਖਦਾ ਸੀ। ਇਹ ਚੰਗੀ ਗੱਲ ਹੈ ਕਿ ਸੰਸਾਰ ਦੀਆਂ ਬਹੁਤੀਆਂ ਸਰਕਾਰਾਂ ਨੇ ਉਸ ਦੀ ਇਸ 'ਨੇਕ ਸਲਾਹ' ਵੱਲ ਓਨਾ ਧਿਆਨ ਨਹੀਂ ਦਿੱਤਾ ਜਿੰਨਾ ਉਹ ਚਾਹੁੰਦਾ ਸੀ ਕਿ ਦਿੱਤਾ ਜਾਵੇ। ਤਾਂ ਵੀ ਸਰਕਾਰਾਂ ਇਸ ਗੱਲ ਦਾ ਧਿਆਨ ਰਖਦੀਆਂ ਆਈਆਂ ਹਨ ਕਿ ਕਲਾਕਾਰ

ਦਾਸਤਾ ਨੂੰ ਤਾਂ ਬੇ-ਸ਼ੱਕ ਕਬੂਲ ਨ ਕਰੇ ਪਰ ਸਾਡੇ ਵਿਰੁਧ ਕਿਸੇ ਵਿਦਰੋਹ ਨੂੰ ਸ਼ਹਿ ਦੇਣ ਦੀ ਦਲੇਰੀ ਵੀ ਨ ਕਰੇ । ਮੈਨੂੰ ਸਰਕਾਰਾਂ ਦਾ ਇਹ ਰਵੱਈਆ ਕਲਾ ਦੀ ਸਿਹਤ ਅਤੇ ਸੁੰਦਰਤਾ ਦਾ ਸਹਾਇਕ ਭਾਸਦਾ ਹੈ । ਇਸ ਵਿਚ ਕਲਾ ਦੀ ਸੁਤੰਤਰਤਾ ਦਾ ਭੇਤ ਲੁਕਿਆ ਹੋਇਆ ਹੈ । ਕਿਸੇ ਇਕ ਸਰਕਾਰ ਵਿਰੁੱਧ ਵਿਦ੍ਰੋਹ ਦਾ ਭਾਵ ਹੈ ਕਿਸੇ ਦੂਜੀ ਸਰਕਾਰ ਦੀ ਦਾਸਤਾ ਨੂੰ ਜੀਉ ਆਇਆਂ ਆਖਣਾ । ਹਰ ਸਰਕਾਰ ਲੋਕਾਂ ਨਾਲੋਂ ਵੱਖਰੀ ਇਕ ਹੋਂਦ ਹੈ, ਇਕ ਸੱਤਾ ਹੈ; ਭਾਵੇਂ ਉਹ ਕਿੰਨੀ ਵੀ ਜਮਹੂਰੀ ਕਿਉਂ ਨ ਹੋਵੇ ।

ਇਕ ਕਲਾਕਾਰ ਵਿਚ ਇਕ ਦਾਰਸ਼ਨਿਕ ਵਰਗੀ ਬੌਧਕ ਤੀਖਣਤਾ ਦੇ ਨਾਲ ਨਾਲ ਇਕ ਸੁਹਿਰਦ ਮਨੁੱਖ ਦਾ ਅਹਿਸਾਸ ਵੀ ਪਰਬਲ ਹੁੰਦਾ ਹੈ ਜਿਸ ਕਰਕੇ ਕਲਾ ਅਤੇ ਦਰਸ਼ਨ ਦਾ ਸੰਬੰਧ ਨੇੜਲਾ ਵੀ ਹੈ ਅਤੇ ਪੁਰਾਣਾ ਵੀ । ਜਦੋਂ ਕੋਈ ਦਾਰਸ਼ਨਿਕ ਸਿਧਾਂਤ ਜੀਵਨ ਦੇ ਸੰਪਰਕ ਵਿਚ ਆ ਕੇ ਕਿਸੇ ਪਰੰਪਰਾ, ਮਾਨਤਾ ਜਾਂ ਰਿਵਾਜ ਦਾ ਰੂਪ ਧਾਰਣ ਕਰ ਲੈਂਦਾ ਹੈ, ਉਦੋਂ ਇਹ ਨਿਰਣਾ ਕਰਨਾ ਸੌਖਾ ਹੋ ਜਾਂਦਾ ਹੈ ਕਿ ਜੀਵਨ ਦੀ ਸੁੰਦਰਤਾ ਅਤੇ ਇਸ ਦੇ ਸਹਿਜ ਪਰਵਾਹ ਵਿਚ ਕਿਸੇ ਸਿਧਾਂਤ ਨੇ ਕੀ ਹਿੱਸਾ ਪਾਇਆ ਹੈ । ਜੀਵਨ ਆਪਣੇ ਦੁੱਖਾਂ-ਸੁੱਖਾਂ ਨੂੰ ਦਾਰਸ਼ਨਿਕ ਸਿਧਾਂਤਾਂ ਨਾਲ ਜੋੜਨਾ ਨਹੀਂ ਜਾਣਦਾ । ਉੱਚੀ ਕਲਾ ਹੀ ਸਾਧਾਰਣ ਜੀਵਨ ਲਈ ਇਸ ਡੂੰਘੇ ਵਿਸ਼ਲੇਸ਼ਣ ਦਾ ਕੰਮ ਕਰ ਸਕਦੀ ਹੈ ।

ਹਰ ਇਕ ਦਾਰਸ਼ਨਿਕ ਸਿਧਾਂਤ ਜੀਵਨ ਦੇ ਕਲਿਆਣ ਦਾ ਦਾਅਵਾ ਕਰਦਾ ਹੈ ਅਤੇ ਇਸ ਵਿਚ ਕੁਝ ਨ ਕੁਝ ਸਚਾਈ ਜ਼ਰੂਰ ਹੁੰਦੀ ਹੈ; ਕਿਧਰੇ ਬਹੁਤੀ ਕਿਧਰੇ ਥੋੜ੍ਹੀ । ਇਸ ਸੱਚ ਦੀ ਲੋਅ ਵਿਚ ਤੁਰਨਾ ਕਲਾ ਦਾ ਕੰਮ ਹੈ । ਸਿਧਾਂਤਕਾਰ ਆਪਣੇ ਸਿਧਾਂਤ ਪ੍ਰਤੀ ਪਖਪਾਤ ਦਾ ਦੋਸ਼ੀ ਹੁੰਦਾ ਹੈ । ਕਲਾਕਾਰ ਦਾ ਪ੍ਰਤੀਨਿਧੀ ਜੀਵਨ ਹੈ; ਸੁਹਿਰਦ ਸੰਵੇਦਨਾ ਦਾ ਧਾਰਨੀ ਹੈ । ਉਸ ਨੇ ਜੀਵਨ ਦੇ ਹਿਤਾਂ ਦੀ ਪ੍ਰਤੀਨਿਧਤਾ ਕਰਨੀ ਹੈ । ਇਸ ਲਈ ਉਸ ਵਿਚ ਨੀਰ ਕਸ਼ੀਰ-ਵਿਵੇਕ ਹੋਣਾ ਜ਼ਰੂਰੀ ਹੈ । ਉਸ ਦੀ ਕਲਾ ਵਿਚ ਕੋਈ ਸਿਧਾਂਤ ਨਿਰੋਲ ਸਿਧਾਂਤ ਰੂਪ ਹੀ ਨਹੀਂ ਵਿਚਰਦਾ ਸਗੋਂ ਜੀਵਨ ਦਾ ਇਕ ਅੰਗ ਬਣ ਕੇ ਪਰਵੇਸ਼ ਕਰਦਾ ਹੈ । ਸੋਨੇ ਅਤੇ ਗਹਿਣੇ ਵਿਚ ਕੁਝ ਨ ਕੁਝ ਫਰਕ ਜ਼ਰੂਰ ਹੈ । ਕਲਾਕਾਰ ਗਹਿਣੇ ਦੀ ਘਾੜਤ ਘੜਦਾ ਹੈ ।

ਜਦੋਂ ਜੀਵਨ ਦੇ ਕਲਿਆਣ ਦੀ ਸਮੁੱਚੀ ਠੇਕੇਦਾਰੀ ਕਿਸੇ ਇਕ ਦਾਰਸ਼ਨਿਕ ਸਿਧਾਂਤ ਨੂੰ ਦੇ ਦਿੱਤੀ ਜਾਂਦੀ ਹੈ ਉਦੋਂ ਜੀਵਨ ਨਾਲ ਬੇ-ਵਫਾਈ ਹੋ ਜਾਂਦੀ ਹੈ । ਜੀਵਨ ਅਤੇ ਜਨ-ਸਾਧਾਰਣ ਨੂੰ ਉਸ ਸਿਧਾਂਤ ਦੀ ਸਾਕਾਰਤਾ ਦਾ ਸਾਧਨ ਬਣਾ ਦਿੱਤਾ ਜਾਂਦਾ ਹੈ । ਉਸ ਸਿਧਾਂਤ ਨੂੰ ਸਰਵਥਾ ਸੰਪੂਰਣ ਮੰਨ ਕੇ ਉਸ ਦੀ ਗੁਲਾਮੀ ਕੀਤੀ ਜਾਂਦੀ ਹੈ ਅਤੇ ਲੋਕਾਂ ਨੂੰ ਇਹ ਦਿਮਾਗੀ ਗੁਲਾਮੀ ਧਾਰਨ ਕਰਨ ਲਈ ਪ੍ਰੇਰਿਆ ਜਾਂਦਾ ਹੈ । ਸਫਲਤਾ ਦੀ ਹਾਲਤ ਵਿਚ ਜੀਵਨ ਉਸ ਸਿਧਾਂਤ ਨਾਲ ਜਕੜਿਆ ਜਾਂਦਾ ਹੈ ਅਤੇ ਵਿਕਾਸ ਦੇ ਰਾਹ ਵਿਚ ਇਕ ਰੁਕਾਵਟ ਪੈ ਜਾਂਦੀ ਹੈ । ਕੋਈ ਸਿਧਾਂਤ ਕਿੰਨਾਂ ਵੀ ਉਤਮ ਕਿਉਂ ਨ ਹੋਵੇ, ਉਸ ਦੀ ਦਾਸਤਾ ਮਨੁੱਖੀ ਮਨ ਦਾ ਇਕ ਰੋਗ ਹੈ । ਰੱਸੀ ਭਾਵੇਂ ਰੇਸ਼ਮ ਦੀ ਹੀ ਕਿਉਂ

ਨ ਹੋਵੇ ਜਿਥੋਂ ਤਕ ਬੰਨ ਰੱਖਣ ਦਾ ਸੁਆਲ ਹੈ, ਉਹ ਰੱਸੀ ਹੀ ਹੈ।

ਨੀਤਸ਼ੇ ਇਹ ਕਹਿਣ ਵਿਚ ਬਹੁਤ ਹੱਦ ਤੱਕ ਸੱਚਾ ਹੈ ਕਿ ਹਰ ਮਨੁੱਖ ਸ਼ਕਤੀ ਸ਼ਾਲੀ ਹੋਣਾ ਚਾਹੁੰਦਾ ਹੈ। ਮਨੁੱਖੀ ਮਨ ਦੀ ਤ੍ਰਿਸ਼ਨਾ ਦੇ ਇਸ ਭਿਆਨਕ ਪੱਖ ਨੇ ਜੀਵਨ ਵਿਚ ਚੋਖਾ ਕੋੜ ਅਤੇ ਕਲੇਸ਼ ਪੈਦਾ ਕੀਤਾ ਹੈ। ਸਭਿਅਤਾ, ਸੱਤਾ ਅਤੇ ਸਿਆਸਤ ਵਿਚ ਗੂਹੜੀ ਮਿਤ੍ਰਤਾ ਹੈ। ਅਜੋਕੀ ਸਮਾਜਵਾਦੀ ਕਲਾ ਇਸ ਤ੍ਰਿਬੇਣੀ ਦੀ ਯਾਤ੍ਰਾ ਦਾ ਵਿਸਥਾਰ-ਵਰਣਨ ਦੀ ਭੁੱਲ ਕਰਦੀ ਹੈ। ਪ੍ਰੰਤੂ ਇਹ ਦੋਸ਼ ਕੇਵਲ ਭਾਸ਼ਾਈ ਕਲਾ ਜਿਵੇਂ ਨਾਟਕ, ਨਾਵਲ ਅਤੇ ਕਵਿਤਾ ਆਦਿਕ ਉੱਤੇ ਹੀ ਲਾਇਆ ਜਾ ਸਕਦਾ ਹੈ। ਮਹਾਨ ਕਲਾਕਾਰਾਂ ਨੂੰ ਪੂੰਜੀਵਾਦੀ ਅਤੇ ਸਮਾਜਵਾਦੀ ਸ਼੍ਰੇਣੀਆਂ ਵਿਚ ਵੰਡ ਸਕਣਾ ਖਰਾ ਕਠਨ ਹੁੰਦਾ ਹੈ। ਉਹ ਕਲਾਕਾਰ ਪਹਿਲਾਂ ਅਤੇ ਕੁਝ ਹੋਰ ਪਿਛੋਂ ਹੁੰਦੇ ਹਨ। ਉਹ ਭੇਡਾਂ ਵਾਂਗ ਕਿਸੇ ਵਾੜੇ ਦੀ ਵਲਗਣ ਵਿਚ ਵਲੇ ਜਾਣ ਵਾਲੇ ਨਹੀਂ ਹੁੰਦੇ।

ਨ੍ਰਿਤ, ਚਿੱਤ੍ਰ, ਸੰਗੀਤ ਅਤੇ ਮੂਰਤੀ ਆਦਿਕ ਸਾਰੀਆਂ ਕਲਾਵਾਂ ਲੱਗ ਪੱਗ ਸਿਧਾਂਤ-ਸੰਦੇਸ਼-ਮੁਕਤ ਹੁੰਦੀਆਂ ਹਨ। ਇਨ੍ਹਾਂ ਦਾ ਮਨੋਰਥ ਕੇਵਲ ਆਨੰਦ ਹੁੰਦਾ ਹੈ। ਇਨ੍ਹਾਂ ਵਿਚ ਜੇ ਕਿਸੇ ਸਿਧਾਂਤ ਦੀ ਚਰਚਾ ਹੋਵੇ ਵੀ ਤਾਂ ਸੰਕੇਤ ਮਾਤ੍ਰ ਹੁੰਦੀ ਹੈ। ਇਹ ਕਿਸੇ ਸਿਧਾਂਤ ਦਾ ਪਰਚਾਰ ਸਰਲਤਾ ਨਾਲ ਅਤੇ ਵਿਸਥਾਰ ਵਿਚ ਨਹੀਂ ਕਰ ਸਕਦੀਆਂ। ਇਨ੍ਹਾਂ ਕਲਾਵਾਂ ਦੇ ਸਾਧਕਾਂ ਨੂੰ ਏਨੀ ਲੰਮੇਰੀ ਅਤੇ ਕਠਨ ਸਾਧਨਾ ਕਰਨੀ ਪੈਂਦੀ ਹੈ ਕਿ ਉਨ੍ਹਾਂ ਕੋਲ ਦਾਰਸ਼ਨਿਕ ਵਾਦ-ਵਿਵਾਦ ਜੋਗਾ ਸਮਾਂ ਹੀ ਨਹੀਂ ਬਚਦਾ।

ਕੇਵਲ ਸਾਹਿਤ ਹੀ ਇਕ ਅਜੇਹੀ ਕਲਾ ਹੈ ਜਿਸ ਦੇ ਸਾਧਕ ਕੋਲ ਅਜਿਹੇ ਸਾਰੇ ਸਾਧਨ ਮੌਜੂਦ ਹੁੰਦੇ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਉਹ ਕਲਾਕਾਰ ਹੋਣ ਦੇ ਨਾਲ ਨਾਲ 'ਪੈਗੰਬਰ' ਹੋਣ ਦਾ ਮਾਣ ਵੀ ਲੈ ਸਕਦਾ ਹੈ। ਪੈਗਾਮ ਕਹਿੰਦੇ ਹਨ ਸੁਨੇਹੇ ਨੂੰ ਅਤੇ ਪੈਗੰਬਰ (ਪੈਗਾਮ + ਬਰ) ਹੁੰਦਾ ਹੈ ਸੁਨੇਹਾ ਲੈ ਜਾਣ ਜਾਂ ਲੈ ਕੇ ਆਉਣ ਵਾਲਾ। (ਪੈਗੰਬਰੀ ਦੇ ਵੀ ਦਰਜੇ ਹਨ ਅਤੇ ਸਭ ਤੋਂ ਨੀਵੇਂ ਦਰਜੇ ਦੇ ਪੈਗੰਬਰ ਨੂੰ 'ਲਾਗੀ' ਆਖਿਆ ਜਾਂਦਾ ਹੈ। ਅਸਲ ਵਿਚ ਲਾਗੀ ਇਕ ਪ੍ਰਕਾਰ ਦਾ ਪ੍ਰਤੀਨਿਧੀ ਜਾਂ ਰਾਜਦੂਤ ਹੁੰਦਾ ਸੀ। ਉਹ ਇਕ ਰਿਸ਼ਤੇਦਾਰ ਦੀ ਦੂਜੇ ਰਿਸ਼ਤੇਦਾਰ ਕੋਲ ਪ੍ਰਤੀਨਿਧਤਾ ਕਰਦਾ ਸੀ। ਉਸ ਦਾ ਮਹੱਤਵ ਅਤੇ ਮਾਣ ਸਤਿਕਾਰ ਰਿਸ਼ਤੇ ਦੇ ਮਹੱਤਵ ਉੱਤੇ ਨਿਰਭਰ ਕਰਦਾ ਸੀ। ਕੁੜਮਾਂ ਦੇ ਲਾਗੀ ਬਹੁਤ ਸਤਿਕਾਰੇ ਜਾਂਦੇ ਸਨ। ਹੁਣ, ਜਦੋਂ ਰਿਸ਼ਤਿਆਂ ਦਾ ਕੋਈ ਆਦਰ ਨਹੀਂ ਰਿਹਾ, ਲਾਗੀ ਵੀ ਬੇ-ਲੋੜੇ ਹੋ ਗਏ ਹਨ।) ਹਰ ਸ੍ਰੇਸ਼ਟ ਕਲਾਕਾਰ ਇਕ ਪੈਗੰਬਰ ਹੈ। ਉਹ ਆਨੰਦ ਦੇ ਦੇਸ਼ ਵਿਚੋਂ ਸੌਂਦਰਯ ਦਾ ਸੁਨੇਹਾ ਲੈ ਕੇ ਆਉਂਦਾ ਹੈ ਅਤੇ ਉਸ ਦਾ ਸੁਨੇਹਾ ਮਨੁੱਖੀ ਮਨ ਵਿਚ ਆਨੰਦ ਦੀ ਅਨੁਭੂਤੀ ਉਪਜਾਉਂਦਾ ਹੈ। ਮੰਨ ਲਉ ਤੁਸਾਂ ਇਕ ਲਾਗੀ ਨੂੰ ਵਿਆਹ ਦੀ ਭਾਜੀ ਦੇ ਕੇ ਕਿਸੇ ਰਿਸ਼ਤੇਦਾਰ ਵੱਲ ਘੱਲਿਆ ਹੈ। ਉਹ ਖੁਸ਼ੀ ਦਾ ਸੁਨੇਹਾ ਲੈ ਕੇ ਗਿਆ ਹੈ। ਉਸ ਦੇ ਪੱਲੇ ਬੱਝਾ ਹੋਇਆ ਗੁੜ ਤੁਹਾਡੇ ਮਨ ਵਿਚਲੇ ਪਿਆਰ-ਭਾਵ ਦੇ ਪਰਤੀਕ ਵਜੋਂ ਰਿਸ਼ਤੇਦਾਰ ਕੋਲ ਪੁੱਜਾ ਹੈ। ਉਸ ਦੇ ਸਾਰੇ ਪਰਵਾਰ ਵਿਚ ਤੁਹਾਡੇ ਪਿਆਰ ਦੀ ਮਿਠਾਸ ਪਸਰ ਗਈ ਹੈ। ਉਹ ਤੁਹਾਡੇ ਲਾਗੀ ਕੋਲ

ਬੈਠ ਕੇ ਤੁਹਾਡੀ ਸੁੱਖ ਪੁੱਛਦੇ ਹਨ। ਸੁੱਖ ਸੁਣ ਕੇ ਗਦ ਗਦ ਹੁੰਦੇ ਹਨ। ਆਨੰਦ ਦੇ ਦੇਸ਼ ਦੀ ਛੁਹ ਮਾਣਦੇ ਹਨ। ਇਸ ਅਲੌਕਿਕ ਟਿਕਾਣੇ ਤੋਂ ਵਾਪਸ ਪਰਤ ਕੇ ਉਹ ਲਾਗੀ ਲਈ ਭੋਜਨ ਤਿਆਰ ਕਰਦੇ ਹਨ। ਲਾਗੀ ਖਾਂਦਾ ਹੈ। ਸਫਰ ਦੀ ਸਾਰੀ ਥਕਾਵਟ ਲਹਿ ਜਾਂਦੀ ਹੈ। ਲੌਂਦੇ ਵੇਲੇ ਉਸ ਨੂੰ ਵਿਦਾ ਕਰਨ ਸਮੇਂ ਸਾਰਾ ਪਰਵਾਰ ਕਹਿੰਦਾ ਹੈ ਕਿ ਉਹ ਉਸ ਘੜੀ ਦੀ ਉਡੀਕ ਕਰਦੇ ਹਨ ਜਿਸ ਘੜੀ ਉਹ ਆਪਣੇ ਸਨੇਹੀਆਂ ਵਿਚ ਜਾ ਕੇ ਬੈਠਣਗੇ। ਲਾਗੀ ਨੂੰ ਲਾਗ ਵਜੋਂ ਕੁਝ ਦੇ ਕੇ ਵਿਦਾ ਕਰ ਦਿੱਤਾ ਜਾਂਦਾ ਹੈ। ਉਹ ਤੁਹਾਡੇ ਕੋਲ ਪੁੱਜ ਜਾਂਦਾ ਹੈ। ਤੁਹਾਡੇ ਰਿਸ਼ਤੇਦਾਰਾਂ ਦੇ ਵਰਤਾਉ ਦੀ ਗੱਲ ਕਰਦਾ ਹੈ। ਤੁਸੀਂ ਇਉਂ ਮਹਿਸੂਸ ਕਰਦੇ ਹੋ ਕਿ ਇਸ ਸੰਘਰਸ਼ ਰੂਪ ਸੰਸਾਰ ਵਿਚ ਕੋਈ ਸਹਿਯੋਗੀ ਵੀ ਹੈ; ਅਤੇ ਆਨੰਦ ਦੀ ਇਕ ਝੁਣਝੁਣੀ ਤੁਹਾਡੇ ਸਾਰੇ ਸਰੀਰ ਨੂੰ ਸੁਆਦ ਸੁਆਦ ਕਰ ਦਿੰਦੀ ਹੈ।

ਇਕ ਵੇਰ ਫਿਰ ਇਸ ਲਾਗੀ ਨੂੰ ਕਿਸੇ ਦੂਜੇ ਰਿਸ਼ਤੇਦਾਰ ਵੱਲ ਘੱਲੋ। ਇਹ ਚਲਾ ਗਿਆ ਹੈ। ਗੁੜ ਵੀ ਲੈ ਕੇ ਗਿਆ ਹੈ। ਦੂਜੇ ਰਿਸ਼ਤੇਦਾਰ ਨੇ ਲਾਗੀ ਨੂੰ ਵੇਖ ਕੇ ਕੋਈ ਚਾਅ ਨਹੀਂ ਪਰਗਟ ਕੀਤਾ । ਉਸ ਨੂੰ ਘਰ ਲੈ ਗਿਆ ਹੈ। ਘਰ ਉਸ ਦੇ ਟੱਬਰ ਦੇ ਹੋਰ ਜੀਅ ਬੈਠੇ ਹਨ। ਗੁੜ ਦੀਆਂ ਰੋੜੀਆਂ ਪਰਤਾ ਪਰਤਾ ਕੇ ਵੇਖਦੇ ਹਨ। ਅੰਤ ਵਿਚ ਤੁਹਾਡੇ ਰਿਸ਼ਤੇਦਾਰ ਦੀ ਘਰਵਾਲੀ ਕਹਿੰਦੀ ਹੈ, "ਪਰੇ ਰੱਖ ਛੱਡੋ। ਡੰਗਰਾਂ ਨੂੰ ਚਾਰ ਛੱਡਾਂਗੇ।" ਇਕ ਗੱਭਰੂ ਮੁੰਡਾ ਕਹਿੰਦਾ ਹੈ, "ਸਾਰੀ ਦੁਨੀਆਂ ਉੱਨਤ ਹੋ ਗਈ; ਸਾਡਾ ਦੇਸ਼ ਅਜੇ ਗੁੜ ਨਾਲ ਹੀ ਜੁੜਿਆ ਹੋਇਆ ਹੈ।" ਤੁਹਾਡਾ ਰਿਸ਼ਤੇਦਾਰ ਕਹਿੰਦਾ ਹੈ, "ਤੈਨੂੰ ਦੇਸ਼ ਦੀ ਪਈ ਆ ਮੈਨੂੰ ਆਪਣੇ ਘਰ ਦੀ। ਸੁਰਿੰਦਰ ਦੀ ਸਰਕਾਰੀ ਨੌਕਰੀ ਹੈ। ਤੂੰ ਕਾਲਜ ਚਲੇ ਜਾਣਾ ਹੈ। ਮੈਨੂੰ ਕੰਮ ਵਿਚੋਂ ਵਿਹਲ ਨਹੀਂ। ਉੱਤੋਂ ਇਹ ਵਿਆਹ ਦੀ ਮੁਸੀਬਤ ਆ ਪਈ। ਕਿੰਨੇ ਮੂਰਖ ਲੋਕ ਹਨ । ਕਿਸੇ ਰਿਸ਼ਤੇਦਾਰ ਦਾ ਖਿਆਲ ਨਹੀਂ ਕਰਦੇ। ਪੁੱਛਿਆ ਨਹੀਂ ਗਿੱਛਿਆ ਨਹੀਂ; ਚੁੱਕ ਵਿਆਹ ਧਰ ਦਿੱਤਾ।" ਉਸ ਦੀ ਧਰਮ ਪਤਨੀ ਕਹਿੰਦੀ ਹੈ, "ਨਹੀਂ ਪੁੱਛਿਆ ਤੇ ਚੰਗਾ ਹੋਇਆ। ਸਾਨੂੰ ਕਿਹੜੇ ਰਸਤੇ ਭੁੱਲੇ ਹਨ। ਕਿਸੇ ਲਾਗੀ ਹੱਥ ਸ਼ਗਨ ਘੱਲ ਦਿਆਂਗੇ। ਜਿਹੋ ਜਿਹਾ ਮੱਥਾ ਉਹੋ ਜਿਹਾ ਟਿੱਕਾ।"

ਤੁਹਾਡਾ ਲਾਗੀ ਕੁਝ ਖਾਧੇ ਬਿਨਾਂ ਪਰਤ ਆਉਂਦਾ ਹੈ। ਉਸ ਕੋਲ ਆਨੰਦ ਦੇ ਦੇਸ਼ ਦੀ ਛੁਹ ਨਹੀਂ; ਰਸਤੇ ਦੀ ਥਕਾਵਟ ਅਤੇ ਤੁਹਾਡੇ ਰਿਸ਼ਤੇਦਾਰ ਦੇ ਰੁਖੇਵੇਂ ਦੀ ਕਰੂਪਤਾ ਹੈ। ਉਹ ਤੁਹਾਨੂੰ ਕੀ ਦੇਵੇ ? ਉਪਦੇਸ਼। "ਵੇਖੋ ਜੀ, ਸਮਾਂ ਬਹੁਤ ਬਦਲ ਗਿਆ ਹੈ। ਸਾਡੇ ਰਿਸ਼ਤਿਆਂ ਵਿਚ ਤੇਹ ਸਨੇਹ ਕੋਈ ਨਹੀਂ। ਇਹ ਸਭ ਕੁੱਝ ਆਰਥਕਤਾ ਦੀ ਨੀਂਹ ਉੱਤੇ ਉਸਰਿਆ ਹੋਇਆ ਉਪਰਲਾ ਢਾਂਚਾ ਹੈ। ਇਹ ਉਸਾਰੀ ਢਾਹ ਕੇ ਨਵੀਂ ਉਸਾਰੀ ਦੀ ਲੋੜ ਹੈ। ਇਹ ਉਸਾਰੀ ਨਵੀਆਂ ਕੀਮਤਾਂ ਦੀ ਨੀਂਹ ਉੱਤੇ ਹੋਣੀ ਚਾਹੀਦੀ ਹੈ । ਉਹ ਕੀਮਤਾਂ ਆਰਥਕ-ਵਿਰੋਧ ਦੀ ਉਪਜ ਨਹੀਂ ਹੋਣਗੀਆਂ ਕਿਉਂਕਿ ਸਾਰਾ ਆਰਥਕ ਢਾਂਚਾ ਸਿਆਸਤ ਦੁਆਰਾ ਅਜਿਹੇ ਰੂਪ ਵਿਚ ਬਦਲ ਦਿੱਤਾ ਜਾਵੇਗਾ ਜਿਸ

ਵਿਚ ਆਰਥਕ ਵਿਰੋਧ ਨਹੀਂ ਹੋਵੇਗਾ।" ਇਹ ਤੁਹਾਡੇ ਲਾਗੀ ਦੇ ਸ਼ਬਦਾਂ ਦਾ ਆਧੁਨਿਕ ਸਾਹਿਤਕ ਰੂਪ ਹੈ। ਉਹਦੇ ਸਿੱਧੇ ਸਾਦੇ ਵਾਕ ਤਾਂ ਸ਼ਾਇਦ ਇਹ ਹੋਣਗੇ, "ਸਰਦਾਰ ਜੀ, ਪਤਾ ਨਹੀਂ ਕੀਹ ਗੱਲ ਹੈ; ਆਪੋ ਵਿਚ ਪੁਰਾਣੇ ਮੋਹ ਨਹੀਂ ਰਹੇ। ਅਸੀਂ ਪੈਸੇ ਪਿਛੇ ਲੱਗ ਕੇ ਰਿਸ਼ਤੇਦਾਰੀਆਂ ਛੱਡੀ ਜਾਂਦੇ ਹਾਂ। ਹੱਛਾ, ਜੋ ਰੱਬ ਨੂੰ ਮਨਜ਼ੂਰ ।" ਅਤੇ ਇਹ ਵਾਕ ਵੀ ਉਹ ਸ਼ਾਇਦ ਤੁਹਾਨੂੰ ਕਹਿ ਨਹੀਂ ਸਕੇਗਾ ਕੇਵਲ ਆਪਣੇ ਮਨ ਵਿਚ ਸੋਚ ਹੀ ਸਕੇਗਾ।

ਮੇਰਾ ਸਿਧਾਂਤ ਇਹ ਹੈ ਕਿ ਜਦੋਂ ਕਲਾਕਾਰ ਦੀ ਕਲਾ ਕ੍ਰਿਤੀ ਵਿਚ ਆਨੰਦ ਦੀ ਛੁਹ ਨਹੀਂ ਹੁੰਦੀ ਉਦੋਂ ਉਸ ਵਿਚ ਸੁਨੇਹੇ ਦੀ ਉਤਸੁਕਤਾ ਹੁੰਦੀ ਹੈ। ਆਨੰਦ ਕਲਾ ਦੀ ਜਿੰਦ-ਜਾਨ ਹੈ, ਇਸ ਦਾ ਸੌਂਦਰਯ ਹੈ, ਇਸ ਦਾ ਜੋਬਨ ਹੈ। ਸੌਂਦਰਯ ਅਤੇ ਜੋਬਨ ਦੀ ਘਾਟ ਨੂੰ ਬਣਾਉਟੀ ਰੰਗ-ਰੋਗਨ ਜਾਂ ਮੇਕ-ਅੱਪ (Make-up) ਨਾਲ ਪੂਰਾ ਕਰਨ ਦਾ ਘਟੀਆ ਤਰੀਕਾ ਆਮ ਵਰਤਿਆ ਜਾਂਦਾ ਹੈ। ਸਿਧਾਂਤਕ ਪਰਚਾਰ ਸੌਂਦਰਯ-ਹੀਣ ਕਲਾ ਦਾ ਮੇਕ-ਅੱਪ ਹੈ। ਮੇਰੀ ਛੋਟੀ ਬੱਚੀ ਅਨੂੰ (ਅਨੂਪਮ) ਕਹਿੰਦੀ ਹੈ, "ਪਿੱਤੀ, ਕੀ ਕਲਾ ਸੁਨੇਹਾ ਦੇਣ ਦਾ ਚੰਗਾ ਢੰਗ ਨਹੀਂ? ਮੈਂ ਤਾਂ ਸਮਝਦੀ ਹਾਂ ਕਿ ਕਲਾ ਦਾ ਮਾਧਿਅਮ ਸੁਨੇਹੇ ਦੀ ਸਫਲਤਾ ਦਾ ਭੇਤ ਹੈ।" ਮੈਨੂੰ ਇਹ ਮੰਨਣੋਂ ਇਨਕਾਰ ਨਹੀਂ। ਪ੍ਰੰਤੂ ਕਿਸੇ ਘਰ ਦੇ ਸੁੱਤੇ ਮਾਲਕਾਂ ਨੂੰ ਕੋਈ ਦਵਾਈ ਸੁੰਘਾ ਕੇ ਬੇ-ਹੋਸ਼ ਕਰ ਲੈਣਾ ਚੋਰੀ ਦੀ ਸਫਲਤਾ ਦਾ ਭੇਤ ਵੀ ਤਾਂ ਹੈ। ਬੇ-ਖਬਰੀ ਜਾਂ ਬੇ-ਹੋਸ਼ੀ ਭਾਵੇਂ ਨੀਂਦ ਦੀ ਹੋਵੇ ਭਾਵੇਂ ਕਿਸੇ ਦਵਾਈ ਦੀ, ਕਿਸੇ ਚਾ-ਪਲੋਸੀ ਦੀ ਹੋਵੇ ਭਾਵੇਂ ਕਿਸੇ ਚਮਤਕਾਰ ਦੀ, ਸੁਖਦਾਇਕ ਹੋਣ ਦੇ ਨਾਲ ਨਾਲ ਹਾਨੀਕਾਰਕ ਵੀ ਤਾਂ ਹੋ ਸਕਦੀ ਹੈ। ਕਿਸੇ ਨੂੰ ਅਪ੍ਰੇਸ਼ਨ ਦੀ ਪੀੜ ਤੋਂ ਬਚਾਉਣ ਲਈ ਵੀ ਬੇ-ਹੋਸ਼ ਕੀਤਾ ਜਾ ਸਕਦਾ ਹੈ ਅਤੇ ਕਿਸੇ ਦਾ ਘਰ ਲੁੱਟਣ ਲਈ ਵੀ ਬੇ-ਹੋਸ਼ੀ ਸਾਡੀ ਸਹਾਇਤਾ ਕਰ ਸਕਦੀ ਹੈ। ਜੇ ਧਰਮ ਅਫੀਮ ਹੋ ਜਾਂਦਾ ਹੈ ਤਾਂ ਕਲਾ ਨੂੰ ਜ਼ਹਿਰ ਬਣਦਿਆਂ ਕਿੰਨਾ ਕੁ ਚਿਰ ਲਗੇਗਾ? ਕਲਾ ਰਾਹੀਂ ਸੁਨੇਹਾ ਦੇਣ ਦਾ ਵਿਚਾਰ ਇਸ ਵਿਸ਼ਵਾਸ ਵਿਚ ਬਦਲ ਜਾਵੇਗਾ ਕਿ ਕਲਾ ਦਾ ਮਨੋਰਥ ਸੌਂਦਰਯ ਅਤੇ ਆਨੰਦ ਨਹੀਂ ਸਗੋਂ 'ਸੁਨੇਹਾ' ਹੈ ਅਤੇ ਆਨੰਦ ਉਸ ਸੁਨੇਹੇ ਦਾ ਸਾਧਨ ਹੈ। ਇਹ ਵਿਸ਼ਵਾਸ ਹਰ ਹਾਲਤ ਵਿਚ ਕਲਾ ਦਾ ਘਾਤਕ ਹੈ ਕਿਉਂਜੁ ਮਨੋਰਥ ਦੀ ਪਦਵੀ ਤੋਂ ਡਿਗ ਕੇ ਸਾਧਨ ਵਿਚ ਬਦਲਿਆ ਹੋਇਆ ਆਨੰਦ ਸੰਤੋਖੀ ਮਨ ਦਾ ਸਹਿਜ ਨਹੀਂ ਹੁੰਦਾ ਸਗੋਂ ਨਸ਼ਿਆਂ ਅਤੇ ਟੀਕਿਆਂ ਦੁਆਰਾ ਪੈਦਾ ਕੀਤੀ ਗਈ ਬੇ-ਹੋਸ਼ੀ ਵਰਗਾ ਹੁੰਦਾ ਹੈ। ਇਸ ਬੇ-ਹੋਸ਼ੀ ਦਾ ਕੀ ਨਤੀਜਾ ਨਿਕਲੇਗਾ ਇਹ ਗੱਲ ਬੇ-ਹੋਸ਼ ਕਰਨ ਵਾਲੇ ਦੀ ਸੁਹਿਰਦਤਾ ਉੱਤੇ ਨਿਰਭਰ ਕਰਦੀ ਹੈ। ਸੁਨੇਹੇ ਦੇ ਮਨੋਰਥ ਵਿਚੋਂ ਉਪਜੀ ਹੋਈ ਕਲਾ ਜਨ-ਸਾਧਰਣ ਨੂੰ ਜਾਂ ਮਨੁੱਖੀ ਹਿਰਦੇ ਨੂੰ ਆਤਮ-ਨਿਰਭਰ ਹੋਣ ਦੀ ਪ੍ਰੇਰਣਾ ਅਤੇ ਸਹਾਇਤਾ ਨਹੀਂ ਦੇ ਸਕਦੀ।

ਇੱਥੇ ਮੈਂ ਅ-ਸੁਹਿਰਦ ਕਲਾਕਾਰਾਂ ਦੀ ਗੱਲ ਨਹੀਂ ਕਰ ਰਿਹਾ। ਅਸਲ ਵਿਚ ਇਹ ਮੰਨਣਾ ਠੀਕ ਨਹੀਂ ਕਿ ਕੋਈ ਕਲਾਕਾਰ ਆਪਣੀ ਕਲਾ ਨਾਲ ਬੇ-ਵਫਾਈ ਕਰ ਸਕਦਾ ਹੈ। ਕਿਸੇ ਸਿਧਾਂਤ ਦਾ ਪ੍ਰਚਾਰ ਕਰਨ ਵਾਲੇ ਕਲਾਕਾਰ ਆਪਣੀ ਥਾਂ ਅਤਿਅੰਤ ਸੁਹਿਰਦ ਹੋ ਸਕਦੇ ਹਨ ਪਰੰਤੂ ਇਸ ਗੱਲ ਦਾ ਕੀ ਭਰੋਸਾ ਹੈ ਕਿ ਜਿਸ ਸਿਧਾਂਤ ਨੂੰ ਉਹ

ਮਨੁੱਖਤਾ ਲਈ ਕਲਿਆਣਕਾਰੀ ਸਮਝਦੇ ਹਨ ਉਹ ਅਸਲ ਵਿਚ ਇਉਂ ਹੈ ? ਕਿਸੇ ਸਿਧਾਂਤ ਦਾ ਸਰਵ-ਜਨ-ਹਿਤਾਇ ਹੋ ਸਕਣਾ ਅਸੰਭਵ ਹੈ । ਕੋਈ ਸਿਧਾਂਤ ਬਹੁ-ਜਨ-ਹਿਤਾਇ ਹੋ ਸਕਦਾ ਹੈ ਪਰ ਉਹ ਵੀ ਸਦਾ ਲਈ ਨਹੀਂ । ਸਦਾ ਲਈ ਤਾਂ ਕੋਈ ਚੀਜ਼ ਇਕ ਇਕੱਲੇ ਆਦਮੀ ਲਈ ਵੀ ਹਿਤਕਾਰੀ ਨਹੀਂ ਰਹਿ ਸਕਦੀ । ਬਚਪਨ, ਜਵਾਨੀ ਅਤੇ ਬੁਢਾਪੇ ਵਿਚ ਬਦਲਦਾ ਜੀਵਨ ਆਪਣੀਆਂ ਲੋੜਾਂ ਵਿਚ ਵੱਖਰਾ ਹੁੰਦਾ ਜਾਂਦਾ ਹੈ । ਜੰਗਲੀ ਸ਼ਿਕਾਰੀ ਮਨੁੱਖ ਲਈ ਕਬੀਲਿਆਂ ਵਿਚ ਸੰਗਠਿਤ ਹੋ ਜਾਣਾ ਹਿਤਕਾਰੀ ਸੀ । ਕਬੀਲਾਦਾਰੀ ਦੀ ਪਰਪਕਤਾ ਲਈ ਕਬੀਲੇ ਦਾ ਦੇਵਤਾ ਥਾਪਿਆ ਜਾਣਾ ਹਿਤਕਾਰੀ ਸੀ । ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਕਬੀਲਾਦਾਰੀ ਮਨੁੱਖ ਦੇ ਸਮਾਜਕ ਇਤਿਹਾਸ ਵਿਚ ਇਕ ਵਿਕਾਸ ਸੀ । ਕਬੀਲਾਦਾਰੀ ਤੋਂ ਬਾਦਸ਼ਾਹੀ ਵਿਚ ਵਿਕਸ ਕੇ ਜਦੋਂ ਮਨੁੱਖ ਨੇ ਅਗਲੇ ਡੰਡੇ ਉੱਤੇ ਪੈਰ ਰੱਖਿਆ ਤਾਂ ਕਬੀ-ਲਿਆਂ ਦੇ ਕੁਝ ਦੇਵਤੇ ਮਾਰੇ ਗਏ; ਕੁਝ ਕੁ ਲੁੱਕ ਛਿੱਪ ਕੇ ਭੂਤ ਪ੍ਰੇਤ ਬਣ ਗਏ ਅਤੇ ਕੁਝ ਇਕ ਨੇ ਰੱਬ ਜਾਂ ਈਸ਼ਵਰ ਦੀ ਅਧੀਨਤਾ ਸਵੀਕਾਰ ਕਰ ਲਈ । ਵਿਕਾਸਵਾਦੀਆਂ ਅਨੁ-ਸਾਰ ਇਹ ਮਨੁੱਖ ਦੇ ਸਮਾਜਕ ਵਿਕਾਸ ਦਾ ਅਗਲਾ ਪੜਾ ਸੀ । ਇਸ ਸਮੇਂ ਇਕ ਰੱਬ ਦੀ ਤਾਬਿਆਦਾਰੀ ਦਾ ਆਦਰਸ਼ ਮਨੁੱਖਾਂ ਲਈ ਹਿਤਕਾਰੀ ਸੀ । ਇਸ ਤੋਂ ਅਗਲਾ ਪੜਾ ਮਸ਼ੀਨੀ ਕ੍ਰਾਂਤੀ ਦੀ ਕ੍ਰਿਪਾ ਨਾਲ ਸੰਗਠਿਤ ਹੋਏ ਮਜ਼ਦੂਰਾਂ ਦੀ ਸ਼ਕਤੀ ਨੂੰ ਵਰਤ ਕੇ, ਬਾਦਸ਼ਾਹੀਆਂ ਤੋੜ ਕੇ ਧਨ ਦੀ ਉਪਜ ਦੇ ਵਸੀਲਿਆਂ ਦੇ ਮਾਲਕਾਂ ਦੀ ਸਰਦਾਰੀ ਸੀ । ਇਹ ਪ੍ਰਬੰਧ ਇਕ ਰੱਬ ਦੀ ਤਾਬਿਆਦਾਰੀ ਦੇ ਆਦਰਸ਼ ਨਾਲ ਮੇਲ ਨਹੀਂ ਖਾਂਦਾ ਜਾਂ ਇਉਂ ਆਖੋ ਕਿ ਇਕ ਰੱਬ ਦੀ ਤਾਬਿਆਦਾਰੀ ਦਾ ਆਦਰਸ਼ ਇਸ ਪ੍ਰਬੰਧ ਨਾਲ ਮੇਲ ਨਹੀਂ ਖਾਂਦਾ । ਇਸ ਕਰਕੇ ਰੱਬ ਨੂੰ ਰੂਹਾਨੀਅਤ ਜਾਂ ਆਤਮਾ ਦਾ ਰੂਪ ਦੇ ਕੇ ਹਰ ਕਿਸੇ ਵਿਚ ਉਸ ਦੀ ਹੋਂਦ ਦਾ ਆਦਰਸ਼ ਅਪਣਾਇਆ ਗਿਆ । ਅਗਲਾ ਵਿਕਾਸ ਪੜਾ ਸਮਾਜਵਾਦ ਨੂੰ ਮੰਨਿਆਂ ਜਾਂਦਾ ਹੈ ਅਤੇ ਇਸ ਪੜਾ ਵੱਲ ਵਿਕਾਸ ਕਰਨ ਦੇ ਰਸਤੇ ਵਿਚ ਹੋਰ ਕਈ ਰੋੜਿਆਂ ਦੀ ਹੋਂਦ ਦੇ ਨਾਲ ਨਾਲ ਆਤਮਾ ਜਾਂ ਸਰਬ ਵਿਆਪੀ ਰੱਬ ਦੇ ਆਦਰਸ਼ ਨੂੰ ਵੀ ਇਕ ਰੁਕਾਵਟ ਮੰਨਿਆਂ ਜਾਂਦਾ ਹੈ ਕਿਉਂਕਿ ਇਸ ਆਦਰਸ਼ ਨਾਲ ਕਈ ਅਜੇਹੇ ਉਪ-ਆਦਰਸ਼ ਸੰਬੰਧਤ ਹੋ ਗਏ ਹਨ ਜਿਹੜੇ ਸਮਾਜਵਾਦੀ ਪ੍ਰਬੰਧ ਨਾਲ ਮੇਲ ਨਹੀਂ ਖਾਂਦੇ । ਉਨ੍ਹਾਂ ਆਦਰਸ਼ਾਂ ਦੀ ਗੱਲ ਕਰਨ ਵਾਲਾ ਆਦਮੀ ਅੱਜ ਤੋਂ ਢਾਈ ਤਿੰਨ ਸੌ ਸਾਲ ਪਹਿਲਾਂ ਮਨੁੱਖਤਾ ਦਾ ਪਰਮ ਭਗਤ ਮੰਨਿਆਂ ਜਾਂਦਾ ਸੀ । ਅੱਜ ਅਜੇਹੇ ਆਦਮੀ ਨੂੰ ਪੂੰਜੀਪਤੀਆਂ ਦਾ ਏਜੰਟ ਆਖ ਕੇ ਸੰਗਸਾਰ ਕੀਤਾ ਜਾਵੇਗਾ ਜਾਂ ਗੋਲੀ ਮਾਰ ਦਿੱਤੀ ਜਾਵੇਗੀ ।

ਜਿਵੇਂ ਕਬੀਲਾਦਾਰੀ ਵਾਲੇ ਯੁਗ ਵਿਚ ਵੱਸਦੇ ਮਨੁੱਖ ਨੂੰ ਇਹ ਪਤਾ ਨਹੀਂ ਸੀ ਕਿ ਮੈਂ ਰਾਜਾ ਸ਼ਾਹੀ ਵਿਚ ਵਿਕਸ ਜਾਣਾ ਹੈ, ਰਾਜਾ ਸ਼ਾਹੀ ਵਿਚ ਵੱਸਦੇ ਮਨੁੱਖ ਇਹ ਨਹੀਂ ਸਨ ਜਾਣਦੇ ਕਿ ਅਸਾਂ ਪੂਜੀਵਾਦੀ ਸਮਾਜ ਦੀ ਉਸਾਰੀ ਕਰ ਲੈਣੀ ਹੈ; ਅਤੇ ਪੂੰਜੀਵਾਦੀ ਸਮਾਜਾਂ ਦੇ ਧਾਰਨੀ ਮਨੁੱਖ ਇਹ ਮੰਨਣ ਵਿਚ ਔਖ ਮਹਿਸੂਸ ਕਰਦੇ ਹਨ ਕਿ ਸਮਾਜਵਾਦੀ ਜੀਵਨ ਜਾਚ ਉਨ੍ਹਾਂ ਲਈ ਵਧੇਰੇ ਸੁਖਾਵੀਂ ਹੈ; ਉਵੇਂ ਹੀ ਸਮਾਜਵਾਦੀ ਮਨੁੱਖ ਇਹ ਮੰਨਣ ਨੂੰ ਤਿਆਰ ਨਹੀਂ ਕਿ ਇਸ ਤੋਂ ਅੱਗੇ ਵੀ ਵਿਕਾਸ ਹੋਣਾ ਹੈ । ਉਹ ਸੈਮਿਟਿਕ ਨਸਲ ਦੇ ਲੋਕਾਂ ਵਾਂਗ

ਸਦਾ ਇਸ ਵਿਸ਼ਵਾਸ ਨਾਲ ਜੁੜਿਆ ਰਹਿੰਦਾ ਹੈ ਕਿ ਹੁਣ ਵਾਲੀ ਅਵਸਥਾ ਆਖਰੀ ਅਵ-ਸਥਾ ਹੈ ਅਤੇ ਇਸ ਤੋਂ ਅੱਗੇ ਵਿਕਾਸ ਸੰਭਵ ਨਹੀਂ। ਮਿਸਰ ਦੀ ਸੱਭਿਅਤਾ ਜਦੋਂ ਪੂਰੇ ਜੋਬਨ ਉੱਤੇ ਸੀ ਉਸ ਸਮੇਂ ਕੌਣ ਜਾਣਦਾ ਸੀ ਕਿ ਵੱਡੇ ਵੱਡੇ ਫੈਰੋਆਂ ਦੀਆਂ ਆਲੀਸ਼ਾਨ ਕਬਰਾਂ, ਮਿਸਰ ਦੇ ਪਿਰਾਮਿਡ, ਇਕ ਦਿਨ ਧਰਤੀ ਦਾ ਬੇ-ਲੋੜਾ ਬੋਝ ਬਣ ਜਾਣਗੇ। ਉਸ ਸਮੇਂ ਦੇ ਮਿਸਰੀਆਂ ਨੇ ਆਪਣੀ ਸਾਰੀ ਅਕਲ, ਆਪਣੀ ਸਾਰੀ ਬਚਤ ਅਤੇ ਆਪਣੀ ਬਹੁਤੀ ਮਿਹਨਤ ਖਰਚ ਕਰ ਕੇ ਇਨ੍ਹਾਂ ਦੀ ਉਸਾਰੀ ਵਿਚੋਂ ਕਿਸੇ ਕਲਿਆਣ ਦੀ ਆਸ ਕੀਤੀ ਸੀ।

ਮਿਸਰੀਆਂ ਤੋਂ ਪਿਛੋਂ ਯੂਨਾਨੀ ਅਤੇ ਯੂਨਾਨੀ ਤੋਂ ਪਿਛੋਂ ਰੋਮਨ ਸੱਭਿਅਤਾ ਦਾ ਵਿਕਾਸ ਹੋਇਆ। ਕਿੱਥੇ ਗਿਆ ਸਭ ਕੁਝ ? ਜਿਹੜੇ ਰੋਮਨ ਸ਼ਹਿਨਸ਼ਾਹ ਈਸਾਈਆਂ ਨੂੰ ਜੀਊਂਦੇ ਜਲਾਉਣ, ਸ਼ੇਰਾਂ ਅੱਗੇ ਪਾਉਣ ਅਤੇ ਭੁੱਖੇ ਮਾਰਨ ਵਿਚ ਵਿਸ਼ਵਾਸ ਰੱਖਦੇ ਸਨ, ਉਨ੍ਹਾਂ ਨੂੰ ਕੀ ਪਤਾ ਸੀ ਕਿ ਉਨ੍ਹਾਂ ਵਰਗਾ ਹੀ ਇਕ ਰੋਮਨ ਸ਼ਹਿਨਸ਼ਾਹ ਈਸਾਈ ਬਣ ਕੇ ਉਨ੍ਹਾਂ ਲੋਕਾਂ ਨੂੰ ਭੁੱਖੇ ਸ਼ੇਰਾਂ ਅੱਗੇ ਪਾਇਆ ਕਰੇਗਾ ਜਿਹੜੇ ਈਸਾਈ ਹੋਣੋ ਇਨਕਾਰ ਕਰ-ਨਗੇ ! ਤੁਰਕਾਂ ਨੇ ਪਠਾਣਾਂ ਕੋਲੋਂ, ਪਠਾਣਾਂ ਨੇ ਮੁਗਲਾਂ ਕੋਲੋਂ, ਮੁਗਲਾਂ ਨੇ ਮਰਹੱਟਿਆਂ ਕੋਲੋਂ ਅਤੇ ਮਰਹੱਟਿਆਂ ਨੇ ਅੰਗਰੇਜ਼ਾਂ ਕੋਲੋਂ ਹਾਰਨ ਦੀ ਗੱਲ ਕਦੇ ਸੋਚੀ ਹੀ ਨਹੀਂ ਸੀ। ਅਜੇ ਉਹ ਅੰਗਰੇਜ਼ ਜੀਊਂਦੇ ਹਨ ਜਿਨ੍ਹਾਂ ਲਈ ਇਹ ਵਿਸ਼ਵਾਸ ਕਰ ਸਕਣਾ ਔਖਾ ਹੈ ਕਿ ਉਹ ਇਕ ਨਿਹੱਥੇ, ਅੱਧ ਨੰਗੇ ਅਨਾੜੀ ਨੂੰ ਸ਼ਕਤੀ ਸਾਹਮਣੇ ਝੁਕਾ ਅਤੇ ਅਕਲ ਨਾਲ ਹਰਾ ਸਕਣ ਦੀ ਥਾਂ ਆਪ ਹਾਰ ਚੁੱਕੇ ਹਨ। ਇਸ ਹਾਲਤ ਵਿਚ ਕਲਾਕਾਰ ਲਈ ਸਿਧਾਂਤਕ ਪੈਗ਼ੰਬਰੀ ਦਾ ਦਾਅਵਾ ਕਰਨਾ ਅਯੋਗ ਜਿਹੀ ਗੱਲ ਲੱਗਦੀ ਹੈ। ਜਦੋਂ ਸਭ ਕੁਝ ਬਦਲ ਜਾਣਾ ਹੈ, ਜਦੋਂ ਅੱਜ ਦੇ ਸੱਚ ਨੇ ਕੱਲ ਦਾ ਝੂਠ ਬਣ ਜਾਣਾ ਹੈ ਤਾਂ ਦਾਅਵਾ ਕਿਸ ਗੱਲ ਦਾ ਕੀਤਾ ਜਾਵੇ ? ਅੱਜ ਦੇ 'ਪੈਗ਼ੰਬਰ' ਨੂੰ ਕੱਲ ਦਾ 'ਏਜੰਟ' ਆਖਿਆ ਜਾਣਾ ਹੈ ਤਾਂ ਇਸ ਤੁਹਮਤ ਤੋਂ ਕਿਉਂ ਨ ਬਚਿਆ ਜਾਵੇ ?

ਜੇ ਮਨੁੱਖ ਦੇ ਸਮਾਜਕ ਵਿਕਾਸ ਦਾ ਹਰ ਅਗਲਾ ਪੜਾ ਮਨੁੱਖਤਾ ਲਈ ਪਹਿਲੇ ਨਾਲੋਂ ਵੱਧ ਸੁਖਾਵਾਂ ਸਿੱਧ ਹੁੰਦਾ ਆਇਆ ਹੈ ਤਾਂ ਮਨੁੱਖਤਾ ਨੂੰ ਅਗਲੇ ਪੜਾ ਦੀ ਸੇਧ ਦੇਣ ਵਿਚ ਕਲਾਕਾਰ ਦਾ ਯੋਗਦਾਨ ਸਤਿਕਾਰਯੋਗ ਕਿਉਂ ਨ ਮੰਨਿਆ ਜਾਵੇ ? ਇਸ ਪ੍ਰਸ਼ਨ ਦਾ ਉੱਤਰ ਪ੍ਰਾਪਤ ਕਰਨ ਲਈ ਮੁੜ ਪਿੱਛੇ ਵੱਲ ਝਾਤੀ ਪਾਉਣੀ ਪਵੇਗੀ। ਹਰ ਸਮੇਂ ਦਾ ਕਲਾਕਾਰ ਆਪਣਾ ਕਰਤੱਵ ਜਾਂ ਧਰਮ ਤਿਆਗ ਕੇ ਸਿਧਾਂਤਕ ਪੈਗ਼ੰਬਰੀ ਦੇ ਮੋਹ ਵਿਚ ਆ ਕੇ ਲੋਕਾਂ ਨੂੰ ਅਗਲੇ ਵਿਕਾਸ ਪੜਾ ਲਈ ਪ੍ਰੇਰਿਤ ਕਰਨ ਦੇ ਜਤਨ ਵਿਚ ਉਨ੍ਹਾਂ ਨੂੰ ਕਿਸੇ ਆਦਰਸ਼ ਨਾਲ ਜੁੜਨ ਜਕੜਨ ਦੀ ਬੁਰਾਈ ਵੀ ਕਰਦਾ ਹੈ। ਸਮੇਂ ਦੇ ਬੀਤਣ ਨਾਲ ਜਦੋਂ ਪਹਿਲੇ ਆਦਰਸ਼ ਮਨੁੱਖਤਾ ਲਈ ਹਿਤਕਾਰੀ ਨਹੀਂ ਰਹਿੰਦੇ ਰਹੇ ਤਾਂ ਨਵੇਂ ਕਲਾਕਾਰਾਂ ਨੂੰ ਉਹੋ ਬੰਧਨ ਮੁੜ ਓਨੀ ਹੀ ਖੇਚਲ ਨਾਲ ਤੋੜਨੇ ਪੈਂਦੇ ਰਹੇ ਹਨ ਜਿੰਨੀ ਖੇਚਲ ਨਾਲ ਉਨ੍ਹਾਂ ਤੋਂ ਪਹਿਲੇ ਹੋਣ ਵਾਲੇ ਕਲਾਕਾਰਾਂ ਨੇ ਉਹ ਪੱਕੇ ਕੀਤੇ ਸਨ। ਇਹ ਤਾਂ ਹੱਥਾਂ ਦੀਆਂ ਦਿੱਤੀਆਂ ਗੰਢਾਂ ਨੂੰ ਦੰਦਾਂ ਨਾਲ ਖੋਲ੍ਹਣ ਵਾਲੀ ਗੱਲ ਹੈ। ਇਹ ਨ ਕਲਾਕਾਰੀ ਹੈ ਨ ਪੈਗ਼ੰ-ਬਰੀ। ਪੈਗ਼ੰਬਰੀ ਤਾਂ ਹੈ ਹੀ ਹਾਸੋ-ਹੀਣੀ ਗੱਲ। ਇਸ ਬਦਲਦੀ ਵਿਕਸਦੀ ਸ੍ਰਿਸ਼ਟੀ ਵਿਚ

ਕਿਸੇ ਸਦਾ-ਸਥਿਰ-ਸਿਧਾਂਤ ਦਾ ਇਲਹਾਮੀ ਗਿਆਨ ਸੰਭਵ ਨਹੀਂ । ਇਹ ਬਦਲਦੀ ਵਿਕ-ਸਦੀ ਸ੍ਰਿਸ਼ਟੀ ਆਪਣੇ ਵਿਕਾਸ ਰਾਹੀਂ ਆਪਣੇ ਆਪ ਨੂੰ ਅਭਿਵਿਅਕਤ ਕਰਦੀ ਹੈ । ਇਸ ਦੇ ਵਿਕਾਸ ਦੇ ਨਾਲ ਨਾਲ ਬਦਲਦਾ ਅਤੇ ਵਿਕਸਦਾ ਰਹਿਣ ਵਾਲਾ ਮਨੁੱਖ ਹੀ ਇਸ ਵਿਕਾਸ ਨੂੰ ਅਨੰਤ ਲੀਲਾ ਜਾਣ ਕੇ ਇਸ ਦੇ ਸੌਂਦਰਯ ਨੂੰ ਮਾਣ ਸਕਦਾ ਹੈ । ਮਨੁੱਖੀ ਮਨ ਦੇ ਵਿਕਾਸ ਨੂੰ ਕਦੇ ਕਬੀਲਾਦਾਰੀ, ਕਦੇ ਤਾਨਾਸ਼ਾਹੀ, ਕਦੇ ਸਰਮਾਇਦਾਰੀ ਅਤੇ ਕਦੇ ਸਮਾਜਵਾਦ ਦੇ ਆਦਰਸ਼ ਨਾਲ ਬੰਨਣਾ ਕਲਾਕਾਰ ਲਈ ਉੱਚਿਤ ਨਹੀਂ ।

ਕਲਾਕਾਰ ਮਨੁੱਖਤਾ ਦਾ ਹਿਤੂ ਹੈ ਕਿਸੇ ਸਿਧਾਂਤ ਦਾ ਸੇਵਕ ਨਹੀਂ । ਉਸ ਨੇ ਮਨੁੱਖਤਾ ਨੂੰ ਹਰ ਸਿਧਾਂਤ, ਹਰ ਆਦਰਸ਼ ਹਰ ਪ੍ਰਬੰਧ ਤੋਂ ਅਗੇਰੇ ਜਾਣ ਲਈ ਪ੍ਰੇਰਿਤ ਕਰਨਾ ਹੁੰਦਾ ਹੈ । ਹਰ ਸਿਧਾਂਤ, ਹਰ ਆਦਰਸ਼, ਅਤੇ ਹਰ ਪ੍ਰਬੰਧ ਤੋਂ ਪਰੇ ਸਹਿਜ ਹੈ, ਆਨੰਦ ਹੈ । ਇਹ ਕਿਸੇ ਉੱਨਤੀ ਜਾਂ ਪ੍ਰਾਪਤੀ ਦਾ ਮੁਥਾਜ ਨਹੀਂ । ਇਹ ਮਨੁੱਖ ਦੇ ਭਾਵ-ਸੰਤੁਲਨ ਅਤੇ ਭਾਵ-ਵਿਕਾਸ ਦੀ ਉਪਜ ਹੈ । ਦਇਆ, ਖਿਮਾ, ਭ੍ਰਾਤ੍ਰੀ, ਸੰਤੋਖ, ਨਿੰਮ੍ਰਤਾ, ਸਰਲਤਾ, ਸੁਹਿਰਦਤਾ, ਨੇਕੀ, ਤਿਆਗ, ਸਾਦਗੀ, ਨੈਤਿਕ ਪਵਿਤ੍ਰਤਾ, ਧੀਰਜ ਅਤੇ ਪਿਆਰ ਆਦਿਕ ਦੇ ਉਨ੍ਹਾਂ ਮਨੁੱਖੀ ਭਾਵਾਂ ਦੀ ਦੌਲਤ ਨਾਲ ਮਨੁੱਖੀ ਮਨ ਨੂੰ ਮਾਲਾ ਮਾਲ ਕਰਨਾ ਕਲਾਕਾਰ ਦਾ ਧਰਮ ਹੈ ਜਿਨ੍ਹਾਂ ਦੀ ਸਹਾਇਤਾ ਦਾ ਸਦਕਾ ਉਹ ਇਕ ਪੜਾ ਦੇ ਅਧੂਰੇ ਆਦਰਸ਼ਾਂ ਨੂੰ ਛੱਡ ਕੇ ਦੂਜੇ ਦੇ ਚੰਗੇਰੇ ਪ੍ਰੰਤੂ ਅਜੇ ਵੀ ਅਧੂਰੇ ਆਦਰਸ਼ਾਂ ਨੂੰ ਅਪਣਾਉਂਦਾ ਆਇਆ ਹੈ । ਸੁਹਣੇ ਵਿਸ਼-ਵਾਸਾਂ ਦਾ ਧਾਰਣੀ ਸੁਹਿਰਦ ਮਨੁੱਖ ਸਹਿਜੇ ਹੀ ਵਿਕਸਦਾ ਜਾਵੇਗਾ । ਜੇ ਉਸਨੂੰ ਅਗਲੇ ਪੜਾ ਦੇ ਆਦਰਸ਼ਾਂ ਨਾਲ ਜੂੜ ਦਿਆਂਗੇ ਤਾਂ ਉਹ ਉਸ ਤੋਂ ਅਗਲੇ ਵਿਚ ਜਾਣੋਂ ਇਨਕਾਰ ਕਰ ਦੇਵੇਗਾ । ਇਸ ਲਈ ਮੇਰਾ ਸਿਧਾਂਤ ਇਹ ਹੈ ਕਿ ਕਲਾ ਦਾ ਇਕੋ ਇਕ ਮਨੋਰਥ ਆਨੰਦ ਹੈ ।

ਹੁਣ ਤੱਕ ਅਸੀਂ 'ਕਲਾ ਜੀਵਨ ਲਈ' ਜਾਂ 'ਕਲਾ ਲੋਕਾਂ ਲਈ' ਦੇ ਅਖੌਤੀ ਆਦਰਸ਼ ਨਾਲ ਜੁੜੇ ਰਹੇ ਹਾਂ ਜਦ ਕਿ ਕਲਾ ਆਪਣੇ ਸਾਰੇ ਇਤਿਹਾਸ ਵਿਚ ਲੋਕਾਂ ਲਈ ਘੱਟ ਹੀ ਹੋਈ ਹੈ । ਇਸ ਤੋਂ ਅੱਗੇ ਹੋਰ ਆਦਰਸ਼ ਵੀ ਤਾਂ ਹੋ ਸਕਦੇ ਹਨ । ਕਲਾ ਜੀਵਨ ਲਈ ਹੀ ਕਿਉਂ ਸਗੋਂ 'ਕਲਾ ਜੀਵਨ ਵਿਚ' ਦਾ ਆਦਰਸ਼ ਕਿਉਂ ਨ ਅਪਣਾਇਆ ਜਾਵੇ । ਕਲਾ ਅਤੇ ਜੀਵਨ ਨੂੰ ਇਕ-ਮਿੱਕ ਹੀ ਕਿਉਂ ਨ ਕਰ ਦਿੱਤਾ ਜਾਵੇ । ਜਿੰਨਾ ਚਿਰ ਕਲਾ ਅਤੇ ਜੀਵਨ ਇਕ-ਮਿੱਕ ਨਹੀਂ ਹੁੰਦੇ ਓਨਾ ਚਿਰ ਕਲਾ ਜੀਵਨ ਤੋਂ ਵਖਰੀ ਬਾਹਰਲੀ ਇਕ ਸੱਤਾ ਹੈ ਜਿਸ ਨੂੰ ਹੋਰ ਸਾਰੀਆਂ ਸ਼ਕਤੀਆਂ ਵਾਂਗ ਸ਼ਕਤੀਸ਼ਲੀ ਮਨੁੱਖਾਂ ਜਾਂ ਵਰਗਾਂ ਦੇ ਹਿੱਤਾਂ ਲਈ ਵਰਤਣ ਦੀ ਸੰਭਾਵਨਾ ਬਣੀ ਹੀ ਰਹੇਗੀ । ਸਹਾਨਭੂਤੀ ਨਾਲੋਂ ਸੁਹਣੀ ਕੋਈ ਕਵਿਤਾ ਨਹੀਂ ਅਤੇ ਮਿੱਠੇ ਬੋਲ ਨਾਲੋਂ ਮਧੁਰ ਕੋਈ ਸੰਗੀਤ ਨਹੀਂ । ਜਿਸ ਸਮਾਜ ਦੇ ਜਨ-ਸਾਧਾਰਣ ਦੀ ਆਮ ਬੋਲ ਚਾਲ ਗਾਲ੍ਹੀ-ਗਲੋਚ, ਕਠੋਰਤਾ, ਨਿਰਾਦਰ ਅਤੇ ਨਿਰਲਜਤਾ ਨਾਲ ਭਰਪੂਰ ਹੈ ਉਸ ਵਿਚ ਇਕ ਦੀ ਥਾਂ ਵੀਹ ਤਾਨਸੈਨ, ਬੈਜੂ ਬਾਵਰੇ, ਓਂਕਾਰ ਨਾਥ ਅਤੇ ਗੁਲਾਮ ਅਲੀ ਵੀ ਬਹੁਤੇ ਮਾਣ ਵਾਲੀ ਗੱਲ ਨਹੀਂ ਮੰਨੇ ਜਾਣੇ ਚਾਹੀਦੇ । ਜਿਹੜਾ ਮੰਨਦਾ ਹੈ ਉਸ ਨੇ ਅਜੇ 'ਕਲਾ ਜੀਵਨ ਲਈ' ਦੇ ਅਰਥ ਵੀ ਨਹੀਂ ਸਮਝੇ; ਉਹ 'ਕਲਾ ਜੀਵਨ ਵਿਚ' ਦੇ ਅਰਥ ਸ਼ਾਇਦ ਅਗਲੇ ਜਨਮ ਵਿਚ ਵੀ ਨਹੀਂ ਸਮਝੇਗਾ ।

ਇਕ ਗ੍ਰਹਿ ਲਕਸ਼ਮੀ ਸਿਰ ਉੱਤੇ ਛਾਹ ਵੇਲਾ ਚੁੱਕੀ ਆਪਣੇ ਘਰੋਂ ਨਿਕਲੀ ਹੈ। ਮਿੱਸੀ ਰੋਟੀ, ਮੱਖਣ ਅਤੇ ਲੱਸੀ ਦਾ ਸਾਦਾ ਜਿਹਾ ਭੋਜਨ ਉਸ ਨੇ ਪਿਆਰ ਅਤੇ ਸ਼ਰਧਾ ਨਾਲ ਤਿਆਰ ਕੀਤਾ ਹੈ। ਉਸ ਨੂੰ ਕੋਈ ਕਾਹਲ ਨਹੀਂ ਸਗੋਂ ਜੀਵਨ-ਸਾਥੀ ਦੀ ਸੇਵਾ ਦਾ ਚਾਅ ਹੈ। ਉਸ ਨੂੰ ਗਰੀਬ ਹੋਣ ਦਾ ਝੋਰਾ ਨਹੀਂ ਸਗੋਂ ਕਿਰਤੀ ਹੋਣ ਦਾ ਗੌਰਵ ਹੈ। ਉਸ ਦਾ ਚਾਅ ਅਤੇ ਗੌਰਵ ਉਸ ਦੀ ਚਾਲ ਵਿਚ ਸਮਾਏ ਹੋਏ ਹਨ। ਜਿਸ ਸਮਾਜ ਦੀ ਇਸਤ੍ਰੀ ਇਸ ਤੋਰੇ ਤੁਰ ਸਕਦੀ ਹੈ ਉਸ ਸਮਾਜ ਨੂੰ ਉਦੇ ਸ਼ੰਕਰਾਂ ਦੀ ਲੋੜ ਨਹੀਂ। ਉਹ ਨ੍ਰਿਤ-ਕਲਾ ਦੀ ਸੀਮਾਂ ਨੂੰ ਛੁਹ ਚੁੱਕਾ ਹੈ।

ਜਿਸ ਦੇਸ਼ ਦੇ ਘਰਾਂ ਦੇ ਅੱਗੇ ਪਿੱਛੇ ਨਿੱਕੇ ਨਿੱਕੇ ਬਗੀਚਿਆਂ ਵਿਚ ਫੁੱਲ ਖਿੜਦੇ ਹਨ। ਜਿਸ ਦੇਸ਼ ਦੇ ਨਾਗਰਿਕ ਸਵੇਰੇ ਸ਼ਾਮ ਸੁੰਦਰ ਸਾਫ਼ ਚੌਗਿਰਦੇ ਵਿਚ ਕੁਦਰਤ ਰਾਣੀ ਦੇ ਨੇੜ ਦਾ ਸੌਭਾਗ ਮਾਣਦੇ ਹੋਏ ਚੜ੍ਹਦੇ-ਡੁਬਦੇ ਸੂਰਜ ਨੂੰ ਪ੍ਰਣਾਮ ਕਰਦੇ ਹਨ ਉਸ ਦੇਸ਼ ਨੂੰ ਕਿਸੇ ਮਾਈਕਲ ਐਂਜੀਲੋ ਅਤੇ ਪਿਕਾਸੋ ਦੀ ਲੋੜ ਨਹੀਂ। ਕੁਦਰਤ ਦਾ ਚਿੱਤ੍ਰਕਾਰ ਉਨ੍ਹਾਂ ਲਈ ਚੋਖੀ ਚਿੱਤ੍ਰਕਾਰੀ ਕਰ ਰਿਹਾ ਹੈ। ਜਿਸ ਦੇਸ਼ ਦਾ ਬਾਜ਼ਾਰਾਂ ਵਿਚ ਗੰਦਗੀ ਦੇ ਢੇਰ ਲਗਦੇ ਹਨ; ਜਿਸ ਦੇਸ਼ ਦੇ ਸ਼ਹਿਰਾਂ ਦੀਆਂ ਤੰਗ ਗਲੀਆਂ ਵਿਚੋਂ ਲੰਘਦਿਆਂ ਲਹਿੰਦੇ ਕੋਠਿਆਂ ਤੋਂ ਮੈਲੇ ਦੀਆਂ ਛਿੱਟਾਂ ਪੈਂਦੀਆਂ ਹਨ; ਜਿਸ ਦੇਸ਼ ਦੇ ਪਿੰਡਾਂ ਦੇ ਸ਼ਿੰਗਾਰ ਰੂੜੀ ਦੇ ਢੇਰ ਅਤੇ ਪਥਕਣਾਂ ਹਨ ਉਸ ਦੇਸ਼ ਵਿਚ ਕਿਸੇ ਸੋਭਾ ਸਿੰਘ ਦਾ ਉਪਜਣਾ ਰੱਬੀ ਕਰਾਮਾਤ ਤਾਂ ਜ਼ਰੂਰ ਹੈ ਪਰ ਬਹੁਤੇ ਮਾਣ ਵਾਲੀ ਗੱਲ ਨਹੀਂ। ਮੰਦਰ, ਮੀਨਾਰ, ਮਕਬਰੇ ਕਿਲ੍ਹੇ, ਕੋਟ ਅਤੇ ਤਾਜ ਮਹਲ ਉਸ ਦੇਸ਼ ਦੇ ਕਿਸ ਕੰਮ ਹਨ ਜਿਸ ਦੀ ਇਕ ਚੌਥਾਈ ਜਨਤਾ ਦੇ ਸਿਰ ਉੱਤੇ ਛੱਤ ਦਾ ਉਹਲਾ ਵੀ ਨ ਹੋਵੇ। ਪਰ 'ਕਲਾ ਜੀਵਨ ਵਿਚ' ਦਾ ਇਹ ਭਾਵ ਨਹੀਂ ਕਿ ਕਲਾਕਾਰ ਇਨ੍ਹਾਂ ਵਿਚਾਰਾਂ ਦਾ ਪਰਚਾਰ ਕਰਨ ਲੱਗ ਪਵੇ। ਇਹ ਆਦਰਸ਼ ਵਿਚਾਰਾਂ ਨਾਲ ਸੰਬੰਧਤ ਨਹੀਂ ਵਿਸ਼ਵਾਸਾਂ ਅਤੇ ਕੰਮਾਂ ਨਾਲ ਸੰਬੰਧਤ ਹੈ। ਇਹ ਭਾਵਾਂ ਦੇ ਵਿਕਾਸ ਨਾਲ ਪ੍ਰਾਪਤ ਹੁੰਦਾ ਹੈ। ਜਿਸ ਦੇ ਭਾਵ ਸੁੰਦਰ ਹੋ ਜਾਂਦੇ ਹਨ ਉਸ ਦੇ ਹਿਰਦੇ ਵਿਚ ਸਾਰੀਆਂ ਕਲਾਵਾਂ ਦੀ ਸੁੰਦਰਤਾ ਸਮਾ ਜਾਂਦੀ ਹੈ। ਜਿਸ ਦੇ ਭਾਵ ਕੋਮਲ ਨਹੀਂ ਉਹ ਨਿਪੁੰਨ ਕਲਾਕਾਰ ਹੋ ਕੇ ਵੀ ਸੁੰਦਰਤਾ ਤੋਂ ਸੱਖਣਾ ਹੈ।

ਭਾਵਾਂ ਦੀ ਸੁੰਦਰਤਾ, ਕੋਮਲਤਾ ਅਤੇ ਪਵਿਤ੍ਰਤਾ ਦਾ ਸਮਾਂ ਮਨੁੱਖੀ ਜੀਵਨ ਦੇ ਪਹਿਲੇ ਪੰਦਰਾਂ ਕੁ ਸਾਲ ਹੁੰਦਾ ਹੈ। ਇਸ ਤੋਂ ਪਿਛੋਂ ਉਸ ਵਿਚ ਖੁਦ-ਪਸੰਦੀ, ਅਭੀਮਾਨ, ਖੋਖਲਾਪਨ, ਕਾਮ, ਕ੍ਰੋਧ, ਲੋਭ, ਮੋਹ, ਸੁਆਰਥ, ਮਕਾਰੀ, ਫਰੇਬ ਅਤੇ ਦਿਖਾਵਾ ਆਦਿਕ ਦੇ ਕਈ ਭੂਤ ਪ੍ਰੇਤ ਆ ਵਸਦੇ ਹਨ। ਇਹ ਸਾਰੇ ਭੂਤਨੇ ਉਸ ਦੀ ਅਕਲ ਦੇ ਨੱਕ ਵਿਚ ਨਕੇਲ ਪਾ ਲੈਂਦੇ ਹਨ। ਉਸ ਦੀ ਅਕਲ ਵੰਨ-ਸੁਵੰਨੀਆਂ ਕਲਾ ਬਾਜ਼ੀਆਂ ਸਿੱਖ ਕੇ ਉਸ ਦੇ ਮਨ-ਮੰਦਰ ਵਿਚਲੇ ਭੂਤਨਿਆਂ ਦਾ ਮਨੋਰੰਜਨ ਕਰਦੀ ਹੈ। ਹੁਣ ਇਸ ਅਕਲ ਨੂੰ ਭਾਵੇਂ ਕਲਾ ਦਾ ਗਿਆਨ ਦਿਉ ਭਾਵੇਂ ਵਿਗਿਆਨ ਦਾ, ਭਾਵੇਂ ਫਲਸਫੇ ਦਾ ਗਿਆਨ ਦਿਉ ਭਾਵੇਂ ਵਪਾਰ ਦਾ, ਭਾਵੇਂ ਧਰਮ ਦਾ ਗਿਆਨ ਦਿਉ ਭਾਵੇਂ ਅਧਰਮ ਭਾਵ ਸਿਆਸਤ ਦਾ ਇਹ ਸਾਰੇ ਗਿਆਨ ਇਸ ਦੇ ਸੁਆਮੀ, ਸ਼ੈਤਾਨ, ਦੀ ਸ਼ਕਤੀ ਵਿਚ ਵਾਧਾ ਕਰਨਗੇ। ਪਹਿਲੇ ਪੰਦਰਾਂ ਸਾਲਾਂ ਵਿਚ ਮਨੁੱਖ ਦੀ ਕਲਾ ਨਾਲ ਸਾਂਝ ਪਾਉਣ

ਦੇ ਦੋ ਵਸੀਲੇ ਉਸ ਦਾ ਘਰ ਅਤੇ ਉਸ ਦਾ ਸਕੂਲ ਹਨ। ਅਜੋਕੇ ਸੱਭਿਅ ਸਮਾਜਾਂ ਲਈ ਆਪਣੇ ਬੱਚਿਆਂ ਦੇ ਆਲੇ ਦੁਆਲੇ ਨੂੰ ਕਲਾਮਈ ਬਣਾਉਣਾ ਸੰਭਵ ਵੀ ਨਹੀਂ ਸਗੋਂ ਸੌਖਾ ਵੀ ਹੈ; ਸੌਖਾ ਹੀ ਨਹੀਂ ਸਗੋਂ ਜ਼ਰੂਰੀ ਵੀ ਹੈ।

ਇਸ ਲੇਖ ਦੇ ਅੰਤ ਵਿਚ ਇਕ ਹੋਰ ਗੱਲ ਇਹ ਕਹਿਣੀ ਚਾਹੁੰਦਾ ਹਾਂ ਕਿ ਅਮੀਬਾ ਨੂੰ ਇਹ ਗਿਆਨ ਨਹੀਂ ਸੀ ਕਿ ਉਹ ਮਨੁੱਖ ਵਿਚ ਵਿਕਸ ਜਾਵੇਗਾ; ਬਾਂਦਰ ਜਾਂ ਗੁਰੀਲੇ ਨੂੰ ਇਹ ਗਿਆਨ ਨਹੀਂ ਸੀ ਕਿ ਥੋੜ੍ਹੀ ਜਿਹੀ ਸਰੀਰਕ ਤਬਦੀਲੀ ਦਾ ਸਦਕਾ ਅਸ਼ਰਫ-ਉਲ-ਮਖਲੂਕਾਤ ਬਣ ਕੇ ਉਹ ਇਕ ਧਰਤੀ ਤੋਂ ਦੂਜੀ ਧਰਤੀ ਤੱਕ ਉਵੇਂ ਹੀ ਛਾਲ ਮਾਰ ਸਕੇਗਾ ਜਿਵੇਂ ਆਪਣੇ ਬਾਂਦਰ-ਰੂਪ ਵਿਚ ਉਹ ਰੁੱਖ ਦੀ ਇਕ ਟਹਿਣੀ ਤੋਂ ਦੂਜੀ ਟਹਿਣੀ ਤੱਕ ਮਾਰ ਸਕਦਾ ਹੈ। ਪ੍ਰੰਤੂ ਗਿਆਨ ਦੀ ਇਸ ਅਣਹੋਂਦ ਨੇ ਵਿਕਾਸ ਵਿਚ ਕੋਈ ਵਿਘਨ ਨਹੀਂ ਪਾਇਆ। ਅਮੀਬਾ ਮਨੁੱਖ ਵਿਚ ਵਿਕਸਿਆ ਹੈ। ਅਸਲ ਵਿਚ ਗਿਆਨ ਕਿਸੇ ਵਿਕਾਸ ਦੀ ਬੁਨਿਆਦੀ ਸ਼ਰਤ ਨਹੀਂ। ਵਿਕਾਸ ਇਸ ਸ੍ਰਿਸ਼ਟੀ ਦਾ ਸੁਭੱਾ ਹੈ। ਜਿਸ ਮਨੁੱਖ ਦੇ ਸੁਭੱਾ ਵਿਚ ਉਲਾਰ ਨਹੀਂ ਉਹ ਸੁਭਾਵਕ ਹੀ ਵਿਕਸਦਾ ਰਹਿੰਦਾ ਹੈ। ਅਤੇ ਉਸ ਮਨੁੱਖ ਦਾ ਸੁਭਾਵ-ਸੰਤੁਲਨ ਠੀਕ ਮੰਨਿਆਂ ਜਾਂਦਾ ਹੈ ਜਿਸ ਦੀ ਭਾਵੁਕਤਾ ਅਤੇ ਬੌਧਿਕਤਾ ਇਕ ਦੂਜੀ ਨੂੰ ਸਹਿਯੋਗ ਦੇ ਕੇ ਉਸ ਮਨੁੱਖ ਨੂੰ ਆਪਣੀ ਜ਼ਮੀਰ ਜਾਂ ਆਪਣੇ ਅੰਤਹਕਰਣ ਦੀ ਆਗਿਆ ਵਿਚ ਤੁਰਨ ਦੇ ਯੋਗ ਬਣਾਉਂਦੀਆਂ ਹਨ। ਜ਼ਮੀਰ ਜਾਂ ਅੰਤਹਕਰਣ ਮਨੁੱਖੀ ਮਨ ਦੀ ਉਹ ਚੇਤਨਾ ਹੈ ਜਿਹੜੀ ਇਸ ਗੱਲ ਦਾ ਫੈਸਲਾ ਕਰਦੀ ਹੈ ਕਿ ਮਨੁੱਖ ਦਾ ਦੂਜੇ ਜੀਵ-ਧਾਰੀਆਂ ਨਾਲ ਕੋਈ ਰਿਸ਼ਤਾ ਸੁਆਰਥੀ ਹੈ ਕਿ ਨਿਸ਼ਕਾਮ। ਹਰ ਦੇਸ਼, ਕੌਮ, ਧਰਮ, ਸਭਿਅਤਾ ਅਤੇ ਸਮਾਜ-ਪ੍ਰਬੰਧ ਇਸ ਜਤਨ ਵਿਚ ਹੁੰਦਾ ਹੈ ਕਿ ਉਸ ਦੇ ਮੈਂਬਰ ਮਨੁੱਖ ਉਸ ਦੀ ਨਿਸ਼ਚਿਤ ਕੀਤੀ ਹੋਈ ਵਿਕਾਸ-ਸੀਮਾ ਤੋਂ ਅੱਗੇ ਨ ਲੰਘਣ। ਇਸ ਮਨੋਰਥਦੀ ਪ੍ਰਾਪਤੀ ਲਈ ਉਹ ਮਨੁੱਖੀ ਸੁਭੱਾ ਦੇ ਸੰਤੁਲਨ ਨੂੰ ਉਲਾਰ ਵਿਚ ਬਦਲਣ ਦਾ ਜਤਨ ਕਰਦਾ ਹੈ। ਰਾਸ਼ਟਰਵਾਦ, ਅੱਤਵਾਦ, ਕ੍ਰਾਂਤੀਵਾਦ ਦੇਸ਼-ਭਗਤੀ, ਅੰਧ-ਵਿਸ਼ਵਾਸ, ਫਿਰਕਾ ਪ੍ਰਸਤੀ ਆਦਿਕ ਸਭ ਕੁੱਝ ਮਨੁੱਖੀ ਮਨ ਦਾ ਉਲਾਰ ਹੈ। ਜਿਸ ਮਨੁੱਖ ਦੇ ਸੁਹਣੇ ਭਾਵ ਵਿਕਸਿਤ ਹਨ ਉਹ ਇਕ ਪੜਾ ਤੋਂ ਦੂਜੇ ਵਿਚ ਇਉਂ ਵਿਕਸ ਜਾਂਦਾ ਹੈ ਜਿਵੇਂ ਠੰਢੀ ਰੁਮਕਦੀ ਪੌਣ ਇਕ ਫੁੱਲ ਤੋਂ ਦੂਜੇ ਕੋਲ ਚਲੇ ਜਾਂਦੀ ਹੈ। ਕਿਸੇ ਵੀ ਧਾਰਮਕ, ਸਮਾਜਕ, ਸਿਆਸੀ, ਆਰਥਕ ਜਾਂ ਅਧਿਆਤਮਕ ਸਿਧਾਂਤ ਨਾਲ ਜੂੜਿਆ ਜਕੜਿਆ ਹੋਇਆ ਮਨੁੱਖੀ ਮਨ ਉਲਾਰ ਹੈ।

ਕਲਾਕਾਰ ਦਾ ਕੰਮ ਉਲਾਰ ਵਧਾਉਣਾ ਨਹੀਂ, ਸੌਂਦਰਯ ਉਪਜਾਉਣਾ ਹੈ। ਸੌਂਦਰਯ ਉਪਜਾਉਣ ਵਿਚ ਉਸ ਦੀ ਕਲਪਨਾ ਉਸ ਦੀ ਸੁਹਿਰਦਤਾ ਅਤੇ ਉਸ ਦਾ ਜੀਵਨ ਅਨੁਭਵ ਸਮਰਥ ਹਨ। ਇਨ੍ਹਾਂ ਰਾਹੀਂ ਉਸ ਦੀ ਜਨ ਸਾਧਾਰਣ ਨਾਲ ਜਿਹੜੀ ਸਾਂਝ ਪੈਂਦੀ ਹੈ ਉਹ ਸੌਂਦਰਯ-ਸਾਂਝ ਹੈ। ਪ੍ਰੰਤੂ ਉਹ ਇਉਂ ਮਹਿਸੂਸ ਕਰਦਾ ਹੈ ਕਿ ਕਿਸੇ ਅਗਰਗਾਮੀ ਸਿਧਾਂਤ ਰਾਹੀਂ ਜਨ-ਸਾਧਾਰਣ ਨਾਲ ਸਾਂਝ ਪਾਉਣ ਵਿਚ ਉਸ ਦੀ ਮਹਾਨਤਾ ਹੈ। ਉਸ ਦੇ ਮਨ ਦਾ ਇਹ ਉਲਾਰ ਉਸ ਨੂੰ ਕਲਾਕਾਰ ਦੀ ਪਦਵੀ ਤੋਂ ਡੇਗ ਦਿੰਦਾ ਹੈ ਅਤੇ ਜਨ-ਸਾਧਾਰਣ ਨੂੰ ਸੁੱਚੇ ਸੌਂਦਰਯ ਅਤੇ ਉੱਚੇ ਆਨੰਦ ਤੋਂ ਵਂਚਿਤ ਕਰਦਾ ਹੈ।

# ਕਲਾਕਾਰ

ਕ੍ਰਿਤ੍ਰਿਮ ਸੁੰਦਰਤਾ ਦੇ ਸਿਰਜਨਹਾਰ ਨੂੰ ਕਲਾਕਾਰ ਆਖਿਆ ਜਾਂਦਾ ਹੈ। ਮਨੁੱਖਤਾ ਦੇ ਵਿਸ਼ਾਲ ਵਿਹੜੇ ਵਿਚ ਪਸਰੀ ਹੋਈ ਕ੍ਰਿਤ੍ਰਿਮ ਸੁੰਦਰਤਾ ਦਾ ਧਿਆਨ ਧਰਨ ਨਾਲ ਅਸੀਂ ਕਲਾਕਾਰ ਦੇ ਸ਼ੁਕਰ ਗੁਜ਼ਾਰ ਹੋਏ ਬਿਨਾਂ ਰਹਿ ਨਹੀਂ ਸਕਦੇ । ਇਸ ਦੇ ਨਾਲ ਨਾਲ ਇਹ ਵੀ ਸੱਚ ਹੈ ਕਿ ਇਸ ਅਦਭੁੱਤ ਸੁੰਦਰਤਾ ਦੇ ਸਿਰਜਣਹਾਰ, ਸਾਰੇ ਦੇ ਸਾਰੇ, ਆਪਣੀਆਂ ਕਲਾ ਕ੍ਰਿਤੀਆਂ ਜਿੰਨੇ ਸੁੰਦਰ ਨਹੀਂ ਸਨ। ਸੰਸਾਰ ਨੇ ਆਪਣੇ ਸਾਰੇ ਇਤਿਹਾਸ ਵਿਚ ਉਂਗਲਾਂ ਉੱਤੇ ਗਿਣਨ ਜੋਗੇ ਅਜਿਹੇ ਕਲਾਕਾਰ ਉਪਜਾਏ ਹਨ ਜਿਨ੍ਹਾਂ ਦਾ ਆਪਣਾ ਮਨ ਅਤੇ ਨਿਜੀ ਜੀਵਨ ਉਨ੍ਹਾਂ ਦੀਆਂ ਕਲਾ ਕ੍ਰਿਤੀਆਂ ਜਿੰਨਾ ਸੁੰਦਰ ਸੀ। ਪੁਰਾਤਨ ਸਮੇਂ ਦੇ ਮਹਾਨ ਕਲਾਕਾਰਾਂ ਦੀਆਂ ਜੀਵਨੀਆਂ ਇਸ ਸੱਚ ਦੀ ਗਵਾਹੀ ਭਰਦੀਆਂ ਹਨ ਕਿ ਉਨ੍ਹਾਂ ਦੇ ਮਨ, ਦੂਜੇ ਲੋਕਾਂ ਦੇ ਮਨਾਂ ਵਾਂਗ, ਲੋਭ, ਈਰਖਾ, ਘਿਰਣਾ, ਹੰਕਾਰ ਅਤੇ ਸੁਆਰਥ ਵਰਗੇ ਨੀਵੇਂ ਭਾਵਾਂ ਨਾਲ ਭਰਪੂਰ ਸਨ। ਜਿਵੇਂ ਜਿਵੇਂ ਉਨ੍ਹਾਂ ਦੀਆਂ ਸੰਸਾਰਕ ਪ੍ਰਾਪਤੀਆਂ ਵਧਦੀਆਂ ਗਈਆਂ ਹਨ ਤਿਵੇਂ ਤਿਵੇਂ ਉਨ੍ਹਾਂ ਦੇ ਮਨਾਂ ਵਿਚਲੀ ਕੁਰੂਪਤਾ ਨਿਰੀ ਕੁਰੂਪਤਾ ਨ ਰਹਿ ਕੇ ਨੀਚਤਾ ਵਿਚ ਵੀ ਨਿਘਰਦੀ ਗਈ ਹੈ।

ਇਸ ਸੱਚ ਦੀ ਪਰਖ-ਪੜਚੋਲ ਸਿੱਧੇ ਢੰਗ ਨਾਲ ਸੰਭਵ ਨਹੀਂ। ਅਸਿੱਧੇ ਢੰਗ ਨਾਲ ਅਸੀਂ ਇਹ ਜਾਣਨ ਵਿਚ ਸਫਲ ਹੋ ਸਕਦੇ ਹਾਂ ਕਿ ਪੁਰਾਤਨ ਸਮੇਂ ਦੇ ਕਲਾਕਾਰਾਂ ਦੀਆਂ ਜੀਵਨੀਆਂ ਪੜ੍ਹ ਕੇ ਉਪ੍ਰੋਕਤ ਸਿੱਟਾ ਕੱਢਣ ਵਾਲੇ ਲੋਕ ਕਿੰਨੇ ਕੁ ਸੱਚੇ ਹਨ। ਉਹ ਅਸਿੱਧਾ ਢੰਗ ਹੈ ਆਪਣੇ ਸਮਕਾਲੀ ਕਲਾਕਾਰਾਂ ਦੇ ਜੀਵਨ ਉੱਤੇ ਇਕ ਪੜਚੋਲਵੀਂ ਝਾਤੀ ਪਾਉਣ ਦਾ ਢੰਗ। ਇਹ ਕੁੱਝ ਲਿਖਣ ਤੋਂ ਮੇਰਾ ਭਾਵ ਜਾਂ ਮੇਰਾ ਮਨੋਰਥ, ਕਲਾਕਾਰਾਂ ਪ੍ਰਤੀ ਕਿਸੇ ਪ੍ਰਕਾਰ ਦੀ ਮੰਦ-ਭਾਵਨਾ ਦਾ ਪ੍ਰਗਟਾਵਾ ਜਾਂ ਮੰਦ-ਭਾਵਨਾ ਦੀ ਉਤਪਤੀ ਨਹੀਂ ਸਗੋਂ ਇਕ ਦੁੱਖਦਾਈ ਵਾਸਤਵਿਕਤਾ ਨੂੰ ਸੁਹਿਰਦ ਲੋਕਾਂ ਦੇ ਸਾਹਮਣੇ, ਠੀਕ ਉਵੇਂ ਹੀ ਬਿਆਨ ਕਰਨਾ ਹੈ ਜਿਵੇਂ ਕੋਈ ਰੋਗੀ ਜਾਂ ਕਿਸੇ ਰੋਗੀ ਦਾ ਕੋਈ ਸਨੇਹੀ ਆਪਣੀ ਪੀੜਾ ਨੂੰ ਇਕ ਵੈਦ ਜਾਂ ਡਾਕਟਰ ਦੇ ਸਨਮੁੱਖ ਬਿਆਨ ਕਰਦਾ ਹੈ।

ਕਲਾ ਅਤੇ ਕਲਾਕਾਰ ਦੋਵੇਂ ਅਸਾਧਾਰਣ ਹੁੰਦੇ ਹਨ। ਆਮ ਲੋਕਾਂ ਵਿਚ ਅਸਾਧਾਰਣਤਾ ਲਈ ਉਚੇਚਾ ਸਤਿਕਾਰ ਹੁੰਦਾ ਹੈ। ਕਲਾਕਾਰ ਨੂੰ ਇਸ ਸੱਚ ਦਾ ਪੂਰਾ ਪੂਰਾ

ਅਹਿਸਾਸ ਹੁੰਦਾ ਹੈ ਕਿ ਮੈਂ ਅਸਾਧਾਰਣ ਸਮਝਿਆ ਜਾ ਰਿਹਾ ਹਾਂ। ਇਸੇ ਅਹਿਸਾਸ ਨੇ ਮਨੁੱਖਤਾ ਨੂੰ ਉਸ ਸੁੰਦਰਤਾ ਤੋਂ ਵੰਚਿਤ ਕੀਤਾ ਹੈ ਜਿਹੜੀ ਮਨੁੱਖੀ ਆਚਰਣ ਦੇ ਰੂਪ ਵਿਚ ਪਰਗਟ ਹੁੰਦੀ ਹੈ ਅਤੇ ਜਿਸ ਨੂੰ ਸ੍ਰਿਸ਼ਟੀ ਦੇ ਰਚਣਹਾਰ ਦੀ ਉੱਤਮ ਕਲਾ ਕ੍ਰਿਤੀ ਆਖਿਆ ਜਾ ਸਕਦਾ ਹੈ। ਮੈਂ ਸ੍ਰਿਸ਼ਟੀ ਨੂੰ ਵਿਕਾਸ ਮੰਨਦਾ ਹਾਂ। ਕਲਾਕਾਰ ਵੀ ਵਿਕਸਦੇ ਹਨ। ਕਲਾਕਾਰ ਹੋਣਾ ਮੰਜ਼ਲ ਨਹੀਂ। ਸਤੋ ਗੁਣੀ ਸਹਿਜ ਆਨੰਦ ਭਰਪੂਰ ਵਿਅਕਤੀ ਹੋਣਾ ਵਿਕਾਸ ਦਾ ਮਨੋਰਥ ਹੈ। ਕਲਾਕਾਰ ਨੇ ਵੀ ਇਸ ਮਨੋਰਥ ਦੀ ਸੇਧ ਵਿਚ ਵਿਕਸਣਾ ਹੈ। ਆਪਣੇ ਮੁੱਢਲੇ ਰੂਪ ਵਿਚ ਉਹ ਰਸਿਕ ਪੁਰਸ਼ ਹੈ ਅਤੇ ਰਸਿਕਤਾ ਤਮੋ ਗੁਣੀ ਬ੍ਰਿਤੀ ਹੈ। ਇਸ ਤਮੋ-ਗੁਣੀ ਬ੍ਰਿਤੀ ਨੂੰ ਸਤੋ ਗੁਣੀ ਵਿਚਾਰਸ਼ੀਲਤਾ ਵਿਚ ਅਤੇ ਸਤੋ ਗੁਣੀ ਵਿਚਾਰ-ਸ਼ੀਲਤਾ ਨੂੰ ਵੈਰਾਗ ਦੇ ਸਹਿਜ ਆਨੰਦ ਵਿਚ ਵਿਕਸਣ ਲਈ ਜਿਨ੍ਹਾਂ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ ਉਨ੍ਹਾਂ ਨੂੰ ਮੈਂ ਰਸਿਕਤਾ, ਭਾਵੁਕਤਾ, ਵਿਚਾਰ-ਸ਼ੀਲਤਾ ਅਤੇ ਵੈਰਾਗ ਦੇ ਨਾਂ ਦਿਤੇ ਹਨ। ਅਗਲੇ ਪੰਨਿਆਂ ਵਿਚ ਇਸ ਵਿਕਾਸ ਦਾ ਕੁਝ ਵਿਸਥਾਰ ਕਰਦਾ ਹਾਂ।

## ਰਸਿਕ

ਸਾਧਾਰਣ ਤੌਰ ਉੱਤੇ ਰਸਿਕ ਤੋਂ ਮੇਰਾ ਭਾਵ ਹੈ 'ਉਹ ਮਨੁੱਖ ਜੋ ਸੰਸਾਰ ਦੇ ਰਸਾਂ-ਕਸਾਂ ਨੂੰ ਮਾਣਨ ਦੀ ਰੁਚੀ ਅਤੇ ਯੋਗਤਾ ਰੱਖਦਾ ਹੋਵੇ'। ਇਸ ਅਰਥ ਅਨੁਸਾਰ ਸੰਸਾਰ ਦੇ ਸਾਰੇ ਮਨੁੱਖ ਅਤੇ ਪਸ਼ੂ ਪੰਛੀ ਰਸਿਕ ਆਖੇ ਜਾ ਸਕਦੇ ਹਨ। ਪਰੰਤੂ ਰਸਿਕ ਮਨੁੱਖ ਅਤੇ ਰਸਿਕ ਪਸ਼ੂ ਵਿਚ ਕੁੱਝ ਫਰਕ ਜ਼ਰੂਰ ਹੈ। ਪਹਿਲਾ ਅੰਤਰ ਇਹ ਹੈ ਕਿ ਪਸ਼ੂਆਂ ਵਿਚ ਸਾਰੇ ਰਸਾਂ ਨੂੰ ਮਾਣਨ ਦੀ ਯੋਗਤਾ ਨਹੀਂ ਹੁੰਦੀ। ਇਕ ਪ੍ਰਕਾਰ ਦੇ ਪਸ਼ੂ ਕਿਸੇ ਇਕ ਪ੍ਰਕਾਰ ਦੇ ਰਸ ਨੂੰ ਦੂਜਿਆਂ ਰਸਾਂ ਨਾਲੋਂ ਵਧੇਰੇ ਮਾਣਦੇ ਹਨ। ਮਨੁੱਖ ਵਿਚ ਸਾਰੇ ਰਸਾਂ ਨੂੰ ਮਾਣਨ ਦੀ ਯੋਗਤਾ ਹੈ ਅਤੇ ਇਹ ਵਿਕਸਾਈ ਵੀ ਜਾ ਸਕਦੀ ਹੈ। ਮਨੁੱਖ ਅਤੇ ਪਸ਼ੂ ਵਿਚਲਾ ਇਹ ਅੰਤਰ 'ਗੁਣ' ਦਾ ਨਹੀਂ ਸਗੋਂ 'ਮਾਤ੍ਰਾ' ਦਾ ਹੈ। ਦੂਜਾ ਅੰਤਰ ਇਹ ਹੈ ਕਿ ਮਨੁੱਖ ਆਪਣੀ ਰਸਿਕਤਾ ਦੀ ਤ੍ਰਿਪਤੀ ਦੇ ਵਸੀਲੇ ਪੈਦਾ ਕਰਨ ਦੀ ਯੋਗਤਾ ਰਖਦਾ ਹੈ। ਪਸ਼ੂ ਵਿਚ ਇਹ ਯੋਗਤਾ ਨਹੀਂ।

ਰਸਿਕ ਸ਼ਬਦ ਦੇ ਵਿਸ਼ੇਸ਼ ਅਰਥਾਂ ਅਨੁਸਾਰ ਰਸਿਕ ਮਨੁੱਖ ਇਕ ਅਜਿਹਾ ਵਿਅਕਤੀ ਹੈ ਜਿਹੜਾ ਕੋਮਲ ਕਲਾ ਦੇ ਆਨੰਦ ਨੂੰ ਮਾਣਨ ਦੀ ਰੁਚੀ ਅਤੇ ਯੋਗਤਾ ਰਖਦਾ ਹੋਵੇ। ਇਹ ਰੁਚੀ ਅਤੇ ਯੋਗਤਾ ਹਰ ਕਿਸੇ ਵਿਚ ਨਹੀਂ ਹੁੰਦੀ। ਸੰਸਕਾਰ, ਅਨੁਭਵ, ਗਿਆਨ ਅਤੇ ਅਭਿਆਸ ਇਸ ਰੁਚੀ ਅਤੇ ਯੋਗਤਾ ਦੇ ਆਧਾਰ ਹਨ। ਇਸ ਰੁਚੀ ਅਤੇ ਯੋਗਤਾ ਦਾ ਬੀਜ ਸੰਸਕਾਰਾਂ ਵਿਚ ਹੈ; ਸਮਾਜਕ ਅਤੇ ਘਰੇਲੂ ਚੌਗਿਰਦੇ ਵਿਚੋਂ ਪ੍ਰਾਪਤ ਹੋਣ ਵਾਲੇ ਅਨੁਭਵ ਦੀ ਭੂਮੀ ਵਿਚ ਸੰਸਕਾਰ ਰੂਪੀ ਬੀਜ ਉਗਦਾ ਹੈ; ਵਿਦਿਆ ਅਤੇ ਸਿਖਲਾਈ ਵਿਚੋਂ ਮਿਲਣ ਵਾਲਾ ਗਿਆਨ ਇਸ ਬੂਟੇ ਨੂੰ ਵਧਾਉਂਦਾ ਅਤੇ ਪਾਲਦਾ ਹੈ; ਅਤੇ ਅਭਿਆਸ ਇਸ ਨੂੰ ਸੰਪੂਰਣਤਾ ਅਤੇ ਸੁੰਦਰਤਾ ਬਖਸ਼ਦਾ ਹੈ। ਜਿਸ ਵਿਅਕਤੀ ਵਿਚ ਕਲਾਮਈ ਸੰਸਕਾਰਾਂ ਦੀ ਹੋਂਦ ਨੂੰ ਸੁਯੋਗ ਅਨੁਭਵ, ਲੋੜੀਂਦੀ ਸਿਖਲਾਈ ਅਤੇ ਚੋਖਾ ਅਭਿਆਸ ਪ੍ਰਾਪਤ ਹੁੰਦਾ ਹੈ ਉਸ ਦੀ ਕਲਾ ਨੂੰ ਮਾਣਨ ਦੀ ਰੁਚੀ ਅਤੇ ਯੋਗਤਾ ਵਧਦੀ ਰਹਿੰਦੀ ਹੈ।

ਉਸ ਨੂੰ ਉੱਚੇ ਅਤੇ ਕਲਾਤਮਕ ਸੋਹਜ-ਸੁਆਦਾਂ ਵਾਲਾ ਰਸਿਕ ਮਨੁੱਖ ਆਖਿਆ ਜਾਂਦਾ ਹੈ। ਜਿਸ ਦੇ ਸੁਹਜ-ਸੁਆਦ ਮਾਨਸਿਕ ਹੋਣ ਦੀ ਥਾਂ ਇੰਦ੍ਰੀ-ਮੂਲਕ ਹੋਣ ਉਹ ਰਸਿਕ ਤਾਂ ਭਾਵੇਂ ਆਖਿਆ ਜਾਵੇ ਪ੍ਰੰਤੂ ਉਸ ਦੀ ਰਸਿਕਤਾ ਪਸ਼ੂ ਪੱਧਰ ਦੀ ਰਸਿਕਤਾ ਮੰਨੀ ਜਾਵੇਗੀ।

ਸੰਸਕਾਰ, ਅਨੁਭਵ, ਗਿਆਨ ਅਤੇ ਅਭਿਆਸ ਦਾ ਸੁਮੇਲ ਇਕ ਸੁਭਾਗ ਹੈ। ਸਮਾਜਕ, ਆਰਥਕ, ਰਾਜਨੀਤਕ, ਧਾਰਮਕ ਅਤੇ ਕਈ ਪ੍ਰਕਾਰ ਦੀਆਂ ਵਿਅਕਤੀਗਤ ਪਰਿਸਥਿਤੀਆਂ ਇਸ ਸੰਜੋਗ ਦਾ ਰਾਹ ਰੋਕ ਲੈਂਦੀਆਂ ਹਨ। ਇਸ ਲਈ ਸ੍ਰੇਸ਼ਟ ਕਿਸਮ ਦੇ ਰਸਿਕ ਮਨੁੱਖ ਥੋੜ੍ਹੇ ਹੁੰਦੇ ਹਨ। ਸੰਸਕਾਰ, ਗਿਆਨ, ਅਨੁਭਵ ਅਤੇ ਅਭਿਆਸ ਵਿਚੋਂ ਕਿਧਰੇ ਇਕ, ਕਿਧਰੇ ਦੋ ਅਤੇ ਕਿਧਰੇ ਤਿੰਨ ਮਿਲ ਕੇ ਵੱਖ ਵੱਖ ਪੱਧਰ ਦੀ ਟਸਿਕਤਾ ਪੈਦਾ ਕਰਦੇ ਹਨ। ਇਨ੍ਹਾਂ ਦੀ ਮਿਸ਼ਰਣ ਮਾਤ੍ਰਾ ਏਨੀ ਬਹੁ-ਰੰਗੀ ਹੈ ਕਿ ਲੱਗ-ਪੱਗ ਹਰ ਰਸਿਕ ਮਨੁੱਖ ਦੂਜੇ ਨਾਲੋਂ ਵੱਖਰੀ ਭਾਂਤ ਦਾ ਮੰਨਿਆ ਜਾ ਸਕਦਾ ਹੈ।

## ਭਾਵੁਕ

ਹਰ ਮਨੁੱਖ ਭਾਵੁਕ ਹੁੰਦਾ ਹੈ ਪਰ ਕਈ ਵਧੇਰੇ ਭਾਵੁਕ ਹੁੰਦੇ ਹਨ। ਭਾਵੁਕਤਾ ਵੱਖ ਵੱਖ ਪ੍ਰਕਾਰ ਦੇ ਮਨੁੱਖਾਂ ਵਿਚ ਵੱਖ ਵੱਖ ਰੂਪ ਧਾਰਨ ਕਰਦੀ ਹੈ। ਰਜੋ-ਗੁਣ ਬਹੁਲਤਾ ਵਾਲੇ ਮਨਾਂ ਵਿਚ ਇਹ ਸੁਆਰਥ, ਸੰਘਰਸ਼ ਅਤੇ ਪ੍ਰਭੁਤਾ ਦੀ ਇੱਛਾ ਪੈਦਾ ਕਰਦੀ ਹੈ। ਸਤੋ-ਗੁਣ ਬਹੁਲਤਾ ਵਾਲੇ ਮਨਾਂ ਦੀ ਭਾਵੁਕਤਾ ਦਇਆ, ਕਰੁਣਾ, ਸਹਾਨਭੂਤੀ, ਸੇਵਾ ਅਤੇ ਸਹਿਯੋਗ ਵਿਚ ਪਰਗਟ ਹੁੰਦੀ ਹੈ । ਅਤੇ ਤਮੋ-ਗੁਣ ਬਹੁਲਤਾ ਵਾਲੇ ਮਨਾਂ ਦੀ ਭਾਵੁਕਤਾ ਮਮਤਾ, ਸਾਥ, ਸਹਾਰੇ ਸਾਂਝ ਅਤੇ ਜੀਵਨ ਪ੍ਰਤੀ ਮੋਹ ਦੀ ਇੱਛਾ ਉਤਪੰਨ ਕਰਦੀ ਹੈ। ਰਜੋ-ਗੁਣੀ ਮਨ 'ਸ੍ਰੇਸ਼ਟ ਰਸਿਕਤਾ' ਦੇ ਧਾਰਨੀ ਨਹੀਂ ਹੁੰਦੇ। ਅਨੁਕੂਲ ਵਾਤਾਵਰਣ ਪ੍ਰਾਪਤ ਹੋਣ ਨਾਲ ਰਜੋ-ਗੁਣੀ ਲੋਕ ਪ੍ਰਭੁਤਾ ਅਤੇ ਸਨਮਾਨ ਪ੍ਰਾਪਤ ਕਰ ਕੇ ਸ੍ਰੇਸ਼ਟ ਰਸਿਕਤਾ ਦਾ ਢੌਂਗ ਜ਼ਰੂਰ ਰਚ ਲੈਂਦੇ ਹਨ। ਸੱਚ ਇਹ ਹੈ ਕਿ ਰਜੋ-ਗੁਣ-ਬਹੁਲਤਾ ਮਨੁੱਖੀ ਮਨ ਦੇ ਵਿਕਾਸ ਦੀ ਤਕੜੀ ਰੁਕਾਵਟ ਹੈ। ਭਾਵੇਂ ਵਿਕਾਸ ਹਰ ਕਿਸੇ ਲਈ ਸੰਭਵ ਜ਼ਰੂਰ ਹੈ। ਹਰ ਰਸਿਕ ਪ੍ਰਾਣੀ ਨੇ ਸਤੋ ਗੁਣੀ ਵਿਚਾਰਕ ਵਿਚ ਵਿਕਸਣ ਤੋਂ ਪਹਿਲਾਂ ਭਾਵੁਕਤਾ ਦੀ ਅਵਸਥਾ ਵਿਚ ਪਰਵੇਸ਼ ਕਰਨਾ ਹੁੰਦਾ ਹੈ ਜਾਂ ਆਪਣੇ ਆਲੇ ਦੁਆਲੇ ਨਾਲ ਭਾਵੁਕ ਸਾਂਝ ਪੈਦਾ ਕਰਨੀ ਹੁੰਦੀ ਹੈ। ਜੀਵ ਦੀ ਸੰਸਾਰ ਨਾਲ ਭਾਵੁਕ ਸਾਂਝ ਦੋ ਪ੍ਰਕਾਰ ਦੀ ਹੈ। ਜਿਨ੍ਹਾਂ ਵਿਚ ਸਤੋ ਗੁਣ ਦੀ ਚੋਖੀ ਮਾਤ੍ਰਾ ਨਹੀਂ ਹੁੰਦੀ ਉਹ ਬਾਹਰਲੇ ਜਗਤ ਨੂੰ ਆਪਣੀ ਇੱਛਾ ਵਿਚ ਤੋਰਨ ਦੀ ਭਾਵਨਾ ਨਾਲ ਭਰ ਜਾਂਦੇ ਹਨ। ਇਹ ਭਾਵਨਾ ਉਨ੍ਹਾਂ ਨੂੰ ਕਠੋਰ ਭਾਵੀ ਅਤੇ ਸ਼ਕਤੀ ਦੇ ਪ੍ਰੇਮੀ ਬਣਾ ਦਿੰਦੀ ਹੈ। ਜਿਨ੍ਹਾਂ ਦੀ ਭਾਵੁਕਤਾ ਨੂੰ ਸਤੋ ਗੁਣ ਦੀ ਅਗਵਾਈ ਪ੍ਰਾਪਤ ਹੁੰਦੀ ਹੈ ਉਹ ਕੋਮਲ ਭਾਵੀ ਮਨੁੱਖ ਬਣ ਜਾਂਦੇ ਹਨ। ਜਗਤ ਨਾਲ ਉਨ੍ਹਾਂ ਦੀ ਸਾਂਝ ਸਦਾਚਾਰਕ ਢੰਗ ਦੀ ਹੁੰਦੀ ਹੈ। ਉਹ ਸੇਵਾ ਅਤੇ ਸ਼ਹਾਇਤਾ ਦੇ ਵਿਸਵਾਸੀ ਹੁੰਦੇ ਹਨ। ਉਹ ਕਿਸੇ ਨੂੰ ਆਪਣੀ ਇੱਛਾ ਅਨੁਸਾਰ ਢਾਲਣ ਦਾ ਉਚੇਚਾ ਜਤਨ ਨਹੀਂ ਕਰਦੇ ਸਗੋਂ ਹਰ ਮਨੁੱਖ ਨੂੰ ਉਸ ਦੇ ਆਪਣੇ ਰੂਪ ਵਿਚ ਪਰਵਾਨ ਕਰਦੇ ਹਨ। ਇਸ ਪ੍ਰਕਾਰ ਦੇ ਭਾਵੁਕ ਹੀ ਸਤੋ ਗੁਣੀ ਵਿਚਾਰਕ ਵਿਚ ਵਿਕਸਦੇ ਹਨ। ਤਮੋ ਗੁਣੀ ਮਨ ਕੋਮਲ ਭਾਵੀ ਹੁੰਦੇ ਹਨ। ਉਨ੍ਹਾਂ ਨੂੰ ਸਤੋ ਗੁਣੀ ਵਿਚਾਰਕ

ਵਿਚ ਵਿਕਸਦਿਆਂ ਬਹੁਤਾ ਚਿਰ ਨਹੀਂ ਲਗਦਾ। ਜੇ ਉਹ ਵਿਚਾਰਕ ਨ ਵੀ ਬਣ ਸਕਣ ਤਾਂ ਵੀ ਸਦਾਚਾਰਕ ਉਹ ਸੁਭਾਵਕ ਹੀ ਹੁੰਦੇ ਹਨ।

## ਵਿਚਾਰਕ

ਸੰਸਾਰ ਦੀ ਬਹੁ-ਗਿਣਤੀ ਸਾਧਾਰਣ ਅਰਥਾਂ ਵਿਚ ਰਸਿਕ ਮਨੁੱਖਾਂ ਦੀ ਹੈ; ਸ੍ਰੇਸ਼ਟ ਅਤੇ ਸਤੋਗੁਣੀ ਰਸਿਕਤਾ ਭਾਵੇਂ ਟਾਵੀਂ ਟਾਵੀਂ ਨਜ਼ਰੇ ਪੈਂਦੀ ਹੈ। ਸ਼ਕਤੀ ਦੇ ਪੁਜਾਰੀ, ਪ੍ਰਭੁਤਾ ਦੇ ਲੋਭੀ ਅਤੇ ਸਨਮਾਨ ਦੇ ਇਛੁੱਕ ਰਜੋ-ਗੁਣੀ ਲੋਕ ਵੀ ਬਹੁਤੇ ਨਹੀਂ ਹੁੰਦੇ। ਵਿਚਾਰਕ ਜਾਂ ਵਿਚਾਰਵਾਨ ਆਦਮੀ ਹੋਰ ਵੀ ਘੱਟ ਹੁੰਦੇ ਹਨ। ਕੁੱਝ ਲੋਕ ਜਨਮ ਤੋਂ ਹੀ ਰਸਾਂ ਕਸਾਂ ਦੀ ਰੁਚੀ ਨਹੀਂ ਰੱਖਦੇ। ਜੁਆਨ ਹੋਣ ਉੱਤੇ ਵੀ ਉਹ ਖੇਡ-ਤਮਾਸ਼ੇ ਵਿਚ ਪੈਣ ਨਾਲੋਂ ਪੁਸਤਕਾਂ, ਪਰਯੋਗਾਂ ਵਿਚ ਰੁੱਝੇ ਰਹਿਣਾ ਵਧੇਰੇ ਪਸੰਦ ਕਰਦੇ ਹਨ। ਉਨ੍ਹਾਂ ਤੋਂ ਛੁੱਟ ਸਾਧਾਰਣ ਰਸਿਕ ਮਨੁੱਖਾਂ ਉੱਤੇ ਵੀ ਅਜੇਹਾ ਸਮਾਂ ਆ ਜਾਂਦਾ ਹੈ ਜਦੋਂ ਰਸਿਕਤਾ ਉਨ੍ਹਾਂ ਦਾ ਸਾਥ ਛੱਡ ਜਾਂਦੀ ਹੈ। ਲੰਮੇਂ ਜੀਵਨ-ਅਨੁਭਵ ਨਾਲ ਉਹ ਉੱਚੀ, ਨੀਵੀਂ ਹਰ ਪ੍ਰਕਾਰ ਦੀ ਰਸਿਕਤਾ ਦੇ ਖੋਖਲੇਪਨ ਤੋਂ ਜਾਣੂ ਹੋ ਜਾਂਦੇ ਹਨ। ਉਹ ਜੇ ਵਿਚਾਰਵਾਨ ਅਤੇ ਫਿਲਾਸਫਰ ਨ ਵੀ ਹੋਣ ਤਾਂ ਵੀ ਰਸਾਂ ਕਸਾਂ ਵਲੋਂ ਉਨ੍ਹਾਂ ਦੀ ਉਦਾਸੀਨਤਾ ਦਾਰਸ਼ਨਿਕ ਢੰਗ ਦੀ ਹੁੰਦੀ ਹੈ। ਜਿਨ੍ਹਾਂ ਲੋਕਾਂ ਦੇ ਕਾਰੋਬਾਰ ਵਿੱਦਿਆ ਅਤੇ ਕਲਾ ਨਾਲ ਸੰਬੰਧਤ ਹੁੰਦੇ ਹਨ ਉਨ੍ਹਾਂ ਵਿਚ ਕਲਾਤਮਕ ਸੌਂਦਰਯ ਨੂੰ ਮਾਣਨ ਦੀ ਥਾਂ ਉਸ ਦੀ ਦਾਰਸ਼ਨਿਕ ਫੋਲਾ ਫਾਲੀ ਕਰਨ ਦੀ ਰੁਚੀ ਵਧੇਰੇ ਪਰਬਲ ਹੁੰਦੀ ਹੈ। ਇਸ ਰੁਚੀ ਵਾਲੇ ਲੋਕਾਂ ਵਿਚ ਜੇ ਇਸ ਅਵਸਥਾ ਵਿਚੋਂ ਅਗੇਰੇ ਵਿਕਸਣ ਦੀ ਚੇਤਨ ਇੱਛਾ ਹੋਵੇ ਤਾਂ ਵੱਖਰੀ ਗੱਲ ਹੈ ਨਹੀਂ ਤਾਂ ਉਹ ਰਸਾਂ ਕਸਾਂ ਦੀ ਵਕਾਲਤ ਕਰਨ ਜੋਗੇ ਹੀ ਰਹਿ ਜਾਂਦੇ ਹਨ।

## ਵੈਰਾਗੀ

ਸਤੋ-ਗੁਣੀ ਸੁਭੌਾ ਵਾਲਾ ਆਦਮੀ ਆਪਣੀ ਵਿਚਾਰ-ਸ਼ੀਲਤਾ ਅਤੇ ਆਪਣੇ ਜੀਵਨ-ਅਨੁਭਵ ਦੀ ਸਹਾਇਤਾ ਨਾਲ ਸੰਸਾਰ ਨੂੰ ਮ੍ਰਿਗ-ਤ੍ਰਿਸ਼ਨਾ ਜਾਣਨ ਵਿਚ ਸਫਲ ਹੋ ਜਾਂਦਾ ਹੈ। ਅਜੇਹਾ ਹੋਣ ਨਾਲ ਉਸ ਦੇ ਮਨ ਵਿਚ ਸੰਸਾਰਕ ਸੁੱਖਾਂ, ਪ੍ਰਾਪਤੀਆਂ ਅਤੇ ਵਡਿਆਈਆਂ ਵਲੋਂ ਇਕ ਉਪਰਾਮਤਾ ਪੈਦਾ ਹੋ ਜਾਂਦੀ ਹੈ। ਆਪਣੇ ਜੀਵਨ ਦਾ ਅੱਧਾ ਪੰਧ ਮੁਕਾ ਲੈਣ ਉੱਤੇ ਇਹ ਉਪਰਾਮਤਾ ਜਾਂ ਵੈਰਾਗ ਜਿਸ ਆਦਮੀ ਦੇ ਮਨ ਵਿਚ ਉਤਪੰਨ ਨ ਹੋਵੇ ਉਸ ਦੀ ਜੀਵਨ ਜਾਚ ਨੂੰ ਸੁੱਚੀ ਸਮਝਣਾ ਭੁੱਲ ਹੈ। ਇਸ ਉਪਰਾਮਤਾ ਦੇ ਕਾਰਨ ਮਨੁੱਖ ਦੇ ਮਨ ਵਿਚ ਪਿਛਲੇ ਜੀਵਨ ਪ੍ਰਤੀ ਪਛਤਾਵਾ ਅਤੇ ਵਰਤਮਾਨ ਪ੍ਰਤੀ ਕੋਈ ਘਿਰਣਾ ਨਹੀਂ ਉਤਪੰਨ ਹੁੰਦੀ ਅਤੇ ਨ ਹੀ ਉਹ ਜੀਵਨ ਦਾ ਤਿਆਗ ਕਰ ਕੇ ਕਿਧਰੇ ਏਧਰ ਓਧਰ ਹੋ ਜਾਂਦਾ ਹੈ। ਇਹ ਵੈਰਾਗ ਸੁੱਚੇ ਜੀਵਨ ਦਾ ਸਾਧਾਰਣ ਫਲ ਹੈ। ਇਹ ਕਿਸੇ ਵਿਰਲੇ ਨੂੰ ਪ੍ਰਾਪਤ ਹੁੰਦਾ ਹੈ। ਰਸਿਕ ਤੋਂ ਵੈਰਾਗੀ ਹੋਣਾ ਇਕ ਵੱਡੀ ਪ੍ਰਾਪਤੀ ਹੈ। ਉਹ ਮੇਰ-ਤੇਰ ਦੀ ਵਲਗਣ ਤੋਂ ਦੂਰ ਹੋ ਜਾਂਦਾ ਹੈ। ਉਹ ਸੁਆਰਥ ਤੋਂ ਉੱਚਾ ਹੋ ਜਾਂਦਾ ਹੈ। ਉਹ ਰਸਾਂ ਕਸਾਂ

ਦੀ ਦਾਸਤਾ ਵਿਚੋਂ ਨਿਕਲ ਕੇ ਸਹਿਜ-ਆਨੰਦ ਦੀ ਸੁਤੰਤ੍ਰਤਾ ਵਿਚ ਪਰਵੇਸ਼ ਕਰ ਜਾਂਦਾ ਹੈ। ਇਕ ਕਲਾਕਾਰ ਦੇ ਜੀਵਨ ਵਿਚ ਇਹ ਸਭ ਕੁਝ ਕਿਵੇਂ ਹੁੰਦਾ ਹੈ, ਇਸ ਦਾ ਕੁਝ ਵਿਸਥਾਰ ਇਉਂ ਹੈ :—

ਰਸਿਕ ਤੋਂ ਵੈਰਾਗੀ ਹੋਣਾ ਹਰ ਮਨੁੱਖ ਦਾ ਮਨੋਰਥ ਹੈ। ਇਨ੍ਹਾਂ ਦੋ ਹੱਦਾਂ ਦੇ ਵਿਚਕਾਰ ਵਿਕਾਸ ਦੇ ਅਣਗਿਣਤ ਦਰਜੇ ਜਾਂ ਪੜਾ ਜਾਂ ਡੰਡੇ ਹਨ ਜਿਨ੍ਹਾਂ ਨੂੰ, ਮੈਂ, ਚਾਰ ਵਡੇਰੀਆਂ ਵੰਡਾਂ ਵਿਚ ਵੰਡ ਕੇ ਉਪ੍ਰੋਕਤ ਚਾਰ ਨਾਂ ਦਿੱਤੇ ਹਨ। ਕਲਾਕਾਰ ਮੂਲ ਰੂਪ ਵਿਚ ਰਸਿਕ ਮਨੁੱਖ ਹੁੰਦਾ ਹੈ ਅਤੇ ਵਿਕਾਸ ਦੇ ਧੁਰ ਹੇਠਲੇ ਡੰਡੇ ਉੱਤੇ ਖੜੋਤਾ ਹੁੰਦਾ ਹੈ। ਮਨੁੱਖੀ ਹਿਰਦੇ ਵਿਚ ਦੁੱਖ-ਸੁੱਖ ਨੂੰ ਮਹਿਸੂਸ ਕਰਨ ਦੀ ਯੋਗਤਾ ਹੈ। ਇਸ ਯੋਗਤਾ ਨੂੰ ਮਨੋਵਿਗਿਆਨ ਦੀ ਭਾਸ਼ਾ ਵਿਚ ਵੇਦਨਾ ਆਖਿਆ ਜਾਂਦਾ ਹੈ। ਵੇਦਨਾ ਦੇ ਅਰਥ ਦੁੱਖ-ਸੁੱਖ ਜਾਂ ਦੁੱਖ-ਸੁੱਖ ਦੀ ਪਰਤੀਤੀ ਵੀ ਕੀਤੇ ਜਾਂਦੇ ਹਨ। ਵੇਦਨਾ ਤਿੰਨ ਪ੍ਰਕਾਰ ਦੀ ਹੁੰਦੀ ਹੈ (1) ਸੁਖਾਵੀਂ, (2) ਦੁਖਾਵੀਂ ਅਤੇ (3) ਸਾਧਾਰਣ। ਸਾਧਾਰਣ ਵੇਦਨਾ ਨ ਸੁਖਾਵੀਂ ਹੁੰਦੀ ਹੈ ਨ ਦੁਖਾਵੀਂ। ਕਲਾਕਾਰ ਵੇਦਨਾਸ਼ੀਲ ਹੁੰਦਾ ਹੈ । ਉਸ ਵਿਚ ਦੁੱਖ-ਸੁੱਖ ਨੂੰ ਮਹਿਸੂਸਣ ਦੀ ਸ਼ਕਤੀ ਵਧੇਰੇ ਹੁੰਦੀ ਹੈ। ਨਿਰੀ ਵੇਦਨਾ ਨੂੰ ਕਲਾ ਨਹੀਂ ਆਖਿਆ ਜਾ ਸਕਦਾ ਨ ਹੀ ਨਿਰਾ ਵੇਦਨਾ-ਸ਼ੀਲ ਮਨੁੱਖ ਕਲਾਕਾਰ ਹੋ ਸਕਦਾ ਹੈ। ਕਲਾਕਾਰ ਦੀ ਕਲਾ ਵੇਦਨਾ ਨੂੰ ਪਰਗਟ ਕਰਨ ਵਿਚ ਹੈ। ਕਿਸੇ ਸਕੇ ਸਨੇਹੀ ਦੀ ਮੌਤ ਉਤੇ ਫੁੱਟ ਫੁੱਟ ਰੋਂਦਾ ਆਦਮੀ ਆਪਣੀ ਵੇਦਨਾ ਦਾ ਪ੍ਰਗਟਾਵਾ ਤਾਂ ਕਰਦਾ ਹੈ ਪ੍ਰੰਤੂ ਉਹ ਉਸ ਪ੍ਰਗਟਾਵੇ ਦੇ ਆਧਾਰ ਉੱਤੇ ਕਲਾਕਾਰ ਨਹੀਂ ਮੰਨਿਆ ਜਾ ਸਕਦਾ । ਕਲਾਕਾਰ ਦਾ ਪ੍ਰਗਟਾਵਾ ਕਲਾ-ਮਈ ਹੁੰਦਾ ਹੈ। ਨਿਰਾ ਪ੍ਰਗਟਾਵਾ ਕਲਾ ਨਹੀਂ ਭਾਵੇਂ ਉਹ ਕਿੰਨਾ ਵੀ ਵਾਸਤਵਿਕ ਕਿਉਂ ਨ ਹੋਵੇ।

ਮੰਨ ਲਉ ਕਿਸੇ ਮਨੁੱਖ ਦੇ ਸਨੇਹੀ ਨੂੰ ਮਰਿਆਂ ਕੁੱਝ ਸਮਾਂ ਬੀਤ ਗਿਆ ਹੈ। ਉਸ ਮਨੁੱਖ ਨੇ ਆਪਣੇ ਸਨੇਹੀ ਦੀ ਮੌਤ ਉੱਤੇ ਬਹੁਤ ਰੁਦਨ ਕੀਤਾ ਸੀ। ਸਨੇਹੀ ਦੀ ਮੌਤ ਦਾ ਸੱਲ ਅਜੇ ਵੀ ਉਸ ਦੇ ਮਨ ਵਿਚ ਹੈ ਪਰ ਹੁਣ ਉਹ ਹਉਕਿਆਂ, ਹਾਵਿਆਂ ਅਤੇ ਹੰਝੂਆਂ ਵਿਚ ਪਰਗਟ ਨਹੀਂ ਹੁੰਦਾ। ਇਕ ਦਿਨ ਕੋਈ ਮਿੱਤ੍ਰ ਉਸ ਸਨੇਹੀ ਦੀ ਮੌਤ ਬਾਰੇ ਪੁੱਛਦਾ ਹੈ। ਦੁਖੀ ਮਨੁੱਖ ਉਸ ਦੁੱਖ-ਵਾਰਤਾ ਨੂੰ ਦੁਹਰਾਉਂਦਾ ਹੈ । ਜਿਵੇਂ ਜਿਵੇਂ ਉਹ ਗੱਲ ਕਰਦਾ ਜਾਂਦਾ ਹੈ ਦੁੱਖ ਦਾ ਸਮਾਂ ਉਸ ਦੇ ਮਨ ਵਿਚ ਉਭਰਦਾ ਆਉਂਦਾ ਹੈ। ਜਿਵੇਂ ਜਿਵੇਂ ਉਸ ਦੀ ਯਾਦ-ਦਾਸ਼ਤ ਜਾਂ ਸੰਮ੍ਰਿਤੀ ਵਿਚ ਉਹ ਸਾਰੀ ਘਟਨਾ ਸਾਖਸ਼ਾਤ ਹੁੰਦੀ ਜਾਂਦੀ ਹੈ ਤਿਵੇਂ ਤਿਵੇਂ ਉਸ ਦਾ ਗੱਚ ਭਰਦਾ ਜਾਂਦਾ ਹੈ। ਬਿਆਨ ਸੰਮ੍ਰਿਤੀ ਨੂੰ ਜਗਾਉਂਦਾ ਹੈ ਅਤੇ ਸੰਮ੍ਰਿਤੀ ਵੇਦਨਾ ਨੂੰ ਵਧਾਉਂਦੀ ਹੈ । ਵੇਦਨਾ ਦਾ ਵਾਧਾ ਬਿਆਨ ਹੋਣ ਲਈ ਬਿਹਬਲ ਹੁੰਦਾ ਜਾਂਦਾ ਹੈ। ਅੰਤ ਹਾਲਤ ਇਹ ਹੋ ਜਾਂਦੀ ਹੈ ਕਿ ਨਿਰਾ ਬਿਆਨ ਉਸ ਵੇਦਨਾ ਨੂੰ ਪਰਗਟ ਕਰਨ ਦੇ ਯੋਗ ਨਹੀਂ ਰਹਿੰਦਾ ਅਤੇ ਵੇਦਨਾ ਇਕ ਵੇਰ ਫਿਰ ਹੰਝੂ ਬਣ ਵਹਿ ਤੁਰਦੀ ਹੈ।

ਫਿਰ ਮੇਰੀ ਆਂਖ ਹੋ ਗਈ ਨਮਨਾਕ,
ਫਿਰ ਕਿਸੀ ਨੇ ਮਿਜ਼ਾਜ ਪੂਛਾ ਹੈ।

ਇਹ ਹੰਝੂ ਅਤੇ ਇਹ ਵਾਰਤਾ ਸ੍ਰੋਤਾ-ਮਿੱਤ੍ਰ ਵਿਚ ਵੀ ਉਸੇ ਪ੍ਰਕਾਰ ਦੀ ਵੇਦਨਾ ਪੈਦਾ ਕਰਦੇ ਹਨ ਅਤੇ ਉਹ ਵੀ ਸਜਲ-ਨੇਤ੍ਰ ਹੋ ਜਾਂਦਾ ਹੈ। ਇਸ ਵੇਰ ਸਾਡੇ ਮਿੱਤ੍ਰ ਦੀ ਵੇਦਨਾ ਦਾ ਪ੍ਰਗਟਾਵਾ ਕਲਾ-ਮਈ ਹੈ। ਤਾਂ ਤੇ ਵੇਦਨਾ ਦਾ ਪ੍ਰਗਟਾਵਾ ਕਲਾ-ਮਈ ਉਦੋਂ ਹੁੰਦਾ ਹੈ ਜਦੋਂ (ੳ) ਵੇਦਨਾ ਵਾਸਤਵ ਵਿਚ ਮੌਜੂਦ ਨ ਹੋਵੇ ਕੇਵਲ ਸੰਮ੍ਰਿਤੀ ਵਿਚ ਹੋਵੇ; (ਅ) ਉਹ ਪ੍ਰਗਟਾਵਾ ਬੇ-ਵਸਾ ਨ ਹੋਵੇ ਸਗੋਂ ਕਿਸੇ ਦੂਜੇ ਨੂੰ ਉਹੋ ਵੇਦਨਾ ਦੱਸਣ ਲਈ ਇਸ ਢੰਗ ਨਾਲ ਕੀਤਾ ਜਾਵੇ ਕਿ ਸੁਣਨ ਵਾਲਾ ਉਸਨੂੰ ਭਲੀ ਭਾਂਤ ਸਮਝ ਅਤੇ ਮਹਿਸੂਸ ਕਰ ਸਕੇ। ਇਥੇ ਇਹ ਗੱਲ ਕਹਿਣ ਦੀ ਲੋੜ ਨਹੀਂ ਕਿ ਵੇਦਨਾ ਦਾ ਵਾਸਤਵਿਕ ਅਨੁਭਵ ਕਲਾਕਾਰ ਲਈ ਜ਼ਰੂਰੀ ਹੈ। ਵੇਦਨਾ ਬਿਨਾਂ ਰਸਿਕਤਾ ਸੰਭਵ ਨਹੀਂ ਅਤੇ ਰਸਿਕਤਾ ਬਿਨਾਂ ਕਲਾ।

ਹਰ ਰਸਿਕ ਮਨੁੱਖ ਵਿਚ ਸੁਖਦਾਇਕ ਵੇਦਨਾ ਨਾਲ ਰਾਗ, ਦੁਖਦਾਇਕ ਵੇਦਨਾ ਨਾਲ ਦਵੇਸ਼ ਅਤੇ ਨਿਰਪੱਖ ਜਾਂ ਉਦਾਸੀਨ ਵੇਦਨਾ ਨਾਲ ਨਿਰਲੇਪਤਾ ਦੀ ਰੁਚੀ ਹੁੰਦੀ ਹੈ। ਕਲਾਕਾਰ ਹੋਣ ਦਾ ਭਾਵ ਇਨ੍ਹਾਂ ਕੁਦਰਤੀ ਰੁਚੀਆਂ ਤੋਂ ਉੱਚੇ ਜਾਂ ਸੱਖਣੇ ਹੋਣਾ ਨਹੀਂ ਸਗੋਂ ਇਨ੍ਹਾਂ ਦੀ ਬਹੁਲਤਾ ਦੇ ਧਾਰਨੀ ਹੋਣਾ ਹੈ। ਬਹੁਤੇ ਕਲਾਕਾਰਾਂ ਵਿਚ ਸੁੱਖ ਦੀ ਇੱਛਾ ਬਹੁਤੀ ਹੁੰਦੀ ਹੈ ਅਤੇ ਇਸ ਦੀ ਪ੍ਰਾਪਤੀ ਦੀ ਸਮਰਥਾਘਟ ਕਿਉਂਜੁ ਸੁੱਖਾਂ ਦੀ ਪ੍ਰਾਪਤੀ ਲਈ ਦੂਜਿਆਂ ਪ੍ਰਤੀ ਜਿਸ ਨਿਰਦੈਤਾ ਭਰੀ ਵਿਰਕਤਤਾ ਦੀ ਲੋੜ ਹੈ ਉਹ ਕਲਾਕਾਰ ਵਿਚ ਨਹੀਂ ਹੁੰਦੀ। ਇਸ ਲਈ ਉਸ ਦਾ ਸਾਰਾ ਜੀਵਨ ਸੁੱਖ-ਸਨੇਹ (ਸੁੱਖਾਂ ਦਾ ਮੋਹ) ਦੀ ਮ੍ਰਿਗ-ਤ੍ਰਿਸ਼ਨਾ ਵਰਗਾ ਹੁੰਦਾ ਹੈ ਅਤੇ ਉਸ ਦੀ ਕਲਾ ਇਸ ਮ੍ਰਿਗ-ਤ੍ਰਿਸ਼ਨਾ ਵਿਚੋਂ ਉਪਜਣ ਵਾਲੇ ਵਿਸ਼ਾਦ ਦੀ ਵਿਆਖਿਆ ਜਾਂ ਅਭਿਵਿਅਕਤੀ ਹੁੰਦੀ ਹੈ।

ਇਸ ਗੱਲ ਨੂੰ ਸੰਖੇਪ ਵਿਚ ਇਉਂ ਵੀ ਆਖਿਆ ਜਾ ਸਕਦਾ ਹੈ ਕਿ ਕਲਾਕਾਰ ਦੀ ਸਮੱਸਿਆ ਰਜੋ-ਗੁਣ ਦੀ ਦੇਣ ਨਹੀਂ ਸਗੋਂ ਤਮੋ-ਗੁਣ ਦੀ ਉਪਜ ਹੈ। ਕਲਾਕਾਰ ਮੂਲ ਰੂਪ ਵਿਚ ਰਜੋ-ਗੁਣੀ ਨਹੀਂ ਹੁੰਦੇ। ਰਜੋ-ਗੁਣੀ ਮਨੁੱਖ ਪ੍ਰਭੁਤਾ ਦੇ ਲੋਭੀ ਹੁੰਦੇ ਹਨ; ਦੂਜਿਆਂ ਨੂੰ ਆਪਣੀ ਮਰਜ਼ੀ ਵਿਚ ਤੋਰਨ ਦੀ ਰੁਚੀ ਰੱਖਦੇ ਹਨ। ਸਤੋ-ਗੁਣੀ ਲੋਕ ਦੂਜਿਆਂ ਦੀ ਸਹਾਇਤਾ ਕਰਦੇ ਹਨ, ਉਨ੍ਹਾਂ ਨਾਲ ਸਹਾਨਭੂਤੀ ਰੱਖਦੇ ਹਨ ਪਰ ਉਨ੍ਹਾਂ ਕੋਲੋਂ ਕਿਸੇ ਪ੍ਰਕਾਰ ਦੀ ਤਾਬਿਆਦਾਰੀ ਦੀ ਮੰਗ ਨਹੀਂ ਕਰਦੇ। ਆਰੰਭ ਵਿਚ ਕਲਾਕਾਰ ਦੇ ਮਨ ਵਿਚ ਦੂਜਿਆਂ ਪ੍ਰਤੀ ਜੋ ਵੀ ਲਗਾਓ ਹੁੰਦਾ ਹੈ ਉਹ ਤਮੋ-ਗੁਣੀ ਹੁੰਦਾ ਹੈ। ਦੂਜਿਆਂ ਨਾਲ ਆਪਣੀ ਵੇਦਨਾ ਸਾਂਝੀ ਕਰਨ ਦੀ ਤਮੋ-ਗੁਣੀ ਪਰਵਿਰਤੀ ਉਸ ਦੀ ਕਲਾ ਦਾ ਆਧਾਰ ਹੁੰਦੀ ਹੈ। ਉਸ ਦੀ ਕਲਾ ਉਸ ਲਈ ਪ੍ਰਸਿੱਧੀ ਅਤੇ ਪ੍ਰਸ਼ੰਸਾ ਉਤਪੰਨ ਕਰਦੀ ਹੈ। ਪ੍ਰਸਿੱਧੀ, ਪ੍ਰਸ਼ੰਸਾ ਅਤੇ ਸਨਮਾਨ ਦੇ ਲੋਭ ਵਿਚ ਉਹ ਵੇਦਨ-ਸ਼ੀਲ ਹੋਣ ਨੂੰ ਇਕ ਚੰਗੀ ਗੱਲ ਸਮਝ ਲੈਂਦਾ ਹੈ ਕਿਉਂਜੁ ਵੇਦਨ-ਸ਼ੀਲਤਾ ਹੀ ਕਲਾ ਦੀ ਜਨਨੀ ਹੈ। ਦੁਰ-ਭਾਗ ਵੱਸ ਪ੍ਰਸਿੱਧੀ, ਪ੍ਰਸ਼ੰਸਾ, ਪ੍ਰਭੁਤਾ ਅਤੇ ਸਨਮਾਨ ਰਜੋ-ਗੁਣ ਦਾ ਭੋਜਨ ਹਨ। ਰਜੋ

ਗੁਣੀ ਪੁਰਸ਼ ਇਨ੍ਹਾਂ ਨੂੰ ਪ੍ਰਾਪਤ ਕਰ ਕੇ ਪਹਿਲਾਂ ਨਾਲੋਂ ਵਧੇਰੇ ਉਤਸ਼ਾਹੀ, ਲੋਭੀ, ਸ਼ਕਤੀ-ਪ੍ਰੇਮੀ, ਸੁਆਰਥੀ ਅਤੇ ਆਕ੍ਰਮਣਸ਼ੀਲ, ਜਾਬਰ ਜਾਂ ਧੱਕੜ* ਹੋ ਜਾਂਦਾ ਹੈ। ਪ੍ਰਸ਼ੰਸਾ ਪ੍ਰਸਿੱਧੀ ਅਤੇ ਸਨਮਾਨ ਸਤੋ ਗੁਣ ਦੇ ਸ਼ਤਰੂ ਹਨ। ਪ੍ਰਸਿੱਧੀ ਅਤੇ ਸਨਮਾਨ ਸਤੋ ਗੁਣੀ ਆਦਮੀ ਲਈ ਓਨੇ ਹੀ ਹਾਨੀਕਾਰਕ ਹੁੰਦੇ ਹਨ ਜਿੰਨਾ ਨਿਰਾਦਰ । ਇਨ੍ਹਾਂ ਨੂੰ ਪ੍ਰਾਪਤ ਕਰ ਕੇ ਮਨੁੱਖ ਵਿਚਲਾ ਸਤੋ ਗੁਣ ਹੌਲੀ ਹੌਲੀ ਘਟਣਾ ਆਰੰਭ ਹੋ ਜਾਂਦਾ ਹੈ ਅਤੇ ਰਜੋ ਗੁਣ ਵਧਣ ਲੱਗ ਪੈਂਦਾ ਹੈ। ਅੰਤ ਵਿਚ ਕਲਾਕਾਰ ਦਾ ਮਨ ਰਜੋ ਅਤੇ ਤਮੋ ਦੀ ਨਾਟ-ਸ਼ਾਲਾ ਬਣ ਜਾਂਦਾ ਹੈ। ਹੁਣ ਉਹ ਨਿਰਾ ਕਲਾਕਾਰ ਨਹੀਂ ਸਗੋਂ ਕਲਾਕਾਰ ਹੋਣ ਦੇ ਨਾਲ ਨਾਲ ਸੁਆਰਥੀ, ਵਿਕਾਰੀ ਅਤੇ ਵਿਲਾਸੀ ਵੀ ਬਣ ਗਿਆ ਹੈ । ਪਾਸ਼ਵਿਕ ਆਨੰਦ ਦੇ ਅਭਿਲਾਖੀ ਦੀ ਵੇਦਨਾ ਵੀ ਵਾਸਤਵਿਕ ਨਹੀਂ ਰਹਿੰਦੀ ਸਗੋਂ ਕਾਲਪਨਿਕ ਬਣ ਜਾਂਦੀ ਹੈ। ਉਹ ਲੋਕ ਵੇਦਨਾ ਦੇ ਸਨਮੁੱਖ ਹੁੰਦਾ ਹੋਇਆ ਵੀ ਕੂੜ-ਕਪਟ ਦਾ ਸਹਾਰਾ ਲੈਂਦਾ ਹੈ। ਜਿਸ ਰਸਿਕ ਨੇ ਵੈਰਾਗੀ ਬਣਨਾ ਸੀ ਉਹ ਅਧਵਾਟੇ ਡਿਗ ਪੈਂਦਾ ਹੈ ਜਾਂ ਮੰਜ਼ਲ ਵੱਲ ਪਿੱਠ ਕਰ ਕੇ ਤੁਰਨ ਲੱਗ ਪੈਂਦਾ ਹੈ। ਕਈ ਵੰਨ ਸੁਵੰਨੇ ਸਿਧਾਂਤ ਉਸ ਦੇ ਪਤਨ ਨੂੰ ਹੋਰ ਤੇਜ਼ ਕਰ ਦਿੰਦੇ ਹਨ। ਵੰਨਗੀ ਵਜੋਂ ਇਕ ਦਾ ਜ਼ਿਕਰ ਇਥੇ ਕਰਦਾ ਹਾਂ।

ਇਸ ਸਿਧਾਂਤ ਨੂੰ 'ਆਵੇਸ਼' ਦਾ ਨਾਂ ਦਿੱਤਾ ਜਾ ਸਕਦਾ ਹੈ। ਨਾਂ ਜੋ ਮਰਜ਼ੀ ਰੱਖ ਲਵੋ; ਮੈਂ ਇਥੇ ਆਵੇਸ਼ ਦੀ ਗੱਲ ਕਰਨ ਲੱਗਾ ਹਾਂ। ਹਰ ਕਲਾ ਨੂੰ ਆਮ ਕਰਕੇ ਅਤੇ ਮਹਾਨ ਕਲਾ ਨੂੰ ਖਾਸ ਤੌਰ ਉੱਤੇ ਆਵੇਸ਼ ਜਾਂ ਇਨਸਪੀਰੇਸ਼ਨ ਦੀ ਉਪਜ ਮੰਨਿਆ ਜਾਂਦਾ ਹੈ। ਆਵੇਸ਼ ਮਨੁੱਖੀ ਮਨ ਦੀ ਕਿਸੇ ਅਜੇਹੀ ਅਵਸਥਾ ਦਾ ਨਾਂ ਹੈ ਜਿਹੜੀ ਉਸ ਦੀ ਸਾਧਾਰਣ ਚੇਤਨ ਅਵਸਥਾ ਨਾਲੋਂ ਵੱਖਰੀ ਹੁੰਦੀ ਹੈ। ਪੁਰਾਤਨ ਭਾਰਤੀ ਮਨੋ ਵਿਗਿਆਨ ਜਾਗ੍ਰਤ, ਸੁਪਨ, ਸੁਖੋਪਤ ਅਤੇ ਤੁਰੀਆ ਦਾ ਜ਼ਿਕਰ ਕਰਦਾ ਹੈ। ਤੁਰੀਆ ਵਿਚ ਚਿੱਤ ਵ੍ਰਿਤੀ ਦਾ ਨਿਰੋਧ ਜਾਂ ਅਲੋਪ ਮੰਨਿਆ ਜਾਂਦਾ ਹੈ। ਇਸ ਤੁਰੀਆ ਨੂੰ ਆਵੇਸ਼ ਨਹੀਂ ਆਖਿਆ ਜਾ ਸਕਦਾ। ਜਜ਼ਬਾਤੀ ਤਨਾਓ ਜਾਂ ਭਾਵ-ਪਰਬਲਤਾ ਨੂੰ ਵੀ ਆਵੇਸ਼ ਨਹੀਂ ਮੰਨਿਆ ਜਾ ਸਕਦਾ ਕਿਉਂਜੁ ਕ੍ਰੋਧ, ਘਿਰਣਾ, ਈਰਖਾ, ਭੈ, ਲੋਭ, ਮੋਹ ਅਤੇ ਕਾਮ ਆਦਿਕ ਦੀ ਬਹੁਲਤਾ ਨੂੰ ਆਵੇਸ਼ ਮੰਨਣ ਨਾਲ ਮਨੁੱਖੀ ਮਾਨਤਾਵਾਂ ਦਾ ਨਿਰਾਦਰ ਹੋਣ ਦਾ ਡਰ ਹੈ। ਸਾਡੇ ਦੇਸ਼ ਦੇ ਸਿਧਾਂਤ ਵਿਚ ਅੰਦਰਲੀ ਪ੍ਰੇਰਣਾ ਦਾ ਜ਼ਿਕਰ ਤਾਂ ਕੀਤਾ ਜਾਂਦਾ ਪਰ ਕਿਸੇ ਬਾਹਰਲੇ ਆਵੇਸ਼ ਦਾ ਨਹੀਂ। ਇਹ ਅੰਤਰ-ਪ੍ਰੇਰਣਾ ਵੀ ਮਨ ਦੀ ਇਕ ਰੁਚੀ ਹੈ ਜਿਹੜੀ ਅਚਾਨਕ ਕਿਸੇ ਥਾਂ ਤੋਂ ਨਹੀਂ ਆ ਪਰਗਟ ਹੁੰਦੀ ਸਗੋਂ ਜੀਵ ਦੇ ਪੂਰਬਲੇ ਕਰਮਾਂ ਦੇ ਪ੍ਰਭਾਵ ਕਰਕੇ ਉਸ ਦੇ ਮਨ ਦਾ ਅਨਿੱਖੜ ਅੰਗ ਬਣ ਗਈ ਹੁੰਦੀ ਹੈ ਅਤੇ ਸੋਚ ਸਮਝ ਕੇ ਕੀਤੇ ਗਏ ਯਤਨ ਦਾ ਸਿੱਟਾ ਹੁੰਦੀ ਹੈ।

ਪੱਛਮੀ ਪ੍ਰਭਾਵ ਹੇਠ ਅਸੀਂ ਅਜ ਕਲ ਆਵੇਸ਼ ਨੂੰ ਇਲਹਾਮ ਵਰਗੀ ਕੋਈ ਚੀਜ਼ ਮੰਨਣ ਲੱਗ ਪਏ ਹਾਂ। ਪੱਛਮ ਨੇ ਇਹ ਪ੍ਰਭਾਵ ਮੱਧ-ਪੂਰਬੀ ਯਹੂਦੀ ਸੰਪਰਕ ਵਿਚੋਂ ਗ੍ਰਹਿਣ

*ਧੱਕਾ ਕਰਨ ਵਾਲਾ

ਕੀਤਾ ਹੈ। ਯਹੂਦੀ, ਈਸਾਈ ਅਤੇ ਇਸਲਾਮੀ ਧਰਮ ਗ੍ਰੰਥਾਂ ਵਿਚ ਅਨੇਕ ਪੈਗੰਬਰਾਂ ਨੂੰ ਅਨੇਕ ਇਲਹਾਮ ਹੋਏ ਹੋਣ ਦਾ ਜ਼ਿਕਰ ਹੈ। ਜਦੋਂ ਅਜੇ ਸਾਇੰਸ ਦੀਆਂ ਖੋਜਾਂ ਨੇ ਇਨ੍ਹਾਂ ਇਲਹਾਮਾਂ ਦੀ ਅਸਲੀਅਤ ਉੱਤੋਂ ਪਰਦਾ ਨਹੀਂ ਸੀ ਚੁੱਕਿਆ ਉਦੋਂ ਹਰ ਚੰਗੇ ਕਲਾਕਾਰ ਦੀ ਕਲਾ-ਕ੍ਰਿਤੀ ਨੂੰ ਇਲਹਾਮ ਦਾ ਦਰਜਾ ਦੇ ਕੇ ਕਲਾਕਾਰ ਨੂੰ ਪੈਗੰਬਰ ਕਹਿਣ ਦਾ ਸ਼ੌਕ ਪੂਰਾ ਕੀਤਾ ਜਾਂਦਾ ਸੀ। ਇਲਹਾਮ ਅਤੇ ਪੈਗੰਬਰ ਅਜਿਹੇ ਸ਼ਬਦ ਸਨ ਜਿਨ੍ਹਾਂ ਦੀ ਸਿੱਧੀ ਵਰਤੋਂ ਇਬਰਾਨੀ ਧਰਮਾਂ ਨਾਲ ਸਿੱਧਾ ਵਿਰੋਧ ਪੈਦਾ ਕਰ ਸਕਦੀ ਸੀ, ਇਸ ਲਈ ਇਨਸਪੀਰੇਸ਼ਨ, ਆਵੇਸ਼ ਅਤੇ ਪ੍ਰੇਰਣਾ ਵਰਗੇ ਸ਼ਬਦ ਵਰਤੇ ਜਾਂਦੇ ਸਨ ਅਤੇ ਵਰਤੇ ਜਾਂਦੇ ਹਨ। ਇਸ ਪ੍ਰੇਰਣਾ ਜਾਂ ਆਵੇਸ਼ ਨੂੰ ਕਲਾਕਾਰ ਦੀ ਆਪਣੀ ਘਾਲਣਾ ਵਿਚੋਂ ਉਪਜੀ ਹੋਈ ਕੋਈ ਵਿਸ਼ੇਸ਼ ਸੂਝ ਜਾਂ ਚੇਤਨਾ ਜਾਂ ਰੁਚੀ ਮੰਨਣ ਦੀ ਥਾਂ ਇਲਹਾਮ ਵਰਗੀ ਬਾਹਰਲੀ ਸ਼ਕਤੀ ਮੰਨਿਆ ਜਾਂਦਾ ਹੈ। ਪੱਛਮ ਦੇ ਪ੍ਰਭਾਵ ਨਾਲ ਇਹ ਖਿਆਲ ਭਾਰਤ ਵਿਚ ਵੀ ਪਰਵੇਸ਼ ਕਰ ਗਿਆ ਹੈ।

ਮੈਂ ਇਲਹਾਮ ਦੀ ਹੋਂਦ ਜਾਂ ਅਣਹੋਂਦ ਬਾਰੇ ਨਿਰਣਾ ਕਰਨ ਦੀ ਯੋਗਤਾ ਨਹੀਂ ਰੱਖਦਾ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਸਿਧਾਂਤ ਜਾਂ ਵਿਸ਼ਵਾਸ ਵਿਚੋਂ ਦੋ ਵੱਡੇ ਅਨਰਥ ਉਪਜਦੇ ਹਨ। ਪਹਿਲਾ ਇਹ ਕਿ ਇਲਹਾਮ ਮਨੁੱਖਤਾ ਦੇ ਮਾਨਸਿਕ ਵਿਕਾਸ ਦਾ ਰਾਹ ਰੋਕਦਾ ਹੈ। ਇਲਹਾਮ ਨੂੰ, ਬਿਨਾਂ ਕਿਸੇ ਪਰਖ ਪੜਚੋਲ ਦੇ, ਪਰਮ ਸੱਚ ਮੰਨਿਆ ਜਾਣਾ ਜ਼ਰੂਰੀ ਹੈ। ਇਸ ਮਜਬੂਰੀ ਦੇ ਸਿੱਟੇ ਵਜੋਂ ਮਨੁਖਤਾ ਦੀ ਬਹੁਗਿਣਤੀ ਸਾਧਾਰਣ ਸੱਚ ਦੇ ਸਨਮੁੱਖ ਹੋਣੋਂ ਇਨਕਾਰ ਕਰਦੀ ਹੈ। ਹੁਣ ਜਦੋਂ ਵਿਗਿਆਨਕ ਖੋਜ ਨੇ ਇਲਹਾਮੀ ਸੱਚ ਦਾ ਪਾਜ ਖੋਲ੍ਹ ਦਿੱਤਾ ਹੈ ਤਾਂ ਇਲਹਾਮਾਂ ਦੀ ਵੰਨ-ਸੁਵੰਨੀ ਵਿਆਖਿਆ ਕਰ ਕੇ ਉਨ੍ਹਾਂ ਨੂੰ ਵਿਗਿਆਨ ਦੇ ਚੌਖਟੇ ਵਿਚ ਫਿੱਟ ਕਰਨ ਦਾ ਹਾਸੋ-ਹੀਣਾ ਯਤਨ ਕੀਤਾ ਜਾਂਦਾ ਹੈ। ਇਲਹਾਮਾਂ ਨੂੰ ਸੱਚ ਮੰਨਣ ਦੀ ਮਜਬੂਰੀ ਨੇ ਮਨੁੱਖ ਨੂੰ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਉਹ ਵਿਗਿਆਨਕ ਸੱਚ ਤੋਂ ਵੀ ਇਨਕਾਰੀ ਨਹੀਂ ਹੋ ਸਕਦਾ ਅਤੇ ਇਲਹਾਮੀ ਵਲਗਣ ਵੀ ਟੱਪ ਨਹੀਂ ਸਕਦਾ।

ਦੂਜਾ ਅਨਰਥ ਇਹ ਹੁੰਦਾ ਹੈ ਕਿ ਹਰ ਇਲਹਾਮ ਨੂੰ ਸ਼ਕਤੀ ਦੀ ਸ਼ਰਣ ਲੈਣੀ ਪੈਂਦੀ ਹੈ। ਜੇ ਇਕ ਇਲਹਾਮ ਦੇ ਟਾਕਰੇ ਵਿਚ ਦੂਜਾ ਇਲਹਾਮ ਨ ਵੀ ਪੈਦਾ ਹੋਵੇ (ਉਂਞ ਹੋ ਜ਼ਰੂਰ ਜਾਂਦਾ ਹੈ) ਤਾਂ ਵੀ ਸਾਧਾਰਣ ਵਿਕਾਸ ਦਾ ਸਦਕਾ ਮਨੁੱਖੀ ਮਨ ਇਲਹਾਮੀ ਵਲਗਣ ਵਿਚੋਂ ਨਿਕਲਣ ਦਾ ਜਤਨ ਕਰਨ ਲੱਗ ਪੈਂਦਾ ਹੈ। ਇਸ 'ਕੁਫਰ' ਨੂੰ 'ਕਹਿਰ' ਨਾਲ ਕੁਚਲ ਦੇਣਾ, ਇਲਹਾਮ ਦੀ ਰੱਖਿਆ ਲਈ, ਜ਼ਰੂਰੀ ਹੋ ਜਾਂਦਾ ਹੈ।

ਕਲਾ ਦੇ ਪਿੜ ਵਿਚ 'ਆਵੇਸ਼' ਦੇ ਸਿਧਾਂਤ ਨੇ ਉਪ੍ਰੋਕਤ ਪ੍ਰਕਾਰ ਦੇ ਉਪੱਦਰ ਇਸ ਲਈ ਨਹੀਂ ਉਪਜਾਏ ਕਿ ਇਥੇ ਪਰਖ ਪੜਚੋਲ ਨੂੰ 'ਕੁਫਰ' ਨਹੀਂ ਮੰਨਿਆ ਗਿਆ। ਧੜਿਆਂ ਦੀ ਉਤਪਤੀ ਜ਼ਰੂਰ ਹੋਈ ਹੈ। ਇਹ ਧੜੇ ਬੋਲ-ਕਬੋਲ ਕਰਦੇ ਹਨ; ਹੱਥੋ-ਪਾਈ ਅਜੇ ਨਹੀਂ ਹੋਏ; ਭਵਿਖ ਬਾਰੇ ਮੈਂ ਕੁੱਝ ਨਹੀਂ ਕਹਿ ਸਕਦਾ। ਇਸ ਪਿੜ ਵਿਚ 'ਆਵੇਸ਼' ਦੇ ਸਿਧਾਂਤ ਤੋਂ ਇਹ ਅਨਰਥ ਉਪਜਿਆ ਹੈ ਕਿ ਮਨੁੱਖ ਦੇ ਕੁਰੂਪ ਭਾਵਾਂ ਨੂੰ; ਜੇ ਇਲਹਾਮ ਨਹੀਂ ਤਾਂ, ਸਤਿਕਾਰਯੋਗ ਜ਼ਰੂਰ ਮੰਨਿਆ ਗਿਆ ਹੈ। ਕਾਮਾਤੁਰਤਾ ਆਵੇਸ਼

ਹੋ ਨਿਬੜੀ ਹੈ। ਨਸ਼ਿਆਂ ਵਿਚੋਂ ਉਪਜੀ ਹੋਈ ਤਮੋ ਗੁਣੀ ਹਾਲਤ ਸਤਿਕਾਰ ਯੋਗ ਮੰਨੀ ਜਾਂਦੀ ਹੈ । ਜਦੋਂ ਕਿਸੇ ਕਲਾਕਾਰ ਦਾ ਸਾਧਾਰਣ ਵਤੀਰਾ ਉਸ ਦੀ ਕਲਾ ਵਿਚੋਂ ਪਰਗਟ ਹੋਣ ਵਾਲੇ ਆਦਰਸ਼ਾਂ ਉੱਤੇ ਪੂਰਾ ਨਹੀਂ ਉੱਤਰਦਾ ਤਾਂ ਉਸ ਦੀ 'ਕਲਾ ਨੂੰ ਆਵੇਸ਼ ਦੀ ਅਵਸਥਾ ਵਿਚੋਂ ਉਪਜੀ ਹੋਈ' ਅਤੇ ਉਸ ਦੀ 'ਜੀਵਨ ਜਾਚ ਨੂੰ ਸਮਾਜਿਕ ਚੌਗਿਰਦੇ ਦੀ ਦੇਣ' ਕਹਿ ਕੇ ਬੈਰੂਪੀਏ (ਬਹੁ-ਰੂਪੀਏ) ਅਤੇ ਪੈਗੰਬਰ ਵਿਚ ਸੁਭਾਵਕ ਸਾਂਝ ਸਿੱਧ ਕਰਨ ਦਾ ਜਤਨ ਕੀਤਾ ਜਾਂਦਾ ਹੈ । ਇਲਹਾਮੀ ਸਿੰਘਾਸਨ ਉੱਤੇ ਬੈਠਾ ਕਲਾਕਾਰ ਹੋਰ ਅਗੇਰੇ ਵਿਕਸਣ ਤੋਂ ਇਨਕਾਰ ਕਰਦਾ ਹੈ ਕਿਉਂਜੁ ਪਰਮ ਸੱਤ ਤੋਂ ਪਰੇ ਵਿਕਾਸ ਸੰਭਵ ਨਹੀਂ । ਜੇ ਕਲਾ ਆਵੇਸ਼ ਦੀ ਥਾਂ ਕੁਝ ਹੋਰ ਹੁੰਦੀ ਤਾਂ ਕਲਾਕਾਰ ਸਦਾ ਵਿਕਸਦੇ ਵਿਸ਼ਵ ਵਿਚ ਕਿਸੇ ਪੈਗੰਬਰੀ ਦੀ ਵਿਕਾਸ-ਹੀਣਤਾ ਨੂੰ ਜੱਫਾ ਨ ਮਾਰਦਾ ।

ਭਾਰਤੀ ਸਿਧਾਂਤ ਅਨੁਸਾਰ ਕਲਾ ਇਕ ਕੌਸ਼ਲ ਹੈ । ਕੌਸ਼ਲ ਕਹਿੰਦੇ ਹਨ ਨਿਪੁੰਨਤਾ ਨੂੰ, ਪਰਬੀਨਤਾ ਨੂੰ, ਮਹਾਰਤ ਨੂੰ, ਵਿਸ਼ੇਸ਼ਗਤਾ ਨੂੰ । ਮਹਾਰਤ, ਨਿਪੁੰਨਤਾ ਜਾਂ ਪਰਬੀਨਤਾ ਪ੍ਰਾਪਤ ਹੁੰਦੀ ਹੈ ਸਿਖਲਾਈ, ਲਗਨ ਅਤੇ ਅਭਿਆਸ ਨਾਲ । ਲਗਨ ਮਨੁੱਖ ਦੇ ਅੰਦਰਲੀ ਕੋਈ ਅਵਸਥਾ ਹੈ ਜਿਹੜੀ ਕਿਸੇ ਬਾਹਰਲੀ ਸ਼ਕਤੀ ਦੀ ਦੇਣ ਨਹੀਂ ਸਗੋਂ ਮਨੁੱਖ ਦੇ ਪੂਰਬਲੇ ਜਨਮਾਂ ਵਿਚ ਕੀਤੇ ਅਭਿਆਸ ਵਿਚੋਂ ਉਪਜਦੀ ਹੈ । ਸਿਖਲਾਈ ਅਤੇ ਅਭਿਆਸ ਉਸ ਦੇ ਵਰਤਮਾਨ ਵਿਚ ਕੀਤੇ ਜਾਣ ਵਾਲੇ ਚੇਤਨ ਜਤਨ ਹਨ । ਇਨ੍ਹਾਂ ਨਾਲ ਉਸ ਦੀ ਲਗਨ ਹੋਰ ਵਧਣੀ ਹੈ ਅਤੇ ਭਵਿਖ ਵਿਚ ਪਰਬਲ ਰੁਚੀ ਬਣ ਕੇ ਪਰਗਟ ਹੋਣੀ ਹੈ ਅਤੇ ਹੌਲੀ ਹੌਲੀ ਰਸਿਕ ਨੇ ਵੈਰਾਗੀ ਹੋ ਜਾਣਾ ਹੈ । ਇਸ ਲੰਮੇ ਵਿਕਾਸ ਦਾ ਸੰਖੇਪ ਜਿਹਾ ਵਰਣਨ ਕਰ ਕੇ ਇਸ ਲੇਖ ਨੂੰ ਸਮਾਪਤ ਕਰਨਾ ਚਾਹੁੰਦਾ ਹਾਂ ।

ਯੂਨਾਨੀ ਵਿਚਾਰਵਾਨ ਪਲੈਟੋ ਕਵੀਆਂ, ਸੰਗੀਤਕਾਰਾਂ, ਚਿੱਤ੍ਰਕਾਰਾਂ ਅਤੇ ਹੋਰ ਹਰ ਪ੍ਰਕਾਰ ਦੇ ਕਲਾਕਾਰਾਂ ਨੂੰ ਸੱਚ ਤੋਂ ਅਣਜਾਣ ਅਤੇ ਇਸ ਦੀ ਨਕਲ ਦੀ ਨਕਲ ਕਰਨ ਵਾਲੇ ਮੰਨਦਾ ਸੀ । ਉਸ ਦਾ ਖਿਆਲ ਸੀ ਕਿ ਉਹ ਲੋਕਾਂ ਦੀ ਵੇਦਨਾ ਜਾਂ ਦੁੱਖ-ਸੁੱਖ ਦੀ ਪਰਤੀਤੀ ਨੂੰ ਤੇਜ਼ ਕਰ ਕੇ ਉਨ੍ਹਾਂ ਨੂੰ ਵਿਲਾਸੀ ਅਤੇ ਬੁਜ਼ਦਿਲ ਬਣਾ ਦਿੰਦੇ ਹਨ । ਉਸ ਨੇ ਹੋਮਰ ਵਰਗੇ ਪ੍ਰਸਿਧ ਯੂਨਾਨੀ ਕਵੀਆਂ ਉੱਤੇ ਵੀ ਇਹੋ ਆਰੋਪ ਲਾਇਆ ਹੈ । ਮੈਂ ਸਮਝਦਾ ਹਾਂ ਕਿ ਪਲੈਟੋ ਦੀ ਗੱਲ ਬਹੁਤ ਹੱਦ ਤਕ ਠੀਕ ਹੈ । ਵਿਸ਼ੇਸ਼ ਕਰਕੇ ਉਹ ਕਲਾਕਾਰ ਜਿਹੜੇ ਤਮੋ ਗੁਣ ਦੇ ਹਨੇਰੇ ਵਿਚ ਗੁਆਚ ਜਾਂਦੇ ਹਨ ਅਤੇ ਜਨ-ਵੇਦਨਾ ਨਾਲੋਂ ਸਤੋ-ਗੁਣੀ ਸਾਂਝ ਤੋੜ ਲੈਂਦੇ ਹਨ, ਨਿਰੋਲ ਕਾਲਪਨਿਕ ਗੱਲਾਂ ਕਰਨ ਲੱਗ ਪੈਂਦੇ ਹਨ, ਉਨ੍ਹਾਂ ਦੀਆਂ ਕਿਰਤਾਂ ਵਿਚ ਜੀਵਨ ਦਾ ਸੱਚ ਥੋੜਾ ਅਤੇ ਕਲਾ ਦੀ ਕੁਸ਼ਲਤਾ ਵਧੇਰੇ ਹੁੰਦੀ ਹੈ । ਇਸ ਕੁਸ਼ਲਤਾ ਨੂੰ ਲਾਂਭੇ ਕੀਤਿਆਂ ਉਨ੍ਹਾਂ ਦੀ ਕਿਰਤ ਵੀ ਉਨ੍ਹਾਂ ਦੇ ਜੀਵਨ ਵਾਂਗ ਹੀ ਸੁੰਦਰਤਾ, ਪਵਿਤ੍ਰਤਾ ਅਤੇ ਕੋਮਲਤਾ ਤੋਂ ਸੱਖਣੀ ਹੋ ਜਾਂਦੀ ਹੈ ।

ਵਿਕਾਸ ਦੀ ਕਿਰਿਆ ਕੁਝ ਇਸ ਪ੍ਰਕਾਰ ਹੁੰਦੀ ਹੈ । ਆਰੰਭ ਵਿਚ ਕਲਾਕਾਰ ਸੱਚ ਤੋਂ ਅਣਜਾਣ ਅਤੇ ਤੀਬਰ ਵੇਦਨਾ ਦਾ ਧਾਰਨੀ ਹੁੰਦਾ ਹੈ । ਇਹ ਵੇਦਨਾ ਉਸ ਦੀ ਨਿਜੀ

ਹੁੰਦੀ ਹੈ। ਨਿਜੀ ਵੇਦਨਾ ਦਾ ਕਲਾ-ਮਈ ਪ੍ਰਗਟਾਵਾ ਉਸਨੂੰ ਅਤੇ ਉਸਦੇ ਸਮਾਜਕਾਂ* ਨੂੰ ਰਸ ਮਗਨ ਕਰਦਾ ਹੈ। ਜੇ ਇਸ ਰਸ ਮਗਨਤਾ ਦੇਣ ਦੇ ਬਦਲੇ ਵਿਚ ਮਿਲਣ ਵਾਲੀ ਪ੍ਰਸ਼ੰਸਾ ਅਤੇ ਪ੍ਰਸਿਧੀ ਉਸ ਨੂੰ ਰਜੋ-ਗੁਣ ਦੇ ਹਨੇਰੇ ਵਿਚ ਨ ਧੱਕ ਦੇਵੇ ਤਾਂ ਉਸ ਲਈ ਇਹ ਜਾਣਨਾ ਔਖਾ ਨਹੀਂ ਹੁੰਦਾ ਕਿ ਮੇਰੇ ਸਮਾਜਕਾਂ ਦੀ ਰਸ ਲੀਨਤਾ ਦਾ ਕਾਰਨ ਇਹ ਹੈ ਕਿ ਉਹ ਮੇਰੀ ਨਿਜੀ ਵੇਦਨਾ ਨੂੰ ਆਪਣੀ ਸਮਝਦੇ ਹਨ। ਜੇ ਉਹ ਕਿਸੇ ਪੈਗੰਬਰੀ ਦੇ ਭੁਲੇਖੇ ਵਿਚ ਨਹੀਂ ਤਾਂ ਉਹ ਇਹ ਨਹੀਂ ਸੋਚੇਗਾ ਕਿ ਮੈਂ 'ਜਨ ਵੇਦਨਾ''** ਨੂੰ ਏਨੀ ਕੁਸ਼ਲਤਾ ਨਾਲ ਚਿਤ੍ਰਦਾ ਹਾਂ ਕਿ ਲੋਕ ਇਸ ਨੂੰ ਆਪਣੀ ਸਮਝ ਬੈਠਦੇ ਹਨ; ਸਗੋਂ ਇਹ ਆਖੇਗਾ ਕਿ ਵੇਦਨਾ ਦੀ ਵਿਸ਼ਵ-ਵਿਆਪਕਤਾ ਦੇ ਕਾਰਣ 'ਮੇਰੀ'** ਵੇਦਨਾ ਲੋਕਾਂ ਦੁਆਰਾ ਮਹਿਸੂਸੀ ਗਈ ਹੈ। ਇਉਂ ਉਸ ਨੂੰ ਦ੍ਰਿੜ੍ਹ ਵਿਸ਼ਵਾਸ ਹੋ ਜਾਵੇਗਾ ਕਿ ਸੰਸਾਰ ਦੇ ਜੀਵ ਵੇਦਨਾ ਰਾਹੀਂ ਇਕ ਦੂਜੇ ਨਾਲ ਸੰਬੰਧਕ ਹਨ । ਇਹ ਸੂਝ ਉਸ ਨੂੰ ਰਸਿਕ ਤੋਂ ਭਾਵੁਕ† ਬਣਾ ਦੇਵੇਗੀ।

ਮਨੁੱਖੀ ਰਿਸ਼ਤਿਆਂ ਦੇ ਸਿਆਸੀ, ਸਨਅਤੀ, ਧਾਰਮਕ, ਮਾਇਕ ਅਤੇ ਪਰਵਿਰਤੀ-ਮੂਲਕ ਆਦਿਕ ਕਈ ਰੂਪ ਹਨ । ਕਲਾਕਾਰ ਇਨ੍ਹਾਂ ਰਿਸ਼ਤਿਆਂ ਨੂੰ ਸਮਝਣ ਅਤੇ ਸੁਲਝਾਉਣ ਦੀ ਗੱਲ ਭਾਵੇਂ ਸੋਚਦਾ ਅਤੇ ਕਰਦਾ ਹੈ ਪ੍ਰੰਤੂ ਉਸ ਦਾ ਆਪਣਾ ਰਿਸ਼ਤਾ ਵੇਦਨਾ-ਮੂਲਕ ਹੈ । ਜਿਸ ਵਿਅਕਤੀ ਦਾ ਜਨ-ਸਾਧਾਰਣ ਨਾਲ ਰਿਸ਼ਤਾ ਵੇਦਨਾ-ਮੂਲਕ ਨਹੀਂ ਸਗੋਂ ਮਾਇਕ, ਧਾਰਮਕ ਜਾਂ ਸਿਆਸੀ ਹੈ ਉਹ ਕਲਾਕਾਰ ਨਹੀਂ ਸਗੋਂ ਵਪਾਰੀ, ਧਰਮ-ਪਰਚਾਰਕ ਜਾਂ ਸਿਆਸਤਦਾਨ ਹੈ । ਵੇਦਨਾ ਮੂਲਕ ਰਿਸ਼ਤਾ ਸੰਸਾਰ ਦੇ ਸ੍ਰੇਸ਼ਟ ਰਿਸ਼ਤਿਆਂ ਵਿਚੋਂ ਹੈ। ਗੂਹੜੀ ਮਿੱਤ੍ਰਤਾ ਅਤੇ ਪਰਵਾਰਕ ਸੰਬੰਧ ਵੀ ਕਈ ਵੇਰ ਵੇਦਨਾ-ਮਈ ਹੋਣ ਦੀ ਥਾਂ ਪਰਵਿਰਤੀ ਮੂਲਕ ਅਤੇ ਸੁਆਰਥਾਧਾਰਿਤ ਹੁੰਦੇ ਹਨ। ਵੇਦਨਾ ਮੂਲਕ ਰਿਸ਼ਤੇ ਨਾਲੋਂ ਉਚੇਰਾ ਰਿਸ਼ਤਾ ਕੇਵਲ ਰੂਹਾਨੀ ਰਿਸ਼ਤਾ ਹੀ ਹੈ ਅਤੇ ਇਹ ਦੁਰਲੱਭ ਹੈ। ਸਿਆਸੀ, ਸਮਾਜੀ, ਮਾਇਕ, ਆਦਿਕ ਸਭ ਰਿਸ਼ਤੇ ਮਨੁੱਖੀ ਮਨ ਦੇ ਵਿਕਾਸ ਦੀ ਰੁਕਾਵਟ ਹਨ। ਵੇਦਨਾ-ਮੂਲਕ ਰਿਸ਼ਤਾ ਸੌਖੇ ਹੀ ਰੂਹਾਨੀ ਰਿਸ਼ਤੇ ਵਿਚ ਵਿਕਸ ਜਾਣ ਦੀ ਸੰਭਾਵਨਾ ਰੱਖਦਾ ਹੈ। ਇਸੇ ਲਈ ਕਰੁਣਾ ਰਸ ਨੂੰ ਮਨੁੱਖੀ ਮਨ ਦੀ ਸ਼ੁੱਧੀ ਦਾ ਸਾਧਨ ਮੰਨਿਆ ਜਾਂਦਾ ਹੈ।

ਜਿਸ ਕਲਾਕਾਰ ਦਾ ਇਹ ਰਿਸ਼ਤਾ ਉਸ ਦੇ ਜੀਵਨ ਦੀ ਸੱਚਾਈ ਬਣ ਜਾਂਦਾ ਹੈ ਉਹ ਵੇਦਨਾ ਤੋਂ ਛੁਟਕਾਰਾ ਪਾਉਣ ਦੀ ਗੱਲ ਸੋਚਣ ਲੱਗਿਆਂ ਕਿਸੇ ਸਿਆਸੀ ਜਾਂ ਆਰਥਕ ਸਿਧਾਂਤ ਦੀ ਸ਼ਰਨ ਨਹੀਂ ਲੈਂਦਾ। ਇਉਂ ਕਰਨ ਦਾ ਭਾਵ ਇਹ ਹੋਵੇਗਾ ਕਿ

*ਪਾਠਕਾਂ, ਸਰੋਤਿਆਂ ਜਾਂ ਦਰਸ਼ਕਾਂ ਨੂੰ।

**ਦੋਹਾਂ ਸੋਚਾਂ ਵਿਚ ਬਹੁਤ ਫਰਕ ਹੈ। ਪਹਿਲੀ ਰਜੋ ਗੁਣੀ ਹੈ ਦੂਜੀ ਸਤੋ ਗੁਣੀ। ਪਹਿਲੀ ਪਰਉਪਕਾਰੀ ਦੀ ਸੋਚ ਹੈ ਦੂਜੀ ਮਿੱਤ੍ਰ ਦੀ।

†ਭਾਵੁਕ ਤੋਂ ਇਥੇ ਮੇਰਾ ਭਾਵ ਹੈ ਸਤੋ ਗੁਣੀ ਕੋਮਲ ਭਾਵਾਂ ਦਾ ਧਾਰਨੀ।

ਉਸ ਦਾ ਲੋਕ-ਰਿਸ਼ਤਾ ਵੇਦਨਾ-ਮੂਲਕ ਨਹੀਂ ਸਗੋਂ ਸਿਆਸੀ ਜਾਂ ਮਾਇਕ ਹੈ। ਹੋਰ ਸਾਰੇ ਰਿਸ਼ਤਿਆਂ ਦੀ ਕੁਰੂਪਤਾ ਨੂੰ ਪਛਾਣ ਕੇ, ਉਨ੍ਹਾਂ ਦੀ ਜੜ੍ਹ ਵਿਚ ਬਿਰਾਜਮਾਨ ਕੁੜੱਤਣ ਦਾ ਖਿਆਲ ਕਰ ਕੇ, ਉਹ ਰੂਹਾਨੀ ਜਾਂ ਆਤਮਕ ਰਿਸ਼ਤੇ ਦੀ ਗੱਲ ਸੋਚਦਾ ਹੈ।* ਇਹ ਸੋਚ ਉਸ ਨੂੰ ਦਸਦੀ ਹੈ ਕਿ ਹਰ ਪ੍ਰਕਾਰ ਦੀ ਵੇਦਨਾ, ਵੇਦਨਾ ਹੈ। ਜੇ ਦੁਖਦਾਈ ਵੇਦਨਾ ਦਾ ਤਿਆਗ ਕਰਨਾ ਹੈ ਤਾਂ ਸੁਖਦਾਈ ਨੂੰ ਵੀ ਤਿਆਗਣਾ ਪਵੇਗਾ। ਸਾਡਾ ਰਸਿਕ ਕਲਾਕਾਰ ਵੇਦਨਾ ਮੂਲਕ ਰਿਸ਼ਤੇ ਦੀ ਸਥਾਪਨਾ ਕਰ ਕੇ ਭਾਵੁਕ ਵਿਚ ਵਿਕਸ ਗਿਆ ਸੀ। ਹੁਣ ਉਹ ਲੋਕ-ਵੇਦਨਾ ਦਾ ਦਾਰੂ ਲੱਭਣ ਦੇ ਜਤਨ ਵਿਚ ਦਾਰਸ਼ਨਿਕ ਜਾਂ ਵਿਚਾਰਕ ਬਣ ਰਿਹਾ ਹੈ। ਜੀਵਨ ਦਾ ਲੰਮੇਰਾ ਅਨੁਭਵ ਅਤੇ ਮਨੁੱਖਤਾ ਦਾ ਪਿਆਰ ਉਸ ਨੂੰ ਦਸਦਾ ਹੈ ਕਿ ਸਮੁੱਚੀ ਵੇਦਨਾ ਤੋਂ ਉੱਪਰ ਉੱਠਣ ਲਈ ਦਾਰਸ਼ਨਿਕਤਾ ਅਤੇ ਦਾਰਸ਼ਨਿਕ ਸੂਝ ਲਈ 'ਸਦਾਚਾਰ' ਮੁੱਢਲੀਆਂ ਲੋੜਾਂ ਹਨ। ਨਿਰੀ ਸੂਝ ਤਾਂ ਦੁਰਾਚਾਰੀ ਲਈ ਵੀ ਸੰਭਵ ਹੈ ਪ੍ਰੰਤੂ ਮੇਰਾ ਭਾਵ ਇਥੇ ਨਿਰੀ ਸੂਝ ਤੋਂ ਨਹੀਂ ਸਗੋਂ ਦਾਰਸ਼ਨਿਕ ਸੱਚ ਅਨੁਸਾਰ ਆਪਣਾ ਆਚਾਰ ਢਾਲਣ ਤੋਂ ਹੈ। ਨ ਹੀ ਦਾਰਸ਼ਨਿਕ ਸੂਝ ਤੋਂ ਮੇਰਾ ਭਾਵ ਅਕਲੀ ਕਲਾਬਾਜ਼ੀ ਅਤੇ ਕਿਸੇ ਸਿਆਸੀ ਜਾਂ ਸਮਾਜੀ ਜਾਂ ਧਾਰਮਕ ਸਿਧਾਂਤ ਦੀ ਗੁਲਾਮੀ ਹੈ। ਦਾਰਸ਼ਨਿਕਤਾ ਤੋਂ ਮੇਰਾ ਭਾਵ ਹੈ ਸੰਸਾਰ ਦੇ ਬਦਲਦੇ, ਬਿਨਸਦੇ, ਅਸਥਿਰ ਰੂਪ ਦੀ ਬਹੁਰੂਪਤਾ ਵਿਚ ਕਿਸੇ ਅਬਦਲ, ਅਟੱਲ, ਸਥਿਰ ਸੱਚ ਦੀ ਹੋਂਦ ਦਾ ਅਨੁਭਵ; ਦੁੱਖ-ਸੁੱਖ ਦੀ ਛਿਨ-ਭੰਗਰ ਖੇਡ ਤੋਂ ਪਰੇ ਕਿਸੇ ਰੂਹਾਨੀ ਖੇੜੇ ਦੀ ਅਖੰਡਤਾ ਦੀ ਅਨੁਭੂਤੀ। ਇਸ ਅਨੁਭੂਤੀ ਲਈ ਹਰ ਪ੍ਰਕਾਰ ਦੀ ਵੇਦਨਾ ਤੋਂ ਪਰੇ ਜਾਣਾ ਜ਼ਰੂਰੀ ਹੈ। ਵੇਦਨਾ-ਮੁਕਤ ਹੋਣ ਦੀ ਵਿਚਾਰ ਸਦਾਚਾਰੀ ਦੇ ਹਿਰਦੇ ਵਿਚ ਟਿਕਦੀ ਹੈ। ਵਿਚਾਰਕ ਲਈ ਨੇਕ ਹੋਣਾ ਜ਼ਰੂਰੀ ਹੈ। ਇਸ ਲਈ 'ਐਸਾ ਕੰਮ ਮੂਲੇ ਨ ਕੀਚੈ ਜਿਤ ਅੰਤ ਪਛੋਤਾਈਐ।' ਅੰਤਹਕਰਣ ਦੀ ਆਵਾਜ਼ ਵੱਲ ਧਿਆਨ ਦੇਣ ਵਾਲਾ ਵਿਚਾਰਕ ਸੱਚ ਦੀ ਟੋਹ ਪਾ ਕੇ ਸੰਸਾਰ ਨੂੰ ਲੀਲਾ** ਜਾਣ ਲੈਂਦਾ ਹੈ। ਇਹ ਵੈਰਾਗ ਹੈ। ਇਹ ਮੋਹ ਦਾ ਟੁੱਟਣਾ ਹੈ। ਜੋ ਇਥੇ ਪੁੱਜੇ ਹਨ ਉਨ੍ਹਾਂ ਦੀ ਕਲਾ ਉਨ੍ਹਾਂ ਦੇ ਹਿਰਦੇ ਵਾਂਗ ਜੀਵਨ ਦੇ ਸੱਚ ਨਾਲ ਭਰਪੂਰ ਹੁੰਦੀ ਹੈ। ਜੋ ਇਸ ਸੇਧੇ ਤੁਰਦੇ ਹਨ ਉਨ੍ਹਾਂ ਦੀ ਕਲਾ ਵਿਕਾਸ ਦੇ ਰਾਹ ਤੁਰਦੀ ਹੈ, ਵਿਕਸਦੀ ਹੈ। ਇਹ ਖੇਡ ਹੈ ਜ਼ਰਾ ਕਠਨ। ਇਸੇ ਲਈ ਟੈਗੋਰ, ਟਾਲਸਟਾਏ, ਐਮਰਸਨ, ਰਸਕਿਨ, ਪ੍ਰੋ. ਪੂਰਨ ਸਿੰਘ ਥੋੜੇ ਹਨ। ਉਂਞ ਕਵੀਆਂ, ਕਲਾਕਾਰਾਂ, ਨਾਚਿਆਂ ਨਾਲ ਦੁਨੀਆਂ ਭਰੀ ਪਈ ਹੈ। 'ਰੋਟੀਆਂ ਕਾਰਣ' 'ਤਾਲ ਪੂਰਨ' ਵਾਲੇ ਕਲਾਕਾਰਾਂ ਦੇ ਕਲਾ-ਵਿਲਾਸ ਦਾ ਘੱਟਾ ਉੱਡ ਉੱਡ ਕੇ ਸਮਾਜਕਾਂ

---

*ਕਿਸੇ ਵੀ ਸਮਕਾਲੀ ਕਲਾਕਾਰ ਉੱਤੇ ਪਤਨ ਜਾਂ ਵਿਕਾਸ ਦੀ ਕਿਰਿਆ ਵਾਪਰਦੀ ਵੇਖੀ ਜਾ ਸਕਦੀ ਹੈ। ਵਿਕਸਦਾ ਕੋਈ ਕੋਈ ਹੈ; ਨਿਘਰਦਾ ਹਰ ਕੋਈ ਹੈ। ਲਗ-ਪਗ ਸਾਰੇ ਕਲਾਕਾਰਾਂ ਦਾ ਜੀਵਨ ਇਸ ਸੱਚ ਦਾ ਸਬੂਤ ਹੈ।

**ਬਾਜ਼ੀਚਾ-ਇ-ਇਤਫਾਲ ਹੈ ਦੁਨੀਆ ਮੇਰੇ ਆਗੇ।
ਹੋਤਾ ਹੈ ਸ਼ਬੋ-ਰੋਜ਼ ਤਮਾਸ਼ਾ ਮੇਰੇ ਆਗੇ।—'ਗ਼ਾਲਿਬ'

ਦੇ ਸਿਰ ਪੈਂਦਾ ਹੈ। ਇਸ ਵਿਲਾਸੀ, ਵਿਕਾਰੀ, ਸੁਆਰਥੀ ਘੱਟੇ ਉੱਤੇ ਪ੍ਰਭਾਵ-ਵਾਦ, ਪ੍ਰਗਟਾ-ਵਾਦ, ਪਰਯੋਗ-ਵਾਦ, ਸੁਧਾਰਵਾਦ, ਯਥਾਰਥਵਾਦ, ਰੋਮਾਂਸਵਾਦ, ਅਤੇ ਸਮਾਜਵਾਦੀ ਯਥਾਰਥ-ਵਾਦ ਆਦਿਕ ਦੇ ਰੰਗ-ਬਰੰਗੇ ਲੇਬਲ ਲਾਏ ਜਾਣ ਨੂੰ ਸੁਹਜ-ਸ਼ਾਸਤ੍ਰ ਆਖਿਆ ਜਾਂਦਾ ਹੈ। ਨ ਇਹ ਸਿਧਾਂਤ ਅਤੇ ਨ ਹੀ ਇਨ੍ਹਾਂ ਸਿਧਾਂਤਾਂ ਦੇ ਠੁੰਮ੍ਹਣਿਆਂ ਉੱਤੇ ਖੜੋਤੀਆਂ ਕਲਾਵਾਂ ਜਨ-ਸਾਧਾਰਣ ਦੇ ਜੀਵਨ ਵਿਚ ਕਿਸੇ ਪਰਕਾਰ ਦੀ ਸੁੰਦਰਤਾ ਪੈਦਾ ਕਰ ਸਕਦੀਆਂ ਹਨ। ਇਹ ਸਿਧਾਂਤ ਵਿਹਲੜ ਸ਼੍ਰੇਣੀ ਦੇ ਪਾਲਤੂ ਵਿਦਵਾਨਾਂ ਦੀ ਦਿਮਾਗ਼ੀ-ਦੰਗਲਬਾਜ਼ੀ ਹਨ। ਇਨ੍ਹਾਂ ਦੇ ਆਸਰੇ ਖੜੋਤੀਆਂ ਕਲਾਵਾਂ ਵਿਹਲੜਾਂ ਦਾ ਵਿਹਲ-ਵਿਲਾਸ ਹਨ। ਮਨੁੱਖੀ ਸਮਾਜਾਂ ਦਾ ਪਿਛਲੇ ਚਾਰ ਪੰਜ ਹਜ਼ਾਰ ਸਾਲਾਂ ਦਾ ਇਤਿਹਾਸ ਇਹੋ ਪਰਗਟ ਕਰਦਾ ਹੈ ਕਿ ਕੰਮ ਕਰਨ ਵਾਲੀ ਸ਼੍ਰੇਣੀ ਦੇ ਵੰਡੇ ਕਲਾ ਦੀ ਸੁੰਦਰਤਾ ਕਦੇ ਵੀ ਨਹੀਂ ਆਈ। ਉਨ੍ਹਾਂ ਦੇ ਖੋਲੇ-ਝੁੱਗੀਆਂ ਸਦਾ ਹੀ ਸੌਂਦਰਯ-ਹੀਣ ਰਹੇ ਹਨ। ਉਨ੍ਹਾਂ ਦੇ ਉਸਾਰੇ ਕਿਲ੍ਹਿਆਂ ਅਤੇ ਮਹਲਾਂ ਦੇ ਲਾਗੋਂ ਦੀ ਉਨ੍ਹਾਂ ਦਾ ਲਾਂਘਾ ਵੀ ਸੰਭਵ ਨਹੀਂ ਸੀ। ਹੁਣ ਜਦੋਂ ਰਾਜੇ, ਮਹਾਰਾਜੇ, ਸਮਰਾਟ ਅਤੇ ਸ਼ਹਿਨਸ਼ਾਹ ਮਰ-ਮੁੱਕ ਗਏ ਹਨ ਅਤੇ ਉਨ੍ਹਾਂ ਦੇ ਮਹਲ ਖੋਲਿਆਂ ਵਿਚ ਬਦਲ ਗਏ ਹਨ ਤਾਂ ਕਿਧਰੇ ਜਨ-ਸਾਧਾਰਣ ਨੂੰ ਇਨ੍ਹਾਂ ਖੋਲ੍ਹਿਆਂ ਵਿਚ ਪਰਵੇਸ਼ ਕਰਨ ਦੀ ਆਗਿਆ ਮਿਲੀ ਹੈ। ਇਸ ਨਾਲ ਜਨ-ਸਾਧਾਰਣ ਦੇ ਜੀਵਨ-ਸੌਂਦਰਯ ਵਿਚ ਕੋਈ ਵਾਧਾ ਨਹੀਂ ਹੁੰਦਾ; ਸਗੋਂ ਆਧੁਨਿਕ ਵਿਹਲੜ-ਸ਼੍ਰੇਣੀ ਦੀ ਆਮਦਨ ਹੀ ਵਧਦੀ ਹੈ; ਇਹਨਾਂ ਖੋਲਿਆਂ ਵਿਚ ਪਰਵੇਸ਼ ਕਰਨ ਲਈ ਫੀਸ ਜੁ ਦੇਣੀ ਪੈਂਦੀ ਹੈ।

ਇਹੋ ਹਾਲ ਸਾਡੀਆਂ ਕਲਾਵਾਂ ਦਾ ਹੈ। ਤਾਨਸੈਨ ਅਕਬਰ ਦਾ ਰਾਗੀ ਸੀ। ਉਸ ਦੇ ਸੰਗੀਤ ਨਾਲ ਜਨ-ਸਾਧਾਰਣ ਦੇ ਜੀਵਨ ਦੀ ਮਧੁਰਤਾ ਵਿਚ ਕੋਈ ਵਾਧਾ ਜਾਂ ਕੁੜੱਤਣ ਵਿਚ ਕੋਈ ਘਾਟਾ ਹੋਇਆ ਹੋਣ ਦੀ ਕੋਈ ਆਸ ਨਹੀਂ ਕੀਤੀ ਜਾ ਸਕਦੀ। ਜਨ-ਸਾਧਾਰਣ ਦੇ ਦਰਦ ਨੂੰ ਗਾਉਣ ਦਾ ਕੰਮ ਮੀਰਾ ਵਰਗੇ ਲੋਕਾਂ ਦਾ ਸੀ। ਮੀਰਾ ਕਾਵਿ ਅਤੇ ਸੰਗੀਤ ਦੀ ਸਾਧਨਾ ਨਾਲ ਵੇਦਨਾ ਉੱਤੇ ਜਿੱਤ ਪ੍ਰਾਪਤ ਕਰ ਗਈ ਸੀ। ਜਿਨ੍ਹਾਂ ਲੋਕਾਂ ਨਾਲ ਉਸ ਦਾ ਵੇਦਨਾ-ਮੂਲਕ ਰਿਸ਼ਤਾ ਸੀ ਉਨ੍ਹਾਂ ਨਾਲ ਹੁਣ ਉਹ ਉਸ ਤੋਂ ਉਚੇਰਾ ਰਿਸ਼ਤਾ ਜੋੜ ਚੁੱਕੀ ਸੀ। ਉਹ ਪਿਆਰ ਵਿਚ ਜੀ ਉੱਠੀ ਸੀ। ਉਸ ਦਾ ਵੇਦਨਾ-ਮੂਲਕ ਰਿਸ਼ਤਾ ਵਿਕਾਸ ਕਰ ਗਿਆ ਸੀ। ਤਾਨਸੈਨ ਨੂੰ ਮਿਲੀ ਪ੍ਰਸਿੱਧੀ; ਪ੍ਰਭੁਤਾ, ਪ੍ਰਸ਼ੰਸਾ ਅਤੇ ਸੰਪਤੀ ਨੇ ਉਸ ਦੀ ਵੇਦਨਾ ਨੂੰ ਵਿਲਾਸ ਵਿਚ ਬਦਲ ਦਿੱਤਾ ਸੀ। ਉਹ ਰਾਜਸਿਕ ਤਮੋ ਵਿਚ ਪਤਿਤ ਹੋ ਚੁੱਕਾ ਸੀ। ਉਂਝ ਦੋਵੇਂ ਕਲਾਕਾਰ ਸਨ।

ਪੱਛਮੀ ਯੂਰਪ ਅਤੇ ਅਮਰੀਕਾ ਵਿਚ ਜਨ-ਸਾਧਾਰਣ ਦੇ ਜੀਵਨ ਵਿਚਲੀ ਸਫ਼ਾਈ ਅਤੇ ਖੁਸ਼ਹਾਲੀ* ਕਿਸੇ ਕਲਾ ਦਾ ਕ੍ਰਿਸ਼ਮਾ ਨਹੀਂ ਸਗੋਂ ਸਾਇੰਸ, ਸਨਅਤ, ਸਿਆਸਤ ਅਤੇ ਵਪਾਰ ਦੀ ਕਰਾਮਾਤ ਹੈ। ਇਸੇ ਤਰ੍ਹਾਂ ਦੀ ਕਰਾਮਾਤ ਮਧ-ਪੂਰਬੀ ਦੇਸ਼ਾਂ ਵਿਚ ਹੋ ਰਹੀ ਹੈ ਜਿਥੇ ਪਟਰੋਲ ਤੋਂ ਕਮਾਇਆ ਹੋਇਆ ਧਨ ਗਗਨ-ਚੁੰਬੀ ਇਮਾਰਤਾਂ ਦੀ ਉਸਾਰੀ

---

*ਏਸ਼ੀਆ ਅਤੇ ਅਫਰੀਕਾ ਦੇ ਟਾਕਰੇ ਵਿਚ ਇਹ ਲੋਕ ਬਹੁਤ ਖੁਸ਼ਹਾਲ ਹਨ।

ਕਰ ਰਿਹਾ ਹੈ। ਉੱਥੇ ਇਹ ਧਨ ਜਨ-ਸਾਧਾਰਣ ਦੇ ਜੀਵਨ ਨੂੰ ਭਾਵੇਂ ਬਹੁਤਾ ਖੁਸ਼ਹਾਲ ਨਹੀਂ ਕਰ ਰਿਹਾ ਤਾਂ ਵੀ ਉਨ੍ਹਾਂ ਦੇਸ਼ਾਂ ਦੇ ਖੁਸ਼ਕ, ਵੀਰਾਨੀ ਰੇਗਿਸਤਾਨੀ ਦ੍ਰਿਸ਼ ਨੂੰ ਜ਼ਰੂਰ ਬਦਲ ਰਿਹਾ ਹੈ। ਇਸ ਸੱਚ ਦੀ ਰੌਸ਼ਨੀ ਵਿਚ ਇਹ ਵੇਖ ਸਕਣਾ ਕੋਈ ਔਖੀ ਗੱਲ ਨਹੀਂ ਕਿ ਸਮਾਜਕ ਜੀਵਨ ਵਿਚ ਆਉਣ ਵਾਲੀਆਂ ਤਬਦੀਲੀਆਂ ਆਮ ਕਰਕੇ ਕਲਾ ਦੀਆਂ ਮੁਥਾਜ ਨਹੀਂ ਹੁੰਦੀਆਂ। ਜਦੋਂ ਕੋਈ ਕਲਾਕਾਰ ਕਲਾ ਨੂੰ 'ਜੀਵਨ ਲਈ' ਨ ਮੰਨ ਕੇ ਆਪਣੇ 'ਮਾਨਸਿਕ ਵਿਕਾਸ ਦਾ ਸਾਧਨ' ਮੰਨਦਾ ਹੈ ਉਦੋਂ ਇਸ ਦਾ ਅਭਿਆਸ ਕਲਾਕਾਰ ਅਤੇ ਕਲਾ ਨੂੰ ਏਨਾ ਸੱਤ ਅਤੇ ਸੌਂਦਰਯ ਬਖਸ਼ਦਾ ਹੈ ਕਿ ਜੀਵਨ ਉਸ ਦਾ ਪ੍ਰਭਾਵ ਕਬੂਲਣੋਂ ਰਹਿ ਨਹੀਂ ਸਕਦਾ। ਦੁੱਖ ਇਸ ਗੱਲ ਦਾ ਹੈ ਕਿ ਸੰਸਾਰ ਦੇ ਬਹੁਤੇ ਕਲਾਕਾਰ ਆਪਣੇ ਆਪ ਨੂੰ ਪਰੀਪੂਰਣ ਸਮਝਦੇ ਹਨ ਅਤੇ ਕਿਸੇ ਨਿਜੀ ਵਿਕਾਸ ਦੀ ਲੋੜ ਮਹਿਸੂਸ ਕਰਨ ਨਾਲੋਂ ਜੀਵਨ ਦੇ ਕਲਿਆਣ ਦੀ 'ਚਿੰਤਾ' ਬਹੁਤੀ ਕਰਦੇ ਹਨ।

# ਕਲਾ ਵਿੱਚ ਅਸ਼ਲੀਲਤਾ

## (੧)

## ਕੀ ਇਹ ਇੱਕ ਸਮੱਸਿਆ ਹੈ ?

'ਕੁਦਰਤੀ' ਅਤੇ 'ਕ੍ਰਿਤ੍ਰਿਮ', ਸੁੰਦਰਤਾ ਦੀਆਂ ਦੋ ਬੁਨਿਆਦੀ ਵੰਡਾਂ ਹਨ। ਕ੍ਰਿਤ੍ਰਿਮ ਜਾਂ ਬਨਾਵਟੀ ਸੁੰਦਰਤਾ ਉਪਜਾਉਣ ਦੀ ਵਿਧੀ ਨੂੰ ਕਲਾ ਆਖਿਆ ਜਾਂਦਾ ਹੈ। ਸੁੰਦਰਤਾ ਸਾਧਨ ਹੈ ਅਤੇ ਆਨੰਦ ਮਨੋਰਥ ਹੈ। ਸਾਰੇ ਮਨੁੱਖਾਂ ਦੇ ਮਨ ਇੱਕੋ ਜਿਹੇ ਵਿਕਸਿਤ ਜਾਂ ਸੰਸਕ੍ਰਿਤ ਨਹੀਂ ਹਨ ਇਸ ਲਈ ਆਨੰਦ-ਸੰਕਲਪ ਵੀ ਵੱਖ ਵੱਖ ਹਨ ਅਤੇ ਮਨ ਦੀ ਅਵਸਥਾ ਉੱਤੇ ਨਿਰਭਰ ਕਰਦੇ ਹਨ। ਸਾਡਾ 'ਆਨੰਦ ਸੰਕਲਪ' ਸਾਡੇ 'ਸੌਂਦਰਯ ਸੰਕਲਪ' ਦਾ ਆਧਾਰ ਹੈ। ਕੋਈ ਮਨੁੱਖ ਜਿਸ ਪ੍ਰਕਾਰ ਦੇ ਆਨੰਦ ਦਾ ਅਨੁਭਵੀ ਜਾਂ ਅਭਿਲਾਸ਼ੀ ਹੁੰਦਾ ਹੈ, ਉਸੇ ਪ੍ਰਕਾਰ ਦੀ ਸੁੰਦਰਤਾ ਦੀ ਉਪਾਸਨਾ ਕਰਦਾ ਹੈ। ਸਾਡੇ ਆਨੰਦ-ਸੰਕਲਪ ਅਤੇ ਸੌਂਦਰਯ-ਸੰਕਲਪ ਛੇਤੀ ਛੇਤੀ ਬਦਲਾਏ ਜਾਂ ਵਿਕਸਾਏ ਨਹੀਂ ਜਾ ਸਕਦੇ। ਇਸ ਕੰਮ ਲਈ ਲੰਮੀ ਘਾਲਣਾ ਦੀ ਲੋੜ ਹੈ। ਇਹ ਇੱਕ ਸੁਸਤ ਸਹਿਜ-ਵਿਕਾਸ ਹੈ।

ਦੋ ਵਿਅਕਤੀਆਂ ਦਾ ਆਨੰਦ-ਸੰਕਲਪ ਸਾਂਝਾ ਹੋਣ ਉੱਤੇ ਵੀ ਉਨ੍ਹਾਂ ਦੀ ਆਨੰਦ-ਅਨੁਭੂਤੀ ਨਿਰੋਲ ਨਿੱਜੀ ਜਾਂ ਆਪੋ ਆਪਣੀ ਹੁੰਦੀ ਹੈ। ਇਸ ਲਈ ਸੁੰਦਰਤਾ ਨੂੰ ਵਿਅਕਤੀਗਤ ਮਾਨਤਾ ਮੰਨਿਆ ਜਾਂਦਾ ਹੈ। ਜੇ ਸੁੰਦਰਤਾ ਇੱਕ ਵਿਅਕਤੀਗਤ ਮਾਨਤਾ ਹੈ ਤਾਂ ਅਸ਼ਲੀਲਤਾ ਦੀ ਸਮੱਸਿਆ ਬਹੁਤੀ ਮਹੱਤਵ-ਪੂਰਣ ਨਹੀਂ ਮੰਨੀ ਜਾ ਸਕਦੀ ਕਿਉਂ ਜੁ ਹਰ ਕਿਸੇ ਨੂੰ ਆਪੋ ਆਪਣੇ ਆਨੰਦ-ਅਨੁਭਵ ਲਈ ਆਪੋ ਆਪਣੀ ਰੁਚੀ ਅਨੁਸਾਰ ਕਿਸੇ ਵਸਤੂ ਨੂੰ ਸੁੰਦਰ ਸਮਝਣ ਦਾ ਪੂਰਾ ਪੂਰਾ ਅਧਿਕਾਰ ਹੈ। ਪਰ ਇਹ ਗੱਲ ਜਿੰਨੀ ਸਰਲਤਾ ਨਾਲ ਆਖੀ ਜਾ ਸਕਦੀ ਹੈ ਓਨੀ ਨਿਪੁੰਨਤਾ ਨਾਲ ਨਿਭਾਈ ਨਹੀਂ ਜਾ ਸਕਦੀ। ਜੋ 'ਅਸੰਭਵ' ਹੈ ਉਸ ਦੇ 'ਸੱਚਾ' ਹੋਣ ਵਿਚ ਕੋਈ ਸ੍ਰੇਸ਼ਟਤਾ ਨਹੀਂ।

ਇੱਕ ਵੈਦ ਦੀ ਪੁਸਤਕ ਵਿਚ ਅਨੇਕ ਰੋਗਾਂ ਦੀ ਨਵਿਰਤੀ ਲਈ ਅਨੇਕ ਨੁਸਖੇ ਲਿਖੇ ਹੋਏ ਹੁੰਦੇ ਹਨ। ਇੱਕ ਨੁਸਖਾ ਕਿਸੇ ਇੱਕ ਪ੍ਰਕਾਰ ਦੇ ਰੋਗ ਦੀ ਨਵਿਰਤੀ ਕਰਨ ਦੇ

ਯੋਗ ਹੁੰਦਾ ਹੈ, ਪਰ ਕਿਸੇ ਦੂਜੇ ਰੋਗ ਦੇ ਰੋਗੀ ਲਈ ਉਹ ਨੁਸਖਾ ਮੌਤ ਦਾ ਸੁਨੇਹਾ ਸਾਬਤ ਹੋ ਸਕਦਾ ਹੈ। ਇਸ ਲਈ ਵੈਦ ਹਰ ਰੋਗੀ ਨੂੰ ਧਿਆਨ ਨਾਲ ਵੇਖ-ਜਾਚ ਕੇ, ਉਸ ਲਈ ਲੋੜੀਂਦਾ ਨੁਸਖਾ ਲਿਖ ਦਿੰਦਾ ਹੈ ਜਾਂ ਆਪਣੀ ਦੁਕਾਨ ਵਿਚ ਪਈਆਂ ਦਵਾਈਆਂ ਵਿਚੋਂ ਕੁਝ ਕੁ ਉਸ ਨੂੰ ਖਾਣ ਲਈ ਦੇ ਦਿੰਦਾ ਹੈ। ਕਲਾ ਅਤੇ ਕਲਾਕਾਰ ਦੇ ਸੰਬੰਧ ਵਿਚ ਇਹ ਸਭ ਕੁਝ ਏਨਾ ਸਰਲ ਅਤੇ ਸੌਖਾ ਨਹੀਂ। ਮੱਧ ਕਾਲ ਵਿਚ (ਹੋ ਸਕਦਾ ਹੈ ਅਜੋਕੇ ਸਮੇਂ ਵਿਚ ਵੀ ਕਿਧਰੇ ਕਿਹਰੇ ਇਉਂ ਹੁੰਦਾ ਹੋਵੇ) ਰਾਜਿਆਂ, ਮਹਾਰਾਜਿਆਂ ਅਤੇ ਜਾਗੀਰਦਾਰਾਂ ਨੇ ਆਪੋ ਆਪਣੇ ਕਲਾਕਾਰ ਰੱਖੇ ਹੋਏ ਹੁੰਦੇ ਸਨ। ਇਹ ਕਲਾਕਾਰ (ਰਾਗੀ, ਚਿੱਤ੍ਰਕਾਰ, ਮੂਰਤੀ ਘਾੜੇ, ਕਵੀ ਅਤੇ ਨ੍ਰਿਤਕਾਰ ਆਦਿਕ) ਆਪੋ ਆਪਣੇ ਮਾਲਕ ਦੀ ਮਰਜ਼ੀ ਨੂੰ ਜਾਣਦੇ ਹੁੰਦੇ ਸਨ ਅਤੇ ਉਨ੍ਹਾਂ ਦੇ ਆਨੰਦ-ਸੰਕਲਪ ਨਾਲ ਮੇਲ ਖਾਣ ਵਾਲੀ ਕਲਾ ਦੀ ਉਤਪੱਤੀ ਕਰ ਕੇ ਉਨ੍ਹਾਂ ਦੇ ਜੀਵਨ ਵਿਚ ਸੌਂਦਰਯ-ਸੰਚਾਰ ਕਰਨ ਦੇ ਨਾਲ ਨਾਲ ਆਪਣੇ ਲਈ ਸੁੱਖ-ਸਾਮੱਗਰੀ ਦਾ ਉਪਰਾਲਾ ਵੀ ਕਰਦੇ ਸਨ। ਉਸ ਸਮੇਂ ਕਲਾ ਦਾ ਵਡੇਰਾ ਭਾਗ ਸੱਤਾ ਧਾਰੀਆਂ ਦੀ ਮਾਲਕੀ ਸੀ। ਲੋਕਾਂ ਦੇ ਹਿੱਸੇ ਆਉਣ ਵਾਲੀ ਕਲਾ, ਮਾਤ੍ਰਾ ਵਿਚ ਥੋੜੀ ਅਤੇ ਆਪਣੇ ਅਸਲੇ ਵਜੋਂ ਵੱਖਰੀ ਭਾਂਤ ਦੀ ਸੀ। ਅੱਜ ਕੱਲ ਪਰਿਸਥਿਤੀ ਬਿਲਕੁਲ ਉਲਟ ਹੈ। ਅਜੋਕੀ ਕਲਾ ਦੀ ਉਤਪਤੀ ਕਿਸੇ ਵਿਅਕਤੀ ਵਿਸ਼ੇਸ਼ ਨੂੰ ਮੁੱਖ ਰੱਖ ਕੇ ਨਹੀਂ ਕੀਤੀ ਜਾਂਦੀ। ਸਮਾਜਵਾਦੀ ਯਥਾਰਥਵਾਦ ਦੇ ਧਾਰਨੀ ਕਲਾਕਾਰ ਬੇ-ਸ਼ੱਕ ਮਨੁੱਖਤਾ ਦੀ ਵਰਗ-ਵੰਡ ਕਰ ਕੇ ਵਰਗ-ਵਿਸ਼ੇਸ਼ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਕਲਾ ਦੀ ਉਤਪਤੀ ਦਾ ਉਪਰਾਲਾ ਕਰਦੇ ਹਨ, ਪਰ ਉਚੇਰੀ ਪਕੇਰੀ ਅਤੇ ਸੁਹਣੇਰੀ ਕਲਾ ਸਾਰੀ ਮਨੁੱਖਤਾ ਦੀ ਸਾਂਝੀ ਮਾਲਕੀ ਹੈ।

ਉਂਞ ਤਾਂ ਰਾਜਿਆਂ, ਮਹਾਂਰਾਜਿਆਂ ਦੇ ਵਿਹਲ-ਵਿਲਾਸ ਵਜੋਂ ਵਿਕਸਣ ਵਾਲੀ ਕਲਾ ਵੀ ਲੋਕਾਂ ਦੇ ਸੰਪਰਕ ਵਿਚ ਆ ਜਾਣ ਦੀ ਸੰਭਾਵਨਾ ਰੱਖਦੀ ਸੀ (ਅਤੇ ਹੁਣ ਰਾਜਿਆਂ ਦਾ ਯੁੱਗ ਮੁੱਕ ਜਾਣ ਉਤੇ ਉਹ ਲੋਕ-ਸੰਪਰਕ ਵਿਚ ਆ ਗਈ ਹੈ) ਪਰ ਅਜੋਕੀ ਕਲਾ ਸਰਵ-ਸਾਂਝੀ ਹੋਣ ਕਰਕੇ, ਅਵੇਰੇ-ਸਵੇਰੇ, ਲੋਕਾਂ ਤੱਕ ਪੁੱਜ ਜਾਣ ਵਿਚ ਸਫਲ ਹੋ ਜਾਂਦੀ ਹੈ। ਵਿੱਦਿਆ ਦੇ ਵਾਧੇ ਕਾਰਨ ਅਤੇ ਪੁਸਤਕਾਂ ਦੇ ਸੁਲੱਭ ਹੋ ਜਾਣ ਨਾਲ ਸਾਹਿਤ ਅਤੇ ਜਨ-ਸਾਧਾਰਣ ਦਾ ਨੇੜ ਵੱਧ ਗਿਆ ਹੈ। ਅਜੋਕੇ ਵਿਸ਼ਵ-ਵਿਦਿਆਲੇ ਹਰ ਪ੍ਰਕਾਰ ਦੀ ਕਲਾ ਦੀ ਪੜ੍ਹਾਈ ਅਤੇ ਸਿਖਲਾਈ ਦਾ ਥੋੜਾ ਬਹੁਤਾ ਪ੍ਰਬੰਧ ਜ਼ਰੂਰ ਕਰਦੇ ਹਨ। ਨਤੀਜਾ ਇਹ ਹੈ ਕਿ ਹਰ ਕਲਾ-ਕ੍ਰਿਤੀ ਲੋਕਾਂ ਤੱਕ ਪੁੱਜਣ ਦੀ ਸੰਭਾਵਨਾ ਰੱਖਦੀ ਹੈ। ਬੇ-ਸ਼ੱਕ, ਹਰ ਕਿਸੇ ਨੂੰ ਇਹ ਹੱਕ ਹੈ ਕਿ ਉਹ ਆਪਣੇ ਸੁਹਜ ਸੁਆਦ ਨੂੰ ਮੁੱਖ ਰੱਖ ਕੇ ਆਪਣੇ ਲਈ ਯੋਗ ਕਲਾ ਕ੍ਰਿਤੀ ਦੀ ਚੋਣ ਕਰ ਲਵੇ; ਅਤੇ ਆਪਣੇ ਇਸ ਹੱਕ ਦੀ ਰਾਖੀ ਲਈ ਜਾਂ ਵਰਤੋਂ ਲਈ ਲੋੜੀਂਦੀ ਸੂਝ-ਬੂਝ ਦੇ ਧਾਰਨੀ ਹੋਣਾ ਉਸ ਦੀ ਨਿੱਜੀ ਲੋੜ ਹੈ। ਮੰਨ ਲਉ ਕਿਸੇ ਵਿਅਕਤੀ ਨੂੰ ਆਪਣੇ ਇਸ ਅਧਿਕਾਰ ਦੀ ਚੇਤਨਾ ਵੀ ਹੈ ਅਤੇ ਇਸ ਅਧਿਕਾਰ ਦੀ ਯੋਗ ਵਰਤੋਂ ਕਰਨ ਜੋਗੀ ਸੂਝ ਵੀ ਹੈ। ਕੀ ਉਹ ਕਿਸੇ ਕਲਾ-ਕ੍ਰਿਤੀ ਦੇ ਅਣ-ਇਛਿਤ ਪ੍ਰਭਾਵ ਤੋਂ ਉਕਾ ਸੁਰੱਖਿਅਤ ਰਹਿ ਸਕੇਗਾ ? ਮੇਰੀ ਜਾਚੇ, ਨਹੀਂ। ਕਿਸੇ ਵੀ ਕ੍ਰਿਤੀ ਨੂੰ ਵੇਖੇ, ਸੁਣੇ ਜਾਂ ਪੜ੍ਹੇ ਬਿਨਾਂ ਉਸ ਬਾਰੇ ਕੋਈ ਫੈਸਲਾ ਦੇ

ਸਕਣਾ ਸੰਭਵ ਨਹੀਂ। ਇਹ ਜਾਣ ਸਕਣਾ ਕਿ ਕੋਈ ਕਲਾ-ਕ੍ਰਿਤੀ ਸਾਡੇ ਸੌਂਦਰਯ ਸੰਕਲਪ ਉੱਤੇ ਪੂਰੀ ਉੱਤਰ ਕੇ ਸਾਡੇ ਆਨੰਦ ਵਿਚ ਵਾਧਾ ਕਰੇਗੀ ਜਾਂ ਸਾਡੇ ਮਨ ਵਿੱਚਲੀ ਵਾਸਨਾ ਨੂੰ ਟੁੰਬ ਕੇ ਸਾਡੇ ਸੌਂਦਰਯ-ਸੰਕਲਪ ਨੂੰ ਨੀਵਾਂ ਕਰੇਗੀ ਓਨਾ ਚਿਰ ਸੰਭਵ ਨਹੀਂ ਜਿੰਨਾ ਚਿਰ ਉਸ ਕਲਾ-ਕ੍ਰਿਤੀ ਦਾ ਸਾਡੀਆਂ ਗਿਆਨ ਇੰਦ੍ਰੀਆਂ ਰਾਹੀਂ ਸਾਡੇ ਮਨ ਨਾਲ ਸੰਬੰਧ ਨਹੀਂ ਜੁੜਦਾ। ਇਸ ਲਈ ਕੋਈ ਵਿਅਕਤੀ ਆਪਣੀ ਰੁਚੀ ਅਨੁਸਾਰ ਆਪਣੇ ਲਈ ਯੋਗ ਕਲਾ ਕ੍ਰਿਤੀ ਦੀ ਚੋਣ ਕਰਨ ਦੇ ਅਧਿਕਾਰ ਦੀ ਵਰਤੋਂ ਕਰਨ ਵਿਚ ਓਨਾ ਸੁਤੰਤਰ ਨਹੀਂ ਜਿੰਨਾ ਸਾਧਾਰਣ ਨਜ਼ਰੇ ਵੇਖਿਆਂ ਉਹ ਪ੍ਰਤੀਤ ਹੁੰਦਾ ਹੈ।

ਅਸੀਂ ਸਿਲੇ ਸਿਲਾਏ ਕਪੜਿਆਂ ਦੀ ਦੁਕਾਨ ਉੱਤੇ ਆਪਣੇ ਲਈ ਇਕ ਸੂਟ ਖ੍ਰੀਦਣ ਜਾਂਦੇ ਹਾਂ। ਦੁਕਾਨ ਵਿਚ ਵੱਖ ਵੱਖ ਮੇਚਿਆਂ ਅਤੇ ਵੱਖ ਵੱਖ ਡੀਜ਼ਾਈਨਾਂ ਦੇ ਸੂਟ ਪਏ ਹਨ। ਅਸੀਂ ਕਈ ਸੂਟ ਪਹਿਨ ਕੇ ਵੇਖਦੇ ਹਾਂ ਅਤੇ ਅੰਤ ਵਿਚ ਆਪਣੇ ਮਨ ਨੂੰ ਭਾਉਂਦਾ ਅਤੇ ਸਰੀਰ ਨੂੰ ਮੇਚ ਆਉਂਦਾ ਸੂਟ ਖ੍ਰੀਦ ਲੈਂਦੇ ਹਾਂ। ਅਸਾਂ ਦੁਕਾਨ ਦੇ ਟਰਾਈ ਰੂਮ ਵਿਚ ਜਾ ਕੇ ਦੋ ਤਿੰਨ ਸੂਟ ਪਾ ਕੇ ਵੇਖੇ ਹਨ ਪਰ ਮੁਲ ਕੇਵਲ ਉਸ ਦਾ ਤਾਰਿਆ ਹੈ, ਜਿਹੜਾ ਸਾਨੂੰ ਪਸੰਦ ਵੀ ਹੈ ਅਤੇ ਮੇਚ ਵੀ। ਕਿਸੇ ਕਲਾ-ਕ੍ਰਿਤੀ ਨਾਲ ਸਾਡੇ ਮਨ ਦਾ ਸੰਬੰਧ ਸਾਡੇ ਸਰੀਰ ਅਤੇ ਸੂਟ ਦੇ ਸੰਬੰਧ ਵਰਗਾ ਨਹੀਂ ਹੁੰਦਾ। ਕਲਾ-ਕ੍ਰਿਤੀ ਸਾਡੇ ਮਨ ਨਾਲ ਪਹਿਲਾ ਸੰਬੰਧ ਹੋਣ ਉੱਤੇ ਹੀ ਆਪਣਾ ਮੁੱਲ ਵਸੂਲ ਕਰ ਲੈਂਦੀ ਹੈ। ਇਹ ਮੁੱਲ ਪੈਸਿਆਂ ਦੇ ਰੂਪ ਵਿਚ ਨਹੀਂ ਤਾਰਿਆ ਜਾਂਦਾ। ਇਹ ਮੁੱਲ ਅਸੀਂ ਉਸ ਕਲਾ-ਕ੍ਰਿਤੀ ਦੀ ਉਪਾਸਨਾ ਦੇ ਰੂਪ ਵਿਚ ਤਾਰਦੇ ਹਾਂ; ਉਸ ਕਲਾ-ਕ੍ਰਿਤੀ ਅਤੇ ਆਪਣੇ ਮਨ ਵਿੱਚਕਾਰ ਸੰਬੰਧ ਦੀ ਮਨਜ਼ੂਰੀ ਹੀ ਉਸ ਦਾ ਮੁੱਲ ਹੈ।

ਉਪ੍ਰੋਕਤ ਵਿਚਾਰ ਵਿਚੋਂ ਹੇਠ ਲਿਖੇ ਤਿੰਨ ਸਿੱਟੇ ਕੱਢੇ ਜਾ ਸਕਦੇ ਹਨ :

ਪਹਿਲਾ ਇਹ ਕਿ ਕੋਈ ਕਲਾ-ਕ੍ਰਿਤੀ ਕਿਸੇ ਦਵਾਈ ਦੀ ਪੁੜੀ ਵਰਗੀ ਜਾਂ ਸਿਰ ਪੀੜ ਦੀ ਗੋਲੀ ਵਰਗੀ ਨਹੀਂ ਕਿ ਉਹ ਕਿਸੇ ਖਾਸ ਆਦਮੀ ਲਈ ਕਿਸੇ ਖਾਸ ਮੌਕੇ ਉੱਤੇ ਵਰਤੀ ਜਾਣ ਲਈ ਬਣਾਈ ਗਈ ਹੋਵੇ।

ਦੂਜਾ ਇਹ ਕਿ ਇੱਕ ਕਲਾਕਾਰ ਇੱਕ ਵੈਦ ਵਰਗਾ ਨਹੀਂ ਕਿ ਉਹ ਹਰ ਕਿਸੇ ਦੀ ਨਬਜ਼ ਵੇਖ ਕੇ ਹਰ ਕਿਸੇ ਦੀ ਲੋੜ ਅਨੁਸਾਰ ਨੁਸਖਾ ਲਿਖ ਕੇ ਦੇ ਸਕੇ।

ਅਤੇ ਤੀਜਾ ਇਹ ਕਿ ਕਿਸੇ ਕਲਾ-ਕ੍ਰਿਤੀ ਬਾਰੇ ਇਹ ਫੈਸਲਾ ਕਿ ਉਹ ਸਾਡੇ ਸੌਂਦਰਯ-ਸੰਕਲਪ ਦੇ ਅਨੁਕੂਲ ਹੈ ਜਾਂ ਨਹੀਂ, ਉਸ ਕਲਾ-ਕ੍ਰਿਤੀ ਨਾਲ ਮਾਨਸਿਕ ਸੰਬੰਧ ਸਥਾਪਤ ਕੀਤੇ ਬਿਨਾਂ ਸੰਭਵ ਨਹੀਂ, ਅਤੇ ਮਾਨਸਿਕ ਸੰਬੰਧ ਹੋ ਜਾਣ ਤੋਂ ਪਿਛੋਂ ਅਜੇਹੇ ਫੈਸਲੇ ਦਾ ਸਾਡੇ ਲਈ ਕੋਈ ਵਡੇਰਾ ਮਹੱਤਵ ਨਹੀਂ। ਜੇ ਕਿਸੇ ਵੈਦ ਦੀ ਹਰ ਦਵਾਈ ਹਰ ਕਿਸੇ ਦੇ ਖਾਣ ਲਈ ਹੈ ਅਤੇ ਹਰ ਦਵਾਈ ਦੇ ਪ੍ਰਭਾਵ ਦਾ ਪਤਾ ਉਸ ਦਵਾਈ ਦੇ ਖਾਧੇ ਜਾਣ ਉੱਤੇ ਹੀ ਲੱਗਣਾ ਹੈ ਤਾਂ ਇਹ ਜ਼ਰੂਰੀ ਹੈ ਕਿ ਉਸ ਦੀ ਕਿਸੇ ਦਵਾਈ ਵਿਚ ਜ਼ਹਿਰ ਨ ਹੋਵੇ; ਜਾਂ ਉਸ ਦੀ ਹਰ ਦਵਾਈ ਅਜੇਹੇ ਤੱਤਾਂ ਤੋਂ ਰਹਿਤ ਹੋਵੇ ਜਿਹੜੇ ਜੀਵਨ ਲਈ ਹਾਨੀਕਾਰਕ ਸਿੱਧ ਹੋ ਸਕਦੇ ਹਨ। ਅਸ਼ਲੀਲਤਾ ਵੀ ਇੱਕ

ਹਾਨੀਕਾਰਕ ਤੱਤ ਹੈ। ਹੋ ਸਕਦਾ ਹੈ ਕੁੱਝ ਇੱਕ ਮਨਾਂ ਲਈ ਇਹ ਵਾਸਨਾ ਮਈ ਆਨੰਦ ਦਾ ਸ੍ਰੋਤ ਹੋਵੇ ਪਰ ਕਲਾਕਾਰ ਇਕ ਵੈਦ ਨਹੀਂ ਹੁੰਦਾ ਅਤੇ ਇੱਕ ਵੈਦ (ਵੀ) ਹਰ ਇੱਕ ਰੋਗੀ ਕੋਲ ਜਾ ਕੇ ਉਸ ਦੀ ਲੋੜ ਦੀ ਪੁੜੀ ਉਸ ਦੇ ਹੱਥ ਵਿਚ ਪਕੜਾਉਣ ਲਈ ਵਿਹਲਾ ਨਹੀਂ ਹੁੰਦਾ।

ਇਸ ਲਈ ਕਲਾ ਵਿਚ ਅਸ਼ਲੀਲਤਾ ਦੀ ਸਮੱਸਿਆ ਇੱਕ ਮਹੱਤਵ ਪੂਰਣ ਮਸਲਾ ਹੈ ਅਤੇ ਲਗ ਪਗ ਕਲਾ ਜਿੰਨਾ ਹੀ ਪੁਰਾਣਾ ਹੈ। ਕਲਾ ਨੂੰ ਨਿਰਪੇਖ ਜਾਂ ਨਿਰਬਾਧ ਰੂਪ ਵਿਚ ਸੁਤੰਤਰ ਰੱਖਣ ਦੀ ਇੱਛਾ ਵਾਲੇ ਲੋਕਾਂ ਨੇ ਅਸ਼ਲੀਲਤਾ ਦੀਆਂ ਉਨ੍ਹਾਂ ਹੱਦਾਂ ਨੂੰ ਵੀ ਪਾਰ ਕੀਤਾ ਹੈ ਜਿਨ੍ਹਾਂ ਦੀ ਕਲਪਨਾ ਵੀ ਸਾਧਾਰਣ ਮਨੁੱਖ ਲਈ ਸੰਭਵ ਨਹੀਂ ਅਤੇ ਕਲਾ ਨੂੰ ਰਾਜਸੀ ਅਤੇ ਸਮਾਜੀ ਅੰਕੁਸ਼ ਅਧੀਨ ਰੱਖ ਕੇ ਸ਼ੁੱਧ ਰੱਖਣ ਦੀ ਰੀਝ ਵਾਲੇ ਲੋਕਾਂ ਨੇ ਸੌਂਦਰਯ ਅਤੇ ਆਨੰਦ ਦੇ ਇਸ ਸੁਖਾਵੇਂ ਸ੍ਰੋਤ ਨੂੰ ਸਿਆਸੀ ਸਿਧਾਂਤਾਂ ਦੇ ਪ੍ਰਚਾਰ ਦਾ ਸਾਧਨ ਬਣਾ ਕੇ ਸੱਤਾ-ਧਾਰੀ ਲੋਕਾਂ ਦਾ ਹੱਥ-ਠੋਕਾ ਬਣਾਉਣ ਦੇ ਨਾਲ ਨਾਲ ਮਨੁੱਖੀ ਮਨਾਂ ਵਿਚ ਕ੍ਰੋਧ, ਘਿਰਣਾ ਅਤੇ ਈਰਖਾ ਵਰਗੇ ਕਰੂਰ ਭਾਵਾਂ ਦਾ ਆਧਾਰ ਵੀ ਬਣਾ ਧਰਿਆ ਹੈ। ਅਗਲੇ ਪੰਨਿਆਂ ਵਿਚ ਇਹ ਦੱਸਣ ਦਾ ਜਤਨ ਕੀਤਾ ਜਾਵੇਗਾ ਕਿ ਕਲਾ ਵਿਚ ਅਸ਼ਲੀਲਤਾ ਦਾ ਭਾਵ ਕੀ ਹੈ? ਇਹ ਕਲਾ ਵਿਚ ਕਿਵੇਂ ਅਤੇ ਕਿਉਂ ਪਰਵੇਸ਼ ਕਰਦੀ ਆਈ ਹੈ? ਅਤੇ ਇਸ ਸਮੱਸਿਆ ਦਾ ਸਮਾਧਾਨ ਕਿਵੇਂ ਕੀਤਾ ਜਾਣਾ ਯੋਗ ਹੈ।

## (੨)

## ਅਸ਼ਲੀਲਤਾ ਕੀ ਹੈ?

ਇਸ ਲੇਖ ਦੇ ਪਹਿਲੇ ਭਾਗ ਵਿਚ ਮੈਂ ਕਿਹਾ ਹੈ ਕਿ ਜੇ ਆਨੰਦ ਇਕ ਵਿਅਕਤੀਗਤ ਮਾਨਤਾ ਹੈ ਤਾਂ ਹਰ ਵਿਅਕਤੀ ਆਪੋ ਆਪਣੇ ਆਨੰਦ-ਸਾਧਨ ਨੂੰ ਸੁੰਦਰ ਮੰਨਣ ਦਾ ਅਧਿਕਾਰ ਰਖਦਾ ਹੈ। ਕਿਸੇ ਇਕ ਲਈ ਅਸ਼ਲੀਲ ਆਖੀ ਅਤੇ ਮੰਨੀ ਜਾਣ ਵਾਲੀ ਕਲਾ-ਕ੍ਰਿਤੀ ਕਿਸੇ ਦੂਜੇ ਲਈ ਸੁੰਦਰ ਹੋ ਸਕਦੀ ਹੈ ਅਤੇ ਸੁੰਦਰ ਹੋਣ ਕਰਕੇ ਆਨੰਦਦਾਇਕ ਹੈ। ਵੱਖ ਵੱਖ ਲੋਕਾਂ ਦੇ ਆਨੰਦ-ਸੰਕਲਪ ਵੱਖ ਵੱਖ ਹਨ ਅਤੇ ਕਿਉਂਜੁ ਹਰ ਕਿਸੇ ਲਈ ਵੱਖਰੀ ਕਲਾ-ਕ੍ਰਿਤੀ ਉਪਜਾਉਣ ਦੀ ਯੋਜਨਾ ਨਹੀਂ ਬਣਾਈ ਜਾ ਸਕਦੀ ਇਸ ਲਈ ਸੁੰਦਰਤਾ ਦੇ ਕੁਝ ਮਾਨ ਦੰਡ ਨੀਅਤ ਕਰਨੇ ਜ਼ਰੂਰੀ ਹਨ। ਅਜੇਹਾ ਕੀਤਾ ਜਾਣ ਤੋਂ ਪਹਿਲਾਂ ਇਹ ਪਤਾ ਕਰ ਲੈਣਾ ਚਾਹੀਦਾ ਹੈ ਕਿ ਅਸੀਂ ਅਸ਼ਲੀਲਤਾ ਕਿਸ ਨੂੰ ਆਖਦੇ ਹਾਂ।

ਵੱਖ ਵੱਖ ਥਾਵਾਂ ਅਤੇ ਵੱਖ ਵੱਖ ਸਮਿਆਂ ਉੱਤੇ ਮਨੁੱਖਾਂ ਅਤੇ ਮਨੁੱਖੀ ਸਮਾਜਾਂ ਵਿਚ ਅਸ਼ਲੀਲਤਾ ਸੰਬੰਧੀ ਵੱਖ ਵੱਖ ਵਿਚਾਰ ਪ੍ਰਚੱਲਿਤ ਰਹੇ ਹਨ। ਪੁਰਾਤਨ ਸੰਸਕ੍ਰਿਤ ਨਾਟਕ ਵਿਚ ਕਿਸੇ ਆਦਮੀ ਨੂੰ ਭੋਜਨ ਖਾਂਦੇ ਵਿਖਾਇਆ ਜਾਣਾ ਅਤੀ ਅਸ਼ਲੀਲ ਮੰਨਿਆਂ ਜਾਂਦਾ ਸੀ। ਅੱਜ ਕੱਲ੍ਹ ਥੋੜ੍ਹੀ ਜਿਹੀ ਗਰਮੀ ਪੈ ਜਾਣ ਉੱਤੇ ਲੰਡਨ ਦੇ ਬਾਜ਼ਾਰਾਂ ਵਿਚ ਅੱਧ-ਨੰਗੀਆਂ ਅਤੇ ਅੱਧੜ-ਵੰਜੀਆਂ ਗੋਰੀਆਂ ਨੂੰ ਵੇਖਣ ਵਾਲਾ ਆਦਮੀ ਇਹ ਮੰਨਣ ਨੂੰ ਕਦੇ

ਤਿਆਰ ਨਹੀਂ ਹੋਵੇਗਾ ਕਿ ਮਲਕਾ ਵਿਕਟੋਰੀਆ ਦੇ ਸਮੇਂ (ਭਾਵ ਅੱਜ ਤੋਂ ਡੇਢ ਕੁ ਸੌ ਸਾਲ ਪਹਿਲਾਂ) ਲੱਤਾਂ ਨੰਗੀਆਂ ਕਰਨਾ ਤਾਂ ਇਕ ਪਾਸੇ ਰਿਹਾ ਇਸਤ੍ਰੀਆਂ ਦੀ ਹਾਜ਼ਰੀ ਵਿਚ ਲੱਤ (LEG) ਸ਼ਬਦ ਦਾ ਉਚਾਰਣ ਕੀਤਾ ਜਾਣ ਉੱਤੇ, ਸੁਣਨ ਵਾਲੇ ਸਾਊ ਲੋਕਾਂ ਦੇ ਮੂੰਹ ਕੰਨਾਂ ਤੱਕ ਲਾਲ ਹੋ ਜਾਂਦੇ ਸਨ। ਡੇਢ ਸੌ ਸਾਲ ਤਾਂ ਫਿਰ ਇਕ ਲੰਮਾ ਸਮਾਂ ਹੈ, ਮੈਨੂੰ ਆਪਣੇ ਨਾਲ ਬੀਤੀ ਹੋਈ ਇਕ ਘਟਨਾ ਚੰਗੀ ਤਰ੍ਹਾਂ ਯਾਦ ਹੈ। ਮੈਂ ਸਿੱਖ ਨੈਸ਼ਨਲ ਕਾਲਜ, ਲਾਹੌਰ ਪੜ੍ਹਦਾ ਹੁੰਦਾ ਸਾਂ ਅਤੇ ਕਾਲਜ ਵਿਚ ਛੁੱਟੀਆਂ ਹੋਣ ਉੱਤੇ ਆਪਣੇ ਪਿੰਡ (ਝੰਗਰ—ਜ਼ਿਲ੍ਹਾ ਗੁਰਦਾਸਪੁਰ) ਆਇਆ ਸਾਂ । ਬਚਪਨ ਵਿਚ ਪੱਕੀ ਹੋਈ ਨਾਨਕੀਂ ਜਾਣ ਦੀ ਆਦਤ ਜਿਉਂ ਦੀ ਤਿਉਂ ਕਾਇਮ ਸੀ। ਆਪਣੇ ਨਾਨਕੇ (ਬਖਤ ਪੁਰ) ਚਲਾ ਗਿਆ। ਕੁਝ ਮਿੱਤ੍ਰ ਵੀ ਨਾਲ ਸਨ। ਇਕ ਦੋ ਦਿਨ ਉੱਥੇ ਰਹਿਣ ਦਾ ਵਿਚਾਰ ਸੀ। ਰਹੇ ! ਇਕ ਦਿਨ ਡਿਉੜੀ ਵਿਚ ਬੈਠਿਆਂ ਕੁਝ ਸਿਆਸੀ ਗੱਲਾਂ ਚੱਲ ਪਈਆਂ। ਮੇਰੇ ਮਾਪਿਆਂ ਤੋਂ ਛੁੱਟ ਕੁਝ ਕੁ ਮਾਮੀਆਂ ਮਾਸੀਆਂ ਵੀ ਕੋਲ ਬੈਠੀਆਂ ਹੋਈਆਂ ਸਨ ਅਤੇ ਮੇਰੇ ਬਿਰਧ ਨਾਨਾ ਜੀ, ਬਾਪੂ ਹਾਕਮ ਸਿੰਘ ਜੀ, ਵੀ ਕੋਲ ਬੈਠੇ ਸਨ। ਸਾਰੇ ਧਿਆਨ ਨਾਲ ਕਾਲਜ ਵਿਚ ਪੜ੍ਹਨ ਵਾਲੇ ਦੋਹਤਰੇ ਦੀਆਂ ਗੱਲਾਂ ਸੁਣ ਰਹੇ ਸਨ ਅਤੇ ਮੈਂ ਸੁਣਾਉਣ ਵਿਚ ਉਚੇਚੀ ਖੁਸ਼ੀ ਮਹਿਸੂਸ ਕਰ ਰਿਹਾ ਸਾਂ । ਮੈਂ ਕਹਿ ਰਿਹਾ ਸਾਂ, "ਮਹਾਤਮਾਂ ਗਾਂਧੀ ਜੀ ਅਤੇ ਪੰਡਿਤ ਜਵਾਹਰ ਲਾਲ ਜੀ ਇਹ ਨਹੀਂ ਚਾਹੁੰਦੇ ਕਿ ਅਸੀਂ ਅੰਗ੍ਰੇਜ਼ਾਂ ਨਾਲ ਆਪਣਾ ਤਅੱਲੁਕ ਤੋੜ ਲਈਏ। ਅੰਗ੍ਰੇਜ਼ਾਂ ਨਾਲ ਤਅੱਲੁਕ ਰੱਖਣ ਵਿਚ ਸਾਨੂੰ ਲਾਭ ਹੋ ਸਕਦਾ ਹੈ . ।" ਮੇਰੀ ਗੱਲ ਮੇਰੇ ਮੂੰਹ ਵਿਚ ਹੀ ਸੀ ਕਿ ਬਾਪੂ ਜੀ ਗੁੱਸੇ ਨਾਲ ਲਾਲ ਪੀਲੇ ਹੋਏ ਉਠ ਖਲੋਤੇ ਅਤੇ ਇਹ ਕਹਿ ਕੇ ਘਰੋਂ ਬਾਹਰ ਚਲੇ ਗਏ, "ਰਹਿਣ ਦੇ ਉਏ, ਵੱਡਿਆ ਪੜ੍ਹਾਕੂਆ। ਸ਼ਰਮ ਨਹੀਂ ਆਉਂਦੀ ਨੋਹਾਂ, ਧੀਆਂ ਵਿਚ ਬੈਠਾ ਤੱਲਕ, ਤੱਲਕ ਕਰੀ ਜਾਨੈਂ।" ਮੈਨੂੰ ਇਹ ਸਮਝਣ ਵਿਚ ਜ਼ਰਾ ਦੇਰ ਨਾ ਲੱਗੀ ਕਿ ਬਾਪੂ ਜੀ ਤਅੱਲੁਕ ਸ਼ਬਦ ਦੇ ਕੀ ਅਰਥ ਕਰ ਰਹੇ ਸਨ । ਮੈਂ ਆਪਣੀ ਭੁਲ ਉੱਤੇ ਪਸ਼ੇਮਾਨ ਸਾਂ ਅਤੇ ਮੇਰੇ ਨਾਨੀ ਜੀ ਮੇਰੇ ਨਾਨਾ ਜੀ ਨੂੰ ਕੋਸ ਕੇ ਮੇਰਾ ਦਿਲ ਰੱਖਣ ਦਾ ਜਤਨ ਕਰ ਰਹੇ ਸਨ। ਉਸ ਸਮੇਂ ਦੇ ਬਿਰਧ ਲੋਕ ਤਅੱਲੁਕ ਸ਼ਬਦ ਨੂੰ ਇਸਤ੍ਰੀ ਪੁਰਸ਼ ਦੇ ਨਾਜਾਇਜ਼ ਜਿਨਸੀ ਸੰਬੰਧ ਦੇ ਅਰਥਾਂ ਵਿਚ ਵਰਤਦੇ ਸਨ ਅਤੇ ਇਸਤ੍ਰੀਆਂ ਦੀ ਹਾਜ਼ਰੀ ਵਿਚ ਇਸ ਸ਼ਬਦ ਦਾ ਉਚਾਰਣ ਅਸ਼ਲੀਲਤਾ ਮੰਨੀ ਜਾਂਦੀ ਸੀ। ਅਜੋਕੀ ਹਾਲਤ ਉਦੋਂ ਨਾਲੋਂ ਵੱਖਰੀ ਹੈ। ਉਸ ਸਮੇਂ ਜਿਸ ਪ੍ਰਕਾਰ ਦੀਆਂ ਫਿਲਮਾਂ ਬਣਦੀਆਂ ਸਨ ਅਤੇ ਜਿਨ੍ਹਾਂ ਨੂੰ ਵੇਖਣ ਕਾਰਨ ਅਸੀਂ ਆਪਣੇ ਮਾਪਿਆਂ ਦੀ ਨਾਰਾਜ਼ਗੀ ਅਤੇ ਨਿਗਰਾਨੀ ਨੂੰ ਉੱਤੇਜਿਤ ਕਰ ਲੈਂਦੇ ਸਾਂ ਉਨ੍ਹਾਂ ਵਿਚ ਇਸਤ੍ਰੀ-ਪੁਰਸ਼ ਦੇ ਸਰੀਰ ਦੀ ਛੁਹ ਦਾ ਵਿਖਾਲਾ ਕਿਧਰੇ ਘੱਟ ਹੀ ਹੁੰਦਾ ਸੀ। ਨਾਇਕ ਅਤੇ ਨਾਇਕਾ ਦੇ ਹੱਥਾਂ ਦਾ ਸਪਰਸ਼ ਵਿਖਾਉਣੋਂ ਵੀ ਸੰਕੋਚ ਕੀਤਾ ਜਾਂਦਾ ਸੀ; ਅਤੇ ਅਜੇਹੀਆਂਪਰਿਸ ਥਿਤੀਆਂ ਨੂੰ ਦੱਸਣ ਜਾਂ ਪਰਗਟ ਕਰਨ ਲਈ ਅਹਿੱਲ ਪਾਣੀਆਂ ਵਿਚ ਥਰਥਰਾਹਟ, ਬਿਜਲੀ ਦੀ ਤੜਪ, ਪੰਛੀਆਂ ਦੇ ਕਲੋਲ, ਦੋ ਫੁੱਲਾਂ ਦਾ ਹਵਾ ਨਾਲ ਹਿੱਲ ਕੇ ਇਕ ਦੂਜੇ ਨਾਲ ਲੱਗਣਾ ਆਦਿਕ ਇਸ਼ਾਰੇ ਵਰਤੇ ਜਾਂਦੇ ਸਨ। ਅੱਜ ਕੱਲ੍ਹ ਸਾਡੀਆਂ ਫ਼ਿਲਮਾਂ ਵਿਚ ਨਾਇਕ-ਨਾਇਕਾ

ਇਉਂ ਟਕਰਾਉਂਦੇ ਹਨ ਜਿਵੇਂ ਜਾਂ ਤਾਂ ਉਹ ਅਹਿਸਾਸਣ ਵਾਲੇ ਮਨ ਤੋਂ ਸੱਖਣੇ ਨਿਰੇ ਸਰੀਰ ਹੀ ਹਨ ਅਤੇ ਜਾਂ ਮਹਿਸੂਸਣ ਵਾਲੇ ਸਰੀਰ ਤੋਂ ਉੱਕੇ ਲਾਪਰਵਾਹ ਨਿਰੇ ਮਨ ਹੀ ਹਨ। ਉਹ ਸਰੀਰ ਦੇ ਪਸ਼ੂ ਪੁਣੇ ਦੀ ਸ਼ਰਮ ਮਹਿਸੂਸ ਕਰਨ ਵਾਲੇ ਮਨ ਅਤੇ ਮਨ ਦੀ ਸੂਖਮਤਾ ਦਾ ਸਤਿਕਾਰ ਕਰਨ ਵਾਲੇ ਸਰੀਰ ਦਾ ਸੰਜੋਗ ਨਹੀਂ ਹਨ।

ਮਨ ਦੀ ਸੂਖਮਤਾ ਦਾ ਨਿਰਾਦਰ ਹੀ, ਅਸਲ ਵਿਚ ਅਸ਼ਲੀਲਤਾ ਹੈ। ਅਸ਼ਲੀਲਤਾ ਦੀ ਕੋਈ ਪਰਿਭਾਸ਼ਾ ਨਿਸਚਿਤ ਕਰ ਕੇ ਮੈਂ ਕਲਮ ਨਹੀਂ ਸੀ ਪਕੜੀ ਅਤੇ ਨਾ ਹੀ, ਜੋ ਕੁਝ ਮੈਂ ਇਸ ਪਰਿਭਾਸ਼ਾ ਦੀ ਵਿਆਖਿਆ ਵਜੋਂ ਕਹਿਣਾ ਚਾਹੁੰਦਾ ਹਾਂ ਉਹ ਕੁਝ ਕਹਿਣ ਤੋਂ ਪਹਿਲਾਂ ਪਰਿਭਾਸ਼ਾ ਕਰ ਦੇਣ ਦਾ ਮੇਰਾ ਇਰਾਦਾ ਸੀ। ਇਹ ਪਰਿਭਾਸ਼ਾ ਏਕਾ ਏਕ ਮੇਰੇ ਸਾਹਮਣੇ ਆ ਖੜੋਤੀ ਹੈ ਅਤੇ ਮੈਂ ਇਸ ਨੂੰ ਸ਼ਬਦਾਂ ਵਿਚ ਸਾਂਭ ਲਿਆ ਹੈ ਤਾਂ ਜੁ ਕਿਧਰੇ ਅਲੋਪ ਹੀ ਨਾ ਹੋ ਜਾਵੇ। ਭਾਰਤੀ ਪਰੰਪਰਾ ਵਿਚ ਅਸ਼ਲੀਲਤਾ ਨੂੰ "ਚਯੁਤ ਸੰਸਕ੍ਰਿਤੀ ਦੋਸ਼" ਆਖਿਆ ਜਾਂਦਾ ਹੈ। ਉਹ ਕੁਝ ਜੋ ਕਿਸੇ ਸੁਲਝੇ ਹੋਏ ਜਾਂ ਸੰਸਕ੍ਰਿਤ ਸਮਾਜ ਜਾਂ ਵਿਅਕਤੀ ਲਈ ਕਰਨਾ ਜਾਂ ਕਹਿਣਾ ਉੱਚਿਤ ਨਾ ਹੋਵੇ, ਚਯੁਤ ਸੰਸਕ੍ਰਿਤੀ ਦੋਸ਼ ਹੈ। ਇਹ ਠੀਕ ਹੈ ਕਿ ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਜੰਗਲਾਂ ਵਿਚ ਅਜੇਹੇ ਲੋਕ ਵਸਦੇ ਹਨ ਜਿਹੜੇ ਸੱਭਿਅਤਾ ਅਤੇ ਸੰਸਕ੍ਰਿਤੀ ਦੀ ਉਸ ਕਲਪਨਾ ਤੋਂ ਕੋਰੇ ਹਨ ਜਿਹੜੀ ਸੱਭਿਅ ਸੰਸਾਰ ਦੇ ਮਨੁੱਖਾਂ ਦੇ ਮਨਾਂ ਵਿਚ ਹੁੰਦੀ ਹੈ। ਪਰ ਇਸ ਦਾ ਇਹ ਭਾਵ ਨਹੀਂ ਕਿ ਉਨ੍ਹਾਂ ਲੋਕਾਂ ਦੀ ਹੋਂਦ ਅਤੇ ਉਨ੍ਹਾਂ ਦੀ ਜੀਵਨ ਜਾਚ ਸਾਨੂੰ ਆਪਣੀ ਸੱਭਿਅਤਾ ਅਤੇ ਸੰਸਕ੍ਰਿਤੀ ਵੱਲੋਂ ਓਨੇ ਹੀ ਬੇ-ਧਿਆਨ ਹੋਣ ਦੀ ਪ੍ਰੇਰਣਾ ਦੇਵੇ ਜਿੰਨੇ ਉਹ ਲੋਕ ਸਾਡੀ ਸੰਸਕ੍ਰਿਤੀ ਵੱਲੋਂ ਅਣਜਾਣ ਹਨ। ਭੂ-ਮਧ-ਰੇਖਾ ਦੇ ਲਾਗੇ ਲਾਗੇ ਵੱਸਣ ਵਾਲੇ ਲੋਕਾਂ ਦੀ ਰੀਸੋ ਰੀਸੇ ਜੇ ਐਸਕੀਮੋ ਲੋਕ ਵਸਤਰਾਂ ਦਾ ਤਿਆਗ ਕਰ ਦੇਣਗੇ ਤਾਂ ਉਨ੍ਹਾਂ ਦਾ ਜੋ ਹਸ਼ਰ ਹੋਵੇਗਾ, ਸੱਭਿਅ ਸਮਾਜਾਂ ਦਾ ਉਹੋ ਹਾਲ ਸੱਭਿਅਤਾ ਦਾ ਨਿਰਾਦਰ ਕਰ ਕੇ ਹੋ ਸਕਦਾ ਹੈ।

ਸਭਿਅਤਾ ਜਾਂ ਸੰਸਕ੍ਰਿਤੀ ਨੇ ਮਨੁੱਖੀ ਮਨ ਵਿਚੋਂ ਕੁਝ ਭਾਵਾਂ ਅਤੇ ਪਰਵਿਰਤੀਆਂ ਨੂੰ ਕੁਝ ਵਿਸ਼ਵਾਸਾਂ ਅਤੇ ਵਹਿਮਾਂ ਨੂੰ, ਕੁਝ ਰਸਮਾਂ ਅਤੇ ਰਵਾਇਤਾਂ ਦੀ ਅਧੀਨਤਾ ਨੂੰ ਘਟਾਇਆ ਹੈ। ਕੁਝ ਨਵੇਂ ਭਾਵਾਂ, ਪਰਵਿਰਤੀਆਂ, ਵਿਸ਼ਵਾਸਾਂ, ਵਹਿਮਾਂ ਅਤੇ ਰਿਵਾਜਾਂ ਨੂੰ ਸਭਿਅਤਾ ਨੇ ਜਨਮ ਵੀ ਦਿੱਤਾ ਹੈ। ਤਾਂ ਵੀ ਮਨੁੱਖੀ ਮਨ ਦੀ ਬੁਨਿਆਦੀ ਬਣਤਰ ਵਿਚ ਬਹੁਤੀ ਤਬਦੀਲੀ ਨਹੀਂ ਆਈ। ਕਾਮ, ਕ੍ਰੋਧ, ਲੋਭ, ਮੋਹ, ਈਰਖਾ, ਘਿਰਣਾ, ਮਮਤਾ, ਭ੍ਰਾਤ੍ਰੀ, ਸਹਾਨੁਭੂਤੀ, ਤਰਸ, ਹੈਰਾਨੀ ਤੌਂਖਲਾ, ਭੈ ਅਤੇ ਸਾਹਸ ਆਦਿਕ ਮਨੁੱਖੀ ਮਨ ਵਿਚ ਜਿਉਂ ਦੇ ਤਿਉਂ ਹਨ। ਇਨ੍ਹਾਂ ਵਿਚੋਂ ਕੁਝ ਭਾਵ ਜਿਵੇਂ ਕ੍ਰੋਧ, ਘਿਰਣਾ, ਬਦਲਾ ਅਤੇ ਈਰਖਾ ਆਦਿਕ ਕਠੋਰ ਭਾਵ ਹਨ ਅਤੇ ਬਾਕੀ ਕੋਮਲ। ਕਲਾ ਦਾ ਮੁੱਢਲਾ ਸੰਬੰਧ ਕਾਮ ਨਾਲ ਹੈ ਅਤੇ ਕਲਾ ਦੇ ਸੰਬੰਧ ਵਿਚ ਕਾਮ ਦੇ ਅਰਥ ਹਨ 'ਵਿਉਤਪਤੀ ਦੀ ਪਰਵਿਰਤੀ।' ਇਹ ਪਰਵਿਰਤੀ ਬਾਕੀਆਂ ਨਾਲੋਂ ਵਖਰੀ ਭਾਂਤ ਦੀ ਹੈ। ਭਾਵਾਂ ਅਤੇ ਪਰਵਿਰਤੀਆਂ ਨੂੰ ਮੈਂ, ਕੋਮਲ ਅਤੇ ਕਠੋਰ, ਦੋ ਵੰਡਾਂ ਵਿਚ ਵੰਡਦਾ ਹਾਂ। ਕਠੋਰ ਭਾਵ

ਸ਼ਕਤੀਸ਼ਾਲੀ ਹਨ ਅਤੇ ਜਦੋਂ ਮਨੁੱਖੀ ਮਨ ਵਿਚ ਉਤੇਜਿਤ ਹੋ ਉਠਦੇ ਹਨ ਉਦੋਂ ਉਨ੍ਹਾਂ ਦਾ ਪ੍ਰਗਟਾਵਾ ਲੁਕਿਆ ਛੁਪਿਆ ਨਹੀਂ ਰਹਿੰਦਾ। ਕ੍ਰੋਧ, ਘਿਰਣਾ ਜਾਂ ਬਦਲਾ ਅਜੇਹੇ ਸਥੂਲ ਸਰੀਰਕ ਕਾਰਜਾਂ ਰਾਹੀਂ ਪਰਗਟ ਹੁੰਦੇ ਹਨ ਕਿ ਕੋਈ ਜਤਨ ਉਨ੍ਹਾਂ ਨੂੰ ਛੁਪਾਉਣ ਵਿਚ ਸਫਲ ਨਹੀਂ ਹੋ ਸਕਦਾ। ਕੋਮਲ ਭਾਵ ਨ ਬਹੁਤੇ ਸ਼ਕਤੀਸ਼ਾਲੀ ਹਨ ਅਤੇ ਨ ਹੀ ਬਹੁਤੇ ਸਥੂਲ। ਕਠੋਰ ਭਾਵਾਂ ਵਿਚ ਰਜੋਗੁਣ ਦੀ ਮਾਤ੍ਰਾ ਵੱਧ ਹੁੰਦੀ ਹੈ ਅਤੇ ਕੋਮਲ ਭਾਵਾਂ ਵਿਚ ਸਤੋਗੁਣ ਦੀ।

ਕਾਮ ਮੁਖ ਰੂਪ ਵਿਚ ਪਰਵਿਰਤੀ ਹੈ। ਜਦੋਂ ਇਹ ਪ੍ਰੇਰਿਤ ਹੋ ਉਠਦੀ ਹੈ ਤਾਂ ਇਹ ਮਨੁੱਖੀ ਮਨ ਦੇ ਕੋਮਲ ਭਾਵਾਂ ਨੂੰ ਉਤੇਜਿਤ ਕਰਦੀ ਹੈ। ਆਪਣੇ ਮੂਲ ਰੂਪ ਵਿਚ ਇਹ ਤਮੋ ਗੁਣੀ ਹੈ; ਆਪਣੇ ਪਰਗਟ ਭਾਵੁਕ ਰੂਪ ਵਿਚ ਇਹ ਸਤੋ ਗੁਣੀ ਹੈ; ਅਤੇ ਜੇ ਇਸ ਦੇ ਪ੍ਰਗਟਾਵੇ ਦਾ ਵਿਰੋਧ ਹੋਵੇ ਤਾਂ ਰਜੋ ਗੁਣੀ ਭਾਵਾਂ ਦੀ ਸ਼ਰਨ ਲੈ ਕੇ ਵੱਡੇ ਉਪੱਦਰ ਖੜੇ ਕਰ ਦਿੰਦੀ ਹੈ। ਆਪਣੇ ਕੁਦਰਤੀ ਪ੍ਰਗਟਾਵੇ ਵਿਚ ਕਾਮ ਦੀ ਪਰਵਿਰਤੀ ਮਨੁੱਖ ਵਿਚ ਮਿਤ੍ਰਤਾ, ਸਹਿਯੋਗ, ਸਹਾਨਭੂਤੀ, ਤਿਆਗ ਅਤੇ ਕ੍ਰਿਤੱਗਿਅਤਾ ਦੇ ਭਾਵ ਪੈਦਾ ਕਰਦੀ ਹੈ। ਇਹ ਵਿਅਕਤੀ ਨੂੰ ਹਉਂ ਰਹਿਤ ਕਰ ਕੇ ਆਪਣੇ ਸਾਥੀ ਜਾਂ ਸਹਿਯੋਗੀ ਵਿਚ ਆਪਣੇ ਆਪੇ ਦੀ ਅਭੇਦਤਾ ਦਾ ਅਨੁਭਵ ਕਰਾਉਂਦੀ ਹੈ। ਇਸੇ ਲਈ ਵਿਆਹ ਦੇ ਰਿਸ਼ਤੇ ਨੂੰ, ਸਰੀਰਕ ਹੋਣ ਉੱਤੇ ਵੀ ਧਾਰਮਕ ਸੰਸਾਰ ਵਿਚ ਆਤਮਕ ਰਿਸ਼ਤਾ ਆਖਿਆ ਜਾਂਦਾ ਹੈ। ਇਸ ਪਰਵਿਰਤੀ ਦੀ ਇਕ ਗੱਲ ਕਠੋਰ ਭਾਵਾਂ ਨਾਲ ਮਿਲਦੀ ਹੈ; ਉਹ ਇਹ ਕਿ ਮਨੁੱਖੀ ਮਨ ਦੇ ਬੌਧਕ ਵਿਤ੍ਰਕ ਨੂੰ ਅਧੀਨ ਕਰ ਲੈਣ ਵਿਚ ਇਹ ਸਫਲ ਹੋ ਜਾਂਦੀ ਹੈ।

ਇਸ ਇਕ ਦੋਸ਼ ਦੇ ਕਾਰਣ ਇਸ ਨੂੰ ਪਸ਼ੂ ਪੁਣੇ ਦਾ ਦਰਜਾ ਵੀ ਦਿੱਤਾ ਜਾਂਦਾ ਹੈ। ਜਦੋਂ ਇਹ ਪਰਵਿਰਤੀ ਬੌਧਿਕਤਾ ਦੇ ਨਿਯੰਤ੍ਰਣ ਵਿਚ ਹੁੰਦੀ ਹੈ ਉਦੋਂ ਮਨੁੱਖ ਮਾਤ੍ਰ ਵਿਚ ਕੋਮਲਤਾ ਦਾ ਸੰਚਾਰ ਕਰਨ ਵਿਚ ਸਫਲ ਹੁੰਦੀ ਹੈ। ਕੋਮਲਤਾ ਦਾ ਪਹਿਲਾ ਪ੍ਰਗਟਾਵਾ, ਇਹ ਪਰਵਿਰਤੀ, ਲੱਜਾ ਦੇ ਰੂਪ ਵਿਚ ਕਰਦੀ ਹੈ। ਲੱਜਾ ਇਕ ਤਰ੍ਹਾਂ ਨਾਲ ਆਪਣੀ ਕਿਸੇ ਕਮਜ਼ੋਰੀ ਦਾ ਸੁੰਦਰ ਅਤੇ ਸਨਿੰਮਰ ਇਕਬਾਲ ਹੈ। ਕੋਈ ਹੰਕਾਰੀ ਜਾਂ ਹੈਂਕੜਬਾਜ਼ ਕਦੇ ਲੱਜਿਤ ਨਹੀਂ ਹੁੰਦਾ। ਮੈਨੂੰ ਲਗਦਾ ਹੈ ਲੱਜਾ ਦਾ ਭਾਵ ਸਭਿਅਤਾ ਦੀ ਉਪਜ ਨਹੀਂ। ਜਿਹੜੇ ਜੰਗਲੀ ਲੋਕ ਬਿਲਕੁਲ ਵਸਤਰ-ਹੀਣ ਰਹਿੰਦੇ ਹਨ ਉਹ ਵੀ ਜਿਨਸੀ ਸੰਜੋਗ ਅਤੇ ਲੱਜਾ ਵਿਚ ਗੂਹੜਾ ਸੰਬੰਧ ਸਮਝਦੇ ਹਨ।

ਕਾਮ ਦੀ ਕੋਮਲ ਪਰਵਿਰਤੀ ਕਲਾ ਦੀ ਜਨਨੀ ਹੈ। ਇਸੇ ਲਈ ਹਰ ਕਲਾ 'ਕੋਮਲ' ਆਖੀ ਜਾਂਦੀ ਹੈ। ਉਹ ਪੱਥਰ ਦੀ ਕਠੋਰਤਾ ਵਿਚ ਵੀ ਕੋਮਲਤਾ ਦਾ ਸੰਚਾਰ ਕਰ ਦਿੰਦੀ ਹੈ। ਇਕ ਵੇਰ ਫਿਰ ਕਾਮ ਦੀ ਕੋਮਲਤਾ ਦੇ ਲੱਜਾ-ਰੂਪ ਪ੍ਰਗਟਾਵੇ ਦੀ ਕਲਪਨਾ ਕਰੋ। ਬਚਪਨ ਦੀ ਮਾਸੂਮੀਅਤ ਵਿਚੋਂ ਕਾਮ ਦੀ ਕੋਮਲਤਾ ਵਿਚ ਪਰਵੇਸ਼ ਕੀਤੇ ਵਿਅਕਤੀ ਵਿਚ ਆਏ ਪਰਿਵਰਤਨ ਦਾ ਇਹ ਸੂਖਮ ਪ੍ਰਗਟਾਵਾ ਕਿੰਨਾ ਸੁੰਦਰ ਹੈ। ਇਸ ਸੂਖਮ ਪ੍ਰਗਟਾਵੇ ਪਿਛੇ ਇਕ ਪਰਬਲ ਪਰਵਿਰਤੀ ਦੀ ਭਰਪੂਰਤਾ ਲੁਕੀ ਹੋਈ ਹੈ। ਇਹ ਸੂਖਮਤਾ ਕੁਦਰਤ ਦੇ ਕਲਾਕਾਰ ਦਾ ਵਿਸਮਾਦੀ ਕ੍ਰਿਸ਼ਮਾ ਹੈ। ਜਦੋਂ ਇਹ ਸੂਖਮਤਾ ਸਥੂਲ ਵਿਚ

ਬਦਲ ਜਾਵੇਗੀ, ਕਲਾ ਦਾ ਅਲੋਪ ਹੋ ਜਾਵੇਗਾ। ਪੱਥਰ ਦੀ ਮੂਰਤੀ ਬਣ ਗਈ। ਪੱਥਰ ਵਿਚ ਕੋਮਲ ਕਲਾ ਸਮਾ ਗਈ। ਪੱਥਰ ਕੋਮਲ ਕਲਾ ਦਾ ਧਾਰਨੀ ਬਣ ਗਿਆ। ਪੱਥਰ ਅਤੇ ਕੋਮਲਤਾ ਦਾ ਰਿਸ਼ਤਾ ਇਕ ਸੂਖਮ ਜਿਹਾ ਰਿਸ਼ਤਾ ਹੈ। ਕਲਾ ਨੂੰ ਜਦੋਂ ਕੋਮਲ ਆਖਦੇ ਹਾਂ ਉਦੋਂ ਕੋਮਲ ਸ਼ਬਦ ਦੇ ਅਰਥ ਦੋ ਹੁੰਦੇ ਹਨ; ਕੋਮਲ ਅਤੇ ਸੂਖਮ।

ਕੁਝ ਇਕ ਸਮਾਜਾਂ ਨੇ ਕਾਮ ਦੀ ਕੋਮਲਤਾ ਦਾ ਸਤਿਕਾਰ ਨ ਕਰਦਿਆਂ ਹੋਇਆਂ ਇਸ ਦੀ ਤੀਬਰਤਾ ਅਤੇ ਪਰਬਲਤਾ ਨੂੰ ਹੀ ਧਿਆਨ ਵਿਚ ਰਖਿਆ ਹੈ। ਇਸ ਦੀ ਤੀਬਰਤਾ ਅਤੇ ਪਰਬਲਤਾ ਨੂੰ ਨਿਯੰਤ੍ਰਣ ਵਿਚ ਰੱਖਣ ਲਈ ਕਠੋਰ ਵਿਧਾਨ ਬਣਾਏ ਹਨ। ਇਹ ਵਿਧਾਨ ਕਾਮ ਦੇ ਸਹਿਜ ਪਰਵਾਹ ਵਿਚ ਰੁਕਾਵਟ ਬਣੇ ਹਨ। ਜਿਹੜੀ ਪਰਵਿਰਤੀ ਆਪਣੇ ਸਹਿਜ ਪਰਵਾਹ ਵਿਚ ਹੀ ਬੌਧਿਕਤਾ ਨੂੰ ਪਛਾੜਨ ਦੀ ਸਮਰਥਾ ਰੱਖਦੀ ਹੈ ਉਹ ਕਿਸੇ ਵਿਰੋਧ ਕਾਰਣ ਜਦੋਂ, ਕ੍ਰੋਧ, ਘਿਰਣਾ, ਈਰਖਾ, ਹਠ ਅਤੇ ਬਦਲਾ ਆਦਿਕ ਭਾਵਾਂ ਦੀ ਸ਼ਰਨ ਲੈ ਲਵੇ, ਉਦੋਂ ਕਿੰਨਾ ਕੁ ਅਨਰਥ ਹੋ ਸਕਦਾ ਹੈ ? ਇਸੇ ਪ੍ਰਸ਼ਨ ਦੇ ਉੱਤਰ ਦੀ ਕੁੱਝ ਸੂਝ-ਬੂਝ ਨੇ ਫਰਾਇਡ ਅਤੇ ਐਡਲਰ ਵਰਗਿਆਂ ਨੂੰ ਇਸ ਪਰਵਿਰਤੀ ਦੀ ਸੂਖਮਤਾ ਵਿਚ ਝਾਤੀ ਪਾਉਣ ਦੀ ਪ੍ਰੇਰਣਾ ਦਿੱਤੀ ਲਗਦੀ ਹੈ।

ਫਰਾਇਡ ਨੇ ਕਾਮ ਨੂੰ ਜੀਵਨ ਦੀ ਮੂਲ ਪ੍ਰੇਰਣਾ ਮੰਨਿਆ ਹੈ। ਐਡਲਰ ਪ੍ਰਭੁਤਾ ਦੀ ਇੱਛਾ ਨੂੰ ਇਸਦੇ ਬਰਾਬਰ ਦਰਜਾ ਦਿੰਦਾ ਹੈ। ਧਿਆਨ ਨਾਲ ਵੇਖੀਏ ਤਾਂ ਪਤਾ ਲੱਗੇਗਾ ਕਿ ਜੀਵਨ ਦੀ ਖੇਡ ਇਨ੍ਹਾਂ ਦੋ ਹੱਦਾਂ ਵਿਚ ਹੀ ਖੇਡੀ ਜਾਂਦੀ ਹੈ। ਮੈਂ ਪ੍ਰਭੁਤਾ ਦੀ ਇੱਛਾ ਨੂੰ ਸੰਸਾਰ ਦੇ ਅਧਿਉਂ ਬਹੁਤੇ ਕਲੇਸ਼ ਦਾ ਕਾਰਣ ਅਤੇ ਕਾਮ ਨੂੰ ਜੀਵਨ ਵਿਚਲੀ ਅਧੀਉਂ ਬਹੁਤੀ ਸੁੰਦਰਤਾ ਦਾ ਸ੍ਰੋਤ ਮੰਨਦਾ ਹਾਂ। ਕਾਮ ਦੀ ਉਪਾਸਨਾ ਬਿਲੂ ਮੰਗਲ ਨੂੰ ਸੂਰਦਾਸ ਬਣ ਜਾਣ ਦੀ ਪ੍ਰੇਰਣਾ ਦੇ ਸਕਦੀ ਹੈ; ਪ੍ਰਭੁਤਾ ਦੀ ਇੱਛਾ ਵਾਲੇ 'ਸਰਕਾਰੀ ਸੱਤਾਧਾਰੀ ਪਾਲ' ਤੋਂ ਬਦਲ ਕੇ ਜੇ 'ਸੰਤ ਪਾਲ' ਬਣ ਜਾਣ ਤਾਂ ਈਸਾਈਅਤ ਵਰਗੇ ਪਿਆਰ-ਪੰਥ ਨੂੰ ਜਹਾਦਾਂ ਅਤੇ ਇਨਕੁਈਜ਼ੀਸ਼ਨਾਂ* ਦੀ ਲਗਨ ਲਾ ਦਿੰਦੇ ਹਨ।

ਯੁਗਾਂ ਯੁਗਾਂ ਤੋਂ ਕਲਾ ਕਾਮ ਦਾ ਸੂਖ਼ਮੀਕਰਣ ਕਰਦੀ ਆਈ ਹੈ। ਜੀਵਾਂ ਵਿਚਲੇ ਇਸ ਸੁੰਦਰ, ਸੁਕੋਮਲ, ਸ਼ਕਤੀਸ਼ਾਲੀ ਪਰ ਆਗਿਆਕਾਰ ਪਸ਼ੂ ਨੂੰ ਸੁੰਦਰ, ਭੋਲੇ ਬਾਲਕ ਵਿਚ ਵਟਾ ਕੇ, ਕਲਾ, ਇਸ ਦਾ ਪੁਨਰ ਨਿਰਮਾਣ ਕਰਦੀ ਆਈ ਹੈ। ਕਲਾ ਦੇ ਇਸ ਕਮਾਲ ਦਾ ਧਿਆਨ ਰਖਦਿਆਂ ਹੋਇਆਂ ਸੰਸਾਰ ਭਰ ਦੇ ਸੱਭਿਅ ਸਮਾਜਾਂ ਦੀ ਇਹ ਮੰਗ ਹੈ ਕਿ ਕਲਾ ਕਾਮ ਜਾਂ ਜਿਨਸੀ ਸੰਜੋਗ ਦੇ ਪ੍ਰਗਟਾਵੇ ਦੇ ਸੰਬੰਧ ਵਿਚ ਸੂਖਮਤਾ ਦੀ ਲਛਮਣ-

---

*ਈਸਾਈਆਂ ਦੀ ਅੰਨ-ਧਰਮੀਆਂ ਜਾਂ ਕਾਫਰਾਂ ਵਿਰੁਧ ਲਾਈ ਹੋਈ ਕਚਹਿਰੀ। ਇਸ ਕਚਹਿਰੀ ਵਿਚ ਪੇਸ਼ ਹੋਏ ਹਰ ਦੋਸ਼ੀ ਨੂੰ ਜੀਉਂਦਾ ਜਾਂ ਫਾਂਸੀ ਲਾਉਣ ਪਿਛੋਂ ਮੁਰਦਾ ਜਲਾਇਆ ਜਾਣਾ ਜ਼ਰੂਰੀ ਹੁੰਦਾ ਸੀ। ਜਿਹੜੇ ਆਪਣਾ ਕਸੂਰ ਮੰਨ ਲੈਂਦੇ ਸਨ ਉਨ੍ਹਾਂ ਨੂੰ ਜੀਉਂਦਾ ਨ ਜਲਾ ਕੇ ਪਹਿਲਾਂ ਫਾਂਸੀ ਚਾੜ੍ਹਿਆ ਜਾਂਦਾ ਸੀ। ਬਰੀ ਕਦੇ ਕਿਸੇ ਨੂੰ ਨਹੀਂ ਕੀਤਾ ਗਿਆ।

ਰੇਖਾ ਤੋਂ ਬਾਹਰ ਨ ਜਾਵੇ। ਕਾਮ ਆਪਣੇ ਹਰ ਪ੍ਰਗਟਾਵੇ ਵਿਚ ਆਨੰਦ ਦਾਇਕ ਹੈ। ਬਚਪਨ ਤੋਂ ਜਵਾਨੀ ਦੀ ਉਮਰ ਵਿਚ ਪਰਵੇਸ਼ ਕਰਨ ਦਾ ਸਮਾਂ ਕਾਮ ਦੀ ਪਰਵਿਰਤੀ ਦੇ ਜਾਗਰਣ ਦਾ ਸਮਾਂ ਹੈ। ਇਸ ਸਮੇਂ ਜੀਵ ਲਈ ਸਾਰਾ ਸੰਸਾਰ ਸੌਂਦਰਯ-ਰੂਪ ਹੋ ਜਾਂਦਾ ਹੈ। ਇਸ ਤੋਂ ਜਿਨਸੀ ਸੰਜੋਗ ਦੀ ਇੱਛਾ ਉਪਜਦੀ ਹੈ। ਇਸ ਇੱਛਾ ਵਿਚ ਇਕ ਸੌਂਦਰਯ ਹੈ।

'ਜੋ ਮਜ਼ਾ ਇੰਤਜ਼ਾਰੇ ਯਾਰ ਮੇਂ ਹੈ ਵੁਹ ਵਸਲੇ ਯਾਰ ਮੇਂ ਨਹੀਂ' ਇਸ ਤੋਂ ਪਿਛੋਂ ਕੋਈ ਹਮਸਫਰ ਮਿਲ ਜਾਂਦਾ ਹੈ। ਉਸ ਦੇ ਪਲ ਭਰ ਦੇ ਸਾਥ ਦੇ ਮੁੱਲ ਵਜੋਂ ਸਾਰਾ ਬ੍ਰਹਿਮੰਡ ਵੀ ਦਿੱਤਾ ਜਾ ਸਕਦਾ ਹੈ। ਅੰਤ ਵਿਚ ਇੱਛਾ ਦੀ ਪੂਰਤੀ ਹੈ। ਇਸ ਦੇ ਤੁੱਲ ਹੋਰ ਕੋਈ ਸਰੀਰਕ ਆਨੰਦ ਨਹੀਂ।

ਆਨੰਦ ਦਾ ਸ੍ਰੋਤ ਸੁੰਦਰਤਾ ਹੈ। ਕਲਾ ਸੁੰਦਰਤਾ ਨੂੰ ਉਪਜਾਉਣ ਦਾ ਸਾਧਨ ਹੈ। ਜਿਥੋਂ ਇਹ ਆਨੰਦ ਉਪਜਿਆ ਹੈ ਕਲਾ ਉਸ ਨੂੰ ਆਪਣਾ ਆਧਾਰ ਬਣਾਉਂਦੀ ਆਈ ਹੈ, ਬਣਾਉਂਦੀ ਰਹੇਗੀ। ਪਰ ਕਲਾ ਉਨਾ ਚਿਰ ਹੀ ਕਲਾ ਰਹੇਗੀ ਜਿੰਨਾ ਚਿਰ ਇਹ ਆਪਣੇ ਆਧਾਰ ਜਾਂ ਵਿਸ਼ੇ ਨਾਲ ਕਲਾ-ਮਈ ਵਿਵਹਾਰ ਕਰੇਗੀ; ਜਿੰਨਾ ਚਿਰ ਇਸ ਦੇ ਵਿਵਹਾਰ ਵਿਚ ਸੂਖਮਤਾ ਰਹੇਗੀ; ਜਿੰਨਾ ਚਿਰ ਇਹ ਵਿਸ਼ੇ ਦੀ ਸੂਖਮਤਾ ਦਾ ਸਤਿਕਾਰ ਕਰੇਗੀ; ਜਿੰਨਾ ਚਿਰ ਇਸ ਨੂੰ ਇਹ ਧਿਆਨ ਰਹੇਗਾ ਕਿ ਮੇਰੇ ਦੁਆਰਾ ਕਾਮ ਦਾ ਸੁਸ਼ਟੀਕਰਣ ਹੋਣਾ ਚਾਹੀਦਾ ਹੈ; ਜਿੰਨਾ ਚਿਰ ਇਹ ਇਸ ਵਿਸ਼ਵਾਸ ਵਿਚ ਵਿਚਰੇਗੀ ਕਿ ਕਾਮ ਦੀ ਕੋਮਲਤਾ ਨੂੰ 'ਸਹਿਜ' ਵਿਚ ਵਿਕਸਾਇਆ ਜਾਣਾ ਸੰਭਵ ਹੈ। ਇਸ ਰਾਮ ਕਾਰ ਤੋਂ ਬਾਹਰ ਜਾ ਕੇ ਜੇ ਕਲਾ ਮੋਟੇ-ਖੁਲ੍ਹੇ ਢੰਗ ਨਾਲ ਕਾਮ ਦੀ ਕੋਮਲਤਾ ਉੱਤੋਂ ਲੱਜਾ ਦੇ ਪਰਦੇ ਚੁੱਕਣੇ ਸ਼ੁਰੂ ਕਰ ਦੇਵੇਗੀ ਤਾਂ ਉਹ ਕਲਾ ਨਹੀਂ ਸਗੋਂ ਅਸ਼ਲੀਲਤਾ ਹੋਵੇਗੀ। ਮਨੁੱਖੀ ਮਨ ਬਹੁਤ ਬਾਰੀਕੀਆਂ ਦਾ ਜਾਣੂ ਹੈ। ਜਿਨ੍ਹਾਂ ਨੇ ਇਸ ਨੂੰ ਨਿਰਾ ਪਸ਼ੂ ਸਮਝਿਆ ਹੈ ਉਨ੍ਹਾਂ ਨੇ ਇਸ ਦੀ ਸੂਖਮਤਾ ਦਾ ਨਿਰਾਦਰ ਕੀਤਾ ਹੈ। ਸੂਖਮਤਾ ਦਾ ਨਿਰਾਦਰ ਅਸ਼ਲੀਲਤਾ ਹੈ; ਭਾਵੇਂ ਇਹ ਨਿਰਾਦਰ ਕਲਾ ਦੁਆਰਾ ਹੀ ਕਿਉਂ ਨ ਹੋਵੇ।

(੩)

## ਕਲਾ ਅਤੇ ਅਸ਼ਲੀਲਤਾ ਦਾ ਸੰਬੰਧ ਕਿਵੇਂ ?

ਕਲਾ ਅਤੇ ਅਸ਼ਲੀਲਤਾ ਦਾ ਸੰਬੰਧ ਸੁੰਦਰ ਅਤੇ ਸੁਖਾਵਾਂ ਭਾਵੇਂ ਨਹੀਂ, ਪੁਰਾਤਨ ਜ਼ਰੂਰ-ਹੈ। ਇਸ ਸੰਬੰਧ ਦੀ ਪੁਰਾਤਨਤਾ, ਅਸ਼ਲੀਲਤਾ ਦੇ ਪ੍ਰੇਮੀਆਂ ਲਈ, ਇਸ ਦੀ ਉਪਯੋਗਿਤਾ ਦੀ ਦਲੀਲ ਅਤੇ ਇਸ ਦੀ ਸਦੀਵਤਾ ਦਾ ਸਹਾਰਾ ਬਣਦੀ ਆਈ ਹੈ। ਸੰਸਾਰ ਦਾ ਕੋਈ ਸਮਾਜ ਅਜੇਹਾ ਨਹੀਂ ਜਿਸ ਵਿਚ ਕਲਾ ਦਾ ਵਿਕਾਸ ਹੋਇਆ ਹੋਵੇ ਅਤੇ ਇਹ ਸੰਬੰਧ ਨਾ ਉਪਜਿਆ ਹੋਵੇ। ਇਹ ਇਕ ਅਜੇਹੀ 'ਸਿਰ ਪੀੜ' ਹੈ ਜਿਸ ਤੋਂ ਛੁਟਕਾਰਾ ਪਾਉਣ ਲਈ ਸਿਰ ਹੀ ਪਰੇ ਸੁੱਟਣਾ ਪਿਆ ਹੈ ਅਤੇ ਇਸਲਾਮ ਨੇ ਕਿਸੇ ਹੱਦ ਤੱਕ ਇਉਂ ਹੀ ਕੀਤਾ ਹੈ। ਤਾਂ ਵੀ ਉਹ ਇਸਲਾਮੀ ਕਿਤਾਬਾਂ ਜਿਨ੍ਹਾਂ ਵਿਚ ਰੋਜ਼ਾ, ਨਮਾਜ਼, ਵਜ਼ੂ,

ਸੁੰਨਤ ਆਦਿਕ ਕਰਮ-ਕਾਂਡ ਦੀ ਵਿਆਖਿਆ ਕੀਤੀ ਗਈ ਹੈ, ਅਸ਼ਲੀਲਤਾ ਦੀਆਂ ਅੱਤ ਘਿਨਾਉਣੀਆਂ ਮਿਸਾਲਾਂ ਹਨ। ਪਰ ਉਨ੍ਹਾਂ ਨੂੰ ਧਰਮ ਦੀ ਸੁਰੱਖਿਆ ਅਤੇ ਪਰਵਾਨਗੀ ਪ੍ਰਾਪਤ ਹੈ; ਇਸ ਲਈ ਉਨ੍ਹਾਂ ਨੂੰ ਅਸ਼ਲੀਲ ਆਖਿਆ ਜਾਣਾ ਉਚਿਤ ਨਹੀਂ ਸਮਝਿਆ ਜਾਂਦਾ। ਇਸੇ ਤਰ੍ਹਾਂ ਬੁੱਧ ਧਰਮ ਨੂੰ ਮੰਨਣ ਵਾਲੇ ਤੰਤ੍ਰ-ਯੋਗ ਦੀ ਨਿਰਲੱਜਤਾ ਅਤੇ ਨਮੋਸ਼ੀ ਉਤੇ ਨਿਰਵਾਣ ਦੀ ਨਿਰਲੇਪਤਾ ਦਾ ਪਰਦਾ ਪਾਉਣ ਵਿਚ ਭਲੀ ਭਾਂਤ ਸਫਲ ਹਨ। ਮੇਰੀ ਜਾਚੇ, ਧਰਮ ਦੀ ਆੜ ਵਿਚ ਢੇਰ ਸਾਰੀ ਅਸ਼ਲੀਲਤਾ ਮਨੁੱਖ ਦੀਆਂ ਕਲਾ-ਕ੍ਰਿਤੀਆਂ ਵਿਚ ਆ ਬਿਰਾਜੀ ਹੈ। "ਰੱਬ ਨੂੰ ਪਹੁੰਚਿਆ ਹੋਇਆ ਸੂਫੀ" ਮੰਨਿਆਂ ਜਾਣ ਕਾਰਣ ਸ਼ਾਹ ਹੁਸੈਨ ਅਜੇਹੇ ਕੁਕਰਮ ਕਰਦਾ ਰਿਹਾ ਮੰਨਿਆਂ ਜਾਂਦਾ ਹੈ ਜਿਨ੍ਹਾਂ ਦੀ ਕਲਪਨਾ ਕਿਸੇ ਵੀ ਸਾਧਾਰਣ ਆਦਮੀ ਨੂੰ ਸ਼ਰਮਸਾਰ ਕਰ ਸਕਦੀ ਹੈ। ਮੈਨੂੰ ਸ਼ੇਖ ਫਰੀਦ ਦੀ ਸ਼ਰਾਫਤ ਉੱਤੇ ਕੋਈ ਸ਼ੱਕ ਨਹੀਂ ਪਰ "ਅੱਜ ਨ ਸੁੱਤੀ ਕੰਤ ਸਿਉਂ" ਲਿਖਣ ਦਾ ਸਾਹਸ ਉਹ ਕੇਵਲ ਇਸ ਲਈ ਕਰ ਸਕਿਆ ਹੈ ਕਿ ਉਹ ਫਕੀਰ ਹੈ। ਕਿਸੇ ਸਾਧਾਰਣ ਆਦਮੀ ਨੂੰ ਏਨੀ ਖੁੱਲ੍ਹ ਅੱਜ ਵੀ ਪ੍ਰਾਪਤ ਨਹੀਂ; ਸ਼ੇਖ ਫਰੀਦ ਤਾਂ ਸੱਤ-ਅੱਠ ਸੌ ਸਾਲ ਪੁਰਾਣੀ ਗੱਲ ਹੈ।

ਯੂਨਾਨੀਆਂ ਦੀ ਮੂਰਤੀ ਕਲਾ ਵਿਚਲਾ ਨੰਗੇਜ ਡਾਇਓਨੀਸਸ* ਦੀ ਦੇਣ ਹੈ। ਇਸ ਸੰਬੰਧ ਵਿਚ ਈਸਾਈ ਮਤ ਵਾਲਿਆਂ ਨੇ ਮਾਤਾ ਮਰੀਅਮ ਦੀ ਸ਼ਰਣ ਲੈਣ ਵਿਚ ਕੋਈ ਸ਼ਰਮ ਮਹਿਸੂਸ ਨਹੀਂ ਕੀਤੀ। ਹਿੰਦੀ ਬੋਲੀ ਦੇ ਰੀਤੀ ਕਾਵਿ ਦੀ ਅਸ਼ਲੀਲਤਾ ਰਾਧਾ ਅਤੇ ਕ੍ਰਿਸ਼ਨ ਦੇ ਸਤਿਕਾਰ ਯੋਗ ਸੰਬੰਧ ਨੂੰ ਸਮਰਪਿਤ ਕੀਤੀ ਗਈ ਹੈ। ਖਾਜੂ ਰਾਹੋ ਦੀਆਂ ਮੂਰਤੀਆਂ ਜੇ ਸ਼ਿਵ ਦੀ ਸ਼ਰਣ ਵਿਚ ਆ ਕੇ ਮੰਦਰਾਂ ਦੀ ਸ਼ੋਭਾ ਨ ਬਣ ਗਈਆਂ ਹੁੰਦੀਆਂ ਤਾਂ ਹੁਣ ਤੱਕ ਜਨ-ਕੋਪ ਦੇ ਕਾਰਣ ਕੰਕਰ-ਪੱਥਰ ਹੋ ਗਈਆਂ ਹੋਣੀਆਂ ਸਨ। ਮਨੁੱਖ ਦੇ ਧਰਮ ਨੇ ਸ਼ਰਣ ਆਈਆਂ ਨੂੰ ਕੰਠ ਲਾ ਕੇ ਹਾਲਤ ਇਹ ਬਣਾ ਦਿੱਤੀ ਹੈ ਕਿ ਅੱਜ ਇਨ੍ਹਾਂ ਵਿਚਲੇ ਨੰਗੇਜ਼ ਨੂੰ ਦੁੱਧ ਚੁੰਘਾਉਂਦੀ ਮਾਂ ਦੇ ਨੰਗੇਜ਼ ਨਾਲ ਤੁਲਨਾ ਦੇ ਕੇ ਇਨ੍ਹਾਂ ਵਿਚ ਕਿਸੇ ਪ੍ਰਕਾਰ ਦੀ ਅਸ਼ਲੀਲਤਾ ਦਾ ਅਨੁਭਵ ਕਰਨ ਵਾਲੇ ਨੂੰ ਘਟੀਆ ਅਤੇ ਰੋਗੀ ਦੱਸਿਆ ਜਾਂਦਾ ਹੈ। ਜੈਨ ਤੀਰਥੰਕਰਾਂ ਦੀਆਂ ਨਗਨ ਮੂਰਤੀਆਂ ਅਤਿਅੰਤ ਪੂਜ ਮੰਨੀਆਂ ਜਾਂਦੀਆਂ ਹਨ। ਨਿਰੀਆਂ ਮੂਰਤੀਆਂ ਹੀ ਕਿਉਂ ਜੈਨੀਆਂ ਨੇ ਹਜ਼ਾਰਾਂ ਭਲੇ ਪੁਰਸ਼ਾਂ ਨੂੰ 'ਦਿੱਗਾਂਬਰ'** ਬਣਾ ਕੇ ਸਾਰੇ ਦੇਸ਼ ਦੀ ਨੱਕ-ਵੱਢੀ ਕੀਤੀ ਹੋਈ ਹੈ।

ਸੰਸਾਰ ਦੇ ਸਾਰੇ ਵੱਡੇ ਧਰਮ, ਆਪੋ ਆਪਣੇ ਸਮੇਂ, ਵਿਸ਼ਵ-ਵਿਆਪੀ ਜਥੇਬੰਦੀਆਂ ਵਿਚ ਵਿਕਸ ਕੇ ਅਪਾਰ ਸ਼ਰਧਾ ਦੇ ਪਾਤਰ, ਮਹਾਨ ਸ਼ਕਤੀ ਦੇ ਸੁਆਮੀ ਅਤੇ ਅਣ-ਕਮਾਏ ਧਨ ਦੇ ਅਧਿਕਾਰੀ ਬਣੇ ਹਨ। ਸ਼ਰਧਾ, ਸ਼ਕਤੀ ਅਤੇ ਧਨ ਨੇ ਧਰਮ-ਅਸਥਾਨਾਂ

---

*ਪੁਰਾਤਨ ਯੂਨਾਨੀ ਧਰਮ ਵਿਚ ਸ਼ਰਾਬ ਅਤੇ ਰੰਗ-ਰਲੀਆਂ ਦਾ ਦੇਵਤਾ।

**ਆਕਾਸ਼ ਨੂੰ ਆਪਣਾ ਓੜਨ ਜਾਂ ਲਿਬਾਸ ਮੰਨਣ ਵਾਲੇ, ਭਾਵ 'ਨੰਗੇ'। ਇਹ ਜੈਨੀਆਂ ਦਾ ਇੱਕ ਫਿਰਕਾ ਹੈ।

ਨੂੰ ਹਰ ਉਸ ਬੁਰਾਈ ਦਾ ਕੇਂਦਰ ਬਣਾਇਆ ਹੈ, ਜਿਸ ਦੀ ਮਨੁੱਖ ਕਲਪਨਾ ਕਰ ਸਕਦਾ ਹੈ। ਇਨ੍ਹਾਂ ਸ਼ਕਤੀਸ਼ਾਲੀ ਅਤੇ ਅਮੀਰ ਜਥੇਬੰਦੀਆਂ ਨੇ ਸੁੰਦਰਤਾ ਵੀ ਉਪਜਾਈ ਹੈ ਅਤੇ ਅਸ਼ਲੀਲਤਾ ਵੀ; ਵਿੱਦਿਆ ਦਾ ਪ੍ਰਬੰਧ ਵੀ ਕੀਤਾ ਹੈ ਅਤੇ ਅੰਧ ਵਿਸ਼ਵਾਸ ਦਾ ਉਪਰਾਲਾ ਵੀ; ਜਨ-ਜੀਵਨ ਵਿਚ ਨਵੀਂ ਆਸ ਦਾ ਉਤਸ਼ਾਹ ਭਰ ਕੇ ਜੀਵਨ ਨੂੰ ਖੁਸ਼ਹਾਲ ਹੋਣ ਲਈ ਪ੍ਰੇਰਿਆ ਵੀ ਹੈ ਅਤੇ ਸਦੀਵੀ-ਸੁਰਗਵਾਸ ਦਾ ਲਾਰਾ ਲਾ ਕੇ ਲੁੱਟਿਆ ਵੀ ਹੈ। ਹਰ ਇੱਕ ਧਾਰਮਕ ਪ੍ਰਬੰਧ ਆਰੰਭ ਵਿਚ ਲੋਕ-ਲਹਿਰ ਦਾ ਰੂਪ ਧਾਰਦਾ ਰਿਹਾ ਹੈ; ਲੋਕਾਂ ਵਿਚ ਉੱਦਮ, ਉਤਸ਼ਾਹ ਅਤੇ ਜੀਣ ਥੀਣ ਦਾ ਇੱਕ ਚਾਅ ਪੈਦਾ ਕਰਦਾ ਰਿਹਾ ਹੈ। ਅੰਤ ਵਿਚ ਧਨ ਅਤੇ ਸ਼ਕਤੀ ਪ੍ਰਾਪਤ ਕਰ ਕੇ ਇਸ ਦੇ ਪ੍ਰਬੰਧਕ ਨੀਚਤਾ ਦੀ ਧੁਰ ਹੇਠਲੀ ਨੀਵਾਣ ਤੱਕ ਪੁੱਜ ਜਾਂਦੇ ਰਹੇ ਹਨ। ਇਨ੍ਹਾਂ ਦੀ ਕਲਾ ਨਾਲ ਸਾਂਝ ਉਦੋਂ ਪੈਂਦੀ ਰਹੀ ਹੈ, ਜਦੋਂ ਇਹ ਪ੍ਰਬੰਧ ਧਨ ਅਤੇ ਸ਼ਕਤੀ ਦੇ ਪ੍ਰਭਾਵ ਨਾਲ ਦੁਨਿਆਵੀ ਤੌਰ ਉੱਤੇ ਉੱਨਤ ਅਤੇ ਅੱਧਿਆਤਮਕ ਤੌਰ ਉੱਤੇ ਪਤਿਤ ਹੋ ਜਾਂਦੇ ਰਹੇ ਹਨ। ਧਨ ਨੇ ਬੁੱਧ ਵਿਹਾਰਾਂ ਵਿਚ ਇਕੱਠਾ ਹੋ ਕੇ ਅਸ਼ਲੀਲਤਾ ਨੂੰ ਅਮਰ ਕਰਨ ਲਈ ਮੂਰਤੀ ਕਾਰਾਂ ਨੂੰ ਨਿਓਤਾ ਦਿੱਤਾ ਸੀ। ਸੰਸਾਰ ਪ੍ਰਸਿੱਧ ਮੂਰਤੀਕਾਰ, ਚਿੱਤ੍ਰਕਾਰ, ਕਵੀ ਅਤੇ ਭਵਨ ਨਿਰਮਾਤਾ ਮਾਈਕਲ ਐਂਜਿਲੋ ਇਟਲੀ ਵਿਚ ਉਦੋਂ ਪੈਦਾ ਹੋਇਆ ਸੀ ਜਦੋਂ ਰੋਮਨ ਪੋਪ ਅਤੇ ਰੋਮਨ ਕੈਥੋਲਿਕ ਪ੍ਰਬੰਧ, ਪਤਨ ਦੀ ਹਰ ਪਰਿਭਾਸ਼ਾ ਨੂੰ ਸੱਚੀ ਸਿੱਧ ਕਰ ਚੁੱਕੇ ਸਨ। ਇਨ੍ਹਾਂ ਪੋਪਾਂ ਤੇ ਪਾਦਰੀਆਂ ਦੀ ਸੁਹਬਤ ਦੇ ਸਿੱਟੇ ਵਜੋਂ ਮਾਈਕਲ ਐਂਜਿਲੋ ਅਸ਼ਲੀਲਤਾ ਅਤੇ ਕਲਾ ਦੇ ਸੰਗਮ ਦੀ ਸੁੰਦਰ ਮਿਸਾਲ ਹੈ। ਉਸ ਦੇ ਸਮਕਾਲੀ ਉਸ ਦੇ ਆਚਰਣ ਦੀ ਚਰਚਾ ਕਰਦੇ ਰਹੇ ਹਨ, ਪਰ ਧਰਮ ਅਤੇ ਸੱਤਾ ਦੀ ਛਤਰ-ਛਾਇਆ ਉਹ ਆਪਣੇ ਮਾਨਸਿਕ ਝੁਕਾਵਾਂ ਨੂੰ ਕਲਾ ਦੀ ਦੁਨੀਆਂ ਵਿਚ ਆਦਰ ਯੋਗ ਬਣਾਉਣ ਵਿਚ ਸਮੁੱਚਾ ਸਫਲ ਹੋਇਆ ਆਖਿਆ ਜਾ ਸਕਦਾ ਹੈ।

ਧਰਮ ਨੂੰ ਕਲਾ ਵਿਚ ਅਸ਼ਲੀਲਤਾ ਦਾ ਸੰਚਾਰ ਕਰਨ ਵਾਲਾ ਸਿੱਧਾ ਸਰੋਤ ਆਖਿਆ ਜਾਣਾ ਉੱਚਿਤ ਨਹੀਂ। ਬੁਰਾਈ ਦੀ ਜੜ੍ਹ ਧਨ, ਸੱਤਾ ਅਤੇ ਜਨ-ਸਾਧਾਰਣ ਦੀ ਅਪਾਰ ਸ਼ਰਧਾ ਵਿਚ ਹੈ। ਧਨ ਦੀ ਕਿਰਪਾ ਨਾਲ ਵਿਹਲ ਅਤੇ ਵਿਲਾਸ ਦੀ ਪ੍ਰਾਪਤੀ ਹੁੰਦੀ ਹੈ; ਸੱਤਾ ਨਾਲ ਹੰਕਾਰ ਅਤੇ ਕਠੋਰਤਾ ਵਿਚ ਵਾਧਾ ਹੁੰਦਾ ਹੈ, ਅਤੇ ਲੋਕਾਂ ਦੀ ਅਪਾਰ ਸ਼ਰਧਾ ਇਸ ਬਦਲਦੀ ਅੱਗ ਉੱਤੇ ਤੇਲ ਦਾ ਕੰਮ ਕਰਦੀ ਹੈ। ਰੂਸ ਦੇ ਮਹਾਨ ਮਾਨਵ-ਵਾਦੀ ਲੇਖਕ, ਮਹਾਤਮਾ ਟਾਲਸਟਾਏ ਨੇ ਇੱਕ ਕਹਾਣੀ ਲਿਖੀ ਹੈ, ਜਿਸ ਦਾ ਨਾਂ ਹੈ "ਇੱਕ ਆਦਮੀ ਨੂੰ ਕਿੰਨੀ ਕੁ ਕਣਕ ਲੋੜੀਏ।" ਇਸ ਕਹਾਣੀ ਦੁਆਰਾ ਉਨ੍ਹਾਂ ਨੇ ਇਹ ਦੱਸਿਆ ਹੈ ਕਿ ਮਨੁੱਖੀ ਮਨ ਵਿਚ ਨੇਕੀ ਅਤੇ ਬੁਰਾਈ ਦੋਹਾਂ ਦਾ ਨਿਵਾਸ ਹੈ। ਜੀਵਨ ਦੇ ਰੁਝੇਵੇਂ, ਬਾਲ-ਬੱਚੇ ਦੀ ਚਿੰਤਾ ਵਿਚ ਉਹ ਆਪਣੇ ਆਲੇ ਦੁਆਲੇ ਦੇ ਸਾਥ ਅਤੇ ਸਹਿਯੋਗ ਦੀ ਲੋੜ ਮਹਿਸੂਸ ਕਰਦਾ ਹੈ। ਜੇ ਉਸ ਕੋਲ ਲੋੜੋਂ ਬਹੁਤਾ ਧਨ ਆ ਜਾਵੇ ਤਾਂ ਉਹ ਇਸ ਦੀ ਦੁਰ ਵਰਤੋਂ ਵਿਚੋਂ ਵਿਲਾਸ ਦੇ ਵਸੀਲੇ ਲੱਭ ਲੈਂਦਾ ਹੈ। ਇਹ ਬੁਰਾਈ ਉਸ ਵਿਚ ਕਿਧਰੋਂ ਬਾਹਰੋਂ ਨਹੀਂ ਆਉਂਦੀ, ਸਗੋਂ ਉਸ ਦੇ ਮਨ ਵਿਚ

ਸਦਾ ਹੁੰਦੀ ਹੈ। ਵਾਧੂ ਧਨ ਦਾ ਮਿਲਣਾ ਉਸ ਲਈ ਖੋਤੇ ਉੱਤੋਂ ਛੱਟ ਲੱਥ ਜਾਣ ਦੇ ਤੁਲ ਹੁੰਦਾ ਹੈ, ਜਿਸ ਨਾਲ ਉਸ ਨੂੰ ਟੀਟਣੇ ਮਾਰਨ ਦਾ ਮੌਕਾ ਮਿਲ ਜਾਂਦਾ ਹੈ।

ਇੱਕ ਵੇਰ ਫਿਰ ਮਾਈਕਲ ਐਂਜਿਲੋ ਦਾ ਜ਼ਿਕਰ ਕਰਦੇ ਹਾਂ। ਹੋ ਸਕਦਾ ਹੈ, ਇਸ ਦਾ ਜ਼ਿਕਰ ਅੱਗੇ ਚੱਲ ਕੇ ਵੀ ਕਰਨਾ ਪਵੇ, ਅਤੇ ਇਹ ਇਸ ਲਈ ਕਿ ਇਹ ਕਲਾਕਾਰ ਕਲਾ ਅਤੇ ਅਸ਼ਲੀਲਤਾ ਦੇ ਸੰਜੋਗ ਦੀ ਸੁਹਣੀ ਮਿਸਾਲ ਬਣ ਗਿਆ ਹੈ। ਇਹ ਮਹਾਨ ਕਲਾਕਾਰ 1475 ਈ: ਵਿਚ ਪੈਦਾ ਹੋਇਆ ਸੀ। ਇਹ ਉਹੋ ਸਮਾਂ ਸੀ ਜਦੋਂ ਰੋਮ ਵਿਚ ਵੱਡੇ ਗਿਰਜੇ ਦੀ ਉਸਾਰੀ ਹੋ ਰਹੀ ਸੀ। ਇਸ ਉਸਾਰੀ ਵਿਚ ਇਸ ਭਵਨ-ਨਿਰਮਾਤਾ ਦਾ ਬਹੁਤ ਵੱਡਾ ਯੋਗ ਦਾਨ ਹੈ। ਰੋਮ ਦੇ ਗਿਰਜੇ ਦੀਆਂ ਛੱਤਾਂ ਅਤੇ ਕੰਧਾਂ, ਇਸ ਕਲਾਕਾਰ ਦੀ ਕਲਾ ਕ੍ਰਿਤੀ ਦਾ ਯਸ਼ ਗਾਨ ਕਰਦੀਆਂ ਅੱਜ ਵੀ ਨਹੀਂ ਥਕਦੀਆਂ। ਰੋਮ ਦੇ ਗਿਰਜਿਆਂ ਦੀਆਂ ਉਸਾਰੀਆਂ ਅਤੇ ਉਸ ਸਮੇਂ ਦੇ ਰੋਮਨ ਕੈਥੋਲਿਕ ਪੋਪਾਂ ਦੇ ਐਸ਼੍ਵਰਜ ਉੱਤੇ ਖਰਚ ਹੋਣ ਵਾਲਾ ਧਨ ਕਈ ਜੁਗਤੀਆਂ ਨਾਲ ਪ੍ਰਾਪਤ ਕੀਤਾ ਜਾਂਦਾ ਸੀ। ਸਭ ਤੋਂ ਵੱਧ ਸਫਲ ਜੁਗਤੀ ਸੀ "ਮੁਆਫੀ ਨਾਮਿਆਂ ਦੀ ਵਿਕਰੀ।" ਪੋਪ ਲੋਕਾਂ ਕੋਲੋਂ ਪੈਸੇ ਲੈ ਕੇ ਉਨ੍ਹਾਂ ਦੇ ਗੁਨਾਹ ਮੁਆਫ ਕਰ ਦਿੰਦਾ ਸੀ। ਇੱਕ ਸਾਲ ਵਿਚ ਕੀਤੇ ਗੁਨਾਹਾਂ ਦੀ ਮੁਆਫੀ ਲਈ ਜਿੰਨੇ ਪੈਸੇ, ਦਸ ਸਾਲਾਂ ਦੇ ਗੁਨਾਹ ਮੁਆਫ ਕਰਾਉਣ ਲਈ ਉਸ ਤੋਂ ਦਸ ਗੁਣਾ। ਇੱਕ ਵੱਡੀ ਰਕਮ ਦੇ ਕੇ ਸਾਰੀ ਉਮਰ ਦੇ ਗੁਨਾਹ ਮੁਆਫ ਕਰਵਾਏ ਜਾ ਸਕਦੇ ਸਨ ਅਤੇ ਥੋਕ ਦੇ ਵਪਾਰੀ ਨੂੰ ਸੌਦਾ ਕੁਝ ਸਸਤਾ ਵੀ ਪੈਂਦਾ ਹੋਵੇਗਾ। ਇਉਂ ਲੋਕ ਮੁਆਫੀ ਪਹਿਲਾਂ ਲੈ ਲੈਂਦੇ ਸਨ ਅਤੇ ਪਾਪ ਪਿੱਛੋਂ ਕਰਦੇ ਸਨ। ਦੱਸਿਆ ਜਾਂਦਾ ਹੈ ਕਿ ਇਸ ਜੁਗਤੀ ਨੇ ਯੂਰਪ ਵਿਚ ਅੱਤਿਆਚਾਰ ਆਮ ਕਰ ਦਿੱਤਾ ਸੀ। ਸੰਨ 1483 ਈ: ਵਿਚ ਮਾਰਟਨ ਲੂਥਰ ਪੈਦਾ ਹੋਇਆ ਸੀ, ਜਿਸ ਨੇ ਇਸ ਹਨੇਰ-ਗਰਦੀ ਵਿਰੁੱਧ ਰੋਸ ਜਾਂ ਪ੍ਰੋਟੈਸਟ ਆਰੰਭ ਕੀਤਾ ਸੀ। ਉਸ ਦੇ ਰੋਸ ਵਿਚੋਂ ਪ੍ਰੋਟੈਸਟੈਂਟ ਧਰਮ ਹੋਂਦ ਵਿਚ ਆਇਆ ਜਿਹੜਾ ਅਜ ਕਲ ਯੌਰਪ ਦੀ ਬਹੁ-ਗਿਣਤੀ ਦਾ ਧਰਮ ਹੈ।

ਸਾਡੇ ਸਤਿਕਾਰਯੋਗ ਕਲਾਕਾਰ ਦੀ ਸਾਂਝ ਲੋਕਾਂ ਨਾਲ ਨਹੀਂ ਸੀ, ਸਗੋਂ ਪੋਪ ਨਾਲ ਸੀ। ਪੋਪ ਦੇ ਨਿਕਟਵਰਤੀ ਵਿਲਾਸੀ ਸਨ। ਐਂਜਿਲੋ ਵੀ ਉਨ੍ਹਾਂ ਵਿਚੋਂ ਇਕ ਸੀ। ਉਸ ਦੀ ਕਲਾ ਦੇ ਨਿਰਮਾਣ ਉੱਤੇ ਉਹੋ ਧਨ ਖਰਚ ਹੋਇਆ ਹੈ ਜਿਹੜਾ ਧੋਖੇ ਅਤੇ ਧੱਕੇ ਨਾਲ ਇਕੱਠਾ ਕੀਤਾ ਗਿਆ ਸੀ। ਪਾਪ ਦੀ ਕਮਾਈ ਉੱਤੇ ਪਲਣ ਵਾਲਾ ਇਹ ਕਲਾਕਾਰ ਕਿੰਨਾ ਕੁ ਕੋਮਲ-ਚਿੱਤ ਹੋ ਸਕਦਾ ਹੈ ? ਕਿੰਨੀ ਕੁ ਪਵਿਤ੍ਰਤਾ ਦਾ ਧਾਰਨੀ ਇਸ ਨੂੰ ਮੰਨਿਆਂ ਜਾ ਸਕਦਾ ਹੈ ? ਮੈਂ ਦੱਸ ਨਹੀਂ ਸਕਦਾ। ਹਾਂ ਏਨਾ ਮੈਨੂੰ ਵਿਸ਼ਵਾਸ ਹੈ ਕਿ ਗਿਰਜੇ ਦੀ ਵਿਸ਼ਾਲ ਕੰਧ ਉੱਤੇ ਬਣੀ ਹੋਈ 48 ਫੁੱਟ ਲੰਮੀ ਅਤੇ 44 ਫੁੱਟ ਚੌੜੀ 'ਅੰਤਲੇ ਨਿਆਂ' ਦੀ ਤਸਵੀਰ, ਜਿਹੜੀ ਇਸ ਮਹਾਨ ਚਿਤ੍ਰਕਾਰ ਦੀ ਛੇ ਸਾਲਾਂ ਦੀ ਮਿਹਨਤ ਦੀ ਉਪਜ ਹੈ ਅਤੇ ਜਿਸ ਵਿਚ ਨੰਗੇਜ ਦੇ ਪੱਖੋਂ ਕਿਸੇ ਹੱਦ ਤਕ, ਯੱਸੂ ਮਸੀਹ ਅਤੇ ਮਾਤਾ ਮਰੀਅਮ ਨੂੰ ਵੀ ਮੁਆਫ ਨਹੀਂ ਕੀਤਾ ਗਿਆ, ਕਲਾਕਾਰ ਦੇ ਆਪਣੇ ਮਨ ਵਿਚ ਵੱਸਣ ਵਾਲੇ

'ਹਸ਼ਰ ਦੇ ਡਰ' ਦੀ ਅਭਿਵਿਅਕਤੀ ਹੋਣ ਦੀ ਥਾਂ ਉਸ ਦੇ ਕਲਾ ਕੌਸ਼ਲ ਅਤੇ ਉਸ ਦੀ ਨੰਗੇਜ ਪ੍ਰੀਅਤਾ ਦਾ ਉੱਤਮ ਨਮੂਨਾ ਹੈ। ਇਸ ਕਲਾਕਾਰ ਦੀਆਂ ਲੱਗ-ਪੱਗ ਸਾਰੀਆਂ ਕਲਾ ਕ੍ਰਿਤੀਆਂ ਨਗਨ ਹਨ, ਕੁਝ ਸੰਗਮਰਮਰ ਵਿਚ ਕੁਝ ਰੰਗਾਂ ਵਿਚ।

ਇਹੋ ਹਾਲ ਭਾਰਤ ਵਿਚ ਖਾਜੁਰਾਹੋ ਆਦਿਕ ਮੰਦਰਾਂ ਵਿਚਲੀਆਂ ਮੂਰਤੀਆਂ ਦਾ ਹੈ। ਇਹ ਹਿਰਦੇ ਦੀ ਪਵਿਤ੍ਰਤਾ ਜਾਂ ਨਿਰਲੇਪਤਾ ਵਿਚੋਂ ਉਪਜੀਆਂ ਹੋਈਆਂ ਨਹੀਂ ਹਨ। ਇਹ ਵਿਲਾਸੀ ਸੁਆਮੀਆਂ ਦੇ ਵਿਲਾਸੀ ਸੁਹਬਤਾਂ ਦੀ ਸਿਰਜਨਾ ਹਨ। ਇਨ੍ਹਾਂ ਦੇ ਸਿਰਜਣਹਾਰਾਂ ਦੇ ਨਾਂ ਸਦੀਆਂ ਦੇ ਭਾਰ ਹੇਠ ਦੱਬੇ ਗਏ ਹਨ। ਅਸਾਂ ਇਹ ਮੁਰਦੇ ਉਖਾੜ ਕੇ ਲੈਣਾ ਵੀ ਕੀ ਹੈ। ਇਨ੍ਹਾਂ ਸਾਰਿਆਂ ਨੂੰ ਮਾਈਕਲ ਐਂਜਿਲੋ ਆਖ ਸਕਦੇ ਹਾਂ। ਅਸ਼ਲੀਲਤਾ ਦੇ ਪੱਖੋਂ "ਇਹ ਮਾਈਕਲ ਐਂਜਿਲੋ ਦੇ ਨਿੱਕੇ ਵੱਡੇ ਵੀਰ ਸਾਰੇ।"

ਜਰਮਨੀ ਦੇ ਸ਼ਹਿਰ ਮਿਊਨਿਕ ਦੀ ਆਰਟ ਗੈਲਰੀ ਵਿਚ ਰੂਬਨਜ਼ ਨਾਮ ਦੇ ਇਕ ਚਿੱਤ੍ਰਕਾਰ ਦੀ ਬਣਾਈ ਹੋਈ ਤਸਵੀਰ ਸੰਭਾਲੀ ਪਈ ਹੈ। ਇਸ ਤਸਵੀਰ ਦਾ ਨਾਂ ਹੈ "ਲੂਸੀਪੱਸ ਦੀਆਂ ਧੀਆਂ ਦਾ ਬਲਾਤਕਾਰ"। ਲੂਸੀਪੱਸ ਇਕ ਯੂਨਾਨੀ ਫਿਲਾਸਫਰ ਸੀ। ਇਹ ਯੱਸੂ ਮਸੀਹ ਤੋਂ ਪੰਜ ਕੁ ਸੌ ਸਾਲ ਪਹਿਲਾਂ ਹੋਇਆ ਹੈ। ਆਮ ਲੋਕਾਂ ਲਈ ਉਸ ਦਾ ਇਤਿਹਾਸ ਬਹੁਤਾ ਮਹੱਤਵ ਨਹੀਂ ਰੱਖਦਾ। ਉਸ ਦੇ ਫਲਸਫੇ ਦੀ ਗੱਲ ਵੱਖਰੀ ਹੈ। ਉਸ ਨਾਲ ਜੇ ਕੋਈ ਦੁਰਘਟਨਾ ਵਾਪਰੀ ਸੀ ਤਾਂ ਉਹ ਕਿਸੇ ਈਸਾ ਦੇ ਸੂਲੀ ਚਾੜ੍ਹੇ ਜਾਣ ਦੀ ਘਟਨਾ ਵਰਗੀ ਮਹੱਤਵਪੂਰਣ ਨਹੀਂ ਸੀ। ਉਸ ਫਿਲਾਸਫਰ ਲਈ ਇਹ ਘਟਨਾ ਦੁੱਖ ਅਤੇ ਨਮੋਸ਼ੀ ਦਾ ਕਾਰਣ ਸੀ। ਉਸ ਨੂੰ ਕਿਸੇ ਚਿੱਤ੍ਰ ਦਾ ਵਿਸ਼ਾ ਬਣਾ ਕੇ ਅਮਰ ਕਰਨ ਵਿਚ ਮੈਨੂੰ, ਸਿਵਾਏ ਅਸ਼ਲੀਲਤਾ ਦਾ ਝੱਸ ਪੂਰਾ ਕਰਨ ਦੇ ਹੋਰ ਕੋਈ ਮਨੋਰਥ ਨਹੀਂ ਦਿਸਿਆ ਅਤੇ ਇਹ ਝੱਸ ਹਰ ਮਨੁੱਖ ਵਿਚ ਹੈ; ਕਲਾਕਾਰ ਵਿਚ ਸਾਧਾਰਣ ਮਨੁੱਖ ਨਾਲੋਂ ਕੁਝ ਵਧੇਰੇ। ਧਨ, ਸੱਤਾ ਅਤੇ ਸਨਮਾਨ ਪ੍ਰਾਪਤ ਹੋ ਜਾਣ ਉੱਤੇ ਇਹ ਝੱਸ ਬੇ-ਲਗਾਮ ਹੋ ਜਾਂਦਾ ਹੈ ਅਤੇ ਕਲਾ ਵਿਚ ਅਸ਼ਲੀਲਤਾ ਆ ਵੜਦੀ ਹੈ।

ਉੱਪਰ ਮੈਂ ਇਹ ਆਖਿਆ ਹੈ ਕਿ ਹਰ ਮਨੁੱਖ ਵਿਚ ਕਾਮ ਦੀ ਪਰਵਿਰਤੀ ਹੈ ਅਤੇ ਇਸ ਨਾਲ ਸੰਬੰਧਤ ਕਮਜ਼ੋਰੀਆਂ ਉਸ ਵਿਚ ਹਨ ਅਤੇ ਅਸ਼ਲੀਲਤਾ ਪ੍ਰਤੀ ਆਕਰਸ਼ਣ ਉਨ੍ਹਾਂ ਕਮਜ਼ੋਰੀਆਂ ਵਿਚੋਂ ਇਕ ਹੈ। ਪਰ ਆਮ ਆਦਮੀ ਕੋਲ ਨ ਤਾਂ ਲੋੜੋਂ ਬਹੁਤਾ ਧਨ ਹੈ, ਨ ਆਪਣੇ ਵਰਗਿਆਂ ਨਾਲੋਂ ਬਹੁਤੀ ਸੱਤਾ ਹੀ ਉਸ ਕੋਲ ਹੈ ਅਤੇ ਸਨਮਾਨ ਉਸ ਨੂੰ ਓਨਾ ਨਹੀਂ ਮਿਲਦਾ ਜਿੰਨਾ ਉਹ ਹੋਰਾਂ ਨੂੰ ਦਿੰਦਾ ਹੈ। ਉਸ ਵਿਚ ਜੇ ਕੋਈ ਕਮਜ਼ੋਰੀ ਹੈ ਤਾਂ ਉਸ ਦੇ ਅਹਿਸਾਸ ਤੋਂ ਵੀ ਉਹ ਸੱਖਣਾ ਨਹੀਂ। ਆਪਣੀਆਂ ਕਮਜ਼ੋਰੀਆਂ ਨੂੰ, ਜੇ ਆਪਣੇ ਆਪ ਨਹੀਂ ਤਾਂ ਦੱਸਿਆ ਜਾਣ ਉੱਤੇ, ਉਹ ਕਮਜ਼ੋਰੀਆਂ ਕਬੂਲਦਾ ਹੈ। ਉਸਦੇ ਮਨ ਵਿਚ ਸੁਤੇ ਹੀ ਇਹ ਖਿਆਲ ਹੈ ਕਿ ਅਸ਼ਲੀਲਤਾ ਕਿਸੇ ਤਰ੍ਹਾਂ ਵੀ ਸਤਿਕਾਰੀ ਜਾਣ ਵਾਲੀ ਵਸਤੂ ਨਹੀਂ। ਸ਼ਾਇਦ ਇਸੇ ਕਰਕੇ ਹੀ ਸਾਡੇ ਸਾਰੇ ਮਾਈਕਲ ਐਂਜਿਲੋਆਂ ਦਾ ਨਾਮਣਾ ਆਮ ਕਰਕੇ ਅਤੇ ਇਟਲੀ ਵਾਲੇ ਪ੍ਰਸਿੱਧ ਮਾਈਕਲ ਐਂਜਿਲੋ ਦਾ ਖਾਸ

ਕਰਕੇ ਘਟ ਗਿਆ ਸੀ। ਅਜੇਹਾ ਹੋਣ ਉੱਤੇ ਇਨ੍ਹਾਂ ਵੱਡੇ ਭਰਾਵਾਂ ਦੇ ਛੋਟੇ ਵੀਰਾਂ ਦੀ ਵਾਰੀ ਆ ਗਈ। ਇਹ ਉਹ ਹਨ ਜਿਹੜੇ ਵਿੰਗੇ ਟੇਢੇ ਸਿਧਾਂਤਾਂ ਦੀ ਰਚਨਾ ਕਰ ਕੇ ਕਲਾ ਨੂੰ ਸਾਧਾਰਣ ਮਨੁੱਖ ਦੀ ਸਮਝੋਂ ਪਰੇ ਦੀ ਚੀਜ਼ ਬਣਾ ਦਿੰਦੇ ਹਨ। ਮਨੁੱਖਤਾ ਦੇ ਇਕ ਸੀਮਿਤ ਜਿਹੇ ਵਿਲਾਸੀ ਘੇਰੇ ਦੇ ਲੋਕਾਂ ਦੇ ਮਾਨਸਿਕ ਝੁਕਾਵਾਂ ਵਿਚੋਂ ਉਪਜੀ ਅਸ਼ਲੀਲਤਾ ਦੀ ਵਕਾਲਤ ਕਰਨ ਵਾਲੀ ਮਨੁੱਖੀ ਅਕਲ ਅਸ਼ਲੀਲਤਾ ਨੂੰ ਅਮਰ ਕਰਨ ਵਿਚ ਸਫਲ ਹੈ। ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਇਹ ਸਭ ਕੁੱਝ ਲਿਖਣ ਕਰਕੇ ਮੈਂ ਕਿੰਨੇ ਅਕਲੱਈਆਂ ਦੀ ਅਦਾਲਤ ਵਿਚ ਦੋਸ਼ੀ ਠਹਿਰਾਇਆ ਜਾਣ ਦੀ ਤਿਆਰੀ ਕਰ ਰਿਹਾ ਹਾਂ। ਪਰ ਤਾਂ ਵੀ ਮੈਂ ਇਹ ਕਹਿਣ ਦੀ ਆਗਿਆ ਮੰਗਦਾ ਹਾਂ, ਜਾਂ ਖੁੱਲ੍ਹ ਲੈ ਰਿਹਾ ਹਾਂ, ਕਿ ਸਿਧਾਂਤਕਾਰਾਂ ਵਲੋਂ ਮਿਲਿਆ ਹੋਇਆ ਅਕਲੀ ਸਹਾਰਾ ਕਲਾ ਅਤੇ ਅਸ਼ਲੀਲਤਾ ਦੇ ਸੰਬੰਧ ਦਾ ਅੰਤਲਾ ਅਤੇ ਅੱਧਮਤਮ* ਸਾਧਨ ਹੈ। ਸਭ ਤੋਂ ਵੱਧ ਘਟੀਆ ਜਾਂ ਕੋਝਾ ਇਸ ਲਈ ਕਿ ਇਸ ਅਨੁਸਾਰ ਉਸ ਬੌਧਿਕਤਾ ਨੂੰ ਅਸ਼ਲੀਲਤਾ ਦੀ ਸੇਵਾ ਦਾ ਕੰਮ ਸੌਂਪਿਆ ਜਾਂਦਾ ਹੈ ਜਿਸ ਨੇ ਇਸ ਦੀ ਆਲੋਚਨਾ ਕਰ ਕੇ ਕਲਾ ਨੂੰ ਸੂੱਛ ਰੱਖਣ ਦਾ ਧਰਮ ਨਿਭਾਉਣਾ ਹੁੰਦਾ ਹੈ।

ਜੇ ਮਾਂ ਪੁੱਤੇ ਵਿੱਸ ਦੇ ਤਿਸ ਕੌਣ ਪਿਆਰਾ,
ਜੇ ਘਰ ਭੰਨੇ ਪਾਹਰੂ ਕੌਣ ਰੱਖਣਹਾਰਾ।**

(ਭਾਈ ਗੁਰਦਾਸ ਜੀ)

ਮਨੁੱਖੀ ਮਨ ਵਿਚ ਵੱਸਣ ਵਾਲੇ ਬੌਧਿਕਤਾ ਰੂਪੀ ਪਹਿਰੇਦਾਰ ਨੇ ਅਸ਼ਲੀਲਤਾ ਦੇ ਦਰਬਾਰ ਵਿਚ (ਹੌਲੀ ਹੌਲੀ ਉੱਨਤੀ ਕਰਦਿਆਂ ਹੋਇਆਂ) ਹੁਣ ਚੋਖੀ ਸਤਿਕਾਰਯੋਗ ਥਾਂ ਬਣਾ ਲਈ ਹੈ। ਅਸ਼ਲੀਲਤਾ ਦੀ ਬੌਧਕ-ਵਕਾਲਤ ਨਿੱਕੀਆਂ ਨਿੱਕੀਆਂ ਦਲੀਲਾਂ ਤੋਂ ਆਰੰਭ ਹੋਈ ਸੀ। ਪਹਿਲਾਂ ਕਦਮ ਬਹੁਤ ਹੀ ਕੱਚਾ ਸੀ। ਇਹ ਦਲੀਲ ਹਾਸੋ ਹੀਣੀ ਹੈ ਕਿ 'ਹਰ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਅਤੇ ਆਪਣਾ ਮਨ ਪਰਗਟ ਕਰਨ ਦਾ ਹੱਕ ਹੈ; ਤੁਸੀਂ ਜਿਸ ਨੂੰ ਅਸ਼ਲੀਲ ਸਮਝੋ ਉਸ ਤੋਂ ਪਰੇ ਰਹੋ।' ਪਰੇ ਰਹਿ ਕੇ ਕੋਈ ਇਹ ਪਤਾ ਨਹੀਂ ਕਰ ਸਕਦਾ ਕਿ ਕੋਈ ਕਲਾ ਕ੍ਰਿਤੀ ਅਸ਼ਲੀਲ ਹੈ ਜਾਂ ਨਹੀਂ। ਇਹ ਵਿਚਾਰ ਲੇਖ ਦੇ ਆਰੰਭ ਵਿਚ ਪਰਗਟ ਕੀਤੇ ਜਾ ਚੁਕੇ ਹਨ। ਇਸ ਤੋਂ ਅਗਲਾ ਕਦਮ ਇਹ ਪੁੱਟਿਆ ਗਿਆ ਹੈ ਕਿ "ਅਸ਼ਲੀਲਤਾ ਅਤੇ ਸਵੱਛਤਾ ਅੰਤਰਮੁਖੀ ਮਾਨਤਾਵਾਂ ਹਨ। ਹਰ ਕਿਸੇ ਨੇ ਆਪੋ ਆਪਣੀ ਮਾਨਸਿਕਤਾ ਅਨੁਸਾਰ ਕਿਸੇ ਕਲਾ-ਕ੍ਰਿਤੀ ਨੂੰ ਵੇਖਣਾ ਅਤੇ ਵਾਚਣਾ ਹੈ। ਪਾਲੀ ਮੁੰਡੇ ਦੇ ਗੰਦੇ ਗੀਤ ਸੁਣਨ ਵਾਲਾ ਕੋਈ ਸੂਫੀ ਫਕੀਰ ਧਾਈਂ ਰੋਣ ਲੱਗ ਪਿਆ ਸੀ। ਪੁੱਛਿਆ ਜਾਣ ਉੱਤੇ ਕਹਿਣ ਲੱਗਾ ਕਿ ਇਸ ਮੁੰਡੇ ਦੇ ਗੀਤ ਵਿਚੋਂ ਮੈਨੂੰ ਮਨੁੱਖ ਦੀ ਉਸ ਸਮੇਂ ਦੀ ਹਾਲਤ ਦਾ

---

*ਸਭ ਤੋਂ ਜ਼ਿਆਦਾ ਘਟੀਆ।

**ਜੇ ਮਾਂ ਪੁੱਤਰ ਨੂੰ ਜ਼ਹਿਰ ਦੇਵੇ ਤਾਂ ਰਖਵਾਲੀ ਕੌਣ ਕਰੇ? ਜਿਥੇ ਪਹਿਰੇਦਾਰ ਹੀ ਚੋਰ ਹੈ ਉਥੇ ਦੀ ਖੈਰ ਨਹੀਂ।

ਅਨੁਭਵ ਹੋਇਆ ਹੈ ਜਦੋਂ ਹਸ਼ਰ ਦੇ ਦਿਨ, ਰੱਬ ਦੇ ਦਰਬਾਰ ਵਿਚ, ਉਸ ਦੀਆਂ ਕਾਲੀਆਂ ਕਰਤੂਤਾਂ ਦਾ ਅਮਾਲ-ਨਾਮਾ ਉਸ ਦੇ ਸਾਹਮਣੇ ਕੀਤਾ ਜਾਣਾ ਹੈ।" ਇਹ ਦਲੀਲ ਢਾਕ ਦੇ ਦਾਅ ਵਰਗੀ ਹੈ। ਇਸ ਦਾਅ ਅਨੁਸਾਰ ਦੋਵੇਂ ਪਹਿਲਵਾਨ, (ਕੁਸ਼ਤੀ ਸਮੇਂ) ਇਕ ਦੂਜੇ ਦੇ ਦਾਅ ਥੱਲੇ ਹੁੰਦੇ ਹਨ। ਜਿਸ ਦਾ ਪੈਰ ਜ਼ਰਾ ਥਿੜਕ ਗਿਆ ਉਹੋ ਢਹਿ ਗਿਆ। ਇਥੇ ਕਲਾਕਾਰ ਪਹਿਲਾਂ ਹੀ ਥਿੜਕਿਆ ਹੋਇਆ ਹੈ। ਜੇ ਕਿਸੇ ਸਮਾਜਿਕ* ਨੇ ਕਿਸੇ ਕਲਾ-ਕ੍ਰਿਤੀ ਦੇ ਅਰਥ ਆਪਣੀ ਮਾਨਸਿਕਤਾ ਅਨੁਸਾਰ ਹੀ ਕਰਨੇ ਹਨ ਤਾਂ ਕਲਾਕਾਰ ਅਸ਼ਲੀਲ ਹੋ ਕੇ ਮੁਕਾਲਖ ਕਿਉਂ ਮੁੱਲ ਲਵੇ। ਉਹ ਸਵੱਛ ਬਣਿਆ ਰਹੇ ਅਤੇ ਆਪਣੇ ਸਮਾਜਿਕ ਦੀ ਮਾਨਸਿਕਤਾ ਉੱਤੇ ਭਰੋਸਾ ਕਰੇ। ਮਿਰਜ਼ਾ ਗ਼ਾਲਿਬ ਦਾ ਇਕ ਸ਼ਿਅਰ ਹੈ, 'ਕਹਾਂ ਕਾ ਇਸ਼ਕ ਔਰ ਵਜ਼ਾ ਕੈਸੀ ਜਬ ਸਰ ਹੀ ਫੋੜਨਾ ਠਹਿਰਾ, ਤੂ ਹੀ ਬਤਾ ਐ ਸੰਗਦਿਲ ਤੇਰਾ ਹੀ ਸੰਗੇ ਆਸਤਾਂ ਕਿਉਂ ਹੋ?' ਇਸ ਸ਼ਿਅਰ ਦੇ ਏਨੇ ਗੰਦੇ ਅਰਥ ਵੀ ਕੀਤੇ ਜਾਂਦੇ ਹਨ ਕਿ ਕੋਈ ਸ਼ਰੀਫ ਆਦਮੀ ਉਨ੍ਹਾਂ ਨੂੰ 'ਕਾਗਜ਼ ਉੱਤੇ ਕਾਲਖ' ਦਾ ਰੂਪ ਦੇਣ ਦਾ ਹੀਆ ਨਹੀਂ ਕਰ ਸਕਦਾ। ਘੱਟੋ ਘੱਟ ਮਿਰਜ਼ਾ ਸਾਹਿਬ ਤਾਂ ਬਰੀ ਹਨ। ਉਨ੍ਹਾਂ ਨੇ ਆਪਣੇ ਵਲੋਂ ਉਚੇਚਾ ਜਤਨ ਕਰ ਕੇ ਤਾਂ ਗੰਦਗੀ ਨਹੀਂ ਉਛਾਲੀ। ਜੇ ਪਾਠਕ ਆਪ ਕਿਸੇ ਗੰਦਗੀ ਵਿਚ ਲੇਟਣਾ ਲੋਚਦਾ ਹੈ ਤਾਂ ਉਸ ਦੀ ਮਰਜ਼ੀ। ਆਤਮ ਹੱਤਿਆ ਲਈ ਲੋਕ ਪੈਸੇ ਖਰਚ ਕੇ ਰੱਸੇ ਖ੍ਰੀਦ ਸਕਦੇ ਹਨ; ਪਰ ਰੱਸੇ ਵੱਟਣ ਜਾਂ ਵੇਚਣ ਵਾਲਾ ਤਾਂ ਕਤਲ ਦਾ ਦੋਸ਼ੀ ਨਹੀਂ ਠਹਿਰਾਇਆ ਜਾਵੇਗਾ।

ਪਰ ਜਿਹੜਾ ਇਹ ਕਹਿੰਦਾ ਹੈ ਕਿ 'ਮੈਂ ਆਤਮ ਹੱਤਿਆ ਕਰਨ ਵਾਲੇ ਦੇ ਕਹਿਣ ਉੱਤੇ, ਉਸ ਦੀ ਆਪਣੀ ਸੁਤੰਤ੍ਰ ਇੱਛਾ ਦੀ ਪੂਰਤੀ ਲਈ, ਰੱਸਾ ਵੱਟ ਕੇ ਦਿੱਤਾ ਸੀ', ਉਹ ਆਪਣੇ ਲਈ ਭਿਆਨਕ ਪਰਿਸਥਿਤੀ ਪੈਦਾ ਕਰ ਰਿਹਾ ਹੈ। ਉਸ ਨੂੰ ਹੋ ਚੁੱਕੀ ਹੱਤਿਆ ਦਾ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਜੇ ਉਹ ਸਜ਼ਾ ਤੋਂ ਬਚ ਵੀ ਜਾਵੇ ਤਾਂ ਵੀ ਕਲੰਕ ਤੋਂ ਬਚਿਆ ਨਹੀਂ ਰਹੇਗਾ।

ਅਤੇ ਇਹ ਕੁੱਝ ਉਹ ਕਲਾਕਾਰ ਕਰਦੇ ਹਨ ਜਿਹੜੇ ਇਹ ਮੰਨਦੇ ਅਤੇ ਕਹਿੰਦੇ ਹਨ ਕਿ 'ਸਮਾਜਿਕ ਦੀ ਮਾਨਸਿਕਤਾ ਨੂੰ ਧਿਆਨ ਵਿਚ ਰੱਖਦੇ ਹੋਏ, ਉਸ ਦੇ ਸੌਂਦਰਯ-ਸੰਕਲਪ ਨੂੰ ਜਾਣਦੇ ਹੋਏ, ਉਸ ਲਈ ਲੋੜੀਂਦਾ ਆਨੰਦ-ਸ੍ਰੋਤ ਸਿਰਜਣ ਲਈ ਅਸੀਂ ਉਸ ਦੀ ਪੱਧਰ ਉੱਤੇ ਉੱਤਰ ਕੇ ਕਲਾ ਦਾ ਉਤਪਾਦਨ ਕਰਦੇ ਹਾਂ। ਅਸੀਂ ਆਪਣੇ ਪਾਠਕ, ਦਰਸ਼ਕ, ਸ੍ਰੋਤਾ ਜਾਂ ਸਮਾਜਿਕ ਨੂੰ ਅੱਖੋਂ ਉਹਲੇ ਕਰ ਕੇ ਉਸ ਨਾਲ ਅਨਿਆਂ ਨਹੀਂ ਕਰ ਸਕਦੇ।'

ਆਤਮ ਹੱਤਿਆ ਲਈ ਜ਼ਹਿਰ ਜਾਂ ਰੱਸੇ ਖ੍ਰੀਦਣ ਵਾਲੇ, ਉੱਚੀਆਂ ਥਾਵਾਂ ਜਾਂ ਡੂੰਘੇ ਪਾਣੀਆਂ ਦੀ ਭਾਲ ਕਰਨ ਵਾਲੇ ਤਾਂ ਵੇਖੇ, ਸੁਣੇ ਅਤੇ ਕਿਆਸੇ ਜਾ ਸਕਦੇ ਹਨ ਪਰ

---

*ਕਲਾ-ਕ੍ਰਿਤੀ ਦੇ ਮਾਣਨਹਾਰ ਨੂੰ ਸਮਾਜਿਕ ਆਖਿਆ ਜਾਂਦਾ ਹੈ। ਜਿਵੇਂ ਸਾਹਿਤ ਇਕ ਕਲਾ ਹੈ, ਮਾਣਨਹਾਰ ਪਾਠਕ ਹੈ। ਨਾਟਕ ਦਾ ਮਾਣਨਹਾਰ ਦਰਸ਼ਕ ਹੈ। ਸਾਰਿਆਂ ਲਈ ਸਾਂਝਾ ਨਾਂ ਸਮਾਜਿਕ ਹੈ।

ਇਹ ਕਿਆਸ ਜ਼ਰਾ ਔਖਾ ਹੈ ਕਿ ਕਿਸੇ ਕਲਾਕਾਰ ਨੂੰ ਅਸ਼ਲੀਲਤਾ ਉਪਜਾਉਣ ਦੀ ਦਰਖਾਸਤ ਕਿਸੇ ਸਾਧਾਰਣ ਸਮਾਜਿਕ ਵਲੋਂ ਕੀਤੀ ਜਾਵੇ ਜਾਂ ਕੀਤੀ ਗਈ ਹੋਵੇ। ਇਸ ਦੇ ਉਲਟ ਹਰ ਅਸ਼ਲੀਲ ਕਲਾ-ਕ੍ਰਿਤੀ, ਕਲਾ ਦੇ ਕਰਤਾਰ ਵਲੋਂ ਸਮਾਜਿਕਾਂ ਨੂੰ ਦਿੱਤਾ ਹੋਇਆ ਅਸ਼ਲੀਲਤਾ ਦਾ ਨਿਉਤਾ ਹੈ। ਇਸ ਨਿਉਤੇ ਲਈ ਛਾਪੇ ਗਏ ਸੱਦਾ-ਪੱਤਰ ਦੇ ਬਾਹਰਵਾਰ ਯਥਾਰਥਵਾਦ ਦੀ ਸਜਾਵਟ ਹੈ। ਯਥਾਰਥਵਾਦ ਆਪਣੇ ਆਪ ਵਿਚ ਇਕ ਵੱਖਰਾ ਵਿਸ਼ਾ ਹੈ। ਇਥੇ, ਮੈਂ, ਇਸਦਾ ਵਰਣਨ ਕੇਵਲ ਅਸ਼ਲੀਲਤਾ ਦੇ ਸੰਬੰਧ ਵਿਚ ਕਰਾਂਗਾ।

ਉਂਜ ਤਾਂ ਮਿਥਿਹਾਸ ਵੀ ਯਥਾਰਥ ਵਿਹੂਣਾ ਨਹੀਂ ਪਰ ਉੱਨੀਵੀਂ ਸਦੀ ਦੇ ਆਰੰਭ ਵਿਚ ਪੱਛਮੀ ਸਾਹਿਤ ਵਿਚ ਨਾਵਲ ਦੇ ਵਿਕਾਸ ਨਾਲ ਇਸ ਦਾ ਉਚੇਚਾ ਸੰਬੰਧ ਹੋ ਗਿਆ ਸੀ। ਵਿਕਟੋਰੀਆ ਦੇ ਸਮੇਂ ਲੰਮੇ ਨਾਵਲ ਲਿਖੇ ਜਾਣ ਲਗ ਪਏ ਸਨ। ਤਿੰਨ ਜਾਂ ਚਾਰ ਜਿਲਦਾਂ ਵਿਚ ਲਿਖੇ ਗਏ ਨਾਵਲ ਆਮ ਹਨ; ਪਰ ਕੁੱਝ ਇਕ ਤਾਂ ਦਸ ਜਾਂ ਗਿਆਰਾਂ ਜਿਲਦਾਂ ਵਿਚ ਵੀ ਹਨ। ਇਨ੍ਹਾਂ ਦੇ ਆਕਾਰ ਦੇ ਵਾਧੇ ਦਾ ਕਾਰਣ ਇਹ ਸੀ ਕਿ ਇਹ ਵਿਹਲੀ ਅਮੀਰ ਸ਼੍ਰੇਣੀ ਲਈ ਕਿਸ਼ਤਾਂ ਵਿਚ ਲਿਖੇ ਜਾਂਦੇ ਸਨ ਅਤੇ ਜਿੰਨੀਆਂ ਬਹੁਤੀਆਂ ਕਿਸ਼ਤਾਂ ਓਨੇ ਬਹੁਤੇ ਪੈਸੇ ਲੇਖਕ ਨੂੰ ਮਿਲਦੇ ਸਨ। ਚਾਰਲਜ਼ ਡਿਕਿਨਜ਼ ਦੇ ਨਾਵਲ ਵੀ ਕਿਸ਼ਤਾਂ ਵਿਚ ਛਪਦੇ ਰਹੇ ਹਨ। ਇਨ੍ਹਾਂ ਦੇ ਆਕਾਰ ਦੇ ਵਾਧੇ ਦਾ ਵਸੀਲਾ ਇਹ ਸੀ ਕਿ ਜੀਵਨ ਦੇ ਹਰ ਪਹਿਲੂ ਨੂੰ ਇਸ ਦਾ ਵਿਸ਼ਾ ਬਣਾਇਆ ਜਾਂਦਾ ਸੀ; ਕੁਝ ਵੀ ਛੱਡਿਆ ਨਹੀਂ ਸੀ ਜਾਂਦਾ। ਇਸ ਰੁਚੀ ਨੂੰ ਯਥਾਰਥਵਾਦ ਦੀ ਜਨਨੀ ਆਖਿਆ ਜਾ ਸਕਦਾ ਹੈ। ਵਿਕਟੋਰੀਅਨ ਨਾਵਲ ਵਿਚ ਇਹ ਰੁਚੀ ਅਸ਼ਲੀਲਤਾ ਦਾ ਆਧਾਰ ਨਹੀਂ ਬਣੀ। ਕਾਰਨ ਇਹ ਸੀ ਕਿ ਉਸ ਸਮੇਂ ਨਾਵਲ ਸਾਰੇ ਪਰਵਾਰ ਵਿਚ ਬੈਠ ਕੇ ਪੜ੍ਹਿਆ ਜਾਂਦਾ ਸੀ। ਇਕ ਜੀਅ ਪੜ੍ਹਦਾ ਸੀ; ਬਾਕੀ ਸੁਣਦੇ ਸਨ; ਅਤੇ ਸਮਾਜਕ ਵਾਤਾਵਰਣ ਵਿਚ ਰਿਸ਼ਤਿਆਂ ਦਾ ਸਤਿਕਾਰ ਅਜੇ ਕਾਇਮ ਸੀ। ਅੱਜ ਕੱਲ ਵੀ ਕਦੇ ਕਦੋ ਸਾਰਾ ਪਰਵਾਰ ਟੈਲੀਵੀਯਨ ਉੱਤੇ ਪ੍ਰੋਗਰਾਮ ਵੇਖਦਾ ਹੈ, ਜਿਸ ਵਿਚ 'ਜਿਨਸੀ ਸੰਜੋਗ ਦੇ ਸੰਬੰਧ ਵਿਚ ਨਿਰਲੱਜਤਾ' ਜਾਂ ਅਸ਼ਲੀਲਤਾ ਦਾ ਵਿਖਾਲਾ ਹੁੰਦਾ ਹੈ। ਇਹ ਇਸ ਲਈ ਕਿ ਪੱਛਮੀ ਸਮਾਜੀ ਵਿਕਾਸ ਨੇ ਰਿਸ਼ਤਿਆਂ ਦਾ ਸਤਿਕਾਰ ਖਤਮ ਕਰ ਦਿੱਤਾ ਹੈ; ਅਤੇ ਦੂਜੀ ਗੱਲ ਇਹ ਕਿ ਨਾਵਲ ਕਿਸੇ ਇਕ ਵਿਅਕਤੀ ਦੁਆਰਾ ਪੜ੍ਹ ਕੇ ਸੁਣਾਇਆ ਜਾਂਦਾ ਸੀ। ਘਰ ਦਾ ਕੋਈ ਜੀਅ ਏਨਾ ਨਿਰਲੱਜ ਨਹੀਂ ਸੀ ਹੋ ਸਕਦਾ ਕਿ ਉਹ ਨਿਰਲੱਜਤਾ ਦੀ ਵਿਆਖਿਆ ਆਪਣੇ ਮੂੰਹੋਂ ਕਰ ਕੇ ਹੋਰਾਂ ਨੂੰ ਸੁਣਾਵੇ। ਹੁਣ ਜਦੋਂ ਟੈਲੀਵੀਯਨ ਉੱਤੇ ਸਾਰਾ ਪਰਵਾਰ ਅਸ਼ਲੀਲਤਾ ਵੇਖ ਰਿਹਾ ਹੁੰਦਾ ਹੈ ਉਦੋਂ ਹਰ ਕੋਈ ਆਪਣੀਆਂ ਅੱਖਾਂ ਨਾਲ, ਆਪਣੇ ਲਈ ਵੇਖ ਰਿਹਾ ਹੋਣ ਕਰਕੇ ਇਹ 'ਵੇਖਿਆ ਜਾਣਾ' ਇਕ ਨਿੱਜੀ ਮੁਆਮਲਾ ਬਣ ਜਾਂਦਾ ਹੈ।

ਪ੍ਰਾਈਵੇਸੀ ਜਾਂ ਉਹਲਾ ਅਸ਼ਲੀਲਤਾ ਦਾ ਸਹਿਯੋਗੀ ਹੈ। ਇਸੇ ਲਈ ਅਸ਼ਲੀਲਤਾ ਪਹਿਲਾਂ ਪਹਿਲ ਉਨ੍ਹਾਂ ਕਲਾ-ਕ੍ਰਿਤੀਆਂ ਵਿਚ ਪਰਵੇਸ਼ ਕਰਦੀ ਹੈ ਜਿਨ੍ਹਾਂ ਨੂੰ ਪ੍ਰਾਈਵੇਟ ਹੋਣ ਦਾ ਅਵਸਰ ਪ੍ਰਾਪਤ ਹੁੰਦਾ ਹੈ। ਜਿਹੜੀ ਕਲਾ ਅੱਖਾਂ ਦਾ ਵਿਸ਼ਾ ਹੈ ਉਹ ਕੰਨਾਂ ਨਾਲ ਸੰਬੰਧਤ ਕਲਾ ਨਾਲੋਂ ਵਧੇਰੇ ਪ੍ਰਾਈਵੇਟ ਹੈ। (ਛੁਹ ਸਾਡੀ ਅੱਤ ਨਿਜੀ ਜਾਂ ਪ੍ਰਾਈਵੇਟ

ਗਿਆਨ ਇੰਦਰੀ ਹੈ ਅਤੇ ਕੰਨ ਅੱਤ ਸਮਾਜਕ)। ਮੂਰਤੀਘਾੜਾ ਅਤੇ ਚਿੱਤ੍ਰਕਾਰ 'ਪ੍ਰਾਈਵੇਟ' ਕਲਾ ਉਪਜਾਉਂਦੇ ਹੋਣ ਕਰਕੇ ਅਸ਼ਲੀਲਤਾ ਦੇ ਪਹਿਲੇ ਪਰਸਾਰਕ ਹੁੰਦੇ ਹਨ। ਮੂਰਤੀਆਂ ਅਤੇ ਮੂਰਤਾਂ ਵਿਆਖਿਆ ਦੀਆਂ ਮੁਥਾਜ ਹੁੰਦੀਆਂ ਹਨ ਅਤੇ ਵਿਆਖਿਆ ਵਿਚੋਂ ਸਿਧਾਂਤ ਉਪਜਦੇ ਹਨ। ਯਥਾਰਥਵਾਦ ਇਕ ਸਿਧਾਂਤ ਹੈ ਜਿਸ ਅਨੁਸਾਰ ਜੀਵਨ ਦੀ ਹੂ-ਬਹੂ-ਤਾ ਨੂੰ ਕਲਾ ਦਾ ਵਿਸ਼ਾ ਬਣਾਇਆ ਜਾਣਾ ਉੱਚਿਤ ਦੱਸਿਆ ਜਾਂਦਾ ਹੈ ਅਤੇ ਜੀਵਨ ਵਿਚ ਜਿਨਸੀ ਸੰਜੋਗ ਵੀ ਇਕ ਵਾਸਤਵਿਕਤਾ ਹੈ ਜਿਸ ਦਾ ਹੂ-ਬਹੂ ਚਿਤ੍ਰਣ ਯਥਾਰਥਵਾਦ ਦੇ ਸਿਧਾਂਤ ਦੇ ਐਨ ਅਨੁਕੂਲ ਹੈ।

ਪਤਾ ਨਹੀਂ ਜੀਵਨ ਨੇ ਕਿਸੇ ਸਿਧਾਂਤ ਕੋਲੋਂ ਕੀ ਲੈਣਾ ਹੈ ਜਾਂ ਕਿਸੇ ਕਲਾਕਾਰ ਦਾ ਕਿਹੜਾ ਕਰਜ਼ਾ ਦੇਣਾ ਹੈ ਕਿ ਉਹ ਇਨ੍ਹਾਂ ਦੀ ਏਨੀ ਆਓ ਭਗਤ ਕਰੇ। ਕਲਾ, ਕਲਾਕਾਰ ਅਤੇ ਸਿਧਾਂਤ ਸਭ ਜੀਵਨ ਲਈ ਹਨ; ਜੀਵਨ ਇਨ੍ਹਾਂ ਦੀ ਵਕਾਲਤ ਲਈ ਨਹੀਂ ਹੈ। ਅਸ਼ਲੀਲ ਕਲਾ-ਕ੍ਰਿਤੀ ਦਾ ਕਰਤਾਰ ਕਹਿੰਦਾ ਹੈ, "ਕਲਾ ਜੀਵਨ ਦਾ ਪ੍ਰਤੀਬਿੰਬ ਹੈ; ਕਲਾਕਾਰ ਇਕ ਫੋਟੋਗ੍ਰਾਫਰ ਹੈ।" ਇਹ ਅਤੇ ਇਸ ਪ੍ਰਕਾਰ ਦੀਆਂ ਹੋਰ ਕਈ ਪਰਿ-ਭਾਸ਼ਾਵਾਂ ਪਰਮ-ਸਤਿ ਬਣਾ ਕੇ ਦਸੀਆਂ ਅਤੇ ਦੁਹਰਾਈਆਂ ਜਾਂਦੀਆਂ ਹਨ। ਇਸ ਦੁਹਰਾਉ ਵਿਚੋਂ ਯਥਾਰਥਵਾਦ ਦੀਆਂ ਕਈ ਕਿਸਮਾਂ ਅਤੇ ਯਥਾਰਥਵਾਦੀ ਕਲਾਕਾਰਾਂ ਦੀਆਂ ਕਈ ਨਸਲਾਂ ਉਤਪੰਨ ਹੋ ਗਈਆਂ ਹਨ। ਇਨ੍ਹਾਂ ਦਾ ਵਿਸਥਾਰ ਇਥੇ ਬੇ-ਲੋੜਾ ਹੋਵੇਗਾ। ਥੋੜ੍ਹੇ ਚਿਰ ਲਈ ਅਸੀਂ ਆਪਣੀ ਵਿਚਾਰ ਗੋਚਰੇ ਯਥਾਰਥਵਾਦ ਨੂੰ ਅਸ਼ਲੀਲ ਯਥਾਰਥਵਾਦ ਆਖ ਲੈਂਦੇ ਹਾਂ ਅਤੇ ਇਸ ਸਿਧਾਂਤ ਅਨੁਸਾਰ ਕਲਾ ਦੀ ਉਤਪੱਤੀ ਕਰਨ ਵਾਲੇ ਕਲਾਕਾਰ ਨੂੰ ਅਸ਼ਲੀਲ ਯਥਾਰਥਵਾਦੀ ਕਲਾਕਾਰ ਦੀ ਉਪਾਧੀ ਨਾਲ ਵਿਭੂਸ਼ਤ ਕਰ ਲੈਂਦੇ ਹਾਂ। ਇਹ ਉਹ ਸਤਿਕਾਰਯੋਗ ਕਲਾਕਾਰ ਰੂਪੀ ਫੋਟੋਗ੍ਰਾਫਰ ਹੈ ਜਿਸ ਨੇ ਆਪਣਾ ਕੈਮਰਾ ਭਲੇ ਲੋਕਾਂ ਦੇ ਗੁਸਲਖਾਨਿਆਂ, ਪਾ-ਖਾਨਿਆਂ ਅਤੇ ਸੌਣ-ਕਮਰਿਆਂ ਵਿਚ ਲੁਕਾ ਰੱਖਿਆ ਹੈ।

ਯਥਾਰਥਵਾਦ ਦੇ ਉਹਲੇ ਵਿਚ ਨਿਰੀ ਅਸ਼ਲੀਲਤਾ ਹੀ ਕਲਾ ਵਿਚ ਪ੍ਰਵੇਸ਼ ਨਹੀਂ ਕਰਦੀ, ਹੋਰ ਵੀ ਕਈ ਘਾਟੇ ਕਲਾ ਨੂੰ ਪੈਂਦੇ ਹਨ। ਨਿਰੋਲ ਜਾਂ ਅੱਤ ਦਾ ਯਥਾਰਥਵਾਦ ਕਲਾ ਨੂੰ ਕਰਤਾਰੀ ਜਾਂ ਕ੍ਰੀਏਟਿਵ ਨਹੀਂ ਰਹਿਣ ਦਿੰਦਾ, ਕਲਾ ਨੂੰ ਸਰਵ-ਕਾਲੀ ਜਾਂ ਅਮਰ ਕਲਾ ਨਹੀਂ ਬਣਨ ਦਿੰਦਾ ਸਗੋਂ ਸਾਮਿਅਕ ਬਣਾ ਦਿੰਦਾ ਹੈ; ਅਤੇ ਕਲਾ ਦੇ ਆਨੰਦ ਨੂੰ ਸਾਰਵਜਨਿਕ ਅਤੇ ਸਾਰਵ ਭੌਮਿਕ ਨਹੀਂ ਰਹਿਣ ਦਿੰਦਾ। ਮੈਂ ਇਸ ਨੂੰ ਅੱਤ ਕਥਨੀ ਨਹੀਂ ਮੰਨਦਾ ਕਿ ਯਥਾਰਥ ਸ੍ਰੇਸ਼ਟ ਕਲਾ ਦਾ ਵਿਸ਼ਾ ਹੀ ਨਹੀਂ ਠੀਕ ਉਵੇਂ ਹੀ ਜਿਵੇਂ :—

ਚਾਰ ਔਰ ਚਾਰ ਆਠ ਹੋਤੇ ਹੈਂ,
ਤੀਸ ਔਰ ਤੀਸ ਸਾਠ ਹੋਤੇ ਹੈਂ,

ਕਵਿਤਾ ਨਹੀਂ। ਪਰ ਇਸ ਦਾ ਵਿਸਥਾਰ ਕਿਸੇ ਦੂਜੇ ਲੇਖ ਵਿਚ ਕਰਾਂਗਾ।

—੪—

# ਰੋਗ ਦਾ ਇਲਾਜ

ਅਸ਼ਲੀਲਤਾ ਦੇ ਕਾਰਨ ਕਲਾ ਅਤੇ ਸਮਾਜਿਕ ਨੂੰ ਕੀ ਹਾਨੀ ਹੁੰਦੀ ਹੈ, ਇਸ ਦਾ ਕੁਝ ਵਿਸਥਾਰ ਲੇਖ ਦੇ ਪਿਛਲੇ ਭਾਗਾਂ ਵਿਚ ਹੋ ਚੁਕਾ ਹੈ; ਤਾਂ ਵੀ ਆਪਣੇ ਪਾਠਕ ਦੀ ਆਗਿਆ ਨਾਲ ਮੈਂ, ਸੰਖੇਪ ਰੂਪ ਵਿਚ ਕੁਝ ਹੋਰ ਵੀ ਕਹਿਣਾ ਚਾਹਵਾਂਗਾ। ਇਕ ਵੇਰ ਪੰਜਾਬੀ ਦੇ ਇਕ ਪੁਰਾਣੇ ਅਤੇ ਪ੍ਰਸਿੱਧ ਲੇਖਕ ਨਾਲ "ਕਲਾ ਵਿਚ ਅਸ਼ਲੀਲਤਾ" ਦੇ ਵਿਸ਼ੇ ਉੱਤੇ ਕੁਝ ਵਿਚਾਰ ਕਰਨ ਦਾ ਮੌਕਾ ਮੈਨੂੰ ਮਿਲਿਆ ਸੀ। ਉਹ ਅਸ਼ਲੀਲਤਾ ਨੂੰ, ਕਿਸੇ ਤਰ੍ਹਾਂ ਵੀ ਸਤਿਕਾਰ ਯੋਗ ਨਹੀਂ ਸਨ ਮੰਨਦੇ ਪਰ ਤਾਂ ਵੀ ਇਸ ਦੁਆਰਾ ਕਿਸੇ ਚੰਗਿਆਈ ਦੀ ਸੰਭਾਵਨਾ ਤੋਂ ਇਨਕਾਰੀ ਉਹ ਨਹੀਂ ਸਨ। ਉਨ੍ਹਾਂ ਨੇ ਅਸ਼ਲੀਲਤਾ ਦੇ ਤਿੰਨ ਲਾਭ ਦੱਸੇ ਸਨ। ਇਕ ਇਹ ਕਿ ਇਸ ਦੁਆਰਾ ਸਮਾਜਿਕ ਨੂੰ ਸੂਚਿਤ ਕੀਤਾ ਜਾ ਸਕਦਾ ਹੈ ਕਿ ਜੀਵਨ ਵਿਚ ਬੁਰਾਈ ਅਤੇ ਕੋਝ ਮੌਜੂਦ ਹੈ; ਦੂਜੇ ਇਹ ਕਿ ਇਸ ਦੁਆਰਾ ਅਸ਼ਲੀਲਤਾ ਨਾਲ ਘਿਰਣਾ ਉਪਜਾਈ ਜਾ ਸਕਦੀ ਹੈ ਅਤੇ ਤੀਜੇ ਇਹ ਕਿ ਅਸ਼ਲੀਲਤਾ ਦੇ ਟਾਕਰੇ ਵਿਚ ਰੱਖੀ ਹੋਈ ਸੂਛਤਾ ਜਾਂ ਬੁਰਾਈ ਦੇ ਟਾਕਰੇ ਵਿਚ ਰੱਖੀ ਹੋਈ ਨੇਕੀ ਵਧੇਰੇ ਸਪਸ਼ਟ ਅਤੇ ਸ੍ਰੇਸ਼ਟ ਰੂਪ ਧਾਰ ਸਕਦੀ ਹੈ। ਮੈਂ ਸਮਝਦਾ ਹਾਂ ਕਿ ਜ਼ਹਿਰ ਦੀ ਭਿਆਨਕਤਾ ਦੱਸਣ ਲਈ ਕਿਸੇ ਨੂੰ ਜ਼ਹਿਰ ਖੁਆਇਆ ਜਾਣਾ, ਬੁਰਾਈ ਨਾਲ ਘਿਰਣਾ ਉਪਜਾਉਣ ਲਈ ਮਨੁੱਖੀ ਮਨ ਨੂੰ ਘਿਰਣਾ ਵਰਗੇ ਨੀਚ ਭਾਵ ਦਾ ਧਾਰਨੀ ਬਣਾਇਆ ਜਾਣਾ ਅਤੇ ਫੁੱਲਾਂ ਦਾ ਮਹੱਤਵ ਵਧਾਉਣ ਲਈ ਆਪਣੇ ਸ਼ਹਿਰ ਦੀਆਂ ਪਾਰਕਾਂ ਦਾ ਗੰਦੇ ਨਾਲਿਆਂ ਦੇ ਕੰਢਿਆਂ ਉੱਤੇ ਬਣਾਇਆ ਜਾਣਾ ਜਾਂ ਆਪਣੀਆਂ ਪਾਰਕਾਂ ਦੇ ਚਾਰ ਚੁਫੇਰੇ ਉਚੇਚੇ ਜਤਨ ਨਾਲ ਗੰਦੇ ਨਾਲਿਆਂ ਦੀ ਵਿਉਂਤ ਬਣਾਉਣੀ ਨਾ ਤਾਂ ਸਿਆਣੀ ਗੱਲ ਹੈ ਨਾ ਸੁਹਣੀ। ਮਨੁੱਖ ਨੂੰ ਬੁਰਾਈ ਨਾਲ ਘਿਰਣਾ ਕਰਨ ਦੀ ਲੋੜ ਨਹੀਂ ਸਗੋਂ ਚੰਗਿਆਈ ਨਾਲ ਪਿਆਰ ਪਿਆਰ ਪਾਉਣ ਦੀ ਲੋੜ ਹੈ। ਇਉਂ ਹੋ ਜਾਣ ਉੱਤੇ ਉਹ ਬੁਰਾਈ ਤੋਂ ਦੂਰ ਰਹੇਗਾ। ਘਿਰਣਾ ਇਕ ਸੰਬੰਧ ਹੈ ਅਤੇ ਕਈ ਹਾਲਤਾਂ ਵਿਚ ਬਹੁਤ ਗੂਹੜਾ ਅਤੇ ਪੱਕਾ ਵੀ।

ਨੇਕੀ ਅਤੇ ਬਦੀ ਦੀ ਦਾਰਸ਼ਨਿਕ ਵਿਆਖਿਆ ਅਤੇ ਮਨੋਵਿਗਿਆਨਿਕ ਅਭਿ-ਵਿਅੰਜਨਾ ਵੱਖ ਵੱਖ ਪ੍ਰਕਾਰ ਦੀ ਹੈ। ਦਾਰਸ਼ਨਿਕ ਦੁਨੀਆਂ ਵਿਚ ਬੁਰਾਈ ਅਤੇ ਚੰਗਿਆਈ ਨਿਰਬਾਧ ਜਾਂ ਸੰਬੰਧ-ਮੁਕਤ ਮਾਨਤਾਵਾਂ ਨਹੀਂ ਮੰਨੀਆਂ ਜਾਣਗੀਆਂ। ਇਨ੍ਹਾਂ ਨੂੰ ਸੰਬੰਧ-ਮੂਲਕ ਜਾਂ ਰੈਲੇਟਿਵ (Relative) ਆਖਿਆ ਜਾਵੇਗਾ। ਪਰੰਤੂ ਆਪਣੇ ਦੈਨਿਕ ਵਿਵਹਾਰ ਵਿਚ ਵੱਡੇ ਤੋਂ ਵੱਡਾ ਦਾਰਸ਼ਨਿਕ ਵੀ ਇਨ੍ਹਾਂ ਨੂੰ ਨਿਰਬਾਧ ਜਾਂ ਐਬਸੋਲਿਊਟ (Absolute) ਮੰਨ ਕੇ ਵਿਚਰੇਗਾ। ਹਰ ਸਮਾਜ ਨੇ ਅਤੇ ਸਮਾਜ ਵਿਚਲੇ ਹਰ ਵਿਅਕਤੀ ਨੇ, ਮਨ ਹੀ ਮਨ ਚੰਗਿਆਈ ਅਤੇ ਬੁਰਾਈ ਵਿਚਕਾਰ ਇਕ ਸਪੱਸ਼ਟ ਅਤੇ ਨਿਸ਼ਚਿਤ ਲਕੀਰ ਖਿੱਚੀ ਹੋਈ ਹੁੰਦੀ ਹੈ। ਜੀਵਨ ਇਕ ਅਦਾਲਤ ਨਹੀਂ ਜਿੱਥੇ ਚੰਗੇ ਬੁਰੇ ਦਾ ਨਿਰਣਾ ਕੀਤਾ ਜਾਣਾ ਹੁੰਦਾ ਹੈ। ਇਹ ਇਕ ਅਖਾੜਾ ਹੈ ਜਿੱਥੇ ਚੰਗੇ-ਬੁਰੇ ਦੇ ਪਹਿਲਾਂ

ਮਿਥੇ ਨਿਰਣਿਆਂ ਅਨੁਸਾਰ ਅਮਲ ਪਹਿਲਾਂ ਹੁੰਦਾ ਹੈ ਅਤੇ ਉਸ ਦੇ ਪਰਿਣਾਮ ਦੀ ਚਿੰਤਾ ਜਾਂ ਵਿਚਾਰ ਪਿਛੋਂ। ਇਸ ਲਈ ਸਾਧਾਰਣ ਜੀਵਨ ਦੇ ਸਾਧਾਰਣ ਅਮਲ ਵਿਚ ਚੰਗਿਆਈ ਦਾ ਸਤਿਕਾਰ ਵਧਾਉਣ ਲਈ ਬੁਰਾਈ ਨਾਲ ਘਿਰਣਾ ਉਪਜਾਉਣ ਦੀ ਲੋੜ ਨਹੀਂ। ਰਾਮ ਨੂੰ ਚੰਗਾ ਮੰਨਣ ਲਈ ਰਾਵਣ ਨੂੰ ਜਾਣਨਾ ਜ਼ਰੂਰੀ ਨਹੀਂ। ਰਾਮ ਅਯੁੱਧਿਆ ਵਿਚ ਵੀ ਓਨਾ ਹੀ ਚੰਗਾ ਸੀ ਜਿੰਨਾ ਲੰਕਾ ਵਿਚ; ਸਗੋਂ ਅਯੁੱਧਿਆ ਵਾਲਾ ਰਾਮ ਹੀ ਅਸਲੀ ਰਾਮ ਸੀ। ਮਾਂ ਦੀ ਮਮਤਾ ਵਿਚੋਂ ਪ੍ਰਾਪਤ ਹੋਣ ਵਾਲੇ ਆਨੰਦ ਦਾ ਅਨੁਭਵੀ ਹੋਣ ਲਈ ਇਹ ਜ਼ਰੂਰੀ ਨਹੀਂ ਕਿ ਬੱਚਾ ਮਤ੍ਰੇਈ ਦੀ ਨਿਰਦੈਤਾ ਦਾ ਅਨੁਭਵ ਵੀ ਕਰੇ।

ਮੇਰੇ ਖਿਆਲ ਵਿਚ ਮਨੋਰੰਜਨ ਤੋਂ ਵੱਖਰਾ ਕਲਾ ਦਾ ਜੇ ਕੋਈ ਮਨੋਰਥ ਹੈ ਤਾਂ ਉਹ ਮਨੁੱਖੀ ਹਿਰਦੇ ਦਾ ਸੰਸਕਾਰ ਕਰਨਾ ਹੈ ਅਤੇ ਸੰਸਕਾਰ ਕਰਨ ਤੋਂ ਮੇਰਾ ਭਾਵ ਹੈ ਮਨੁੱਖ ਨੂੰ ਕੋਮਲ ਭਾਵੀ ਬਣਾਉਣਾ। ਇਹ ਮੈਂ ਨਹੀਂ ਕਹਿ ਸਕਦਾ ਕਿ ਕਿਸੇ ਈਸ਼੍ਵਰ ਜਾਂ ਕਿਸੇ ਦਵੰਦਾਤਮਕ ਪਦਾਰਥਵਾਦ ਨੇ ਸ੍ਰਿਸ਼ਟੀ ਦੀ ਰਚਨਾ ਕਿਸੇ ਮਨੋਰਥ ਨਾਲ ਕੀਤੀ ਹੈ ਜਾਂ ਇਹ ਐਵੇਂ ਇਕ ਲੀਲ੍ਹਾ ਜਾਂ ਮੌਕਾ ਮੇਲ (CHANCE) ਹੈ। ਪਰ ਸਾਡੀ ਧਰਤੀ ਉੱਤੇ ਹੋਇਆ ਵਿਕਾਸ ਇਹ ਸਿੱਧ ਕਰਦਾ ਹੈ ਕਿ ਮਨੁੱਖ ਸਦੀਆਂ ਦੇ ਸਫਰ ਕਰਦਾ ਅਤੇ ਯੁਗਾਂ ਦੀਆਂ ਮੰਜ਼ਲਾਂ ਮਾਰਦਾ ਹੋਇਆ ਕੋਮਲ ਭਾਵੀ ਹੁੰਦਾ ਗਿਆ ਹੈ। ਕਲਾਕਾਰ ਇਸੇ ਵਿਕਾਸ ਦੀ ਉਪਜ ਹੈ; ਇਸੇ ਵਿਕਾਸ ਦਾ ਇਕ ਹਿੱਸਾ ਹੈ; ਇਸੇ ਵਿਕਾਸ ਦਾ ਸਹਿਯੋਗੀ ਹੋਣ ਵਿਚ ਉਸ ਦੀ ਵਡਿਆਈ ਹੈ। ਉਸ ਨੇ ਮਨੁੱਖ ਦੇ ਆਨੰਦ ਸੰਕਲਪ ਨੂੰ ਵਿਕਸਾਉਣਾ ਹੈ। ਅਸ਼ਲੀਲਤਾ ਰਾਹੀਂ ਨਹੀਂ ਸਗੋਂ ਸੁੰਦਰਤਾ ਰਾਹੀਂ।

ਉਸ ਕੋਲੋਂ ਅਜਿਹਾ ਕਿਵੇਂ ਕਰਵਾਇਆ ਜਾਵੇ ? ਇਸ ਪ੍ਰਸ਼ਨ ਦੇ ਉੱਤਰ ਵਿਚ ਮੈਂ ਕਿਸੇ ਪ੍ਰਕਾਰ ਦੀ ਸੈਂਸਰਸ਼ਿਪ ਦੀ ਸਫਾਰਸ਼ ਨਹੀਂ ਕਰਾਂਗਾ। ਇਹ ਬਹੁਤ ਵੱਡੀ ਸ਼ਕਤੀ ਹੈ। ਸਾਰੀਆਂ ਸ਼ਕਤੀਆਂ ਅੰਤ ਵਿਚ ਰਾਜ ਪ੍ਰਬੰਧ ਵਿਚ ਕੇਂਦ੍ਰਿਤ ਹੋ ਜਾਂਦੀਆਂ ਹਨ। ਅਜੋਕੇ ਰਾਜ ਪ੍ਰਬੰਧ ਪਹਿਲਾਂ ਹੀ ਸ਼ਕਤੀ-ਮਦ-ਮਤਵਾਲੇ ਹਨ। ਰਾਜ ਪ੍ਰਬੰਧ ਦੀ ਗੱਲ ਛੱਡੋ ਅੱਜ ਕੱਲ੍ਹ ਤਾਂ ਜੁਰਮ ਕਰਨ ਵਾਲੇ ਜਥਿਆਂ ਕੋਲ ਅਪਾਰ ਸ਼ਕਤੀ ਆ ਚੁਕੀ ਹੈ। ਇਸ ਲਈ ਸੈਂਸਰਸ਼ਿਪ ਮੇਰਾ ਨੁਸਖਾ ਨਹੀਂ। ਮੈਂ ਵਿਕਾਸ ਦਾ ਵਿਸ਼ਵਾਸੀ ਹਾਂ। ਪਿੱਛੇ ਜਿਹੇ ਵਲੈਤ ਦੀਆਂ ਇਸਤ੍ਰੀਆਂ ਨੇ ਸੁਚੱਜੇ ਰੋਸ ਨਾਲ ਡਬਲਯੂ.ਐਚ. ਸਮਿਥ (W.H. SMITH) ਨਾਮ ਦੀ ਵੱਡੀ ਵਪਾਰਕ ਸੰਸਥਾ ਨੂੰ ਮੰਦੇ ਰਸਾਲੇ ਵੇਚਣ ਤੋਂ ਹਟਾ ਦਿੱਤਾ ਹੈ। ਹੁਣ ਉਨ੍ਹਾਂ ਦੇ ਪੁਸਤਕ-ਭੰਡਾਰਾਂ ਵਿਚ ਕਿਧਰੇ ਵੀ ਗੰਦੀਆਂ ਪੁਸਤਕਾਂ ਅਤੇ ਤਸਵੀਰਾਂ ਦਾ ਵਿਖਾਲਾ ਨਹੀਂ ਹੁੰਦਾ। ਜਿਵੇਂ ਜਿਵੇਂ ਲੋਕ ਸੁਚੇਤ ਹੁੰਦੇ ਜਾਣਗੇ, ਆਪਣੇ ਸੌਂਦਰਯ ਸੰਕਲਪ ਵਿਕਸਾਉਂਦੇ ਜਾਣਗੇ ਤਿਵੇਂ ਤਿਵੇਂ ਅਸ਼ਲੀਲਤਾ, ਅਸ਼ਲੀਲ ਕਲਾ ਅਤੇ ਅਸ਼ਲੀਲ ਕਲਾ ਨੂੰ ਉਪਜਾਉਣ ਵਾਲੇ ਕਲਾਕਾਰ ਸ਼ਰਮ ਨਾਲ ਨੀਵੀਂ ਪਾਉਂਦੇ ਜਾਣਗੇ। ਸੁਹਿਰਦ ਕਲਾਕਾਰ ਸੁੰਦਰਤਾ ਅਤੇ ਸਮਾਜਿਕ ਦਾ ਸਤਿਕਾਰ ਕਰ ਕੇ ਇਸ ਵਿਕਾਸ ਵਿਚ ਸਹਾਇਤਾ ਕਰ ਸਕਦੇ ਹਨ।

# ਅੰਤਿਕਾ

ਸ੍ਰਿਸ਼ਟੀ ਵਿਚ ਨੇਕੀ ਅਤੇ ਬਦੀ ਦੋ ਪਰਕਾਰ ਦੀਆਂ ਸ਼ਕਤੀਆਂ ਹਨ। ਇਨ੍ਹਾਂ ਦੋਹਾਂ ਦੇ ਆਪਸੀ ਸੰਜੋਗ ਵਿਚੋਂ ਜੀਵਾਂ ਦਾ ਵਿਕਾਸ ਹੋ ਕੇ ਮਨੁੱਖ ਦੀ ਉਤਪੱਤੀ ਹੁੰਦੀ ਹੈ। ਇਹ ਦੋਵੇਂ ਸ਼ਕਤੀਆਂ ਮਨੁੱਖੀ ਮਨ ਵਿਚ ਦੈਵੀ ਅਤੇ ਆਸੁਰੀ ਰੁਚੀਆਂ ਦਾ ਰੂਪ ਧਾਰ ਲੈਂਦੀਆਂ ਹਨ। ਮੈਂ ਮੋਕਸ਼ ਨੂੰ ਜੀਵਨ ਦਾ ਮਨੋਰਥ ਮੰਨਦਾ ਹਾਂ। ਇਸ ਤੋਂ ਮੇਰਾ ਭਾਵ ਇਹ ਹੈ ਕਿ ਮੋਕਸ਼ ਦੈਵੀ ਰੁਚੀਆਂ ਦੀ ਪ੍ਰੇਰਨਾ ਨਾਲ ਹੋਂਦ ਵਿਚ ਆਏ ਸਾਧਾਰਣ ਅਮਲ ਜਾਂ ਵਿਵਹਾਰ ਦਾ ਸੁਭਾਵਕ ਸਿੱਟਾ ਹੈ। ਮੋਕਸ਼ ਨੂੰ ਸਾਧਾਰਣ ਜੀਵਨ ਦੇ ਸੁੱਚੇ ਅਮਲ ਦਾ ਸੁਭਾਵਕ ਸਿੱਟਾ ਨ ਮੰਨ ਕੇ ਕਿਸੇ ਤਪ-ਤਪੱਸਿਆ ਜਾਂ ਕਿਸੇ ਗੁਰੂ, ਸਤਿਗੁਰੂ, ਮਹਾਂ-ਪੁਰਸ਼ ਅਤੇ ਸੰਤ ਦੀ ਮਿਹਰ ਜਾਂ ਕਿਸੇ ਪੈਗੰਬਰ ਦੀ ਸਿਫਾਰਸ਼ ਦਾ ਸਿੱਟਾ ਮੰਨਣ ਦਾ ਭਾਵ ਇਹ ਹੈ ਕਿ ਮੋਕਸ਼ ਜੀਵਨ ਦੇ ਬੂਟੇ ਨੂੰ ਲੱਗਣ ਵਾਲਾ ਫਲ ਨਹੀਂ ਸਗੋਂ ਧਰਮ ਦੇ ਵਪਾਰੀਆਂ ਦੀ ਦੁਕਾਨ ਵਿਚ ਵਿਕਣ ਵਾਲਾ ਕੋਈ ਸੌਦਾ ਹੈ। ਕੁਝ ਕੁ ਪ੍ਰੋਹਿਤ, ਪਾਦਰੀ, ਪੁਜਾਰੀ, ਭਾਈ ਅਤੇ ਮੌਲਾਣੇ ਇਸ ਸੌਦੇ ਦੇ ਥੋਕ ਵਪਾਰੀ ਹਨ।

ਇਸੇ ਸਿਧਾਂਤ ਨੂੰ ਜੀਵਨ ਦੇ ਹੋਰ ਪੱਖਾਂ ਉੱਤੇ ਵੀ ਲਾਗੂ ਕੀਤਾ ਜਾ ਸਕਦਾ ਹੈ। ਖੇਡਾਂ ਨੂੰ ਮਨੋਰੰਜਨ ਦਾ ਸਾਧਨ ਮੰਨਿਆ ਜਾਂਦਾ ਹੈ। ਹੈ ਇਹ ਗੱਲ ਗ਼ਲਤ। ਖੇਡ ਬੱਚਿਆਂ ਲਈ ਹੈ ਅਤੇ ਉਨ੍ਹਾਂ ਲਈ ਮਨੋਰੰਜਨ ਦਾ ਸਾਧਨ ਨਹੀਂ ਹੁੰਦੀ ਸਗੋਂ ਉਵੇਂ ਹੀ ਜੀਵਨ ਦੀ ਮਹੱਤਵ ਪੂਰਣ ਕਿਰਿਆ ਹੁੰਦੀ ਹੈ, ਜਿਵੇਂ ਵੱਡਿਆਂ ਲਈ ਵਪਾਰ, ਨੌਕਰੀ ਅਤੇ ਖੇਤੀ ਆਦਿਕ ਹੁੰਦੇ ਹਨ। ਉਨ੍ਹਾਂ ਲਈ ਇਹ 'ਕੰਮ' ਹੁੰਦੀ ਹੈ। ਜੇ ਵੱਡੇ ਖੇਡ ਨੂੰ ਕੰਮ ਮੰਨਣ ਲੱਗ ਪੈਣ ਤਾਂ ਉਹ ਵੱਡੇ ਨਹੀਂ ਸਗੋਂ ਬੱਚੇ ਆਖੇ ਜਾਣਗੇ; ਇਸ ਲਈ ਇਹ ਉਨ੍ਹਾਂ ਲਈ ਕੰਮ ਨਹੀਂ ਸਗੋਂ ਮਨੋ-ਰੰਜਨ ਮੰਨੀ ਜਾਂਦੀ ਹੈ। ਇਸ ਦਾ ਇਹ ਭਾਵ ਨਿਕਲਦਾ ਹੈ ਕਿ ਜੀਵਨ ਦਾ ਸਾਧਾਰਣ ਅਮਲ ਵੱਡਿਆਂ ਲਈ ਮਨੋਰੰਜਕ ਨਹੀਂ ਹੁੰਦਾ ਜਿਸ ਕਰਕੇ ਉਹ ਖੇਡਾਂ ਨੂੰ ਇਸ ਮਨੋਰਥ ਦੀ ਪੂਰਤੀ ਲਈ ਸਾਧਨ ਬਣਾਉਂਦੇ ਹਨ। ਮਨੋਰੰਜਨ ਦੇ ਆਧੁਨਿਕ ਖਿਲਾਰੇ ਪਸਾਰੇ ਇਹ ਸਿੱਧ ਕਰਦੇ ਹਨ ਕਿ ਸਾਧਾਰਣ ਜੀਵਨ ਅਕਾਊ, ਥਕਾਊ ਅਤੇ ਨੀਰਸ ਹੈ। ਮਨੋਰੰਜਨ ਸਾਡੇ ਜੀਵਨ ਦੇ ਸਾਧਾਰਣ ਅਮਲ ਵਿਚੋਂ ਉਪਜਣ ਵਾਲੀ ਕੋਈ ਚੀਜ਼ ਨਹੀਂ ਸਗੋਂ ਓਲਿੰਪਿਕ ਗੇਮਜ਼ ਦੀ ਤੀਰਥ ਯਾਤਰਾ

ਜਾਂ ਹੱਜ ਦੇ ਬਦਲੇ ਵਿਚ ਮਿਲਣ ਵਾਲੀ ਕੋਈ ਵਸਤੂ ਹੈ ਅਤੇ ਵੱਡੇ ਵੱਡੇ ਖਿਡਾਰੀ ਇਸ ਮਾਲ ਦੇ ਥੋਕ ਵਪਾਰੀ ਹਨ।

ਮੈਂ ਆਨੰਦ ਅਤੇ ਮਨੋਰੰਜਨ ਵਿਚ ਇੱਕ ਸੂਖਮ ਭੇਦ ਮੰਨਦਾ ਹਾਂ। ਮਨੋਰੰਜਨ ਨਿਰਾ ਮਨ-ਪਰਚਾਵਾ ਹੈ ਅਤੇ ਆਨੰਦ ਮਨ-ਪ੍ਰਚਾਵੇ ਦੇ ਨਾਲ ਨਾਲ ਮਨ ਦਾ ਸੰਸਕਾਰ ਕਰਦਾ ਹੈ। ਇਹ ਵੀ ਹੋ ਸਕਦਾ ਹੈ ਕਿ ਮਨ-ਪ੍ਰਚਾਵਾ ਨਿਰਾ ਪੂਰਾ 'ਪ੍ਰਚਾਵਾ' ਨ ਰਹਿ ਕੇ ਮਨ ਦਾ ਰੋਗ ਵੀ ਬਣ ਜਾਵੇ। ਹਰ ਸੁਖ-ਸੁਆਦ ਕਿਸੇ ਨ ਕਿਸੇ ਰੋਗ ਨਾਲ ਸੰਬੰਧਤ ਹੁੰਦਾ ਹੈ। ਆਨੰਦ ਕੇਵਲ ਦੋਸ਼-ਰਹਿਤ ਮਨ-ਪਰਚਾਵਾ ਨਹੀਂ ਸਗੋਂ ਮਨ ਵਿਚੋਂ ਕੁ-ਸੰਸਕਾਰ ਕੱਢ ਕੇ ਇਸ ਵਿਚ ਸੁ-ਸੰਸਕਾਰਾਂ ਦਾ ਸੰਚਾਰ ਕਰਨ ਵਾਲਾ ਕੋਈ ਚਮਤਕਾਰ ਹੈ। ਉੱਚੀ ਕਲਾ ਆਨੰਦ ਦਾ ਸ੍ਰੋਤ ਹੈ, ਇਸ ਲਈ ਇੱਕ ਚਮਤਕਾਰੀ ਚੀਜ਼ ਹੈ।

ਜਿਹੜਾ ਸਿਧਾਂਤ ਅਸਾਂ ਖੇਡਾਂ ਉੱਤੇ ਲਾਗੂ ਕੀਤਾ ਸੀ ਉਹ ਕਲਾ ਉੱਤੇ ਵੀ ਲਾਗੂ ਹੋ ਸਕਦਾ ਹੈ। ਜਿਹੜਾ ਜੀਵਨ ਸੌਂਦਰਯ ਦੀ ਉਪਾਸਨਾ ਲਈ ਅਤੇ ਆਨੰਦ ਦੀ ਅਨੁਭੂਤੀ ਲਈ ਕਲਾ ਦਾ ਮੁਥਾਜ ਹੈ, ਉਸ ਦੇ ਸਾਧਾਰਣ ਪਰਵਾਹ ਵਿਚ ਸੌਂਦਰਯ ਅਤੇ ਆਨੰਦ ਦੀ ਘਾਟ ਮੰਨੀ ਜਾ ਸਕਦੀ ਹੈ। ਉਸ ਜੀਵਨ ਦਾ ਸਾਧਾਰਣ ਪਰਵਾਹ ਨ ਸੁੰਦਰ ਹੈ ਨ ਸੰਸਕਾਰੀ ਹੈ। ਸੌਂਦਰਯ ਅਤੇ ਆਨੰਦ ਮਹਾਨ ਕਲਾਕਾਰਾਂ ਦੀਆਂ ਦੁਕਾਨਾਂ ਵਿਚ ਵਿਕਣ ਵਾਲਾ ਮਾਲ ਹੈ ਅਤੇ ਕਲਾਕਾਰ ਇਸ ਦੇ ਥੋਕ ਵਪਾਰੀ ਹਨ।

ਮਹਾਤਮਾ ਬੁੱਧ ਜੀ ਨੇ ਆਖਿਆ ਸੀ ਕਿ ਅਸ਼ਟ ਮਾਰਗ ਜੀਵਨ ਦਾ ਸਾਧਾਰਣ ਢੰਗ ਹੈ ਅਤੇ ਨਿਰਵਾਣ ਤੱਕ ਲੈ ਜਾਂਦਾ ਹੈ। ਭਿਕਸ਼ੂਆਂ ਨੂੰ ਇਹ ਗੱਲ ਰਾਸ ਨਹੀਂ ਸੀ ਆਈ। ਇਸ ਸੱਚ ਅਨੁਸਾਰ ਉਹ ਬੇ-ਲੋੜੇ ਹੋ ਜਾਂਦੇ ਸਨ। ਗੁਰੂ ਸਾਹਿਬਾਨ ਨੇ ਗੁਰਮੁਖ ਪਦ ਦੀ ਪ੍ਰਾਪਤੀ ਲਈ "ਗਾਡੀ ਰਾਹ", ਜੀਵਨ ਦਾ ਸਾਧਾਰਣ ਪਰਵਾਹ, ਦੱਸਿਆ ਸੀ। ਮੇਰਾ ਖਿਆਲ ਹੈ ਅਜੋਕੇ ਗ੍ਰੰਥੀਆਂ, ਗਿਆਨੀਆਂ ਅਤੇ ਸੰਤਾਂ ਨੂੰ ਇਹ ਗੱਲ ਰਾਸ ਨਹੀਂ ਆ ਸਕਦੀ। ਜੇ ਜੀਵਨ ਆਪਣੇ ਆਪ ਵਿਚ ਇਕ ਸੁਆਦਲੀ ਖੇਡ ਬਣ ਜਾਵੇ ਤਾਂ ਕ੍ਰਿਕਿਟ ਦੇ ਖਿਡਾਰੀਆਂ ਦੇ ਜਲੂਸ ਨਿਕਲਣੇ ਬੰਦ ਹੋ ਜਾਣਗੇ; ਅਤੇ ਜੇ ਜੀਵਨ ਆਨੰਦ-ਮਈ ਵੀ ਹੋ ਜਾਵੇ ਤਾਂ ਕਲਾਕਾਰਾਂ, (ਕਵੀਆਂ, ਚਿਤ੍ਰਕਾਰਾਂ, ਰਾਗੀਆਂ, ਨਾਚਿਆਂ) ਦੇ ਘਰੀਂ ਸੋਗ ਪੈ ਜਾਵੇਗਾ। ਅਸੀਂ ਕਹਿੰਦੇ ਹਾਂ ਕਲਾ ਜੀਵਨ ਲਈ ਹੈ, ਪਰ ਕੀ ਅਸੀਂ ਚਾਹੁੰਦੇ ਹਾਂ ਕਿ ਜੀਵਨ ਕਲਾ-ਮਈ ਬਣ ਜਾਵੇ ? ਨਹੀਂ, ਕੋਈ ਕਲਾਕਾਰ ਇਉਂ ਨਹੀਂ ਚਾਹ ਸਕਦਾ। ਹਰ ਡਾਕਟਰ ਬੀਮਾਰੀ ਦਾ ਇਲਾਜ ਕਰਨ ਲਈ ਹੁੰਦਾ ਹੈ, ਪਰ ਕੋਈ ਡਾਕਟਰ ਇਹ ਨਹੀਂ ਚਾਹੁੰਦਾ ਕਿ ਜੀਵਨ ਵਿਚੋਂ ਬੀਮਾਰੀ ਅਲੋਪ ਹੋ ਜਾਵੇ। ਬੀਮਾਰੀ ਦੀ ਹੋਂਦ ਉਸ ਦੀ ਆਪਣੀ ਹੋਂਦ ਦਾ ਆਧਾਰ ਹੈ।

ਹਾਂ, ਇਹ ਠੀਕ ਹੈ ਕਿ ਜੀਵਨ ਵਿਚੋਂ ਰੋਗ ਖਤਮ ਨਹੀਂ ਕੀਤਾ ਜਾ ਸਕਦਾ ਪ੍ਰੰਤੂ ਇਸ ਸੱਚ ਲਈ ਜਨ ਸਾਧਾਰਣ ਨੂੰ ਨਹੀਂ ਸਗੋਂ ਡਾਕਟਰਾਂ ਨੂੰ ਸ਼ੁਕਰ ਗੁਜ਼ਾਰ ਹੋਣ ਦੀ ਲੋੜ ਹੈ। ਇਹ ਠੀਕ ਹੈ ਕਿ ਜੀਵਨ ਕਲਾ-ਮਈ ਨਹੀਂ ਪ੍ਰੰਤੂ ਇਹ ਅਵਸਥਾ ਜੀਵਨ ਲਈ ਨਹੀਂ ਸਗੋਂ ਕਲਾਕਾਰ ਲਈ ਕਿਸੇ ਤਸੱਲੀ ਦਾ ਸ੍ਰੋਤ ਆਖੀ ਜਾ ਸਕਦੀ ਹੈ। ਅਤੇ

ਜਿਸ ਕਲਾਕਾਰ ਨੂੰ ਜੀਵਨ ਦੇ ਕਲਾ-ਹੀਣ ਹੋਣ ਵਿਚੋਂ ਤਸੱਲੀ ਮਿਲਦੀ ਹੈ, ਉਸ ਨੂੰ ਸੁਹਿਰਦ ਕਹਿਣ ਤੋਂ ਪਹਿਲਾਂ ਥੋੜ੍ਹਾ ਜਿਹਾ ਸੋਚ ਲੈਣਾ ਜ਼ਰੂਰੀ ਹੈ।

ਹੁਣ ਤੱਕ ਜਿੰਨੀਆਂ ਕਲਾਵਾਂ ਦਾ ਜ਼ਿਕਰ ਕੀਤਾ ਜਾ ਚੁੱਕਾ ਹੈ ਉਨ੍ਹਾਂ ਦੀ ਨਿਪੁੰਨਤਾ ਵਾਲੇ ਕਲਾਕਾਰ ਜੀਵਨ ਨੂੰ ਕਲਾ-ਮਈ ਨਹੀਂ ਬਣਾ ਸਕਦੇ। ਮੈਂ ਇਸ ਗੱਲ ਨੂੰ ਕਈ ਵੇਰ ਦੁਹਰਾਉਣ ਵਿਚ ਕੋਈ ਬੁਰਾਈ ਨਹੀਂ ਸਮਝਦਾ ਕਿ ਕਾਵਿ, ਸੰਗੀਤ, ਨ੍ਰਿਤ ਅਤੇ ਚਿੱਤ੍ਰਕਲਾ ਆਦਿਕ ਨਾਲ ਮਨੁੱਖ ਦਾ ਸੰਬੰਧ ਉਦੋਂ ਜੁੜਦਾ ਹੈ ਜਦੋਂ ਉਸ ਦੇ ਸੌਂਦਰਯ-ਸੰਕਲਪ ਅਤੇ ਆਨੰਦ-ਸੰਕਲਪ ਬਣ ਚੁੱਕੇ ਹੁੰਦੇ ਹਨ। ਕਲਾ ਜੀਵਨ ਲਈ ਤਾਂ ਹੀ ਕਲਿਆਣਕਾਰੀ ਹੋ ਸਕਦੀ ਹੈ ਜੇ ਉਹ ਮਨੁੱਖ ਦੇ ਸੌਂਦਰਯ-ਸੰਕਲਪ ਅਤੇ ਅਨੰਦ ਸੰਕਲਪ ਦੀ ਉਸਾਰੀ ਕਰੇ। ਜਿਸ ਮਨੁੱਖ ਦੇ ਇਨ੍ਹਾਂ ਸੰਕਲਪਾਂ ਦਾ ਫੈਸਲਾ ਹੋ ਚੁੱਕਾ ਹੈ ਉਸ ਨੂੰ ਕਲਾ ਰਾਹੀਂ ਕਿਸੇ ਸਿਆਸੀ, ਸਮਾਜੀ ਜਾਂ ਧਾਰਮਿਕ ਸਿਧਾਂਤ ਨਾਲ ਜੋੜਿਆ ਤਾਂ ਭਾਵੇਂ ਜਾ ਸਕਦਾ ਹੈ ਪਰ ਉਸ ਦੇ ਮਨ ਦਾ ਵਿਕਾਸ ਨਹੀਂ ਕੀਤਾ ਜਾ ਸਕਦਾ; ਉਸ ਦੇ ਸੰਕਲਪਾਂ ਦੀ ਘਾੜਤ ਨਹੀਂ ਘੜੀ ਜਾ ਸਕਦੀ। ਉਸ ਲਈ ਕਲਾ ਇਕ ਇਸ਼ਤਿਹਾਰਬਾਜ਼ੀ ਹੈ ਜਿਸ ਨਾਲ ਕਿਸੇ ਆਦਮੀ ਨੂੰ ਕੋਈ ਚੀਜ਼ ਖ੍ਰੀਦਣ ਲਈ ਪ੍ਰੇਰਿਆ ਤਾਂ ਜਾ ਸਕਦਾ ਹੈ ਪ੍ਰੰਤੂ ਉਸ ਦੀ ਪਸੰਦ ਜਾਂ ਰੁਚੀ (taste) ਨੂੰ ਸੰਵਾਰਿਆ ਜਾਂ ਵਿਕਸਾਇਆ ਨਹੀਂ ਜਾ ਸਕਦਾ।

ਮਨੁੱਖੀ ਮਨ ਦੇ ਵਿਕਾਸ ਦਾ ਸਮਾਂ ਉਸ ਦਾ ਬਚਪਨ ਹੈ। ਇਹ ਸਮਾਂ ਘਰ ਅਤੇ ਸਕੂਲ ਵਿਚ ਬੀਤਦਾ ਹੈ। ਇਸ ਸਮੇਂ ਮਨੁੱਖੀ ਮਨ ਦਾ ਸੰਸਕਾਰ ਕਰਨ ਵਿਚ ਸਭ ਤੋਂ ਵਧ ਸਫਲ ਕਲਾ ਮਾਲੀਗਿਰੀ ਜਾਂ ਬਾਗ਼ਬਾਨੀ ਦੀ ਕਲਾ ਹੈ। ਬਾਗ਼ਾਂ-ਬਗ਼ੀਚਿਆਂ ਅਤੇ ਫੁੱਲਾਂ ਨਾਲ ਮਨੁੱਖ ਦੀ ਸਾਂਝ ਤਾਂ ਪੁਰਾਣੀ ਹੈ ਪਰੰਤੂ ਬਾਗ਼ਬਾਨੀ ਨੂੰ ਕਲਾ ਵੀਹਵੀਂ ਸਦੀ ਵਿਚ ਹੀ ਆਖਿਆ ਗਿਆ ਹੈ। ਇਸ ਨੂੰ ਅੰਗ੍ਰੇਜ਼ੀ ਵਿਚ ਲੈਂਡਸਕੇਪ ਆਰਕੀਟੈਕਟ (Landscape Architect) ਆਖਿਆ ਜਾਂਦਾ ਹੈ। ਬਾਗ਼, ਪਾਰਕਾਂ, ਸੜਕਾਂ ਅਤੇ ਬਣਾਉਟੀ ਝੀਲਾਂ ਆਦਿਕ ਬਣਾਉਣ ਵਿਚ ਇਸ ਕਲਾ ਦੀ ਸਹਾਇਤਾ ਲਈ ਜਾਂਦੀ ਹੈ। ਇਹ ਮਨੁੱਖੀ ਜੀਵਨ ਦੇ ਚੌਗਿਰਦੇ ਨੂੰ ਸੁਹਣਾ ਬਣਾਉਣ ਦੀ ਕਲਾ ਹੈ। ਪੱਛਮੀ ਦੇਸ਼ਾਂ ਵਿਚ ਇਸ ਕਲਾ ਉੱਤੇ ਬਹੁਤ ਖਰਚ ਕੀਤਾ ਜਾਂਦਾ ਹੈ।

ਇਹ ਕਲਾ ਜੀਵਨ ਨੂੰ ਕਲਾਮਈ ਬਣਾਉਣ ਵਿਚ ਸਭ ਤੋਂ ਵੱਧ ਸਫਲ ਤਾਂ ਹੀ ਬਣ ਸਕਦੀ ਹੈ ਜੇ ਅਸੀਂ ਆਪਣੇ ਘਰਾਂ ਨੂੰ ਨਵੇਂ ਸਿਰਿਓਂ ਇਸ ਕਲਾ ਦੀ ਅਗਵਾਈ ਵਿਚ ਬਣਾਈਏ; ਆਪਣੇ ਬੱਚਿਆਂ ਦੇ ਸਕੂਲਾਂ ਨੂੰ ਸੌਂਦਰਯ ਦੇ ਨਮੂਨਿਆਂ ਵਿਚ ਬਦਲ ਦੇਈਏ ਅਤੇ ਇਹ ਸਭ ਕੁਝ ਬੱਚਿਆਂ ਦੇ ਨਿੱਕੇ ਨਿੱਕੇ ਹੱਥ ਆਪ ਕਰਨ। ਹੱਥਾਂ ਨਾਲ ਉਪਜਾਈ ਹੋਈ ਸੁੰਦਰਤਾ ਉਨ੍ਹਾਂ ਦੇ ਮਨਾਂ ਵਿਚ ਸੌਂਦਰਯ ਲਈ ਸਤਿਕਾਰ ਪੈਦਾ ਕਰੇ, ਪਿਆਰ ਪੈਦਾ ਕਰੇ। ਸੌਂਦਰਯ ਨੂੰ ਪਿਆਰ ਕਰਨ ਵਾਲਾ ਮਨ ਜੀਵਨ ਨੂੰ ਸੁੰਦਰ ਵੇਖਣ ਅਤੇ ਬਣਾਉਣ ਦੀ ਲਗਨ ਵਾਲਾ ਬਣੇ। ਜੀਵਨ ਨੂੰ ਕਲਾਮਈ ਬਣਾਉਣ ਵਾਲਾ ਮਨ ਮਹਾਨ ਕਲਾ ਦਾ ਜੋ ਮੁੱਲ ਪਾ ਸਕਦਾ ਹੈ ਉਸ ਦੇ ਯੋਗ ਹੋਣ ਲਈ ਕਲਾ ਨੂੰ ਮਹਾਨ ਹੋਣਾ ਪਵੇਗਾ।